# ਸੰਕਟਨਾਮਾ ਪੰਜਾਬ

ਪੰਜਾਬ ਸੰਕਟ ਦੀ ਚੋਣਵੀਂ ਪੰਜਾਬੀ ਕਹਾਣੀ




ਸੰਪਾਦਕ

ਬਲਦੇਵ ਸਿੰਘ ਧਾਲੀਵਾਲ
ਸੁਰਜੀਤ ਸਿੰਘ

ਸੰਕਟਨਾਮਾ ਪੰਜਾਬ

ਸੰਪਾਦਕ
ਬਲਦੇਵ ਸਿੰਘ ਧਾਲੀਵਾਲ
ਸੁਰਜੀਤ ਸਿੰਘ

ISBN : 978-93-87276-16-1

₹ 300

GRACIOUS BOOKS

# ਸੰਕਟਨਾਮਾ ਪੰਜਾਬ

ਪੰਜਾਬ ਸੰਕਟ ਦੀ ਚੋਣਵੀਂ ਪੰਜਾਬੀ ਕਹਾਣੀ

ਸੰਪਾਦਕ

ਬਲਦੇਵ ਸਿੰਘ ਧਾਲੀਵਾਲ

ਸੁਰਜੀਤ ਸਿੰਘ

GRACIOUS

©
Editors

Sakantnanama Punjab
(Punjab Sankat Di Chovin Punjabi Kahani)
By

Baldev Singh Dhaliwal
Surjit Singh
Punjabi Department
Punjabi University
Patiala-147002

ISBN : 978-93-87276-16-1
Year : 2020
Price : 300

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : Anand Sons

## ਸਮਰਪਣ

ਕਾਲੀ ਬੋਲੀ ਰਾਤ ਜਿਹੇ ਦੌਰ ਵਿਚ ਵੀ ਜਾਗਦੇ ਰਹੇ
ਚਿੱਟੇ ਦਿਨ ਵਰਗੇ ਸੁਜੱਗ ਪੰਜਾਬੀ ਕਹਾਣੀਕਾਰਾਂ ਨੂੰ

# ਤਤਕਰਾ


| | | ਪੰਨਾ |
|---|---|---|
| ਸੰਪਾਦਕੀ | | 7-19 |
| **ਭਾਗ ਪਹਿਲਾ** | | |
| ਇਹ ਉਹ ਜਸਬੀਰ ਨਹੀਂ | ਪ੍ਰੇਮ ਪ੍ਰਕਾਸ਼ | 20-30 |
| ਆਪਣੀ ਧਰਤੀ | ਰਾਮ ਸਰੂਪ ਅਣਖੀ | 31-35 |
| ਚਿੜੀਆਂ | ਰਘੁਬੀਰ ਢੰਡ | 36-45 |
| ਨਾ ਮਾਰੋ | ਅਜੀਤ ਕੌਰ | 46-56 |
| ਸੱਜਰੀ ਹਵਾ ਦੀ ਉਡੀਕ ਵਿਚ | ਸੁਖਵੰਤ ਕੌਰ ਮਾਨ | 57-62 |
| ਸਾਂਝ | ਮੋਹਨ ਭੰਡਾਰੀ | 63-76 |
| ਨਾਗਵਲ | ਬਲਦੇਵ ਸਿੰਘ | 77-100 |
| ਦਹਿਸ਼ਤ ਦੇ ਪਰਛਾਵੇਂ | ਨ੍ਰਿਪਇੰਦਰ ਰਤਨ | 101-110 |
| ਕਾਲੇ ਪਰਛਾਵੇਂ | ਦਲਬੀਰ ਚੇਤਨ | 111-118 |
| ਮੈਂ ਹੁਣ ਠੀਕ ਠਾਕ ਹਾਂ | ਵਰਿਆਮ ਸਿੰਘ ਸੰਧੂ | 119-165 |
| **ਭਾਗ ਦੂਜਾ** | | |
| ਗਿਰਝਾਂ | ਗੁਰਪਾਲ ਸਿੰਘ ਲਿੱਟ | 166-185 |
| ਕੰਧ-ਕਾਨ | ਪ੍ਰੇਮ ਗੋਰਖੀ | 186-192 |
| ਆਤੰਕ | ਬਲਦੇਵ ਸਿੰਘ ਢੀਂਡਸਾ | 193-208 |
| ਫੈਸਲਾ | ਬਲਦੇਵ ਸਿੰਘ ਧਾਲੀਵਾਲ | 209-219 |
| ਭਾਰ | ਮਨਿੰਦਰ ਸਿੰਘ ਕਾਂਗ | 220-246 |
| ਓਪਰੀ ਸ਼ੈਅ | ਸਰਵਮੀਤ | 247-259 |
| ਮੈਂ ਧਰਮ ਸੰਕਟ ਵਿਚ ਹਾਂ | ਜਸਵੀਰ ਰਾਣਾ | 260-274 |
| ਵਾਰਸ | ਸੁਖਪਾਲ ਸਿੰਘ ਥਿੰਦ | 275-297 |
| ਡਾਕਖਾਨਾ ਖ਼ਾਸ | ਬਲਜਿੰਦਰ ਨਸਰਾਲੀ | 298-327 |
| ਰਿਵਰ ਆਫ ਲਾਈਫ | ਨਵਚੇਤਨ | 328-342 |
| - ਕਹਾਣੀਕਾਰਾਂ ਬਾਰੇ ਜਾਣਕਾਰੀ | | 343-353 |

# ਸੰਪਾਦਕੀ

ਇਹ ਕਹਾਣੀ ਸੰਗ੍ਰਹਿ ਪੰਜਾਬ ਸੰਕਟ ਦੇ ਚੋਣਵੇਂ ਕਥਾ-ਬਿਰਤਾਂਤਾਂ ਦਾ ਸੰਗ੍ਰਹਿ ਹੈ ਜਿਸ ਵਿਚ ਵੀਹ ਕਹਾਣੀਆਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਕਹਾਣੀਆਂ ਦੀ ਪੜ੍ਹਤ ਅੱਜ ਦੇ ਪੰਜਾਬੀ ਪਾਠਕ ਲਈ ਮੁੱਲਵਾਨ ਸਾਬਿਤ ਹੋਵੇਗੀ ਕਿਉਂਕਿ ਅੱਜ ਜਦੋਂ ਅਸੀਂ ਮੁੜ ਤੋਂ ਨਵੇਂ ਆਰਥਿਕ, ਰਾਜਸੀ ਅਤੇ ਸੰਪਰਦਾਇਕ ਸੰਕਟਾਂ ਦੇ ਰੂ-ਬ-ਰੂ ਹਾਂ ਅਤੇ ਅਤੀਤ ਸਾਡੇ ਨਾਲ ਨਾਲ ਚੱਲ ਰਿਹਾ ਹੈ ਤਾਂ ਬਿਹਤਰ ਭਵਿੱਖ ਦੀ ਸਿਰਜਣਾ ਲਈ ਉਸ ਅਤੀਤ ਨੂੰ ਸਮਝਣਾਂ ਅਤੇ ਪੜਚੋਲਣਾਂ ਬਹੁਤ ਜ਼ਰੂਰੀ ਹੈ। ਇਸ ਸੰਗ੍ਰਹਿ ਨੂੰ ਪੰਜਾਬ ਸੰਕਟ ਦੇ ਵਿਭਿੰਨ ਪਾਸਾਰਾਂ ਬਾਰੇ ਵੀਹ ਸਿਰਜਣਾਤਮਕ ਪ੍ਰਤਿਕਰਮਾਂ ਦਾ ਸੰਗ੍ਰਹਿ ਵੀ ਮੰਨਿਆਂ ਜਾ ਸਕਦਾ ਹੈ, ਇਹ ਪ੍ਰਤਿਕਰਮ ਕਈ ਪੱਖੋਂ ਇਕ ਦੂਜੇ ਵਰਗੇ ਵੀ ਹਨ ਅਤੇ ਕਈ ਪੱਖ ਇਕ ਦੂਜੇ ਤੋਂ ਵਿਲੱਖਣ ਵੀ ਹਨ।

ਇਸ ਸੰਗ੍ਰਹਿ ਵਿਚ ਸ਼ਾਮਿਲ ਪਹਿਲੀ ਕਹਾਣੀ 'ਇਹ ਉਹ ਜਸਬੀਰ ਨਹੀਂ' ਪ੍ਰੌਢ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਲਿਖੀ ਹੋਈ ਹੈ। ਇਹ ਕਹਾਣੀ ਉਪਰੋਂ ਉਪਰੋਂ ਸਰਲ ਲੱਗਦੀ ਹੈ, ਪਰ ਇਸ ਵਿਚ ਪੰਜਾਬ ਸੰਕਟ ਦੇ ਸਮੇਂ ਦੀ ਮਨੁੱਖੀ ਸਥਿਤੀ ਦੀਆਂ ਗਹਿਰੀਆਂ ਪਰਤਾਂ ਨੂੰ ਉਘਾੜਿਆ ਗਿਆ ਹੈ। ਖ਼ਾਲਿਸਤਾਨੀ ਅਤਿਵਾਦ ਦੇ ਰਾਹ ਤੁਰਿਆ ਜਸਬੀਰ ਇਕ ਸੰਵੇਦਨਸ਼ੀਲ, ਹੱਸਾਸ ਤੇ ਬੇਬਾਕ ਬੰਦਾ ਰਿਹਾ ਹੈ ਪਰ ਇਤਿਹਾਸ ਉਸ ਨੂੰ ਕੀ ਦਾ ਕੀ ਬਣਾ ਦਿੰਦਾ ਹੈ। ਇਸੇ ਤਰ੍ਹਾਂ ਉਸ ਦੇ ਦੋਸਤ ਹਰੀ ਨੂੰ ਝੋਰਾ ਹੈ ਕਿ ਉਹ ਜਸਬੀਰ ਦੇ ਨਾਲ ਨਹੀਂ ਤੁਰਿਆ। ਇਸ ਤਰ੍ਹਾਂ ਇਹ ਕਹਾਣੀ ਮਹਿਜ਼ ਇਕ ਜਸਬੀਰ ਦੀ ਕਹਾਣੀ ਨਹੀਂ ਸਗੋਂ ਉਨ੍ਹਾਂ ਸਭ ਸੰਵੇਦਨਸ਼ੀਲ ਨੌਜਵਾਨਾਂ ਦੀ ਕਹਾਣੀ ਹੈ ਜਿਹੜੇ ਇਤਿਹਾਸ ਦੀ ਸਿਤਮ-ਜ਼ਰੀਫ਼ੀ ਕਰਕੇ ਹਿੰਸਾ ਅਤੇ ਪ੍ਰਤਿ-ਹਿੰਸਾ ਦੇ ਰਸਤੇ ਤੁਰ ਪਏ। ਉਨ੍ਹਾਂ ਦੇ ਹਮਸਾਇਆਂ ਨੇ ਉਨ੍ਹਾਂ ਨੂੰ ਇਕੱਲੇ ਛੱਡ ਦਿੱਤਾ। ਪੰਜਾਬ ਸੰਕਟ ਦੇ ਸਮਿਆਂ ਵਿਚਲਾ ਖ਼ੌਫ਼, ਬੇਯਕੀਨੀ, ਸੁੰਗੜੇਵਾਂ ਇਸ ਕਹਾਣੀ ਦੇ ਬਿਰਤਾਂਤ ਦੇ ਆਰ-ਪਾਰ ਫੈਲਿਆ ਹੋਇਆ ਹੈ।

ਰਾਮ ਸਰੂਪ ਅਣਖੀ ਦੀ ਕਹਾਣੀ 'ਆਪਣੀ ਧਰਤੀ' ਉਸ ਹਿੰਦੂ ਪੰਜਾਬੀ ਦੇ ਸੰਤਾਪ ਦਾ ਬਿਰਤਾਂਤਕ ਬਿੰਬ ਘੜਦੀ ਹੈ, ਜਿਸ ਦੀ ਹੋਂਦ ਨੂੰ ਪੰਜਾਬ ਵਿਚ ਹਿੰਦੂ ਹੋਣ ਕਰਕੇ ਖ਼ਤਰਾ ਹੈ ਅਤੇ ਪੰਜਾਬ ਤੋਂ ਬਾਹਰ ਉਹ ਪੰਜਾਬੀ ਹੋਣ ਦੇ ਮਿਹਣਿਆਂ ਨੂੰ ਝੱਲਣ ਲਈ ਮਜਬੂਰ ਹੈ। ਇਸ ਕਹਾਣੀ ਦੇ ਪਾਤਰ ਨੰਦ ਲਾਲ ਅਤੇ ਉਸ ਦੇ ਪੁੱਤਰ ਪਰਮਾਤਮਾ ਨੰਦ ਨੂੰ ਪੰਜਾਬ ਤੋਂ ਬਾਹਰ ਹਿਕਾਰਤ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਇਸ ਖੇਤਰੀ-ਭਾਸ਼ਾਈ ਵਿਤਕਰੇਬਾਜ਼ੀ ਕਾਰਣ ਉਹ ਦੋ ਡੰਗ ਦੀ ਰੋਟੀ ਕਮਾਉਣ ਦੇ ਵੀ ਸਮਰੱਥ ਨਹੀਂ ਰਹਿੰਦੇ। ਇਸ ਤਰ੍ਹਾਂ ਉਹ ਆਖ਼ਿਰ ਆਪਣੀ ਧਰਤੀ ਉੱਤੇ ਆ ਕੇ ਮਰਨ ਨੂੰ ਪਹਿਲ ਦਿੰਦੇ ਹਨ ਅਤੇ ਮੁੜ ਪੰਜਾਬ ਵੱਲ ਪਰਤ ਪੈਂਦੇ ਹਨ।

ਰਘੁਵੀਰ ਢੰਡ ਦੀ ਕਹਾਣੀ 'ਚਿੜੀਆਂ' ਸਾਕਾ ਨੀਲਾ ਤਾਰਾ ਰਾਹੀਂ ਅਕਾਲ ਤਖ਼ਤ ਦੇ ਢਹਿ ਢੇਰੀ ਹੋਣ ਅਤੇ ਹਰਿਮੰਦਰ ਸਾਹਿਬ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣ ਨਾਲ ਵਲੂੰਧਰੇ ਗਏ ਸਿੱਖ ਮਨ ਦੀ ਬਾਤ ਬਹੁਤ ਹੀ ਸੰਵੇਦਨਸ਼ੀਲ ਤਰੀਕੇ ਨਾਲ ਪਾਉਂਦੀ ਹੈ। ਸਿੱਖ ਆਸਥਾ ਵਾਲਾ ਸਧਾਰਣ ਬੰਦਾ ਇਸ ਘਟਨਾ ਨਾਲ ਗਹਿਰੀ ਉਦਾਸੀ ਵਿਚ ਡੁੱਬ ਗਿਆ ਸੀ ਜਿਸ ਦੇ ਸਿੱਟੇ ਵਜੋਂ ਪ੍ਰਤਿ-ਹਿੰਸਾ ਦੀ ਚਾਹਤ ਤੀਬਰ ਹੋ ਗਈ ਸੀ। ਇਸ ਦਾ ਪ੍ਰਗਟਾਵਾ ਪੰਜਾਬ ਵਿਚ ਅੱਤਿਵਾਦ ਦੇ ਉਭਾਰ ਰਾਹੀਂ ਹੋਇਆ। ਇਸ ਕਹਾਣੀ ਦੀ ਪਾਤਰ ਜੀਤੀ ਇਕ ਸ਼ਰਧਾਵਾਨ ਸਿੱਖ ਔਰਤ ਹੈ ਜਿਹੜੀ ਖੱਬੇਪੱਖੀ ਸੋਚ ਦੇ ਆਲੇ-ਦੁਆਲੇ ਵਿਚ ਪਲੀ, ਪ੍ਰਵਾਨ ਚੜ੍ਹੀ ਅਤੇ ਖੱਬੇਪੱਖੀ ਸੋਚ ਵਾਲੇ ਬੰਦੇ ਨਾਲ ਵਿਆਹੀ ਹੋਈ ਹੈ। ਨੀਲਾ ਤਾਰਾ ਕਾਰਵਾਈ ਤੋਂ ਆਹਤ ਜੀਤੀ ਖ਼ਾਮੋਸ਼ ਅਤੇ ਜ਼ਿੰਦਗੀ ਤੋਂ ਬੇਜ਼ਾਰ ਹੋ ਜਾਂਦੀ ਹੈ ਅਤੇ ਆਪਣਾ ਦੁੱਖ ਕਿਸੇ ਨਾਲ ਸਾਂਝਾ ਨਹੀਂ ਕਰਦੀ। ਫ਼ਿਕਰਮੰਦ ਪਰਿਵਾਰ ਉਸ ਨੂੰ ਡਾਕਟਰਾਂ ਨੂੰ ਦਿਖਾਉਂਦਾ ਹੈ ਪਰ ਨਾ ਉਨ੍ਹਾਂ ਨੂੰ ਮਰਜ਼ ਪਤਾ ਲੱਗਦੀ ਹੈ ਅਤੇ ਨਾਹੀ ਉਨ੍ਹਾਂ ਦੀਆਂ ਦਵਾਈਆਂ ਦਾ ਕੋਈ ਅਸਰ ਹੁੰਦਾ ਹੈ। ਪਰ ਜਦੋਂ ਇੱਕ ਦਿਨ ਅਚਾਨਕ ਇੰਦਰਾ ਗਾਂਧੀ ਦਾ ਕਤਲ ਹੋ ਜਾਂਦਾ ਹੈ ਤਾਂ ਉਹ ਮੁੜ ਟਹਿਕ ਉੱਠਦੀ ਹੈ ਅਤੇ ਜੀਵਨ ਨਾਲ ਜੁੜ ਜਾਂਦੀ ਹੈ। ਇਹ ਕਹਾਣੀ ਸ਼ਰਧਾਵਾਨ ਸਧਾਰਣ ਸਿੱਖ ਬੰਦੇ ਉੱਤੇ ਪਏ ਦੁਖਾਂਤਕ ਘਟਨਾ ਦੇ ਮਨੋ-ਭਾਵੁਕ ਪ੍ਰਭਾਵ ਦੀ ਨੱਕਾਸ਼ੀ ਕਰਦੀ ਹੈ ਜਿਸ ਵਿਚ ਇਹ ਵੀ ਸੰਕੇਤ ਕੀਤਾ ਗਿਆ ਹੈ ਕਿ ਖੱਬੇਪੱਖੀ ਸੋਚ ਵਾਲੇ ਬੌਧਿਕ ਆਲੇ-ਦੁਆਲੇ ਨਾਲ ਉਹ ਸੁਭਾਵਿਕ ਰੂਪ ਵਿਚ ਆਪਣਾ ਦੁੱਖ ਸਾਂਝਾ ਨਹੀਂ ਕਰਦਾ ਅਤੇ ਨਾ ਹੀ ਖੱਬੇਪੱਖੀ ਸੋਚ ਵਾਲੇ ਲੋਕਾਂ ਨੂੰ ਉਸ ਦਾ ਦੁੱਖ ਸਮਝ ਆਉਂਦਾ ਹੈ।

ਅਜੀਤ ਕੌਰ ਦੀ ਕਹਾਣੀ 'ਨਾ ਮਾਰੋ' ਸੰਕਟ ਸਮਿਆਂ ਦੀ ਦੁਵੱਲੀ ਹਿੰਸਾ ਦੀ ਸ਼ਿਕਾਰ ਮਾਨਵਤਾ ਦੇ ਦਰਦ ਨੂੰ ਬਿਆਨ ਕਰਦੀ ਹੈ। ਇਸ ਵਿਚ 'ਆਤੰਕਵਾਦੀਆਂ' ਦੀ ਕੀਤੀ ਹਿੰਸਾ ਦਾ ਸ਼ਿਕਾਰ ਹੋਏ ਕੇਵਲ ਦੀ ਭੈਣ, ਪੁਲਿਸ ਦੀ ਹਿੰਸਾ ਦਾ ਸ਼ਿਕਾਰ ਹੋਏ ਇੱਕ 'ਆਤੰਕਵਾਦੀ' ਨਾਲ ਮੋਹ ਅਤੇ ਫ਼ਿਕਰਮੰਦੀ ਭਰਿਆ ਮਾਨਵੀ ਵਿਹਾਰ ਕਰਦੀ ਹੈ। ਪੁਲਿਸ ਦੀ ਗੋਲੀ ਦਾ ਸ਼ਿਕਾਰ ਇਕ ਮੁੰਡਾ ਕਹਾਣੀ ਦੀ ਮੈਂ ਪਾਤਰ ਕੁੜੀ ਦੇ ਘਰ ਦੀ ਕੋਠੜੀ ਵਿਚ ਲੁਕਿਆ ਹੋਇਆ ਉਸ ਕੁੜੀ ਨੂੰ ਨਜ਼ਰ ਆ ਜਾਂਦਾ ਹੈ। ਉਹ ਦਰਦ ਪਰੁੰਨੇ ਇਸ ਨੌਜਵਾਨ ਦੀ ਮੱਲ੍ਹਮ ਪੱਟੀ ਕਰਦੀ, ਉਸ ਨੂੰ ਰੋਟੀ ਖਵਾਉਂਦੀ ਹੈ ਅਤੇ ਨਹੀਂ ਚਾਹੁੰਦੀ ਕਿ ਉਹ ਪੁਲਿਸ ਦੇ ਹੱਥ ਆਵੇ ਅਤੇ ਮਾਰਿਆ ਜਾਵੇ। ਪੁਲਿਸ ਵਾਲਿਆਂ ਦੇ ਸੰਕੇਤ ਅਨੁਸਾਰ ਇਹ ਮੁੰਡਾ ਉਸ ਗਰੁੱਪ ਦਾ ਮੈਂਬਰ ਹੈ ਜਿਸ ਨੇ ਸੰਭਵ ਤੌਰ 'ਤੇ ਕੁੜੀ ਦੇ ਭਰਾ ਕੇਵਲ ਨੂੰ ਮਾਰਿਆ ਸੀ। ਇਸ ਦੇ ਬਾਵਜੂਦ ਉਹ ਨੌਜਵਾਨ ਨਾਲ ਹਮਦਰਦੀ ਰੱਖਦੀ ਅਤੇ ਉਸ ਨੂੰ ਬਚਾਉਣਾ ਲੋਚਦੀ ਹੈ। ਉਹ ਮੁੰਡਾ ਵੀ ਮਾਨਵੀ ਨੈਤਿਕਤਾ ਦਾ ਪ੍ਰਗਟਾਵਾ ਕਰਦਿਆਂ ਉਦੋਂ ਘਰੋਂ ਚਲਾ ਜਾਂਦਾ ਹੈ, ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਮੇਰੇ ਉੱਥੇ ਹੋਣ ਜਾਂ ਉੱਥੇ ਮਰ ਜਾਣ ਜਾਂ ਉੱਥੋਂ ਫੜ੍ਹੇ ਜਾਣ ਨਾਲ ਇਸ ਪਰਿਵਾਰ ਨੂੰ ਖ਼ਤਰਾ ਹੋ ਸਕਦਾ ਹੈ। ਅਜੀਤ ਕੌਰ ਨੇ ਅਜਿਹੀ ਸਥਿਤੀ



ਸਿਰਜੀ ਹੈ ਜਿਸ ਵਿਚ ਕਿਸੇ ਵੀ ਕਿਸਮ ਦੀ ਹਿੰਸਾ ਨੂੰ ਰੱਦ ਕਰਕੇ ਮਾਨਵੀ ਹੋਂਦ ਅਤੇ ਮੋਹ-ਮੁਹੱਬਤ ਨੂੰ ਵਡੇਰੀ ਕਦਰ ਵਜੋਂ ਉਭਾਰਿਆ ਗਿਆ ਹੈ।

ਸੁਖਵੰਤ ਕੌਰ ਮਾਨ ਦੀ ਕਹਾਣੀ 'ਸੱਜਰੀ ਹਵਾ ਦੀ ਉਡੀਕ ਵਿਚ' ਪੰਜਾਬ ਸੰਕਟ ਦੇ ਖ਼ੌਫ਼ ਨਾਲ ਭਰੇ ਜੀਵਨ ਦਾ ਜੀਵੰਤ ਚਿੱਤਰ ਪ੍ਰਸਤੁਤ ਕਰਦੀ ਹੈ। ਇਸ ਕਹਾਣੀ ਦੀ ਪ੍ਰਾਪਤੀ ਇਹ ਦਰਸਾਉਣ ਕਰਕੇ ਹੈ ਕਿ ਲੋਕ ਕਿਸੇ ਵੀ ਖ਼ੌਫ਼ ਨਾਲ ਭਰੇ ਮਾਰੂ ਮਾਹੌਲ ਦੇ ਖ਼ਿਲਾਫ਼ ਕਿਵੇਂ ਲੜਦੇ ਹਨ। ਅੱਤਵਾਦੀਆਂ ਤੋਂ ਖ਼ੌਫ਼ਜ਼ਦਾ ਪਰਿਵਾਰ ਨੂੰ ਉਦੋਂ ਸਾਹ ਆਉਂਦਾ ਹੈ ਜਦੋਂ ਉਨ੍ਹਾਂ ਦੇ ਘਰ ਵਿਆਹ ਦੀਆਂ ਤਿਆਰੀਆਂ ਹੋਣ ਲੱਗਦੀਆਂ ਹਨ। ਮੁੱਢ ਵਿਚ ਸਹਿਮਿਆਂ ਹੋਇਆ ਪਰਿਵਾਰ ਬਿਨਾਂ ਬਹੁਤਾ ਸ਼ੋਰ-ਸ਼ਰਾਬਾ ਕੀਤੇ ਚੋਰੀ ਛੁੱਪੇ ਵਿਆਹ ਕਰਨ ਦੀ ਵਿਉਂਤ ਬਣਾਉਂਦਾ ਹੈ, ਪਰ ਵਿਹਾਂਦੜ ਫ਼ੌਜੀ ਮੁੰਡੇ ਦੇ ਪਹੁੰਚਣ ਤੋਂ ਬਾਅਦ ਸਭ ਬਦਲ ਜਾਂਦਾ ਹੈ ਕਿਉਂਕਿ ਉਹ ਆਪਣੀ ਮਿੱਤਰ-ਢਾਣੀ ਨੂੰ ਘਰ ਬੁਲਾ ਕੇ ਸੁਭਾਵਿਕ ਜਸ਼ਨਾਵੀ ਮਹੌਲ ਸਿਰਜ ਦਿੰਦਾ ਹੈ। ਘਰ ਵਿਚ ਮਠਿਆਈਆਂ ਦੀਆਂ ਮਹਿਕਾਂ ਖਿੱਲਰਣ ਲੱਗਦੀਆਂ ਹਨ ਅਤੇ ਗਾਉਣ ਦੀ ਆਵਾਜ਼ ਅਤੇ ਨੱਚਣ ਦੀ ਧਮਕ ਘਰ ਦੀਆਂ ਬਰੂਹਾਂ ਤੋਂ ਪਾਰ ਜਾਣ ਲੱਗਦੀ ਹੈ। ਇਸ ਤੋਂ ਜਾਪਦਾ ਹੈ ਕਿ ਆਲੇ-ਦੁਆਲੇ ਕੋਈ ਖ਼ੌਫ਼ ਨਹੀਂ ਹੈ। ਇੰਝ ਇਹ ਕਹਾਣੀ ਦਹਿਸ਼ਤ ਦੀ ਸ਼ਿਕਾਰ ਸਧਾਰਣ ਲੋਕਾਈ ਦੀ ਖ਼ੁਸ਼ੀ ਦੀ ਤਾਂਘ ਅਤੇ ਸੰਕਟ ਵਿਚੋਂ ਨਿਕਲਣ ਲਈ ਕੋਈ ਵੀ ਜੋਖ਼ਿਮ ਉਠਾ ਸਕਣ ਦੀ ਸੁਭਾਵਿਕ ਮਾਨਵੀ ਸਮਰੱਥਾ ਨੂੰ ਉਭਾਰਦੀ ਹੈ।

ਮੋਹਨ ਭੰਡਾਰੀ ਦੀ ਕਹਾਣੀ 'ਸਾਂਝ' ਪੰਜਾਬ ਸੰਕਟ ਦੇ ਦਿਨਾਂ ਵਿਚ ਕਰੀਬੀ ਸਾਂਝਾਂ ਦੇ ਤਿੜਕਣ ਜਾਂ ਖ਼ੌਫ਼ ਦੇ ਸਨਮੁਖ ਕਮਜ਼ੋਰ ਹੋ ਜਾਣ ਦੀ ਕਹਾਣੀ ਹੈ। ਪੰਜਾਬ ਸੰਕਟ ਵਿਚ ਜਦੋਂ ਦੇਹਾਂ ਮੌਤ ਦੇ ਪਰਛਾਵੇਂ ਹੇਠ ਸਨ ਤਾਂ ਮਨ-ਮਸਤਕ ਵੀ ਮਾਨਵੀ ਗੌਰਵ ਦੇ ਸਧਾਰਣ ਮਿਆਰਾਂ ਤੋਂ ਹੇਠਾਂ ਡਿੱਗ ਰਿਹਾ ਸੀ। ਲੋਕ ਇੱਕ ਦੂਜੇ ਤੋਂ ਟੁੱਟ ਰਹੇ ਸਨ ਅਤੇ ਮਾਨਵੀ ਸਾਂਝਾਂ ਨੂੰ ਨਿਭਾਉਣ ਦੀ ਬਜਾਏ ਆਪਣੀਆਂ ਦੇਹਾਂ ਜਾਂ ਆਪਣਿਆਂ ਦੀਆਂ ਦੇਹਾਂ ਬਚਾਉਣ ਦੇ ਆਹਰ ਕਰ ਰਹੇ ਸਨ। ਇਸ ਕਹਾਣੀ ਵਿਚ ਇੱਕ ਅਜਿਹੇ ਵਕੀਲ ਦੀ ਜ਼ਿੰਦਗੀ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ ਜੋ ਪੰਜਾਬ ਸੰਕਟ ਦੌਰਾਨ ਫ਼ੌਜਦਾਰੀ ਮੁੱਕਦਮਿਆਂ ਕਰਕੇ ਇਕ ਸਫ਼ਲ ਵਕੀਲ ਬਣ ਜਾਂਦਾ ਹੈ। ਉਸ ਦੀ ਔਲਾਦ ਪੜ੍ਹ-ਲਿਖ ਕੇ ਵਿਦੇਸ਼ ਜਾ ਚੁੱਕੀ ਹੈ ਅਤੇ ਉਸ ਤੋਂ ਪੂਰੀ ਤਰ੍ਹਾਂ ਕੱਟੀ ਗਈ ਹੈ। ਉਹ ਖ਼ੁਦ ਆਪਣੇ ਪਿੰਡ, ਆਪਣੇ ਪਿੰਡ ਵਿਚਲੇ ਪਰਿਵਾਰ ਤੋਂ ਕੱਟਿਆ ਗਿਆ ਹੈ। ਪਿੰਡ ਵਿਚਲਾ ਪਰਿਵਾਰ ਜਦੋਂ ਉਸ ਨੂੰ ਵਾਸਤਾ ਪਾਉਂਦਾ ਹੈ ਕਿ ਉਹ ਪਿੰਡ ਆ ਕੇ ਜਾਵੇ ਕਿਉਂਕਿ ਵਧਦੀਆਂ ਆਤੰਕੀ ਘਟਨਾਵਾਂ ਕਾਰਣ ਉਨ੍ਹਾਂ ਦੀ ਹਾਲਤ ਹੁਣ ਚੰਗੀ ਨਹੀਂ ਰਹੀ ਤਾਂ ਉਸ ਦੀ ਪਤਨੀ ਪਿੰਡ ਜਾਣ ਤੋਂ ਕੋਰਾ ਜਵਾਬ ਦੇ ਦਿੰਦੀ ਹੈ। ਉਹ ਇਸ ਮਜਬੂਰੀ ਵਿਚ ਕੁਝ ਪੈਸੇ ਭੇਜ ਕੇ ਅਤੇ ਦੂਰੋਂ ਬੈਠ ਕੇ ਉਨ੍ਹਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਸ ਕਾਰਜ ਉੱਤੇ ਤਸੱਲੀ ਮਹਿਸੂਸ ਕਰਦਾ ਹੈ ਅਤੇ ਆਪਣਿਆਂ ਨਾਲ ਸਾਂਝ ਨਿਭਾਉਣ ਦੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਂਦਾ ਹੈ। ਇੰਝ ਇਹ ਕਹਾਣੀ ਸੰਕਟ ਸਮਿਆਂ ਦੌਰਾਨ ਖ਼ੂਨ ਦੇ ਰਿਸ਼ਤਿਆਂ ਵਾਲੀਆਂ ਮਾਨਵੀ ਸਾਂਝਾਂ ਦੇ ਵੀ ਚੀਨਾ ਚੀਨਾ ਹੋਣ ਜਾਣ ਦਾ ਬਿੰਬ ਉਘਾੜਦੀ ਹੈ।

ਬਲਦੇਵ ਸਿੰਘ ਦੀ ਕਹਾਣੀ 'ਨਾਗਵਲ' ਪੰਜਾਬ ਸੰਕਟ ਦੇ ਕੇਂਦਰੀ ਪਾਸਾਰਾਂ ਨੂੰ ਫੜਨ ਦੀ ਥਾਂ ਇਸ ਦੇ ਆਲੇ-ਦੁਆਲੇ ਵਾਪਰ ਰਹੇ ਵਰਤਾਰਿਆਂ ਉੱਤੇ ਫੋਕਸ ਕਰਦੀ ਹੈ। ਖ਼ਾਲਿਸਤਾਨੀ ਦਹਿਸ਼ਗਰਦਾਂ ਦੀਆਂ ਵਿਚਾਰਧਾਰਕ ਜਾਂ ਰਾਜਨੀਤੀ ਪ੍ਰੇਰਿਤ ਹਿੰਸਕ ਕਾਰਵਾਈਆਂ ਦੀ ਓਟ ਵਿਚ ਲੁੰਪਨ ਜਾਂ ਆਪਣੇ ਹਾਲਾਤ ਵੱਸ ਛੋਟੀਆਂ ਮੋਟੀਆਂ ਅਪਰਾਧੀ ਕਾਰਵਾਈਆਂ ਕਰਨ ਲੱਗੇ ਨੌਜਵਾਨਾਂ ਦੀ ਹੋਣੀ ਨੂੰ ਬਿਆਨ ਕਰਦੀ ਹੈ। ਘੱਟ ਪੜ੍ਹ ਲਿਖ ਸਕੇ ਅਤੇ ਛੋਟੇ ਕਿਸਾਨਾਂ ਦੇ ਮੁੰਡੇ ਕਿਸੇ ਉਤਪਾਦਕੀ ਜਾਂ ਸਿਰਜਣਾਤਮਕ ਕੰਮ/ਰੁਜ਼ਗਾਰ ਦੀ ਅਣਹੋਂਦ ਵਿਚ ਲੁੱਟਾਂ-ਖੋਹਾਂ ਕਰਨ ਲੱਗਦੇ ਹਨ। ਉਹ ਇਕ ਪੜ੍ਹੇ-ਲਿਖੇ ਮਹਾਜਨ ਪਰਿਵਾਰ ਦੇ, ਰੁਜ਼ਗਾਰ ਨਾ ਮਿਲਣ 'ਤੇ ਨਿਰਾਸ਼ ਹੋਏ ਮੁੰਡੇ ਪ੍ਰਕਾਸ਼ ਨੂੰ ਵੀ ਆਪਣੇ ਨਾਲ ਰਲਾ ਲੈਂਦੇ ਹਨ ਅਤੇ ਛੋਟੀਆਂ ਲੁੱਟਾਂ ਵਿਚ ਸਫਲ ਹੋਣ ਤੋਂ ਉਤਸ਼ਾਹਿਤ ਹੋ ਕੇ ਵੱਡੀਆਂ ਕਾਰਵਾਈਆਂ ਰਾਹੀਂ ਪੈਸਾ ਕਮਾਉਣ ਦੀ ਲੋਚਾ ਕਰਨ ਲੱਗ ਜਾਂਦੇ ਹਨ। ਅਪਰਾਧ ਦੀ ਦੁਨੀਆਂ ਵਿਚ ਪੈਰ ਰੱਖਣ ਨਾਲ ਉਨ੍ਹਾਂ ਦਾ ਵਾਹ ਪੁਲਿਸ ਨਾਲ ਪੈ ਜਾਂਦਾ ਹੈ। ਸਥਾਨਕ ਪੁਲਿਸ ਅਫ਼ਸਰ ਉਨ੍ਹਾਂ ਤੋਂ ਮਾਸਿਕ ਰਿਸ਼ਵਤ ਉਗਰਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਹ ਇਸ ਕੰਮ ਵਿਚ ਪਏ ਰਹਿਣ। ਪੁਲਿਸ ਦੀ ਮਾਰ ਪੈਣ ਉਪਰੰਤ ਜਦੋਂ ਉਹ ਅਪਰਾਧ ਛੱਡਣਾ ਚਾਹੁੰਦੇ ਹਨ ਤਾਂ ਪੁਲਿਸ ਉਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦੀ, ਕਿਉਂਕਿ ਇਸ ਨਾਲ ਉਸ ਦੇ ਭ੍ਰਿਸ਼ਟ ਅਫ਼ਸਰਾਂ ਦੀ ਕਮਾਈ ਘਟਦੀ ਹੈ। ਇਸ ਤਰ੍ਹਾਂ ਬਲਦੇਵ ਸਿੰਘ ਇਨ੍ਹਾਂ ਨੌਜਵਾਨਾਂ, ਵਿਸ਼ੇਸ਼ਕਰ ਮਹਾਜਨਾਂ ਦੇ ਮੁੰਡੇ ਦਾ ਹਮਦਰਦੀ ਭਰਿਆ ਚਿੱਤਰ ਬਣਾਉਂਦਾ ਹੈ ਜਿਸ ਦੀ ਜ਼ਿੰਦਗੀ ਨੂੰ ਅਜਿਹਾ ਨਾਗਵਲ ਪੈ ਚੁੱਕਾ ਹੈ ਕਿ ਉਹ ਚਾਹੁੰਦਾ ਹੋਇਆ ਵੀ ਅਪਰਾਧ ਦੀ ਦੁਨੀਆਂ ਦੀ ਪਕੜ ਵਿਚੋਂ ਨਿੱਕਲ ਨਹੀਂ ਸਕਦਾ।

ਕਹਾਣੀ 'ਦਹਿਸ਼ਤ ਦੇ ਪਰਛਾਵੇਂ' ਨ੍ਰਿਪਇੰਦਰ ਰਤਨ ਦੀ ਲਿਖੀ ਹੋਈ ਹੈ। ਇਹ ਕਹਾਣੀ ਵੀ ਸਾਕਾ ਨੀਲਾ ਤਾਰਾ ਵਿਚ ਨੁਕਸਾਨੇ ਗਏ ਹਰਿਮੰਦਰ ਸਾਹਿਬ ਅਤੇ ਤਬਾਹ ਹੋਏ ਅਕਾਲ ਤਖ਼ਤ ਨੂੰ ਦੇਖ ਕੇ ਸ਼ਰਧਾਲੂਆਂ ਦੇ ਵਲੂੰਧਰੇ ਗਏ ਮਨ ਦੀ ਥਾਹ ਪਾਉਂਦੀ ਹੈ। ਇਸ ਕਹਾਣੀ ਦਾ ਸਾਰਾ ਦ੍ਰਿਸ਼ ਭਾਵੇਂ ਸੁਖਵਿੰਦਰਪਾਲ ਸਿੰਘ ਨਾਮ ਦੇ ਇਕ ਡਵਿਜ਼ਨਲ ਕਮਿਸ਼ਨਰ ਦੀਆਂ ਅੱਖਾਂ ਰਾਹੀਂ ਸਾਕਾਰ ਹੁੰਦਾ ਹੈ ਪਰ ਅਸਲ ਵਿਚ ਇਹ ਕਹਾਣੀ ਬਿਹਾਰ ਦੇ ਪਿਛੋਕੜ ਵਾਲੇ ਕੈਪਟਨ ਠਾਕੁਰ ਦੀ ਹੈ। ਕਮਿਸ਼ਨਰ ਦੀਆਂ ਨਜ਼ਰਾਂ ਰਾਹੀਂ ਸਾਕਾਰ ਹੋਏ ਦ੍ਰਿਸ਼ ਵਿਚੋਂ ਇਹ ਪਤਾ ਲੱਗਦਾ ਹੈ ਕਿ ਇਸ ਫ਼ੌਜ ਦੀ ਨੀਲਾ ਤਾਰਾ ਕਾਰਵਾਈ ਦੌਰਾਨ ਸਿਰਫ਼ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਹੀ ਨਹੀਂ ਸੀ ਨੁਕਸਾਨੇ ਗਏ ਸਗੋਂ ਉਨ੍ਹਾਂ ਦੇ ਨੇੜੇ ਤੇੜੇ ਦੀਆਂ ਗਲੀਆਂ ਵਿਚਲੇ ਘਰ ਅਤੇ ਬਾਜ਼ਾਰ ਵਿਚਲੀਆਂ ਦੁਕਾਨਾਂ ਵੀ ਢਹਿ ਢੇਰੀ ਹੋ ਗਈਆਂ ਸਨ, ਜਿਨ੍ਹਾਂ ਦੀ ਗੱਲ ਬਹੁਤੀ ਨਹੀਂ ਕੀਤੀ ਜਾਂਦੀ। ਕਹਾਣੀ ਦਾ ਕੇਂਦਰੀ ਫ਼ੋਕਸ ਕੈਪਟਨ ਠਾਕੁਰ ਦੀ ਭਾਵਨਾਤਮਕ ਸਥਿਤੀ ਉੱਪਰ ਹੈ, ਜਿਸਨੇ ਆਪਣੇ ਮਾਪਿਆਂ ਅਤੇ ਸਹੁਰੇ ਪਰਿਵਾਰ ਦੇ ਇਸਰਾਰ 'ਤੇ ਦਰਬਾਰ ਸਾਹਿਬ ਆ ਕੇ ਕੁਝ ਮਹੀਨੇ ਪਹਿਲਾਂ ਹੀ 'ਔਲਾਦ ਹੋਣ ਦੀ ਮਨੌਤੀ' ਮੰਗੀ ਹੁੰਦੀ ਹੈ। ਉਹ ਇਸ ਭਾਵਨਾਤਮਕ ਟੁੱਟ-ਭੱਜ ਵਿਚੋਂ ਗੁਜ਼ਰਦਾ ਹੈ ਕਿ ਜਿੱਥੇ ਉਸ ਨੇ ਮਨੌਤੀ ਮੰਗੀ ਅਤੇ ਹੋਣ ਵਾਲੀ ਔਲਾਦ ਨੂੰ ਸਭ ਤੋਂ ਪਹਿਲਾਂ ਦਰਬਾਰ



ਸਾਹਿਬ ਮੱਥਾ ਟਿਕਾਉਣ ਦਾ ਵਾਅਦਾ ਕੀਤਾ, ਉਸੇ ਦਰਬਾਰ ਸਾਹਿਬ ਉੱਤੇ ਉਸ ਨੂੰ ਇਕ ਹਮਲਾਵਰ ਫ਼ੌਜੀ ਵਜੋਂ ਆਉਣਾ ਪਿਆ। ਉਸ ਦੇ ਦੁਖਾਂਤ ਦੇ ਗਹਿਰੇ ਹੋਣ ਦੀ ਕੜੀ ਇਸ ਸੱਚ ਨਾਲ ਜੁੜੀ ਹੋਈ ਹੈ ਕਿ ਉਸ ਮਨੌਤੀ ਤੋਂ ਬਾਅਦ ਉਸ ਦੀ ਪਤਨੀ ਗਰਭਵਤੀ ਹੋ ਜਾਂਦੀ ਹੈ। ਇਸ ਤਰ੍ਹਾਂ ਆਸਥਾ ਅਤੇ ਫ਼ੌਜੀ ਜ਼ਿੰਮੇਵਾਰੀ ਵਿਚ ਵੰਡਿਆ ਕੈਪਟਨ ਠਾਕੁਰ ਅੰਦਰੋਂ ਤਿੜਕਿਆ ਜਾਪਦਾ ਹੈ। ਇਸ ਤਰ੍ਹਾਂ ਇਹ ਕਹਾਣੀ ਕੈਪਟਨ ਠਾਕੁਰ ਰਾਹੀਂ ਦਰਬਾਰ ਸਾਹਿਬ 'ਤੇ ਫ਼ੌਜੀ ਕਾਰਵਾਈ ਤੋਂ ਆਹਤ ਸ਼ਰਧਾਵਾਨ ਬੰਦੇ ਦੇ ਮਨੋ-ਭਾਵੁਕ ਦੁਖਾਂਤ ਨੂੰ ਉਭਾਰਦੀ ਹੈ।

ਦਲਬੀਰ ਚੇਤਨ ਦੀ ਕਹਾਣੀ 'ਕਾਲੇ ਪਰਛਾਵੇਂ' ਉਨ੍ਹਾਂ ਕਹਾਣੀਆਂ ਵਿਚੋਂ ਇਕ ਹੈ ਜਿਹੜੀਆਂ ਸੰਕਟ ਸਮਿਆਂ ਦੇ ਖ਼ੌਫ਼ ਦੀਆਂ ਗਹਿਰੀਆਂ ਪਰਤਾਂ ਨੂੰ ਉਘਾੜਦੀਆਂ ਹਨ। ਇਹ ਖ਼ੌਫ਼ ਕਿਸ ਹੱਦ ਤੱਕ ਮਨੁੱਖ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲੈਂਦਾ ਹੈ, ਉਸ ਦੀਆਂ ਕਈ ਪਰਤਾਂ ਸਮੇਤ ਸਵੈ-ਬਚਾਓ ਦੀ ਇੱਕ ਹੋਰ ਬਾਰੀਕ ਪਰਤ ਇਸ ਕਹਾਣੀ ਵਿਚ ਮੁੱਖ ਤੌਰ 'ਤੇ ਉੱਘੜਦੀ ਹੈ। ਉਨ੍ਹਾਂ ਵਕਤਾਂ ਵਿਚ ਆਪਣੇ ਹਮਸਾਇਆਂ ਦੇ ਦੁੱਖ ਵਿਚ ਸ਼ਾਮਿਲ ਹੋਣ ਦੀ ਬਜਾਏ ਆਪਣੀ ਦੇਹ ਨੂੰ ਬਚਾਉਣ ਦਾ ਫ਼ਿਕਰ ਹੀ ਸਭ ਕੁਝ ਹੋ ਗਿਆ ਸੀ। ਇਹ ਫ਼ਿਕਰ ਦੇਹ ਨੂੰ ਵੀ ਪੂਰੀ ਤਰ੍ਹਾਂ ਖਿੜਨ ਨਹੀਂ ਦਿੰਦਾ। ਆਪਣੇ ਕਾਮਰੇਡ ਦੋਸਤ ਜਗੀਰ ਦੇ ਅਤਿਵਾਦੀਆਂ ਹੱਥੋਂ ਕਤਲ ਦੀ ਖ਼ਬਰ ਸੁਣ ਕੇ ਉਸ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਛੁੱਟੀ ਆਇਆ ਫ਼ੌਜੀ, ਖ਼ੌਫ਼ਜ਼ਦਾ ਹੋਈ ਆਪਣੀ ਪਤਨੀ ਦੇ ਸਮਝਾਉਣ 'ਤੇ ਉਨ੍ਹਾਂ ਦੇ ਘਰ ਨਹੀਂ ਜਾਂਦਾ। ਉਸ ਦੀ ਪਤਨੀ ਡਰਦੀ ਹੈ ਕਿ ਉਸ ਦਾ ਪਤੀ ਵੀ ਫ਼ੌਜ ਵਿਚ ਜਾਣ ਤੋਂ ਪਹਿਲਾਂ ਜਗੀਰ ਹੋਰਾਂ ਦੀ ਖੱਬੇ-ਪੱਖੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ ਅਤੇ ਇਹੀ ਗੱਲ ਉਸ ਦੀ ਜਾਨ ਦਾ ਖੌ ਬਣੀ ਹੋਈ ਹੈ। ਭਾਵੇਂ ਜਗੀਰ ਦਾ ਭਰਾ ਹੀ ਉਨ੍ਹਾਂ ਦੇ ਘਰ ਆ ਜਾਂਦਾ ਹੈ ਪਰ ਉਹ ਜਗੀਰ ਦੀਆਂ ਗੱਲਾਂ ਕਰਨ ਦੀ ਥਾਂ ਆਪਣੇ ਅਤੇ ਆਪਣਿਆਂ ਦੇ ਭਵਿੱਖ ਬਾਰੇ ਚਿੰਤਾਤੁਰ ਹਨ। ਰਾਤ ਨੂੰ ਸੌਣ ਲੱਗਿਆਂ ਫ਼ੌਜੀ ਜਦੋਂ ਆਪਣੀ ਪਤਨੀ ਦਾ ਸੰਗ ਮਾਣਨਾ ਚਾਹੁੰਦਾ ਹੈ ਤਾਂ ਉਹ ਉਸ ਦੀ ਕਾਮਨਾ ਨੂੰ ਹੁੰਗਾਰਾ ਦੇਣ ਦੀ ਥਾਂ ਜਗੀਰ ਅਤੇ ਹਿੰਸਾ ਨਾਲ ਜੁੜੀਆਂ ਗੱਲਾਂ ਕਰਦੀ ਰਹਿੰਦੀ ਹੈ। ਫ਼ੌਜੀ ਝੁੰਜਲਾ ਉੱਠਦਾ ਹੈ। ਜਦੋਂ ਪਤਨੀ ਉਸ ਦੀ ਕਾਮੁਕਤਾ ਨੂੰ ਮਾਣਨਾ ਸ਼ੁਰੂ ਕਰਦੀ ਹੈ ਤਾਂ ਬਾਹਰੋਂ ਗੋਲੀਆਂ ਚੱਲਣ ਦੀ ਆਵਾਜ਼ ਫ਼ੌਜੀ ਦੇ ਸਰੀਰ ਨੂੰ ਠੰਡਾ ਕਰ ਦਿੰਦੀ ਹੈ। ਇੰਝ ਦਹਿਸ਼ਤ ਦਾ ਪਰਛਾਵਾਂ ਦੇਹਾਂ ਤੋਂ ਪਾਰ ਕਾਮਨਾ ਨੂੰ ਵੀ ਆਪਣੀ ਗ੍ਰਿਫ਼ਤ ਵਿਚ ਲੈਂਦਾ ਨਜ਼ਰ ਆਉਂਦਾ ਹੈ। ਇੰਝ ਇਹ ਕਹਾਣੀ ਸੰਕਟ ਦੇ ਮਾਰੂ ਪ੍ਰਭਾਵਾਂ ਅਧੀਨ ਸੁਭਾਵਿਕ ਮਨੁੱਖੀ ਮੋਹ, ਸਾਂਝ, ਪਿਆਰ ਅਤੇ ਕਾਮਨਾ ਦੇ ਖੀਣ ਹੋਣ ਦੀ ਕਹਾਣੀ ਹੈ।

'ਮੈਂ ਹੁਣ ਠੀਕ ਠਾਕ ਹਾਂ' ਵਰਿਆਮ ਸਿੰਘ ਸੰਧੂ ਦੀ ਲਿਖੀ ਉਹ ਕਹਾਣੀ ਹੈ ਜੋ ਪੰਜਾਬ ਸੰਕਟ ਨਾਲ ਸੰਬੰਧਿਤ ਸਮੁੱਚੀ ਕਹਾਣੀ ਦੇ ਕੇਂਦਰ ਵਿਚ ਰਹੀ ਹੈ। ਇਹ ਕਹਾਣੀ ਆਪਣੀ ਵਿਧਾ-ਵਿਸ਼ੇਸ਼ ਕਰਕੇ ਪੰਜਾਬ ਸੰਕਟ ਦੇ ਮਾਨਵੀ ਪਹਿਲੂਆਂ ਦੇ ਨਾਲ ਨਾਲ ਸੰਕਟ ਦੇ ਇਤਿਹਾਸਕ ਪ੍ਰਸੰਗਾਂ ਅਤੇ ਉਨ੍ਹਾਂ ਦੀ ਜਟਿਲਤਾ ਨੂੰ ਨਜਿੱਠਦੀ ਹੈ। ਜੋਗਿੰਦਰ ਅਤੇ ਉਸ ਦੇ ਪਰਿਵਾਰ ਦੇ ਆਪਣੇ ਪਾਲਤੂ ਕੁੱਤੇ ਟੋਮੀ ਨਾਲ ਪਿਆਰ,

ਪਰ ਖਾੜਕੂਆਂ ਦੇ ਦਾਬੇ ਅਤੇ ਪੁਲਿਸ ਦੇ ਤਸ਼ੱਦਦ ਕਾਰਨ ਟੌਮੀ ਨੂੰ ਮਾਰਨ ਦੇ ਵੇਰਵਿਆਂ ਦੇ ਆਲੇ-ਦੁਆਲੇ ਬੁਣੀ ਇਹ ਕਹਾਣੀ ਸੰਕਟ ਸਮਿਆਂ ਵਿਚ ਖਾੜਕੂਆਂ ਅਤੇ ਸੱਤਾ ਦੇ ਪੁੜਾਂ ਦੇ ਵਿਚਕਾਰ ਪਿਸਦੇ ਪੰਜਾਬੀ ਮਾਨਵੀ ਗੌਰਵ ਦੀ ਕਹਾਣੀ ਹੈ। ਇਸ ਕਹਾਣੀ ਵਿਚ ਕੇਂਦਰੀ ਪਾਤਰ ਬਹੁਤ ਪਿਆਰ ਨਾਲ ਪਾਲਿਆ ਕੁੱਤਾ ਟੌਮੀ ਹੈ, ਜਿਹੜਾ ਮਨੁੱਖੀ ਮੜਕ, ਗੌਰਵ ਅਤੇ ਪ੍ਰਤੀਰੋਧਕ ਮਰਦਾਨਗੀ ਦਾ ਪ੍ਰਤਿਨਿਧ ਹੈ। ਕਹਾਣੀਕਾਰ ਨੇ ਇਸ ਕਹਾਣੀ ਨੂੰ ਅਜਿਹੀ ਜੁਗਤ ਨਾਲ ਬੁਣਿਆ ਹੈ ਕਿ ਇਹ ਇੱਕੋ ਸਮੇਂ ਬੇਇਨਸਾਫ਼ੀਆਂ ਤੋਂ ਤੰਗ ਆਏ ਲੋਕਾਂ ਦੀ ਬੇਬਸੀ, ਸਾਕਾ ਨੀਲਾ ਤਾਰਾ ਨਾਲ ਅੰਦਰ ਤੱਕ ਟੁੱਟ ਗਏ ਲੋਕਾਂ ਦੇ ਦਰਦ, ਰਾਜ ਖ਼ਿਲਾਫ਼ ਲੜਨ ਦਾ ਦਾਅਵਾ ਕਰਨ ਵਾਲਿਆਂ ਦੇ ਲੋਕਾਂ ਉੱਪਰ ਹਿੰਸਾਤਮਕ ਦਾਬੇ, ਖਾੜਕੂਆਂ ਤੋਂ ਆਮ ਲੋਕਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੀ ਪੁਲੀਸ ਅਤੇ ਫ਼ੌਜ ਦੇ ਤਸ਼ੱਦਦੀ ਕਿਰਦਾਰ, ਲਿਤਾੜੇ ਜਾ ਰਹੇ ਮਨੁੱਖੀ ਗੌਰਵ, ਇਸ ਦੋਪਾਸੀ ਦਮਨ ਦਾ ਸ਼ਿਕਾਰ ਹੋ ਰਹੇ ਸਧਾਰਣ ਮਨੁੱਖ ਦੀ ਤ੍ਰਾਸਦੀ ਅਤੇ ਇਸ ਸਭ ਨਾਲ ਬੌਂਦਲੇ ਹੋਏ ਪਰ ਫਿਰ ਵੀ ਆਪਣੇ ਅੰਦਰਲੀ ਮਨੁੱਖਤਾ ਨੂੰ ਮਰਨ ਤੋਂ ਰੋਕਣ ਦਾ ਤਰਲਾ ਲੈ ਰਹੇ ਪੰਜਾਬੀ ਬੰਦੇ ਦੀ ਮਨੋ-ਵੇਦਨਾ ਦਾ ਪ੍ਰਗਟਾਵਾ ਕਰਨ ਵਾਲੀ ਕਹਾਣੀ ਬਣ ਗਈ ਹੈ। ਇਸ ਦੇ ਨਾਲ ਨਾਲ ਸੰਕਟ ਸਮਿਆਂ ਵਿਚ ਵੀ ਕਿਸੇ ਇੱਕ ਧਿਰ ਦੀ ਪੈਰਵਾਈ ਤੇ ਪਰਵਾਹ ਕਰਨ ਦੀ ਬਜਾਏ ਮੂਲ ਮਨੁੱਖੀ ਕਦਰਾਂ-ਕੀਮਤਾਂ ਦੇ ਲੜ ਲੱਗਣ ਦੀ ਮਾਨਵੀ ਦੀਵਾਨਗੀ ਆਦਿ ਕਿੰਨੇ ਹੀ ਹੋਰ ਪਹਿਲੂ ਇਸ ਇੱਕ ਕਹਾਣੀ ਵਿਚ ਬਹੁਤ ਹੀ ਕਲਾਤਮਕ ਤਰੀਕੇ ਨਾਲ ਸਮੋਏ ਹੋਏ ਹਨ। ਇਸ ਕਹਾਣੀ ਦੇ ਬਿਰਤਾਂਤ ਦੀ ਜਟਿਲਤਾ ਪੰਜਾਬ ਸੰਕਟ ਦੀਆਂ ਪੀਡੀਆਂ ਗੁੰਝਲਾਂ ਨੂੰ ਖੋਲ੍ਹਦੀ ਵੀ ਹੈ ਅਤੇ ਸਮਝਣਯੋਗ ਵੀ ਬਣਾਉਂਦੀ ਹੈ। ਇਸ ਕਹਾਣੀ ਦਾ ਸ਼ਬਦ ਸ਼ਬਦ, ਵਾਕ ਵਾਕ ਤੇ ਖੰਡ ਖੰਡ ਪਾਠਕ ਨੂੰ ਬਿਰਤਾਂਤਕ ਵਹਾਉ ਨਾਲ ਵਹਾ ਕੇ ਲੈ ਜਾਣ ਵਾਲਾ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਵੇਰਵਿਆਂ ਦੀ ਬਹੁਲਤਾ ਵਿਚ ਹੀ ਨਹੀਂ ਸਗੋਂ ਉਨ੍ਹਾਂ ਨੂੰ ਆਪਸ ਵਿਚ ਕਲਾਤਮਕ ਤਰੀਕੇ ਨਾਲ ਗੁੰਦਣ ਵਿਚ ਵੀ ਹੈ, ਜਿਸ ਦੀ ਪਕੜ ਤੋਂ ਕੋਈ ਪਾਠਕ ਬਚ ਨਹੀਂ ਸਕਦਾ ਅਤੇ ਇਸੇ ਕਰਕੇ ਇਹ ਕਹਾਣੀ ਸਾਲਾਂ ਬੱਧੀ ਪੰਜਾਬੀ ਪਾਠਕ ਦੇ ਚੇਤਿਆਂ ਦਾ ਹਿੱਸਾ ਬਣਨ ਦੇ ਕਾਬਿਲ ਹੈ।

ਗੁਰਪਾਲ ਸਿੰਘ ਲਿੱਟ ਦੀ ਕਹਾਣੀ 'ਗਿਰਝਾਂ' ਦਾ ਪ੍ਰਸੰਗ ਤਾਂ ਭਾਵੇਂ ਪੰਜਾਬ ਸੰਕਟ ਵਿਚਲੀ ਹਿੰਸਾ ਅਤੇ ਆਤੰਕ ਦਾ ਹੈ ਪਰ ਇਹ ਕਹਾਣੀ ਇਸ ਤੋਂ ਅਗਾਂਹ ਇਸ ਦੇ ਪਿਛੋਕੜ ਵਿਚ ਚੱਲ ਰਹੀ ਖਿੱਚ-ਖਿੱਚ ਤੋਂ ਵੀ ਪਰਦਾ ਚੁੱਕਦੀ ਹੈ। ਇਹ ਜਪੀ ਨਾਮ ਦੀ ਪਾਤਰ ਦੀ ਕਹਾਣੀ ਹੈ ਜਿਸ ਦਾ ਫ਼ੌਜੀ ਪਿਤਾ ਪਿੰਡ ਵਿਚ ਹਿੰਸਾਤਮਕ ਕਾਰਵਾਈ ਕਰਨ ਆਏ ਮੁੰਡਿਆਂ ਵਿਚੋਂ ਇੱਕ ਨੂੰ ਫੜਨ ਤੇ ਉਸ ਨੂੰ ਪੁਲੀਸ ਦੇ ਹਵਾਲੇ ਕਰਨ ਦੇ ਸਾਹਸਕਰਮ ਕਾਰਣ ਖਾੜਕੂਆਂ ਦੀ ਦੁਸ਼ਮਣੀ ਮੁੱਲ ਲੈ ਲੈਂਦਾ ਹੈ। ਖਾੜਕੂ ਉਸ ਦੇ ਸਾਰੇ ਪਰਿਵਾਰ ਨੂੰ ਬੇਰਹਿਮੀ ਨਾਲ ਕਤਲ ਕਰ ਦਿੰਦੇ ਹਨ ਪਰ ਜਪੀ ਬਚ ਜਾਂਦੀ ਹੈ। ਉਸ ਦੇ ਇੰਝ ਬਚ ਜਾਣ ਉਪਰੰਤ ਹੀ ਰਿਸ਼ਤਿਆਂ ਵਿਚਲੇ ਲਾਲਚ ਅਤੇ ਖਿੱਚ-ਖਿੱਚ ਦੇ ਵੇਰਵੇ ਸਾਹਮਣੇ ਆਉਂਦੇ ਹਨ। ਕਹਾਣੀਕਾਰ ਪੰਜਾਬ ਨੂੰ ਨੋਚ ਨੋਚ ਕੇ ਖਾ ਰਹੀਆਂ ਰਾਜਨੀਤਕ ਧਿਰਾਂ ਨੂੰ ਗਿਰਝਾਂ ਦਾ ਮੈਟਾਫ਼ਰ ਦਿੰਦਾ ਹੈ ਅਤੇ ਇਸ ਮੈਟਾਫ਼ਰ ਨੂੰ ਜਪੀ ਦੇ



ਆਪਣੇ ਦੁਆਲੇ ਜੁੜੇ ਸਕਿਆਂ-ਸਬੰਧੀਆਂ ਦੇ ਕਿਰਦਾਰ ਨੂੰ ਉਘਾੜਨ ਤੱਕ ਫੈਲਾਅ ਦਿੰਦਾ ਹੈ। ਜਪੀ ਦੀ ਭੈਣ/ਭਣਵੱਈਆ ਤੇ ਬਾਅਦ ਵਿਚ ਉਸਦਾ ਆਪਣਾ ਪਤੀ ਜਪੀ ਦੀ ਜਾਇਦਾਦ ਹੜੱਪਣ ਲਈ ਵਿਉਂਤਾਂ ਗੁੰਦਦੇ ਹਨ ਪਰ ਜਪੀ ਅਖ਼ੀਰ ਆਪਣੇ ਪਿਤਾ ਵਾਂਗੂੰ ਇਨ੍ਹਾਂ ਗਿਰਝਾਂ ਨਾਲ ਲੜਦੀ ਹੈ। ਇੰਝ ਇਹ ਕਹਾਣੀ ਆਪੋ ਆਪਣੇ ਹਿਤਾਂ ਲਈ ਪੰਜਾਬ ਨੂੰ ਟੁਕੜੇ ਟੁਕੜੇ ਕਰ ਕੇ ਖਾਣ ਦੇ ਇੱਛੁਕਾਂ ਦਾ ਚਿਹਰਾ-ਮੋਹਰਾ ਦਿਖਾਉਣ ਦੇ ਨਾਲ ਨਾਲ ਉਸ ਮਾਨਵੀ ਸਥਿਤੀ ਨੂੰ ਵੀ ਬਿਆਨ ਕਰਦੀ ਹੈ ਜਿਸ ਵਿਚ ਹਿੰਸਾ ਅਤੇ ਬੇਗਾਨਾਪਨ ਆਪਣੇ ਨਜ਼ਦੀਕੀਆਂ ਦੇ ਕਿਰਦਾਰ ਨੂੰ ਪ੍ਰਭਾਵਿਤ ਕਰਦੇ ਹਨ। ਮਾਂ-ਪਿਉ ਤੇ ਪਰਿਵਾਰ ਦੇ ਹੋਰ ਜੀਆਂ ਦੇ ਮਰਨ ਬਾਅਦ ਇਕੱਲੀ ਰਹਿ ਗਈ ਜਪੀ ਕਿਸੇ ਦੀ ਹਮਦਰਦੀ ਦੀ ਪਾਤਰ ਘੱਟ ਬਣਦੀ ਹੈ, ਉਸ ਦੀ ਜਾਇਦਾਦ ਅਤੇ ਪੈਸੇ ਦੇ ਲਾਲਚੀਆਂ ਦੀਆਂ ਹਿਰਸਾਂ ਦਾ ਕੇਂਦਰ ਵੱਧ ਬਣ ਜਾਂਦੀ ਹੈ।

ਪ੍ਰੇਮ ਗੋਰਖੀ ਦੀ ਕਹਾਣੀ 'ਕੱਖ ਕਾਨ' ਪੰਜਾਬ ਸੰਕਟ ਦੌਰਾਨ ਆਤੰਕਿਤ ਹੋਏ ਹਿੰਦੂਆਂ ਦੀ ਸਥਿਤੀ, ਉਨ੍ਹਾਂ ਦੀ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਪੰਜਾਬ ਵਿਚੋਂ ਹੋਰ ਸੂਬਿਆਂ ਵੱਲ ਹਿਜਰਤ ਦੇ ਵਰਤਾਰੇ ਦੀ ਝਲਕ ਪੇਸ਼ ਕਰਦੀ ਹੈ ਅਤੇ ਇਸ ਵਰਤਾਰੇ ਦੇ ਪਿਛੋਕੜ ਵਿਚ ਕਾਰਜਸ਼ੀਲ ਸ਼ਕਤੀਆਂ ਦਾ ਚਿਹਰਾ-ਮੋਹਰਾ ਵੀ ਦਿਖਾਉਂਦੀ ਹੈ। ਇਸ ਦੇ ਨਾਲ ਹੀ ਇਹ ਕਹਾਣੀ ਘੱਟ-ਗਿਣਤੀਆਂ ਦੇ ਹੱਕ ਵਿਚ ਖੜ੍ਹ ਕੇ ਉਨ੍ਹਾਂ ਦੀ ਧਿਰ ਬਣਨ ਵਾਲੇ ਸਧਾਰਣ ਕਿਰਤੀਆਂ ਤੇ ਦਮਿਤਾਂ-ਦਲਿਤਾਂ ਦੀ ਜੁਅੱਰਤਮੰਦੀ ਨੂੰ ਵੀ ਉਘਾੜਦੀ ਹੈ। ਮਾਝੇ ਵਿਚ ਕਈ ਥਾਈਂ ਬੱਸਾਂ ਵਿਚੋਂ ਮੋਨੇ ਬੰਦਿਆਂ ਨੂੰ ਅੱਤਵਾਦੀਆਂ ਵੱਲੋਂ ਮਾਰ ਦਿੱਤੇ ਜਾਣ ਕਾਰਣ ਇਹੋ ਜਿਹਾ ਮਹੌਲ ਬਣ ਗਿਆ ਸੀ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਹਿੰਦੂਆਂ ਨੇ ਪੰਜਾਬ ਵਿਚੋਂ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਸਮੇਂ ਦੌਰਾਨ ਕਈਆਂ ਨੇ ਦਿੱਖ ਪੱਖੋਂ ਬਹੁ-ਗਿਣਤੀ ਸਿੱਖ ਵਸੋਂ ਵਿਚ ਰਚਮਿਚ ਜਾਣ ਦਾ ਰਸਤਾ ਵੀ ਅਪਣਾਇਆ ਸੀ। ਇਸ ਵਰਤਾਰੇ ਦੀ ਪ੍ਰਤਿਨਿਧਤਾ ਕਹਾਣੀ ਦੀ ਪਾਤਰ ਹੈੱਡ-ਮਿਸਟਰੈੱਸ ਕਮਲਾ ਕਰਦੀ ਹੈ। ਪਿੰਡ ਵਿਚ ਰਾਜਨੀਤਕ ਤੌਰ 'ਤੇ ਹਾਰ ਚੁੱਕਾ ਇਕ ਬੰਦਾ 'ਗੇਜਾ ਸਿੰਘ' ਆਪਣੀ ਤਾਕਤ ਦੇ ਫੈਲਾਉ ਲਈ ਅਤੇ ਪਿੰਡ ਦੇ ਜੀਵਨ ਵਿਚ ਅਫ਼ਰਾ-ਤਫ਼ਰੀ ਫੈਲਾਉਣ ਲਈ ਪਿੰਡ ਦੇ ਹਿੰਦੂ ਵਸਨੀਕਾਂ ਨੂੰ ਪਿੰਡ ਛੱਡ ਕੇ ਭੱਜ ਜਾਣ ਲਈ ਕਹਿੰਦਾ ਹੈ। ਪਰ ਕਹਾਣੀ ਦਾ ਅਸਲ ਫ਼ੋਕਸ ਇਸ ਦੇ ਪਾਤਰਾਂ ਫ਼ੌਜੀ ਅਤੇ ਮਾਸਟਰ ਚੂਹੜ ਸਿੰਘ 'ਤੇ ਹੈ ਜੋ ਡਰੇ ਹੋਏ ਹਿੰਦੂ ਭਰਾਵਾਂ ਦੀ ਬਾਂਹ ਫੜ੍ਹਦੇ ਹਨ ਅਤੇ ਉਨ੍ਹਾਂ ਨੂੰ ਡਰਾ ਕੇ ਭਜਾਉਣ ਵਾਲਿਆਂ ਨੂੰ ਵੰਗਾਰਦੇ ਹਨ। ਇਸ ਕਹਾਣੀ ਦੀ ਪ੍ਰਾਪਤੀ ਕੱਖ ਕਾਨ ਸਮਝੇ ਜਾਣ ਵਾਲੇ ਕਿਰਤੀ-ਦਲਿਤ ਲੋਕਾਂ ਦੀ ਜੁਅੱਰਤਮੰਦੀ ਤੇ ਤਾਕਤ ਨੂੰ ਉਘਾੜਨ ਵਿਚ ਹੈ।

'ਆਤੰਕ' ਪੰਜਾਬੀ ਦੇ ਮੁਕਾਬਲਤਨ ਨਵੇਂ ਪਰ ਪ੍ਰੌਢ ਕਹਾਣੀਕਾਰ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ ਹੈ। ਇਸ ਕਹਾਣੀ ਵਿਚ ਪੰਜਾਬ ਸੰਕਟ ਦੇ ਦਿਨਾਂ ਵਿਚ ਖ਼ਾਲਿਸਤਾਨੀ ਅਤੇ ਰਾਜਕੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਬੰਦੇ ਅੰਦਰੋਂ ਬੰਦਿਆਈ ਦੇ ਗੌਰਵ ਅਤੇ ਜੁਅੱਰਤਮੰਦੀ ਦੇ ਮਨਫ਼ੀ ਹੋ ਜਾਣ ਦਾ ਬਿਰਤਾਂਤਕ ਬਿੰਬ ਉਸਾਰਿਆ ਗਿਆ ਹੈ। ਇਕ ਪਾਸੇ ਪੁਲੀਸ ਕਿਸੇ ਅੱਤਿਵਾਦੀ ਨੂੰ ਸਬਕ ਸਿਖਾਉਣ ਲਈ ਉਸ ਦੇ

ਬੇਕਸੂਰ ਪਰਿਵਾਰ ਨੂੰ ਕਤਲ ਕਰ ਦਿੰਦੀ ਹੈ ਤਾਂ ਦੂਜੇ ਪਾਸੇ ਖ਼ਾਲਿਸਤਾਨੀ ਦਹਿਸ਼ਤਗਰਦ ਵੀ ਇਸ ਦਾ ਬਦਲਾ ਲੈਣ ਲਈ ਪੁਲੀਸ ਅਫ਼ਸਰ ਦੀ ਭੈਣ ਦੇ ਪਰਿਵਾਰ ਨੂੰ ਮਾਰ ਮੁਕਾਉਂਦੇ ਹਨ। ਇੰਜ ਪੰਜਾਬ ਸੰਕਟ ਦੇ ਦਿਨਾਂ ਵਿਚ ਆਮ ਬੇਕਸੂਰ ਬੰਦਾ ਦੂਵੱਲੀ ਦਹਿਸ਼ਤ ਅਤੇ ਹਿੰਸਾ ਦਾ ਸ਼ਿਕਾਰ ਬਣਦਾ ਨਜ਼ਰ ਆਉਂਦਾ ਹੈ। ਜ਼ੋਰਾ ਸਿੰਘ ਨੂੰ ਪਰਿਵਾਰ ਦੇ ਖ਼ਾਲਿਸਤਾਨੀਆਂ ਹੱਥੋਂ ਕਤਲ ਕੀਤੇ ਜਾਣ ਦੇ ਇਵਜ਼ ਵਿਚ ਪੁਲੀਸ ਵਿਚ ਭਰਤੀ ਕਰ ਲਿਆ ਜਾਂਦਾ ਹੈ। ਉਹ ਆਪਣੇ ਪਰਿਵਾਰ ਦੇ ਜੀਆਂ ਦੇ ਕਤਲ ਦਾ ਬਦਲਾ ਲੈਣ ਲਈ ਕਿੰਨੇ ਹੀ ਖਾੜਕੂਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਕਤਲ ਕਰਨ ਦਾ ਸਾਂਝੀਵਾਲ ਬਣਦਾ ਹੈ, ਪਰ ਇਕ ਵਾਰ ਇਕ ਬੇਕਸੂਰ ਬੰਦੇ ਨੂੰ ਮਾਰਨ ਤੋਂ ਨਾਂਹ ਕਰਨ 'ਤੇ ਉਸ ਨੂੰ ਵੀ ਪੁਲੀਸ ਵੱਲੋਂ ਮਾਰ ਕੇ ਮੁਕਾਬਲੇ ਵਿਚ ਮਰਿਆ ਦਿਖਾ ਦਿੱਤਾ ਜਾਂਦਾ ਹੈ। ਹਰਬੰਸ ਵੀ ਜਦੋਂ ਪੁਲੀਸ ਵਿਚ ਸਬ-ਇੰਸਪੈਕਟਰ ਦੇ ਅਹੁਦੇ 'ਤੇ ਪਹੁੰਚ ਕੇ ਐੱਸ.ਐੱਚ.ਓ. ਬਣਦਾ ਹੈ ਤਾਂ ਉਹ ਖੁਦ ਇਲਾਕੇ ਦੇ ਪ੍ਰਭਾਵਸ਼ਾਲੀ ਰਾਜਨੀਤਕ ਨੇਤਾ ਦੀ ਤਾਕਤ ਤੋਂ ਖ਼ੌਫ਼ਜ਼ਦਾ ਹੋ ਕੇ ਉਸ ਅੱਗੇ ਗੋਡੇ ਟੇਕ ਦਿੰਦਾ ਹੈ। ਇਹ ਕਹਾਣੀ ਪੰਜਾਬ ਸੰਕਟ ਦੌਰਾਨ ਦਹਿਸ਼ਤ, ਹਿੰਸਾ, ਜੁਰਮ ਦੀ ਗਰਿਫ਼ਤ ਵਿਚ ਆਈ ਮਾਨਵੀ ਸੰਵੇਦਨਾ ਦੀ ਤਰਸ ਭਰੀ ਸਥਿਤੀ ਅਤੇ ਹਰ ਪਾਸੇ ਬੇਨਿਆਂਈਂ ਦੇ ਆਲਮ ਦਾ ਬੋਧ ਪੈਦਾ ਕਰਦੀ ਹੈ।

ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ 'ਫ਼ੈਸਲਾ' ਇਕ ਪਿੰਡ ਦੇ ਮਿਸ਼ਰਤ ਸਭਿਆਚਾਰ ਨਾਲ ਵਰੋਸਾਏ ਸਾਂਝੇ ਬੰਦੇ ਬਾਬਾ ਰਾਮਦੇਵ ਦੀ ਮੌਤ ਤੋਂ ਬਾਅਦ ਉਸ ਦੇ ਫੁੱਲ ਗੰਗਾ ਜਾਂ ਕੀਰਤਪੁਰ ਸਾਹਿਬ ਪਾਉਣ ਦੇ ਮਸਲੇ ਉੱਤੇ ਸ਼ੁਰੂ ਹੋਏ ਵਿਵਾਦ ਦੇ ਹਵਾਲੇ ਨਾਲ ਪਿੰਡ ਵਿਚ ਖ਼ਾਲਿਸਤਾਨੀ ਦਹਿਸ਼ਤ ਦੇ ਪਰਛਾਵੇਂ ਰਾਜਨੀਤੀ ਦੇ ਬਦਲਦੇ ਸਮੀਕਰਨਾਂ ਨੂੰ ਦਰਸਾਉਂਦੀ ਹੈ। ਬਾਬਾ ਰਾਮ ਦੇਵ ਸਾਰੇ ਪਿੰਡ ਦਾ ਸਾਂਝਾ ਬੰਦਾ ਸੀ ਜੋ ਉਨ੍ਹਾਂ ਦੀਆਂ ਧਾਰਮਿਕ ਕਿਰਿਆਵਾਂ ਕਰਨ ਦੇ ਨਾਲ ਨਾਲ ਦਵਾਈ ਬੂਟੀ ਵੀ ਕਰਦਾ ਸੀ। ਪਿੰਡ ਸੰਪਰਦਾਇਕ ਵਖਰੇਵਿਆਂ ਤੋਂ ਉੱਪਰ ਉਸ ਦੇ ਦੁਆਲੇ ਸੰਗਠਿਤ ਇਕਾਈ ਸੀ, ਪਰ ਉਸ ਦੀ ਮੌਤ ਤੋਂ ਬਾਅਦ; 'ਬਾਬਿਆਂ' ਦੇ ਥਾਪੜੇ ਨਾਲ ਤਾਕਤਵਰ ਹੋਇਆ ਨਵਰੂਪ ਸਿੰਘ ਖ਼ਾਲਸਾ ਸੰਪਰਦਾਇਕ ਤਣਾਅ ਪੈਦਾ ਕਰਨ ਅਤੇ ਆਪਣੀ ਰਾਜਸੀ ਤਾਕਤ ਵਧਾਉਣ ਲਈ ਚਾਹੁੰਦਾ ਹੈ ਕਿ ਬਾਬੇ ਦੇ ਫੁੱਲ ਹਰਦੁਆਰ ਦੀ ਥਾਂ ਕੀਰਤਪੁਰ ਹੀ ਪਾਏ ਜਾਣ। ਇਹ ਕਹਾਣੀ ਬਾਬਾ ਰਾਮ ਦੇਵ ਦੀ ਜੀਵਨ ਕਹਾਣੀ ਦੇ ਨਾਲ ਨਾਲ ਪਿੰਡ ਦੇ ਆਮ ਲੋਕਾਂ ਦੀ ਸੁਭਾਵਿਕ ਸਾਂਝੀਵਾਲਤਾ ਦਾ ਬਿੰਬ ਵੀ ਉਸਾਰਦੀ ਹੈ ਅਤੇ ਇਸ ਸਾਂਝੀਵਾਲਤਾ ਨੂੰ ਖ਼ਤਮ ਕਰਨ ਦੀਆਂ ਚਾਹਵਾਨ ਸੰਪਰਦਾਇਕ ਧਿਰਾਂ ਦੀ ਰਾਜਨੀਤੀ ਤੋਂ ਵੀ ਪਰਦਾ ਚੁੱਕਦੀ ਹੈ।

ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਪੰਜਾਬ ਸੰਕਟ ਦੀ ਬਿਰਤਾਂਤਕਾਰੀ ਵਿਚ ਕਈ ਕਾਰਣਾਂ ਕਰਕੇ ਇਕ ਵੱਖਰੀ ਕਹਾਣੀ ਹੈ। ਇਸ ਦੀ ਬਿਰਤਾਂਤਕ ਵਿਉਂਤ ਵਿਚ ਗਲਪੀ ਅਤੇ ਵਾਸਤਵਿਕ ਵੇਰਵਿਆਂ ਨੂੰ ਇੰਝ ਸੰਜੋਇਆ ਗਿਆ ਹੈ ਕਿ ਇਹ ਤੈਅ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿੱਥੇ ਗਲਪ ਖ਼ਤਮ ਹੁੰਦਾ ਹੈ ਅਤੇ ਕਿਥੇ ਵਾਸਤਵਿਕ ਵੇਰਵੇ ਨਮੂਦਾਰ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਕਹਾਣੀ ਵਿਚ ਪੰਜਾਬ ਸੰਕਟ ਦੇ



ਦਿਨਾਂ ਵਿਚ ਹੋਈ ਸਰੀਰਕ ਅਤੇ ਮਾਨਸਿਕ ਹਿੰਸਾ ਦੇ ਸ਼ਾਇਦ ਸਭ ਤੋਂ ਜ਼ਿਆਦਾ ਵੇਰਵੇ ਦਿੱਤੇ ਗਏ ਹੋਣ। ਇਸ ਕਹਾਣੀ ਵਿਚ ਸੱਤਾ ਅਤੇ ਸਿਸਟਮ ਆਪਣੇ ਕਰੂਰਤਮ ਰੂਪ ਵਿਚ ਨਜ਼ਰ ਆਉਂਦੇ ਹਨ ਪਰ ਦੂਜੇ ਪਾਸੇ ਇਸ ਕਰੂਰਤਮ ਰੂਪ ਵਿਚ ਘਿਨਾਉਣੀ ਤੋਂ ਘਿਨਾਉਣੀ ਹਿੰਸਾ ਨੂੰ ਅੰਜਾਮ ਦੇਣ ਵਾਲੇ ਇਨਸਾਨ ਦੇ ਅੰਦਰ ਹਿੰਸਾ ਤੋਂ ਪੈਦਾ ਹੋਏ ਘੋਰ ਦੋਸ਼ਭਾਵ ਦੀ ਤਸਵੀਰਕਸ਼ੀ ਵੀ ਕੀਤੀ ਗਈ ਹੈ। ਇਹ ਕਹਾਣੀ ਪਹਿਲਾਂ ਮਾਸਟਰ ਤੋਂ ਅਤਿਵਾਦੀ ਬਣਾਏ ਗਏ ਕਰਮ ਸਿੰਘ ਦੇ ਸਵੈ-ਬਿਰਤਾਂਤ ਤੋਂ ਸ਼ੁਰੂ ਹੁੰਦੀ ਹੈ ਅਤੇ ਬਾਅਦ ਵਿਚ ਇਹ ਇੱਕ ਹੋਰ ਵਹਿਸ਼ੀ ਅੱਤਵਾਦੀ ਜੱਸੇ ਮਰੂਤੀ ਨਾਲ ਉਸ ਦੀ ਗੱਲਬਾਤ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ। ਦੋਵੇਂ ਅੱਤਵਾਦੀਆਂ ਨੇ ਅਨੇਕਾਂ ਬੰਦੇ ਮਾਰੇ ਹਨ ਅਤੇ ਇਕ ਦੂਜੇ ਨਾਲ ਅੰਤਰੀਵੀ ਸਾਂਝ ਰੱਖਦੇ ਹਨ। ਉਨ੍ਹਾਂ ਦੇ ਸੰਬੰਧਾਂ ਵਿਚ ਵਹਿਸ਼ੀਪੁਣੇ ਤੋਂ ਪਾਰ ਮਨੁੱਖੀ ਭਾਵਨਾਤਮਕਤਾ ਦੀ ਝਲਕ ਵੀ ਮਿਲਦੀ ਹੈ ਪਰ ਕਹਾਣੀ ਉਦੋਂ ਸਿਖਰ ਉੱਤੇ ਅੱਪੜਦੀ ਹੈ ਜਦੋਂ ਜੱਸਾ ਮਾਰੂਤੀ ਕਹਿੰਦਾ ਹੈ ਕਿ ਉਸ ਦੀ ਛਾਤੀ ਉੱਤੇ ਢਾਈ ਸਾਲਾਂ ਦੀ ਬਾਲੜੀ ਨੂੰ ਬੇਰਹਿਮੀ ਨਾਲ ਮਾਰਨ ਦਾ ਬੋਝ ਹੈ, ਅਤੇ ਲੋਚਦਾ ਹੈ ਕਿ ਉਸ ਦਾ ਬੋਝ ਤਾਂ ਹੀ ਹਟੇਗਾ ਜਦੋਂ ਉਸ ਨੂੰ ਗੋਲੀ ਮਾਰ ਕੇ ਮਾਰਨ ਦੀ ਬਜਾਏ ਉਸ ਦੀ ਛਾਤੀ ਨੂੰ ਟਰੱਕ ਦੇ ਟਾਇਰਾਂ ਨਾਲ ਦਰੜਿਆ ਜਾਵੇਗਾ। ਇਹ ਕਹਾਣੀ ਉਨ੍ਹਾਂ ਵਿਰਲੀਆਂ ਕਹਾਣੀਆਂ ਵਿਚੋਂ ਇੱਕ ਹੈ ਜਿਨ੍ਹਾਂ ਵਿਚ ਅੱਤਵਾਦੀ ਮੁੰਡਿਆਂ ਦੀ ਆਪਣੀ ਆਵਾਜ਼ ਵੀ ਸੁਣਦੀ ਹੈ ਅਤੇ ਉਸ ਸਾਰੇ ਹਾਲਾਤ ਪ੍ਰਤਿ ਉਨ੍ਹਾਂ ਦਾ ਪਰਿਪੇਖ ਵੀ ਨਜ਼ਰ ਆਉਂਦਾ ਹੈ।

ਸਰਵਮੀਤ ਦੁਆਰਾ ਰਚਿਤ 'ਓਪਰੀ ਸ਼ੈਅ' ਅੱਤਵਾਦੀਆਂ ਦੁਆਰਾ ਫ਼ੈਲਾਏ ਆਤੰਕ ਦੀ ਜੱਦ ਵਿਚ ਆਏ ਪਿੰਡ ਦੇ ਸਧਾਰਣ ਕਿਰਤੀ ਬੰਦੇ ਦੀ ਹੋਣੀ ਦਾ ਬਿਰਤਾਂਤ ਉਸਾਰਦੀ ਹੈ। ਇਸ ਕਹਾਣੀ ਵਿਚ ਇਸ ਕਿਰਤੀ ਬੰਦੇ (ਹਣਸੂ ਮੋਚੀ) ਦੇ ਆਲੇ-ਦੁਆਲੇ ਦੇ ਹੋਰ ਲੋਕ ਵੀ ਇਸ ਆਤੰਕ ਦੀ ਮਾਰ ਸਹਿ ਰਹੇ ਦਿਖਦੇ ਹਨ ਪਰ ਹਣਸੂ ਦਾ ਦੁਖਾਂਤ ਇਸ ਲਈ ਗਹਿਰਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਖਾੜਕੂਆਂ/ ਅੱਤਵਾਦੀਆਂ ਦੇ ਮਨਸੂਬੇ ਦੇ ਰਾਹ ਵਿਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਪਾਉਣ ਦੇ ਬਾਵਜੂਦ ਆਪਣੀ ਇੱਕ ਸਧਾਰਣ ਜਿਹੀ ਆਦਤ ਕਰਕੇ ਆਤੰਕ ਦੀ ਗਰਿਫ਼ਤ ਵਿਚ ਆ ਜਾਂਦਾ ਹੈ। ਉਸ ਦੇ ਪਿੰਡ ਵਿਚ ਆਤੰਕ ਦਾ ਗਲਬਾ ਲਗਾਤਾਰ ਵਧਦਾ ਜਾ ਰਿਹਾ ਹੈ। ਉਸ ਦੇ ਪਿੰਡ ਦੇ ਹਿੰਦੂ ਪਰਿਵਾਰ ਨੂੰ ਹਿਜਰਤ ਕਰਨੀ ਪੈਂਦੀ ਹੈ ਅਤੇ ਹਣਸੂ ਦਾ ਦੋਸਤ ਕਾਂਤੀ ਮਾਰ ਦਿੱਤਾ ਜਾਂਦਾ ਹੈ, ਕਿਉਂਕਿ ਉਹ ਅੱਤਵਾਦੀਆਂ ਦੇ ਸੌੜੇ ਨੈਤਿਕ ਪੈਮਾਨਿਆਂ ਦੀ ਅਨੁਸਾਰੀ ਜ਼ਿੰਦਗੀ ਨਹੀਂ ਜਿਉਂਦਾ। ਹਣਸੂ ਦਾ ਕਸੂਰ ਇਹ ਹੈ ਕਿ ਇੱਕ ਤਾਂ ਉਹ ਸਿਗਰਟ ਪੀਣ ਦਾ ਆਦੀ ਹੈ ਅਤੇ ਦੂਜਾ ਉਸ ਦੀ ਨੇੜਤਾ ਅੱਤਵਾਦੀ ਬਣ ਗਏ ਚਰਨਜੀਤ ਸਿੰਘ ਉਰਫ਼ ਚੰਨੇ ਨਾਲ ਰਹੀ ਹੈ। ਉਹੀ ਚੰਨਾ ਜੋ ਪਹਿਲਾਂ ਸਿਗਰਟ ਦਾ ਧੂੰਆਂ ਆਪਣੇ ਮੂੰਹ ਉੱਤੇ ਮਰਵਾ ਕੇ ਖ਼ੁਸ਼ ਹੁੰਦਾ ਸੀ, ਹੁਣ ਸਿੰਘ ਸਜਣ ਤੋਂ ਬਾਅਦ ਹਣਸੂ ਨੂੰ 'ਖੇਤੀ ਧੁੰਘਣੀ ਛੱਡਣ' ਦਾ ਫ਼ੁਰਮਾਨ ਸੁਣਾਉਂਦਾ ਹੈ। ਹਣਸੂ ਪਿੰਡ ਦੇ ਹਿੰਦੂ ਪਰਿਵਾਰ ਵਾਂਗ ਕਿਤੇ ਹੋਰ ਜਾ ਕੇ ਵੱਸਣ ਜੋਗਾ ਵੀ ਨਹੀਂ ਅਤੇ ਨਾ ਉਸ ਅੰਦਰੋਂ ਸਿਗਰਟ ਪੀਣ ਦੀ ਹੁੜਕ ਮੁੱਕਦੀ ਹੈ। ਅਖ਼ੀਰ ਹਣਸੂ ਏਨਾ ਦਹਿਸ਼ਤਜ਼ਦਾ

ਹੋ ਜਾਂਦਾ ਹੈ ਕਿ ਉਸ ਦੀ ਸੁਰਤ ਟਿਕਾਣੇ ਨਹੀਂ ਰਹਿੰਦੀ ਅਤੇ ਉਸ ਨੂੰ ਰਾਤ ਵੇਲੇ ਕੰਧ ਟੱਪ ਕੇ ਆਏ ਬਿੱਲੇ ਦੀਆਂ ਅੱਖਾਂ ਚੰਨੇ ਦੇ ਸਾਥੀ ਅੱਤਵਾਦੀ ਦੀਆਂ ਅੱਖਾਂ ਲੱਗਦੀਆਂ ਹਨ ਅਤੇ ਉਹ ਡਰ ਕੇ ਰੌਲਾ ਪਾ ਦਿੰਦਾ ਹੈ। ਇਹ ਦਹਿਸ਼ਤ ਹੀ ਉਹ ਓਪਰੀ ਸ਼ੈਅ ਹੈ ਜਿਸ ਨੇ ਹਣਸੂ ਦੇ ਮਨ ਮਸਤਕ ਉੱਤੇ ਕਾਬੂ ਪਾ ਲਿਆ ਹੈ। ਇਸ ਕਹਾਣੀ ਵਿਚ ਨਾਲ ਹੀ ਅੱਤਵਾਦੀਆਂ ਦੇ ਕਾਰਿਆਂ ਨੂੰ ਸ਼ਹਿ ਦੇਣ ਵਾਲੇ ਉਨ੍ਹਾਂ ਲੋਕਾਂ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ ਜੋ ਆਪਣੇ ਨਿੱਜੀ ਹਿਤਾਂ ਕਰਕੇ ਆਤੰਕ ਦੀ ਖੇਡ ਦੇ ਹਿੱਸੇਦਾਰ ਹਨ।

'ਮੈਂ ਧਰਮ ਸੰਕਟ ਵਿਚ ਹਾਂ' ਜਸਵੀਰ ਰਾਣਾ ਦੀ ਕਹਾਣੀ ਹੈ ਜਿਸ ਵਿਚ ਸੰਕਟ-ਸਮਿਆਂ ਦੌਰਾਨ ਬੇਰੁਜ਼ਗਾਰੀ, ਰਾਜਕੀ ਤਸ਼ੱਦਦ ਅਤੇ ਆਤੰਕ ਦੀ ਬਹੁਮੁਖੀ ਮਾਰ ਸਹਿ ਰਹੇ ਨੌਜਵਾਨਾਂ ਦੀ ਜ਼ਿੰਦਗੀ ਦਾ ਅਕਸ ਚਿਤਰਿਆ ਗਿਆ ਹੈ। ਕੇਂਦਰੀ ਪਾਤਰ ਦਾ ਵੱਡਾ ਭਰਾ ਪੜ੍ਹ-ਲਿਖ ਕੇ ਕਿਸੇ ਰੁਜ਼ਗਾਰ ਉੱਤੇ ਨਹੀਂ ਲੱਗ ਸਕਦਾ। ਉਹ ਕਿਸੇ ਵੀ ਤਰ੍ਹਾਂ ਦੀ ਨੌਕਰੀ ਕਰਨ ਲਈ ਤਿਆਰ ਹੈ ਪਰ ਜਿੱਥੇ ਵੀ ਕਿਤੇ ਇੰਟਰਵਿਊ ਲਈ ਜਾਂਦਾ ਹੈ, ਉੱਥੇ ਪਹਿਲਾਂ ਹੀ ਪੈਸਾ ਅਤੇ ਸਿਫ਼ਾਰਿਸ਼ ਆਪਣਾ ਕੰਮ ਕਰ ਚੁੱਕੇ ਹੁੰਦੇ ਹਨ। ਅੰਤ ਉਸ ਨੂੰ ਭਾਵੇਂ ਇੱਕ ਫ਼ੈਕਟਰੀ ਵਿਚ ਨੌਕਰੀ ਮਿਲ ਜਾਂਦੀ ਹੈ ਪਰ ਨੌਕਰੀ 'ਤੇ ਹਾਜ਼ਰ ਹੋਣ ਦੇ ਦਿਨ ਬੱਸ ਵਿਚ ਬੈਠ ਕੇ ਜਾਂਦੇ ਨੂੰ ਪੁਲੀਸ ਚੁੱਕ ਲੈਂਦੀ ਹੈ ਅਤੇ ਮਾਰ ਦਿੰਦੀ ਹੈ। ਉਸ ਨੂੰ ਪੁਲੀਸ ਵੱਲੋਂ ਮਾਰੇ ਜਾਣ ਦਾ ਰਹੱਸ ਕਹਾਣੀ ਵਿਚ ਨਹੀਂ ਖੁੱਲ੍ਹਦਾ। ਇਸੇ ਤਰ੍ਹਾਂ ਕੇਂਦਰੀ ਪਾਤਰ ਵੀ ਨੌਕਰੀ ਲਈ ਦਰ-ਦਰ ਘੁੰਮਦਾ ਕੁਝ ਸਕੂਲਾਂ ਵਿਚ ਬਹੁਤ ਘੱਟ ਤਨਖ਼ਾਹ ਉੱਤੇ ਕੰਮ ਕਰਦਾ ਹੈ ਪਰ ਉਨ੍ਹਾਂ ਸਕੂਲਾਂ ਵਿਚ ਪੜ੍ਹਾਈ, ਅਨੁਸ਼ਾਸਨ ਅਤੇ ਨੈਤਿਕਤਾ ਦਾ ਨਾਮ ਨਿਸ਼ਾਨ ਨਹੀਂ ਹੈ। ਉਹ ਇਨ੍ਹਾਂ ਗੱਲਾਂ ਨਾਲ ਸਮਝੌਤਾ ਨਹੀਂ ਕਰਦਾ ਅਤੇ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਕਹਾਣੀ ਦੇ ਅਖ਼ੀਰ ਉੱਤੇ ਉਹ ਧਰਮ ਸੰਕਟ ਵਿਚ ਫਸਿਆ ਨਜ਼ਰ ਆਉਂਦਾ ਹੈ ਕਿ ਉਹ ਘਰ ਦੀਆਂ ਮਜਬੂਰੀਆਂ ਦੇ ਸਨਮੁਖ ਨੈਤਕਤਾ ਨਾਲ ਸਮਝੌਤਾ ਕਰੇ ਕਿ ਆਪਣੇ ਮਨ ਦੀ ਆਵਾਜ਼ ਸੁਣੇ। ਇਹ ਕਹਾਣੀ ਸ਼ਾਇਦ ਇਹ ਸੰਕੇਤ ਕਰਦੀ ਹੈ ਕਿ ਕਿਵੇਂ ਨੌਜਵਾਨੀ ਬੇਰੁਜ਼ਗਾਰੀ ਦੇ ਨਾਲ ਨਾਲ ਜੀਵਨ ਵਿਚ ਫੈਲੀ ਅਨੈਤਿਕਤਾ ਕਰਕੇ ਹਥਿਆਰਾਂ ਅਤੇ ਸੰਪਰਦਾਇਕ ਅੱਤਵਾਦ ਦੇ ਰਾਹ ਪੈ ਜਾਂਦੀ ਹੈ।

ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਵਾਰਸ' ਪੰਜਾਬ ਦੀ ਧਰਤੀ ਦੇ ਸੱਚੇ ਉੱਤਰ-ਅਧਿਕਾਰੀ ਦੀ ਤਲਾਸ਼ ਦੇ ਮੁੱਦੇ ਨੂੰ ਆਪਣਾ ਕਥਾ-ਵਸਤੂ ਬਣਾਉਂਦੀ ਹੈ। ਪੰਜਾਬ ਸੰਕਟ ਦੌਰਾਨ ਖ਼ਾਲਿਸਤਾਨੀ ਧਿਰ ਵੀ ਇਹ ਦਾਅਵਾ ਲੈ ਕੇ ਉੱਭਰੀ ਸੀ ਕਿ ਉਹ ਪੰਜਾਬ ਦੀ ਸੱਚੀ-ਸੁੱਚੀ ਵਾਰਸ ਹੈ ਪਰ ਉਹ ਧਿਰ ਆਪਣੇ ਅਣ-ਮਨੁੱਖੀ ਕਾਰਿਆਂ ਅਤੇ ਲੋਕ-ਵਿਰੋਧੀ ਪੈਂਤੜਿਆਂ ਕਾਰਣ ਇਸ ਦਾਅਵੇ ਨੂੰ ਸਚਿਆ ਸਕਣ ਵਿਚ ਸਫਲ ਨਹੀਂ ਹੋਈ। ਮੌਜੂਦਾ ਹਾਲਤਾਂ ਵਿਚ ਪੰਜਾਬ ਦੇ ਨੌਜਵਾਨ ਵਰਗ ਨੇ ਜਿਵੇਂ ਪਰਵਾਸ ਵੱਲ ਰੁਝਾਨ ਕਰ ਲਿਆ ਹੈ, ਉਸ ਤੋਂ ਜਾਪਦਾ ਹੈ ਕਿ ਉਸ ਵਿਚ ਇਹ ਲੋਚਾ ਵੀ ਨਹੀਂ ਰਹੀ ਕਿ ਉਸ ਨੇ ਪੰਜਾਬ ਦਾ ਹੱਕੀ ਵਾਰਸ ਬਣਨਾ ਹੈ। ਅੰਨਯਪੁਰਖੀ ਬਿਰਤਾਂਤਕਾਰ ਰਾਹੀਂ ਸਿਰਜੀ ਗਈ ਇਹ ਕਹਾਣੀ ਕੁਲਦੀਪ ਦੇ ਜੀਵਨ-ਵੇਰਵਿਆਂ ਰਾਹੀਂ ਖ਼ਾਲਿਸਤਾਨੀ



ਲਹਿਰ ਦੇ ਉਭਾਰ ਅਤੇ ਉਤਰਾਅ ਦਾ ਬਿਆਨ ਕਰਦੀ ਹੈ। ਆਰੀਆ ਕਾਲਜ, ਜਲੰਧਰ ਵਿਚ ਪੜ੍ਹਦਿਆਂ ਕੁਲਦੀਪ ਵੀ ਖ਼ਾਲਿਸਤਾਨੀ ਲਹਿਰ ਦੀ ਹਮਾਇਤੀ ਫੈਡਰੇਸ਼ਨ ਵੱਲ ਖਿੱਚਿਆ ਜਾਂਦਾ ਹੈ ਪਰ ਉਸ ਵਿਚ ਪੂਰੀ ਤਰ੍ਹਾਂ ਰਚ-ਮਿਚ ਕੇ ਉਸ ਦਾ ਅਟੁੱਟ ਅੰਗ ਵੀ ਨਹੀਂ ਬਣ ਸਕਦਾ ਅਤੇ ਨਾ ਹੀ ਹਿੰਸਕ ਕਾਰਵਾਈਆਂ ਵਿਚ ਸ਼ਾਮਿਲ ਹੁੰਦਾ ਹੈ। ਭਰਪੂਰ ਅਤੇ ਗੁਰਲਾਭ ਵਰਗੇ ਸਵਾਰਥੀ ਤੱਤਾਂ ਕਰਕੇ ਲਹਿਰ ਬਹੁਤ ਛੇਤੀ ਪਤਨਸ਼ੀਲ ਹੋ ਜਾਂਦੀ ਹੈ। ਗੁਰਪ੍ਰੀਤ ਵਰਗੇ ਕੁਝ ਸੁਹਿਰਦ ਸਿੱਖ ਨੌਜਵਾਨ ਮੁਕਾਬਲੇ ਵਿਚ ਮਾਰੇ ਜਾਂਦੇ ਹਨ। ਕੁਲਦੀਪ ਆਪਣੇ ਹਾਲਾਤ ਅਨੁਸਾਰ ਅਤੇ ਦੁਬਿਧਾਮਈ ਸੁਭਾਅ ਕਾਰਣ ਸਕੂਲ ਅਧਿਆਪਕ ਬਣ ਕੇ ਜ਼ਿੰਦਗੀ ਗੁਜ਼ਾਰ ਲੈਂਦਾ ਹੈ। ਫਿਰ ਵੀ ਉਸਦੇ ਅੰਦਰੋਂ ਇਹ ਕਸਕ ਉੱਠਦੀ ਰਹਿੰਦੀ ਹੈ ਕਿ ਉਹ ਲੋੜੀਂਦਾ ਸੰਘਰਸ਼ ਨਹੀਂ ਕਰ ਸਕਿਆ ਅਤੇ ਪੰਜਾਬ ਦਾ ਸੱਚਾ ਵਾਰਸ ਨਹੀਂ ਬਣ ਸਕਿਆ। ਅੰਤ ਉਸਦੀ ਹੋਣੀ ਇਹ ਬਣਦੀ ਹੈ ਕਿ ਮੁੰਡਿਆਂ ਦੇ ਦਬਾਅ ਅਧੀਨ ਉਸਨੂੰ ਵੀ ਭਾਂਜਵਾਦੀ ਰੂਪ 'ਚ ਪਰਵਾਸੀ ਬਣਨਾ ਪੈ ਜਾਂਦਾ ਹੈ। ਘਰ ਦੀਆਂ ਚਾਬੀਆਂ ਪਰਵਾਸੀ ਮਜ਼ਦੂਰਾਂ ਹੀਰਾ ਲਾਲ ਅਤੇ ਉਸ ਦੀ ਪਤਨੀ ਲੱਛਮੀ ਦੇ ਹਵਾਲੇ ਹੋ ਜਾਂਦੀਆਂ ਹਨ।

'ਡਾਕਖਾਨਾ ਖ਼ਾਸ' ਬਲਜਿੰਦਰ ਨਸਰਾਲੀ ਦੀ ਬਹੁਤ ਹੀ ਮਾਰਮਿਕ ਕਹਾਣੀ ਹੈ ਜਿਸ ਵਿਚ ਰਾਜਕੀ ਤਸ਼ੱਦਦ ਦੀ ਮਾਰ ਹੇਠ ਆਈ ਜ਼ਿੰਦਗੀ ਦੀ ਅਤਿ ਤ੍ਰਾਸਦਿਕ ਤਸਵੀਰ ਖਿੱਚੀ ਗਈ ਹੈ। ਇਸ ਕਹਾਣੀ ਦਾ ਪਾਤਰ ਜੱਸੀ ਇੱਕ ਅਲੱਥ ਨੌਜਵਾਨ ਹੈ ਜਿਹੜਾ ਆਪਣੇ ਸੁਭਾਅ ਕਰਕੇ ਆਪਣੇ ਮਾਂ-ਬਾਪ ਨਾਲ ਵੀ ਖਹਿਬੜਦਾ ਰਹਿੰਦਾ ਹੈ ਅਤੇ ਕਿਸੇ ਦੀ ਵੀ ਟੈਂਅ ਨਹੀਂ ਮੰਨਦਾ। ਇੱਕ ਛੋਟੀ ਜਿਹੀ ਖ਼ਾਹਿਸ਼ ਦੇ ਮਗਰ ਦੌੜਦਿਆਂ ਉਹ ਜ਼ਿੰਦਗੀ ਦੇ ਇੱਕ ਅਜਿਹੇ ਜਾਲ ਵਿਚ ਫਸ ਜਾਂਦਾ ਹੈ ਜਿਸ ਵਿਚ ਉਹ ਉਲਝਦਾ ਹੀ ਚਲਿਆ ਜਾਂਦਾ ਹੈ। ਇਕ ਨਿੱਕਾ ਜਿਹਾ ਤਕਰਾਰ ਉਸ ਨੂੰ ਆਖ਼ਿਰ 'ਦਹਿਸ਼ਤਗਰਦਾਂ' ਦੀ ਪਨਾਹ ਵਿਚ ਜਾਣ ਲਈ ਮਜਬੂਰ ਕਰ ਦਿੰਦਾ ਹੈ। ਪੁਲੀਸ ਦੇ ਨਾਜਾਇਜ਼ ਤਸ਼ੱਦਦ ਤੋਂ ਅਵਾਜ਼ਾਰ ਹੋ ਕੇ ਅਤੇ ਜ਼ਿੰਦਗੀ ਵਿਚ ਕਿਸੇ ਮਾਣਯੋਗ ਉਤਪਾਦਕੀ-ਸਿਰਜਣਾਤਮਕ ਕੰਮ ਵਿਚ ਮੁਬਤਲਾ ਹੋਣ ਤੋਂ ਅਸਮਰੱਥ ਹੋਣ ਕਾਰਣ ਉਹ ਆਪਣੇ ਆਲੇ-ਦੁਆਲੇ ਨਾਲ ਲੜਦਾ-ਭਿੜਦਾ ਹਥਿਆਰ ਚੁੱਕ ਲੈਂਦਾ ਹੈ। ਇਸ ਕਹਾਣੀ ਵਿਚ ਪੁਲੀਸ ਦੇ ਤਸ਼ੱਦਦ ਦੇ ਕਿੰਨੇ ਹੀ ਵੇਰਵੇ ਹਨ ਜਿਨ੍ਹਾਂ ਨਾਲ ਰਾਜਕੀ ਮਸ਼ੀਨਰੀ ਦੇ ਵਿਹਾਰ ਦਾ ਬੋਧ ਹੋ ਜਾਂਦਾ ਹੈ ਕਿ ਕਿਵੇਂ ਪੁਲੀਸ ਖ਼ੁਦ ਹੀ ਨੌਜਵਾਨਾਂ ਨੂੰ 'ਦਹਿਸ਼ਤਗਰਦ' ਬਣਨ ਲਈ ਪ੍ਰੇਰਦੀ ਹੈ। ਜੱਸੀ ਵੱਲੋਂ ਦਹਿਸ਼ਤਗਰਦਾਂ ਨਾਲ ਰਲਣ ਉਪਰੰਤ ਉਸ ਦੇ ਪਰਿਵਾਰ ਨੂੰ ਵੀ ਤਸ਼ੱਦਦ ਅਤੇ ਬੇਇਨਸਾਫ਼ੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਉਹ ਇਸ ਸਭ ਤੋਂ ਤੰਗ ਆ ਕੇ ਆਪਣਾ ਘਰ ਬਾਰ ਛੱਡ ਕੇ ਯੂਪੀ ਵਿਚ ਜਾ ਵੱਸਦੇ ਹਨ। ਆਖ਼ਿਰ ਜਦੋਂ ਉਨ੍ਹਾਂ ਨੂੰ ਜੱਸੀ ਦੇ ਪੁਲੀਸ ਵੱਲੋਂ ਮਾਰੇ ਜਾਣ ਦੀ ਖ਼ਬਰ ਮਿਲਦੀ ਹੈ ਤਾਂ ਉਹ ਮੁੜ ਆਪਣੇ ਘਰ ਵਾਪਿਸ ਪਰਤਦੇ ਅਤੇ ਜ਼ਿੰਦਗੀ ਨੂੰ ਮੁੜ ਤੋਂ ਰਵਾਂ ਕਰਨ ਦੇ ਯਤਨਾਂ ਵਿਚ ਲੱਗ ਜਾਂਦੇ ਹਨ। ਇਨ੍ਹਾਂ ਹੀ ਦਿਨਾਂ ਵਿਚ ਉਨ੍ਹਾਂ ਨੂੰ ਜਦੋਂ ਖ਼ਬਰ ਮਿਲਦੀ ਹੈ ਕਿ ਜੱਸੀ ਮਰਿਆ ਨਹੀਂ ਸਗੋਂ ਕਿਸੇ ਥਾਣੇ ਵਿਚ ਜ਼ਿੰਦਾ ਦੇਖਿਆ ਗਿਆ ਹੈ ਤਾਂ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਖ਼ੁਸ਼ ਹੋਣ ਜਾਂ ਉਦਾਸ। ਰਾਜਕੀ ਤਸ਼ੱਦਦ ਦੇ ਮਾਰਿਆਂ ਦੀ

ਬੇਬਸੀ ਦੀ ਇੰਤਹਾ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੇ ਜ਼ਿੰਦਾ ਹੋਣ ਦੀ ਖ਼ਬਰ ਪ੍ਰਸੰਨਤਾ ਨਹੀਂ ਦਿੰਦੀ। ਕਹਾਣੀ ਦਾ ਸਿਖਰ ਉਹ 'ਖ਼ਿਆਲ' ਹੈ ਜੋ ਇੱਕ ਬੇਬਸ ਪਿਉ ਦੇ ਮਨ ਵਿਚ ਆਉਂਦਾ ਹੈ, ਜਦੋਂ ਉਹ ਇਹ ਚਾਹੁਨਾ ਕਰਦਾ ਹੈ ਕਿ ਪੁਲੀਸ ਉਸ ਦੇ ਪੁੱਤਰ ਨੂੰ ਛੇਤੀ ਹੀ ਮਾਰ ਦੇਵੇ ਤਾਂ ਚੰਗਾ ਹੈ। ਪੰਜਾਬ ਸੰਕਟ ਦੇ ਸਮੇਂ ਦੌਰਾਨ ਹਕੂਮਤੀ ਦਹਿਸ਼ਤਗਰਦੀ ਨਾਲ ਨਪੀੜੇ ਜਾ ਰਹੇ ਪੰਜਾਬੀ ਬੰਦੇ ਦੀ ਬੇਬਸੀ ਦੀ ਹੂਕ ਹੀ ਇਸ ਕਹਾਣੀ ਦਾ ਕੇਂਦਰੀ ਭਾਵ ਹੈ।

ਇਸ ਸੰਗ੍ਰਹਿ ਦੀ ਆਖ਼ਰੀ ਕਹਾਣੀ 'ਰਿਵਰ ਆਫ਼ ਲਾਈਫ਼' ਨਵਚੇਤਨ ਨਾਮ ਦੇ ਮੁਲੋਂ ਨਵੇਂ ਨੌਜਵਾਨ ਕਹਾਣੀਕਾਰ ਦੀ ਰਚਨਾ ਹੈ। ਇਸ ਕਹਾਣੀ ਵਿਚਲੇ ਬਿਰਤਾਂਤ ਦਾ ਵਾਪਰਣ ਸਥੱਲ ਵਿਦੇਸ਼ ਹੈ ਜਿੱਥੇ ਕਹਾਣੀ ਦੇ ਕੇਂਦਰੀ ਪਾਤਰ ਪਾਲ ਤੇ ਸੁਖ ਇਕ ਦੂਜੇ ਨੂੰ ਮਿਲਦੇ ਹਨ। ਸੁਖ, ਪਾਲ ਦੀ ਸਹਿਕਰਮਣ ਹੈ ਜੋ ਉਸ ਨੂੰ ਫ਼ਰੈਸ਼ੀ ਕਹਿ ਕੇ ਛੇੜਦੀ ਹੈ ਪਰ ਨਾਲ ਹੀ ਉਸ ਨਾਲ ਲਗਾਅ ਵੀ ਰੱਖਦੀ ਹੈ। ਅਤੀਤ ਤੋਂ ਬੇਮੁਖ, ਖ਼ੁਸ਼ ਵਿਆਹੁਤਾ ਜ਼ਿੰਦਗੀ ਜਿਉਂਦੀ ਜਾਪਦੀ ਅਤੇ ਇੱਕ ਬੱਚੇ ਦੀ ਮਾਂ ਸੁਖ ਹਮੇਸ਼ਾਂ ਅੱਗੇ ਹੀ ਅੱਗੇ ਵੇਖਦੀ ਹੈ ਅਤੇ ਆਪਣੇ ਕੰਮ ਵਿਚ ਬਹੁਤ ਨਿਪੁੰਨ ਹੈ। ਪਾਲ ਦਾ ਧਿਆਨ ਇਸ ਗੱਲ ਵੱਲ ਜਾਂਦਾ ਹੈ ਕਿ ਸੁਖ ਕਦੇ ਵੀ ਆਪਣੇ ਅਤੀਤ ਅਤੇ ਆਪਣੇ ਭੈਣਾਂ-ਭਰਾਵਾਂ ਬਾਰੇ ਗੱਲ ਨਹੀਂ ਕਰਨਾ ਚਾਹੁੰਦੀ, ਇਸ ਗੱਲ ਕਰਕੇ ਉਸ ਦੀ ਦਿਲਚਸਪੀ ਸੁਖ ਬਾਰੇ ਹੋਰ ਵਧੇਰੇ ਜਾਨਣ ਵਿਚ ਵਧ ਜਾਂਦੀ ਹੈ। ਇਕ ਦਿਨ ਉਨ੍ਹਾਂ ਦੀ ਕੰਪਨੀ ਵੱਲੋਂ 'ਰਿਵਰ ਆਫ ਲਾਈਫ਼' ਨਾਮ ਦੇ ਪ੍ਰੋਗਰਾਮ ਵਿਚ ਸਾਰਿਆਂ ਨੂੰ ਆਪਣੀ ਜ਼ਿੰਦਗੀ ਅਤੇ ਉਸ ਵਿਚਲੇ ਸੰਘਰਸ਼ਾਂ ਦੀ ਕਹਾਣੀ ਸੁਣਾਉਣ ਲਈ ਕਿਹਾ ਜਾਂਦਾ ਹੈ ਤਾਂ ਉਸ ਮੌਕੇ ਵੀ ਸੁਖ ਆਪਣਾ ਅਤੀਤ ਛੁਪਾ ਜਾਂਦੀ ਹੈ। ਫ਼ਿਰ ਅਚਾਨਕ ਇੱਕ ਦਿਨ ਉਹ ਦਫ਼ਤਰ ਤੋਂ ਲੰਮੀ ਛੁੱਟੀ 'ਤੇ ਚਲੀ ਜਾਂਦੀ ਹੈ। ਪਤਾ ਕਰਨ 'ਤੇ ਜਾਣਕਾਰੀ ਮਿਲਦੀ ਹੈ ਕਿ ਉਹ ਗਹਿਰੇ ਡਿਪਰੈੱਸ਼ਨ ਦੀ ਸ਼ਿਕਾਰ ਹੋ ਚੁੱਕੀ ਹੈ। ਅਖ਼ੀਰ ਇਕ ਦਿਨ ਜਦੋਂ ਪਾਲ, ਸੁਖ ਦੇ ਘਰ ਜਾਂਦਾ ਹੈ ਤਾਂ ਰਹੱਸ ਖੁੱਲ੍ਹਦਾ ਹੈ ਕਿ ਉਸ ਦਾ ਪਰਿਵਾਰ ਪੰਜਾਬ ਸੰਕਟ ਦੇ ਦੌਰ ਵਿਚ 'ਅੱਤਵਾਦੀਆਂ' ਦੀ ਜ਼ਿਆਦਤੀ ਦਾ ਸ਼ਿਕਾਰ ਰਿਹਾ ਹੈ। ਉਸ ਦੇ ਆਪਣੇ ਅਤੀਤ ਬਾਰੇ ਕਿਨਾਰਾਕਸ਼ੀ ਕਰਨ ਵਾਲੇ ਸੁਭਾਅ ਦਾ ਕਾਰਣ ਇਹ ਹੈ ਕਿ ਉਸ ਦੀ ਭੈਣ ਇਕ ਦਿਨ ਅੱਤਵਾਦੀਆਂ ਨਾਲ ਸੰਬੰਧ ਰੱਖਦੇ ਇਕ ਮੁੰਡੇ ਨਾਲ ਗਾਇਬ ਹੋ ਗਈ ਸੀ ਅਤੇ ਉਸ ਨੂੰ ਪਤਾ ਨਹੀਂ ਲੱਗਦਾ ਕਿ ਉਹ ਆਪਣੀ ਮਰਜ਼ੀ ਨਾਲ ਅੱਤਵਾਦੀ ਮੁੰਡੇ ਨਾਲ ਗਈ ਸੀ ਜਾਂ ਨਹੀਂ। ਉਸ ਦਾ ਪਰਿਵਾਰ ਇਸ ਨਾਲ ਇਕ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕ ਕਸ਼ਮਕਸ਼ ਵਿਚੋਂ ਲੰਘਦਾ ਹੈ। ਸੁਖ ਵਿਦੇਸ਼ ਆ ਜਾਂਦੀ ਹੈ। ਉਸ ਦੇ ਡਿਪਰੈੱਸ਼ਨ ਦਾ ਕਾਰਣ ਇਹ ਹੈ ਕਿ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਭੈਣ ਨੂੰ ਅੱਤਵਾਦੀਆਂ ਨੇ ਖੇਹ-ਖਰਾਬੀ ਤੋਂ ਬਾਅਦ ਨਹਿਰ ਵਿਚ ਡੁਬੋ ਕੇ ਮਾਰ ਦਿੱਤਾ ਸੀ। ਉਹ ਆਪਣੀ ਭੈਣ ਦੀ ਅਜਿਹੀ ਹੋਣੀ ਤੋਂ ਹਾਲੇ ਤੱਕ ਭਾਵੁਕ ਤੌਰ 'ਤੇ ਵੱਖ ਨਹੀਂ ਸੀ ਹੋਈ, ਇਸ ਲਈ ਉਸ ਦਾ ਇੰਜ ਮਰਨਾ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ ਹੈ ਅਤੇ ਉਹ ਬੇਬਸੀ ਦੀ ਹਾਲਤ ਭੋਗਦੀ ਡਿਪਰੈੱਸ਼ਨ ਵਿਚ ਚਲੀ ਜਾਂਦੀ ਹੈ। ਆਪਣੇ ਦੁੱਖ ਦੇ ਰੂ-ਬ-ਰੂ ਹੋ ਕੇ ਉਸਨੂੰ ਹੰਡਾ ਤੇ ਹੰਢਾਉਣਾ ਹੀ ਅਸਲ ਵਿਚ ਉਸ ਨੂੰ ਭਾਰ-ਮੁਕਤ ਕਰ



ਸਕਦਾ ਸੀ। ਉਹ ਅੰਤ ਨੂੰ ਆਪਣੇ ਇਸ ਨਵੇਂ ਦੋਸਤ ਪਾਲ ਦੇ ਮੋਢਿਆਂ ਉੱਤੇ ਹੰਝੂ ਵਹਾ ਕੇ ਦੁਖ ਤੋਂ ਸੁਰਖ਼ਰੂ ਹੋਣ ਵੱਲ ਤੁਰਦੀ ਹੈ।

ਇੰਜ ਇਸ ਸੰਗ੍ਰਹਿ ਵਿਚ ਸ਼ਾਮਿਲ ਵੀਹ ਕਹਾਣੀਆਂ ਪੰਜਾਬ ਸੰਕਟ ਦੇ ਵਿਭਿੰਨ ਪਾਸਾਰਾਂ ਤੋਂ ਸਾਨੂੰ ਜਾਣੂ ਕਰਵਾਉਂਦੀਆਂ ਹਨ। ਇਸ ਵਿਚ ਦਹਿਸ਼ਤਗਰਦਾਂ ਦੀ ਹਿੰਸਾ ਅਤੇ ਦਮਨ ਦੇ ਨਾਲ ਨਾਲ ਰਾਜਕੀ ਮਸ਼ੀਨਰੀ ਦੁਆਰਾ ਕੀਤੇ ਜਾਂਦੇ ਤਸ਼ੱਦਦ ਦੇ ਬਿੰਬ ਵੀ ਪੇਸ਼ ਕੀਤੇ ਗਏ ਹਨ ਅਤੇ ਨਾਲ ਹੀ ਸਵਾਰਥੀ ਲੋਕਾਂ ਦੁਆਰਾ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਦਹਿਸ਼ਤਗਰਦਾਂ ਅਤੇ ਪੁਲੀਸ ਤੰਤਰ ਦੀ ਵਰਤੋਂ ਕਰਨ ਅਤੇ ਆਪਣੇ ਹਮਸਾਇਆਂ ਨੂੰ ਘੋਰ ਦੁੱਖ ਵਿਚ ਸੁੱਟ ਦੇਣ ਦੇ ਬਿਰਤਾਂਤਕ ਵੇਰਵੇ ਵੀ ਮਿਲਦੇ ਹਨ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚੋਂ ਜ਼ਿਆਦਾਤਰ ਸੰਕਟ-ਕਾਲ ਦੇ ਨੇੜੇ ਤੇੜੇ ਦੀਆਂ ਕਹਾਣੀਆਂ ਹਨ ਪਰ ਕੁਝ ਕਹਾਣੀਆਂ ਉਸ ਸਮੇਂ ਦੀਆਂ ਵੀ ਹਨ ਜਦੋਂ ਪੰਜਾਬ ਉਸ ਵਿਕਰਾਲ ਸੰਕਟ ਦੀ ਗਰਿਫ਼ਤ ਵਿਚੋਂ ਬਾਹਰ ਆ ਗਿਆ ਸੀ ਅਤੇ ਪੰਜਾਬੀ ਲੇਖਕ ਮੁਕਾਬਲਤਨ ਵੱਧ ਸਿਰਜਣਾਤਮਕ ਆਜ਼ਾਦੀ ਨਾਲ ਉਸ ਦਾ ਬਿਰਤਾਂਤ ਸਿਰਜ ਸਕਦਾ ਸੀ। ਪੰਜਾਬ ਸੰਕਟ ਦੇ ਨੇੜੇ-ਤੇੜੇ ਲਿਖੀਆਂ ਗਈਆਂ ਕਹਾਣੀਆਂ ਵਿਚ ਪ੍ਰਮਾਣਿਕ ਅਨੁਭਵ ਦੀ ਪੇਸ਼ਕਾਰੀ ਵਧੇਰੇ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਬਾਅਦ ਵਿਚ ਲਿਖੀਆਂ ਗਈਆਂ ਕਹਾਣੀਆਂ ਵਿਚ 'ਸੰਕਟ' ਨੂੰ ਵਧੇਰੇ ਬਾਹਰਮੁਖੀ ਢੰਗ ਨਾਲ ਅਤੇ ਅਟੇਕ ਹੋ ਕੇ ਸਮਝਣ ਦੀ ਵਧੇਰੇ ਚਾਹਤ ਹੁੰਦੀ ਹੈ। ਇਸ ਸੰਗ੍ਰਹਿ ਤੋਂ ਬਾਹਰ ਵੀ ਬਹੁਤ ਸਾਰੀਆਂ ਕਹਾਣੀਆਂ ਰਹਿ ਗਈਆਂ ਹਨ ਜਿਹੜੀਆਂ ਉਸ ਸੰਕਟ ਦੀਆਂ ਹੋਰ ਪਰਤਾਂ ਨੂੰ ਮੂਰਤੀਮਾਨ ਕਰ ਸਕਦੀਆਂ ਸਨ, ਪਰ ਇਹ ਚੋਣਵੀਆਂ ਅਤੇ ਵਧੇਰੇ ਕਲਾਤਮਕ ਕਹਾਣੀਆਂ ਹਨ, ਜਿਨ੍ਹਾਂ ਰਾਹੀ ਅਸੀਂ ਉਸ ਦੌਰ ਦੇ ਇਤਿਹਾਸਕ ਪਲਾਂ ਅਤੇ ਲੁਪਤ ਸੱਚ ਨੂੰ ਹੋਰ ਡੂੰਘਾਈ ਨਾਲ ਫੜ੍ਹ ਸਕਦੇ ਹਾਂ। ਇਨ੍ਹਾਂ ਰਚਨਾਵਾਂ ਰਾਹੀਂ ਅਸੀਂ ਉਸ ਦੌਰ ਦੀ ਵਲੂੰਧਰੀ ਸੰਵੇਦਨਾ ਅਤੇ ਵਿਭਿੰਨ ਧਿਰਾਂ ਦੇ ਉਨ੍ਹਾਂ ਮਸਲਿਆਂ ਪ੍ਰਤੀ ਪ੍ਰਤਿਕਰਮ ਨੂੰ ਵੀ ਜਾਣ ਸਕਦੇ ਹਾਂ। ਉਮੀਦ ਹੈ ਇਹ ਸੰਗ੍ਰਹਿ ਸਾਨੂੰ ਪੰਜਾਬ ਸੰਕਟ ਦੀਆਂ ਯਾਦਾਂ ਨੂੰ ਵਧੇਰੇ ਤਰਕਮਈ ਅਤੇ ਗਹਿਰੇ ਰੂਪ ਵਿਚ ਸਮਝਣ ਅਤੇ ਬੁੱਝਣ ਵਿਚ ਸਹਾਈ ਹੋਵੇਗਾ।

ਬਲਦੇਵ ਸਿੰਘ ਧਾਲੀਵਾਲ
ਸੁਰਜੀਤ ਸਿੰਘ

ਭਾਗ ਪਹਿਲਾ

## ਇਹ ਉਹ ਜਸਬੀਰ ਨਹੀਂ

ਪ੍ਰੇਮ ਪ੍ਰਕਾਸ਼

ਕਸਬੇ ਤੋਂ ਸ਼ਹਿਰ ਦੀ ਆਖ਼ਰੀ ਬਸ 'ਚ ਬਹਿ ਕੇ ਹਰੀ ਦੇਵ ਨੇ ਮੁੜ ਕੇ ਸਾਰੀਆਂ ਸਵਾਰੀਆਂ ਵੱਲ ਦੇਖਿਆ। ਉਹਨਾਂ ਵਿਚ ਕੋਈ ਵੀ ਸਿਖ ਕਾਲੀ ਦਾਹੜੀ ਵਾਲਾ, ਨੀਲੀ ਜਾਂ ਕੇਸਰੀ ਪੱਗ ਵਾਲਾ ਨਹੀਂ ਸੀ, ਜੀਹਦੇ ਕੋਲੋਂ ਡਰ ਹੋਵੇ ਕਿ ਉਹ ਰਾਹ 'ਚ ਡਰਾਈਵਰ ਦੀ ਧੌਣ ਤੇ ਪਸਤੌਲ ਰੱਖ ਕੇ ਬਸ ਨੂੰ ਕਿਸੇ ਪਿੰਡ ਵੱਲ ਲੈ ਜਾਵੇਗਾ ਤੇ ਆਪਣੇ ਅੱਤਵਾਦੀ ਸਾਥੀਆਂ ਨਾਲ ਮਿਲ ਕੇ ਹਿੰਦੂ ਸਵਾਰੀਆਂ ਨੂੰ ਘਸੀਟ ਕੇ ਬਾਹਰ ਕੱਢ ਕੇ ਗੋਲੀਆਂ ਨਾਲ ਮਾਰ ਦੇਵੇਗਾ।

ਕੁਝ ਦਿਨਾਂ ਤੋਂ ਅਜਿਹੀ ਕੋਈ ਘਟਨਾ ਨਹੀਂ ਸੀ ਹੋਈ, ਪਰ ਹੋਈਆਂ ਦਾ ਡਰ ਬਣਿਆ ਹੋਇਆ ਸੀ। ਪਤਾ ਨਹੀਂ ਕਿਸ ਵੇਲੇ ਕੀ ਹੋ ਜਾਵੇ। ਬਸ 'ਚ ਹੀ ਬੰਬ ਫਟ ਜਾਵੇ ਤੇ ਬਸ ਮੁਰਦਾਖ਼ਾਨਾ ਬਣ ਜਾਵੇ। ਬੀਤੀਆਂ ਅਜਿਹੀਆਂ ਘਟਨਾਵਾਂ ਦੀ ਯਾਦ ਨੇ ਹਰੀ ਦੇਵ ਨੂੰ ਅੰਦਰੋਂ ਕੰਬਾ ਦਿੱਤਾ।

ਬਸ ਟੁਰੀ ਤਾਂ ਉਹਨੇ ਇਕ ਵਾਰੀ ਫੇਰ ਪਿਛਲੀਆਂ ਸਵਾਰੀਆਂ ਤੇ ਨਜ਼ਰ ਮਾਰੀ। ਸਾਰੇ ਹੀ ਸਿਖ ਸਿਆਣੀ ਉਮਰ ਦੇ ਸਨ। ਕਾਫ਼ੀ ਪਿਛੇ ਇਕ ਸਿਖ ਦੀ ਦਾਹੜੀ ਕਾਲੀ ਦਿੱਸੀ। ਪਰ ਉਹਦੇ ਪੱਗ ਵਲ੍ਹੇਟਵੀਂ ਤੇ ਕੁੜਤਾ ਪਜਾਮਾ ਪੇਂਡੂਆਂ ਵਾਲਾ ਸੀ। ਉਹ ਸ਼ਕਲ ਤੇ ਤੱਕਣੀ ਤੋਂ ਸਾਊ ਲੱਗਦਾ ਸੀ।

ਹਰੀ ਦੇਵ ਬਾਹਰ ਦੇਖਣ ਲੱਗਾ। ਫੇਰ ਉਹਨੇ ਆਪਣਾ ਧਿਆਨ ਆਪਣੇ ਦੋਸਤ ਦੇ ਮੁੰਡੇ ਦੇ ਵਿਆਹ ਦੀਆਂ ਗੱਲਾਂ ਵੱਲ ਮੋੜ ਲਿਆ। ਜਿਥੋਂ ਉਹ ਆ ਰਿਹਾ ਸੀ। ਅਸੀਂ ਕਿੰਨਾ ਸਾਰਾ ਪੈਸਾ ਫ਼ਜ਼ੂਲ ਜਿਹੀਆਂ ਰਸਮਾਂ ਤੇ ਖ਼ਰਚ ਕਰ ਦੇਂਦੇ ਹਾਂ। ਖ਼ਰਚ ਉਹੀ ਕਰਦਾ ਏ, ਜੀਹਦੇ ਕੋਲ ਹੁੰਦਾ ਏ। ਜੀਹਦੇ ਮਨ 'ਚ ਚਾਓ ਹੁੰਦਾ ਏ। ਚਾਓ ਨਹੀਂ ਵੀ ਹੁੰਦਾ? ਹਾਂ, ਚਾਓ ਮਰ ਵੀ ਜਾਂਦੇ ਨੇ। ਬੰਦੇ ਨੂੰ ਚੁੱਕੀ ਤਾਂ ਚਾਓ ਈ ਫਿਰਦਾ ਏ। ਉਹ ਖ਼ਤਰੇ ਦੇ ਬਾਵਜੂਦ ਬਸਾਂ 'ਚ ਘੁੰਮਦਾ ਏ। ਕੋਈ ਪਸਤੌਲ ਚੁੱਕੀ ਫਿਰਦਾ ਏ। ਡਰਾਈਵਰ ਦੀ ਧੌਣ ਤੇ ਰੱਖ ਦੇਂਦਾ ਏ। ਬਸ ਇਕ ਪਾਸੇ ਮੁੜ ਜਾਂਦੀ ਏ। ਬੰਦੇ ਛਾਂਟ ਲਏ ਜਾਂਦੇ ਨੇ। ਅਖ਼ਬਾਰਾਂ 'ਚ ਮਰਨ ਵਾਲਿਆਂ ਦੀਆਂ ਖ਼ਬਰਾਂ ਤੇ ਫੋਟੋਆਂ ਛਪਦੀਆਂ ਨੇ। ਫੇਰ ਗੱਲਾਂ ਹੁੰਦੀਆਂ ਨੇ। ਉਹ ਵਿਆਹ ਤੇ ਗਿਆ ਸੀ। ਕੀ ਪਤਾ ਸੀ, ਉਹ ਮੁਰਦਾ ਈ ਮੁੜੇਗਾ। ਮੌਤ ਤਾਂ ਕਿਤੇ ਵੀ ਆ ਸਕਦੀ ਏ। ਘਰ 'ਚ ਬੈਠੇ ਨੂੰ ਵੀ। ਕੋਈ ਬੂਹਾ ਖੜਕਾ ਕੇ ਹਾਕ ਮਾਰ ਕੇ ਬੁਲਾਵੇਗਾ। ਤੇ ਕੋਈ ਚੀਜ਼, ਕੋਈ ਸੁੱਖ ਸੁਨੇਹਾ ਜਾਂ ਕੋਈ ਤੋਹਫ਼ਾ



ਦੇਣ ਦੀ ਥਾਂ ਠਾਹ ਠਾਹ ਕਰ ਕੇ ਗੋਲੀਆਂ ਚਲਾ ਜਾਵੇਗਾ।....

ਹਰੀ ਦੇਵ ਦਾ ਹੱਥ ਝਟਕੇ ਨਾਲ ਬਾਰੀ ਦੇ ਸ਼ੀਸ਼ੇ ਨਾਲ ਜਾ ਵਜਿਆ। ਚੀਚੀ ਦੀ ਉਪਰਲੀ ਗੰਢ 'ਚ ਜ਼ੋਰ ਦੀ ਪੀੜ ਹੋਈ। ...ਉਹਨੇ ਪਿਛਾਂਹ ਮੁੜ ਕੇ ਦੇਖਿਆ। ਉਹ ਕਾਲੀ ਦਾਹੜੀ ਵਾਲਾ ਬੰਦਾ ਉਹਦੇ ਵੱਲ ਦੇਖ ਰਿਹਾ ਸੀ। ਹਰੀ ਦੇਵ ਨੇ ਆਪਣੀ ਨਜ਼ਰ ਸੜਕ ਤੇ ਬਸ ਦੇ ਅੱਗੇ ਅੱਗੇ ਭਜਾ ਲਈ। ਟਰੈਫਿਕ ਘੱਟ ਸੀ। ਬਸ ਤੇਜ਼ ਭੱਜ ਰਹੀ ਸੀ। ਡਰਾਈਵਰ ਹਿੰਦੂ ਸੀ ਨਾ। ਉਹਨੂੰ ਵੀ ਹਨ੍ਹੇਰਾ ਹੋਣ ਤੋਂ ਪਹਿਲਾਂ ਘਰ ਪਹੁੰਚਣ ਦੀ ਕਾਹਲ ਸੀ। .... ਹੋ ਸਕਦਾ ਏ, ਇਹ ਜੱਟ ਸਿੱਖ ਈ ਹੋਵੇ। ਇਹਨੇ ਕੇਸ ਕਟਾ ਕੇ ਕੁਦਰਤੀ ਦਾਹੜੀ ਰੱਖੀ ਹੋਵੇ। ਹਰੀ ਦੇਵ ਤੋਂ ਇਕ ਵਾਰ ਫੇਰ ਪਿਛੇ ਦੇਖ ਹੋ ਗਿਆ। ਉਹ ਬੰਦਾ ਉਵੇਂ ਉਹਦੇ ਵੱਲ ਦੇਖ ਰਿਹਾ ਸੀ। ....ਬੱਸ 'ਚ ਹਿੰਦੂ ਹੋਰ ਵੀ ਨੇ। ਦਸ, ਗਿਆਰਾਂ, ਬਾਰਾਂ। ਹੋ ਸਕਦਾ ਏ, ਮੇਰਾ ਭਰਮ ਈ ਹੋਵੇ। ਹਰੇਕ ਨੇ ਅੱਗੇ ਨੂੰ ਈ ਦੇਖਣਾ ਹੁੰਦਾ ਏ। ...ਉਹਨੇ ਫ਼ੈਸਲਾ ਕੀਤਾ, ਮੁੜਕੇ ਪਿਛੇ ਨਾ ਦੇਖਣ ਦਾ।

ਬਸ ਸ਼ਹਿਰ ਦੇ ਅੱਡੇ ਤੇ ਰੁਕੀ ਤਾਂ ਹਰੀ ਦੇਵ ਨੇ ਉਤਰ ਕੇ ਪਲੇਟ ਫ਼ਾਰਮ ਦੇ ਪਿਛੋਂ ਦੀ ਲੰਘਣਾ ਚਾਹਿਆ। ਪਰ ਖੂੰਜੇ 'ਚ ਖੜ੍ਹਾ ਉਹੀ ਬੰਦਾ ਉਹਨੂੰ ਦੇਖੀ ਜਾ ਰਿਹਾ ਸੀ। ਹਰੀ ਦੇਵ ਉਹਨੂੰ ਝਕਾਨੀ ਦੇਣ ਲਈ ਕਾਰਾਂ ਵਾਲੇ ਗੇਟ 'ਤੇ ਚਲਿਆ ਗਿਆ। ਸਾਹਮਣੇ ਉਹਦੇ ਵਾਕਫ਼ ਐਕਸਾਈਜ਼ ਇੰਸਪੈਕਟਰ ਦੀ ਜੀਪ ਖੜ੍ਹੀ ਸੀ। ਉਹਨੇ ਡਰਾਈਵਰ ਨਾਲ ਸੁਲਾਹ ਮਾਰੀ ਤਾਂ ਪਤਾ ਲੱਗਾ ਕਿ ਉਹ ਕਿਸੇ ਅਫ਼ਸਰ ਨੂੰ ਲੈਣ ਆਇਆ ਸੀ। ਜਿਹੜਾ ਆਇਆ ਨਹੀਂ ਸੀ। ਜਦ ਹਰੀ ਦੇ ਵਿਚ ਬਹਿ ਗਿਆ ਤਾਂ ਡਰਾਈਵਰ ਨੇ ਦੱਸਿਆ ਕਿ ਉਹ ਪਹਿਲਾਂ ਅਫ਼ਸਰ ਦੇ ਘਰ ਜਾ ਕੇ ਦੱਸੇਗਾ, ਫੇਰ ਉਹਨਾਂ ਲਈ ਸਬਜ਼ੀ ਲਿਆ ਕੇ ਦੇਵੇਗਾ, ਫੇਰ ਉਹਨੂੰ ਛੱਡ ਸਕੇਗਾ। ਹਰੀ ਦੇਵ ਏਸ ਚੱਕਰ ਲਈ ਵੀ ਰਾਜ਼ੀ ਹੋ ਗਿਆ।

ਅੱਧ ਕੁ ਘੰਟੇ ਬਾਅਦ ਜੀਪ ਨੇ ਉਹਨੂੰ ਚੌਕ 'ਚ ਲਾਹ ਦਿੱਤਾ। ਉਹ ਆਪਣੀ ਗਲੀ ਦੇ ਮੋੜ ਤੇ ਪਹੁੰਚਿਆ ਤਾਂ ਉਹੀ ਬੰਦਾ ਉਹਦੇ ਸਾਹਮਣੇ ਖੜ੍ਹਾ ਸੀ। ਹਰੀ ਦੇਵ ਹੁਣ ਬਹੁਤ ਡਰਿਆ ਨਹੀਂ। ਉਹ ਬੰਦਾ ਖ਼ਾਲੀ ਹੱਥ ਸੀ ਤੇ ਗਲੀ ਆਪਣੀ ਸੀ। ..ਸਟੇਨਗੰਨਾਂ ਤਾਂ ਬੁੱਕਲਾਂ 'ਚੋਂ ਵੀ ਨਿਕਲ ਆਉਂਦੀਆਂ ਨੇ। ...ਸੋਚ ਕੇ ਉਹ ਉਹਦੇ ਕੋਲੋਂ ਦੀ ਨਿਕਲਣ ਲਗਿਆ ਤਾਂ ਡਰ ਗਿਆ। ਉਹ ਬੰਦਾ ਪਿਛੋਂ ਬੋਲਿਆ, "ਹਰੀ, ਮੈਨੂੰ ਪਛਾਣਿਆ ਨਹੀਂ?"

ਪਛਾਣ ਉਹਦੇ ਬੋਲ ਤੋਂ ਹੋਈ। ਉਹ ਉਹਦਾ ਦੋਸਤ ਮਾਸਟਰ ਜਸਬੀਰ ਸਿੰਘ ਸੀ। ਉਹਨੇ ਪੇਂਡੂ ਜਿਹੇ ਕਪੜੇ ਪਾ ਕੇ ਤੇ ਕਰੜ ਬਰੜ ਦਾਹੜੀ ਕਾਲੀ ਕਰ ਕੇ ਆਪਣੇ ਆਪ ਨੂੰ ਬੇਪਛਾਣ ਬਣਾਇਆ ਹੋਇਆ ਸੀ। ਉਹ ਵਰ੍ਹਾ ਕੁਝ ਵਰ੍ਹਾ ਪਹਿਲਾਂ ਵਸਦਾ ਰਸਦਾ ਟੱਬਰ ਛੱਡ ਕੇ ਅੱਤਵਾਦੀਆਂ ਨਾਲ ਚਲਾ ਗਿਆ ਸੀ। ਫੇਰ ਪਤਾ ਲਗਿਆ ਕਿ ਜਿਊਂਦਾ ਏ। ਸਰਕਾਰ ਨੇ ਉਹਨੂੰ ਫੜਨ ਲਈ ਦਸ ਹਜ਼ਾਰ ਰੁਪੈ ਦਾ ਇਨਾਮ ਰਖਿਆ ਹੋਇਆ ਏ। ਉਹ ਇਕ ਦਿਨ ਅੰਬਰਸਰ 'ਚ ਇਕ ਸਾਂਝੇ ਦੋਸਤ ਨੂੰ ਮਿਲਿਆ ਵੀ ਸੀ। ਹਰੀ ਦੇਵ ਦਾ ਵੀ ਦਿਲ ਕਰਦਾ ਸੀ, ਉਹਨੂੰ ਮਿਲਣ ਨੂੰ। ਇਕ ਵਾਰ ਉਹ ਉਹਦੇ ਪਿੰਡ ਵੀ ਗਿਆ ਸੀ, ਉਹਦੇ ਬੱਚਿਆਂ ਦੀ ਖ਼ਬਰ ਸਾਰ ਲੈਣ। ਉਹਦਾ ਟੱਬਰ ਪੁਲਸ ਦੀ ਪੁੱਛ

ਪੜਤਾਲ ਤੋਂ ਡਰਦਾ ਪਿੰਡ ਚਲਿਆ ਗਿਆ ਸੀ। ਉਹਦੀ ਘਰ ਵਾਲੀ ਬੀਤੀਆਂ ਘਟਨਾਵਾਂ ਤੇ ਬੜਾ ਰੋਈ ਸੀ। ਹਰੀ ਦੇਵ ਨੇ ਉਹਨੂੰ ਕੁਝ ਰੁਪੈ ਦੇਣੇ ਚਾਹੇ ਸੀ ਤਾਂ ਉਹਨੇ 'ਨਾਂਹ' ਕਰਦਿਆਂ ਕਿਹਾ ਸੀ —ਰੁਪਈਏ ਕੀ ਚੱਟਣੇ ਨੇ, ਬੀਰ ਜੀ। —ਆਪਣੇ ਪਿੰਡ ਦੇ ਨੇੜੇ ਦਾ ਹੋਣ ਕਰ ਕੇ ਉਹ ਹਰੀ ਨੂੰ 'ਬੀਰ ਜੀ' ਕਹਿੰਦੀ ਸੀ।

ਹਰੀ ਦੇਵ ਨੇ ਜਸਬੀਰ ਨਾਲ ਹੱਥ ਮਿਲਾਇਆ, ਪਰ ਜੱਫੀ ਪਾਉਂਦਾ ਰੁਕ ਗਿਆ। ਪਹਿਲਾਂ ਉਹ ਹੱਥ ਨਹੀਂ ਸਨ ਮਿਲਾਂਦੇ, ਸਿਰਫ਼ ਜੱਫੀ ਪਾਉਂਦੇ ਸਨ। ..."ਆ ਘਰ ਚੱਲੀਏ। ਉਹ ਏਨਾ ਹੀ ਕਹਿ ਸਕਿਆ। ਬੂਹਾ ਖੜਕਾਣ ਤੋਂ ਪਹਿਲਾਂ ਹੀ ਜਸਬੀਰ ਨੇ ਕਿਹਾ, "ਘਰ ਇਹ ਨਾ ਦੱਸੀਂ, ਬਈ ਮੈਂ ਜਸਬੀਰ ਆਂ। ਆਪਾਂ ਚੁਬਾਰੇ 'ਚ ਬੈਠਾਂਗੇ।"

ਇਤਫ਼ਾਕ ਨਾਲ ਕੁੰਡਾ ਖੁੱਲ੍ਹਾ ਹੀ ਸੀ। ਜਸਬੀਰ ਸਿੱਧਾ ਪੌੜੀਆਂ ਚੜ੍ਹ ਗਿਆ। ਤੇ ਪਿੱਛੇ ਪਿੱਛੇ ਹਰੀ। ਜਸਬੀਰ ਨਾ ਆਪਣੀ ਭਰਜਾਈ ਨੂੰ ਮਿਲਿਆ ਤੇ ਨਾ ਹੀ ਭਤੀਜਿਆਂ ਨੂੰ। ਉਹਨੇ ਪੂਛ ਹਿਲਾਉਂਦੇ ਡੱਬੂ ਨੂੰ ਵੀ ਅਣਦੇਖਿਆ ਕਰ ਦਿੱਤਾ। ਪਰ ਉਹ ਵੀ ਨਾਲ ਹੀ ਪੌੜੀਆਂ ਚੜ੍ਹ ਗਿਆ।

ਹਰੀ ਪਾਣੀ ਲੈਣ ਲਈ ਹੇਠਾਂ ਉਤਰਿਆ ਤਾਂ ਪਤਨੀ ਦੇ ਪੁੱਛਣ ਤੇ ਉਹਨੇ ਦਸਿਆ.... "ਮੇਰਾ ਜਮਾਤੀ ਐ। ਧੌਣੇ ਤੋਂ ਆਇਐ। ਤੂੰ ਨਹੀਂ ਜਾਣਦੀ।"

ਉਹ ਪਾਣੀ ਲੈ ਕੇ ਗਿਆ ਤਾਂ ਜਸਬੀਰ ਪੱਗ ਤੇ ਜੁੱਤੀ ਲਾਹ ਕੇ ਮੰਜੇ ਤੇ ਲੇਟਿਆ ਹੋਇਆ ਸੀ। ਉਹਦੇ ਸਿਰ ਦੇ ਵਾਲ ਅੱਧਿਆਂ ਤੋਂ ਵੀ ਵੱਧ ਚਿੱਟੇ ਹੋਏ ਪਏ ਸਨ। ਚਾਹ ਪੁੱਛਣ ਤੇ ਜਸਬੀਰ ਨੇ ਕਿਹਾ, ਕੁਸ਼ ਖਾਣ ਨੂੰ ਵੀ ਲਿਆਈਂ। ਭੁੱਖ ਲੱਗੀ ਹੋਈ ਐ।"

ਚਾਹ ਪੀਂਦਿਆਂ ਹਰੀ ਨੂੰ ਲਗਿਆ ਕਿ ਜਸਬੀਰ ਕਾਫ਼ੀ ਬੁੱਢਾ ਤੇ ਮਾੜਾ ਹੋ ਗਿਆ ਏ। ਅੱਖਾਂ ਕੁਝ ਅੰਦਰ ਨੂੰ ਵੜ ਗਈਆਂ ਨੇ। ਅੱਖਾਂ ਹੇਠ ਮਾਸ ਦੀਆਂ ਪੋਟਲੀਆਂ ਜਿਹੀਆਂ ਬਣਨ ਲੱਗ ਪਈਆਂ ਨੇ। ...ਕਿਥੇ ਰਿਹਾ? ਕੀ ਕਰਦਾ ਰਿਹਾ? ..ਕਿਵੇਂ ਸੋਚ ਅਚਾਨਕ ਬਦਲ ਗਈ? ...ਆਪਣੇ ਅਗਾਂਹ-ਵਧੂ ਵਿਚਾਰਾਂ ਨੂੰ ਕਿਵੇਂ ਭੁੱਲ ਗਿਆ? ...ਹਰੀ ਦੇਵ ਦੇ ਮਨ 'ਚ ਸਵਾਲ ਪੈਦਾ ਹੋ ਰਹੇ ਸਨ। ਪਰ ਪੁੱਛ ਨਹੀਂ ਸਨ ਹੋ ਰਹੇ। ਅੰਦਰ ਪੈਦਾ ਹੁੰਦੇ ਸਵਾਲਾਂ ਦੇ ਸ਼ਬਦ ਜੁੜ ਕੇ ਵਾਕ ਬਣਨ ਲਗਦੇ। ਪਰ ਬਾਹਰ ਆਉਣ ਤੋਂ ਝਿਜਕ ਜਾਂਦੇ। ਅਖੀਰ ਇਕ ਸਵਾਲ ਨਿਕਲਿਆ, "ਤੇਰੀ ਸਿਹਤ ਤਾਂ ਠੀਕ ਐ?"

"ਨਹੀਂ। ਮੈਨੂੰ ਦਸ ਕੁ ਦਿਨ ਮਲੇਰੀਆ ਰਿਹਾ। ਹੁਣ ਬੁਖਾਰ ਨਹੀਂ, ਪਰ ਕਮਜ਼ੋਰੀ ਨਹੀਂ ਗਈ। ...ਇਕ ਸਾਲਾ ਇਹ ਜ਼ਖ਼ਮ ਵੀ ਭਰਨ 'ਚ ਨਹੀਂ ਆਉਂਦਾ" ਆਖ ਕੇ ਜਸਬੀਰ ਨੇ ਆਪਣੀ ਸੱਜੀ ਲੱਤ ਤੋਂ ਪਜਾਮਾ ਉਪਰ ਚੁੱਕ ਲਿਆ। ਜ਼ਖ਼ਮ ਤੇ ਮੈਲੀ ਪੱਟੀ ਬੱਝੀ ਹੋਈ ਸੀ।

"ਇਹ ਗੰਦੀ ਪੱਟੀ ਲਾਹ ਦੇ।" ਆਖ ਕੇ ਹਰੀ ਨੇ ਜਸਬੀਰ ਵੱਲ ਦੇਖਿਆ। ਜਸਬੀਰ ਨੇ ਪੱਟੀ ਲਾਹੀ ਤਾਂ ਹਰੀ ਨੇ ਦੇਖਿਆ, ਜ਼ਖ਼ਮ ਖਾਸਾ ਲੰਮਾ ਤੇ ਡੂੰਘਾ ਸੀ। ਜਸਬੀਰ ਨੇ ਜ਼ਖ਼ਮ ਦੇ ਆਲੇ-ਦੁਆਲੇ ਦੇ ਮਾਸ ਦੀ ਸਖ਼ਤੀ ਨੂੰ ਨਰਮੀ ਉਂਗਲਾਂ ਨਾਲ ਟੋਹ ਕੇ ਮਹਿਸੂਸ ਕੀਤਾ। ਬੋਲਿਆ.... ਖ਼ਬਰ ਨੀ ਗੈਂਗਰੀਨ ਈ ਹੋ ਗਈ ਸਾਲੀ।"



"ਡਾਕਟਰ ਲੂੰਬਾ ਨੂੰ ਬੁਲਾ ਕੇ ਦਖਾ ਲਈਏ?" ਹਰੀ ਨੇ ਪੁੱਛਿਆ ਤਾਂ ਜਸਬੀਰ ਨੇ ਉਹਨੂੰ ਗੌਰ ਨਾਲ ਦੇਖਿਆ ਤੇ ਸਿਰ ਹਿਲਾ ਕੇ ਨਾਂਹ ਕਰ ਦਿੱਤੀ। ...ਉਹਨੂੰ ਸ਼ੱਕ ਹੋਇਆ ਕਿ ਕਿਤੇ ਡਾਕਟਰ ਦੀ ਥਾਂ ਪੁਲੀਸ ਈ ਨਾ ਆ ਜਾਵੇ।

"ਆਪਾਂ ਆਪ ਈ ਪੱਟੀ ਕਰ ਲੈਂਦੇ ਆਂ।" ਆਖ ਕੇ ਹਰੀ ਦਵਾਈ ਲੈਣ ਹੇਠਾਂ ਚਲਿਆ ਗਿਆ।

ਜਸਬੀਰ ਨੂੰ ਕੱਲਿਆਂ ਦੇਖ ਕੇ ਡੱਬੂ ਨੇ ਇਕ ਦੋ ਵਾਰ ਉਹਦੇ ਪੈਰਾਂ ਤੇ ਪੰਜੇ ਮਾਰੇ। ਪਿਛਲੀਆਂ ਲੱਤਾਂ ਨੂੰ ਝੁਕਾ ਕੇ ਗਰਦਨ ਅੱਗੇ ਨੂੰ ਵਧਾ ਕੇ ਉਹਦੇ ਵੱਲ ਝਾਕਦਾ ਹੋਇਆ ਇਕ ਦੋ ਵਾਰ ਭੌਂਕਿਆ। ਜਦ ਕੋਈ ਜਵਾਬ ਨਾ ਮਿਲਿਆ ਤਾਂ ਇਕ ਪਾਸੇ ਬਹਿ ਕੇ ਪੂਛ ਹਿਲਾਉਂਦਾ ਹੋਇਆ ਉਹਦੇ ਵੱਲ ਤਕਦਾ ਰਿਹਾ। ਪੌੜੀਆਂ ਉਤਰਦਿਆਂ ਹਰੀ ਨੂੰ ਡਰ ਜਿਹਾ ਲੱਗਿਆ ਕਿ ਕਿਤੇ ਪੁਲਿਸ ਈ ਨਾ ਆ ਜਾਵੇ, ਜਸਬੀਰ ਦਾ ਖੁਰਾ ਲਭਦੀ। ਫੇਰ ਮੈਂ ਵੀ ਫੜਿਆ ਜਾਊਂ, ਨੌਕਰੀ ਜਾਊ, ਟੱਬਰ ਭੁੱਖਾ ਮਰ ਜਾਊ।...ਜਸਬੀਰ ਵੀ ਕਹਿੰਦਾ ਹੁੰਦਾ ਸੀ...ਮੌਤ ਨਾਲੋਂ ਭੁੱਖ ਬੁਰੀ। ...ਮਨ ਨੂੰ ਤਕੜਾ ਕਰਦਾ ਉਹ ਦਵਾਈਆਂ ਲੈ ਕੇ ਉਪਰ ਚਲਿਆ ਗਿਆ। ਉਹਨੇ ਡਾਕਟਰਾਂ ਵਾਂਗੂ ਪਹਿਲਾਂ ਜ਼ਖ਼ਮ ਨੂੰ ਸਪਿਰਟ ਨਾਲ ਸਾਫ਼ ਕੀਤਾ। ਵਿਚ ਮਲ੍ਹਮ ਭਰੀ ਤੇ ਉੱਤੇ ਪਾਊਡਰ ਭੁੱਕ ਕੇ ਨਵੇਂ ਸਾਫ਼ ਕਪੜੇ ਦੀ ਪੱਟੀ ਬੰਨ੍ਹ ਦਿੱਤੀ। ਸਪਿਰਟ ਦੇ ਤੂੰਬੇ ਨਾਲ ਹੱਥ ਸਾਫ਼ ਕਰਦਿਆਂ ਪੁੱਛਿਆ, "ਇਹ ਜ਼ਖ਼ਮ ਕਿਵੇਂ ਹੋ ਗਿਆ?"

"ਕੰਧ ਟੱਪਦੇ ਦੇ ਉਲਟਾਵੇ ਹਲ ਦਾ ਕੇਂਢਾ ਵੜ ਗਿਆ ਸੀ।" ਸੁਣ ਕੇ ਹਰੀ ਸੋਚਣ ਲੱਗ ਪਿਆ ਕਿ ਏਸ ਗੱਲ 'ਚ ਕਿੰਨੀ ਕੁ ਸਚਾਈ ਏ?"

"ਕਿਤੇ ਐਕਸ਼ਨ ਤੇ ਗਿਆ ਸੀ?" ਹਰੀ ਦੇ ਪੁੱਛਣ ਤੇ ਜਸਬੀਰ ਨੇ ਉਹਦੇ ਵੱਲ ਦੇਖਿਆ। ਫੇਰ ਅੱਖਾਂ ਝੁਕਾ ਕੇ ਨਿੰਮੋਝੂਣਾ ਹੋ ਗਿਆ। ਬੋਲਿਆ ਕੁਝ ਨਹੀਂ। ...ਇਹ ਸ਼ਬਦ 'ਐਕਸ਼ਨ' ਪਹਿਲਾਂ ਉਹਨਾਂ ਦੀਆਂ ਬਹਿਸਾਂ 'ਚ ਨਕਸਲੀਆਂ ਵਲੋਂ ਆਪਣੇ ਮਿਥੇ ਜਮਾਤੀ ਦੁਸ਼ਮਣ ਨੂੰ ਖ਼ਤਮ ਕਰਨ ਲਈ ਵਰਤਿਆ ਜਾਂਦਾ ਸੀ। ਹਰੀ ਕੋਲ ਸਿੱਖ ਅੱਤਵਾਦੀਆਂ ਵਲੋਂ ਕਿਸੇ ਬੰਦੇ ਨੂੰ ਮਾਰਨ ਨਹੀਂ ਵਰਤਿਆ ਜਾਂਦਾ ਸ਼ਬਦ 'ਸੋਧਣਾ' ਵਰਤ ਨਾ ਹੋਇਆ। ਜਸਬੀਰ ਕੋਲ ਇਕ ਹੋਰ ਸ਼ਬਦ ਵੀ ਸੀ 'ਗੱਡੀ ਚੜ੍ਹਾਉਣਾ'। ...ਪਰ ਹੁਣ ਉਹ ਦੋ ਵਰ੍ਹਿਆਂ ਬਾਅਦ ਮਿਲੇ ਸੀ। ਜਿਸ ਹਾਲਤ 'ਚ ਮਿਲੇ ਸੀ, ਉਸ 'ਚ ਉਹ ਸ਼ਬਦ ਭੈੜੇ ਹੋ ਗਏ ਸਨ। ਜਿਵੇਂ ਧਰਮ ਅਸਥਾਨਾਂ 'ਚ ਗੰਦੇ ਬੋਲ।

"ਮੈਂ ਕਿਸੇ ਐਕਸ਼ਨ ਉਕਸ਼ਨ ਤੇ ਨਹੀਂ ਸੀ ਗਿਆ।" ਜਸਬੀਰ ਨੀਵੀਂ ਪਾਈ ਦੱਸਣ ਲੱਗਿਆ, "ਮੈਂ ਤਾਂ ਰਾਤ ਕਿਸੇ ਦੇ ਘਰ ਸੀ। ਪੁਲਸ ਨੇ ਛਾਪਾ ਮਾਰਿਆ ਤਾਂ ਭੱਜਣ ਲੱਗਿਆ ਸੀ। ਫੇਰ....।"

"ਚਲ ਰਹਿਣ ਦੇ।" ਹਰੀ ਨੇ ਉਹਨੂੰ ਰੋਕ ਦਿੱਤਾ। ਉਹਨੂੰ ਡਰ ਲੱਗਿਆ ਕਿ ਬੀਤੇ ਦਿਨਾਂ ਬਾਰੇ ਜਿਹੜੀ ਵੀ ਗੱਲ ਛਿੜੇਗੀ, ਦੁੱਖ ਹੀ ਪੈਦਾ ਕਰੇਗੀ। ਜੀਹਦੇ ਬਾਰੇ ਸੋਚਣ ਤੋਂ ਵੀ ਉਹ ਬਚਦਾ ਸੀ।

"ਬਾਲ ਬੱਚਿਆਂ ਦਾ ਕੀ ਹਾਲੇ? ...ਮਿਲ ਕੇ...," ਸੌਖਿਆਂ ਹੋਣ ਲਈ ਹਰੀ ਨੇ ਪੁੱਛਿਆ।

"ਠੀਕ ਨੇ। ਮਿਲਿਆ ਸੀ, ਨਾਨਕੇ ਪਿੰਡ। ...ਤੇਰਾ ਫੁਫੜ ਗਰਧਾਰੀ ਮਿਲਿਆ ਸੀ। ਪਰ ਉਹ ਬੋਲਿਆ ਨਹੀਂ। ਇਕ ਪਾਸੇ ਨੂੰ ਹੋ ਕੇ ਖਿਸਕ ਗਿਆ।"

"ਵੱਡੀ ਗੁੱਡੀ ਦਾ ਰਿਸ਼ਤਾ ਕਰ ਤਾ ਪੱਕਾ ?"

"ਟੁੱਟ ਗਿਆ। ਮੁੱਕਰ ਗਏ ਸਾਲੇ ਦੁਰਾਹੇ ਆਲੇ। ...ਐਵੇਂ ਸੱਤ ਹਜ਼ਾਰ ਖ਼ਰਚ ਕਰਾ'ਤਾ।"

ਹਰੀ ਨੂੰ ਖ਼ਿਆਲ ਆਇਆ ਕਿ ਅੱਤਵਾਦੀਆਂ ਨੇ ਏਨੇ ਬੈਂਕ ਲੁੱਟੇ ਨੇ, ਇਹ ਸੱਤ ਹਜ਼ਾਰ ਦੀ ਗੱਲ ਕਿਉਂ ਕਰਦਾ ਏ ? ਭਰਜਾਈ ਨੇ ਮੇਰੇ ਦੋ ਹਜ਼ਾਰ ਰੁਪੈ ਮੋੜਦਿਆਂ ਕਿਹਾ ਸੀ—ਪੈਸਿਆਂ ਦੀ ਤਾਂ ਕੋਈ ਲੜ ਨ੍ਹੀਂ...ਲੋੜ ਤਾਂ....। ਆਖਦੀ ਆਖਦੀ ਉਹ ਰੋ ਪਈ ਸੀ। ਉਹਨੂੰ ਦੇਖ ਕੇ ਨਿੱਕੀ ਵੀ ਰੋ ਪਈ ਸੀ। ਹਰੀ ਨੇ ਉਹਨੂੰ ਗੋਦੀ 'ਚ ਲੈ ਕੇ ਚੁੱਪ ਕਰਾਇਆ ਸੀ ਉਹ ਹੋਰ ਕੀ ਕਰ ਸਕਦਾ ਸੀ ? ਉਹਨੂੰ ਸਮਝ ਨਹੀਂ ਸੀ ਆ ਰਹੀ। ਇਹ ਮੁਸੀਬਤ ਕਿੱਥੇ ਮੁੱਕਣੀ ਏ ?

ਦੋਵੇਂ ਚੁੱਪ ਕਰ ਗਏ। ਜਸਬੀਰ ਦੇ ਮਨ 'ਚ ਕਈ ਗੱਲਾਂ ਦੱਸਣ ਵਾਲੀਆਂ ਉੱਠੀਆਂ। ਪਰ ਉਹ ਦਬਾਂਦਾ ਰਿਹਾ। ਉਹਨੂੰ ਡਰ ਲੱਗਦਾ ਕਿ ਇਹ ਗੱਲ ਕਿਤੇ ਹਰੀ ਨੂੰ ਚੁਭ ਨਾ ਜਾਵੇ। ਇਹ ਗੱਲ ਉਹਨੂੰ ਰੁਆ ਨਾ ਦੇਵੇ। ਉਹਦੇ ਮਨ 'ਚ ਇਹ ਗੱਲ ਜ਼ੋਰ ਨਾਲ ਉੱਠੀ ਕਿ ਹਰੀ ਨੂੰ ਦੱਸੇ ਕਿ ਨੀਲਾ ਤਾਰਾ ਐਕਸ਼ਨ ਦੇ ਬਾਅਦ ਉਹਦੀ ਮਾਨਸਕ ਹਾਲਤ ਪਹਿਲਾਂ ਫੱਟੜ ਹੋਏ ਵਿਉਹ ਘੋਲਦੇ ਨਾਗ ਵਰਗੀ ਸੀ। ਫੇਰ ਉਹ ਨਾਗ ਫੁੰਕਾਰੇ ਮਾਰਨ ਲੱਗ ਪਿਆ ਸੀ। ਫੇਰ ਉਹਦਾ ਵਿਸ ਭਰਿਆ ਪੋਟਾ ਕਿਸੇ ਦੇ ਅੰਦਰ ਉਲੱਦਣ ਨੂੰ ਕਾਹਲਾ ਹੋਈ ਫਿਰਦਾ ਰਿਹਾ। ਪਰ ਉਹ ਚੁੱਪ ਈ ਰਿਹਾ। ਹਰੀ ਦੇ ਚਿਹਰੇ ਵੱਲ ਤੱਕਦਾ ਰਿਹਾ।

ਹਰੀ ਦੇ ਮਨ 'ਚ ਆਇਆ, ਪੁੱਛੇ—ਜਸਬੀਰ ਤੈਂ ਕੋਈ ਬੰਦਾ ਮਾਰਿਆ ? ਪਰ ਉਹਨੂੰ ਲੱਗਿਆ ਕਿ ਇਹ ਤਾਂ ਏਸ ਤਰ੍ਹਾਂ ਦੀ ਗੱਲ ਹੋਵੇਗੀ, ਜਿਵੇਂ ਕੋਈ ਕਿਸੇ ਬ੍ਰਹਮਚਾਰੀ ਨੂੰ ਵਿਭਚਾਰ ਦੀ ਗੱਲ ਪੁੱਛੇ। ਭਾਵੇਂ ਉਹਨੇ ਕੋਈ ਮਾੜਾ ਕੰਮ ਕੀਤਾ ਈ ਹੋਵੇ।.... ਫੇਰ ਉਹ ਜਸਬੀਰ ਦੇ ਹਿੰਸਕ ਹੋਣ ਬਾਰੇ ਸੋਚਦਾ ਰਿਹਾ।

ਹਰੀ ਨੂੰ ਯਾਦ ਆਇਆ....ਇਕ ਵਾਰ ਉਹ ਇਕ ਕਾਮਰੇਡ ਦੇ ਜਗੀਰਦਾਰ ਬਾਪ ਦੇ ਘਰ ਗਏ ਸੀ। ਉਹਦੇ ਡਰਾਇੰਗ ਰੂਮ ਦੀਆਂ ਕੰਧਾਂ ਤੇ ਹਿਰਨਾਂ ਦੇ ਵੱਢੇ ਹੋਏ ਸਿਰ ਟੰਗੇ ਹੋਏ ਸਨ। ਉਹਨਾਂ ਦੀਆਂ ਅੱਖਾਂ ਦੇਖਣ ਵਾਲੇ ਵੱਲ ਲਗਾਤਾਰ ਦੇਖ ਰਹੀਆਂ ਸਨ। ਜਿਨ੍ਹਾਂ ਨੂੰ ਦੇਖ ਕੇ ਜਸਬੀਰ ਔਖਾ ਹੋ ਗਿਆ ਸੀ। ਉਹਨੇ ਬੁੱਢੇ ਸਰਦਾਰ ਦੇ ਸਾਹਮਣੇ ਈ ਕਹਿ ਦਿੱਤਾ ਸੀ—ਇਹ ਕਮਰਾ ਤਾਂ ਬੁੱਚੜਖਾਨਾ ਲੱਗਦਾ ਏ। ਏਸ ਮਾਸੂਮ ਜਾਨਵਰ ਦਾ ਸਿਰ ਵੱਢਣਾ ਕਿੱਥੋਂ ਦੀ ਬਹਾਦਰੀ ਏ ? ਕੋਈ ਸ਼ੇਰ ਮਾਰਿਆ ਹੁੰਦਾ। ਜਸਬੀਰ ਉਹਨਾਂ ਹਿਰਨਾਂ ਦੀਆਂ ਅੱਖਾਂ ਦਾ ਦੇਖਣਾ ਬਰਦਾਸ਼ਤ ਨਾ ਕਰਦਾ ਹੋਇਆ ਉੱਥੋਂ ਛੇਤੀ ਉੱਠ ਕੇ ਟੁਰ ਪਿਆ ਸੀ। ...ਉਹ ਕਿਹੜਾ ਜਸਬੀਰ ਸੀ ? ਫੇਰ; ਕੀ ਉਹ ਵੀ ਜਸਬੀਰ ਈ ਸੀ ਜਿਹੜਾ ਹਰੀ ਨਾਲ ਸੈਰ ਨੂੰ ਜਾਂਦਾ ਹੋਇਆ ਅਮਲਤਾਸ ਦੇ ਇਕ ਦਰੱਖਤ ਦੀਆਂ ਜੜ੍ਹਾਂ 'ਚ ਅੱਗ ਬਲਦੀ ਦੇਖ ਕੇ ਦੁਖੀ ਹੋ ਜਾਂਦਾ ਸੀ। ਜਮਾਦਾਰਨੀਆਂ ਸੁੱਕੇ ਪੱਤੇ ਕੱਠੇ ਕਰ ਕੇ ਦਰੱਖਤ ਹੇਠਾਂ ਅੱਗ ਬਾਲ ਕੇ ਸੇਕਦੀਆਂ ਹੁੰਦੀਆਂ ਸਨ।



...ਜਸਬੀਰ ਉਹਨਾਂ ਬਿਜਲੀ ਕਰਮਚਾਰੀਆਂ ਤੇ ਵੀ ਔਖਾ ਹੋ ਜਾਂਦਾ ਸੀ, ਜਿਹੜੇ ਤਾਰਾਂ ਸਿੱਧੀਆਂ ਕਰਦੇ ਦਰੱਖਤਾਂ ਦੇ ਸਿਰ ਵੱਢ ਦੇਂਦੇ ਸਨ। ....ਤੇ ਫੇਰ ਵੀ ਉਹ ਜਸਬੀਰ ਈ ਸੀ, ਜਿਹੜਾ ਮਜ਼ਦੂਰਾਂ ਦੀ ਡਿਕਟੇਟਰਸ਼ਿਪ ਦੇ ਸੁਫਨੇ ਲੈਂਦਾ ਖ਼ਾਲਸਾ ਰਾਜ ਦੇ ਸੁਫਨੇ ਲੈਣ ਲੱਗ ਪਿਆ ਸੀ। ਜੀਹਦੀ ਜੀਭ ਦੁਫਾੜ ਹੋ ਕੇ ਹਰੀ ਕੋਲ ਕੁਝ ਤੇ ਹੋਰਾਂ ਕੋਲ ਕੁਝ ਬੋਲਣ ਲੱਗ ਪਈ ਸੀ। ਜੀਹਨੂੰ ਇਨਕਲਾਬ ਬੰਦੂਕ ਦੀ ਨਾਲੀ 'ਚੋਂ ਤਾਂ ਨਿਕਲਦਾ ਦਿਸਦਾ ਸੀ, ਪਰ ਉਹ ਮਾਓ ਦੀ ਲਾਲ ਕਿਤਾਬ ਦੀ ਥਾਂ ਗੁਰੂਆਂ ਦੀ ਬਾਣੀ 'ਚੋਂ ਲੱਭਣ ਲੱਗ ਪਿਆ ਸੀ।

"ਭੈ....।" ਹਰੀ ਦੇ ਮੂੰਹ 'ਚੋਂ ਗਾਹਲ ਨਿਕਲਦੀ ਮੁੜ ਗਈ। ਜਿਹੜੀ ਅਕਸਰ ਉਹ ਜਸਬੀਰ ਨੂੰ ਕੱਢ ਲਿਆ ਕਰਦਾ ਸੀ। ਹੁਣ ਉਹਨੇ ਗਾਹਲ ਪਤਾ ਨਹੀਂ ਕੀਹਨੂੰ ਕੱਢਣੀ ਸੀ ? ਜਸਬੀਰ ਨੂੰ, ਆਪਣੇ ਆਪ ਨੂੰ ਜਾਂ ਹਾਲਾਤ ਨੂੰ, ਜਿਨ੍ਹਾਂ ਕਰਕੇ ਉਹ ਏਸ ਹਾਲਤ 'ਚ ਇਕ ਦੂਜੇ ਦੇ ਸਾਹਮਣੇ ਬੈਠੇ ਸਨ। ...ਉਹਨੇ ਇਕ ਵਾਰ ਫੇਰ ਜਸਬੀਰ ਦੇ ਚਿਹਰੇ ਵੱਲ ਗੌਰ ਨਾਲ ਤਕਿਆ। ਉਹਨੂੰ ਲਗਿਆ ਕਿ ਇਹ ਉਹ ਜਸਬੀਰ ਨਹੀਂ। ਇਹ ਤਾਂ ਉਹਦਾ ਭੂਤ ਏ, ਜੀਹਦੇ ਵਜੂਦ ਤੋਂ ਈ ਸਾਰੇ ਮਾਹੌਲ 'ਚ ਦਹਿਸ਼ਤ ਫੈਲ ਜਾਂਦੀ ਏ। ਟੁਰੇ ਜਾਂਦੇ ਲੋਕਾਂ ਦੀਆਂ ਨਾੜਾਂ 'ਚ ਖ਼ੂਨ ਜੰਮਣ ਲੱਗ ਪੈਂਦਾ ਏ। ਉਹਨੇ ਇਕ ਵਾਰੀ ਫੇਰ ਜਸਬੀਰ ਅੱਤਵਾਦੀ ਵੱਲ ਦੇਖਿਆ। ਪਰ ਉਹਦੇ ਚਿਹਰੇ ਤੋਂ ਅਜਿਹਾ ਕੁਝ ਵੀ ਨਹੀਂ ਸੀ। ਉਹਦੀਆਂ ਅੱਖਾਂ 'ਚ ਤਾਂ ਪਾਣੀ ਸੀ, ਤੇ ਸਾਹ ਤੇਜ਼ ਚੱਲ ਰਿਹਾ ਸੀ। ਜਸਬੀਰ ਦੇ ਮਨ 'ਚ ਇਕ ਗੱਲ ਜ਼ੋਰ ਮਾਰ ਰਹੀ ਸੀ, ਬਾਹਰ ਨਿਕਲਣ ਲਈ। ...ਇਕ ਸ਼ਾਮ ਨੂੰ ਜਦ ਉਹ ਇਕ ਨਿੱਕੇ ਜਿਹੇ ਰੇਲਵੇ ਸਟੇਸ਼ਨ ਤੋਂ ਪਿੰਡ ਵੱਲ ਨੂੰ ਜਾ ਰਿਹਾ ਸੀ ਤਾਂ ਸੜਕ ਤੇ ਤੁਰਦਿਆਂ ਉਹਨੂੰ ਹਰੀ ਯਾਦ ਆਇਆ। ਉਹਨੇ ਉਹਨੂੰ ਆਪਣੇ ਨਾਲ ਤੁਰਦਾ ਮਹਿਸੂਸ ਕੀਤਾ। ਜਦ ਉਹਨੇ ਉਹਦੀ ਅਣਹੋਂਦ ਨੂੰ ਮਹਿਸੂਸ ਕੀਤਾ ਤਾਂ ਉਹਦੀਆਂ ਅੱਖਾਂ ਭਰ ਆਈਆਂ। ਉਹਨੂੰ ਸਮਝ ਨਹਾਂ ਆ ਰਹੀ ਸੀ ਕਿ ਉਹਨੂੰ ਰੋਣਾ ਕਿਉਂ ਆਇਆ ਸੀ। ਤੇ ਹੁਣ ਉਹਨੂੰ ਮਿਲ ਕੇ ਉਹ ਵੇਗ ਕਿਉਂ ਨਹੀਂ ਆਇਆ ? ...ਪਰ ਉਹਨੇ ਹਰੀ ਨੂੰ ਇਹ ਗੱਲ ਦੱਸੀ ਨਹੀਂ। ਸਿਰਫ ਏਨਾ ਪੁੱਛਿਆ, "ਹਰੀ , ਤੁਸੀਂ ਕਿੰਨੇ ਕੁ ਡਰੇ ਹੋਏ ਹੋ ?"

"ਜਿੰਨੇ ਕੁ ਹੋਰ ਹਿੰਦੂ। ..ਜਾਂ ਬਾਹਰ ਫਿਰਦੇ ਬਿਨਾਂ ਕੇਸਾਂ ਦੇ ਸਿੱਖਾਂ ਦੇ ਮੁੰਡੇ।" ...ਹਰੀ ਦਾ ਦਿਲ ਕੀਤਾ ਪਈ ਦੱਸੇ ਕਿ ਜਦ ਕਦੇ ਉਹ ਹਨੇਰਾ ਪਏ ਫੈਕਟਰੀ ਤੋਂ ਮੁੜਦਾ ਏ ਤਾਂ ਆਪਣੇ ਪਿੱਛੇ ਆਉਂਦੇ ਮੋਟਰ ਸਾਈਕਲ, ਸਕੂਟਰ, ਮੋਪੇਡ ਜਾਂ ਸਾਈਕਲ ਵਾਲੇ ਨੌਜਵਾਨ ਸਿੱਖ ਨੂੰ ਦੇਖ ਕੇ ਉਹਦਾ ਤ੍ਰਾਹ ਨਿਕਲ ਜਾਂਦਾ। ਪਿੱਛੇ ਜਿਹੇ ਉਹਨੇ ਆਪਣੀ ਦਾਹੜੀ ਕਾਫੀ ਵਧਾ ਲਈ ਸੀ। ਰਾਤ ਨੂੰ ਘਰ ਆਉਂਦਾ ਸੀ ਤਾਂ ਕੇਸਰੀ ਪੱਗ ਬੰਨ੍ਹ ਲੈਂਦਾ ਸੀ। ...ਇਕ ਦਿਨ ਸਟ੍ਰੀਟ ਲਾਈਟ ਨਹੀਂ ਸੀ। ਉਹਨੂੰ ਬੂਹੇ ਅੱਗੇ ਖੜ੍ਹੇ ਨੂੰ ਦੇਖ ਕੇ ਸਾਰਾ ਟੱਬਰ ਈ ਡਰ ਗਿਆ ਸੀ। ਉਹ ਕਿਸੇ ਦੇ ਬੂਹਾ ਖੜਕਾਣ ਤੋਂ ਪਹਿਲਾਂ ਬੂਹੇ ਦੀਆਂ ਝੀਥਾਂ ਥਾਣੀ ਦੇਖਦੇ ਨੇ। ਓਸ ਦਿਨ ਪੱਗ ਨੂੰ ਦੇਖਕੇ ਭੁਲੇਖੇ 'ਚ ਆ ਗਏ। ...ਪਰ ਉਹਨੇ ਦੱਸਿਆ ਸੀ ਕਿ ਉਹ ਰਾਤ ਨੂੰ ਪੱਗ ਬੰਨ੍ਹ ਕੇ ਨਿਕਲਦਾ ਏ। ਤੇ ਉਹਨੂੰ ਦੇਖ ਵੀ ਕਈ ਰਾਹ ਜਾਂਦੇ ਡਰ ਜਾਂਦੇ ਨੇ। ...ਆਖ ਕੇ ਹਰੀ ਹੱਸਣ ਲੱਗ

ਪਿਆ। ਪਰ ਜਸਬੀਰ ਦਾ ਚਿਹਰਾ ਗੰਭੀਰ ਹੋ ਗਿਆ। ਕੁਝ ਸੋਚਦਿਆਂ ਉਹਨੇ ਪੁੱਛਿਆ, "ਹਰੀ ਤੂੰ ਕਿਸੇ ਧਰਮ ਨੂੰ ਤਾਂ ਮੰਨਦਾ ਨਹੀਂ। ਫੇਰ ਕਿਉਂ ਨਹੀਂ ਕੇਸ ਰੱਖ ਕੇ ਸਿੱਖ ਬਣ ਜਾਂਦਾ? ਮੇਰਾ ਮਤਲਬ ਐ, ਸਿੱਖਾਂ ਵਰਗੀ ਸ਼ਕਲ ਬਣਾ ਲੈਂਦਾ?"

ਹਰੀ ਨੂੰ ਸਮਝ ਨਾ ਆਵੇ ਕਿ ਇਹ ਗੱਲ ਉਹਨੇ ਦੋਸਤ ਦੀ ਜਾਨ ਬਚਾਉਣ ਲਈ ਆਖੀ ਏ ਜਾਂ ਆਪਣੇ ਵਿਸ਼ਵਾਸ ਦੇ ਅਨੁਸਾਰ ਸਾਰੇ ਪੰਜਾਬ ਨੂੰ ਖ਼ਾਲਿਸਤਾਨ ਬਨਾਣ ਲਈ? ਜਾਂ ਉਹਨੂੰ ਵਿਸ਼ਵਾਸ ਏ ਕਿ ਏਥੇ ਹਿੰਦੂ ਨਹੀਂ ਰਹਿ ਸਕਣਗੇ। ਜੇ ਰਹਿਣਗੇ ਤਾਂ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ। ਜਿਵੇਂ ਈਸਾਈਆਂ 'ਚ ਯਹੂਦੀ ਰਹਿੰਦੇ ਸਨ। ਜਿਨ੍ਹਾਂ ਦੇ ਮੂਹ ਤੇ ਜਦ ਕੋਈ ਈਸਾਈ ਥੁੱਕ ਦੇਂਦਾ ਸੀ ਤਾਂ ਉਹ ਰੁਮਾਲ ਨਾਲ ਮੂੰਹ ਪੂੰਝ ਕੇ ਅੱਗੇ ਟੁਰ ਜਾਂਦੇ ਸਨ। ਤੇ ਜਸਬੀਰ ਨਹੀਂ ਸੀ ਚਾਹੁੰਦਾ ਕਿ ਹਰੀ ਯਹੂਦੀ ਬਣ ਕੇ ਰਵ੍ਹੇ।

ਹਰੀ ਜਦ ਆਪਣੀ ਸੋਚ 'ਚ ਬਹੁਤ ਉਲਝ ਗਿਆ ਤਾਂ ਉਹਨੇ ਨਿਕਲਣ ਲਈ ਪੁੱਛਿਆ, "ਤੂੰ ਔਖਾ ਤਾਂ ਬਹੁਤ ਰਿਹਾ ਹੋਵੇਂਗਾ, ਅੰਡਰਗ੍ਰਾਊਂਡ ਰਹਿ ਕੇ?"

"ਹਾਂ, ਰਿਹਾ।"

"ਮੌਤ ਦਾ ਵੀ ਸਾਹਮਣਾ ਹੋਇਆ ਕਦੇ?"

"ਹੋਇਆ। ਪਰ ਬਹੁਤਾ ਨਹੀਂ। ...ਮੌਤ ਤਾਂ ਕਦੇ ਵੀ, ਕਿਤੇ ਵੀ, ਕਿਵੇਂ ਵੀ ਆ ਸਕਦੀ ਐ। ਮੇਰੇ ਤਾਂ ਨਾਲ ਨਾਲ ਫਿਰਦੀ ਰਹੀ ਐ। ਤਦੇ ਡਰ ਨਿਕਲ ਗਿਆ। ...ਪਰ ਹੁਣ ਹੈ, ਤੇਰੇ ਕੋਲ, ਤੇਰੇ ਘਰ 'ਚ ਬਹਿ ਕੇ। ....ਜਦ ਬੰਦਾ ਘਰ 'ਚ ਵੜ ਜਾਂਦੈ ਤਾਂ ਮੌਤ ਤੋਂ ਡਰਨ ਲੱਗ ਪੈਂਦੈ।"

"ਕਿਸੇ ਖਾਸ ਮੌਕੇ ਤੇ ਮੌਤ ਪਰ੍ਹੇ ਵੀ ਹੋ ਜਾਇਆ ਕਰਦੀ ਸੀ?" ਪੁੱਛ ਕੇ ਹਰੀ ਜਸਬੀਰ ਦੇ ਚਿਹਰੇ ਵੱਲ ਵੇਖਣ ਲੱਗ ਪਿਆ।

ਜਸਬੀਰ ਬੋਲਿਆ ਨਹੀਂ। ਉਹਦੇ ਮਨ 'ਚ ਉਹ ਮਹਾਨ ਪਲ ਆਏ ਜਦ ਬੰਦਾ ਆਪਣੇ ਦੁਸ਼ਮਣ ਨੂੰ ਕਤਲ ਕਰਨ ਜਾਂ ਸ਼ਹੀਦੀ ਪਾਉਣ ਦੇ ਚਾਓ 'ਚ ਅਲਮਸਤ ਹੋਈ ਫਿਰਦਾ ਏ। ਉਹਦਾ ਦਿਲ ਕਰਦਾ ਏ ਕਿ ਕਿਸੇ ਦੇ ਢਿੱਡ 'ਚ ਬਰਛਾ ਖੋਭ ਕੇ ਆਂਦਰਾਂ ਬਾਹਰ ਕੱਢ ਕੇ ਖਲਾਰ ਦੇਵੇ ਜਾਂ ਗੋਲੀਆਂ ਮਾਰ ਮਾਰ ਕੇ ਮਘੋਰੇ ਕਰ ਦੇਵੇ। ...ਓਦੋਂ ਲਗਦਾ ਏ ਕਿ ਸਾਰੇ ਕਿਲਿਆਂ ਤੇ ਸਾਡੇ ਝੰਡੇ ਝੂੱਲਣ ਵਾਲੇ ਨੇ। ਜਾਂ ਜੀਹਨੂੰ ਮਾਰਿਆ ਗਿਆ ਏ, ਉਹ ਇਹਦੇ ਰਾਹ 'ਚ ਰੁਕਾਵਟ ਏ। ...ਜਦੋਂ ਨਕਸਲੀ ਲਹਿਰ ਚੱਲੀ ਸੀ, ਉਹ ਹਮਦਰਦਾਂ ਵਿਚ ਫੜ ਲਿਆ ਗਿਆ ਸੀ। ਪਰ ਦੁਸ਼ਮਣ ਦਾ ਢਿੱਡ ਪਾੜਨ ਤੇ ਗੋਲੀਆਂ ਨਾਲ ਛਾਨਣੀ ਕਰਨ ਦਾ ਉਹਦਾ ਅਰਮਾਨ ਦਿਲ 'ਚ ਈ ਰਹਿ ਗਿਆ ਸੀ।

ਆਪਣੇ ਦਿਲ ਦੀ ਗੱਲ ਲੁਕਾਣ ਲਈ ਜਸਬੀਰ ਨੇ ਆਪਣਾ ਗੋਡਾ ਖੜ੍ਹਾ ਕਰ ਕੇ ਹੱਥ ਜ਼ਖ਼ਮ ਤੇ ਬੱਝੀ ਪੱਟੀ ਤੇ ਰੱਖ ਲਿਆ।

ਹਰੀ ਦਾ ਦਿਲ ਕੀਤਾ ਕਿ ਪੁੱਛੇ ਕਿ ਤੁਰੇ ਜਾਂਦੇ ਮਾਸੂਮ ਬੰਦੇ ਨੂੰ ਕਤਲ ਕਰਨ ਤੇ ਹਿਟ ਲਿਸਟ ਵਾਲੇ ਬੰਦੇ ਨੂੰ ਮਾਰਨ 'ਚ ਫ਼ਰਕ ਮਹਿਸੂਸ ਹੁੰਦਾ ਏ? ...ਪਰ ਸ਼ਬਦ ਵਾਕ ਬਣ ਬਣ ਕੇ ਉਹਦੇ ਅੰਦਰ ਈ ਉਲਝਦੇ ਰਹੇ। ਕੁਝ ਕਹਿਣ ਲਈ ਉਹਨੇ ਪੁੱਛਿਆ, "ਹੁਣ ਵੀ ਦਰਦ ਹੁੰਦੈ?"



"ਨਹੀਂ, ਮਿੱਠੀ ਖਾਜ ਹੁੰਦੀ ਐ।" ਆਖ ਕੇ ਜਸਬੀਰ ਨੇ ਜ਼ਖ਼ਮ ਤੋਂ ਹੱਥ ਹਟਾ ਲਿਆ ਤੇ ਕੰਧ ਦੇ ਸਹਾਰੇ ਹੋ ਕੇ ਬਹਿ ਗਿਆ।

ਹਰੀ ਨੇ ਸਿਗਰਟ ਦੀ ਡੱਬੀ ਕੱਢੀ। ਪਰ ਮੋੜ ਕੇ ਜੇਬ 'ਚ ਪਾ ਲਈ। ਜਸਬੀਰ ਮੁਸਕਰਾ ਪਿਆ। ਬੋਲਿਆ, "ਪੀ ਲੈ। ਮੈਨੂੰ ਪਤੈ, ਇਹਦੇ ਬਿਨਾ ਤੈਨੂੰ ਗੱਲ ਨਹੀਂ ਫੁਰਨੀ।"

ਹਰੀ ਨੂੰ ਯਾਦ ਆਇਆ, ਜਦ ਉਹ ਜਸਬੀਰ ਦੇ ਘਰ ਜਾਇਆ ਕਰਦਾ ਸੀ ਤਾਂ ਜਸਬੀਰ ਆਪ ਐਸ਼ ਟਰੇ ਚੁੱਕ ਕੇ ਉਹਦੇ ਅੱਗੇ ਲਿਆ ਕੇ ਰੱਖਦਾ ਹੁੰਦਾ ਸੀ। ...ਪਰ ਹੁਣ ਉਹਦੇ ਸਾਹਮਣੇ ਬੈਠਾ ਜਸਬੀਰ ਹੋਰ ਸੀ। ਜੀਹਨੇ ਪਤਾ ਨਹੀਂ ਕਿੰਨੇ ਮਾਸੂਮ ਬੰਦੇ ਕਤਲ ਕੀਤੇ ਹੋਣੇ। ...ਹਰੀ ਨੇ ਆਪਣੀ ਕੁਰਸੀ ਪਿੱਛੇ ਖਿੱਚ ਲਈ ਤੇ ਸਿਗਰਟ ਲਾ ਲਈ। ਫੇਰ ਬੜੀ ਅਹਿਸਾਨਮੰਦੀ ਦੀ ਨਜ਼ਰ ਨਾਲ ਉਹਦੇ ਵੱਲ ਵੇਖਿਆ। ਜਸਬੀਰ ਨੂੰ ਲੱਗਿਆ ਕਿ ਏਸ ਰੂਪ ਵਾਲੇ, ਤੇ ਇਹ ਕੰਮ ਕਰਨ ਵਾਲੇ ਬੰਦੇ ਨਾਲ ਉਹਨੂੰ ਜਿਹੜੀ ਨਫ਼ਰਤ ਪਹਿਲਾਂ ਸੀ, ਉਹ ਕੁਝ ਹੁਣ ਵੀ ਹੈ। ਪਰ ਹਰੀ ਨਾਲ ਨਹੀਂ। ਉਹਦਾ ਦਿਲ ਇਕ ਦਮ ਹਰੀ ਲਈ ਪਿਆਰ ਨਾਲ ਭਰ ਗਿਆ। ਉਹਦਾ ਦਿਲ ਕੀਤਾ, ਉਹ ਭਰਜਾਈ ਨੂੰ ਬੁਲਾਵੇ। ਦੋਹਾਂ ਬੱਚਿਆਂ ਨੂੰ ਕੋਲ ਬਹਾਵੇ। ਉਹਨਾਂ ਨੂੰ ਗੋਦੀ 'ਚ ਲੈਕੇ ਪਿਆਰ ਕਰੇ। ਭਰਜਾਈ ਨੂੰ ਪੁੱਛੇ ਕਿ ਉਹਦੇ ਪੇਟ 'ਚ ਜਿਹੜਾ ਦਰਦ ਹੁੰਦਾ ਰਹਿੰਦਾ ਸੀ, ਉਹਦਾ ਕੀ ਹਾਲ ਏ? ਇਹ ਸੋਚ ਕੇ ਉਹਦੀਆਂ ਅੱਖਾਂ 'ਚ ਪਾਣੀ ਆਉਣ ਲੱਗਾ। ਜਿਹੜਾ ਉਹਨੇ ਆਲੇ ਦੁਆਲੇ ਵੇਖ ਕੇ ਸੁਕਾ ਲਿਆ।

ਹਰੀ ਨੇ ਆਪਣੀ ਪਤਨੀ ਨੂੰ ਜਸਬੀਰ ਬਾਰੇ ਸਭ ਕੁਝ ਦਸਿਆ ਹੋਇਆ ਸੀ। ਪਰ ਬੱਚਿਆਂ ਨੂੰ ਕੁਝ ਨਹੀਂ ਸੀ ਦਸਿਆ। ਇਕ ਵਾਰ ਜਦ ਛੋਟੇ ਮੁੰਡੇ ਨੇ ਪੁੱਛਿਆ ਸੀ ਕਿ ਜਸਬੀਰ ਅੰਕਲ ਹੁਣ ਆਪਣੇ ਘਰ ਕਿਉਂ ਨਹੀਂ ਆਉਂਦੇ ਤਾਂ ਉਹਨੇ ਏਨਾ ਈ ਦਸਿਆ ਕਿ ਉਹ ਬੀਮਾਰ ਨੇ। ਆਪਣੇ ਪਿੰਡ ਨੇ। ਜਦ ਉਹਨੇ ਉਹਦੇ ਪਿੰਡ ਜਾਣ ਦੀ ਜ਼ਿੱਦ ਕੀਤੀ ਸੀ ਤਾਂ ਹਰੀ ਨੂੰ ਬਹਾਨਾ ਲਾਉਣਾ ਔਖਾ ਹੋ ਗਿਆ ਸੀ।

ਜਸਬੀਰ ਨੂੰ ਉਸ ਮੁੰਡੇ ਨਾਲ ਬਹੁਤ ਪਿਆਰ ਸੀ। ਉਹ ਉਹਨੂੰ ਪਿਆਰ ਨਾਲ 'ਮੇਰਾ ਬਾਂਦਰ' ਕਿਹਾ ਕਰਦਾ ਸੀ। ਜਸਬੀਰ ਜਦ ਵੀ ਆਉਂਦਾ ਸੀ, ਉਹ ਉਹਦੀ ਗੋਦੀ 'ਚ ਬਹਿ ਜਾਂਦਾ ਸੀ। ਰੋਟੀ ਉਹਦੇ ਨਾਲ ਖਾਂਦਾ ਸੀ। ਜਸਬੀਰ ਜਿਹੜੇ ਚਮਚੇ ਨਾਲ ਆਪ ਖਾਂਦਾ ਸੀ, ਉਹੀ ਉਹਦੇ ਮੂੰਹ 'ਚ ਪਾਈ ਜਾਂਦਾ ਹੁੰਦਾ ਸੀ। ...ਇਹ ਸੋਚਦਿਆਂ ਹਰੀ ਦਾ ਦਿਲ ਭਰ ਆਇਆ। ਅੰਦਰਲਾ ਜ਼ੋਰ ਪੈਣ ਤੇ ਉਹਨੇ ਪੁੱਛ ਈ ਲਿਆ, ਬਾਂਦਰ ਨੂੰ ਨਹੀਂ ਮਿਲਣਾ?"

ਜਸਬੀਰ ਨੇ ਆਪਣੀਆਂ ਅੱਖਾਂ ਤੇ ਬਾਂਹ ਰੱਖ ਲਈ। ਹਰੀ ਸ਼ਰਮਿੰਦਾ ਹੋ ਗਿਆ, ਆਪਣੀ ਗਲਤੀ ਤੇ। ਕੁਝ ਚਿਰ ਦੀ ਚੁੱਪ ਤੋਂ ਬਾਅਦ ਹਰੀ ਨੇ ਸ਼ਰਮਿੰਦਗੀ ਦੂਰ ਕਰਨ ਲਈ ਖੁਸ਼ੀ ਦੀ ਗੱਲ ਛੇੜੀ, "ਜਸਬੀਰ ਤੈਨੂੰ ਯਾਦ ਏ, ਮਿਸ ਕ੍ਰਾਂਤੀ ਉਰਫ਼ ਕਾਮਰੇਡ ਪਦਮਾ? ਜੀਹਦੇ ਨਾਲ ਬਹਿਸ ਕਰਦਿਆਂ ਤੇਰਾ ਚਿਹਰਾ ਲਾਲ ਹੋ ਜਾਇਆ ਕਰਦਾ ਸੀ। ਉਹ ਏਸੇ ਗੱਲ ਤੇ ਤੈਨੂੰ ਚੁੱਪ ਕਰਾ ਦੇਂਦੀ ਸੀ। ਉਹ ਇਕ ਅੰਗਰੇਜ਼ ਨਾਲ ਵਿਆਹ ਕਰਾ ਕੇ ਅਮਰੀਕਾ ਚਲੀ ਗਈ। ਕਿਸੇ ਬਰਾਡਕਾਸਟਿੰਗ ਸਰਵਿਸ 'ਚ ਨੌਕਰੀ

ਕਰਦੀ ਏ। ਸਾਮਰਾਜੀਆਂ ਦੀ ਸੇਵਾ ਕਰਨ ਲਈ।"

ਜਸਬੀਰ ਨੇ ਆਪਣੇ ਪਿੱਛੇ ਪਏ ਥੈਲੇ ਨੂੰ ਇਕ ਪਾਸੇ ਕਰਦਿਆਂ ਹਰੀ ਵੱਲ ਤੱਕਿਆ। ਪੱਗ ਦੇ ਲੜ ਨਾਲ ਅੱਖਾਂ ਮਲਦਿਆਂ ਸੋਚਿਆ—ਇਹ ਕਿਤੇ ਟਿੱਚਰ ਤੇ ਨਹੀਂ ਕਰ ਰਿਹਾ? ਫੇਰ ਨਿਸ਼ਚਿੰਤ ਜਿਹਾ ਹੋ ਕੇ ਠਰ੍ਹੰਮੇ ਨਾਲ ਬੋਲਿਆ, "ਕੁਝ ਚਿਰ ਪਹਿਲਾਂ ਮੇਰਾ ਇਹ ਵਿਸ਼ਵਾਸ ਬਣ ਗਿਆ ਸੀ ਕਿ ਮੈਨੂੰ ਆਪਣਾ ਪਿੱਛਾ ਭੁੱਲ ਜਾਣਾ ਚਾਹੀਦੈ। ਆਪਣਾ ਸਾਰਾ ਪਿਛਲਾ ਇਤਿਹਾਸ, ਸੰਸਕਾਰ ਤੇ ਰਿਸ਼ਤੇ ਨਾਤੇ। ...ਤਦੇ ਦੁਨੀਆਂ ਆਪਣੇ ਆਦਰਸ਼ਾਂ ਅਨੁਸਾਰ ਢਾਲੀ ਜਾ ਸਕਦੀ ਐ। ...ਪਰ ਪਿਛਲੇ ਕੁਝ ਦਿਨਾ ਤੋਂ ਮੇਰਾ ਇਹ ਵਿਸ਼ਵਾਸ ਟੁੱਟਣ ਲੱਗ ਪਿਐ। ਮੈਨੂੰ ਲਗਦੈ, ਏਸ ਸਭ ਕੁਝ ਤੋਂ ਟੁਟਿਆ ਨਹੀਂ ਜਾ ਸਕਦਾ। ...ਮੇਰਾ ਅੰਦਰ, ਜਿਹੜਾ ਨਫ਼ਰਤ ਤੇ ਗੁੱਸੇ ਨਾਲ ਭਰਿਆ ਪਿਆ ਸੀ, ਹੁਣ ਉਹਦੇ ਬੋਝ ਥੱਲੇ ਦਬ ਰਿਹੈ। ...ਚਲ ਛੱਡ, ਚੰਗਾ ਇਹੀ ਐ ਬਈ ਆਪਾਂ ਹਾਲ ਦੀ ਘੜੀ ਇਹਦੇ ਬਾਰੇ ਗੱਲ ਨਾ ਕਰੀਏ।..."

ਉਹ ਦੋਵੇਂ ਚੁੱਪ ਕਰ ਗਏ। ਕਾਫ਼ੀ ਦੇਰ ਬੋਲ ਹੀ ਨਾ ਸਕੇ। ਚੁੱਪ ਤੋਂ ਬਚਣ ਲਈ ਹਰੀ ਫ਼ੌਂਬੂ ਦੇ ਕੈਨਾਂ ਤੋਂ ਚਿੱਚੜ ਲੱਭ ਲੱਭ ਕੇ ਮਾਰਨ ਲੱਗ ਪਿਆ। ਤੇ ਜਸਬੀਰ ਆਪਣੇ ਥੈਲੇ ਨੂੰ ਇਕ ਪਾਸੇ ਕਰਕੇ ਲੇਟ ਗਿਆ। ..ਹਰੀ ਦੇ ਮਨ 'ਚ ਖੁਤਖੁਤੀ ਜਿਹੀ ਹੋਈ ਕਿ ਉਹ ਜਸਬੀਰ ਦੇ ਥੈਲੇ ਨੂੰ ਟੋਹ ਕੇ ਦੇਖੇ ਪਈ ਉਸ ਦੇ ਵਿਚ ਕੀ ਏ? ਪਰ ਉਹ ਪੁੱਛ ਵੀ ਨਾ ਸਕਿਆ। ਤਦ ਜਸਬੀਰ ਨੇ ਆਪਣੀਆਂ ਅੱਖਾਂ ਤੇ ਬਾਂਹ ਰੱਖ ਲਈ।

ਹਰੀ ਨੂੰ ਲੱਗਿਆ, ਜਸਬੀਰ ਆਪਣੇ ਟੱਬਰ ਨੂੰ ਯਾਦ ਕਰਕੇ ਦੁਖੀ ਏ। ਉਹ ਕੋਈ ਹੋਰ ਗੱਲ ਕਰਨ ਲਈ ਸ਼ਬਦ ਜੋੜਨ ਲੱਗਾ ਤਾਂ ਬਾਹਰਲੇ ਬੂਹੇ ਦੇ ਖੜਕਣ ਦੀ ਆਵਾਜ਼ ਆਈ। ਹਰੀ ਜਸਬੀਰ ਨੂੰ ਇਸ਼ਾਰੇ ਨਾਲ ਬੈਠੇ ਰਹਿਣ ਲਈ ਕਹਿ ਕੇ ਹੇਠਾਂ ਉਤਰ ਗਿਆ।

ਬੂਹਾ ਖੋਹਲਿਆ ਤਾਂ ਮੀਰ ਮੁਹੱਲਾ ਚੌਧਰੀ ਰਾਮ ਸਰਨ ਖੜ੍ਹਾ ਸੀ। ਉਹਨੇ ਸ਼ੁਕਰ ਕੀਤਾ ਕਿ ਪੁਲਸ ਨਹੀਂ। ਚੌਧਰੀ ਅਮਨ ਕਮੇਟੀ ਦੀ ਮੀਟਿੰਗ ਲਈ ਕਹਿਣ ਆਇਆ ਸੀ।

ਹਰੀ ਨੇ ਚੁਬਾਰੇ 'ਚ ਜਾ ਕੇ ਜਸਬੀਰ ਨੂੰ ਗੱਲ ਦੱਸੀ। ਤਾਂ ਵੀ ਉਹਦਾ ਡਰ ਨਾ ਗਿਆ। ਉਹਨੂੰ ਸ਼ੱਕ ਹੋਇਆ ਕਿ ਉਹਨੂੰ ਏਸ ਘਰ ਵੜਦੇ ਨੂੰ ਕਿਸੇ ਨੇ ਦੇਖ ਨਾ ਲਿਆ ਹੋਵੇ। ਕਿਤੇ ਹਰੀ ਨੇ ਚੌਧਰੀ...? ਜਾਂ ਚੌਧਰੀ...?

ਹਨ੍ਹੇਰਾ ਜ਼ਰਾ ਕੁ ਵਧਿਆ ਤਾਂ ਉਹ ਡਰ ਹਰੀ ਦੇ ਚਿਹਰੇ ਤੇ ਆ ਗਿਆ। ਉਹਨੂੰ ਲੱਗਿਆ ਕਿ ਪਤਾ ਨਹੀਂ ਚੌਧਰੀ ਨੂੰ ਸ਼ੱਕ ਹੋ ਗਿਆ ਹੋਵੇ ਜਾਂ ਜਸਬੀਰ ਨੇ ਚੁਬਾਰੇ ਦੀ ਬਾਰੀ ਖੋਹਲ ਲਈ ਹੋਵੇ ਤੇ ਚੌਧਰੀ ਨੇ ਉਹਨੂੰ ਦੇਖ ਲਿਆ ਹੋਵੇ। ਉਹਦੀ ਨਜ਼ਰ 'ਚ ਚੌਧਰੀ ਹਿੰਦੂ ਫ਼ਿਰਕਾਪ੍ਰਸਤ ਸੀ। ਜੀਹਦੇ ਨਾਲ ਉਹਨੂੰ ਨਫ਼ਰਤ ਸੀ। ਸੋਚਦਿਆਂ ਸੋਚਦਿਆਂ ਉਹਨੂੰ ਇਹ ਡਰ ਲੱਗਣ ਲਗ ਪਿਆ ਕਿ ਜਸਬੀਰ ਕਿਤੇ ਰਾਤ ਲਈ ਰਹਿ ਹੀ ਨਾ ਪਵੇ। ਫੇਰ ਰਾਤ ਕਿਵੇਂ ਨਿਕਲੇਗੀ? ਕਿਸੇ ਵੇਲੇ ਵੀ ਛਾਪਾ ਪੈ ਸਕਦਾ ਏ। ਉਹਨੇ ਚਾਹਿਆ ਕਿ ਜਸਬੀਰ ਹੁਣ ਚਲਿਆ ਹੀ ਜਾਵੇ ਤਾਂ ਚੰਗਾ। ਮੌਤ ਤੇ ਭੁੱਖ ਦੀ ਕਲਪਨਾ ਅੱਗੇ ਪਿਆਰ ਝਟ ਖੁਰ ਗਿਆ। ਪਰ ਉਹ ਕਹਿ ਕੁਝ ਨਾ ਸਕਿਆ। ਜਦ



ਕਿਹਾ ਤਾਂ ਇਹ, "ਹੁਣ ਆਪਾਂ ਰੋਟੀ ਖਾ ਲਈਏ। ...ਕਹੇਂ ਤਾਂ ਢਾਬੇ ਤੋਂ ਮਹਾਂ ਦੀ ਦਾਲ ਫੜ ਲਿਆਵਾਂ?"

"ਨਹੀਂ, ਤੂੰ ਕਿਤੇ ਜਾਣ ਦੀ ਖੇਚਲ ਨਾ ਕਰੀਂ।" ...ਆਖ ਕੇ ਜਸਬੀਰ ਨੂੰ ਲੱਗਿਆ ਕਿ ਇਹ ਗੱਲ ਉਹਦੇ ਮਨ 'ਚ ਹਰੀ ਸਾਰੇ ਸ਼ੱਕ ਨੇ ਪੈਦਾ ਕੀਤੀ ਏ। ਉਹਦੇ ਬੋਲਣ ਦਾ ਲਹਿਜ਼ਾ ਵੀ ਇਕਦਮ ਕੁਝ ਬਦਲਿਆ ਹੋਇਆ ਸੀ। ਹਰੀ ਨੂੰ ਵੀ ਉਹਦੇ ਦੋ ਸ਼ਬਦਾਂ 'ਨਹੀਂ' ਤੇ 'ਕਰੀਂ' ਦਾ ਲਹਿਜ਼ਾ ਰੜਕਿਆ। ...ਇਹ ਦਸ ਹਜ਼ਾਰ ਰੁਪਿਆਂ ਪਿੱਛੇ ਮੇਰੇ ਬੇਈਮਾਨ ਹੋਣ ਦੀ ਗੱਲ ਜਸਬੀਰ ਦੇ ਮਨ 'ਚ ਕਿਉਂ ਆ ਗਈ? ਦੋਵੇਂ ਪਰੇਸ਼ਾਨ ਹੋ ਗਏ। ਫੇਰ ਗੱਲ ਨੂੰ ਫੋਲਣ ਲਈ ਜਸਬੀਰ ਨੇ ਆਪ ਹੀ ਆਖ ਦਿੱਤਾ, "ਮੇਰੇ ਲਈ ਸਰਕਾਰ ਨੇ ਦਸ ਹਜ਼ਾਰ ਰੁਪੈ ਦਾ ਇਨਾਮ ਰੱਖਿਆ ਹੋਇਐ।" ਤੇ ਹੱਸਣ ਲੱਗ ਪਿਆ।

ਦੋਸਤਾਂ ਵਿਚਕਾਰ ਆਈ ਉਸ ਕਮੀਨੀ ਜਿਹੀ ਗੱਲ ਦੀ ਚੋਭ ਨੂੰ ਮਹਿਸੂਸ ਕਰਦਾ ਹਰੀ ਹੇਠਾਂ ਉਤਰ ਗਿਆ।

ਉਹ ਦੋ ਥਾਲੀਆਂ 'ਚ ਰੋਟੀ ਪੁਆ ਕੇ ਲਿਆਇਆ। ਖਾਣ ਲੱਗੇ ਤਾਂ ਹਰੀ ਨੂੰ ਬੜਾ ਓਪਰਾ ਜਿਹਾ ਲੱਗਾ। ਉਹਨਾਂ ਕਦੇ ਏਦ ਤਰ੍ਹਾਂ ਵੱਖਰੀਆਂ ਥਾਲੀਆਂ 'ਚ ਰੋਟੀ ਨਹੀਂ ਸੀ ਖਾਧੀ।

ਰੋਟੀ ਖਾ ਕੇ ਜਦ ਹਰੀ ਨੇ ਕਾਗਜ਼ 'ਚ ਲਪੇਟ ਲਿਆਂਦਾ ਗੁੜ ਅੱਗੇ ਕੀਤਾ ਤਾਂ ਜਸਬੀਰ ਨੇ ਕਿਹਾ, "ਤੇਰੀ ਇਹ ਗੁੜ ਖਾਣ ਦੀ ਆਦਤ ਨਾ ਗਈ।" ਹੁਣ ਜਸਬੀਰ ਦਾ ਲਹਿਜ਼ਾ ਬਹੁਤ ਸਹਿਜ ਸੀ।

"ਪਰ ਹੁਣ ਇਹ ਉਹ ਗੁੜ ਨੀਂ, ਜਿਹੜਾ ਤੂੰ ਪਿੰਡ ਤੋਂ ਲਿਆ ਕੇ ਦਿਆ ਕਰਦਾ ਸੀ। ਨਾਲੇ ਉਹ ਤਿਲਾਂ ਦੇ ਤਲੂਏਂ, ਜਿਹੜੇ ਬੇਬੇ ਭੇਜਦੀ ਹੁੰਦੀ ਸੀ, ਮੇਰੇ ਵਾਸਤੇ।" ਉਹ ਦੋਵੇਂ ਹੱਸ ਪਏ।

ਹੱਥ ਧੋ ਕੇ ਜਸਬੀਰ ਨੇ ਪੱਗ ਬੰਨ੍ਹਦਿਆਂ ਕਿਹਾ, "ਚੰਗਾ ਹੁਣ ਮੈਂ ਚਲਦੈਂ।" ...ਦੋ ਸਾਲ ਪਹਿਲਾਂ ਜਸਬੀਰ ਏਸ ਤਰ੍ਹਾਂ ਤੁਰਨ ਦੀ ਗੱਲ ਕਰਦਾ ਤਾਂ ਹਰੀ ਕਹਿੰਦਾ—ਤੁਰ ਕੇ ਦੇਖ, ਫੜੀ ਡੌਂਬੂ ਚੋਰ ਨੂੰ। ਜਾਂ ਕਹਿੰਦਾ...ਪੰਦਰਾਂ ਕੁ ਮਿੰਟ ਹੋਰ ਬਹਿ ਜਾ, ਸਿਰਫ਼ ਪੰਦਰਾਂ ਮਿੰਟ। ਜਾਂ ਕਹਿੰਦਾ ...ਬਸ ਮੈਨੂੰ ਇਹ ਸਿਗਰਟ ਮੁਕਾ ਲੈਣ ਦੇ। ਜਾਂ ਦੋਵੇਂ ਰਲ ਕੇ ਗਾਉਂਦੇ...ਟੁਰ ਜਾਈਂ ਵੇ ਕਾਹਲਿਆ, ਦੋ ਘੜੀਆਂ ਬਹਿ ਜਾ। ...ਪਰ ਉਹਨੇ ਕੁਝ ਨਹੀਂ ਕਿਹਾ। ਸਗੋਂ ਉਹਨੂੰ ਸੁੱਖ ਦਾ ਸਾਹ ਆਇਆ। ਫੇਰ ਵੀ ਉਹਨੇ ਉਪਰਲੇ ਦਿਲ ਤੋਂ ਕਿਹਾ, "ਰਾਤ ਨੂੰ ਕਿਥੇ ਜਾਏਂਗਾ। ਏਥੇ ਕੱਟ ਲੈ।"

"ਨਹੀਂ, ਮੇਰਾ ਏਥੇ ਰਹਿਣਾ ਠੀਕ ਨਹੀਂ।" ਕਹਿ ਕੇ ਉਹਨੇ ਚੁਬਾਰੇ ਦੀ ਬਾਰੀ ਖੋਹਲ ਕੇ ਬਾਹਰ ਨਜ਼ਰ ਮਾਰੀ। ਗਲੀ ਦੀ ਬੱਤੀ ਪਹਿਲਾਂ ਵਾਂਗ ਹੀ ਬੁਝੀ ਹੋਈ ਸੀ। ਉਹਨੇ ਚਾਦਰ ਨਾਲ ਬੁੱਕਲ ਮਾਰਦਿਆਂ ਚਿਹਰਾ ਲੁਕਾ ਲਿਆ। ਪੌੜੀਆਂ ਉਤਰਨ ਤੋਂ ਪਹਿਲਾਂ ਉਹਨੇ ਹਰੀ ਨੂੰ ਕਿਹਾ ਕਿ ਉਹ ਇਕ ਵਾਰੀ ਗਲੀ ਦੇਖ ਆਵੇ। ਹਰੀ ਹੇਠਾਂ ਉਤਰਿਆ ਤਾਂ ਉਹਦੀ ਪਤਨੀ ਵਿਹੜੇ 'ਚ ਡਰੀ ਖੜ੍ਹੀ ਸੀ। ਉਹਦਾ ਚਿਹਰਾ ਪੀਲਾ ਪਿਆ ਦਿਸਦਾ ਸੀ। ਉਹਨੇ ਡਰਦੀ ਨੇ ਹੌਲੀ ਦੇਣੀ ਪੁੱਛਿਆ, "ਸੱਚ ਦੱਸੋ ਇਹ ਕੌਣੈ?"

"ਮੇਰਾ ਜਮਾਤੀ ਐ, ਖੰਨੇ ਦਾ। ...ਜਾਣ ਨੂੰ ਤਿਆਰ ਐ।"

"ਝੂਠ ਕਿਉਂ ਬੋਲਦੇ ਹੋ। ਮੈਂ ਥੋਨੂੰ ਆਪ ਉਹਨੂੰ ਜਸਬੀਰ ਕਹਿੰਦਿਆਂ ਸੁਣਿਐ।"

"ਹਾਂ ਹਾਂ, ਪਰ ਇਹ ਉਹ ਜਸਬੀਰ ਨਹੀਂ। ਹੋਰ ਐ।"

"ਫੇਰ ਇਹ ਰਾਤ ਨੂੰ ਕਿਉਂ ਚੱਲਿਐ? ਐਹੋਜੇ ਤਾਂ ਦਿਨ ਨੇ। ਨਾਲੇ ਹੁਣ ਕਿਹੜਾ ਕੋਈ ਬੱਸ ਜਾਂਦੀ ਐ।" ਉਹਦੀ ਰੋਣਹਾਕੀ ਦੀ ਗੱਲ ਸੁਣ ਕੇ ਹਰੀ ਨੂੰ ਸਮਝ ਨਾ ਆਈ ਕਿ ਉਹ ਜਸਬੀਰ ਨੂੰ ਛੇਤੀ ਘਰੋਂ ਕੱਢਣ ਨੂੰ ਕਹਿੰਦੀ ਏ ਜਾਂ ਉਹਨੂੰ ਰਾਤ ਨੂੰ ਘਰ 'ਚ ਲੁਕਾ ਕੇ ਰੱਖਣ ਲਈ। ਉਹਨੂੰ ਉਲਝਣ ਵਿਚੋਂ ਗੱਲ ਫੁਰੀ, "ਇਹਦੀ ਐਥੇ ਰਿਸ਼ਤੇਦਾਰੀ ਐ। ਉਥੇ ਚਲਿਐ।" ਆਖ ਕੇ ਹਰੀ ਬੂਹਾ ਖੋਹਲ ਕੇ ਬਾਹਰ ਨਿਕਲ ਗਿਆ।

ਉਹਦੀ ਪਤਨੀ ਮਕਲੜੇ ਜਿਹੇ ਉਪਰ ਗਈ। ਉਹਨੇ ਚੁਗਾਠ ਦੇ ਨਾਲ ਲੱਗ ਕੇ ਅੰਦਰ ਦੇਖਿਆ। ਜਸਬੀਰ ਮੰਜੇ ਤੇ ਲੱਤਾਂ ਲਟਕਾਈ ਬੈਠਾ ਸੀ। ਛੱਬੂ ਉਹਦੀਆਂ ਲੱਤਾਂ ਨੂੰ ਚੇਥੜਦਾ ਦੰਦੀਆਂ ਵਿਢਦਾ ਖੇਡ ਰਿਹਾ ਸੀ। ਜਸਬੀਰ ਉਹਦੇ ਦੋਵੇਂ ਕੰਨ ਫੜਕੇ ਹਲੂਣ ਰਿਹਾ ਸੀ।

ਭਰਜਾਈ ਨੂੰ ਦੇਖ ਕੇ ਜਸਬੀਰ ਨੇ ਛੱਬੂ ਦੇ ਕੰਨ ਇਕ ਦਮ ਛੱਡ ਦਿੱਤੇ ਤੇ ਉਹਨੂੰ ਪਿਛਾਂਹ ਧੱਕ ਦਿੱਤਾ। ਆਪ ਅਡੋਲ ਖਲੋ ਗਿਆ। ਉਹ ਨਾ ਆਪਣਾ ਚਿਹਰਾ ਲੁਕਾਣ ਜੋਗਾ ਸੀ ਤੇ ਨਾ ਈ 'ਸਤਿ ਸ੍ਰੀ ਅਕਾਲ' ਕਹਿਣ ਜੋਗਾ। ਭਰਜਾਈ ਝਟ ਦੇਣੀ ਮੁੜ ਕੇ ਹੇਠਾਂ ਉਤਰ ਗਈ। ਉਹਦੇ ਦਿਲ ਦੀ ਛੱਤ ਢਹਿਣ ਲੱਗ ਪਈ ਸੀ। ਹਰੀ ਨੇ ਆ ਕੇ ਹਰੀ ਝੰਡੀ ਦਿੱਤੀ ਤਾਂ ਜਸਬੀਰ ਤੇਜ਼ੀ ਨਾਲ ਹੇਠਾਂ ਉਤਰਿਆ, ਚਾਦਰ ਨਾਲ ਚਿਹਰਾ ਲੁਕਾ ਕੇ। ਛੋਟੇ ਜਿਹੇ ਵਿਹੜੇ ਵਿਚੀਂ ਲੰਘਿਆ। ਬੂਹੇ 'ਚ ਖਲੋ ਕੇ ਉਹਨੇ ਚਾਰੇ ਪਾਸੇ ਦੇਖਿਆ। ਹਰੀ ਵੱਲ ਦੇਖ ਕੇ ਝਿਜਕਦਾ ਬੋਲਿਆ, "ਮੈਂ ਪਰਸੋਂ ਦਾ ਤੈਨੂੰ ਇਹ ਗੱਲ ਦੱਸਣ ਨੂੰ ਲੱਭ ਰਿਹਾ ਸੀ। ..ਆਉਣ ਵਾਲੇ ਸੱਤ ਦਿਨ ਰਾਤ ਦੀ ਡਿਊਟੀ ਨਾ ਕਰੀਂ। ਨਾਲੇ ਬੱਚਿਆਂ ਨੂੰ ਬਾਹਰ ਨਾ ਜਾਣ ਦਿਓ।" ਆਖ ਕੇ ਉਹ ਕਾਹਲ ਨਾਲ ਟੁਰਦਾ ਤੇ ਲੰਙਾਂਦਾ ਗਲੀ ਦਾ ਮੋੜ ਮੁੜ ਗਿਆ।

ਹਰੀ ਨੇ ਅੰਦਰਲਾ ਕੁੰਡਾ ਚੰਗੀ ਤਰ੍ਹਾਂ ਬੰਦ ਕੀਤਾ ਤੇ ਕਮਰੇ 'ਚ ਆ ਕੇ ਬੈਠ ਗਿਆ।

ਜਦ ਉਹ ਬਿਸਤਰੇ ਤੇ ਪਿਆ ਸੋਚ ਰਿਹਾ ਸੀ ਤਾਂ ਪਤਨੀ ਨੇ ਉਹਦੇ ਕੋਲ ਨੂੰ ਮੂੰਹ ਕਰਕੇ ਕਿਹਾ, "ਜੇ ਸੱਚ ਦਸ ਦੇਂਦੇ ਤਾਂ ਕੀ ਹਰਜ ਸੀ?"

"ਕਮਲੀ ਹੋ ਗਈ ਐਂ ਤੂੰ? ...ਉਹ ਤਾਂ ਪਤਾ ਨਹੀਂ ਕਿਥੇ ਮਰ ਖਪ ਗਿਆ ਹੋਊ। ਚੰਗਾ, ਮੈਨੂੰ ਪਰੇਸ਼ਾਨ ਨਾ ਕਰ। ਸੌਣ ਦੇ।" ਆਖ ਕੇ ਉਹਨੇ ਪਾਸਾ ਪਰਤ ਲਿਆ। ਅੱਖਾਂ ਮੀਚ ਕੇ ਸੌਣ ਦਾ ਬਹਾਨਾ ਕਰਨ ਲੱਗਾ। ਪਰ ਨੀਂਦ ਕਿੱਥੇ?

ਉਹਨੂੰ ਲਗਦਾ ਰਿਹਾ ਕਿ ਜਸਬੀਰ ਦੀ ਲੱਤ ਦਾ ਜ਼ਖ਼ਮ ਉਹਦੇ ਦਿਲ 'ਚ ਰਿਸ ਰਿਹਾ ਸੀ।



# ਆਪਣੀ ਧਰਤੀ

ਰਾਮ ਸਰੂਪ ਅਣਖੀ

—"ਚਲੋ ਆਓ, ਚਾਰ ਰੁਪਏ। ਗੋਭੀ ਚਾਰ ਰੁਪਏ ਕਿਲੋ।" ਬਾਜ਼ਾਰ ਵਿਚ ਰੇੜ੍ਹੀ ਵਾਲੇ ਅੱਧਖੜ ਆਦਮੀ ਨੇ ਉੱਚਾ ਬੋਲ ਕੱਢਿਆ ਹੈ।

—"ਆ ਜਾਓ, ਚਾਰ ਰੁਪਈਏ। ਗੋਭੀ ਦਾ ਫੁੱਲ ਵੀ ਦੇਖੋ, ਟਹਿ-ਟਹਿ ਕਰਦਾ। ਚੁੱਕੋ ਜੀ ਰੁਪਈਏ ਕਿਲੋ।" ਪਹਿਲੇ ਰੇੜੀ ਵਾਲੇ ਤੋਂ ਥੋੜ੍ਹੀ ਦੂਰ ਖੜ੍ਹੇ ਦੂਜੇ ਰੇੜ੍ਹੀ ਵਾਲੇ ਨੌਜਵਾਨ ਮੁੰਡੇ ਨੇ ਆਪਣਾ ਹੋਰ ਉੱਚਾ ਟੁਣਕਵਾਂ ਬੋਲ ਕੱਢ ਦਿੱਤਾ ਹੈ।

ਤੇ ਫੇਰ ਉੱਚੇ ਬੋਲਾਂ ਦਾ ਹੀ ਮੁਕਾਬਲਾ। ਗਾਹਕ ਕੋਈ ਕਿਧਰੇ ਵੀ ਨਹੀਂ। ਨਵੀਂ ਰੁੱਤ ਦੀ ਸਬਜ਼ੀ ਬਾਜ਼ਾਰ ਵਿਚ ਥੋੜ੍ਹੇ ਦਿਨਾਂ ਤੋਂ ਆਈ ਹੈ। ਐਨੇ ਮਹਿੰਗੇ ਭਾਅ ਦੀ ਗੋਭੀ ਹਰ ਕੋਈ ਨਹੀਂ ਖਰੀਦ ਰਿਹਾ। ਕੁਝ ਲੋਕ ਹੀ ਚਾਹੁੰਦੇ ਹੋਣਗੇ ਕਿ ਨਵੀਂ ਸਬਜ਼ੀ ਖਾਧੀ ਜਾਵੇ।

ਇਸ ਵਾਰ ਮੁੰਡੇ ਨੇ ਉੱਚਾ ਟੁਣਕਵਾਂ ਬੋਲ ਕੱਢਿਆ ਹੈ ਤਾਂ ਅੱਧਖੜਆਦਮੀ ਨੇ ਆਪਣਾ ਬੋਲ ਰੋਕ ਲਿਆ ਹੈ। ਉਹ ਮੁੰਡੇ ਦੀ ਰੇੜ੍ਹੀ ਵਲ ਚੁੱਪ-ਕੀਤਾ ਹੀ ਗਿਆ ਤੇ ਜਾ ਕੇ ਉਹਦੇ ਮੂੰਹ ਉੱਤੇ ਦੋ ਥੱਪੜ ਧਰ ਦਿੱਤੇ ਹਨ। ਕੜਕਿਆ ਹੈ—

"ਸਾ...ਲਾ, ਪੰਜਾਬੀ ਕਹੀਂ ਕਾ। ਉਧਰ ਹੀ ਰਹਿਤਾ, ਪੰਜਾਬ ਮੇਂ। ਯਹਾਂ ਆ ਕੇ ਹਮਾਰਾ ਧੰਦਾ ਖਰਾਬ ਕਰਤਾ। ਬੋਲ ਮੱਤ। ਸੀਧਾ ਹੋ ਕੇ ਬੇਚ ਜੋ ਬਿਕਤਾ ਹੈ।"

ਮੁੰਡਾ ਕੰਨ ਉੱਤੇ ਹੱਥ ਧਰ ਕੇ ਖੜ੍ਹ ਗਿਆ ਹੈ ਤੇ ਅੱਧਖੜ ਆਦਮੀ ਵਲ ਡੌਰ ਭੌਰਾ ਹੋ ਕੇ ਝਾਕਣ ਲੱਗਿਆ ਹੈ।

ਨੰਦ ਲਾਲ ਕੱਪੜੇ ਦੀ ਇਕ ਵੱਡੀ ਦੁਕਾਨ ਉੱਤੇ ਨੌਕਰ ਹੈ। ਹੋਰ ਨੌਕਰ ਵੀ ਹਨ। ਪਰ ਪੰਜਾਬੀ ਉਹ ਇਕੱਲਾ ਹੀ ਹੈ। ਦੁਕਾਨ ਦਾ ਮਾਲਕ ਸੇਠ ਤ੍ਰਿਪਰ ਚੰਦ ਵੀ ਪੰਜਾਬੀ ਹੈ। ਪਰ ਉਹ ਪੰਜਾਬੀ ਲਗਦਾ ਨਹੀਂ। ਐਨਾ ਹੈ ਕਿ ਉਹ ਪੰਜਾਬੀ ਜ਼ੁਬਾਨ ਬੋਲ ਸਕਦਾ ਹੈ। ਉਹਦਾ ਬਾਪ ਪੰਜਾਹ ਸਾਲ ਪਹਿਲਾਂ ਇਸ ਛੋਟੇ ਸਹਿਰ ਵਿਚ ਆ ਕੇ ਵਸ ਗਿਆ ਸੀ ਤੇ ਉਹਦੀ ਇਹ ਕੱਪੜੇ ਦੀ ਦੁਕਾਨ ਚੱਲ ਨਿਕਲੀ ਸੀ। ਹੁਣ ਉਧਰ ਪੰਜਾਬ ਵਿਚ ਉਨ੍ਹਾਂ ਦਾ ਕੁਝ ਨਹੀਂ। ਹੁਣ ਤਾਂ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਏਧਰ ਹੀ ਹਨ। ਸੇਠ ਤ੍ਰਿਪਰ ਚੰਦ ਘਰ ਦੇ ਮਾਹੌਲ ਵਿਚ ਬਚਪਨ ਤੋਂ ਪੰਜਾਬੀ ਜ਼ੁਬਾਨ ਜਾਣਦਾ ਹੈ। ਪਰ ਅਗਾਂਹ ਉਹਦੇ ਮੁੰਡੇ ਪੰਜਾਬੀ ਨਹੀਂ ਬੋਲਦੇ—ਘਰ ਵਿਚ ਵੀ ਨਹੀਂ।

ਸ਼ਾਇਦ ਭਾਸ਼ਾ ਦਾ ਹੀ ਲਗਾਅ ਸੀ ਜਾਂ ਫੇਰ ਸੇਠ ਤ੍ਰਿਪਰ ਚੰਦ ਦੇ ਪੁਰਾਣੇ ਪੰਜਾਬੀ ਸੰਸਕਾਰ ਕਿ ਉਹਨੇ ਨੰਦ ਲਾਲ ਨੂੰ ਆਪਣੀ ਦੁਕਾਨ ਉੱਤੇ ਨੌਕਰ ਰੱਖ ਲਿਆ। ਤਰਸ ਵੀ ਸ਼ਾਇਦ ਖਾਧਾ ਹੋਵੇਗਾ ਕਿ ਉਹ ਓਧਰੋਂ ਪੰਜਾਬ ਦੀ ਬਲਦੀ ਅੱਗ ਵਿਚੋਂ ਨਿਕਲ ਕੇ ਆਇਆ ਹੈ ਵਿਚਾਰਾ....ਹਿੰਦੂ ਪੰਜਾਬੀ ਭਰਾ ਹੈ। ਪਰ ਦੁਕਾਨ ਦੇ

ਦੂਜੇ ਨੌਕਰ ਨੰਦ ਲਾਲ ਦੀ ਨਿੱਕੀ ਜਿਹੀ ਭੁੱਲ ਨੂੰ ਐਨਾ ਉਛਾਲ ਕਿਉਂ ਦਿੰਦੇ ਨੇ...ਨੰਦ ਲਾਲ ਨੂੰ ਇਹ ਬਹੁਤ ਅੱਖਰਦਾ ਹੈ, ਬਹੁਤ ਚੁਭਦਾ ਹੈ। ਉਹ ਉਧਰ ਪੰਜਾਬ ਵਿਚ ਵੀ ਤਾਂ ਇਹੀ ਕੰਮ ਕਰਦਾ ਆਇਆ ਹੈ....ਪੰਦਰਾਂ ਸਾਲਾਂ ਤੋਂ ਇਹੀ ਕਰਦਾ ਸੀ। ਉਨ੍ਹਾਂ ਦੇ ਸ਼ਹਿਰ ਦਾ ਸੇਠ ਵਲਾਇਤੀ ਰਾਮ ਤਿਪਰ ਚੰਦ ਨਾਲੋਂ. ਕਿਤੇ ਵੱਡਾ ਵਪਾਰੀ ਸੀ, ਕੱਪੜੇ ਦਾ। ਵਲਾਇਤੀ ਰਾਮ ਦੀ ਦੁਕਾਨ ਉੱਤੇ ਉਹ ਸਭ ਤੋਂ. ਸਿਆਣਾ ਤੇ ਈਮਾਨਦਾਰ ਨੌਕਰ ਗਿਣਿਆ ਜਾਂਦਾ। ਇੰਜ ਬੈਠਦਾ ਤੇ ਇੰਜ ਗਾਹਕ ਨਾਲ ਗੱਲ ਕਰਦਾ ਜਿਵੇਂ ਉਹ ਖੁਦ ਹੀ ਦੁਕਾਨ ਦਾ ਮਾਲਕ ਹੋਵੇ ਜਾਂ ਸੇਠ ਵਲਾਇਤੀ ਰਾਮ ਦਾ ਕੋਈ ਭਾਈ-ਭਤੀਜਾ। ਪਰ ਏਥੇ ਆ ਕੇ..."ਏ ਪੰਜਾਬੀ, ਕੈਸਾ ਕਰਤਾ? ਕੱਪੜਾ ਪਕੜਨਾ ਨਹੀਂ ਆਤਾ ਕਯਾ?" ਤੇ ਫੇਰ ਉਹ ਇਕ ਦਿਨ ਗੱਲਾਂ ਕਰ ਰਹੇ ਹੁੰਦੇ ਹਨ...."ਯੇ ਸਾਲੇ ਸਬ ਏਕ ਸੇ ਹੈਂ। ਅੰਦਰ ਸੇ ਯਹ ਭੀ ਉਗਰਵਾਦੀ ਲਗਤਾ। ਆਂਖ ਦੇਖੋ, ਕੈਸਾ ਨਿਕਾਲਤਾ। ਦਾੜ੍ਹੀ ਬਢ਼ਾ ਕੇ ਪਗੜੀ ਬਾਂਧੇ, ਚਾਹੇ ਇਸ ਜੈਸਾ ਬਾਲ ਕਟਵਾ ਕੇ ਰੱਖੇ, ਇਨਕਾ ਕੋਈ ਪਤਾ ਨਹੀਂ ਬਾਬਾ....ਬਚਕੇ ਰਹਿਨਾ ਸਾਲੇ ਸੇ..." ਤੇ ਫੇਰ ਜ਼ੋਰ ਦਾ ਹੱਸੇ ਹਨ।

ਲਗਦਾ ਹੈ, ਉਹ ਏਥੇ ਉਸ ਨੂੰ ਟਿਕਣ ਨਹੀਂ ਦੇਣਗੇ।

ਉਹਦਾ ਆਪਣਾ ਤਾਂ ਕੁਝ ਨਹੀਂ, ਉਹ ਨਰਮ ਰਹਿਕੇ ਦਿਨ ਕੱਟ ਲਵੇਗਾ। ਪਰ ਉਹਦੇ ਮੁੰਡੇ ਦੀ ਰੇੜ੍ਹੀ ਵੀ ਤਾਂ ਨਹੀਂ ਲੱਗਣ ਦਿੱਤੀ ਜਾ ਰਹੀ। ਓਸ ਢਾਂਗੇ ਜਿਹੇ ਬਿਸ਼ੰਭਰ ਦਾਸ ਨੇ ਅੱਜ ਫੇਰ ਪਰਮਾਤਮਾ ਨੰਦ ਨੂੰ ਕੁੱਟ ਦਿੱਤਾ ਹੈ। ਅਖੇ ਜੀ—"ਤੁਮ ਊਂਚਾ ਕਿਉਂ ਬੋਲਤਾ ਇਤਨਾ।"

ਅਜੀਬ ਗੱਲ ਹੈ, ਉਹ ਉੱਚਾ ਬੋਲ ਕੇ ਹੋਕਾ ਨਹੀਂ ਦੇਵੇਗਾ ਤਾਂ ਸਬਜ਼ੀ ਲੈਣ ਕੌਣ ਆਵੇਗਾ?

ਇਹ ਇਕ ਛੋਟਾ ਸ਼ਹਿਰ ਹੈ। ਇਹ ਕਿਸੇ ਵੀ ਸੂਬੇ ਵਿਚ ਹੋ ਸਕਦਾ ਹੈ—ਹਰਿਆਣਾ, ਰਾਜਿਸਥਾਨ, ਹਿਮਾਚਲ ਪ੍ਰਦੇਸ਼ ਜਾਂ ਉੱਤਰ ਪ੍ਰਦੇਸ਼। ਸ਼ਹਿਰ ਕਿਸੇ ਵੀ ਸੂਬੇ ਦਾ ਹੁੰਦਾ, ਉਹਨੂੰ ਕੋਈ ਫਰਕ ਨਹੀਂ ਪੈਣਾ ਸੀ। ਐਨਾ ਸੀ ਬੱਸ ਕਿ ਉਹ ਪੰਜਾਬ ਦਾ ਕੋਈ ਸ਼ਹਿਰ ਨਾ ਹੋਵ।

ਨੰਦ ਲਾਲ ਪੰਜਾਬ ਦਾ ਹਿੰਦੂ ਹੈ। ਉਹਦੇ ਲਈ ਇਹ ਕਿਹਾ ਕਸ਼ਟਦਾਇਕ ਅਹਿਸਾਸ ਹੈ ਕਿ ਉਹ ਪੰਜਾਬ ਵਿਚ 'ਹਿੰਦੂ' ਹੈ ਤੇ ਪੰਜਾਬ ਤੋਂ ਬਾਹਰ 'ਪੰਜਾਬੀ'। ਪੰਜਾਬ ਵਿਚ ਇਕ ਸ਼ਹਿਰ ਕੋਲ ਉਹਦਾ ਪਿੰਡ ਹੈ। ਸ਼ਹਿਰ ਤੋਂ ਤਿੰਨ ਮੀਲ ਦੂਰ। ਪੰਜਾਬ ਵਿਚ ਇਹ ਪਿੰਡ ਕਿਤੇ ਵੀ ਹੋ ਸਕਦਾ ਹੈ—ਮਾਝਾ, ਦੁਆਬਾ, ਮਾਲਵਾ ਜਾਂ ਪੁਆਧ। ਸਾਹ ਸੂਤ ਲੈਣ ਵਾਲਾ ਆਤੰਕ ਤਾਂ ਹਰ ਪਿੰਡ ਹਰ ਸ਼ਹਿਰ ਵਿਚ ਹੈ। ਹਰ ਪੰਜਾਬੀ ਹਿੰਦੂ ਦੇ ਮਨ ਵਿਚ ਦਹਿਸ਼ਤ ਦੂਰ ਗਹਿਰਾਈ ਤੱਕ ਉਤਰ ਗਈ ਹੈ। ਪਿੰਡਾਂ ਦੇ ਹਿੰਦੂ-ਪਰਿਵਾਰ ਉੱਠ ਕੇ ਸ਼ਹਿਰਾਂ ਵਿਚ ਆ ਵਸੇ ਹਨ। ਸੋਚਦੇ ਹਨ—ਸ਼ਹਿਰ ਵਿਚ ਤਾਂ ਬਚਾਓ ਹੈ ਫੇਰ ਵੀ ਕੁਝ। ਬਹੁਤੇ ਫੇਰ ਵਾਪਸ ਵੀ ਆਪਣੇ ਪਿੰਡਾਂ ਨੂੰ ਚਲੇ ਗਏ। ਪੰਚਾਇਤਾਂ ਆਈਆਂ ਤੇ ਉਨ੍ਹਾਂ ਨੂੰ ਮੋੜ ਕੇ ਲੈ ਗਈਆਂ। ਅਖੇ—"ਤੁਹਾਡੇ ਬਗੈਰ ਸਾਡਾ ਗੁਜ਼ਾਰਾ ਨਹੀਂ।" ਕੁਝ ਹਿੰਦੂ-ਪਰਿਵਾਰ ਬਹੁਤ ਤੱਤੇ ਵਗੇ ਤੇ ਪੰਜਾਬ ਛੱਡ ਹੀ ਦਿੱਤਾ। ਦੂਜੇ



ਸੂਬਿਆਂ ਵਿਚ ਜਾ ਵਸੇ। ਅਖੇ "ਓਥੇ ਆਪਣੇ ਹਿੰਦੂ ਭਰਾਵਾਂ ਵਿਚ ਰਹਾਂਗੇ।"

ਪੰਜਾਬ ਵਿਚ ਨੰਦ ਲਾਲ ਨਿੱਤ ਸਵੇਰੇ ਅੱਠ ਵਜੇ ਆਪਣੇ ਪਿੰਡੋਂ ਸਾਇਕਲ ਉੱਤੇ ਚਲਦਾ ਤੇ ਸ਼ਹਿਰ ਪਹੁੰਚਦਾ। ਸੇਠ ਵਲਾਇਤੀ ਰਾਮ ਤੋਂ ਚਾਬੀ ਲੈ ਕੇ ਦੁਕਾਨ ਓਹੀ ਖੋਲ੍ਹਦਾ ਹੁੰਦਾ ਤੇ ਨਿੱਤ ਦਾ ਕਾਰ-ਵਿਹਾਰ ਚੱਲਣ ਲਗਦਾ। ਉਹ ਸ਼ਾਮ ਨੂੰ ਅੱਠ ਵਜੇ ਹੀ ਪਿੰਡ ਮੁੜਦਾ।

ਨੰਦ ਲਾਲ ਦਾ ਮੁੰਡਾ ਪਰਮਾਤਮਾ ਨੰਦ ਸਵੇਰੇ ਪੰਜ ਵਜੇ ਪਿੰਡੋਂ ਸਾਈਕਲ ਉੱਤੇ ਸ਼ਹਿਰ ਆਉਂਦਾ ਤੇ ਸਬਜ਼ੀ ਮੰਡੀ ਵਿਚੋਂ ਗਧੇ ਵਾਂਗ ਸਬਜ਼ੀ ਦਾ ਸਾਈਕਲ ਲੱਦ ਕੇ ਫੇਰ ਪਿੰਡ-ਪਿੰਡ ਫਿਰ ਕੇ ਸਬਜ਼ੀ ਵੇਚਦਾ।

ਨੰਦ ਲਾਲ ਦੇ ਦਿਮਾਗ ਵਿਚ ਕੈਂਸਰ ਰੋਗ ਜਿਹਾ ਇਕ ਡਰ ਬੈਠ ਗਿਆ ਸੀ ਕਿ ਉਨ੍ਹਾਂ ਦੋਵਾਂ ਪਿਓ-ਪੁੱਤਾਂ ਨੂੰ ਇਕ ਦਿਨ ਕੋਈ ਕਤਲ ਕਰ ਦੇਵੇਗਾ...ਉਹਨੂੰ ਸ਼ਾਮ ਦੇ ਹਨੇਰੇ ਵਿਚ ਤੇ ਉਹਦੇ ਮੁੰਡੇ ਨੂੰ ਸਵੇਰ ਦੇ ਹਨੇਰੇ ਵਿਚ। ਕੰਮ ਉੱਤੇ ਜਾਏ ਬਗੈਰ ਦੋਵਾਂ ਨੂੰ ਨਹੀਂ ਸਰਦਾ ਤੇ ਉਹ ਹਨੇਰੇ ਤੋਂ ਭੱਜ ਕੇ ਕਿਧਰੇ ਜਾ ਨਹੀਂ ਸਕਦੇ। ਇਕ ਦਿਨ ਇਹ ਹਨੇਰਾ ਉਨ੍ਹਾਂ ਨੂੰ ਕਾਲੇ ਨਾਗ ਵਾਂਗ ਡਸ ਲਵੇਗਾ। ਪਰ ਕਤਲ ਤਾਂ ਚਿੱਟੇ ਦਿਨ ਵੀ ਹੋ ਰਹੇ ਸਨ। ਜਿਵੇਂ ਦਿਨ ਹੋਣ ਹੀ ਨਾ, ਰਾਤ ਹੀ ਰਾਤ ਹੋਵੇ। ਕਿਉਂ ਨਾ ਉਹ ਇਸ ਹਨੇਰੇ ਨੂੰ ਚਾਨਣ ਵਿਚ ਬਦਲ ਲੈਣ, ਪੰਜਾਬ ਹੀ ਛੱਡ ਜਾਣ। ਸਾਰਾ ਪੰਜਾਬ ਉਨ੍ਹਾਂ ਲਈ ਇਕ ਰਾਤ ਹੈ....ਵਰ੍ਹਿਆਂ ਲੰਬੀ ਰਾਤ ਤੇ ਪੰਜਾਬ ਤੋਂ ਬਾਹਰ ਸਾਰਾ ਸੰਸਾਰ ਚਾਨਣ ਹੀ ਚਾਨਣ।

ਪੰਜਾਬ ਤੋਂ ਬਾਹਰ ਆ ਕੇ ਇਸ ਛੋਟੇ ਸ਼ਹਿਰ ਵਿਚ ਹੁਣ ਉਨ੍ਹਾਂ ਦਾ ਫੇਰ ਗੁਜ਼ਾਰਾ ਨਹੀਂ। ਨੰਦ ਲਾਲ ਤਾਂ ਇਹ ਸੋਚ ਕੇ ਇਥੇ ਆਇਆ ਸੀ ਕਿ ਹਿੰਦੂ ਭਰਾਵਾਂ ਵਿਚ ਰਹਾਂਗਾ। ਪਰ ਇਥੇ ਹਿੰਦੂ ਭਰਾ ਵਾਲੀ ਗੱਲ ਹੀ ਕੋਈ ਨਹੀਂ। ਸਭ ਹਿੰਦੂ ਹੀ ਹਿੰਦੂ ਹਨ, ਭਰਾ ਹੋਣ ਦਾ ਅਹਿਸਾਸ ਕਿੱਥੋਂ ਆਵੇ। ਇਕੋ ਕਿਸਮ ਦੇ ਕੀੜਿਆਂ ਵਿਚ ਕੀੜਾ ਹੋਣ ਦਾ ਅਹਿਸਾਸ ਕਿਸ ਨੂੰ ਹੁੰਦਾ ਹੈ! ਨੰਦ ਲਾਲ ਨੂੰ ਅਹਿਸਾਸ ਤਾਂ ਹੈ, ਪੰਜਾਬੀ ਹੋਣ ਦਾ ਬੁਰਾ ਅਹਿਸਾਸ। ਪੰਜਾਬ ਵਿਚ ਉਹਨੂੰ ਆਪਣਾ ਹਿੰਦੂ ਹੋਣਾ ਬੁਰਾ ਲੱਗਿਆ ਸੀ ਤੇ ਇਥੇ ਪੰਜਾਬੀ ਹੋਣਾ ਬੁਰਾ ਲਗਦਾ ਹੈ।

ਇਕ ਦਿਨ ਕੀ ਹੁੰਦਾ ਹੈ, ਸੇਠ ਤਿਪਰ ਚੰਦ ਉਹਨੂੰ ਨੌਕਰੀ ਤੋਂ ਜਵਾਬ ਦੇ ਦਿੰਦਾ ਹੈ। ਕਹਿੰਦਾ ਹੈ—"ਤੇਰਾ ਤਾਂ ਦੂਜੇ ਨੌਕਰਾਂ ਨਾਲ ਹਰ ਰੋਜ਼ ਝਗੜਾ ਰਹਿੰਦੈ। ਤੇਰੇ ਵਿਚ ਈ ਕੋਈ ਨੁਕਸ ਹੋਵੇਗਾ। ਇਹ ਐਨੇ ਨੌਕਰ, ਸਾਰੇ ਥੋੜ੍ਹਾ ਝੂਠੇ ਹੋ ਗਏ। ਕਿਸੇ ਹੋਰ ਦੁਕਾਨ ਉੱਤੇ ਆਪਣਾ ਬੰਦੋਬਸਤ ਕਰ, ਭਾਈ।"

ਕਿੱਧਰ ਜਾਵੇ ਨੰਦ ਲਾਲ, ਕੀ ਕਰੇ? ਉਸ ਸ਼ਹਿਰ ਵਿਚ ਹੋਰ ਕੋਈ ਵੀ ਕੱਪੜੇ ਦੀ ਦੁਕਾਨ ਅਜਿਹੀ ਨਹੀਂ, ਜਿੱਥੇ ਕੋਈ ਉਹਨੂੰ ਨੌਕਰ ਰੱਖ ਲਵੇ। ਉਹ ਕਈ ਦੁਕਾਨਾਂ ਉੱਤੇ ਜਾ ਆਇਆ ਹੈ। ਹਰ ਕਿਸੇ ਨੇ ਜਵਾਬ ਦਿੱਤਾ ਹੈ...."ਜ਼ਰੂਰਤ ਨਹੀਂ, ਭਾਈ।" ਜਾਂ...."ਪਹਿਲੇ ਹੀ ਫਾਲਤੂ ਹੈਂ।"

ਨੰਦ ਲਾਲ ਦਸ ਦਿਨਾਂ ਤੋਂ ਵਿਹਲਾ ਘਰ ਬੈਠਾ ਹੋਇਆ ਹੈ। ਮਾਲਕ-ਮਕਾਨ ਨੇ ਇਕ ਕਮਰਾ ਦੋ ਮਹੀਨਿਆਂ ਲਈ ਕਿਰਾਏ ਉੱਤੇ ਦਿੱਤਾ ਸੀ। ਕਿਰਾਇਆ ਪੇਸ਼ਗੀ ਲੈ

ਲਿਆ। ਹੁਣ ਦੋ ਮਹੀਨੇ ਪੂਰੇ ਹੋਣ ਵਾਲੇ ਹਨ। ਅਗਲੇ ਦੋ ਮਹੀਨੇ ਜਾਂ ਇਕ ਮਹੀਨੇ ਲਈ ਹੀ ਉਹ ਪੇਸ਼ਗੀ ਕਿਰਾਇਆ ਕਿੱਥੋਂ ਦੇਵੇਗਾ? ਹੋ ਸਕਦਾ ਹੈ, ਕਮਰਾ ਹੀ ਖ਼ਾਲੀ ਕਰਵਾ ਲਿਆ ਜਾਵੇ। ਪਰਮਾਤਮਾ ਨੰਦ ਵੀ ਕੋਈ ਖ਼ਾਸ ਕਮਾਈ ਕਰਕੇ ਨਹੀਂ ਲਿਆਉਂਦਾ। ਬੁਝਿਆ-ਬੁਝਿਆ ਜਿਹਾ ਰਹਿੰਦਾ ਹੈ। ਉਹ ਪੰਜਾਬ ਛੱਡਣ ਲਈ ਰਾਜ਼ੀ ਨਹੀਂ ਸੀ। ਆਖ ਰਿਹਾ ਸੀ—"ਕੀ ਹੁੰਦੈ, ਭਾਈ ਜੀ, ਬੈਠੇ ਰਹੋ। ਹਨੇਰੀ ਐ ਨਿੱਕਲ ਜਾਵੇਗੀ।"

ਨੰਦ ਲਾਲ ਨੇ ਸੋਚਿਆ ਸੀ—"ਜਵਾਨੀ ਦੀ ਉਮਰ ਐ, ਮੁੰਡੇ ਨੂੰ ਜ਼ਮਾਨੇ ਦਾ ਕੀ ਥਹੁ ਪਤਾ! ਇਹਨੂੰ ਹਵਾ ਦੀ ਕੀ ਪਛਾਣ? ਅਸੀਂ ਤਾਂ ਦੁਨੀਆਂ ਦੇਖੀ ਹੋਈ ਐ। ਮੈਂ ਤਾਂ ਸੈਤਾਲੀ ਸੁਣਿਆ ਹੋਇਐ, ਭਾਈ। ਹੁੰਝਾ ਈ ਫਿਰ ਗਿਆ, ਤਾਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ?"

ਉਹ ਚਾਰ ਜੀਅ ਹਨ। ਉਹ ਤੇ ਪਰਮਾਤਮਾ ਨੰਦ ਦੀ ਮਾਂ ਤੇ ਉਨ੍ਹਾਂ ਦੀ ਦਸ-ਗਿਆਰਾਂ ਸਾਲ ਦੀ ਛੋਟੀ ਕੁੜੀ। ਸਕੂਲ ਪੜ੍ਹਨ ਜਾਂਦੀ ਹੈ। ਸਕੂਲ ਵਿਚ ਉਹ ਵੀ ਦੁਖੀ ਹੈ। ਉਹਨੂੰ ਹਿੰਦੀ ਨਹੀਂ ਬੋਲਣੀ ਆਉਂਦੀ। ਉਹਦੀ ਪੰਜਾਬੀ ਉੱਤੇ ਕੁੜੀਆਂ ਉਹਨੂੰ ਛੇੜਦੀਆਂ ਹਨ ਤੇ ਉਹਦੇ ਉੱਤੇ ਬੁਰੀ ਤਰ੍ਹਾਂ ਹੱਸਦੀਆਂ ਹਨ। ਪੰਜਾਬੀ ਸ਼ਬਦਾਂ ਨੂੰ ਲੈ ਕੇ ਉਹਨੂੰ 'ਖਿਝਾਂ' ਪਾ ਰੱਖੀਆਂ ਹਨ। ਘਰ ਆ ਕੇ ਕੁੜੀ ਉਦਾਸ ਰਹਿੰਦੀ ਹੈ। ਜੇ ਇਸ ਤਰ੍ਹਾਂ ਦਾ ਹੀ ਹਾਲ ਰਿਹਾ ਤਾਂ ਇਕ ਦਿਨ ਉਹ ਭੁੱਖੇ ਮਰ ਜਾਣਗੇ। ਲਗਦਾ ਹੈ ਜਿਵੇਂ ਦੋ ਡੰਗਾਂ ਦੀ ਰੋਟੀ ਵੀ ਨਾਦੀਦ ਹੋਵੇ। ਇਥੇ ਨਾ ਘਰ ਦਾ ਮਕਾਨ ਤੇ ਨਾ ਕਮਾਈ। ਇਨ੍ਹਾਂ ਲੋਕਾਂ ਦੀਆਂ ਓਪਰੀਆਂ ਅੱਖਾਂ ਅਲੱਗ।

ooo

ਨਿੱਤ ਵਾਂਗ ਉਹਨੇ ਅੱਜ ਵੀ ਆਪਣਾ ਦੋ ਸੈੱਲਾਂ ਵਾਲਾ ਟੁੱਟਿਆ-ਤਿੜਕਿਆ ਟਰਾਂਜਿਸਟਰ ਸੁਣਿਆ ਹੈ। ਤਰਨਤਾਰਨ ਨੇੜੇ ਨਹਿਰ ਦੀ ਪਟੜੀ ਉੱਤੇ ਇਕ ਸਾਈਕਲ ਸਵਾਰ ਦੋਧੀ ਨੂੰ ਗੋਲੀ ਮਾਰ ਦਿੱਤੀ ਗਈ। ਦੋਧੀ ਥਾਂ ਦੀ ਥਾਂ ਦਮ ਤੋੜ ਗਿਆ। ਮੋਗੇ ਵਿਚ ਸ਼ਾਮ ਨੂੰ ਇਕ ਦੁਕਾਨਦਾਰ ਆਪਣੀ ਦੁਕਾਨ ਬੰਦ ਕਰਕੇ ਘਰ ਜਾ ਰਿਹਾ ਸੀ, ਉਹਨੂੰ ਸਰੇ ਬਾਜ਼ਾਰ ਸੜਕ ਉੱਤੇ ਭੁੰਨ ਦਿੱਤਾ ਗਿਆ। ਨਿੱਤ ਅਜਿਹੀਆਂ ਖ਼ਬਰਾਂ ਸੁਣਨ ਦੀ ਨੰਦ ਲਾਲ ਨੂੰ ਜਿਵੇਂ ਆਦਤ ਪੈ ਗਈ ਹੋਵੇ। ਹੁਣ ਇਹ ਖ਼ਬਰਾਂ ਸੁਣ ਕੇ ਉਹਦਾ ਦਿਲ ਨਹੀਂ ਕੰਬਦਾ।

ਆਪਣੇ ਪਿੰਡੋਂ ਚੱਲਣ ਵੇਲੇ ਇਕ ਟਰੱਕ ਵਿਚ ਆਪਣਾ ਸਾਰਾ ਲਕਾ-ਤੁੱਕਾ ਲੱਦ ਲਿਆਇਆ ਸੀ। ਘਰ ਦੇ ਸਾਰੇ ਬਾਰਾਂ ਨੂੰ ਜੰਦਰੇ ਲਾ ਕੇ ਚਾਬੀਆਂ ਆਪਣੇ ਗਵਾਂਢੀ ਜਰਨੈਲ ਸਿੰਘ ਨੂੰ ਫੜਾ ਦਿੱਤੀਆਂ ਸਨ। ਆਖਿਆ ਸੀ—"ਜੈਲਿਆ ਭਰਾਵਾ, ਆਹ ਫੜ ਚਾਬੀਆਂ। ਕੁਦਰਤ ਦਾ ਕੀ ਪਤਾ, ਕੀਹ ਐ ਮੁੜਕੇ ਆ ਜਾਈਏ। ਨਹੀਂ ਫੇਰ, ਤੂੰ ਮਾਲਕ ਏਸ ਘਰ ਦਾ।"

ਜਰਨੈਲ ਸਿੰਘ ਦੀਆਂ ਅੱਖਾਂ ਗਿੱਲੀਆਂ ਸਨ—"ਨੰਦੂ ਭਾਈ, ਦੇ ਜਾ ਚਾਬੀਆਂ। ਤੇਰੀ 'ਮਾਨਤ ਐ, ਤੇਰਾ ਘਰ। ਜਿਹੜਾ ਕੁਝ ਛੱਡ ਗਿਐਂ, ਹੱਥ ਤਾਂ ਕਿਸੇ ਨੂੰ ਲਾਣ ਦਿੰਦਾ ਨੀ ਮੈਂ। ਜਦੋਂ ਮਰਜ਼ੀ ਚਾਬੀਆਂ ਫੜ ਲਈਂ ਆ ਕੇ ਮੈਂ ਤਾਂ ਬਥੇਰਾ ਸਮਝਾਇਆ ਤੈਨੂੰ, ਤੇਰਾ ਦਿਲ ਨਹੀਂ ਖੜ੍ਹਦਾ ਤਾਂ, ਤੇਰੀ ਮਰਜ਼ੀ।"



ਜਰਨੈਲ ਸਿੰਘ ਨੂੰ ਹੀ ਪਤਾ ਸੀ ਬੱਸ ਇਕ। ਨੰਦ ਲਾਲ ਤੜਕੇ ਦੇ ਚਾਰ ਵਜੇ ਪਿੰਡੋਂ ਨਿਕਲ ਤੁਰਿਆ ਸੀ।

ਇਸ ਸ਼ਹਿਰ ਵਿਚ ਅੱਜ ਉਹਨੇ ਫੇਰ ਟਰੱਕ ਭਾੜੇ 'ਤੇ ਕੀਤਾ ਹੈ। ਦਿਨ ਦੇ ਚਿੱਟੇ ਚਾਨਣ ਵਿਚ ਆਪਣਾ ਸਾਰ ਸਾਮਾਨ ਟਰੱਕ ਉੱਤੇ ਲੱਦ ਲਿਆ ਹੈ। ਸ਼ਾਮ ਤੱਕ ਉਹ ਪੰਜਾਬ ਵਿਚ ਆਪਣੇ ਪਿੰਡ, ਆਪਣੇ ਘਰ, ਆਪਣੀ ਧਰਤੀ ਉੱਤੇ ਪਹੁੰਚ ਜਾਵੇਗਾ। ਸ਼ਾਮ ਕੀ, ਚਾਹੇ ਅੱਧੀ ਰਾਤ ਹੋ ਜਾਵੇ। ਆਪਣੇ ਪਿੰਡ ਜਾ ਕੇ ਕਾਹਦਾ ਡਰ?

ਮਾਂ-ਧੀ ਡਰਾਈਵਰ ਕੋਲ ਬੈਠ ਗਈਆਂ ਹਨ। ਉਹ ਆਪ ਵੀ ਇਥੇ ਹੀ ਬੈਠ ਜਾਵੇਗਾ। ਪਰਮਾਤਮਾ ਨੰਦ ਟਰੱਕ ਦੇ ਉੱਤੇ ਜਾ ਕੇ ਟੂਲ-ਬਕਸ ਵਿਚ ਅੱਧ ਲੇਟਿਆ ਜਿਹਾ ਬੈਠ ਗਿਆ ਹੈ। ਮਕਾਨ ਮਾਲਕ ਨੂੰ ਕਮਰਾ ਸੰਭਾਲ ਕੇ ਨੰਦ ਲਾਲ ਬੋਲਿਆ ਹੈ—"ਚੰਗਾ ਭਾਈ ਸਾਅਬ, ਏਥੇ ਭੁੱਖੇ ਮਰਨ ਨਾਲੋਂ, ਜੇ ਮਰਨਾ ਈ ਹੋਇਆ, ਓਥੇ ਆਪਣੀ ਧਰਤੀ ਉੱਤੇ ਖਾਂਦੇ-ਪੀਂਦੇ ਤਾਂ ਮਰਾਂਗੇ।"

# ਚਿੜੀਆਂ

ਰਘੁਬੀਰ ਢੰਡ

'ਨੀਲੇ ਤਾਰੇ' ਵਾਲੇ ਜੂਨ ਦਾ ਅਖੀਰ ਜਾਂ ਜੁਲਾਈ ਦਾ ਸ਼ੁਰੂ ਸੀ, ਜਦੋਂ ਮੇਰੀ ਪਤਨੀ ਨੇ ਕਾਫੀ ਝਿਜਕ-ਝੇਬ ਦੇ ਮੂਡ ਵਿਚ ਮੈਨੂੰ ਆਖਿਆ— ਜੀਤੀ ਤਾਂ ਮੂਲੋਂ ਹੀ ਹਾਰਦੀ ਜਾ ਰਹੀ ਹੈ। ਮੈਂ ਤੁਹਾਨੂੰ ਪਹਿਲਾਂ ਵੀ ਇਕ ਦੋ ਵਾਰ ਆਖ ਚੁੱਕੀ ਹਾਂ। ਤੁਸੀਂ ਕੋਈ ਉੱਤਾ ਹੀ ਨਹੀਂ ਵਾਚਦੇ। ਜੇ ਜੀਤੀ ਨੂੰ ਕੁਝ ਹੋ ਗਿਆ ਤਾਂ? ....ਮਰਦਾਂ ਦਾ ਕਿਹੜਾ ਕੋਈ ਦੀਨ ਧਰਮ ਹੁੰਦਾ...ਅੰਗਿਆਰ ਠੰਡੇ ਹੋਣ ਤੋਂ ਪਹਿਲਾਂ ਹੀ ਹੋਰ ਵਿਆਹ ਲਿਆਵੇਗਾ.... ਨਾਲੇ ਫੇਰ ਮਰਦ ਵੀ ਇੰਗਲੈਂਡ ਦਾ। ....ਮੈਂ ਕਹਿਨੀਆਂ ਜ਼ਰਾ ਗੌਰ ਕਰੋ....ਸੁਣਦੇ ਓ?"

ਪਿਛਲੀ ਗੱਲ ਮੇਰੀ ਪਤਨੀ ਨੇ ਮੇਰੇ ਹਥੋਂ ਰਿਸਾਲਾ ਖੋਹ ਕਾਫ਼ੀ ਉਚੀ ਦੇਣੀ ਆਖੀ, ਹਾਲਾਂ ਕਿ ਉਹਨੂੰ ਪਤਾ ਸੀ ਕਿ ਮੇਰੇ ਕੰਨ ਜ਼ਰੂਰਤ ਤੋਂ ਜ਼ਿਆਦਾ ਸੁਣਦੇ ਹਨ।

ਮੇਰਾ ਜੀਅ ਕੀਤਾ ਕਿ ਮੈਂ ਆਪਣੀ ਪਤਨੀ ਦੀਆਂ ਅੱਖਾਂ ਵਿਚ ਅੱਖਾਂ ਪਾ ਜ਼ਰਾ ਮੁਸਕਾਵਾਂ ਤੇ ਆਖਾਂ—ਜਦੋਂ ਦਾ ਤੇਰਾ ਮੁੰਡਾ ਜਵਾਨ ਹੋਇਆ ਹੈ, ਤੇ ਥੈਂਚਰ ਪ੍ਰਧਾਨ ਮੰਤਰੀ ਬਣੀ ਹੈ, ਉਦੋਂ ਦੀ ਰਾਸ਼ਣ ਲੈ ਕੇ ਹੀ ਚੜ੍ਹੀ ਰਹਿਨੀ ਐਂ....ਏਹ ਗੱਲ ਜ਼ਰਾ ਹਲੀਮੀ ਨਾਲ ਵੀ ਤਾਂ ਆਖੀ ਜਾ ਸਕਦੀ ਸੀ..... ਨਜੂਮੀਆਂ ਵਾਂਗ ਭਵਿਖਬਾਣੀ ਵੀ ਕਰ ਮਾਰੀ..... ਤੇਰੇ ਪੇਕਿਆਂ ਦੇ ਗੁਆਂਢ ਕੋਈ ਪਾਂਡਾ ਤਾਂ ਨਹੀਂ ਸੀ ਰਹਿੰਦਾ?"

ਪਰ ਮੈਂ ਵੇਖਿਆ ਕਿ ਮੇਰੀ ਪਤਨੀ ਗੰਭੀਰ ਸੀ, ਫ਼ਿਕਰਮੰਦ ਅਤੇ ਉਦਾਸ ਵੀ।

"ਤੂੰ ਫੇਰ ਪੁਛਣਾ ਤਾਂ ਸੀ ਜੀਤੀ ਨੂੰ। ਤੇਰੇ ਨਾਲ ਉਹਦਾ ਏਨਾ ਪਿਆਰ ਐ। ਨਾਲੇ ਹੋ ਸਕਦੈ ਕੋਈ ਔਰਤਾਂ ਵਾਲੀ ਤਕਲੀਫ਼ ਹੋਵੇ।"

ਮੇਰੀ ਗੱਲ ਵਿਚਕਾਰੋਂ ਹੀ ਟੋਕ ਮੇਰੀ ਪਤਨੀ ਬੋਲਣ ਲਗ ਪਈ, "ਮੈਂ ਤਾਂ ਉਹਨੂੰ ਪੁੱਛ-ਪੁੱਛ ਕੇ ਥੱਕ ਗਈ ਆਂ। ਬਸ ਹਾਂ-ਹੂੰ ਕਰ ਛਡਦੀ ਐ, ਜਾਂ ਵਾਰ ਵਾਰ ਪੁੱਛਣ ਤੇ ਆਖ ਛਡਦੀ ਐ — ਨਹੀਂ ਭਾਬੀ, ਮੈਂ ਠੀਕ ਆਂ। .... ਬਸ ਫੇਰ ਮਟੁੰਨ ਬਣ ਬਹਿ ਜਾਂਦੀ ਐ.... ਹੁਣ ਤੁਸੀਂ ਜਾਣੋ ਤੁਹਾਡਾ ਕੰਮ। ਮੈਂ ਵੇਲੇ ਸਿਰ ਚੁਣੌਤੀ ਦੇ ਦਿਤੀ ਐ...ਹਾਂ!"

ਦਰਅਸਲ ਮੈਨੂੰ ਪਤਾ ਹੀ ਨਹੀਂ ਸੀ ਕਿ ਜੀਤੀ ਨੂੰ ਕੋਈ ਤਕਲੀਫ਼ ਹੈ। ਉਹ ਇਨੀ ਗੰਭੀਰ ਹੈ ਕਿ ਉਹਦਾ ਹੋਰ ਗੰਭੀਰ ਹੋ ਜਾਣਾ ਤੀਰ ਮਾਮੂਲੀ ਨਹੀਂ ਜਾਪਦਾ। ਪਿਛਲੇ ਤਿੰਨ-ਚਾਰ ਹਫ਼ਤਿਆਂ ਵਿਚ ਉਹਦਾ ਗੰਭੀਰ ਪਰ ਟਹਿਕਦਾ ਚਿਹਰਾ ਕੁਝ ਉਤਰਿਆ ਉਤਰਿਆ ਤਾਂ ਜਾਪਿਆ ਸੀ, ਪਰ ਮੈਂ ਸਿਰਫ਼ ਇਨਾ ਕੁ ਹੀ ਨੋਟਿਸ ਲਿਆ ਸੀ:

— ਜੀਤੀ, ਮੂੰਹ ਉਤਰਿਆ ਹੋਇਐ...ਰਾਜ਼ੀ ਤਾਂ ਹੈਂ ਨਾ?



— ਹਾਂ ਬੀਰ ਜੀ!

ਬਸ ਇਨਾ ਕੁ ਉਹਦਾ ਉੱਤਰ ਸੀ ਤੇ ਇਨਾ ਕੁ ਉੱਤਰ ਹੀ ਉਹ ਦਿਆ ਕਰਦੀ ਸੀ। ਆਪਣੀ ਪਤਨੀ ਦੀ ਗੱਲ ਸੁਣ ਮੈਂ ਰਾਤ-ਭਰ ਬੇ-ਆਰਾਮ ਰਿਹਾ ਅਤੇ ਦੂਜੇ ਦਿਨ ਕੰਮ ਤੋਂ ਸਿੱਧਾ ਹੀ ਜੀਤੀ ਦੇ ਘਰ ਚਲਿਆ ਗਿਆ। ਬੈੱਲ ਕੀਤੀ ਤਾਂ ਜੀਤੀ ਨੇ ਹੀ ਬੂਹਾ ਖੋਲ੍ਹਿਆ। ਉਹਦੇ ਪਤੀ ਜਗਰੂਪ ਦੀ ਲੇਟ ਸ਼ਿਫਟ ਹੋਣ ਕਰਕੇ, ਉਸਨੇ ਗਿਆਰਾਂ ਵਜੇ ਕੰਮ ਛਡਣਾ ਸੀ। ਜੀਤੀ ਦੇ ਚਿਹਰੇ ਵਲ ਤਕਿਆ ਤਾਂ ਆਪਣੀ ਪਤਨੀ ਦੇ ਬੋਲ ਸੱਚੇ ਜਾਪਣ ਲਗੇ। ਉਹਦਾ ਚਿਹਰਾ ਬਹੁਤ ਉਤਰਿਆ ਹੋਇਆ ਸੀ। ਉਸਨੇ ਨਾ ਤਾਂ ਵਾਲ ਸੰਵਾਰੇ ਹੋਏ ਸਨ, ਨਾ ਹੀ ਮੇਕ-ਅੱਪ ਕੀਤੀ ਹੋਈ ਸੀ। ਉਹਦੇ ਵਾਲਾਂ ਦੀ ਇਕ ਲਿੱਟ ਉਹਦੀ ਗੋਰੀ ਗਰਦਣ ਤੇ ਇੰਜ ਡਿਗੀ ਪਈ ਸੀ, ਜਿਵੇਂ ਮੜ੍ਹੀਆਂ ਵਿਚ ਮੁਰਦੇ ਦੇ ਜਲ ਜਾਣ ਤੋਂ ਪਿਛੋਂ ਸਹਿਕਦਾ ਧੂੰਆਂ ਉਠ ਰਿਹਾ ਹੋਵੇ। ....ਇਹ ਤਾਂ ਠੀਕ ਨਹੀਂ ਹੈ... ਕਿਤੇ ਕੁਝ ਗਲਤ ਜ਼ਰੂਰ ਹੈ, ਮੈਂ ਸੋਚਿਆ। ਜੀਤੀ ਜਦੋਂ ਮਰਜ਼ੀ ਚਲੇ ਜਾਵੋ ਹਮੇਸ਼ਾ ਸਾਫ਼-ਸੁਥਰੀ ਤੇ ਸਜੀ-ਸਜਾਈ ਹੁੰਦੀ ਸੀ, ਬਲਕਿ ਜਦੋਂ ਉਹ ਕੁਆਰੀ ਹੁੰਦੀ ਸੀ ਤਾਂ ਘਰ ਵਿਚ ਅਸੀਂ ਉਹਨੂੰ ਮਿਸ ਕਲੀਨ ਕਹਿ ਕੇ ਛੇੜਿਆ ਕਰਦੇ ਸਾਂ। ਹੁਣ ਵੀ ਮੇਰੀ ਪਤਨੀ ਨੇ ਆਪਣੀਆਂ ਸਹੇਲੀਆਂ ਨੂੰ ਇਹ ਗੱਲ ਕਈ ਵਾਰ ਆਖੀ ਸੀ—ਮੇਰੀ ਨਨਾਣ ਨੂੰ ਰੱਬ ਨੇ ਰੂਪ ਵੀ ਬਥੇਰਾ ਦਿਤੈ...ਸਜ ਕੇ ਵੀ ਇੰਜ ਰਹਿੰਦੀ ਐ, ਜਿਵੇਂ ਅੱਜ ਹੀ ਵਿਆਹੀ ਹੋਵੇ।"

ਮੈਂ ਕਿਚਨ ਵਲ ਤਕਿਆ ਤਾਂ ਸਿੰਕ ਵਿਚ ਭਾਂਡੇ ਖਿਲਰੇ ਪਏ ਸਨ, ਅਤੇ ਕੁਕਰ ਤੇ ਵੀ ਦਾਲ ਸਬਜ਼ੀ ਦੇ ਛਿੱਟੇ ਹੀ ਛਿੱਟੇ ਪਏ ਹੋਏ ਸਨ। ਜ਼ਰੂਰ ਕੋਈ ਤਕਲੀਫ਼, ਕੋਈ ਗ਼ਮ ਹੋਵੇਗਾ ਜੀਤੀ ਨੂੰ! ਨਹੀਂ ਉਹਦੀ ਕਿਚਨ ਰੀਂਦੀ! ... ਤੋਬਾ! ਉਹਦੀ ਕਿਚਨ ਵੇਖ ਤਾਂ ਮੇਰੀ ਲੜਕੀ ਆਖਿਆ ਕਰਦੀ ਸੀ—ਭੂਆ ਜੀ ਦੀ ਕਿਚਨ ਤਾਂ ਇਸ ਐ ਭਾਵੇਂ ਜੀਭ ਨਾਲ ਚੱਟ ਲਵੋ", ਅਤੇ ਉਹ ਮਖੌਲ ਵਜੋਂ ਆਪਣੀ ਜੀਭ ਕੱਢਣ ਲਗ ਪੈਂਦੀ। ਜੀਤੀ ਉਹਨੂੰ ਗਲਵਕੜੀ ਵਿਚ ਲੈ ਘੁੱਟ ਲੈਂਦੀ ਅਤੇ ਉਹਦਾ ਮੂੰਹ ਅਤੇ ਮੱਥਾ ਚੁੰਮਦੀ ਰਹਿੰਦੀ। ਮੁਸਕਾਣਾਂ ਖਿਲਾਰਦੀ ਰਹਿੰਦੀ ਅਤੇ ਮੇਰੀ ਧੀ ਦਾ ਚਿਹਰਾ ਇੰਜ ਭਰਪੂਰ ਹੋ ਖਿੜ ਜਾਂਦਾ, ਜਿਵੇਂ ਉਹਦੀ ਭੂਆ ਨੇ ਮਣਾਂ-ਮੂੰਹੀਂ ਨਿੰਘ ਉਹਦੇ ਅੰਦਰ ਖਿਲਾਰ ਦਿੱਤਾ ਹੋਵੇ। ਜਦੋਂ ਮੇਰੀ ਧੀ ਲੰਡਨ ਪੜ੍ਹਨ ਜਾਣ ਲਗੀ ਤਾਂ ਜੀਤੀ ਕਿੰਨੇ ਸਾਰੇ ਕਾਜੂ ਤਲ ਅਤੇ ਮੱਠੀਆਂ ਤੇ ਸ਼ਕਰਪਾਰੇ ਬਣਾ ਲਿਆਈ ਅਤੇ ਉਹਨੂੰ ਇਕਵੰਜਾ ਪੌਂਡ ਦਾ ਸ਼ਗਨ ਪਾ ਵਿਦਾ ਕਰਨ ਆਈ ਤਾਂ ਮੇਰੀ ਧੀ ਆਖਣ ਲਗੀ—ਭੂਆ ਜੀ, ਸਭ ਤੋਂ ਵਧ ਮਿਸ ਮੈਂ ਤੁਹਾਨੂੰ ਕਰਾਂਗੀ।"

—ਮੈਂ ਵੀ।"

ਫਿਰ ਭੂਆ ਭਤੀਜੀ ਰੋਣ ਲਗ ਪਈਆਂ....

ਜਦੋਂ ਮੈਂ ਆਪਣੀ ਧੀ ਨੂੰ ਸਟੇਸ਼ਨ ਤੇ ਚੜ੍ਹਾਉਣ ਗਿਆ, ਤਾਂ ਰਾਹ ਵਿਚ ਉਹ ਮੈਨੂੰ ਪੁੱਛਣ ਲਗੀ—ਡੈਡੀ, ਜੀਤੀ ਭੂਆ ਵਰਗੀ ਹੋਰ ਵੀ ਕੋਈ ਔਰਤ ਹੋਈ ਐ ਆਪਣੀ ਫ਼ੈਮਿਲੀ 'ਚ?"

—ਹਾਂ, ਮੇਰੀ ਭੂਆ....ਜਾਣੀ ਜੀਤੀ ਦੀ ਬੇਬੇ ਜੀ...

—ਬਹੁਤ ਚੰਗੇ ਸਨ ਉਹ?

—ਹਾਂ, ਬਹੁਤ। ...ਤਾਂ ਹੀ ਤਾਂ ਪੈਂਤੀ ਸਾਲ ਦੀ ਉਮਰ ਵਿਚ ਮਰ ਗਈ ਸੀ।

—ਤੁਹਾਡਾ ਮਤਲਬ ਐ ਚੰਗੇ ਬੰਦੇ ਛੇਤੀ ਮਰ ਜਾਂਦੇ ਨੇ?

—ਹਾਂ, ਉਹ ਆਪਣੇ ਸੁਖ ਦੂਜਿਆਂ ਨੂੰ ਦੇ ਦਿੰਦੇ ਹਨ, ਪਰ ਆਪਣੇ ਦੁਖ ਆਪ ਜਰਦੇ ਨੇ।

—ਹਾਉ ਸੈਡ!" ....ਆਖ ਮੇਰੀ ਲੜਕੀ ਉਦਾਸ ਹੋ ਗਈ।

—ਤੂੰ ਡਾਕਟਰ ਬਣ ਕੇ ਚੰਗੇ ਬੰਦਿਆਂ ਨੂੰ ਛੇਤੀ ਮਰਨ ਤੋਂ ਰੋਕ ਲਈਂ।"

ਮੈਂ ਜੀਤੀ ਨੂੰ ਗਲਵਕੜੀ ਵਿਚ ਲੈ ਲਿਆ, ਮੇਰੀ ਭੁੱਬ ਨਿਕਲ ਗਈ। ਮੇਰਾ ਖਿਆਲ ਸੀ ਕਿ ਜੀਤੀ ਦਾ ਵੀ ਕੜ ਟੁੱਟ ਜਾਵੇਗਾ। ਮੈਂ ਜੀਤੀ ਨੂੰ ਸਾਰੇ ਜ਼ੋਰ ਨਾਲ ਆਪਣੇ ਨਾਲ ਘੁਟਿਆ ਹੋਇਆ ਸੀ। ਪਰ ਉਹ? ...ਉਹ ਮੇਰੇ ਨਾਲ ਇੰਜ ਲੱਗੀ ਹੋਈ ਸੀ ਜਿਵੇਂ ਕੋਈ ਬੇ-ਜਾਨ ਅਤੇ ਬੇਹਿਸ ਚੀਜ਼ ਮੈਂ ਬਦੋ-ਬਦੀ ਫੜੀ ਹੋਈ ਹੋਵੇ, ਜ਼ਰਾ ਕੁ ਢਿੱਲੀ ਛਡਾਂਗਾ ਤਾਂ ਧੁੜਾਲ ਢਹਿ ਪਵੇਗੀ। ਜਦੋਂ ਮੈਂ ਬਾਹਾਂ ਖੋਲ੍ਹੀਆਂ ਤਾਂ ਉਹਦੇ ਚਿਹਰੇ ਤੇ ਜਜ਼ਬਾਤ ਨਾਂ ਦੀ ਕੋਈ ਚੀਜ਼ ਨਹੀਂ ਸੀ। ਬਸ ਦੋ ਹੰਝੂ ਸਨ, ਜਿਨ੍ਹਾਂ ਬਾਰੇ ਕੁਝ ਸਮਝ ਨਹੀਂ ਸੀ ਪੈ ਰਹੀ।

—ਚੰਗਾ ਆਏਂ ਕਰ, ਚਾਹ ਬਣਾ ਕੇ ਲਿਆ।"

ਉਹ ਚੁਪ-ਚਾਪ ਪਤੀਲੀ ਵਿਚ ਪਾਣੀ ਪਾਉਣ ਲਗ ਪਈ, ਆਮ ਹਾਲਤ ਵਿਚ ਉਹ ਜ਼ਰੂਰ ਮੈਨੂੰ ਛੇੜਿਆ ਕਰਦੀ ਸੀ—ਮਲਵਈਆਂ ਵਰਗੀ, ਘਲਾੜੀ ਦੇ ਲੁੰਬੇ ਵਰਗੀ, ਡਾਂਗ ਵਰਗੀ ਚਾਹ.....ਨਹੀਂ?"

...ਪਰ ਅੱਜ ਉਹਨੇ ਅਜਿਹਾ ਕੁਝ ਨਹੀਂ ਸੀ ਆਖਿਆ....ਬਸ ਕਿਚਨ ਵੱਲ ਨੂੰ ਤੁਰ ਗਈ, ਜਿਵੇਂ ਕੋਈ ਲੋਥ ਤੁਰੀ ਜਾ ਰਹੀ ਹੋਵੇ...

ਮੈਂ ਉਸੇ ਉਦਾਸੀ ਦੀ ਹਾਲਤ ਵਿਚ ਸਿਟਿੰਗ ਰੂਮ ਵਿਚ ਜਾ ਬੈਠਿਆ। ਸਿਟਿੰਗ ਰੂਮ ਦੀ ਵੀ ਸ਼ਕਲ ਬਦਲੀ ਹੋਈ ਸੀ। ਪਹਿਲਾਂ ਉਥੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਦੇ ਨਾਲ ਮਾਰਕਸ ਅਤੇ ਲੈਨਿਨ ਦੀਆਂ ਤਸਵੀਰਾਂ ਵੀ ਲੱਗੀਆਂ ਹੋਈਆਂ ਸਨ। ਪਰ ਹੁਣ ਮਾਰਕਸ ਅਤੇ ਲੈਨਿਨ ਦੀਆਂ ਤਸਵੀਰਾਂ ਗਾਇਬ ਸਨ, ਅਤੇ ਉਨ੍ਹਾਂ ਦੀ ਥਾਂ ਹਰਿਮੰਦਰ ਸਾਹਿਬ ਦੀ ਤਸਵੀਰ ਸੀ, ਅਤੇ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਦੀਆਂ ਤਸਵੀਰਾਂ ਸਨ, ਜਿਨ੍ਹਾਂ 'ਚੋਂ ਲਹੂ ਹੀ ਲਹੂ ਵਹਿ ਰਿਹਾ ਸੀ। ....ਹੀਟਰ ਤੇ ਧੂਫਦਾਨੀ ਪਈ ਸੀ, ਇੱਕ ਨੁੱਕਰ ਵਿਚ ਰੱਗ ਵਿਛੀ ਹੋਈ ਸੀ, ਕੰਬਲ ਅਤੇ ਸਿਰ੍ਹਾਣਾ ਪਏ ਸਨ ਅਤੇ ਨਿੱਕੇ ਜਿਹੇ ਸਟੂਲ ਤੇ ਇੱਕ ਗੁਟਕਾ ਪਿਆ ਸੀ।

ਸਭ ਕੁਝ ਹੈਰਾਨੀ ਵਾਲਾ ਸੀ।

ਇਹ ਤਾਂ ਮੈਨੂੰ ਪਤਾ ਸੀ ਕਿ ਜੀਤੀ ਨੂੰ ਬਚਪਨ ਤੋਂ ਹੀ ਬਾਣੀ ਨਾਲ ਬਹੁਤ ਪਿਆਰ ਸੀ ਅਤੇ ਉਸ ਨੇ ਇਹ ਪਿਆਰ ਮੇਰੀ ਬੇਬੇ ਤੋਂ ਲਿਆ ਸੀ। ਉਂਜ ਸਾਡਾ ਘਰ ਕਾਮਰੇਡਾਂ ਦਾ ਘਰ ਕਹਿ ਕੇ ਸੱਦਿਆ ਜਾਂਦਾ ਸੀ। ਜੀਤੀ ਦਾ ਆਪਣਾ ਪਤੀ ਵੀ ਕਾਮਰੇਡ ਸੀ। ਮਾਰਕਸ ਤੇ ਲੈਨਿਨ ਦੀਆਂ ਤਸਵੀਰਾਂ ਤਾਂ ਸਾਡੇ ਘਰ ਦੇ ਹਰ ਕਮਰੇ



ਵਿਚ ਲਗੀਆਂ ਹੋਈਆਂ ਸਨ, ਜਿਨ੍ਹਾਂ ਨੂੰ ਝਾੜ-ਪੂੰਝ ਕੇ ਲਿਸ਼ਕਾਂਦੀ ਵੀ ਜੀਤੀ ਹੀ ਹੁੰਦੀ ਸੀ। ਸਾਡੇ ਘਰ ਕਾਮਰੇਡਾਂ ਦਾ ਆਮ ਆਣ-ਜਾਣ ਹੋਣ ਦੇ ਬਾਵਜੂਦ, ਜੀਤੀ ਬੇਬੇ ਜੀ ਦੇ ਧਾਰਮਿਕ ਵਿਚਾਰਾਂ ਨਾਲ ਇਉਂ ਰੰਗੀ ਗਈ ਕਿ ਉਸ ਤੇ ਸਾਡਾ ਇਖ਼ਲਾਕੀ ਅਸਰ ਤਾਂ ਪਿਆ, ਸਿਆਸੀ ਨਾ ਪਿਆ। ਜਦੋਂ ਉਹਦਾ ਪਤੀ ਸਾਡੇ ਸੰਪਰਕ ਵਿਚ ਆਇਆ ਸੀ ਤੇ ਸਿਆਸੀ ਅਤੇ ਇਖ਼ਲਾਕੀ ਪੱਖੋਂ ਸਾਨੂੰ ਕਾਮਰੇਡ ਹੋਣ ਕਰਕੇ ਪਸੰਦ ਵੀ ਕਾਫ਼ੀ ਆਇਆ ਸੀ ਅਤੇ ਸਾਨੂੰ ਜੀਤੀ ਦੇ ਜੋੜ ਦਾ ਜਾਪਿਆ ਸੀ ਤਾਂ ਮੇਰੀ ਪਤਨੀ ਨੇ ਜਗਰੂਪ ਬਾਰੇ ਜੀਤੀ ਨੂੰ ਲਿਖਿਆ ਸੀ, ਜਿਸ ਦੇ ਉੱਤਰ ਵਿਚ ਜੀਤੀ ਨੇ ਆਖਿਆ ਸੀ:

—ਭਾਬੀ ਜੀ, ਜਿਹੜਾ ਸਾਥੀ ਤੁਸੀਂ ਮੇਰੇ ਲਈ ਠੀਕ ਸਮਝੋਗੇ ਉਹ ਠੀਕ ਹੀ ਹੋਵੇਗਾ, ਪਰ ਮੇਰੀ ਬੇਨਤੀ ਹੈ ਕਿ ਉਹਦੇ ਕੇਸ ਹੋਣ ਅਤੇ ਉਹ ਮਾਸ-ਸ਼ਰਾਬ ਦੀ ਵਰਤੋਂ ਨਾ ਕਰਦਾ ਹੋਵੇ। ਤੁਸੀਂ ਇਹ ਗੱਲ ਵੀਰ ਜੀ ਨੂੰ ਦਸ ਦੇਣੀ।"

ਮੈਂ ਇਸੇ ਉਲਝਣ ਵਿਚ ਸਾਂ ਕਿ ਜੀਤੀ ਚਾਹ ਲੈ ਕੇ ਆ ਗਈ, ਸਿਰਫ ਇਕੋ ਕੱਪ ਅਤੇ ਮੇਰੇ ਪਸੰਦ ਦੇ ਜਿੰਜਰ ਦੇ ਬਿਸਕਿਟ ਵੀ।

—ਤੇਰੀ ਚਾਹ?

—ਮੈਂ ਪੀ ਹਟੀ ਆਂ।

—ਉਸ ਰੱਗ ਤੇ ਕੌਣ ਬੈਠਦੈ?

—ਮੈਂ।

—ਸੌਂਦੀ ਵੀ ਉਸ ਤੇ ਹੀ ਏਂ?

ਕਈ ਵਾਰ ਪੁੱਛਣ ਤੇ ਵੀ ਉਹਨੇ ਕੋਈ ਜਵਾਬ ਨਾ ਦਿੱਤਾ। ਮੈਂ ਚਾਹ ਦੇ ਦੋ ਘੁੱਟ ਭਰੇ ਅਤੇ ਸਾਹਮਣੇ ਕੰਧ ਵਲ ਤੱਕਿਆ।

—ਮਾਰਕਸ ਤੇ ਲੈਨਿਨ ਦੀਆਂ ਤਸਵੀਰਾਂ ਕਿਸ ਨੇ ਲਾਹੀਆਂ ਨੇ?

—ਬੈੱਡਰੂਮ 'ਚ ਲਾ ਦਿਤੀਆਂ ਨੇ।

ਤਾਣੀ ਹੋਰ ਉਲਝ ਗਈ। ਮੈਂ ਚਾਹ ਅੱਧ-ਪਚੱਧੀ ਪੀਤੀ। ਫਿਰ ਜੀਤੀ ਨੂੰ ਆਪਣੇ ਕੋਲ ਬੁਲਾ ਸੋਟੀ ਤੇ ਬਹਿ ਜਾਣ ਲਈ ਆਖਿਆ। ਪਰ ਉਹ ਖਲੋਤੀ ਰਹੀ। ਮੈਂ ਵੀ ਖਲੋ ਗਿਆ ਅਤੇ ਸਾਰੇ ਮੋਹ ਨਾਲ ਉਹਦੇ ਸਿਰ ਤੇ ਹੱਥ ਫੇਰਦਿਆਂ ਆਖਿਆ—ਜੀਤੀ, ਤੂੰ ਘੁੱਟੀ-ਵੱਟੀ ਕਿਉਂ ਐਂ ਭਾਈ? ਜਗਰੂਪ ਤਾਂ ਤੇਰੇ ਨਾਲ ਠੀਕ ਐ ਨਾ? ਤੈਨੂੰ ਕੋਈ ਮਾਨਸਿਕ ਜਾਂ ਸਰੀਰਕ ਕਸ਼ਟ ਤਾਂ ਨਹੀਂ? ...ਵੇਖ ਮੈਂ ਤੇਰਾ ਵੀਰ ਆਂ, ਜੇ ਮੈਨੂੰ ਨੀ ਦੱਸੇਂਗੀ ਤਾਂ ਹੋਰ ਕੀਹਨੂੰ ਦੱਸੇਂਗੀ?

ਉਹ ਚੁੱਪ ਰਹੀ। ਮੈਂ ਉਹਦਾ ਸਿਰ ਹਲੂਣਿਆ। ਫਿਰ ਵੀ ਚੁੱਪ। ਮੋਢਾ ਹਲੂਣਿਆ।

—"ਕੁਸ਼ ਨੀ ਵੀਰ ਜੀ" ਆਖਿਆ ਅਤੇ ਚੁੱਪ ਕਰ ਗਈ, ਜਿਵੇਂ ਪੱਥਰ ਬਣ ਗਈ ਹੋਵੇ।

ਮੈਂ ਤੁਰਨ ਤੋਂ ਪਹਿਲਾਂ ਇਨਾ ਹੀ ਪੁਛਿਆ—ਕਲ੍ਹ ਨੂੰ ਜਗਰੂਪ ਦੀ ਕਿਹੜੀ ਡਿਊਟੀ ਐ?

—ਅਰਲੀ।

—ਚੰਗਾ ਫੇਰ ਘਰੇ ਰਿਹੋ। ਮੈਂ ਤੇ ਤੇਰੀ ਭਾਬੀ ਕੰਮ ਤੋਂ ਸਿਧੇ ਤੁਹਾਡੇ ਵਲ ਹੀ

ਆਵਾਂਗੇ।

ooo

ਘਰ ਆ ਮੈਂ ਆਪਣੀ ਪਤਨੀ ਨਾਲ ਜੀਤੀ ਦੀ ਹਾਲਤ ਬਾਰੇ ਸਹਿਮਤੀ ਪਰਗਟ ਕੀਤੀ। ਪਤਾ ਨਹੀਂ ਉਸਨੂੰ ਕੋਈ ਮਾਨਸਿਕ ਦੁੱਖ ਹੈ, ਜਿਹੜਾ ਉਹਦੇ ਸਰੀਰ ਨੂੰ ਖੋਰੀ ਜਾ ਰਿਹਾ ਹੈ, ਜਾਂ ਕੋਈ ਸਰੀਰਕ ਕਸ਼ਟ ਹੈ, ਜਿਹੜਾ ਉਹਦੇ ਦਿਮਾਗ ਨੂੰ ਸੁਲਾਉਂਦਾ ਜਾ ਰਿਹਾ ਹੈ। ਗੱਲਾਂ ਕਰਦਿਆਂ ਮੇਰੀਆਂ ਅੱਖਾਂ 'ਚੋਂ ਪਾਣੀ ਵਹਿਣ ਲਗ ਪਿਆ।

—ਹੈ, ਤੁਸੀਂ ਨਿਆਣੇ ਓ। .... ਆਪਾਂ ਜੀਤੀ ਦਾ ਇਲਾਜ ਕਰਵਾਵਾਂਗੇ। ਇਥੇ ਤਾਂ ਵਧੀਆ ਤੋਂ ਵਧੀਆ ਇਲਾਜ ਕਰਵਾਇਆ ਜਾ ਸਕਦੈ। ...ਇਜ ਆਖ ਮੇਰੀ ਪਤਨੀ ਟਿਸ਼ੂ ਨਾਲ ਮੇਰੀਆਂ ਅੱਖਾਂ ਪੂੰਝਣ ਲਗ ਪਈ।

ਮੈਂ ਆਪਣੀ ਪਤਨੀ ਦਾ ਹੱਥ ਪਲੋਸਦਿਆਂ ਬੋਲਿਆ—ਜੀਤੀ ਮੈਨੂੰ ਆਪਣੀ ਸਰੂ ਨਾਲੋਂ ਵੀ ਵਧ ਪਿਆਰੀ ਐ। ਭੂਆ ਜੀ ਦੀ ਇਕੋ ਇਕ ਨਿਸ਼ਾਨੀ ਐ। ਬਾਰ੍ਹਾਂ ਵਰ੍ਹਿਆਂ ਦੀ ਸੀ ਜਦੋਂ ਭੂਆ ਜੀ ਪੂਰੀ ਹੋਈ ਸੀ। ਸਾਡੇ ਕੋਲ ਹੀ ਪਲੀ ਤੇ ਜਵਾਨ ਹੋਈ। ਮੈਂ ਦ-ਸ ਹੀ ਨਹੀਂ ਸਕਦਾ ਇਹਦੇ ਨਾਲ ਕਿੰਨਾ ਕੁਝ ਸਾਂਝਾ ਹੈ। ਮੈਨੂੰ ਤਾਂ ਵਹਿਮ ਹੁੰਦਾ ਜਾ ਰਿਹੈ, ਕਿਤੇ ਕੈਂਸਰ..."

ਮੇਰੀ ਪਤਨੀ ਨੇ ਆਪਣਾ ਹੱਥ ਮੇਰੇ ਮੂੰਹ ਤੇ ਰਖ ਦਿਤਾ—ਕਿਉਂ ਬੋਲ ਕਬੋਲ ਬੋਲਦੇ ਹੋ? ਮਰਦ ਓ ਕੁਝ ਹੌਸਲਾ ਰਖੋ।"

ਰਾਤ ਭਰ ਮੈਂ ਅੱਧ-ਸੁੱਤਾ ਉਲਝਿਆ ਰਿਹਾ।

ਬਾਰਾਂ ਸਾਲਾਂ ਦੀ ਸੀ ਜੀਤੀ ਜਦੋਂ ਸਾਡੇ ਘਰ ਆਈ ਸੀ। ਮੇਰੇ ਬਹੁਤ ਹੀ ਘੱਟ ਬੋਲਣ ਵਾਲੇ ਬਾਪੂ ਨੇ ਜੀਤੀ ਦੀ ਬਾਂਹ ਮੇਰੀ ਬੇਬੇ ਦੇ ਹੱਥ ਫੜਾ ਸਿਰਫ ਏਨਾ ਹੀ ਆਖਿਆ ਸੀ—ਲੈ ਪੰਜਾਬ ਕੁਰੇ, ਇਹ ਮੇਰੀ ਭੈਣ ਦੀ ਨਿਸ਼ਾਨੀ ਐ। ਮੇਰੀ ਭੈਣ ਸਵੇਰੇ ਉਠ ਕੇ ਨਾਂ ਲੈਣ ਵਾਲੀ ਸੀ। ਸਾਲੇ ਜਾਂਗਲੀਆਂ ਨੇ ਰੋਲ ਰੋਲ ਮਾਰ 'ਤੀ। ਹੁਣ ਏਸ ਮਸ਼ੋਹਰ ਨੂੰ ਆਪਣੀ ਅਲਾਦ ਵਾਂਗ ਰਖੀਂ, ਨਹੀਂ ਤਾਂ ਮੈਂ ਬਠਿੰਡੇ ਵਾਲੀ ਪੱਕੀ ਨਹਿਰ 'ਚ ਛਾਲ ਮਾਰ ਕੇ ਮਰ ਜਾਵਾਂਗਾ। ਸਮਝੀ!"

ਜੀਤੀ ਨੇ ਦਿਨਾਂ ਵਿਚ ਹੀ ਸਾਡੇ ਘਰ ਵਿਚ ਉਹ ਥਾਂ ਬਣਾ ਲਈ ਕਿ ਉਸ ਤੋਂ ਬਿਨਾਂ ਸਰਨਾ ਔਖਾ ਹੋ ਗਿਆ। ਬੇਬੇ ਹਾਕ ਮਾਰਦੀ—ਜੀਤੀ। ...ਆਈ ਮਾਮੀ ਜੀ...ਹਾਕਾਂ ਪੈਂਦੀਆਂ ਰਹਿੰਦੀਆਂ, ਉਹ ਵੀ ਸਿਰਫ ਜੀਤੀ ਨੂੰ....ਅਤੇ ਜੀਤੀ ਵਲੋਂ ਆਈ ਮਾਮਾ ਜੀ....ਆਈ ਬੀਰ ਜੀ....ਆਈ....ਆਈ....ਆਈ...ਸਾਰਿਆਂ ਨੂੰ ਹਾਂ, ਨਾਂਹ ਕਿਸੇ ਨੂੰ ਵੀ ਨਹੀਂ...

ਬਾਪੂ ਅਤੇ ਤਿੰਨੇ ਤਾਏ ਕੇਸ-ਦਾੜ੍ਹੀਆਂ ਹੋਣ ਦੇ ਬਾਵਜੂਦ ਹੁੱਕਾ ਪੀਂਦੇ ਸਨ ਅਤੇ ਚਿਲਮ ਚੁਲ੍ਹੇ ਮੂਹਰੇ ਢੇਰੀ ਕਰਿਆ ਕਰਦੇ ਸਨ। ਜੀਤੀ ਆਖਣ ਲੱਗੀ—ਮਾਮਾ ਜੀ, ਤੁਸੀਂ ਬਸ ਹਾਕ ਮਾਰ ਦਿਆ ਕਰੋ। ਮੈਂ ਗੋਹੇ ਦੀ ਅੱਗ ਕੜਛੇ 'ਚ ਪਾ ਤੁਹਾਨੂੰ ਉਥੇ ਹੀ ਪੁਚਾ ਦਿਆ ਕਰਾਂਗੀ।" ...ਅਰਬ ਤਾਇਆਂ ਨੇ ਭੋਰਾ ਵੀ ਔਤੜ ਨਾ ਕੀਤੀ। ਛੜੇ ਤਾਇਆਂ ਨੂੰ ਏਨੀ ਸੋਹਣੀ ਤਰ੍ਹਾਂ ਪਰੋਸ ਕੇ ਰੋਟੀ ਦਿੰਦੀ ਕਿ ਵੱਡਾ ਤਾਇਆ ਅਕਸਰ ਰੋ ਕੇ ਆਖਦਾ—ਕਿਸ਼ਨੀ ਦਾ ਰੂਪ ਐਂ ਭਾਈ। ...ਤੇ ਭੁੱਬੀਂ ਰੋਣ ਲਗਦਾ।

ਬਾਪੂ ਹਲ ਛਡ ਕੇ ਆਉਂਦਾ ਤਾਂ ਜਿੰਨਾ ਚਿਰ ਰੋਟੀ ਖਾਂਦਾ ਰਹਿੰਦਾ ਜੀਤੀ



ਪੱਖਾ ਝਲਦੀ ਰਹਿੰਦੀ। ਬਾਪੂ 'ਸੀਸਾਂ ਦਿੰਦਾ ਬਾਹਰਲੇ ਘਰ ਸੌਣ ਚਲਿਆ ਜਾਂਦਾ....

ਮੇਰਾ ਸਾਈਕਲ ਲਿਸ਼ਕਾ ਟੱਲੀ ਵਜਾਂਦੀ...ਬੀਰ ਜੀ, ਸਾਈਕਲ ਤਿਆਰ ਐ। ...ਮੇਰੇ ਬੂਟ ਲਿਸ਼ਕਾ ਆਖਦੀ...ਬੀਰ ਜੀ, ਚਾਹੇ ਮੂੰਹ ਵੇਖ ਲਵੋ। ....ਪਰ ਬੂਟਾਂ ਦਾ ਸਿਲਸਿਲਾ ਬਹੁਤਾ ਚਿਰ ਨਾ ਚਲਿਆ। ਜਦੋਂ ਮੇਰੀ ਬੇਬੀ ਨੂੰ ਪਤਾ ਲਗਿਆ ਤਾਂ ਕੜਕੀ, ਨਿਕਰਮਿਆ ! ਕੁੜੀਆਂ ਤੋਂ ਜੁੱਤੀ ਚਕਵਾਉਨੈਂ, ਕੋਹੜੀ ਹੋ ਕੇ ਮਰੇਂਗਾ।" ਮੈਂ ਬਹੁਤ ਡਰ ਗਿਆ ਤੇ ਮੁੜ ਕਦੀ ਜੀਤੀ ਤੋਂ ਜੁੱਤੀ ਨੂੰ ਹੱਥ ਨਾ ਲਵਾਏ। ਇਸ ਦਾ ਮੇਰੀ ਪਤਨੀ ਨੂੰ ਵੀ ਬੜਾ ਲਾਭ ਹੋਇਆ।

ਮਾਹੀ ਗੁੱਜਰ ਜਦੋਂ ਹਾਕ ਮਾਰਦਾ-ਆਟਾ ਪਾਇਓ ਭਾਈ। ...ਤਾਂ ਜੀਤੀ ਦੋਵੇਂ ਲੁੱਗ ਭਰ ਕੇ ਆਟਾ ਪਾਉਂਦੀ ਅਤੇ ਉਹ ਖੁਸ਼ ਹੋ ਅਸੀਸ ਦਿੰਦਾ—ਜਿਊਂਦੀ ਰਹਿ ਭਾਈ।

ਬਚਨੀ ਚਮਾਰੀ ਜਦੋਂ ਗੋਹਾ-ਕੂੜਾ ਕਰਕੇ ਵਿਹਲੀ ਹੁੰਦੀ ਤਾਂ ਉਹਨੂੰ ਸਿਰਫ ਰਜਾਉਂਦੀ ਹੀ ਨਹੀਂ ਸੀ, ਕਿੰਨਾ ਕੁਝ ਘਰ ਲਿਜਾਣ ਲਈ ਵੀ ਦੇ ਦਿੰਦੀ ਅਤੇ ਬਚਨੀ ਦੀਆਂ ਅੱਖਾਂ ਲਿਸ਼ਕ ਪੈਂਦੀਆਂ।

ਬਾਹਰੋਂ ਕੋਈ ਹਾਕ ਮਾਰਦਾ ਤਾਂ ਜੀਤੀ ਨੂੰ ਹੀ ਮਾਰਦਾ, ਜਿਵੇਂ ਉਹ ਘਰ ਦੀ ਮਾਲਕ ਹੁੰਦੀ ਹੈ। ਸਾਰਾ ਪਿੰਡ ਉਸ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਰਹਿੰਦਾ...ਕੂਨੀ, ਸੁਨੱਖੀ, ਸਚਿਆਰੀ....ਕਿਸ਼ਨੀ ਤੋਂ ਵੀ ਅਗਾਂਹ ਲੰਘ ਗਈ। ਜਿਥੇ ਜਾਵੇਗੀ ਸੁਰਗ ਉਤਾਰ ਦੇਵੇਗੀ।

ਬੇਬੇ ਦੀ ਤਾਂ ਸ਼ੇਰ ਜਿੰਦ-ਜਾਨ ਸੀ ਜੀਤੀ। ਸਿਆਲ ਨੂੰ ਬੌਠਲ ਵਿਚ ਪਾਣੀ ਪਾ ਬੇਬੇ ਦੇ ਪੈਰ ਧੋਂਦੀ ਅਤੇ ਪਾਠ ਤੇ ਸਾਖੀਆਂ ਸੁਣਾਂਦੀ। ਜੀਤੀ ਮੇਰੀਆਂ ਸਾਰੀਆਂ ਗੱਲਾਂ ਮੰਨਦੀ ਪਰ ਜਦੋਂ ਕਦੀ ਮੈਂ ਮਜ਼ਹਬੀ ਅਣਹੋਣੀ 'ਤੇ ਕਿੰਤੂ ਕਰਦਾ ਤਾਂ ਉਹ ਕਦੀ ਸਹਿਮਤ ਨਾ ਹੁੰਦੀ ਅਤੇ ਬੇਬੇ ਪੂਰੀ ਤਰ੍ਹਾਂ ਉਹਦਾ ਸਾਥ ਦਿੰਦੀ। ਇਕ ਵਾਰ ਮੈਂ ਇਸ ਸੰਬੰਧੀ ਨੇਕ ਤੇ ਸਿਆਣੇ ਬਜ਼ੁਰਗ ਕਾਮਰੇਡ ਨਾਲ ਗੱਲ ਵੀ ਕੀਤੀ ਜਿਹੜੇ ਅਕਸਰ ਸਾਡੇ ਘਰ ਆਉਂਦੇ-ਜਾਂਦੇ ਸਨ ਅਤੇ ਜੀਤੀ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਮੈਨੂੰ ਸਮਝਾਇਆ ਵੀ ਸੀ—ਅਜੀਜ਼, ਸਾਡੇ ਸਮਾਜ ਵਿਚ ਗ਼ੈਰ-ਵਿਗਿਆਨਕ ਵਿਚਾਰਾਂ ਦਾ ਜਾਲ ਵਿਛਿਆ ਹੋਇਆ ਹੈ। ਇਨ੍ਹਾਂ ਵਿਚਾਰਾਂ ਨੂੰ ਬਦਲਣ ਲਈ ਵਰ੍ਹੇ ਲਗ ਜਾਂਦੇ ਨੇ। ਇਹ ਵਿਚਾਰ ਅਗਿਆਨੀ ਲੋਕਾਂ ਨੂੰ ਰੂਹਾਨੀ ਆਨੰਦ ਵੀ ਦਿੰਦੇ ਨੇ, ਫੀਮ ਦੇ ਨਸ਼ੇ ਵਾਂਗ ਸਾਨੂੰ ਆਪਣੇ ਵਿਚਾਰ ਕਦੀ ਵੀ ਕਿਸੇ ਤੇ ਠੋਸਣੇ ਨਹੀਂ ਚਾਹੀਦੇ।"

ਜੀਤੀ ਨੂੰ ਇਹ ਪਤਾ ਸੀ ਕਿ ਮੇਰਾ ਭਰਾ ਕਾਮਰੇਡ ਹੈ ਤੇ ਬਹੁਤ ਚੰਗਾ ਭਰਾ ਹੈ। ਜਿਹੜੇ ਇਹਦੇ ਵਰਗੇ ਇਹਨੂੰ ਮਿਲਣ ਆਉਂਦੇ ਹਨ, ਉਹ ਵੀ ਬੜੇ ਚੰਗੇ ਹਨ। ਇਹ ਲੋਕ ਕੰਮ ਗਰੀਬ ਲੋਕਾਂ ਦੇ ਭਲੇ ਲਈ ਕਰਦੇ ਹਨ। ਪਿੰਡ ਦੇ ਗੁਰਦੁਆਰੇ ਦਾ ਭਾਈ ਤੀਵੀਂ ਕੱਢ ਕੇ ਲੈ ਗਿਆ ਸੀ। ਇਹ ਉਸਨੇ ਘੋਰ ਪਾਪ ਕੀਤਾ ਸੀ, ਉਹ ਸਮਝਦੀ ਸੀ। ਪਰ ਗੁਰੂਆਂ, ਗੁਰਬਾਣੀ ਅਤੇ ਹਰਿਮੰਦਰ ਸਾਹਿਬ ਪ੍ਰਤੀ ਉਹਦੀ ਸ਼ਰਧਾ ਜਨੂੰਨ ਦੀ ਹੱਦ ਤੀਕ ਪੁੱਜ ਗਈ ਸੀ। ਇਨ੍ਹਾਂ ਦੀ ਖ਼ਾਤਰ ਉਹ ਸਾਨੂੰ ਤਾਂ ਕੀ ਆਪਣੇ ਆਪ ਨੂੰ ਵੀ ਕੁਰਬਾਨ ਕਰ ਸਕਦੀ ਸੀ।

ਇਕ ਦਿਨ ਬਾਪੂ ਤੇ ਬੇਬੇ ਇਕਲੇ ਬੈਠੇ ਸਨ ਤਾਂ ਬੇਬੇ ਆਖਣ ਲਗੀ—ਏਸ

ਕੁੜੀ ਨੇ ਤਾਂ ਮੈਨੂੰ ਜੀਂਦੀ ਨੂੰ ਹੀ ਸੁਰਗ ਵਿਖਾ ਦਿਤਾ। ਜਿੰਦਣ ਇਹ ਆਪਣੇ ਘਰ ਚਲੀ ਗਈ, ਮੈਂ ਤਾਂ ਉਦਣੇ ਹੀ ਮਰ ਜਾਵਾਂਗੀ।" ਉਹ ਰੋਣ ਲੱਗ ਪਈ।

ਬਾਪੂ ਨੇ ਉਸ ਦਿਨ ਇੱਕ ਰੋਟੀ ਵਧ ਖਾਧੀ ਅਤੇ ਉਸਨੂੰ ਬਠਿੰਡੇ ਵਾਲੀ ਨਹਿਰ ਵਿਚ ਡੁੱਬ ਕੇ ਮਰਨ ਦੀ ਲੋੜ ਨਾ ਪਈ।

ਪਰ ਹੁਣ ਕੀ ਹੋ ਗਿਆ ਸੀ ਜੀਤੀ ਨੂੰ।

ਸਮਝ ਤੋਂ ਬਾਹਰ ਸੀ ਸਭ ਕੁਝ।

.....ਖੈਰ ਕਲ੍ਹ ਨੂੰ ਪਤਾ ਕਰਾਂਗੇ।

..... ..... ..... .....

ਦੂਜੇ ਦਿਨ ਮੈਂ ਅਤੇ ਮੇਰੀ ਪਤਨੀ ਕੰਮ ਤੋਂ ਸਿੱਧੇ ਹੀ ਸ਼ਾਮ ਦੇ ਪੰਜ ਵਜੇ ਜੀਤੀ ਦੇ ਘਰ ਪੁੱਜ ਗਏ। ਜੁਲਾਈ ਦਾ ਸ਼ੁਰੂ ਹੋਣ ਕਰਕੇ ਇਨਾਂ ਚਾਨਣ ਸੀ ਜਿਵੇਂ ਹਾਲੀਂ ਦੁਪਹਿਰ ਹੋਵੇ। ਜਗਰੂਪ ਗਾਰਡਨ ਵਿਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਜੀਤੀ ਕਿਚਨ ਵਿਚ ਚਾਹ ਦਾ ਪ੍ਰਬੰਧ ਕਰ ਰਹੀ ਸੀ। ਅਸੀਂ ਗਾਰਡਨ ਵਿਚ ਹੀ ਚਾਹ ਪੀਣ ਲੱਗ ਪਏ। ਜੀਤੀ ਨੇ ਘਸਮੈਲੇ ਜਿਹੇ ਰੰਗ ਦਾ ਸੂਟ ਪਾਇਆ ਹੋਇਆ ਸੀ ਜਿਹੜਾ ਉਹਦੇ ਮੇਕਅਪ ਸਖਣੇ ਮੂੰਹ ਨੂੰ ਹੋਰ ਵੀ ਉਦਾਸ ਬਣਾ ਰਿਹਾ ਸੀ। ਚੁੱਪ ਨੂੰ ਬੋਝਲ ਹੁੰਦੀ ਵੇਖ ਮੇਰੀ ਪਤਨੀ ਆਖਣ ਲੱਗੀ—ਵੇਖਦੇ ਹੋ ਕੁੜੀ ਦੀ ਸ਼ਕਲ ਜਿਵੇਂ ਰੂੜੀ 'ਚੋਂ ਕੱਢੀ ਹੁੰਦੀ ਐ।"

—ਤੂੰ ਹੀ ਪੁੱਛ। ਮੈਂ ਤਾਂ ਕਲ੍ਹ ਬਥੇਰਾ ਜ਼ੋਰ ਲਾ ਕੇ ਗਿਆਂ।" ਮੈਂ ਆਖਿਆ।

ਫਿਰ ਜਗਰੂਪ ਵੱਲ ਹੋਈ—ਤੂੰ ਵੇ, ਮੇਰੀ ਸੋਨੇ ਵਰਗੀ ਨਨਾਣ ਨੂੰ ਜਮਾਂ ਹੀ ਪੀਚੀ ਵਰਗੀ ਬਣਾ ਕੇ ਰਖ ਦਿੱਤਾ। ਬੱਸਾਂ 'ਚ ਟੈਮ ਘੱਟ ਲਾ ਲਿਆ ਕਰ....ਲੁਕ-ਆਫ਼ਟਰ ਕਰਿਆ ਕਰ ਏਹਦੀ।"

ਜਗਰੂਪ ਆਪਣੀ ਸਾਧਾਰਨ ਸ਼ਰੀਫ਼ ਮੁਸਕਾਣ ਨਾਲ ਬੋਲਿਆ—ਮੈਂ ਤਾਂ ਭਾਬੀ ਜੀ, ਮਹੀਨਾ ਹੋ ਗਿਐ ਸਬਜ਼ੀ ਦਾਲ ਆਪ ਬਣਾਉਨਾਂ, ਹੂਵਰ ਕਰਦਾ ਹਾਂ, ਕਪੜੇ ਪ੍ਰੈਸ ਕਰਦਾਂ। ਪੁੱਛ ਲਵੋ ਜੀਤੀ ਨੂੰ, ਤੁਹਾਡੇ ਮੂਹਰੇ ਬੈਠੀ ਐ।"

—ਕਿਉਂ ਨੀ, ਮਟੂੰਨ ਬਣੀ ਬੈਠੀ ਐਂ। ਤੂੰ ਵੀ ਬੋਲ ਕੁਸ।"

—ਹਾਂ ਭਾਬੀ ਜੀ।

ਬਸ। ਤੇ ਫਿਰ ਚੁੱਪ!!"

ਬਦਲੀ ਲਈ ਅਸੀਂ ਪਾਰਕ ਨੂੰ ਚਲੇ ਗਏ।

ਪਾਰਕ ਵਿਚ ਬੜੀਆਂ ਰੌਣਕਾਂ ਸਨ। ਖਿੜਿਆ ਗੁਲਾਬ ਟਹਿਕ ਰਿਹਾ ਸੀ। ਧਰਤੀ ਤੇ ਫੁੱਲਾਂ-ਬੂਟਿਆਂ ਨੂੰ ਤਰਾਸ਼ ਕੇ ਬਣਾਈ ਘੜੀ ਚਲਣ ਲਗ ਪਈ ਸੀ। ਗਰੀਨ ਹਾਊਸ ਵਿਚ ਪੌਦਿਆਂ ਦਾ ਜੋਬਨ ਪਾਟਣ ਤੇ ਆਇਆ ਹੋਇਆ ਸੀ।

ਮੇਰੀ ਪਤਨੀ ਤੇ ਜੀਤੀ ਬੈਂਚ ਤੇ ਬਹਿ ਗਈਆਂ। ਮੈਂ ਜਗਰੂਪ ਨੂੰ ਲੈ ਝੀਲ ਵੱਲ ਨੂੰ ਤੁਰ ਪਿਆ।

ਕੁਝ ਛਿਣਾਂ ਦੀ ਚੁੱਪ ਪਿਛੋਂ ਮੈਂ ਗੱਲ ਛੇੜੀ।

—ਜਗਰੂਪ, ਜੀਤੀ ਤਾਂ ਨਿਘਰਦੀ ਹੀ ਜਾ ਰਹੀ ਐ।

—ਭਾਅ ਜੀ, ਮੈਂ ਆਪ ਬਹੁਤ ਫ਼ਿਕਰਮੰਦ ਆਂ।



—ਡਾਕਟਰ ਨੂੰ ਵਿਖਾਉਣਾ ਸੀ।

—ਜਾਂਦੀ ਹੀ ਨਹੀਂ ਸੀ। ਫਿਰ ਮੈਂ ਧਦੋ-ਬਦੀ ਲੈ ਗਿਆ। ਡਾਕਟਰ ਕਹਿਣ ਲਗਿਆ, ਕੋਈ ਬੀਮਾਰੀ ਨੀ। ਟਰੈਂਕੁਲਾਈਜ਼ਰ ਲਿਖ ਦਿਤੇ।

—ਕੋਈ ਫ਼ੈਦਾ ਤਾਂ ਲਗਦਾ ਨੀ।

—ਉਹ ਖਾਂਦੀ ਹੀ ਨਹੀਂ। ਧੱਕੇ ਨਾਲ ਖੁਆ ਦਿਆਂ ਤਾਂ ਅੱਖਾਂ ਮੀਚ ਕੇ ਪਈ ਰਹਿੰਦੀ ਐ।

ਹੁਣ ਅਸੀਂ ਝੀਲ ਤੇ ਪੁੱਜ ਗਏ ਸਾਂ। ਕੁਝ ਕੱਲੇ-ਕਾਰੇ ਬੁਢੇ ਬੈਠੇ ਸਨ, ਚੁੱਪ-ਚਾਪ, ਅੱਖਾਂ ਮੀਟੀ ਉਮਰ ਦੀ ਵੀਰਾਨੀ ਤੇ ਇਕੱਲ ਨੂੰ ਭਰਨ ਲਈ ਬੀਤੇ ਦੀ ਰੀਲ ਵੇਖ ਰਹੇ। ਬੱਚੇ ਕਾਗਜ਼ਾਂ ਦੀਆਂ ਕਿਸ਼ਤੀਆਂ ਬਣਾ ਬਣਾ ਪਾਣੀ ਵਿਚ ਰੋੜ੍ਹ ਰਹੇ ਸਨ ...ਅਤੇ ਮੈਂ ਜਗਰੂਪ ਨੂੰ ਪੁਛਿਆ—ਦੋ ਤਿੰਨ ਸਾਲਾਂ ਤੋਂ ਕੋਈ ਬੱਚਾ ਨੀ ਹੋਇਆ ਤੁਹਾਡੇ....ਕਿਤੇ?"

—ਨਹੀਂ ਭਾਅ ਜੀ, ਅਜਿਹੀ ਕੋਈ ਗੱਲ ਨੀ। ਤੁਹਾਨੂੰ ਪਤੈ ਘਰ ਲਿਐ, ਛੋਟੀ ਭੈਣ ਦਾ ਵਿਆਹ ਕੀਤੈ। ...ਪੰਜ ਹਜ਼ਾਰ ਤਾਂ ਥੋੜਾ ਹੀ ਦੇਣੈ....ਬੱਚੇ ਨਾਲ ਜੀਤੀ ਤੋਂ ਕੰਮ ਨੀ ਹੋਣਾ। ਜ਼ਰਾ ਭਾਰ ਹਲਕਾ ਹੋ ਜਾਵੇ, ਬੱਚਾ ਵੀ ਹੋ ਜਾਏਗਾ। ਜੀਤੀ ਬੜੀ ਸਿਹਤ ਵਾਲੀ ਕੁੜੀ ਐ।"

—ਮੈਨੂੰ ਪਤੈ।

ਮੇਰੀ ਇਕ ਚਿੰਤਾ ਤਾਂ ਦੂਰ ਹੋਈ। ਪਰ ਇਕ ਹੋਰ ਤੌਖਲਾ ਵਧ ਗਿਆ। ਇਥੇ ਕੈਂਸਰ ਦੀ ਬੀਮਾਰੀ ਆਮ ਹੈ। ਕਈ ਸਾਨੂੰ ਜਾਨਣ ਵਾਲੀਆਂ ਇੰਡੀਅਨ ਔਰਤਾਂ ਕੈਂਸਰ ਨਾਲ ਮਰ ਚੁੱਕੀਆਂ ਸਨ। ਜੀਤੀ ਨੂੰ ਕਿਤੇ...ਮੇਰੀਆਂ ਅੱਖਾਂ ਭਰ ਆਈਆਂ। ਮੈਂ ਜਗਰੂਪ ਤੋਂ ਲੁਕਾਣ ਲਈ ਦੂਜੇ ਪਾਸੇ ਮੂੰਹ ਕਰ ਲਿਆ, ਜਿਧਰ ਇਕ ਬੱਚੀ ਆਪਣੇ ਬਾਪ ਨੂੰ ਆਖ ਰਹੀ ਸੀ—ਡੈਡੀ, ਰੀਮੋਟ ਕੰਟਰੋਲ ਖਰਾਬ ਹੋ ਗਿਆ ਹੈ, ਕਿਸ਼ਤੀ ਝੀਲ ਵਿਚਕਾਰ ਫਸ ਗਈ ਹੈ।

ਮੈਂ ਬਹੁਤ ਉਦਾਸ ਹੋ ਗਿਆ। ਭੂਆ ਦੀ ਇਕੋ-ਇਕ ਨਿਸ਼ਾਨੀ ਹੈ। ਜੀਤੀ ਨੂੰ ਜ਼ਰੂਰ ਕੈਂਸਰ ਹੈ। ਬਸ ਹੁਣ ਕਿਸ਼ਤੀ ਡੁਬ ਜਾਵੇਗੀ। ...ਹਾਇ, ਉਹਨੂੰ ਕੈਂਸਰ ਨਾ ਹੋਵੇ! ...ਨਹੀ., ਨਹੀ., ਚੰਗੇ ਪਾਸੇ ਸੋਚਣਾ ਚਾਹੀਦਾ ਹੈ...ਹੋਰ ਵੀ ਤਾਂ ਕੋਈ ਤਕਲੀਫ਼ ਹੋ ਸਕਦੀ ਹੈ, ਔਰਤਾਂ ਵਾਲੀ....ਅੱਜ ਉਹ ਸਭ ਕੁਝ ਦਸ ਦੇਵੇਗੀ ਆਪਣੀ ਭਾਬੀ ਨੂੰ ...ਤਾਂ ਹੀ ਤਾਂ ਉਨ੍ਹਾਂ ਨੂੰ ਵਖਰੀਆਂ ਛੱਡ ਕੇ ਆਏ ਹਾਂ।

...ਪਰ ਕੈਂਸਰ ਹੋ ਵੀ ਤਾਂ ਸਕਦੀ ਹੈ। ...ਰੱਬ ਕਰੇ ਨਾ ਹੋਵੇ। ਜੇ ਹੋਵੇ ਤਾਂ ਖ਼ੂਨ ਦੀ ਨਾ ਹੋਵੇ, ਛਾਤੀ ਦੀ ਹੋਵੇ ਤੇ ਛਾਤੀ ਦਾ ਇਕ ਪਾਸਾ ਕਢ ਦੇਣ। ਮੁਹਿੰਦਰ ਦੀ ਘਰ ਵਾਲੀ ਦਾ ਦਸ ਸਾਲ ਹੋ ਗਏ, ਇਕ ਪਾਸਾ ਹੀ ਕੱਢ ਸੁਟਿਆ ਸੀ ਤੇ ਵਧੀਆ ਜਿਉਂ ਰਹੀ ਹੈ ...ਪਰ ਇਸ ਹਾਲਤ ਵਿਚ ਜਗਰੂਪ ਤੇ ਕੋਈ ਬੁਰਾ ਪ੍ਰਤੀਕਰਮ ਨਾ ਹੋ ਜਾਵੇ....ਚੌਵੀ-ਪੱਚੀ ਸਾਲ ਦਾ ਮੁੰਡੈ....ਕਿਤੇ ਅਗਲੇ ਸਾਲ ਭੈਣ ਦਾ ਵਿਆਹ ਕਰਨ ਗਿਆ, ਆਪਣਾ ਵੀ ਨਾ ਕਰਵਾ ਆਵੇ। ....ਨਹੀ., ਨਹੀ.., ਕੀ ਫ਼ਜ਼ੂਲ ਸੋਚਾਂ ਸੋਚਣ ਡਿਹਾ ਹੋਇਐਂ! ਜਗਰੂਪ ਆਖ਼ਰ ਇਕ ਕਾਮਰੇਡ ਮੁੰਡੈ, ਇਨਾ ਨਹੀਂ ਡਿਗ ਸਕਦਾ...

ਕਿਸ਼ਤੀ ਝੀਲ ਵਿਚ ਮੁੜ ਚਲਣ ਲਗ ਪਈ ਸੀ, ਰੀਮੋਟ ਕੰਟਰੋਲ ਠੀਕ ਹੋ ਗਿਆ ਸੀ।

—ਚਲ ਹੁਣ ਚਲੀਏ, ਤੇਰੀ ਕਲ੍ਹ ਨੂੰ ਅਰਲੀ ਡਿਊਟੀ ਐ। ...ਮੈਂ ਜਗਰੂਪ ਨੂੰ ਆਖਿਆ।

ਧੁੱਪ ਜਾ ਚੁੱਕੀ ਸੀ। ਉਂਝ ਲੋਅ ਬਥੇਰੀ ਸੀ, ਜਿਸ ਨੇ ਰਾਤ ਦੇ ਦਸ ਗਿਆਰ੍ਹਾਂ ਵਜੇ ਤੀਕ ਰਹਿਣਾ ਸੀ। ਲੋਕ ਘਰਾਂ ਨੂੰ ਮੁੜ ਰਹੇ ਸਨ। ਕਿਲਿੰਗਹਾਲ ਰੋਡ ਵਲ ਅਲੀਅਰ ਦੀ ਵਾੜ ਕੋਲ ਇਕ ਬੁੱਢਾ ਅੰਗਰੇਜ਼ ਲਗਾਤਾਰ ਖੰਘਦਾ ਜਾ ਰਿਹਾ ਸੀ। ਜਦੋਂ ਖੰਘਣੋਂ ਹਟ ਜਾਂਦਾ ਤਾਂ ਵਾਤਾਵਰਣ ਵਿਚ ਹੋਰ ਵੀ ਉਦਾਸੀ ਘੁਲ ਜਾਂਦੀ। ਮੇਰੀ ਪਤਨੀ ਅਤੇ ਜੀਤੀ ਵੀ ਉਠ ਖਲੋਤੀਆਂ ਸਨ। ਜੀਤੀ ਉਸੇ ਤਰ੍ਹਾਂ ਉਦਾਸੀ ਸੀ। ਮੈਂ ਉਹਨੂੰ ਜ਼ਰਾ ਖਿੜਾਉਣ ਲਈ ਆਖਿਆ—ਕਿਉਂ ਨਨਾਣ ਭਰਜਾਈ ਨੇ ਮਨ ਦਾ ਸਿੱਕਾ ਢਾਲ ਲਿਆ?

—ਕੀ ਢਾਲਣਾ ਸੀ ਸਿੱਕਾ! ਪੱਥਰ ਤੇ ਬੂੰਦ ਪਈ ਨਾ ਪਈ। ...ਮੇਰੀ ਪਤਨੀ ਦੇ ਬੋਲਾਂ 'ਚ ਖਿਝ ਸੀ।

ਅਸੀਂ ਚੁੱਪ-ਚਾਪ ਆਪਣੇ ਆਪਣੇ ਘਰੀਂ ਪਰਤ ਗਏ।

..... ..... ..... .....

ਹੁਣ ਮੇਰੀ ਪਤਨੀ ਅਤੇ ਮੈਂ ਝੁਰਨਾ ਛੱਡ ਅਮਲੀ ਰਾਹ ਅਪਣਾਇਆ। ਸਾਡਾ ਦਿਮਾਗ ਹੁਣ ਸਾਫ ਸੀ ਕਿ ਜੀਤੀ ਨੂੰ ਕੋਈ ਗੰਭੀਰ ਬੀਮਾਰੀ ਹੈ। ਉਹ ਐਵੇਂ ਤਾਂ ਨਹੀਂ ਦਿਨੋਂ-ਦਿਨ ਖੁਰਦੀ ਜਾ ਰਹੀ। ਬੀਮਾਰੀ ਉਹਦੇ ਦਿਮਾਗ ਨੂੰ ਵੀ ਚੜ੍ਹ ਗਈ ਹੈ, ਅਸੀਂ ਸੋਚਿਆ।

ਮੇਰੀ ਪਤਨੀ ਨੇ ਜੀਤੀ ਦੇ ਨਾਲ ਕੰਮ ਕਰਨ ਵਾਲੀਆਂ ਤੋਂ ਪਤਾ ਕੀਤਾ। ਪਰ ਕੋਈ ਲਾਭ ਨਾ ਹੋਇਆ। ਉਹ ਸਗੋਂ ਆਪ ਹੈਰਾਨ-ਪਰੇਸ਼ਾਨ ਸਨ ਕਿ ਹਰ ਸਮੇਂ ਖੁਸ਼ੀਆਂ ਵੰਡਣ ਵਾਲੀ ਜੀਤੀ ਇਕ ਦਮ ਪੱਥਰ ਕਿਉਂ ਹੋ ਗਈ ਸੀ।

ਫਿਰ ਮੈਂ ਆਪਣੇ ਸਾਰੇ ਵਸੀਲੇ ਵਰਤ ਉਸ ਨੂੰ ਦੂਜੇ ਸ਼ਹਿਰਾਂ ਵਿਚ ਰਹਿੰਦੇ ਆਪਣੇ ਦੋਸਤ ਡਾਕਟਰਾਂ ਨੂੰ ਵਿਖਾਇਆ। ਮਹੀਨਾ-ਵੀਹ ਦਿਨ ਦਵਾਈ ਵਰਤਦੇ। ਜਦੋਂ ਕੋਈ ਲਾਭ ਨਾ ਹੁੰਦਾ ਤਾਂ ਹੋਰਾਂ ਨੂੰ ਵਿਖਾਉਣ ਤੁਰ ਪੈਂਦੇ। ਇਸ ਤਰ੍ਹਾਂ ਅੱਧ ਅਕਤੂਬਰ ਆ ਗਿਆ। ਮੇਰੇ ਇਕ ਅਜ਼ੀਜ਼ ਡਾਕਟਰ ਦੇ ਆਖਣ ਤੇ ਕੈਂਸਰ ਦੇ ਟੈਸਟ ਕਰਵਾਏ ਅਤੇ ਦਿਲ ਫੜੀ ਰੀਪੋਰਟ ਉਡੀਕਣ ਲਗੇ। ਤਰ੍ਹਾਂ ਤਰ੍ਹਾਂ ਦੇ ਵਿਚਾਰ ਮਨ ਨੂੰ ਖਾਣ ਲਗੇ ਅਤੇ ਨੀਂਦਾਂ ਉੱਡ ਗਈਆਂ।

ਫਿਰ ਇਕ ਦਿਨ।

ਸਵੇਰ ਦੇ ਛੇ ਵਜੇ ਸਨ। ਮੇਰਾ ਟੈਲੀਫੂਨ ਖੜਕਿਆ। ਮੈਂ ਬਹੁਤ ਘਬਰਾਹਟ 'ਚ 'ਹੈਲੋ' ਆਖੀ।

—ਭਾਅ ਜੀ, ਮੈਂ ਜਗਰੂਪ ਬੋਲ ਰਿਹਾਂ।

ਮੇਰੀ ਤਾਂ ਜਾਨ ਹੀ ਨਿਕਲ ਗਈ।

—ਹਾਂ ਜਗਰੂਪ ਸੁਖ ਤਾਂ ਹੈ? ਛੇਤੀ ਬੋਲ!



—ਨਹੀਂ ਭਾਅ ਜੀ, ਸੁਖ ਨਹੀਂ!

—ਕੀ ਗੱਲ ਐ? ਛੇਤੀ ਬੋਲ ਰੱਬ ਦੇ ਵਾਸਤੇ!

—ਇੰਦਰਾ ਗਾਂਧੀ ਦਾ ਕਤਲ ਹੋ ਗਿਐ!

—ਓ ਹੋ!

—ਤੁਸੀਂ ਸ਼ਾਮ ਨੂੰ ਇਧਰ ਹੀ ਆ ਜਾਣਾ!

—ਚੰਗਾ। ...ਆਖ ਮੈਂ ਟੈਲੀਫੂਨ ਰਖ ਦਿੱਤਾ।

..... ..... ..... .........

ਜਦੋਂ ਅਸੀਂ ਸ਼ਾਮ ਨੂੰ ਜੀਤੀ ਹੋਰਾਂ ਦੇ ਘਰ ਗਏ ਤਾਂ ਕੀ ਵੇਖਦੇ ਹਾਂ ਕਿ ਕਿਚਨ ਲਿਸ਼ਕੀ ਪਈ ਸੀ। ਸਿੰਕ ਵਿਚ ਕੋਈ ਜੂਠਾ ਭਾਂਡਾ ਵੀ ਨਹੀਂ ਸੀ। ਸਾਰੇ ਘਰ ਵਿਚ ਅਗਰਬੱਤੀ ਦੀ ਮਹਿਕ ਖਿਲਰੀ ਪਈ ਸੀ। ਜੀਤੀ ਨੇ ਬਹੁਤ ਸੋਹਣੇ ਵਾਲ ਵਾਹੇ ਹੋਏ ਸਨ ਅਤੇ ਕਮਾਲ ਦੀ ਮੇਕ-ਅੱਪ ਕੀਤੀ ਹੋਈ ਸੀ। ਉਸਨੇ ਮੇਰੀ ਪਤਨੀ ਵਲੋਂ ਦਿੱਤੀ ਥ੍ਰੀ-ਟੋਨ ਦੀ ਸਾੜ੍ਹੀ ਲਾਈ ਹੋਈ ਸੀ, ਜਿਹੜੀ ਮੰਗਲਸੂਤਰ ਨਾਲ ਬਣ ਬਣ ਪੈਂਦੀ ਸੀ। ਬੋਲ ਤਾਂ ਉਹ ਆਪਣੀ ਆਦਤ ਅਨੁਸਾਰ ਘੱਟ ਹੀ ਸੀ, ਪਰ ਜੀਤੀ ਦਾ ਇਕ ਇਕ ਨਕਸ਼ ਤੰਦਰੁਸਤੀ ਅਤੇ ਖੁਸ਼ੀ ਨਾਲ ਟਹਿਕ ਰਿਹਾ ਸੀ। ਮੇਰੀ ਪਤਨੀ ਜੀਤੀ ਦੇ ਇਸ ਰੂਪ ਨੂੰ ਵੇਖ, ਜਿਵੇਂ ਪਾਗਲ ਹੋ ਉਸਨੂੰ ਚਿੰਬੜ ਗਈ ਅਤੇ ਚੁੰਮਣਾਂ ਦਾ ਮੀਂਹ ਵਰ੍ਹਾ ਦਿੱਤਾ।

ਮੈਨੂੰ ਗਲਵੱਕੜੀ ਪਾ ਆਖਣ ਲਗੀ—ਬੀਰ ਜੀ, ਆਹ ਵੇਖੋ ਤੁਹਾਡੇ ਪਸੰਦ ਦਾ ਸੂਜੀ ਦਾ ਪ੍ਰਸ਼ਾਦ, ਨਾਲੇ ਆਹ ਵੇਖੋ ਮਾਹਾਂ ਦੀ ਦਾਲ। ਤੁਹਾਡੇ ਪਸੰਦ ਦੇ ਤੰਦੂਰੀ ਪਰੌਂਠੇ ਪਕਾਵਾਂਗੀ, ਤੁਹਾਨੂੰ ਮੇਰੀ ਸੌਂਹ ਜੇ ਖਾਣੋਂ ਹਟੋ ਤਾਂ...

ਮੈਂ ਤੇ ਜਗਰੂਪ ਸਿਟਿੰਗ ਰੂਮ ਵਿਚ ਚਲੇ ਗਏ। ਉਥੇ ਨਾ ਕੋਈ ਰੰਗ ਸੀ, ਨਾ ਸਿਰ੍ਹਾਣੇ, ਨਾ ਧੂਫਦਾਨੀ ਤੇ ਨਾ ਹੀ ਕੰਬਲ। ਮਾਰਕਸ ਅਤੇ ਲੈਨਿਨ ਦੀਆਂ ਤਸਵੀਰਾਂ ਮੁੜ ਆਪਣੀ ਥਾਂ ਤੇ ਲੱਗ ਗਈਆਂ ਸਨ।

ਅਸੀਂ ਚੁੱਪ-ਚਾਪ ਬੈਠੇ ਰਹੇ। ਜਗਰੂਪ ਦਾ ਖ਼ਿਆਲ ਸੀ ਕਿ ਏਡੀ ਘਟਨਾ ਵਾਪਰ ਜਾਣ ਅਤੇ ਪਲਾਂ-ਛਿਣਾਂ ਵਿਚ ਵਾਪਰ ਜਾਣ ਕਰਕੇ ਮੈਂ ਇਕ ਨਹੀਂ ਬਹੁਤ ਸਾਰੀਆਂ ਗੱਲਾਂ ਕਰਾਂਗਾ। ਮੇਰੀ ਚੁੱਪ ਬਹੁਤ ਲੰਮੀ ਹੋ ਗਈ ਵੇਖ ਜਗਰੂਪ ਨੇ ਕੁਝ ਫਿਕਰਮੰਦੀ ਵਿਚ ਆਖਿਆ—ਭਾਅ ਜੀ, ਕੁਝ ਬੋਲੋ ਵੀ। ਕੀ ਸੋਚਣ ਲਗ ਪਏ?"

—ਜਗਰੂਪ, ਸਾਡੇ ਗੁਆਂਢ ਇਕ ਮਹਿਮਾ ਛੀਂਬਾ ਰਹਿੰਦਾ ਹੁੰਦਾ ਸੀ। ਉਹ ਗ਼ੁਲੇਲਾਂ ਨਾਲ ਚਿੜੀਆਂ ਮਾਰਨ ਵਿਚ ਬਹੁਤ ਮਾਹਿਰ ਸੀ। ਚਿੜੀ ਮਾਰਦਾ, ਭੁੰਨਦਾ ਤੇ ਖਾ ਜਾਂਦਾ। ਇਕ ਵਾਰੀ ਉਹਦੀ ਗ਼ੁਲੇਲੀ ਨਾਲ ਫੱਟੜ ਹੋਈ ਚਿੜੀ ਸਾਡੇ ਵਿਹੜੇ 'ਚ ਆ ਡਿਗੀ। ਸਿਆਲ ਦਾ ਮਹੀਨਾ ਸੀ। ਜੀਤੀ ਨੇ ਉਹ ਚਿੜੀ ਚੁੱਕੀ ਤੇ ਭੁੱਬੀਂ ਰੋਣ ਲਗੀ। ਫਿਰ ਉਸਨੂੰ ਆਪਣੇ ਮੰਜੇ ਹੇਠ ਸ਼ਾਲ ਵਿਛਾ ਰਖ ਉਤੇ ਬੋਹੀਆ ਦੇ ਦਿਤਾ। ਉਹਨੂੰ ਦੁੱਧ ਪਿਆਉਂਦੀ, ਤੱਤੇ ਪਾਣੀ ਨਾਲ ਉਹਦੇ ਜ਼ਖ਼ਮ ਧੋਂਦੀ, ਨਿੱਘ ਦੇਣ ਲਈ ਆਪਣੀ ਰਜ਼ਾਈ 'ਚ ਬਿਠਾ ਲੈਂਦੀ....ਅਖੀਰ ਉਹਦੀ ਸੇਵਾ ਨਾਲ ਚਿੜੀ ਰਾਜ਼ੀ ਹੋ ਗਈ ਤੇ ਉਸ ਦਿਨ ਜੀਤੀ ਤੋਂ ਖੁਸ਼ੀ ਨਹੀਂ ਸੀ ਸਾਂਭੀ ਜਾਂਦੀ...ਜਿਵੇਂ ਜਿਵੇਂ ਅੱਜ...."

## ਨਾ ਮਾਰੋ

ਅਜੀਤ ਕੌਰ

ਰਾਤ ਬਹੁਤ ਹਨੇਰੀ ਸੀ। ਦੂਰੋਂ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਹਨੇਰੇ ਦੀ ਲੰਗਾਰ ਲਾਹ ਰਹੀ ਸੀ। ਘਰ ਦੇ ਕਿਸੇ ਵਿੱਥ-ਕੋਨੇ ਵਿਚ ਲੁੱਕੀ ਟਟੀਹਰੀ ਲਗਾਤਾਰ ਟਟਿਆ ਰਹੀ ਸੀ।

ਨੀਂਦਰ ਨਹੀਂ ਸੀ ਆ ਰਹੀ। ਜਦੋਂ ਦਾ ਮੇਰਾ ਭਰਾ ਕੇਵਲ ਕਤਲ ਹੋਇਆ ਸੀ, ਨੀਂਦਰ ਨਾ ਮੈਨੂੰ ਆਉਂਦੀ ਸੀ, ਨਾ ਮੇਰੀ ਮਾਂ ਨੂੰ। ਦੋਵੇਂ ਇਕ ਦੂਜੀ ਨੂੰ ਵਰਚਾਣ ਲਈ ਸੌਣ ਦਾ ਬਹਾਨਾ ਕਰਦੀਆਂ ਰਹਿੰਦੀਆਂ ਸਾਂ।

ਉਹ ਕਹਿੰਦੇ ਸਨ ਮੇਰੇ ਭਰਾ ਨੂੰ ਆਤੰਕਵਾਦੀਆਂ ਨੇ ਕਤਲ ਕੀਤਾ ਸੀ। ਮੈਨੂੰ ਨਹੀਂ ਪਤਾ। ਉਹਦੇ ਨਾਲ ਕਿਸੇ ਦੀ ਕੀ ਦੁਸ਼ਮਣੀ ਸੀ? ਪਰ ਕਤਲ ਤੇ ਕੋਈ ਵੀ ਕਰ ਸਕਦਾ ਸੀ। ਆਤੰਕਵਾਦੀ ਵੀ, ਤੇ ਕੋਈ ਹੋਰ ਵੀ। ਕਤਲ ਕਰਨ ਲਈ ਚਿਰ ਈ ਕਿੰਨਾ ਲਗਦਾ ਏ। ਵਰ੍ਹਿਆਂ ਦੇ ਵਰ੍ਹੇ ਮਿਹਨਤ ਕਰ ਕਰ ਕੇ ਪਾਲਿਆ ਹੋਇਆ ਭਰ ਜੁਆਨ ਮੁੰਡਾ! ਤੇ ਇਕ ਗੋਲੀ! ਬਸ! ਜਿਵੇਂ ਕੋਈ ਭਰੇ ਗ਼ੁਬਾਰੇ ਵਿਚ ਸੂਈ ਦੀ ਨੋਕ ਚੋਭ ਦੇਵੇ। ਜਿਵੇਂ ਕੋਈ ਲਫ਼ਾਫ਼ਾ ਪਾਟ ਜਾਵੇ। ਬੰਦਾ ਤੁਰਿਆ ਫਿਰੇ ਤਾਂ ਮਨੁੱਖ ਹੈ, ਬੰਦੇ ਵਿਚ ਬਸ ਇਕ ਮੋਰੀ ਕਰ ਦਿਓ ਤਾਂ ਸਾਰਾ ਲਹੂ ਵਗ ਕੇ ਬਾਹਰ ਆ ਪੈਂਦਾ ਏ। ਤੇ ਬਾਕੀ ਬਚ ਜਾਂਦੀ ਏ ਲਾਸ਼। ਮਿੱਟੀ। ਕਹਿੰਦੇ ਨੇ ਸਾਰੇ, ਮਿੱਟੀ ਈ ਤੇ ਹੈ ਹੁਣ। ਮਿੱਟੀ ਨੂੰ ਟਿਕਾਣੇ ਲਾਓ। ਇਹੀ ਕਿਹਾ ਸੀ ਸਾਰਿਆਂ ਨੇ।

ਹਾਲੀ ਮਹੀਨਾ ਵੀ ਤੇ ਪੂਰਾ ਨਹੀਂ ਹੋਇਆ ਤੇ ਲਗਦਾ ਏ ਜੁੱਗ ਬੀਤ ਗਏ ਨੇ। ਨਾ ਉੱਠਣ 'ਤੇ ਜੀਅ ਕਰਦਾ ਏ, ਨਾ ਕੁਝ ਰਿੰਨਣ-ਪਕਾਣ ਤੇ। ਉਂਜ ਮੈਨੂੰ ਜਦੋਂ ਮਾਂ ਦੀ ਚਿੰਤਾ ਹੁੰਦੀ ਏ ਤਾਂ ਮੈਂ ਚੁੱਲ੍ਹਾ ਬਾਲ ਕੇ ਦੋ ਰੋਟੀਆਂ ਲਾਹ ਲੈਨੀ ਆਂ, ਤੇ ਜਦੋਂ ਮਾਂ ਨੂੰ ਮੇਰੀ ਚਿੰਤਾ ਹੁੰਦੀ ਏ, ਉਹ ਚੁੱਲ੍ਹਾ ਜਾ ਬਾਲਦੀ ਏ। ਇਕ ਦੂਜੀ ਨੂੰ ਖੁਆਣ ਲਈ ਹੀ ਫੇਰ ਅਸੀਂ ਦੋਵੇਂ ਭੋਰਾ-ਮਾਸਾ ਸੰਘੋਂ ਹੇਠਾਂ ਲੰਘਾ ਲੈਨੀਆਂ ਵਾਂ।

ਹੋ ਸਕਦਾ ਏ, ਮੇਰੇ ਭਰਾ ਨੂੰ ਸਰਲਾ ਦੇ ਭਰਾਵਾਂ ਨੇ ਹੀ ਮਾਰ ਸੁੱਟਿਆ ਹੋਵੇ। ਕਿੰਨੀ ਵਾਰੀ ਤੇ ਧਮਕੀਆਂ ਦਿੱਤੀਆਂ ਸਨ ਉਹਨਾਂ। ਸਰਲਾ? ਬ੍ਰਾਹਮਣਾਂ ਦੀ ਕੁੜੀ। ਉੱਚੀ ਨੱਕ ਵਾਲਿਆਂ ਦੀ ਧੀ। ਤੇ ਮੇਰਾ ਭਰਾ ਕੰਬੋਆਂ ਦਾ ਮੁੰਡਾ। ਸਾਡੇ ਦਾਦੇ-ਪੜਦਾਦੇ ਆਖਦੇ ਨੇ, ਲਲਾਰੀ ਹੁੰਦੇ ਸਨ। ਹੁੰਦੇ ਹੋਣਗੇ। ਮੇਰੇ ਪਿਤਾ ਤਾਂ ਡਾਕਖਾਨੇ ਵਿਚ ਨੌਕਰੀ ਕਰਦੇ ਸਨ ਤੇ ਸਾਨੂੰ ਦੋਹਾਂ ਭੈਣਾਂ-ਭਰਾਵਾਂ ਨੂੰ ਉਹਨਾਂ ਨੇ ਕਾਲਜ ਤੱਕ ਪੜ੍ਹਾਇਆ ਸੀ। ਕਹਿੰਦੇ ਸਨ, ਕੋਈ ਛੋਟਾ-ਵੱਡਾ ਨਹੀਂ ਹੁੰਦਾ। ਬੰਦੇ ਦੇ ਕਰਮ ਈ ਉਹਨੂੰ ਛੋਟਾ-ਵੱਡਾ ਬਣਾਂਦੇ ਨੇ। ਪਰ ਉਹਨਾਂ ਦੇ ਕਹਿਣ ਨਾਲ ਕੀ ਹੁੰਦਾ ਏ? ਮੇਰੀਆਂ



ਸਹੇਲੀਆਂ ਇਹੀ ਆਖਦੀਆਂ ਸਨ। ਮੇਰੇ ਆਂਢ-ਗੁਆਂਢ ਦੀਆਂ ਕੁੜੀਆਂ, ਸਕੂਲ ਤੇ ਫੇਰ ਕਾਲਜ ਪੜ੍ਹਨ ਵਾਲੀਆਂ ਕੁੜੀਆਂ। ਕਹਿੰਦੀਆਂ ਸਨ, ਸਾਰੇ ਛੋਟੇ ਲੋਕ ਇਹੀ ਕਹਿੰਦੇ ਨੇ ਕਿ ਛੋਟਾ-ਵੱਡਾ ਕੋਈ ਨਹੀਂ ਹੁੰਦਾ। ਪਰ ਛੋਟਾ ਵੱਡਾ ਤੇ ਤਾਂ ਨਾ ਹੋਵੇ, ਜੇ ਵੱਡੇ ਲੋਕ ਵੀ ਇਹੀ ਕਹਿਣ।

ਮੈਂ ਕਦੇ ਇਹਨਾਂ ਗੱਲਾਂ ਨੂੰ ਬਹੁਤਾ ਗੌਲਿਆ ਨਹੀਂ। ਪਰ ਹੁਣ ਜਦੋਂ ਦਾ ਕੇਵਲ ਕਤਲ ਹੋਇਆ ਏ, ਮੈਨੂੰ ਇਹੀ ਉਟ-ਪਟਾਂਗ ਗੱਲਾਂ ਯਾਦ ਆਉਂਦੀਆਂ ਰਹਿੰਦੀਆਂ ਨੇ। ਯਾਦ ਵੀ ਨਹੀਂ, ਬੱਸ ਉਂਜ ਹੀ, ਗੱਲਾਂ ਦਾ, ਬੇਸਿਰ ਪੈਰ ਦੀਆਂ ਗੱਲਾਂ ਦਾ ਜਿਵੇਂ ਇਕ ਹੰਗਾਮਾ ਜਿਹਾ ਬਰਪਾ ਰਹਿੰਦਾ ਏ ਮੇਰੇ ਚਾਰੇ ਪਾਸੇ।

ਉਸ ਹਨੇਰੀ ਰਾਤ ਵਿਚ ਮੈਨੂੰ ਲੱਗਾ, ਕੋਈ ਖ਼ਤਰਾ ਮੇਰੇ ਸਿਰ 'ਤੇ ਮੰਡਰਾ ਰਿਹਾ ਏ। ਅੱਜਕਲ੍ਹ ਅਕਸਰ ਇਜ ਹੀ ਲਗਦਾ ਏ। ਇਕ ਬੇਬੁਨਿਆਦੀ ਜਿਹਾ ਖ਼ੌਫ਼। ਜਿਵੇਂ ਹਨੇਰੇ ਵਿਚੋਂ ਕਿਸੇ ਖ਼ੂੰਖਾਰ ਜਾਨਵਰ ਦੀਆਂ ਦੋ ਅੱਖਾਂ ਮੇਰੇ ਵੱਲ ਝਾਕੀਆਂ ਹੋਣ। ਭਲਾ ਹੁਣ ਕਾਹਦਾ ਖ਼ਤਰਾ? ਦੋ ਵਰ੍ਹਿਆਂ ਤੋਂ ਕੇਵਲ ਜਦੋਂ ਵੀ ਘਰੋਂ ਬਾਹਰ ਜਾਂਦਾ ਸੀ, ਸਾਨੂੰ ਦੋਹਾਂ ਨੂੰ, ਮੈਨੂੰ ਤੇ ਮੇਰੀ ਮਾਂ ਨੂੰ, ਇਹੋ ਜਿਹਾ ਹੀ ਖ਼ਤਰਾ ਛਹਿ ਲਾ ਕੇ ਵਿੱਥਾਂ-ਖੂੰਜਿਆਂ ਵਿਚੋਂ ਝਾਕਦਾ ਨਜ਼ਰ ਆਉਂਦਾ ਸੀ। ਪਰ ਹੁਣ ਤੇ ਕੇਵਲ ਵੀ ਨਹੀਂ ਰਿਹਾ। ਹੁਣ ਕਾਹਦਾ ਖ਼ਤਰਾ? ਮੌਤ ਤੋਂ ਵੱਡਾ ਵੀ ਕੋਈ ਖ਼ਤਰਾ ਹੁੰਦਾ ਏ?

ਦੂਰੋਂ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਆਉਂਦੀ ਤਾਂ ਮੈਨੂੰ ਲੱਗਦਾ ਕੁੱਤੇ ਸਾਡੇ ਈ ਘਰ ਵੱਲ ਮੂੰਹ ਕਰਕੇ ਭੌਂਕ ਰਹੇ ਨੇ।

ਮੈਂ ਦੱਬੇ ਪੈਰੀਂ ਉੱਠੀ। ਉੱਠ ਕੇ ਤਿੰਨਾਂ ਕਮਰਿਆਂ ਦਾ ਚੱਕਰ ਲਾਇਆ। ਉਝ ਕੇ ਮੰਜਿਆਂ ਦੇ ਹੇਠਾਂ ਵੇਖਿਆ। ਮੱਧਮ ਜਿਹੀਆਂ ਬੱਤੀਆਂ ਦੇ ਮੱਧਮ ਜਿਹੇ ਚਾਨਣ ਵਿਚ ਮੰਜਿਆਂ ਦੇ ਹੇਠਾਂ ਸਿਰਫ਼ ਉਹਨਾਂ ਦੇ ਪਰਛਾਵੇਂ ਹੀ ਛਹਿ ਕੇ ਬੈਠੇ ਸਨ। ਮੈਨੂੰ ਲਗਦਾ ਜਿਵੇਂ ਉਹ ਪਰਛਾਵੇਂ ਹਿੱਲ ਰਹੇ ਨੇ, ਪਾਸਾ ਪਰਤ ਰਹੇ ਨੇ। ਖ਼ੌਫ਼ ਮੇਰੇ ਸੰਘ ਵਿਚ ਇਕ ਸਖ਼ਤ ਗੋਲੇ ਵਾਂਗੂੰ ਫਸਿਆ ਹੋਇਆ ਸੀ। ਮੈਂ ਉਹ ਖ਼ੌਫ਼ ਨੂੰ ਜਿਵੇਂ ਵਰਚਾ ਰਹੀ ਸਾਂ, "ਹੁਣ ਕਾਹਦਾ ਡਰ? ਕੇਵਲ ਨੂੰ ਤਾਂ ਉਹਨਾ ਮਾਰ ਹੀ ਸੁੱਟਿਆ ਏ। ਹੁਣ ਕਾਹਦਾ ਡਰ?"

ਕੇਵਲ ਨੂੰ ਜ਼ਰੂਰ ਸਰਲਾ ਦੇ ਭਰਾਵਾਂ ਨੇ ਹੀ ਮਾਰਿਆ ਹੋਵੇਗਾ। ਉਂਜ ਕੋਈ ਵੀ ਮਾਰ ਸਕਦਾ ਏ। ਇਹ ਸਿੱਖ ਵੀ, ਜਿਨ੍ਹਾਂ ਦਾ ਨਵਾਂ ਨਾਂ ਆਤੰਕਵਾਦੀ ਏ। ਕੋਈ ਵੀ।

ਤਿੰਨਾਂ ਕਮਰਿਆਂ ਵਿਚੋਂ ਫਿਰ-ਤੁਰ ਕੇ ਮੈਂ ਪਿਛਲੇ ਵਿਹੜੇ ਵਿਚ ਨਿਕਲ ਆਈ। ਨਲਕੇ ਵਿਚੋਂ ਰਹਿ-ਰਹਿ ਕੇ ਇਕ ਬੂੰਦ ਡਿਗਦੀ ਸੀ ਤੇ 'ਟੱਪ' ਕਰਦੀ ਖੁਰੇ ਦੇ ਫਰਸ਼ 'ਤੇ ਆ ਪੈਂਦੀ ਸੀ। ਹਰ ਦੋਂਹ-ਤਿੰਨਾਂ ਸਕਿੰਟਾਂ ਮਗਰੋਂ 'ਟੱਪ'। ਲਗਾਤਾਰ।

ਹਨੇਰੇ ਦਾ ਵੀ ਕਿਹੋ ਜਿਹਾ ਚਮਤਕਾਰ ਹੁੰਦਾ ਏ। ਪਰ੍ਹਾਂ ਪਈ ਵਲਟੋਹੀ ਵੀ ਇਸ ਤਰ੍ਹਾਂ ਲਗ ਰਹੀ ਸੀ ਜਿਵੇਂ ਕੋਈ ਬੰਦਾ ਗੋਡੇ ਢਿੱਡ ਨਾਲ ਜੋੜ ਕੇ ਬੈਠਾ ਹੋਵੇ, ਗੋਡਿਆਂ ਦੁਆਲੇ ਬਾਹਵਾਂ ਦੀ ਕਰਿੰਗੜੀ ਪਾਈ। ਪਰ੍ਹਾਂ ਪਈ ਬਾਲਟੀ ਵਿਚ ਵੀ ਕੋਈ ਬੰਦਾ ਲੁਕਿਆ ਬੈਠਾ ਹੋ ਸਕਦਾ ਸੀ। ਤੇ ਕੋਨੇ ਵਿਚ ਪਏ ਮੰਜੇ ਹੇਠਾਂ ਵੀ। ਕੀ ਪਤਾ।

ਪਿਛਲੇ ਪਾਸੇ, ਰਸੋਈ ਦੇ ਨਾਲ ਇਕ ਕਮਰਾ ਸੀ, ਜਿਸ ਵਿਚ ਗੱਠੜੀਆਂ ਦਾ ਢੇਰ, ਤੇ ਪੁਰਾਣੇ ਬਿਸਤਰੇ, ਖੇਸ ਤੇ ਰਜਾਈਆਂ-ਤਲਾਈਆਂ ਪਈਆਂ ਹੋਈਆਂ ਸਨ। ਕੁਝ ਲੱਕੜ ਦੀਆਂ ਪੁਰਾਣੀਆਂ ਪੇਟੀਆਂ ਵੀ ਸਨ, ਇਕ ਦੂਜੇ ਦੇ ਉੱਤੇ ਰੱਖੀਆਂ ਹੋਈਆਂ, ਜਿਨ੍ਹਾਂ ਵਿਚ ਖੌਰੇ ਕਿਹੜੇ ਵੇਲਿਆਂ ਦਾ ਕਿਹੜਾ ਨਿੱਕ-ਸੁੱਕ ਪਿਆ ਸੀ। ਕਈ ਵਾਰੀ ਮਾਂ ਨੂੰ ਕਿਹਾ ਸੀ, ਇਹ ਕਬਾੜ ਸੁੱਟ ਦੇਂਦੇ ਆਂ। ਉਹ ਕਹਿੰਦੀ ਸੀ, ਚੀਜ਼ਾਂ ਨੂੰ ਸੁੱਟਿਆਂ ਘਰ ਨਹੀਂ ਬਣਦੇ, ਸਾਂਭਿਆਂ ਬਣਦੇ ਨੇ। ਮੈਂ ਹੈਰਾਨ ਹੁੰਦੀ ਸਾਂ ਕਿ ਹੋਰਨਾਂ ਘਰਾਂ ਵਿਚ ਵੀ ਏਸੇ ਤਰ੍ਹਾਂ ਦੇ ਕੂੜੇ-ਕਬਾੜ ਦੇ ਤੇ ਸਦੀਆਂ ਪੁਰਾਣੀਆਂ ਨਿੱਕੀਆਂ-ਮੋਟੀਆਂ ਚੀਜ਼ਾਂ ਦੇ ਢੇਰ ਹੋਣਗੇ? ਹੋਣ ਨਾ ਹੋਣ, ਸਾਡੇ ਵਿਚ ਤਾਂ ਹੈਣ ਸਨ। ਮੈਨੂੰ ਇਹਨਾਂ ਪੁਰਾਣੀਆਂ ਪੇਟੀਆਂ ਤੋਂ ਨਫ਼ਰਤ ਸੀ ਕਿਉਂਕਿ ਇਹਨਾਂ ਵਿਚੋਂ ਮੈਨੂੰ ਤਮਾਮ ਗੁਜ਼ਰ ਚੁੱਕੇ ਬੰਦਿਆਂ ਦੀ ਤੇ ਗੁਜ਼ਰੇ ਜ਼ਮਾਨਿਆਂ ਦੀ ਹਵਾੜ ਆਉਂਦੀ ਸੀ।

ਪਰ ਕਾਲੀ-ਬੋਲੀ, ਸੰਘਣੀ ਰਾਤ ਦੇ ਇਸ ਪਹਿਰ ਵਿਚ ਜਿਸ ਵਿਚ ਮਨੁੱਖ ਸੌਂਦੇ ਸਨ, ਤੇ ਕੁੱਤੇ ਜਾਗਦੇ ਸਨ, ਉਹ ਲੋਕ ਜਿਹੜੇ ਨਾ ਜਿਉਂਦਿਆਂ ਵਿਚ ਹੋਣ ਨਾ ਮੋਇਆਂ ਵਿਚ, ਜਿਸ ਤਰ੍ਹਾਂ ਮੈਂ ਸਾਂ ਤੇ ਮੇਰੀ ਮਾਂ ਸੀ, ਮੈਂ ਉਸ ਕੋਠੜ ਦਾ ਢੋਇਆ ਹੋਇਆ ਬੂਹਾ ਖੋਲ੍ਹਿਆ ਤੇ ਅੰਦਰ ਝਾਕਿਆ। ਹਨੇਰਾ ਸੀ। ਮੈਂ ਬੱਤੀ ਜਗਾਈ। ਅੰਨ੍ਹਾ ਜਿਹਾ ਬਲਬ ਜਗ ਪਿਆ। ਹੈਰਾਨੀ ਹੋਈ ਕਿ ਏਨੇ ਚਿਰ ਮਗਰੋਂ ਬਲਬ ਜਗ ਕਿਸ ਤਰ੍ਹਾਂ ਪਿਆ ਏ।

ਮੈਂ ਬੇਧਿਆਨੀ ਜਿਹੀ ਵਿਚ ਕੋਠੜੀ ਦਾ ਚੱਕਰ ਲਾਇਆ। ਤੇ ਅਚਾਨਕ ਠਠੰਬਰ ਕੇ ਖੜੀ ਗਈ। ਪੇਟੀਆਂ ਦੇ ਪਿਛੇ ਉਹ ਦੁਬਕਿਆ ਬੈਠਾ ਸੀ, ਆਪਣੀ ਲਹੂ-ਲੁਹਾਨ ਲੱਤ ਨੂੰ ਆਪਣੀਆਂ ਦੋਹਾਂ ਮੁੱਠਾਂ ਵਿਚ ਘੁੱਟ ਕੇ। ਉਹਦੀਆਂ ਅੱਖਾਂ ਵਿਚ ਇਕ ਅਦਿੱਸ ਖ਼ੌਫ਼ ਸੀ। ਡਰੇ ਹੋਏ ਜ਼ਖ਼ਮੀ ਖ਼ਰਗੋਸ਼ ਦੀਆਂ ਅੱਖਾਂ ਸਨ ਉਹ। ਮੇਰੇ ਕੋਲੋਂ ਡਰ ਰਿਹਾ ਸੀ ਤੇ ਮੈਂ ਉਹਦੇ ਕੋਲੋਂ।

ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਉਹ ਕੌਣ ਸੀ? ਇਸ ਹਨੇਰੇ ਵਿਚ ਉਹ ਮੇਰੇ ਘਰ ਲੁਕਿਆ ਕੀ ਕਰ ਰਿਹਾ ਸੀ? ਮੈਂ ਰੌਲਾ ਪਾਵਾਂ? ਪਰ ਆਵਾਜ਼ ਤਾਂ ਮੇਰੇ ਸੰਘ ਵਿਚ ਜੰਮ ਗਈ। ਮੈਂ ਉਹਨੂੰ ਬਾਹੋਂ ਫੜ ਕੇ ਘਰੋਂ ਕੱਢ ਦਿਆਂ? ਪਰ ਉਹ ਤੇ ਜ਼ਖ਼ਮੀ ਸੀ। ਉਹਦੀ ਲੱਤ ਵਿਚੋਂ ਲਹੂ ਵਗ ਰਿਹਾ ਸੀ। ਤੇ ਉਸਦੇ ਹੱਥਾਂ ਦੀਆਂ ਦੋਹਾਂ ਮੁੱਠੀਆਂ ਵਿਚ ਘੁੱਟੀ ਉਹਦੀ ਲੱਤ.....।

ਅਚਾਨਕ ਉਹਦੇ ਮੂੰਹੋਂ ਇਕ ਹੂੰਗਰ ਜਿਹੀ ਨਿਕਲੀ, ਪਾਣੀ...!

ਮੈਨੂੰ ਹੋਰ ਕੁਝ ਸੁੱਝਿਆ ਹੀ ਨਹੀਂ, ਮੈਂ ਰਸੋਈ ਵਿਚੋਂ ਪਾਣੀ ਦਾ ਗਲਾਸ ਲੈਣ ਚਲੀ ਗਈ। ਪਾਣੀ ਲਿਆ ਕੇ ਮੈਂ ਗਲਾਸ ਉਹਦੇ ਵੱਲ ਵਧਾਇਆ। ਮੇਰਾ ਹੱਥ ਕੰਬ ਰਿਹਾ ਸੀ। ਮੈਂ ਅਜੇ ਵੀ ਉਹਦੇ ਕੋਲੋਂ ਡਰ ਰਹੀ ਸਾਂ। ਹਾਲਾਂਕਿ ਮੈਨੂੰ ਪਤਾ ਸੀ ਕਿ ਉਹ ਮੇਰੇ ਰਹਿਮ 'ਤੇ ਹੈ। ਮੇਰੇ ਰਹਿਮ 'ਤੇ, ਤੇ ਮੇਰੇ ਪਾਣੀ ਦੇ ਰਹਿਮ 'ਤੇ।

ਉਹਨੇ ਗਲਾਸ ਮੇਰੇ ਹੱਥੋਂ ਫੜ ਲਿਆ। ਫੜ ਵੀ ਨਹੀਂ, ਇਕ ਹੜਬੜੀ ਜਿਹੀ ਵਿਚ, ਬੌਖਲਾਹਟ ਜਿਹੀ ਵਿਚ ਉਹਨੇ ਪਾਣੀ ਮੇਰੇ ਹੱਥੋਂ ਖੋਹ ਲਿਆ। ਮੈਂ ਚੁੱਪਚਾਪ ਖੜੋਤੀ ਉਹਦੇ ਗਲੇ ਵਿਚੋਂ ਆਉਂਦੀ ਗਟਗਟ ਦੀ ਆਵਾਜ਼ ਨੂੰ ਸੁਣਦੀ ਰਹੀ। ਗਲਾਸ



ਖ਼ਾਲੀ ਕਰ ਕੇ ਉਹਨੇ ਮੇਰੇ ਵੱਲ ਵਧਾਇਆ। ਮੈਂ ਚੁੱਪ ਚਾਪ ਗਲਾਸ ਫੜ ਕੇ ਫੇਰ ਰਸੋਈ ਵਿਚ ਗਈ ਤੇ ਇਕ ਗਲਾਸ ਹੋਰ ਭਰ ਲਿਆਈ। ਐਤਕੀਂ ਉਹਨੇ ਮੇਰੇ ਹੱਥੋਂ ਗਲਾਸ ਖੋਹਿਆ ਨਹੀਂ, ਆਹਿਸਤਾ ਜਿਹੇ ਫੜ ਲਿਆ ਤੇ ਹੌਲੀ ਹੌਲੀ ਅੱਧਾ ਗਲਾਸ ਖ਼ਾਲੀ ਕਰ ਕੇ ਬਾਕੀ ਅੱਧਾ ਆਪਣੇ ਕੋਲ ਭੁੰਜੇ ਰੱਖ ਦਿਤਾ।

ਮੈਂ ਅਜੇ ਵੀ ਉਹਦੇ ਵੱਲ ਤੱਕ ਰਹੀ ਸਾਂ। ਖ਼ੌਫ਼ ਦਾ ਵੀ ਸ਼ਾਇਦ ਇਕ ਆਪਣਾ ਟੂਣਾ ਹੁੰਦਾ ਏ। ਉਹ ਟੂਣਾ ਸਾਨੂੰ ਨਾ ਹਿਲਣ ਦੇਂਦਾ ਏ, ਨਾ ਬੋਲਣ ਦੇਂਦਾ ਏ।

ਉਹਨੇ ਮੇਰੇ ਵੱਲ ਵੇਖਿਆ। ਹੁਣ ਉਹਦੀਆਂ ਅੱਖਾਂ ਵਿਚ ਖ਼ੌਫ਼ ਨਹੀਂ ਸੀ। ਇਕ ਕਾਲੀ-ਬੋਲੀ ਖ਼ਾਮੋਸ਼ੀ ਸੀ। ਤੇ ਮੈਨੂੰ ਲੱਗਾ, ਉਸ ਕਾਲੀ ਖ਼ਾਮੋਸ਼ੀ ਵਿਚ ਗੁੱਸੇ ਦੇ ਦੋ-ਚਾਰ ਲਾਲ ਤੇ ਕਾਸ਼ਨੀ ਧੱਬੇ ਡੁੱਬ-ਉੱਭਰ ਰਹੇ ਸਨ। ਪਰ ਉਹ ਗੁੱਸਾ ਮੇਰੇ ਲਈ ਨਹੀਂ ਸੀ, ਉਹ ਉਹਦੇ ਆਪਣੇ ਬੇਸਹਾਰਾਪਣ ਲਈ ਸੀ। ਉਹਦੀ ਆਪਣੀ ਲਾਚਾਰਗੀ ਲਈ ਸੀ। ਉਹਦੇ ਆਪਣੇ ਜ਼ਖ਼ਮ ਲਈ ਸੀ।

"ਤੂੰ ਡਰ ਨਾ ਭੈਣ। ਮੈਂ ਰਤਾ ਉੱਠਣ ਜੋਗਾ ਹੋਵਾਂਗਾ ਤਾਂ ਚੁੱਪ ਚਾਪ ਚਲਾ ਜਾਵਾਂਗਾ। ਆਪੇ।"

ਉਹ ਬੋਲਿਆ ਤੇ ਖ਼ੌਫ਼ ਦੀ ਸਿੱਲ੍ਹ ਮੇਰੇ ਸੰਘ ਵਿਚੋਂ ਪਿਘਲਣ ਲੱਗੀ। ਉਹ ਬੋਲਿਆ, ਤੇ ਡਰ ਦੀ ਬਰਫ਼ ਮੇਰੀ ਛਾਤੀ ਵਿਚੋਂ ਪੰਘਰਣ ਲੱਗੀ।

ਮੈਂ ਚੁੱਪ ਚਾਪ ਫੇਰ ਰਸੋਈ ਵਿਚ ਗਈ ਤੇ ਕਾੜ੍ਹਨੀ ਵਿਚੋਂ ਦੁੱਧ ਦਾ ਗਲਾਸ ਭਰ ਲਿਆਈ। ਉਹਨੇ ਦੁੱਧ ਆਹਿਸਤਾ-ਆਹਿਸਤਾ ਪੀ ਲਿਆ, ਗਲਾਸ ਮੈਨੂੰ ਵਾਪਸ ਫੜਾ ਦਿਤਾ, ਤੇ ਓਸੇ ਹੱਥ ਦੇ ਪੁੱਠੇ ਪਾਸੇ ਨਾਲ ਆਪਣਾ ਮੂੰਹ ਪੂੰਝ ਲਿਆ।

"ਕੋਈ ਕੱਪੜਾ ਹੈ? ਲੱਤ 'ਤੇ ਬੰਨ੍ਹ ਲਵਾਂ।"

ਮੈਂ ਇਕ ਪੇਟੀ ਖੋਹਲੀ। ਮਾਂ ਦਾ ਇਕ ਪੁਰਾਣਾ ਦੁਪੱਟਾ ਕੱਢ ਕੇ, ਖੋਹਲ ਕੇ ਉਹਨੂੰ ਫੜਾ ਦਿਤਾ। ਉਹਨੇ ਦੁਪੱਟੇ ਦੀ ਕੰਨੀ ਆਪਣੇ ਜ਼ਖ਼ਮ 'ਤੇ ਰੱਖੀ, ਤੇ ਲੱਤ ਦੁਆਲੇ ਤਿੰਨ-ਚਾਰ ਵਾਲਵੇਂ ਦਿਤੇ। ਫੇਰ ਉਹ ਦੁਪੱਟੇ ਦੀਆਂ ਕੰਨੀਆਂ ਨਾਲ ਗੰਢ ਮਾਰਨ ਲੱਗਾ। ਮੈਂ ਤੱਕਿਆ ਉਹਦੇ ਹੱਥ ਕੰਬ ਰਹੇ ਸਨ। ਮੈਂ ਕੰਨੀਆਂ ਉਹਦੇ ਹੱਥੋਂ ਫੜ ਲਈਆਂ ਤੇ ਘੁੱਟ ਕੇ ਗੰਢ ਮਾਰ ਦਿਤੀ।

"ਗੋਲੀ ਲੱਗੀ ਏ", ਉਹ ਬੋਲਿਆ।

"ਗੋਲੀ?" ਮੈਂ ਤ੍ਰਭਕ ਗਈ।

"ਆਹੋ। ਪੁਲਿਸ ਦੇ ਕੁੱਤਿਆਂ ਦੀ ਗੋਲੀ।"

"ਪੁਲਿਸ?" ਮੇਰੀ ਆਵਾਜ਼ ਕੰਬ ਗਈ।

"ਨਹੀਂ, ਮੈਂ ਕੋਈ ਚੋਰ ਡਾਕੂ ਨਹੀਂ। ਮੈਂ....", ਤੇ ਉਹ ਰੁਕ ਗਿਆ।

"ਆਤੰਕਵਾਦੀ?" ਮੈਂ ਆਵਾਜ਼ ਨੂੰ ਖਲ੍ਹਾਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਕੰਬ ਰਹੀ ਸੀ।

ਮੈਨੂੰ ਲੱਗਾ, ਉਹ ਮੁਸਕਰਾ ਰਿਹਾ ਸੀ। ਉਹਦੇ ਹੋਠ ਨਹੀਂ, ਬੱਸ ਉਹਦੀਆਂ ਅੱਖਾਂ ਵਿਚੋਂ ਮੈਨੂੰ ਇਕ ਲੰਘਦੀ ਜਾਂਦੀ ਮੁਸਕਰਾਹਟ ਜਿਹੀ ਦਾ ਝਾਉਲਾ ਪਿਆ।

"ਆਤੰਕਵਾਦੀ? ਉਹ ਕਿਹੜਾ ਜਨੌਰ ਹੁੰਦਾ ਏ ਬੀਬੀ?"

ਤੇ ਫੇਰ ਉਹਨੂੰ ਖਬਰੇ ਜ਼ਖ਼ਮ ਵਿਚ ਚੀਸ ਪਈ। ਉਹਦੇ ਹੋਂਠ ਮਰੋੜੇ ਗਏ। ਅੱਖਾਂ ਵਿਚੋਂ ਕਾਲਖ਼ ਝਰਨ ਲੱਗੀ। ਉਹਦੇ ਜਬਾੜੇ ਕੱਸੇ ਗਏ, ਤੇ ਚਿਹਰੇ ਦੀ ਖਲ ਹੇਠੋਂ ਉਹਦੇ ਮੱਸਲ ਐਂਠ ਗਏ। ਜ਼ਖ਼ਮ ਤੋਂ ਉਤਾਂਹ ਉਹਨੇ ਆਪਣੀ ਲੱਤ ਨੂੰ ਦੋਹਾਂ ਮੁੱਠੀਆਂ ਵਿਚ ਭੀਚ ਲਿਆ, ਕੱਸ ਕੇ।

"ਤੂੰ ਜਾ ਕੇ ਸੌਂ ਜਾਹ ਬੀਬੀ। ਰਤਾ ਕੁ ਪੀੜ ਘੱਟ ਹੋਈ ਤਾਂ ਮੈਂ ਚੁੱਪ ਚਾਪ ਉੱਠ ਕੇ ਚਲਾ ਜਾਵਾਂਗਾ।"

"ਕਿਧਰੇ ਨਹੀਂ ਜਾਏਂਗਾ ਤੂੰ।" ਪਤਾ ਨਹੀਂ ਕਿਹੜੇ ਅਧਿਕਾਰ ਨਾਲ ਮੈਂ ਕਿਹਾ।

"ਇਸ ਹਾਲਤ ਵਿਚ ਕਿਧਰੇ ਨਹੀਂ ਜਾਏਂਗਾ ਤੂੰ।"

ਮੈਂ ਉੱਠੀ ਤੇ ਕੋਠੜੀ ਨੂੰ ਬਾਹਰੋਂ ਜੰਦਰਾ ਲਾ ਦਿਤਾ। ਤੇ ਆ ਕੇ ਆਪਣੀ ਮੰਜੀ 'ਤੇ ਲੇਟ ਗਈ।

ਨੀਂਦਰ ਤਾਂ ਰੁੱਸੀ ਹੋਈ ਪਰਾਹੁਣੀ ਵਾਂਗੂੰ ਤੁਰ ਗਈ। ਆਹਿਸਤਾ-ਆਹਿਸਤਾ ਗੁਜ਼ਰਦੀ ਰਾਤ ਨੂੰ ਮੈਂ ਮਹਿਸੂਸ ਕਰਨ ਲੱਗੀ। ਕਾਲੀ ਬਿੱਲੀ ਵਾਂਗੂੰ ਦੱਬੇ ਪੈਰੀਂ, ਛਹਿ ਕੇ ਤੁਰਦੀ ਜਾਂਦੀ ਰਾਤ ਨੂੰ।

ਬਹੁਤ ਚਿਰ ਗੁਜ਼ਰ ਗਿਆ। ਮੈਨੂੰ ਲੱਗਾ ਦਿਨ ਚੜ੍ਹਨ ਵਾਲਾ ਸੀ। ਅਚਾਨਕ ਅੱਭੜਵਾਹੇ ਮੈਂ ਉੱਠੀ। ਦਿਨ ਚੜ੍ਹ ਪਿਆ ਤਾਂ ਉਹ ਵਿਚਾਰਾ ਬਾਹਰ ਕਿਸ ਤਰ੍ਹਾਂ ਜਾਏਗਾ? ਮੈਂ ਉੱਠੀ, ਪਾਣੀ ਦਾ ਲੋਟਾ ਭਰਿਆ ਕੋਠੜੀ ਦਾ ਜੰਦਰਾ ਖੋਲ੍ਹਿਆ। ਉਹਦੀ ਘੁੰਗਰ ਸੁਣਾਈ ਦਿਤੀ। ਘੁੰਗਰ, ਜਿਸਦੇ ਵਿਚ ਕੋਈ ਆਵਾਜ਼ ਨਹੀਂ ਸੀ। ਬੰਸ ਠਹਿਰੀ ਹੋਈ ਹਵਾ ਵਿਚ, ਹਵਾ ਦੀ ਹੀ ਇਕ ਬੇਆਵਾਜ਼ ਚਾਂਗਰ। ਖ਼ਾਲੀ ਹਵਾ ਨੂੰ ਠੋਸ ਹਵਾ ਦਾ ਇਕ ਟੁਕੜਾ ਜਿਵੇਂ ਕੱਟ ਰਿਹਾ ਸੀ।

ਮੈਂ ਉਹਦੇ ਕੋਲ ਖੜੋ ਕੇ ਆਖਿਆ, "ਦਿਨ ਚੜ੍ਹ ਪਵੇਗਾ ਤਾਂ ਤੂੰ ਬਾਹਰ ਕਿਸ ਤਰ੍ਹਾਂ ਜਾਏਂਗਾ? ਔਹ ਪਾਣੀ....", ਤੇ ਮੈਂ ਹੱਥ ਅਗਾਂਹ ਕਰਕੇ ਲੋਟਾ ਉਹਨੂੰ ਵਿਖਾਇਆ।

"ਹੌਲੀ-ਹੌਲੀ ਉੱਠ ਕੇ ਔਹ ਕੰਧ ਦੇ ਬਾਹਰਵਾਰ..." ਤੇ ਮੈਂ ਹਿਚਕ ਜਿਹੀ ਗਈ। "ਮੈਂ ਤੇਰੇ ਵੱਲ ਪਿੱਠ ਕਰਕੇ ਖੜੋ ਜਾਵਾਂਗੀ। ਧਿਆਨ ਰਖਾਂਗੀ, ਕੋਈ ਨਾ ਵੇਖੇ।"

ਉਹ ਕਸੀਸ ਵੱਟ ਕੇ ਉੱਠਿਆ। ਮੈਂ ਉਹਦੀ ਬਾਂਹ ਫੜ ਲਈ। ਬਾਹਰਲੇ ਬੂਹੇ ਦੀ ਕੁੰਡੀ ਆਹਿਸਤਾ ਜਿਹੇ ਖੋਹਲੀ। ਬਾਹਰਲੀ ਕੰਧ ਦੇ ਨਾਲ ਲੱਗ ਕੇ ਬਹਿਣ ਲਈ ਇਸ਼ਾਰਾ ਕੀਤਾ। ਕੋਲ ਪਾਣੀ ਦਾ ਲੋਟਾ ਰੱਖ ਦਿਤਾ। ਤੇ ਆਪ ਆਪਣੀ ਚੁੰਨੀ ਨੂੰ ਉਹਦੇ ਅੱਗੇ ਤੰਬੂ ਤਾਣ ਕੇ ਪਿੱਠ ਕਰਕੇ ਖੜੋ ਗਈ।

ਮੈਨੂੰ ਲੱਗਾ ਜਿਵੇਂ ਮੈਂ ਕੋਈ ਮੁਰਗੀ ਸਾਂ ਤੇ ਆਪਣੇ ਖੰਭਾਂ ਹੇਠਾਂ ਮੈਂ ਆਪਣੇ ਚੂਚੇ ਨੂੰ ਛੁਪਾਇਆ ਹੋਇਆ ਸੀ ਕਿਉਂਕਿ ਚਹੁੰ ਪਾਸੀਂ ਅਸਮਾਨ 'ਤੇ ਕਾਲੀਆਂ ਇੱਲਾਂ ਚੱਕਰ ਲਾ ਰਹੀਆਂ ਸਨ। ਉਹ ਜਿਵੇਂ ਮੇਰਾ ਬੇਸਹਾਰਾ ਲਾਚਾਰ ਪੁੱਤਰ ਸੀ। ਆਪਣੇ ਕੁਆਰੇ ਸੀਨੇ ਵਿਚੋਂ ਮਮਤਾ ਛਲਕਦੀ ਸੁਣਾਈ ਦਿਤੀ।



ਉਹਨੂੰ ਉਠਾ ਕੇ ਮੈਂ ਇਕ ਹੱਥ ਵਿਚ ਖਾਲੀ ਲੋਟਾ ਫੜਿਆ ਤੇ ਦੂਜੇ ਨਾਲ ਉਹਦੀ ਬਾਂਹ। ਵਾਪਸ ਲਿਆ ਕੇ ਮੈਂ ਓਥੇ ਹੀ ਪੇਟੀਆਂ ਦੇ ਪਿੱਛੇ ਬਿਠਾ ਦਿਤਾ। ਤੇ ਫੇਰ ਬਿਸਤਰਿਆਂ ਵਾਲੇ ਬਕਸੇ ਵਿਚੋਂ ਇਕ ਤਲਾਈ ਕੱਢ ਕੇ ਉਹਦੀ ਲੱਤ ਦੇ ਹੇਠਾਂ ਰੱਖ ਦਿੱਤੀ, ਟੁੰਮੁਣਾ ਜਿਹਾ ਬਣਾ ਕੇ। ਦੋ ਸਿਰਹਾਣੇ ਕੱਢ ਕੇ ਮੈਂ ਉਹਨੂੰ ਦੇ ਦਿੱਤੇ, ਤੇ ਇਕ ਖੇਸ। ਰਾਤ ਦਾ ਪਿਛਲਾ ਪਹਿਰ ਸੀ, ਤੇ ਹਵਾ ਵਿਚ ਰਤਾ ਕੁ ਜਿੰਨਾ ਠਾਰ ਸੀ।

ਸਵੇਰ ਹੋਈ ਤਾਂ ਪੁਲਿਸ ਦੇ ਦੋ ਬੰਦੇ ਸਾਡੇ ਘਰ ਆਏ। ਪੁਲਿਸ ਦਾ ਆਉਣਾ ਕੋਈ ਅਨਹੋਣੀ ਗੱਲ ਨਹੀਂ ਸੀ। ਜਿੱਦਣ ਦਾ ਕੇਵਲ ਕਤਲ ਹੋਇਆ ਏ, ਪੁਲਿਸ ਆਉਂਦੀ ਹੀ ਰਹਿੰਦੀ ਏ, ਦੂਜੇ ਚੌਥੇ ਦਿਨ। ਪਰ ਅੱਜ ਪੁਲਿਸ ਦੇ ਇਹਨਾਂ ਦੋ ਬੰਦਿਆਂ ਨੂੰ ਤੱਕ ਕੇ ਮੇਰਾ ਤ੍ਰਾਹ ਨਿਕਲ ਗਿਆ।

ਕਹਿਣ ਲੱਗੇ, "ਕੱਲ੍ਹ ਰਾਤੀਂ ਚਹੁੰ ਪੰਜਾਂ ਆਤੰਕਵਾਦੀਆਂ ਨੇ ਪੁਲਿਸ ਦੇ ਦੋ ਸਿਪਾਹੀਆਂ ਨੂੰ ਘੇਰ ਕੇ ਉਹਨਾਂ ਕੋਲੋਂ ਬੰਦੂਕਾਂ ਖੋਹ ਲਈਆਂ ਸਨ ਤੇ ਜਦੋਂ ਉਹ ਭੱਜੇ ਜਾਂਦੇ ਸਨ, ਕਿਸੇ ਤੀਜੇ ਪੁਲਿਸ ਦੇ ਬੰਦੇ ਨੇ ਉਹਨਾਂ 'ਤੇ ਗੋਲੀ ਚਲਾਈ ਸੀ। ਉਹ ਸਾਰੇ ਹੀ ਭੱਜ ਗਏ। ਪਰ ਸ਼ੱਕ ਏ ਕਿ ਕਮ-ਅਜ਼-ਕਮ ਇਕ ਨੂੰ ਗੋਲੀ ਜ਼ਰੂਰੀ ਲੱਗੀ ਏ ਕਿਉਂਕਿ ਲਹੂ ਦੇ ਛਿੱਟੇ ਮਿੱਟੀ ਵਿਚ ਪਏ ਸਨ। ਤੇ ਸ਼ਾਇਦ ਉਹ ਜ਼ਖ਼ਮੀ ਭੱਜ ਕੇ ਏਸੇ ਗਲੀ ਵਿਚ ਵੜਿਆ ਏ। ਪਰ ਤੁਸੀਂ ਡਰੋ ਨਾ। ਰਤਾ ਕੁੰਡੀ-ਖ਼ੁੰਡੀ ਮਾਰ ਕੇ ਰੱਖਣੀ। ਹਨੇਰੇ-ਸਵੇਰੇ ਬਾਹਰ ਵੀ ਨਾ ਨਿਕਲਣਾ। ਗਲੀ ਦੇ ਸਾਰੇ ਸਿੱਖਾਂ ਦੇ ਘਰਾਂ ਦੀਆਂ ਤਲਾਸ਼ੀਆਂ ਲੈ ਰਹੇ ਹਾਂ। ਭੱਜ ਕੇ ਜਾਵੇਗਾ ਕਿੱਥੇ? ਕਿਸੇ ਨੇ ਲੁਕਾਇਆ ਹੋਵੇਗਾ, ਤਾਂ ਲੱਭ ਪਵੇਗਾ। ਨਹੀਂ ਤੇ ਹੋਵੇਗਾ ਪਿੰਡ ਵਿਚ ਹੀ ਕਿਧਰੇ। ਲੱਭ ਲਵਾਂਗੇ। ਜੇ ਉਹਨੂੰ ਉਹਦੇ ਸਾਥੀ ਚੁੱਕ ਕੇ ਤੇ ਕਿਸੇ ਟਰੱਕ-ਟਰੱਕ ਵਿਚ ਪਾ ਕੇ ਕਿਤੇ ਹੋਰ ਨਹੀਂ ਲੈ ਗਏ ਤਾਂ। ਉਂਜ ਪੁਲਿਸ ਨੂੰ ਏਸੇ ਗਰੁੱਪ 'ਤੇ ਸ਼ੱਕ ਐ ਕਿ ਇਹਨਾ ਨੇ ਹੀ ਤੁਹਾਡੇ ਕੇਵਲ ਨੂੰ ਮਾਰਿਆ ਐ। ਸਾਲੇ ! ਭੈਣ ਦੇ ਯਾਰ, ਬਚ ਕੇ ਜਾਣਗੇ ਕਿੱਥੇ। ਇਕ-ਇਕ ਨੂੰ ਫੜ ਕੇ..."

ਉਹ ਬੋਲਦੇ ਜਾ ਰਹੇ ਸਨ। ਮੇਰੀ ਮਾਂ ਹੇਠਾਂ ਅੱਗੇ ਪੱਖਾ ਰੱਖ ਕੇ ਚੁੱਪਚਾਪ ਸੁਣ ਰਹੀ ਸੀ। ਤੇ ਮੈਂ ਬੂਹੇ ਕੋਲ ਖਲੋਤੀ ਆਪਣੀਆਂ ਰਗਾਂ ਵਿਚ ਤੁਰਦੇ ਲਹੂ ਦਾ ਖੜਾਕ ਸੁਣ ਰਹੀ ਸਾਂ।

ਦੁਪਹਿਰ ਹੋ ਗਈ ਸੀ, ਪਰ ਕੋਠੜੀ ਵਿਚ ਨਹੀਂ ਸਾਂ ਜਾ ਸਕੀ। ਮੇਰੀ ਮਾਂ ਘਰ ਵਿਚ ਏਧਰ-ਓਧਰ ਤੁਰੀ ਫਿਰਦੀ ਸੀ। ਉਹ ਏਸੇ ਤਰ੍ਹਾਂ ਤੁਰਦੀ ਰਹਿੰਦੀ ਸੀ ਅੱਜ ਕਲ੍ਹ ਜਿਸ ਤਰ੍ਹਾਂ ਉਹਦੀ ਕੋਈ ਚੀਜ਼ ਗੁਆਚ ਗਈ ਹੋਵੇ ਤੇ ਉਹਨੂੰ ਯਾਦ ਨਾ ਆ ਰਿਹਾ ਹੋਵੇ ਕਿ ਕੀ ਗੁਆਚਾ ਸੀ ਤੇ ਕੀ ਲੱਭ ਰਹੀ ਸੀ ਉਹ।

ਆਖ਼ਰ ਦੁਪਹਿਰਾਂ ਵੇਲੇ ਰੋਟੀ ਖਾ ਕੇ ਉਹ ਰਾਮਾਇਣ ਖੋਹਲ ਕੇ ਬਹਿ ਗਈ। ਮੈਂ ਰਾਹ ਵਾਧੂ ਪਕਾਈਆਂ ਰੋਟੀਆਂ ਉਤੇ ਵੜਾਊਆਂ ਦੀ ਸਬਜ਼ੀ ਰੱਖੀ। ਚੁੰਨੀ ਨਾਲ ਕੱਜ ਕੇ ਮੈਂ ਆਹਿਸਤਾ ਜਿਹੇ ਜੰਦਰਾ ਖੋਹਲਿਆ ਤੇ ਕੋਠੜੀ ਦੇ ਅੰਦਰ ਚਲੀ ਗਈ।

ਦਿਨ ਦੇ ਚਾਨਣੇ ਵਿਚ ਉਹ ਬਿਲਕੁਲ ਸਹਿਮੇ ਜਿਹੇ ਵੱਛੇ ਵਾਂਗੂੰ ਲੱਗਾ ਮੈਨੂੰ। ਰਾਤ ਨਾਲੋਂ ਵੀ ਨਿੱਕਾ। ਨਿੱਕੀ-ਨਿੱਕੀ ਕੱਕੀ-ਕੱਕੀ ਲੂੰਈਂ ਸੀ ਉਹਦੀਆਂ

ਗੱਲਾਂ ਦੇ ਦੋਹੀਂ ਪਾਸੀਂ ਤੇ ਉਹਦੇ ਉਤਲੇ ਹੋਠ ਦੇ ਉਪਰ ਤੇ ਉਹਦੀ ਠੋਡੀ 'ਤੇ। ਮੈਨੂੰ ਲੱਗਾ, ਉਹਦੀ ਠੋਡੀ ਤੇ ਕੱਕੇ ਵਾਲਾ ਹੋਣਾਂ ਜ਼ਰੂਰ ਇਕ ਨਿੱਕਾ ਜਿਹਾ ਟੋਇਆ ਹੋਵੇਗਾ, ਉਹਦੀ ਠੋਡੀ ਦੇ ਵਿਚਕਾਰ।

ਉਹਦੀਆਂ ਅੱਖਾਂ ਬੰਦ ਸਨ। ਮੈਂ ਪੋਲੀ ਜਿਹੀ ਉਹਦੀ ਬਾਂਹ ਨੂੰ ਉਂਗਲਾਂ ਨਾਲ ਹਿਲਾਇਆ। ਉਹਨੇ ਅੱਖਾਂ ਖੋਹਲ ਦਿੱਤੀਆਂ। ਅੱਖਾਂ ਵਿਚ ਬਹੁਤ ਸਾਰੀ ਕਾਲੀ ਪੀੜ ਤੈਰ ਰਹੀ ਸੀ। ਪੀੜ ਨਾਲ ਤੇ ਸ਼ਾਇਦ ਉਨੀਂਦਰੇ ਨਾਲ ਉਹਦੀਆਂ ਅੱਖਾਂ ਦੇ ਪਪੋਟੇ ਰਤਾ-ਰਤਾ ਸੁੱਜੇ ਹੋਏ ਲੱਗ ਰਹੇ ਸਨ।

ਮੈਂ ਰੋਟੀਆਂ ਉਹਦੇ ਵੱਲ ਵਧਾਈਆਂ। ਉਹਨੇ ਕਿਹਾ, "ਭੁੱਖ ਨਹੀਂ।" ਤੇ ਫੇਰ ਕਸੀਸ ਵੱਟ ਕੇ ਉਹਨੇ ਜ਼ਖ਼ਮ ਵਾਲੀ ਲੱਤ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਰਤਾ ਕੁ ਸਿੱਧਿਆਂ ਕੀਤਾ।

"ਨਹੀਂ ਭੁੱਖ ਤਾਂ ਵੀ ਖਾਣੀਆਂ ਨੇ।" ਮੈਂ ਉਹਨੂੰ ਬੜੇ ਹੁਕਮ ਨਾਲ ਤੇ ਵੱਡਿਆਂ ਹੋਣ ਦੇ ਮਾਣ ਨਾਲ ਕਿਹਾ। ਜਿਵੇਂ ਬਾਲਾਂ ਨੂੰ ਝਿੜਕੀਦਾ ਏ।

ਉਹਨੇ ਚੁੱਪਚਾਪ ਰੋਟੀਆਂ ਫੜ ਲਈਆਂ, ਤੇ ਖਾਣ ਲੱਗਾ। ਮੈਂ ਰਾਤ ਵਾਲਾ ਪਾਣੀ ਵਾਲਾ ਗਲਾਸ ਚੁੱਕਿਆ। ਖਾਲੀ ਸੀ। ਰੋਈ ਵਿਚ ਜਾ ਕੇ ਮੈਂ ਗਲਾਸ ਭਰ ਲਿਆਈ।

ਮੈਂ ਵੇਖਿਆ, ਰਾਤ ਆਲੇ ਦੁਪੱਟੇ ਤੇ, ਜਿਹੜਾ ਉਹਦੇ ਜ਼ਖ਼ਮ ਦੁਆਲੇ ਲਿਪਟਿਆ ਹੋਇਆ ਸੀ, ਕਾਲਾ ਲਹੂ ਜੰਮ ਗਿਆ ਹੋਇਆ ਸੀ। ਤੇ ਉਹਦੀ, ਲੱਤ ਦੁਪੱਟੇ ਦੇ ਦੋਹੀਂ ਪਾਸੀਂ ਲਾਲ ਸੁਰਖ਼ ਹੋਈ ਪਈ ਸੀ ਤੇ ਸੁੱਜੀ ਹੋਈ ਸੀ।

"ਬਹੁਤ ਦਰਦ ਏ?" ਮੈਂ ਮੋਹ-ਭਿੱਜੀ ਆਵਾਜ਼ ਵਿਚ ਪੁੱਛਿਆ।

"ਹਾਂ। ਗੋਲੀ ਅੰਦਰ ਈ ਏ। ਲੱਤ ਵਿਚ।"

ਇਹ ਸੁਣ ਮੈਨੂੰ ਅਜੀਬ ਤਰ੍ਹਾਂ ਨਾਲ ਧੱਕਾ ਲੱਗਾ। ਬੰਦੇ ਦੇ ਮਾਸ ਨੂੰ ਪਾੜ ਕੇ ਅੰਦਰ, ਮਾਸ ਤੇ ਲਹੂ ਵਿਚ ਲੁਕੀ ਹੋਈ ਗੋਲੀ। ਅਜੀਬ ਅਹਿਸਾਸ ਸੀ ਇਹ।

ਹਸਪਤਾਲ? ਮੈਨੂੰ ਪਤਾ ਸੀ ਇਹ ਕਿੰਨਾ ਫ਼ਜ਼ੂਲ ਖ਼ਿਆਲ ਏ। ਕਿਹੜੇ ਹਸਪਤਾਲ ਵਿਚ ਅੱਜ ਸਮਰੱਥਾ ਸੀ ਉਹਦਾ ਇਲਾਜ ਕਰ ਸਕਣ ਦੀ? ਦੁਨੀਆਂ ਦੇ ਸਾਰੇ ਡਾਕਟਰ ਦੇ ਔਜ਼ਾਰ ਬੇਕਾਰ ਹੋ ਗਏ ਸਨ ਤੇ ਹਸਪਤਾਲ ਰਾਖ ਦੇ ਢੇਰ ਬਣ ਗਏ ਸਨ।

ਮੈਂ ਚੁੱਪਚਾਪ ਕੋਠੜੀ 'ਚੋਂ ਬਾਹਰ ਨਿਕਲ ਆਈ ਤੇ ਕੋਠੜੀ ਦਾ ਜੰਦਰਾ ਮਾਰ ਦਿੱਤਾ। ਵਿਹੜੇ ਵਿਚ ਦੁਪਹਿਰ ਦੇ ਪਿਛਲੇ ਪਹਿਰ ਦੀ ਪਿਛੇਤੀ ਧੁੱਪ ਅਲਸਾਈ ਜਿਹੀ ਲੇਟੀ ਹੋਈ ਸੀ। ਵਿਹੜਾ ਪਾਰ ਕਰਕੇ ਮੈਂ ਸਾਹਮਣੇ ਕਮਰੇ ਵਿਚ ਆਈ। ਮਾਂ ਅਜੇ ਵੀ ਰਾਮਾਇਣ ਪੜ੍ਹ ਰਹੀ ਸੀ, ਪਰ ਉਹਦੀ ਆਵਾਜ਼ ਤੋਂ ਲੱਗਦਾ ਸੀ ਕਿ ਉਹਦਾ ਧਿਆਨ ਕਿਧਰੇ ਬਹੁਤ ਦੂਰ ਭਟਕ ਰਿਹਾ ਸੀ। ਮੈਂ ਪਟਾਰੀ ਵਿਚੋਂ ਇਕ ਮੁੜਿਆ-ਤੁੜਿਆ ਨੋਟ ਕੱਢਿਆ, ਚੁੰਨੀ ਦੀ ਬੁੱਕਲ ਮਾਰੀ, ਤੇ ਗਲੀ ਵਿਚ ਆ ਗਈ। ਗਲੀ ਵਿਚ ਪਰ੍ਹੇ ਨਿੱਕ-ਸੁੱਕ ਦੀ ਦੁਕਾਨ ਦੇ ਬਾਹਰ ਤਿੰਨ ਸਿਪਾਹੀ ਲੰਬੇ ਬੈਂਚ 'ਤੇ ਬੈਠੇ ਸਨ।

ਮੈਂ ਦੂਜੇ ਪਾਸਿਓਂ ਗਲੀ ਵਿਚੋਂ ਬਾਹਰ ਨਿਕਲੀ ਤੇ ਵਲ ਮਾਰ ਕੇ ਬਾਹਰਲੇ



ਬਾਜ਼ਾਰ ਦੀ ਦਵਾਈਆਂ ਵਾਲੀ ਦੁਕਾਨ 'ਤੇ ਆ ਗਈ "ਡਿਟੋਲ ਦੀ ਇਕ ਸ਼ੀਸ਼ੀ, ਰੂੰ ਦਾ ਬੰਡਲ, ਤੇ ਪੱਟੀਆਂ।" ਤੇ ਮੈਂ ਆਪਣੀ ਥਿੜਕਦੀ ਆਵਾਜ਼ ਨੂੰ ਫੜ ਕੇ ਖਲ੍ਹਾਰਨ ਦੀ ਕੋਸ਼ਿਸ਼ ਕਰਦਿਆਂ ਕਿਹਾ।

ਨਿੱਕਾ ਜਿਹਾ ਕਸਬਾ ਸੀ। ਹਰ ਕੋਈ ਹਰ ਕਿਸੇ ਨੂੰ ਜਾਣਦਾ ਸੀ। ਦੁਆਈਆਂ ਦੀ ਦੁਕਾਨ ਵਾਲਾ, ਜਿਸ ਨੂੰ ਅਸੀਂ ਸਾਰੇ ਡਾਕਟਰ ਕਹਿੰਦੇ ਸਾਂ, ਪਰ ਉਂਜ ਉਹ ਡਾਕਟਰ ਹੈ ਨਹੀਂ ਸੀ, ਕਹਿਣ ਲੱਗਾ, "ਕਿਉਂ ਬੀਬੀ? ਮਾਂ ਜੀ ਢਹਿ-ਢੁਹ 'ਤੇ ਨਹੀਂ ਪਏ?"

ਕੇਵਲ ਦੀ ਮੌਤ ਤੋਂ, ਮਗਰੋਂ ਸਾਰਿਆਂ ਦੀ ਆਵਾਜ਼ ਜ਼ਰਾ ਜ਼ਿਆਦਾ ਹੀ ਕੂਲੀ ਹੋ ਗਈ ਸੀ ਸਾਡੇ ਲਈ। ਮੈਂ ਕਿਹਾ, "ਨਹੀਂ। ਆਹੋ, ਰਤਾ ਦੇਗੀ ਵੱਜ ਗਈ ਏ ਪੈਰ 'ਤੇ।"

"ਮੈਂ ਘਰ ਆ ਕੇ ਪੱਟੀ ਕਰ ਦਿਆਂ?" ਉਹਨੇ ਕਿਹਾ।

"ਨਹੀਂ, ਕੋਈ ਖਾਸ ਨਹੀਂ। ਆਪੇ ਕਰ ਲਵਾਂਗੀ," ਮੇਰੀ ਆਵਾਜ਼ ਐਤਕੀਂ ਬਹੁਤ ਹੀ ਘਬਰਾ ਗਈ ਸੀ ਸ਼ਾਇਦ। ਉਹਨੇ ਆਪਣੀ ਐਨਕ ਦੇ ਸ਼ੀਸ਼ਿਆਂ ਪਿਛੋਂ ਮੈਨੂੰ ਟਿਕਾ ਕੇ ਵੇਖਿਆ, ਤੇ ਡਿਟੋਲ ਦੀ ਸ਼ੀਸ਼ੀ ਰੂੰ ਦਾ ਬੰਡਲ ਤੇ ਪੱਟੀਆਂ ਦੇ ਗੋਲੇ ਮੇਰੇ ਹੱਥ ਫੜਾ ਦਿਤੇ।

ਸਾਰੀਆਂ ਚੀਜ਼ਾਂ ਹੱਥ ਵਿਚ ਫੜ ਕੇ ਮੈਨੂੰ ਘਬਰਾਹਟ ਹੋਈ। ਇਹ ਸਭ ਇਸ ਤਰ੍ਹਾਂ ਲੈ ਕੇ ਮੈਂ ਗਲੀ ਵਿਚੋਂ ਕਿਸ ਤਰ੍ਹਾਂ ਲੰਘਾਂ? "ਕੋਈ ਲਿਫ਼ਾਫ਼ਾ।" ਮੈਂ ਉਹਨੂੰ ਕਿਹਾ। ਉਹਨੇ ਲਿਫ਼ਾਫ਼ਾ ਕੱਢ ਕੇ ਸਾਰੀਆਂ ਚੀਜ਼ਾਂ ਉਹਦੇ ਵਿਚ ਪਾ ਦਿੱਤੀਆਂ।

ਦੁਆਈਆਂ ਦੀ ਦੁਕਾਨ ਤੋਂ ਨਿਕਲ ਕੇ ਮੈਂ ਆੜ੍ਹਤੀ ਦੀ ਦੁਕਾਨ 'ਤੇ ਗਈ। ਤੇ ਲੂਣ ਦਾ ਇਕ ਪੈਕਿਟ ਤੇ ਚਾਰ ਤੀਲ੍ਹਾਂ ਵਾਲੀਆਂ ਡੱਬੀਆਂ ਲੈ ਕੇ ਓਸੇ ਲਿਫ਼ਾਫ਼ੇ ਵਿਚ ਉੱਤੇ ਰੱਖ ਲਈਆਂ ਤੇ ਘਰ ਆ ਗਈ। ਉਹ ਤਿੰਨੇ ਸਿਪਾਹੀ ਅਜੇ ਵੀ ਓਸੇ ਬੈਂਚ ਤੇ ਹੀ ਬੈਠੇ ਸਨ।

ਕੋਠੜੀ ਵਿਚ ਜਾ ਕੇ ਮੈਂ ਉਹਦੇ ਜ਼ਖ਼ਮ ਤੋਂ ਦੁਪੱਟਾ ਲਾਹਿਆ। ਜ਼ਖ਼ਮ ਲੋਹਾ ਲਾਖਾ ਹੋਇਆ ਪਿਆ ਸੀ। ਤੇ ਆਸ-ਪਾਸ ਕਾਲਾ ਲਹੂ ਜੰਮਿਆ ਹੋਇਆ ਸੀ। ਡਿਟੋਲ ਵਿਚ ਰੂੰ ਭਿਉਂ-ਭਿਉਂ ਕੇ ਮੈਂ ਉਹਦਾ ਜ਼ਖ਼ਮ ਸਾਫ਼ ਕੀਤਾ। ਏਡਾ ਭਿਆਨਕ ਜ਼ਖ਼ਮ ਮੈਂ ਪਹਿਲੀ ਵਾਰੀ ਕੇਵਲ ਦੀ ਪਿੱਠ 'ਤੇ ਤਕਿਆ ਸੀ। ਗੋਲੀ ਦਾ ਜ਼ਖ਼ਮ। ਪਰ ਉਹ ਬਿਲਕੁਲ ਵਿਚਾਰਾ ਜਿਹਾ ਜਾਪਿਆ ਸੀ। ਇਕ ਮੋਰੀ ਤੇ ਮੋਰੀ ਦੇ ਆਸ-ਪਾਸ ਲਹੂ ਦੀਆਂ ਘਰਾਲਾਂ। ਇਸ ਤਰ੍ਹਾਂ ਸੁੱਜਿਆ ਹੋਇਆ ਤੇ ਲੋਹਾ ਲਾਖਾ ਨਹੀਂ ਸੀ ਉਹ ਜ਼ਖ਼ਮ। ਮੇਰੇ ਸਿਰ ਵਿਚ ਹਨੇਰ ਘਿਰ ਰਿਹਾ ਸੀ, ਜਿਸ ਨੂੰ ਮੈਂ ਆਪਣੀ ਪੂਰੀ ਤਾਕਤ ਨਾਲ ਪਿਛਾਂਹ ਕਿਧਰੇ ਧੱਕਣ ਦੀ ਕੋਸ਼ਿਸ਼ ਕਰ ਰਹੀ ਸਾਂ। ਮੇਰੇ ਕੰਨਾਂ ਵਿਚ ਬੇਹੋਸ਼ ਹੁੰਦੇ ਲਹੂ ਦੀ ਸ਼ਾਂ ਸ਼ਾਂ ਸੀ, ਪਰ ਉਹਨੂੰ ਮੈਂ ਪੂਰੀ ਤਾਕਤ ਨਾਲ ਅਣਸੁਣਿਆ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ।

ਜ਼ਖ਼ਮ ਸਾਫ਼ ਕਰਕੇ ਮੈਂ ਰੂੰ ਦਾ ਵੱਡਾ ਸਾਰਾ ਫੰਭਾ ਡਿਟੋਲ ਵਿਚ ਭਿਉਂ ਕੇ ਉਹਦੇ 'ਤੇ ਰੱਖਿਆ, ਤੇ ਪੱਟੀ ਬੰਨ੍ਹ ਦਿੱਤੀ। ਉਹਨੇ ਆਪਣੀ ਲੱਤ ਜ਼ਖ਼ਮ ਤੋਂ ਉਤਲੇ

ਪਾਸੇ ਦੋਹਾਂ ਮੁੱਠਾਂ ਵਿਚ ਕੱਸ ਕੇ ਫੜੀ ਹੋਈ ਸੀ, ਤੇ ਪੀੜ ਨਾਲ ਉਹਦੇ ਚਿਹਰੇ 'ਤੇ ਹਜ਼ਾਰਾਂ ਕਾਲੇ ਸਿਆੜ ਪੈ ਗਏ ਸਨ।

ਰਸੋਈ ਵਿਚ ਜਾ ਕੇ ਮੈਂ ਕੋਸੇ ਦੁੱਧ ਦਾ ਗਿਲਾਸ ਭਰਿਆ ਤੇ ਲਿਆ ਕੇ ਉਹਦੇ ਕੋਲ ਰੱਖ ਦਿੱਤਾ। ਬਾਹਰੋਂ ਕੋਠੜੀ ਦਾ ਜੰਦਰਾ ਮਾਰਿਆ ਤੇ ਸੁਆਹ ਤੇ ਮਿੱਟੀ ਨਾਲ ਰਗੜ-ਰਗੜ ਕੇ ਹੱਥ ਕੂਚਣ ਲੱਗੀ। ਤਾਂ ਵੀ ਲੱਗਦਾ ਸੀ, ਡਿਟੋਲ ਦੀ ਬੋ ਹੱਥਾਂ ਵਿਚੋਂ ਆਈ ਜਾ ਰਹੀ ਏ। ਚੌਕੇ ਵਿਚ ਜਾ ਕੇ ਮੈਂ ਚਾਹ ਬਣਾਈ। ਇਕ ਗਲਾਸ ਮਾਂ ਅੱਗੇ ਧਰ ਦਿੱਤਾ, ਤੇ ਮੰਜੀ ਤੇ ਬਹਿ ਕੇ ਦੂਜੇ ਗਲਾਸ ਵਿਚੋਂ ਘੁੱਟ-ਘੁੱਟ ਚਾਹ ਪੀਣ ਲੱਗੀ।

ਮੇਰੀਆਂ ਅੱਖਾਂ ਅੱਗੇ ਸਿਰਫ ਓਹੋ ਲੋਹਾ-ਲਾਖਾ, ਸੁੱਜਿਆ ਹੋਇਆ, ਤੇ ਕਾਲੇ ਲਹੂ ਨਾਲ ਕੱਜਿਆ ਜ਼ਖ਼ਮ ਸੀ। ਤੇ ਜਾਂ ਫੇਰ ਬਾਹਰ ਗਲੀ ਵਿਚ ਦੁਕਾਨ ਦੇ ਸਾਹਮਣੇ ਬੈਂਚ ਤੇ ਬੈਠੇ ਤਿੰਨ ਸਿਪਾਹੀ। ਤੇ ਪਤਾ ਨਹੀਂ ਕਿਹੜੇ ਵੇਲੇ ਮੈਂ ਸੌਂ ਗਈ।

ਸੁੱਤਿਆਂ ਵੀ ਜਿਵੇਂ ਮੈਂ ਜਾਗ ਰਹੀ ਸਾਂ। ਮੇਰਾ ਇਕ ਹਿੱਸਾ ਸੀ ਜਿਹੜਾ ਚੌਕੰਨਾ ਹੋ ਕੇ ਜਾਗ ਰਿਹਾ ਸੀ ਤੇ ਮੇਰਾ ਸੁੱਤਾ ਹੋਇਆ ਹਿੱਸਾ ਤੱਕ ਰਿਹਾ ਸੀ ਕਿ ਸਾਹਮਣੇ ਰੜੇ ਮੈਦਾਨ ਸਨ, ਤੇ ਭਜਦੇ ਖ਼ਰਗੋਸ਼ ਸਨ, ਤੇ ਖ਼ਰਗੋਸ਼ਾਂ ਦਾ ਪਿੱਛਾ ਕਰਦੇ ਖ਼ੂੰਖਾਰ ਕੁੱਤੇ ਸਨ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਨਾਲ ਹੀ ਮੈਂ ਅੱਭੜਵਾਹੇ ਜਾਗ ਪਈ। ਤਰਕਾਲਾਂ ਦਾ ਹਨੇਰਾ ਕਮਰੇ ਦੀਆਂ ਵਿੱਥਾਂ ਵਿਚ ਛਹਿ ਕੇ ਬਹਿ ਗਿਆ ਹੋਇਆ ਸੀ। ਮਾਂ ਕਮਰੇ ਵਿਚ ਨਹੀਂ ਸੀ। ਤੇ ਦੂਰ ਕਿਤੇ ਕੁੱਤੇ ਭੌਂਕ ਰਹੇ ਸਨ।

ਮੈਂ ਉੱਠ ਕੇ ਪਿਛਲੇ ਵਿਹੜੇ ਵਿਚ ਆ ਗਈ। ਮਾਂ ਚੁੱਲ੍ਹਾ ਬਾਲ ਚੁੱਲ੍ਹੇ ਦੇ ਕੋਲ ਹੀ ਗੋਡਿਆਂ 'ਤੇ ਠੋਡੀ ਟਿਕਾ ਕੇ ਬੈਠੀ ਸੀ, ਤੇ ਲੱਕੜਾਂ ਵਿਚੋਂ ਉਠਦੀਆਂ ਲਾਟਾਂ ਨੂੰ ਤੱਕ ਰਹੀ ਸੀ। ਚੁੱਲ੍ਹੇ 'ਤੇ ਸ਼ਾਇਦ ਦਾਲ ਧਰੀ ਹੋਈ ਸੀ।

ਮੈਂ ਬਿਲਕੁਲ ਕੋਲ ਆ ਕੇ ਖੜੀ ਗਈ, ਤਾਂ ਉਹਨੇ ਹੌਲੀ ਜਿਹੀ ਸਿਰ ਉਤਾਂਹ ਚੁੱਕਿਆ, "ਕਿਉਂ? ਸਿਰ ਪੀੜ ਤੇ ਨਹੀਂ? ਕਿਹੜੇ ਵੇਲੇ ਦੀ ਸੁੱਤੀ ਪਈ ਏਂ।"

ਜਾਗ ਕੇ ਵੀ ਕੀ ਕਰਨਾ ਏ?—ਮੈਂ ਪੁੱਛਣਾ ਚਾਹੁੰਦੀ ਸਾਂ, ਪਰ ਚੁੱਪ ਰਹੀ। ਉਸ ਦੁਖਦੀ ਚੁੱਪ ਵਿਚ ਮੈਂ ਇਕ ਵਾਰ ਕੋਠੜੀ ਵੱਲ ਵੇਖਿਆ, ਤੇ ਫੇਰ ਮਾਂ ਨੂੰ ਕਿਹਾ, "ਉੱਠ ਮਾਂ। ਮੈਂ ਲਾਹ ਦੇਨੀ ਆਂ ਰੋਟੀਆਂ।"

ਮਾਂ ਗੋਡਿਆਂ 'ਤੇ ਹੱਥ ਰੱਖ ਕੇ ਚੁੱਪਚਾਪ ਬੈਠ ਗਈ।

ਮਾਂ ਨੂੰ ਰੋਟੀ ਦੇ ਕੇ ਮੈਂ ਦਾਲ ਕੌਲੀ ਵਿਚ ਪਾਈ। ਉਤੇ ਚਮਚਾ ਕੁ ਤੱਤਾ ਘਿਓ ਪਾਇਆ, ਤੇ ਰੋਟੀਆਂ ਥਾਲੀ ਵਿਚ ਰੱਖ ਕੇ ਕੋਠੜੀ ਦਾ ਜੰਦਰਾ ਹੌਲੀ ਜਿਹਾ ਖੋਲ੍ਹਿਆ। ਉਹ ਸ਼ਾਇਦ ਸੁੱਤਾ ਪਿਆ ਸੀ। ਮੈਂ ਉਹਦੀ ਬਾਂਹ ਨੂੰ ਛੋਹਿਆ। ਭੱਠ ਵਾਂਗੂੰ ਤਪ ਰਹੀ ਸੀ ਬਾਂਹ। ਥਾਲੀ ਭੁੰਜੇ ਰੱਖ ਕੇ ਮੈਂ ਉਹਦੇ ਮੱਥੇ 'ਤੇ ਹੱਥ ਧਰਿਆ। ਮੱਥਾ ਵੀ ਤਪ ਰਿਹਾ ਸੀ। ਉਹਨੇ ਅੱਖਾਂ ਨਹੀਂ ਖੋਹਲੀਆਂ। ਉਹਦੇ ਹਰ ਸਾਹ ਵਿਚ ਇਕ ਬੇਮਾਲੂਮੀ ਜਿਹੀ ਹੂੰਗਰ ਰਲੀ ਹੋਈ ਸੀ। ਮੈਂ ਉਹਦੀ ਲੱਤ ਵੱਲ ਵੇਖਿਆ। ਪੱਟੀਆਂ ਦੇ ਉਤੇ ਕਾਲਾ ਲਹੂ ਸਿੰਮ ਕੇ ਜੰਮ ਆਇਆ ਸੀ, ਤੇ ਲੱਤ ਹੁਣ ਬਹੁਤ ਸੁੱਜੀ ਹੋਈ ਸੀ।

ਇਕ ਅਜੀਬ ਬੇਬਸੀ ਵਿਚ ਮੈਂ ਕਮਰੇ ਤੋਂ ਬਾਹਰ ਆ ਗਈ। ਜੰਦਰਾ ਫੇਰ ਲਾ



ਦਿਤਾ। ਰੋਟੀ ਮੇਰੇ ਕੋਲੋਂ ਨਹੀਂ ਖਾਧੀ ਗਈ।

ਅੱਧੀ ਰਾਤੀਂ ਮੈਂ ਉਠ ਕੇ ਕੋਠੜੀ ਵਿਚ ਗਈ। ਬੱਤੀ ਜਗਾਈ। ਉਹ ਆਪਣੀ ਲੱਤ ਉਤੇ ਝੁਕਿਆ ਪਿਆ ਸੀ। ਉਹਦੀਆਂ ਹੂੰਗਰਾਂ ਲੰਮੀਆਂ ਹੋ ਗਈਆਂ ਸਨ। ਮੈਂ ਉਹਨੂੰ ਹੱਥ ਲਾਇਆ। ਉਹ ਨਹੀਂ ਉਠਿਆ। ਰੋਟੀ ਓਸੇ ਤਰ੍ਹਾਂ ਥਾਲੀ ਵਿਚ ਪਈ ਸੀ, ਤੇ ਦਾਲ ਦੇ ਉਤੇ ਸਫ਼ੇਦ ਘਿਓ ਦੀ ਤਹਿ ਜੰਮੀ ਹੋਈ ਸੀ।

ਪਾਣੀ ਦਾ ਗਲਾਸ ਲਿਆ ਕੇ ਮੈਂ ਉਹਦਾ ਸਿਰ ਚੁੱਕਿਆ, ਤੇ ਗਲਾਸ ਉਹਦੇ ਬੁਲ੍ਹਾਂ ਨੂੰ ਲਾ ਦਿੱਤਾ। ਪਤਾ ਨਹੀਂ ਉਹ ਜਾਗਦਾ ਸੀ ਕਿ ਸੁੱਤਾ ਹੋਇਆ, ਹੋਸ਼ ਵਿਚ ਸੀ ਕਿ ਬੇਹੋਸ਼। ਦੋ ਕੁ ਘੁੱਟ ਪਾਣੀ ਉਹਨੇ ਪੀ ਲਿਆ, ਤੇ ਫੇਰ ਆਪਣੀ ਲੱਤ ਉਤੇ ਝੁਕ ਗਿਆ।

ਗੱਠੜੀ ਜਿਹੀ ਵਾਂਗੂੰ ਉਹ ਓਥੇ ਪਿਆ ਸੀ। ਪੁਰਾਣੀਆਂ ਪੇਟੀਆਂ ਦੇ ਪਿੱਛੇ ਤੇ ਬਾਹਰ ਖ਼ਤਰਾ ਉਹਦਾ ਸੁਰਾਗ ਲਭ ਰਿਹਾ ਸੀ।

ਅਗਲੇ ਦਿਨ ਉਹ ਓਸੇ ਤਰ੍ਹਾਂ ਬੁਖ਼ਾਰ ਵਿਚ ਤਪਦਾ ਰਿਹਾ। ਤਰਕਾਲਾਂ ਵੇਲੇ ਮੈਂ ਜ਼ਬਰਦਸਤੀ ਉਹਨੂੰ ਤੱਤੇ ਦੁੱਧ ਦੇ ਦੋ ਘੁੱਟ ਪਿਆਏ। ਇਕ ਵਾਰੀ ਉਹਨੇ ਅੱਖਾਂ ਖੋਹਲੀਆਂ। ਹੌਲੀ ਜਿਹੀ ਕਿਹਾ, "ਮੈਂ ਏਥੇ ਨਹੀਂ ਮਰਨਾ। ਤੁਹਾਨੂੰ ਮੇਰੀ ਲਾਸ਼ ਬਾਹਰ ਕੱਢਣ ਵਿਚ ਬਹੁਤ ਤਕਲੀਫ਼ ਹੋਵੇਗੀ।" ਟੁੱਟੇ-ਟੁੱਟੇ ਲਫ਼ਜ਼ਾਂ ਵਿਚ ਉਹ ਬੋਲ ਰਿਹਾ ਸੀ।

ਮੈਂ ਵਾਪਸ ਕਮਰੇ ਵਿਚ ਅਈ ਤਾਂ ਬਾਹਰਲੇ ਬੂਹੇ ਦੀ ਕੁੰਡੀ ਖੜਕੀ। "ਏਸ ਵੇਲੇ ਕੌਣ ਆ ਗਿਆ ਏ?" ਮੇਰੀ ਮਾਂ ਨੇ ਰੌਤਾ ਖਿਝ ਕੇ ਕਿਹਾ। ਮੈਂ ਬਾਹਰ ਜਾ ਕੇ ਬੂਹਾ ਖੋਹਲਿਆ ਤਾਂ ਓਹੀ ਦੋਵੇਂ ਸਿਪਾਹੀ ਖੜ੍ਹੇ ਸਨ। ਕਹਿਣ ਲੱਗੇ, "ਬੀਬੀ, ਉਂਜ ਤਾਂ ਤੁਹਾਡੇ ਘਰ ਦੀ ਤਲਾਸ਼ੀ ਲੈਣ ਦੀ ਕੋਈ ਲੋੜ ਨਹੀਂ, ਪਰ ਸਾਡੇ ਕੁੱਤੇ ਓਥੇ ਬਾਹਰ ਡਿੱਗੇ ਲਹੂ ਨੂੰ ਸੁੰਘ ਕੇ ਵਾਰ ਵਾਰ ਏਥੇ ਹੀ ਆ ਜਾਂਦੇ ਨੇ। ਜ਼ਰਾ ਅੰਦਰੋਂ ਵੇਖਣ ਦਿਓ।"

ਮੈਂ ਬਹੁਤ ਘਬਰਾ ਗਈ। ਕਿਹਾ, "ਮਾਂ ਸਾਰੀ ਰਾਤ ਸੁੱਤੀ ਨਹੀਂ। ਹੁਣ ਰੋਟੀ ਖਾ ਕੇ ਅੱਖ ਲੱਗੀ ਏ ਜ਼ਰਾ। ਤੁਸੀਂ ਘੰਟੇ ਕੁ ਤੱਕ...."

"ਕੋਈ ਗੱਲ ਨਹੀਂ, ਸੌਣ ਦਿਉ ਮਾਂ ਜੀ ਨੂੰ। ਅਸੀਂ ਘੰਟੇ ਤੱਕ ਆ ਜਾਵਾਂਗੇ। ਪਰ ਰਾਤ ਵੇਲੇ।"

"ਨਹੀਂ ਰਾਤ ਦੀ ਕੋਈ ਗੱਲ ਨਹੀਂ," ਤੇ ਮੈਂ ਉਹਨਾਂ ਨੂੰ ਤੋਰ ਦਿਤਾ।

"ਕੌਣ ਸੀ?" ਮਾਂ ਨੇ ਪੁੱਛਿਆ।

"ਸਿਪਾਹੀ ਸਨ। ਕਹਿੰਦੇ ਸਨ ਤਲਾਸ਼ੀ ਲੈਣੀ ਏ। ਕੋਈ ਭੱਜ ਕੇ ਇਸ ਗਲੀ ਵਿਚ ਆ ਲੁਕਿਆ ਏ।"

"ਕੁੰਡੀ ਚੰਗੀ ਤਰ੍ਹਾਂ ਬੰਦ ਕਰ ਲਈ?" ਮਾਂ ਨੇ ਪੁੱਛਿਆ, ਤੇ ਮੰਜੇ 'ਤੇ ਲੇਟ ਗਈ।

ਕੁਝ ਚਿਰ ਮਗਰੋਂ ਮੈਂ ਪੋਲੇ ਪੈਰੀਂ ਪਿਛਲੀ ਕੋਠੜੀ ਵਿਚ ਗਈ।

ਉਹਨੇ ਵੀ ਸ਼ਾਇਦ ਬਾਹਰਲੀ ਕੁੰਡੀ ਦਾ ਖੜਕਾਰ ਸੁਣ ਲਿਆ। ਬੇਹੋਸ਼ੀ ਵਿਚ

ਹੀ ਕੁੰਡੀ ਦਾ ਖੜਕਾਰ ਕਿਸ ਤਰ੍ਹਾਂ ਸੁਣ ਲਿਆ ਉਹਨੇ? ਇਹਦੀ ਮੈਨੂੰ ਅੱਜ ਤੱਕ ਸਮਝ ਨਹੀਂ ਆਈ। ਪਰ ਉਹ ਜਾਗਦਾ ਸੀ। ਇਕ ਬਦਹਵਾਸ ਖੌਫ਼ ਸੀ ਉਹਦੇ ਚਿਹਰੇ 'ਤੇ। "ਕੌਣ ਸੀ?" ਉਹਨੇ ਪੁੱਛਿਆ।

"ਪੁਲੀਸ। ਤਲਾਸ਼ੀ ਲੈਣ ਆਏ ਸਨ। ਫੇਰ ਔਣਗੇ। ਘੰਟੇ ਕੁ ਤੱਕ।" ਮੈਂ ਸਾਰੀ ਗੱਲ ਕਾਹਲੀ ਨਾਲ ਦੱਸ ਕੇ ਸੁਬਕਦੋਸ਼ ਹੋ ਜਾਣਾ ਚਾਹੁੰਦੀ ਸਾਂ ਜਿਵੇਂ।

ਉਹਦੇ ਚਿਹਰੇ 'ਤੇ ਕੋਈ ਫ਼ੈਸਲਾ ਆਇਆ, ਪੀਡਾ ਫ਼ੈਸਲਾ। ਪੇਟੀਆਂ ਨੂੰ ਫੜ ਕੇ ਉਹ ਉਠ ਖੜੋਤਾ। "ਮੈਂ ਜਾਨਾਂ।" ਉਹਨੇ ਬੱਸ ਏਨਾ ਈ ਕਿਹਾ। ਮੈਂ ਵੀ ਨਹੀਂ ਰੋਕਿਆ। ਰੋਕ ਕੇ ਕਰ ਵੀ ਕੀ ਸਕਦੀ ਸਾਂ? ਸ਼ਾਇਦ ਉਹਨੂੰ ਵੀ ਤੇ ਮੈਨੂੰ ਵੀ ਪਤਾ ਸੀ ਕਿ ਹੁਣ ਕੋਈ ਬਚਾਅ ਨਹੀਂ, ਕਿ ਬਚਾਅ ਦੇ ਸਾਰੇ ਰਾਹ ਬੰਦ ਹੋ ਚੁੱਕੇ ਸਨ, ਕਿ ਬਾਹਰਲਾ ਖ਼ਤਰਾ ਦਹਿਲੀਜ਼ਾਂ ਟੱਪ ਕੇ ਅੰਦਰ ਲੰਘ ਆਇਆ ਸੀ।

ਕਸੀਸ ਵੱਟ ਕੇ ਉਹਨੇ ਇਕ ਕਦਮ ਪੁਟਿਆ। ਫੇਰ ਦੋ। ਤੇ ਫੇਰ ਕੋਠੜੀ ਤੋਂ ਬਾਹਰ ਨਿਕਲ ਆਇਆ।

ਪਿਛਲਾ ਬੂਹਾ ਮੈਂ ਖੋਹਲ ਦਿਤਾ। ਉਹਨੇ ਬੂਹਿਓਂ ਬਾਹਰ ਨਿਕਲਣ ਲਗਿਆਂ ਇਕ ਵਾਰੀ ਮੇਰੇ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਮੌਤ ਦਾ ਪਰਛਾਵਾਂ ਵੀ ਸੀ, ਤੇ ਮੋਹ ਸੀ, ਤੇ ਸ਼ੁਕਰਾਨਾ ਸੀ, ਤੇ ਹੋਰ ਪਤਾ ਨਹੀਂ ਕੀ-ਕੀ ਸੀ। ਮੈਂ ਦੱਸ ਨਹੀਂ ਸਕਦੀ। ਕਿਉਂਕਿ ਨਾ ਮੈਂ ਬਹੁਤ ਪੜ੍ਹੀ-ਲਿਖੀ ਹਾਂ। ਤੇ ਨਾ ਮੈਨੂੰ ਅੱਖਰ ਜੋੜਨ ਦੀ ਜਾਚ ਏ। ਪਰ ਮੈਨੂੰ ਇਹ ਪਤਾ ਏ ਕਿ ਉਹ ਸਾਰਾ ਕੁਝ ਵਰ੍ਹਿਆਂ ਦੇ ਵਰ੍ਹੇ ਮੇਰੇ ਆਸ-ਪਾਸ ਮੰਡਰਾਇਆ ਕਰੇਗਾ, ਤੇ ਖ਼ਾਲੀ ਪਲਾਂ ਵਿਚ ਮੁੜ-ਮੁੜ ਕੇ ਮੇਰੇ ਕੋਲ ਵਾਪਸ ਆਇਆ ਕਰੇਗਾ।

ਉਹ ਬਾਹਰ ਨਿਕਲ ਗਿਆ। ਮੈਂ ਬੂਹੇ ਦੀ ਅੰਦਰੋਂ ਕੁੰਡੀ ਲਾ ਲਈ, ਤੇ ਬਿੜਕ ਲੈਂਦੀ ਓਥੇ ਹੀ ਖੜੋਤੀ ਰਹੀ।

ਯਕਦਮ ਬਹੁਤ ਸਾਰੇ ਕੁੱਤੇ ਭੌਂਕੇ। ਗੋਲੀਆਂ ਦੀ ਆਵਾਜ਼ ਘੁਸਮੁਸੇ ਹਨੇਰੇ ਦੇ ਲੰਗਾਰ ਲਾਹੁੰਦੀ ਚਲੀ ਗਈ। ਪਰ ਸੱਚ ਕਹਿੰਦੀ ਹਾਂ, ਮੈਂ ਕੋਈ ਚੀਕ ਨਹੀਂ ਸੁਣੀ।

ਬਾਹਰੋਂ ਸਿਰਫ਼ ਕੁੱਤਿਆਂ ਦੇ ਭੌਂਕਣ ਦੀ ਤੇ ਭਾਰੇ ਬੂਟਾਂ ਦੇ ਦੌੜਨ ਦੀ ਆਵਾਜ਼ ਆ ਰਹੀ ਸੀ।

ਤਾਂਹੀਏਂ ਗੋਲੀਆਂ ਦੀ ਆਵਾਜ਼ ਨਾਲ ਤੇ ਦਗੜ ਦਗੜ ਦੀ ਆਵਾਜ਼ ਨਾਲ ਮੇਰੀ ਮਾਂ ਸ਼ਾਇਦ ਨੀਮ-ਨੀਂਦਰ ਤੇ ਨੀਮ-ਜਾਗ ਦੀਆਂ ਬਰੂਹਾਂ ਤੋਂ ਉੱਭੜਵਾਹੀ ਉੱਠ ਖੜੋਤੀ ਤੇ ਬਾਹਰਲੇ ਬੂਹੇ ਵੱਲ ਦੌੜਦੀ ਚੀਖਣ ਲੱਗੀ, "ਵੇ ਨਾ ਮਾਰੋ, ਮੇਰੇ ਬੱਚੜੇ ਨੂੰ। ਨਾ ਮਾਰੋ ਮੇਰੇ ਕੇਵਲ ਨੂੰ। ਨਾ ਗੋਲੀਆਂ ਮਾਰੋ ਮੇਰੇ ਪੁੱਤਰ ਨੂੰ।"



# ਸੱਜਰੀ ਹਵਾ ਦੀ ਉਡੀਕ ਵਿਚ

ਸੁਖਵੰਤ ਕੌਰ ਮਾਨ

ਉਖੜੇ ਜੰਗਾਲੇ ਕਬਜ਼ਿਆਂ ਵਾਲਾ ਬੂਹਾ ਹਵਾ ਨਾਲ ਐਵੇਂ ਖੜਕੀ ਜਾ ਰਿਹਾ ਸੀ। ਦੋ ਮੋਰੀਆਂ (ਮੋਰਚੇ) ਛੱਡ ਕੇ ਕਮਰੇ ਦੀ ਬਾਰੀ ਇੱਟਾਂ ਨਾਲ ਸੱਜਰੀ ਬੰਦ ਕੀਤੀ ਗਈ ਸੀ। ਇਕ ਵਾ-ਵਰੋਲਾ ਘੁੰਮਰ ਪਾਉਂਦਾ ਅਸਮਾਨੇ ਲੁਪਤ ਹੋ ਗਿਆ ਸੀ...ਸਫ਼ੈਦਿਆਂ ਤੋਂ ਝੜਦੇ ਬਦਰੰਗ ਭੁਸਲੇ ਪੱਤੇ ਵਿਹੜੇ 'ਚ ਦੀ ਹੂੰਝਾ ਜਿਹਾ ਮਾਰ ਗਏ ਸਨ। ਕਿੱਕਰੀ ਨਾਲ ਬੱਧਾ ਟੋਮੀ ਅਸਮਾਨ ਵੱਲ ਬੂਥੀ ਚੁੱਕੀ ਲਗਾਤਾਰ ਭੌਂਕੀ ਜਾ ਰਿਹਾ ਸੀ।

ਸੁੰਨ ਮੁੰਨ ਜਿਹੀ ਹੋਈ ਉਹ ਥਾਏਂ ਗੱਡੀ ਗਈ ਸੀ। ਅੰਦਰੋਂ ਨਿਕਲਦੀ ਬਚਨੋ ਹੁਬਕੀਏ ਰੋਂਦੀ ਗਲੇ ਨਾਲ ਆ ਚੰਬੜੀ ਸੀ। ਉਹਦਾ ਲੱਥਾ ਹੋਇਆ ਮੂੰਹ, ਭਿਆਨਕ ਰਾਤ ਦੀ ਬਾਤ ਪਾ ਰਿਹਾ ਸੀ। ਡੌਰ-ਭੌਰੇ ਜਿਹੇ ਹੋਏ ਅੰਞਾਣੇ ਹਾਲੀ ਵੀ ਹਿਰਾਸੇ ਪਏ ਸਨ।

"ਇਹੋ ਜਿਹੀ ਰਾਤ ਤਾਂ ਦੁਸ਼ਮਣ 'ਤੇ ਵੀ ਨਾ ਆਵੇ ਭੈਣ ਜੀ....।" ਸਾਹੋ ਸਾਹ ਹੋਈ ਉਹ ਦੱਸੀ ਜਾ ਰਹੀ ਸੀ।

"ਜਦੋਂ ਉਹ ਸਾਡੇ ਭਈਏ ਨੂੰ ਹੁੱਝਾਂ ਮਾਰਦੇ ਖਿਚੀ ਲਿਆ ਰਹੇ ਸਨ ਤਾਂ ਚਿੱਟੀ ਕੁੱਤੀ ਵਲ੍ਹੇਟਣੀਆਂ ਲੈਂਦੀ ਉੱਛਲ ਉੱਛਲ ਉਹਨਾਂ ਦੇ ਮੋਢਿਆਂ 'ਤੇ ਚੜ੍ਹਦੀ ਜਾਏ...ਪਤਲੇ ਜਿਹੇ, ਮਾੜੂਏ ਜਿਹੇ ਚਾਰ ਜਣੇ, ਕਾਲੀਆਂ ਭੂਸਲੀਆਂ ਲੋਈਆਂ ਦੀਆਂ ਬੁੱਕਲਾਂ ਜਿਹੀਆਂ ਮਾਰੀਆਂ ਹੋਈਆਂ ਬੁੱਕਲਾਂ 'ਚ ਕੁਝ ਲੁਕਾਇਆ ਹੋਇਆ...ਮੈਂ ਤਾਂ ਦੜ ਗਾਟੇ ਜਾ ਪਈ ਵੇਖ ਕੇ....।" ਮੂੰਹ 'ਤੇ ਆਈ ਤਰੇਲੀ ਨੂੰ ਪੂੰਝਦੀ ਬਚਨੋ ਦੀਆਂ ਅੱਖਾਂ 'ਚ ਹਾਲੀ ਵੀ ਭੈਅ ਲਰਜ਼ ਰਿਹਾ ਸੀ।

"ਅਸੀਂ ਤਾਂ ਦੜ ਈ ਵੱਟ ਗਏ, ਪਰ ਕੁੱਤੀ ਆਖੇ ਤੁਹਾਡਾ ਲੈਣਾ ਕੀ ਏ...।" ਅਖ਼ੀਰ ਉਹਨਾਂ ਬੂਟ ਮਾਰਿਆ ਉਹਦੀ ਬੂਥੀ 'ਤੇ ਟਿਕਾਅ ਕੇ....।

"ਉਹ ਤਾਂ ਜੀ ਬੂਹਾ ਭੰਨੀ ਜਾਣ, ਅੱਗੋਂ ਬੂਹੇ ਸਾਡੇ ਤੁਹਾਨੂੰ ਪਤਾ ਈ ਏ....ਸੁੱਤੇ ਪਏ ਅੰਞਾਣਿਆਂ ਨੂੰ ਖਿਚ-ਧੂਹ ਸੁੱਟਿਆ ਅੰਦਰ ਸਟੋਰ 'ਚ ਆਪ ਵੀ ਵੜ ਗਏ ਅੰਦਰ....ਸਟੋਰ ਦੇ ਬੂਹੇ ਦੀਆਂ ਦੋਵੇਂ ਚਿਟਕਣੀਆਂ ਖ਼ਰਾਬ, ਖਿੱਚ, ਧਰੂਹ ਟਰੰਕ ਲਾਏ ਅੱਗੇ, ਉੱਤੇ ਬਹਿ ਗਏ ਆਪ...ਉਹ ਬੂਹਾ ਖੜਕਾਈ ਜਾਣ; ਅਖੇ, ਬੂਹਾ ਖੋਲ੍ਹੋ....ਏਧਰ ਸਾਡੀ ਜਿੰਦ ਨਿਕਲਦੀ, ਜਾਏ....ਕੋਈ ਘੰਟਾ ਭਰ ਉਹ 'ਵਾਜਾਂ ਮਾਰਦੇ ਰਹੇ....ਚੰਗਾ ਆਪਣੇ ਸਰਦਾਰ ਨੂੰ ਆਖ ਦੇਈਂ ਫਿਰ ਮਿਲਾਂਗੇ ਜ਼ਰੂਰ....।" ਜਾਂਦੇ ਹੋਏ ਉਹ ਭਈਏ ਨੂੰ ਆਖ ਗਏ।

"ਉਹ ਤਾਂ ਚਲੇ ਗਏ ਰਾਤ ਭਰ ਅਸੀਂ ਬੂਹਿਆਂ ਨੂੰ ਅੰਦਰੋਂ ਧੱਕੀ ਖਲੋਤੇ ਰਹੇ...ਮੇਰਾ ਤਾਂ ਹਾਲੀ ਵੀ ਕਲੇਜਾ ਕੰਬੀਂ ਜਾਂਦੈ....।" ਦੱਸਦੀ ਦਾ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

ਸਰਪੰਚ ਨੂੰ ਲੈ ਕੇ ਥਾਣੇ ਗਏ ਤਾਂ ਅਗਲਿਆਂ ਥਾਣੇ ਬਹਾ ਲਏ, "ਅਖੇ ਤੁਹਾਨੂੰ ਕਿਵੇਂ ਪਤੈ ਉਹ ਅੱਤਵਾਦੀ ਸਨ? ਉਹਨਾਂ ਦੀਆਂ ਕੀ ਸ਼ਕਲਾਂ ਸਨ? ਕਿਨੇ ਬੰਦੇ ਸਨ? ਕਿਨੀ ਕਿਨੀ ਉਮਰ ਦੇ ਸਨ? ਕਿਹੜੇ ਰੰਗ ਦੇ ਕੱਪੜੇ ਪਾਏ ਹੋਏ ਸਨ? ...ਉਸੇ ਰਾਤ ਕਸ਼ਮੀਰੀ ਲਾਲ ਦੇ ਸ਼ੈਲਰ 'ਤੇ ਅਗਲੇ ਉਹਦਾ ਮੁਨਸ਼ੀ ਮਾਰ ਗਏ ਸਨ; ਕੀ ਪਤਾ ਪਨਾਹ ਲੈਣ ਆਏ ਹੋਣ ਕਾਰਾ ਕਰ ਕੇ.....।" ਡੀ.ਐੱਸ.ਪੀ. ਸਾਹਿਬ ਮੌਕਾ ਵੇਖਣ ਆਏ....

"ਓਏ ਪਖੰਡ ਕਰਨੈਂ, ਆਹ ਜਰਜਰਾ ਜਿਹਾ ਬੂਹਾ ਈ ਨਾ ਉਹਨਾਂ ਤੋਂ ਟੁੱਟਾ.... ਰੋਟੀਆਂ ਖੁਆਉਂਦੇ ਓ, ਦੁੱਧ ਪਿਆਉਂਦੇ ਓ.....।" ਅੱਗੇ ਲਾ ਕੇ ਫੇਰ ਲੈ ਗਏ, ਵਿਚਾਰਾ ਸਰਪੰਚ ਲਿਲ੍ਹਕੜੀਆਂ ਕੱਢੀ ਜਾਏ...ਪਰ ਉਹ ਕਿੱਥੇ ਛੱਡਣ....ਅਖ਼ੀਰ ਸਰਪੰਚ ਨੇ ਕੋਈ ਗਿਟ-ਮਿਟ ਕੀਤੀ ਤਾਂ ਜਾਨ ਛੁੱਟੀ....ਦੋ ਪੁਲਸੀਏ ਛੱਡ ਗਿਆ ਨਜ਼ਰਸਾਨੀ ਰੱਖਣ ਲਈ...ਅਖੇ ਸਾਡੇ ਮੰਜੇ ਘਰ ਸਾਹਮਣੇ ਡਾਹ ਦਿਓ, ਦੂਰੋਂ ਪਤਾ ਲੱਗ ਜਾਂਦੈ, ਬਚਾਅ ਰਹਿੰਦੈ....ਕਹਿਣ ਲੱਗੇ ਕੁੱਕੜੀਆਂ ਤਾਂ ਤੁਹਾਡੀਆਂ ਘਰ ਦੀਆਂ ਨੇ, ਕੁੱਕੜੀ ਬਣਾਓ, ਨਾਲੇ ਠੇਕੇ ਤੋਂ ਬੋਤਲ ਮੰਗਵਾ ਦਿਓ....ਤੀਜੇ ਦਿਨ, ਹੱਥ ਜੋੜ ਕੇ ਆਖਿਆ ਪਈ ਸਾਨੂੰ ਨਹੀਂ ਕੋਈ ਖ਼ਤਰਾ....ਆਏ ਸੀ ਚਲੇ ਗਏ....।

ਪੁਲਸ ਤਾਂ ਚਲੀ ਗਈ, ਦੋ ਬੰਦੇ ਚੰਗੇ ਲਿਹਾਜ਼ ਵਾਲੇ ਪਿੰਡੋਂ ਸੌਣ ਪਏ ਆ ਜਾਂਦੇ, ਪੱਕੀ ਹੋਈ ਰੋਟੀ ਖਾਂਦੇ, ਕਿੱਲੋ ਕਿੱਲੋ ਦੁੱਧ ਪੀਂਦੇ, ਫਿਰ ਕੋਠੇ 'ਤੇ ਚੜ੍ਹ ਜਾਂਦੇ....ਉੱਪਰ ਰੋੜੇ, ਵੱਟੇ ਇੱਟੇ, ਖਾਸਾ ਜੁਗਾੜ ਜਿਹਾ, 'ਕੱਠਾ ਕਰ ਲਿਆ ਉਹਨਾਂ ਨੇ....ਮਾੜੀ ਜਿਹੀ ਬਿੜਕ ਹੋਈ, ਘਰ ਦਾ ਸਾਰਾ ਟੱਬਰ ਉੱਠ ਖਲੋਤਾ....ਉਤਲਿਆਂ ਨੂੰ ਦਸ ਆਵਾਜ਼ਾਂ ਮਾਰੀਆਂ ਕੋਈ ਨਾ ਕੂਇਆ, ਦੂਜੇ ਦਿਨ ਇਕ ਆਖਣ ਲੱਗਾ ਮੇਰੀ ਗਾਂ ਸੂਣ ਵਾਲੀ ਏ, ਦੂਜਾ ਆਪਣੀ ਸਹੁਰੀਂ ਵਗ ਗਿਆ।

"ਹਾਲੀ ਤਾਂ ਸ਼ੁਕਰ ਏ, ਵੱਡਾ ਜਰਮਨ ਘੱਲ ਦਿੱਤੈ, ਉਹ ਤੇ ਗਰਮੀ-ਖੋਰਾ, ਸੌਂਦਾ ਵੀ ਬਾਹਰ ਸੀ...ਉਹਨਾਂ ਕਿਤੇ ਛੱਡਣਾ ਸੀ....ਅੱਛਾ ਪਰਮਾਤਮਾ.....!" ਅਸਮਾਨ ਵੱਲ ਹੱਥ ਜੋੜ ਉਹ ਵਾਹਿਗੁਰੂ ਦਾ ਸੌ ਸੌ ਸ਼ੁਕਰ ਕਰਦੀ।

ਡੈਂਜੀ ਦੀ ਚਿੱਠੀ ਆਈ ਸੀ, ਅਖੇ ਮੈਂ ਛੁੱਟੀ ਲੈ ਕੇ ਆਇਆ, ਮਸਾਂ ਡੱਕਿਆ।

ਜਗਦੇਵ ਨੇ ਦੂਜੇ ਦਿਨ ਹੀ ਤਰਖਾਣ ਸੱਦ ਕੇ ਸਭ ਕੁੰਡੀਆਂ, ਚਿਟਕਣੀਆਂ, ਪੱਕੀਆਂ ਕਰਵਾ ਲਈਆਂ। ਬਾਰੀਆਂ 'ਚ ਇੱਟਾਂ ਚੁਣ ਮੋਰਚੇ ਬਣਾ ਲਏ ਗਏ। ਬੂਹਿਆਂ ਦੇ ਅੰਦਰਵਾਰ, ਕੰਧਾਂ 'ਚ ਮੋਰੀਆਂ ਕੱਢ, ਰਾਤ ਨੂੰ ਸੌਣ ਤੋਂ ਪਹਿਲਾਂ ਲੱਕੜੀ ਦੇ ਮੋਟੇ ਅਰਲ ਅੜਾਅ ਦਿੱਤੇ ਜਾਂਦੇ....ਅੰਦਰੇ ਸਾਰੀ ਖਾਈ-ਪਕਾਈ ਹੁੰਦੀ....ਅੰਦਰੇ ਪਿਸ਼ਾਬ ਕਰ ਪਾਣੀ ਰੋਹੜ ਦੇਂਦੇ...ਮਾੜੀ ਜਿਹੀ ਬਿੜਕ ਲੱਗਣ ਤੇ ਜਾਂ ਕੁੱਤਾ ਭੌਂਕਣ ਤੇ ਸ਼ੀਸ਼ਾਂ ਥਾਈਂ ਬਾਹਰ ਵੇਖਣ ਲੱਗਦੇ....ਘਰ ਅਗਲੀ ਸੜਕ ਤੋਂ ਸਕੂਟਰ, ਮੋਟਰ ਸਾਈਕਲ ਸਾਰੀ ਰਾਤ ਲੰਘਦੇ ਰਹਿੰਦੇ.....ਪਤਾ ਨਹੀਂ ਕਿਧਰੋਂ ਆਉਂਦੇ ਕਿਧਰ ਨੂੰ ਜਾ ਰਹੇ ਹੁੰਦੇ। ਕਦੀ ਕਦੀ ਕੋਈ ਕਾਰ ਵੈਨ ਦਨਦਣਾਉਂਦੀ ਹੋਈ ਲੰਘ ਜਾਂਦੀ....ਲੋਕ ਆਂਹਦੇ ਉੱਤੇ ਚੁਬਾਰਾ ਪਾ ਲਓ, ਲੋਹੇ ਦੀ ਪੌੜੀ ਲਾ ਲਓ, ਉੱਤੇ ਜਾ ਕੇ ਪੌੜੀ ਖਿੱਚ ਲਈ, ਚੁਬਾਰੇ ਦੁਆਲੇ ਲੋਹੇ ਦੀ ਤਾਰ ਵਲ ਲਓ, ਕਰੰਟ ਛੱਡ ਦਿਓ....।

ਕੁਝ ਦਿਨਾਂ ਬਾਅਦ ਇਕ ਡੇਰੇ 'ਤੇ ਉਹਨਾਂ ਦਾ ਸਾਰਾ ਟੱਬਰ ਮਾਰ ਦਿੱਤਾ, ਅਖੇ



"ਮੁਖ਼ਬਰੀ ਕਰਦੇ ਸਨ...ਮੂੰਹੋ ਮੂੰਹੀ ਸਭ ਡੇਰਿਆਂ ਵਾਲਿਆਂ ਨੂੰ ਹੁਕਮ ਆ ਗਿਆ ਪਈ ਕੁੱਤੇ ਬੰਨ੍ਹ ਕੇ ਰੱਖੋ ਤੇ ਬਾਹਰਲੀਆਂ ਲਾਈਟਾਂ ਬੁਝਾ ਕੇ ਰੱਖੋ....ਇਕ ਭੂਤ ਪ੍ਰੇਤ ਕੱਢਣ ਵਾਲੀ ਤੀਵੀਂ....ਉਹ ਕੁੱਟੀ, ਪਈ ਜਾਨ ਈ ਅੜੀ ਰਹੀ....ਪਿਛਲੇ ਹਫ਼ਤੇ ਅਰਹਰ ਦੇ ਖੇਤਾਂ 'ਚ ਸੀ.ਆਰ.ਪੀ. ਘੁੰਮਦੀ ਫਿਰੇ...."ਅਖੇ ਆਪਕੇ ਖੇਤੋਂ ਮੇਂ ਉਗਰਵਾਦੀ ਰਹਿਤੇ ਹੈਂ.....।"

ਕਦੀ ਉਹ ਸੋਚਦਾ, ਭੋਏਂ ਡਾਂਗਾ ਵੇਚ ਕੇ ਬਾਹਰਲੇ ਮੁਲਕ ਈ ਚਲਾ ਜਾਏ, ਨਾਲ ਦੇ ਡੇਰੇ ਵਾਲਾ ਗੁਰਮੇਜ ਸਿੰਘ ਕਿਵੇਂ ਸਭ ਦੀ ਅੱਖੀਂ ਘੱਟਾ ਪਾ ਗਿਆ...ਇਕ ਦੋ ਵਾਰ ਪੁਲਸ ਨੇ ਸੱਦਿਆ, ਅਗਲੇ ਨੇ ਪੈਸੇ ਝੋਕ ਕੇ ਐਸਾ ਏਜੰਟ ਫੜਿਆ, ਅੱਜ ਆਉਂਦਾ ਏ, ਮਗਰੇ ਸਾਰੇ ਜੀਆਂ ਨੂੰ ਸੱਦ ਲਿਆ ਸੂਏ ਤੋਂ ਪਾਰ ਕਲਕੱਤੇ ਵਾਲੇ ਭੋਇੰ ਠੇਕੇ 'ਤੇ ਦੇ ਕੇ ਪੱਤਰਾ ਵਾਚ ਗਏ। ਨਿੰਮੋਝੂਣਾ ਹੋਇਆ ਜਗਦੇਵ ਮਨ ਹੀ ਮਨ 'ਚ ਢਾਹ ਭੰਨ ਕਰਦਾ ਰਹਿੰਦਾ।

ਪਿੰਡ 'ਚੋਂ ਇਕ ਦੋ ਘਰਾਂ ਨੇ ਤਾਂ ਇਹ ਵੀ ਆਖਿਆ ਪਈ ਡੇਰਾ ਛੱਡ ਕੇ ਸਾਡੇ ਕੋਲ ਆ ਰਹੁ। ਬਿਜਲੀ ਚਲੀ ਜਾਏ ਤਾਂ ਅੰਦਰ ਕੁੰਭੀ ਨਰਕ ਬਣ ਜਾਂਦਾ।

ਘਰਦੀ ਦੇ ਕਹਿਣ 'ਤੇ ਉਹ ਆਪਣੇ ਛੋਟੇ ਸਾਲੇ ਨੂੰ ਸੱਦ ਲਿਆਇਆ, "ਅਖੇ ਮੇਰਾ ਮੰਜਾ ਤਾਂ ਪਿਛਲੇ ਅੰਦਰ ਡਾਹ ਦਿਓ, ਸੱਤ ਵਜੇ ਈ ਅੰਦਰ ਵੜ ਬਹਿੰਦਾ ਫੇਰ ਭਾਵੇਂ ਕਿੰਨੀਆਂ 'ਵਾਜਾਂ ਮਾਰੀ ਜਾਓ, ਅੰਦਰੋਂ ਨਾ ਨਿਕਲਦਾ....ਇਕ ਦਿਨ ਰਾਤ ਬਰੜਾਈ ਜਾਏ, ਰੌਲਾ ਜਿਹਾ ਪਾਈ ਜਾਏ....ਹਲੂਣਾ ਦੇ ਕੇ ਮਸਾਂ ਹੋਸ਼ 'ਚ ਆਂਦਾ, ਅੱਖਾਂ ਟੱਡ ਟੱਡ ਵੇਖੀ ਜਾਏ ਅਖੇ ਉਹ ਆਏ ਸਨ.....।"

ਸਾਰੀ ਸਾਰੀ ਰਾਤ ਬਚਨੋ ਜਾਗਦੀ ਰਹਿੰਦੀ, ਨੀਂਦ ਤਾਂ ਜਿਵੇਂ ਉੱਡ ਪੁੱਡ ਈ ਗਈ ਸੀ...ਮੋਰਚੇ ਲਈ ਬਣਾਈਆਂ ਮੋਰੀਆਂ 'ਚੋਂ ਦੀ ਡਰਦੀ ਡਰਦੀ ਬਾਹਰ ਵੇਖਦੀ, ਕੁਝ ਵੀ ਨਾ ਹੁੰਦਾ....ਹਉਕਾ ਜਿਹਾ ਭਰਦੀ ਉਹ ਫਿਰ ਲੰਮੀ ਪੈ ਜਾਂਦੀ....

ਤੂੰ ਤਾਂ ਮਰਨ ਤੋਂ ਪਹਿਲਾਂ ਈਂ ਮਰ ਜਾਣੈਂ।

ਜਗਦੇਵ ਆਪਣੀ ਘਰ ਵਾਲੀ ਨੂੰ ਝਿੜਕਦਾ "ਹੌਲ ਬੈਠ ਗਿਆ ਏ ਇਹਦੇ ਅੰਦਰ....ਰਾਤ ਨੂੰ ਨੀਂਦ ਏਸੇ ਕਰਕੇ ਨਹੀਂ ਆਉਂਦੀ...." ਡਾਕਟਰ ਨੇ ਦਵਾਈ ਦੇਂਦਿਆਂ ਕਿਹਾ।

"ਹੋਅ, ਤੁਹਾਨੂੰ ਮੌਤ ਉਡੀਕਦੀ...ਆਹ ਕੁੱਤੇ ਕਿਉਂ ਛੱਡੇ ਨੀਂ ਖੁੱਲ੍ਹੇ.....।" ਰਾਤ ਨੂੰ ਕੁੱਤੇ ਖੋਲ੍ਹਣ ਤੇ ਉਹ ਮੁੰਡੇ ਦੇ ਗਲ ਪੈ ਗਿਆ ਸੀ।

"ਸਰਬਿਆ, ਬਿਜਲੀ ਨਹੀਂ ਜਗਾਉਣੀ, ਬਿਲਕੁਲ ਵੀ.....।"

ਮੁੰਡੇ ਦਾ ਸਕੂਲ ਦਾ ਕੰਮ ਰਹਿ ਜਾਂਦਾ, ਸਕੂਲੋਂ ਮਾਰ ਪੈਂਦੀ, ਉਹ ਹਰ ਵੇਲੇ ਖਿਝਿਆ ਰਹਿੰਦਾ।

"ਮਰ ਜਾਓ ਕੰਜਰੋ ਮਰਨ ਤੋਂ ਪਹਿਲਾਂ ਹੀ ਮਰ ਜਾਓ.....।" ਦਸਵੀਂ 'ਚ ਪੜ੍ਹਦਾ ਮੁੰਡਾ ਕੁਦਾੜ ਕੇ ਪਿਓ ਦੇ ਗਲ ਪੈ ਗਿਆ ਸੀ।

ਸਾਹਮਣੇ ਘਰ ਵਾਲਿਆਂ ਦੀ ਮੱਝ ਸਾਰੀ ਰਾਤ ਸਬਜ਼ੀ 'ਚ ਵੜੀ, ਵੱਲਾਂ ਮਧਾੜਦੀ ਰਹੀ...ਅੰਦਰੋਂ ਮੋਰੀਆਂ ਥਾਣੀਂ ਵੇਖ ਕੇ ਵੀ ਦੋਹਾਂ ਜੀਆਂ ਨੇ ਬਾਹਰ ਨਿਕਲ ਮੱਝ ਮੋੜਨ ਦਾ ਹੌਸਲਾ ਨਹੀਂ ਸੀ ਕੀਤਾ।

ਅਚਾਨਕ ਬੂਹਾ ਖੜਕਿਆ ਤੇ ਲਗਾਤਾਰ ਖੜਕਦਾ ਈ ਗਿਆ.....।

"ਮੈਂ ਸੁਖਦੇਵ ਆਂ....।"

ਜਗਦੇਵ ਦਾ ਵੱਡਾ ਭਰਾ ਸੀ।

"ਅੱਛਾ, ਅੱਛਾ ਅਹਿ ਵੇਲੇ...।"

"ਤੁਸੀਂ ਤਾਂ ਉੱਕੀਓ ਗੀਦੀ ਬਣ ਗਏ...ਬੜਾ ਬੂਹਾ ਖੜਕਾਇਆ....।"
"ਬੱਸ ਐਵੇਂ ....ਆਹ, ਬੱਸ ਉਹਨਾਂ ਕਰਕੇ....।" ਕੱਚਾ ਜਿਹਾ ਹੁੰਦਾ ਗੁਰਦੇਵ ਬੋਲਿਆ।

"ਖੁੱਲ੍ਹੇ ਬੂਹੇ ਸੱਜਰੀ ਹਵਾ ਆਵੇ...।" ਸੁਖਦੇਵ ਨੇ ਉੱਠ ਕੇ ਫਟਾਕ ਦੇਣੀ ਬੂਹਾ ਖੋਲ੍ਹ ਦਿੱਤਾ ਸੀ।

ਫ਼ੌਜੀ ਮੁੰਡੇ ਦਾ ਵਿਚੋਲਾ ਗੁਰਦੇਵ ਨੂੰ ਮੰਡੀਏ ਮਿਲ ਪਿਆ, ਅਖੇ ਵਿਆਹ ਪਏ ਦੇਂਦੇ ਨੇ ਅਗਲੇ ਅੱਸੂ ਦਾ...ਫਿਰ ਕੁੜਮ ਦਾ ਖ਼ਤ ਆਇਆ, ਬਈ ਬਰ ਜ਼ਰੂਰ ਕਰਨੈ ਅੱਸੂ ਦਾ....। ਦੋਵੇਂ ਸਿਰ ਸੁੱਟ ਕੇ ਬਹਿ ਗਏ....ਕਿਸੇ ਸਿਆਣੇ ਬੰਦੇ ਤੋਂ ਸਲਾਹ ਲਈ...ਕਹਿੰਦਾ "ਕਢਾ ਲਓ ਸਾਹਿਆ"....। .....ਦੂਰ ਹੋਣ ਕਰਕੇ ਉਹਨਾਂ ਨੂੰ ਪਤਾ ਨਹੀਂ ਲੱਗਾ ਨਹੀਂ ਤਾਂ ਸਿਰ ਫੇਰ ਜਾਂਦੇ....।

"ਘੱਟੋ ਘੱਟ ਵਿਆਹ ਤਾਂ ਸ਼ਹਿਰ ਦੇ ਕਿਸੇ ਹੋਟਲ ਸ਼ੋਟਲ 'ਚ ਕਰ ਲਓ ਕਿਉਂ ਸਾਨੂੰ ਵੀ ਨਾਲ ਮਰਵਾਊ ਓ....।" ਚਾਚੇ ਦੇ ਮੁੰਡੇ ਨੇ ਟਿੱਚਰ ਕੀਤੀ।

"ਵਿਆਹ ਕਰਾਂਗਾ ਮੈਂ ਆਪਣੇ ਘਰ। ਮੈਂ ਆਂ ਗ਼ਰੀਬ ਬੰਦਾ, ਹੋਟਲ ਦਾ ਖ਼ਰਚਾ....ਜਿਸ ਨਹੀਂ ਆਉਣਾ ਨਾ ਆਵੇ.....।" ਗੁਰਦੇਵ 'ਚ ਪਤਾ ਨਹੀਂ ਕਿੱਥੋਂ ਏਨਾ ਹੌਸਲਾ ਆ ਗਿਆ ਸੀ....ਬਚਨੋ ਨੇ ਗੁਰਦੇਵ ਦੇ ਮੂੰਹ ਵੱਲ ਵੇਖਿਆ ਪਰ ਗੱਲ ਨਾ ਦੁਹਰਾਈ।

ਦੂਜੇ ਦਿਨ ਹੀ ਗੁਰਦੇਵ ਪਿੰਡੋਂ ਕਲੀ ਕਰਨ ਵਾਲਾ ਲੈ ਆਇਆ, ਕੰਧਾਂ ਨੂੰ ਕਲੀ ਹੋਣ ਲੱਗੀ, ਬੂਹਿਆਂ ਬਾਰੀਆਂ ਨੂੰ ਪੇਂਟ ਹੋਣ ਲੱਗਾ, ਵੇਖ ਵੇਖ ਬਚਨੋ ਨੂੰ ਯਕੀਨ ਨਾ ਆਵੇ....।

ਅੱਧੀ ਰਾਤੀਂ ਪਿਛਲੇ ਡੇਰੇ ਵਾਲਿਆਂ ਦੇ ਉਹ ਕੁਰਲਾਹਟ ਮੱਚੀ ਕਿ ਰਹਿ ਰੱਬ ਦਾ ਨਾਂਅ...ਸੀ.ਆਰ.ਪੀ. ਸਾਰੇ ਘੇਰਾ ਪਾਈ ਖੜ੍ਹੀ ਸੀ....ਵੇਖਿਆ ਤਾਂ ਘਰ ਦੇ ਮੂਹਰੇ ਸਿਪਾਹੀ, ਆਟੋ-ਮੈਟਿਕ ਰਫ਼ਲਾਂ ਤਾਣੀ ਖੜ੍ਹੇ ਸਨ.... "ਅਖੇ, ਘਰ ਦੀ ਤਲਾਸ਼ੀ ਦੇ ਉਗਰਵਾਦੀ ਛਿਪੇ ਹੈਂ....ਆਪ ਲੋਗ ਉਨਕੋ ਪਨਾਹ ਦੇਤੇ ਹੋ...." ਗਹਿਰੀਆਂ ਅੱਖਾਂ ਨਾਲ ਉਹਨਾਂ ਦਾ ਅਫ਼ਸਰ, ਬਚਨੋ ਵੱਲ ਝਾਕਿਆ....ਅੰਦਰੋਂ ਭੱਜਾ ਭੱਜਾ ਗੁਰਦੇਵ ਆਇਆ ਤਾਂ ਫੜ ਕੇ ਪਾਸੇ ਬਹਾ ਲਿਆ... ਘਰ ਦਾ ਪੱਤਾ ਪੱਤਾ ਫੋਲ ਮਾਰਿਆ, ਡੰਗਰਾਂ ਵਾਲੇ ਕੋਠੇ, ਤੂੜੀ ਦੇ ਕੁੱਪ, ਪਾਥੀਆਂ ਦੇ ਗਹੀਰੇ...ਜਾਂ ਵੇਖਿਆ ਤਾਂ ਪਿਛਲੇ ਡੇਰੇ ਵਾਲਿਆਂ ਦੇ ਦੋ ਮੁੰਡੇ ਨੂੜ ਕੇ ਟਰੱਕ 'ਚ ਤੁੰਨੇ ਹੋਏ... ਪਤਾ ਨਹੀਂ ਕੀ ਦਿਲ 'ਚ ਆਈ ਗੁਰਦੇਵ ਨੂੰ ਛੱਡ ਗਏ....।

ਇਕ ਦੋ ਦਿਨ ਬੁਝੇ ਬੁਝੇ ਜਿਹੇ ਫਿਰਦੇ ਰਹੇ....ਫਿਰ ਚੁੱਪ-ਚਾਪ ਬਗ਼ੈਰ ਕਿਸੇ ਨੂੰ ਦੱਸੇ ਪੁੱਛੇ ਵਰੀ ਦੇ ਕੱਪੜੇ ਲਿਆ ਉਹਨਾਂ ਅੰਦਰ ਧਰ ਲਏ....।

"ਗਾਂ ਨੇ ਤਾਂ ਪੁੜੇ ਤੋੜੇ ਹੋਏ ਨੇ.....ਅੱਜ ਰਾਤ ਨਹੀਂ ਲੰਘਣੀ.....।" ਵਾੜੇ 'ਚੋਂ ਆਉਂਦਿਆਂ ਗੁਰਦੇਵ ਨੇ ਬਚਨੋ ਨੂੰ ਕਿਹਾ।



"ਗਾਂ ਦੀ ਤਾਂ ਰਾਖੀ ਕਰਨੀ ਚਾਹੀਦੀ ਏ, ਆਪਣੀ ਜਿਓਰ ਹੀ ਨਾ ਖਾ ਜਾਏ....।" ਦੋਹਾਂ ਨੇ ਇਕ ਦੂਜੇ ਵੱਲ ਵੇਖਿਆ, ਫਿਰ ਨਜ਼ਰਾਂ ਨੀਵੀਆਂ ਪਾ ਲਈਆਂ।

ਇਕ ਦੋ ਵਾਰ ਭੱਜ ਕੇ ਬਚਨੋ ਵਾੜੇ 'ਚ ਗਈ ਤੇ ਗਾਂ ਵੇਖ ਆਈ।

ਸਾਰੀ ਰਾਤ ਬਚਨੋ ਖਿੜਕ ਲੈਂਦੀ ਰਹੀ, ਅਚਾਨਕ ਗਾਂ ਰੰਭੀ....ਦੋਹਾਂ ਨੇ ਮੋਰੀ ਥਾਣੀਂ ਵੇਖਿਆ ਗਾਂ ਘੜੀ ਘੜੀ ਉੱਠਦੀ ਬਹਿੰਦੀ ਸੀ... ਯਕਦਮ ਬਚਨੋ ਨੂੰ ਪਤਾ ਨਹੀਂ ਕੀ ਹੋਇਆ, ਅਰਲ ਕੱਢ, ਬੂਹਾ ਖੋਲ੍ਹ, ਉਹ ਗਾਂ ਕੋਲ ਜਾ ਖੜ੍ਹੀ ਹੋਈ, ਮਗਰੇ ਗੁਰਦੇਵ.... ਗਾਂ ਨੇ ਡੱਬੀ ਵੱਛੀ ਦਿੱਤੀ, ਡਾਢੀ ਸੋਹਣੀ.... ਅਚਾਨਕ ਇਕ ਵੈਨ ਦਨਦਨਾਉਂਦੀ ਹੋਈ ਸੜਕ ਤੋਂ ਦੀ ਲੰਘ ਗਈ....।

ਵਿਆਹ ਲਈ ਦਾਣੇ ਪਿਹਾਉਣ ਗਿਆਂ ਕਿਸੇ ਪੁੱਛਿਆ ਤਾਂ "ਗੁਰਦੁਆਰੇ ਆਟਾ ਘਲਣੈ" ਕਹਿ ਕੇ ਟਾਲ ਦਿੱਤਾ। ਕੱਪੜੇ ਵੱਡੇ ਸ਼ਹਿਰ ਜਾ ਕੇ ਸਿਉਣੇ ਦੇ ਆਇਆ। ਕਾਰਡ ਛਪਵਾਉਣ ਦੀ ਵਾਰੀ ਆਈ ਤਾਂ ਕਿਸੇ ਸਿਆਣੇ ਨੇ ਕਿਹਾ, "ਸਾਦੇ ਕਾਰਡ ਪਾ ਦਿਓ ... ਪਤਾ ਨਹੀਂ ਲੱਗਣਾ ਚਾਹੀਦਾ ਵਿਆਹ ਦਾ, ਅੱਜ ਕਲ੍ਹ ਤਾਂ ਠੱਗ-ਚੋਰ ਵੀ ਅੱਤਵਾਦੀ ਬਣੇ ਫਿਰਦੇ ਨੇ....।"

"ਬਚਨੋ ਭਾਈ ਜਿੰਨਾ ਬਚਿਆ ਜਾਂਦਾ ਜੇ ਬੱਚੋ....।" ਇਕ ਹੋਰ ਬਜ਼ੁਰਗ ਨੇ ਮੱਤ ਦਿੱਤੀ।

"ਗਾਉਣ ਨਾ ਬਿਠਾਓ ਪਤਾ ਈ ਨਾ ਲੱਗੇ।"

"ਮੈਂ ਤਾਂ ਸ਼ਗਨ ਜ਼ਰੂਰ ਕਰਨਾ ਏ, ਮੁੰਡੇ ਦਾ ਵਿਆਹ ਰੋਜ਼ ਰੋਜ਼ ਤਾਂ ਨਹੀਂ....।"

ਉਧਰੋਂ ਜਰਮਨ ਵਾਲੇ ਮੁੰਡੇ ਦੀ ਚਿੱਠੀ ਆ ਗਈ, "ਅਖੇ ਛੋਟੇ ਵੀਰ ਦਾ ਵਿਆਹ ਗੱਜ-ਵੱਜ ਕੇ ਕਰਿਓ, ਪੈਸੇ ਮੈਂ ਘੱਲੂੰ....।"

ਰਾਤ ਦੇ ਦਸ ਵਜੇ ਹਾਰਨ ਵਜਾਉਂਦੀ ਕੋਈ ਸਵਾਰੀ ਬੂਹੇ ਅੱਗੇ ਆਣ ਖਲੋਤੀ। ਜ਼ੀਰੋ ਦਾ ਬਲਬ ਜਗਾ ਡਰਦਿਆਂ ਡਰਦਿਆਂ ਬਾਹਰ ਵੇਖਿਆ ਤਾਂ ਫ਼ੌਜੀ (ਵਿਆਹ ਵਾਲਾ ਮੁੰਡਾ) ਟੈਕਸੀ 'ਚੋਂ ਉਤਰ ਬੜੀ ਸ਼ਾਨ ਨਾਲ ਤਣ ਕੇ ਗੇਟ ਅੱਗੇ ਖੜ੍ਹਾ ਸੀ। ਬਚਨੋ ਦਾ ਤਰਾਹ ਨਿਕਲ ਗਿਆ।

ਭੱਜ ਕੇ ਜਗਦੇਵ ਨੇ ਬੂਹਾ ਖੋਹਲਿਆ।

"ਕੀ ਗੱਲ, ਤੁਹਾਨੂੰ ਕੀ ਹੋਇਆ ?" ਬਾਹਰਲੇ ਬੂਹੇ ਅੱਗੇ ਪੈਰ ਅੜਾਈ ਫ਼ੌਜੀ ਪੁੱਛ ਰਿਹਾ ਸੀ।

"ਕੁਝ ਨਹੀਂ ਤੂੰ ਅੰਦਰ ਤਾਂ ਆ ਕਾਕਾ....।" ਬਚਨੋ ਉਸ ਨੂੰ ਬਾਹੋਂ ਫੜੀ ਅੰਦਰ ਲੈ ਗਈ। ਛੇਤੀ ਦੇਣੀ ਬੂਹਾ ਬੰਦ ਕਰਦਿਆਂ ਜਗਦੇਵ ਅੰਦਰ ਆ ਗਿਆ।

"ਤੁਸੀਂ ਐਨੀ ਗਰਮੀ 'ਚ ਅੰਦਰੇ....।"

ਸਾਰੀ ਕਹਾਣੀ ਸੁਣਾਉਣ 'ਤੇ ਵੀ ਫ਼ੌਜੀ ਅੜ ਬੈਠਾ, ਬਈ ਮੈਂ ਤਾਂ ਬਾਹਰੇ ਸੌਣਾ ਏ, ਮੈਂ ਨਹੀਂ ਏਨੀ ਗਰਮੀ 'ਚ..... ਮੈਂ ਨਹੀਂ ਡਰਦਾ ਕਿਸੇ ਸਾਲੇ ਤੋਂ....।"

ਤਰਲੇ ਮਿੰਨਤਾਂ ਕਰ ਅੰਦਰ ਪਾਇਆ...ਅੱਧੀ ਰਾਤੀਂ ਖੜਕਾ ਹੋਇਆ, ਵੇਖਿਆ ਤਾਂ ਫ਼ੌਜੀ ਮੰਜਾ ਬਾਹਰ ਧਰੂਈ ਜਾਏ....।

ਸਾਰੀ ਰਾਤ ਸਾਰੇ ਟੱਬਰ ਦਾ ਸਾਹ ਸੂਤਿਆ ਰਿਹਾ।

ਨਾਨਕਾ ਮੇਲ ਦੋ ਦਿਨ ਪਹਿਲਾਂ ਹੀ ਆ ਲੱਥਾ....ਵੇਖਿਆ ਤਾਂ ਹਲਵਾਈ, ਪੋਣੀਆਂ, ਕੜਾਹੀਆਂ ਚੁੱਕੀ...ਝਾਰੀ ਹੇਠ ਚੁੱਲ੍ਹੇ ਪੁੱਟੇ ਜਾ ਰਹੇ ਸਨ..... ਵੱਡੀਆਂ ਵੱਡੀਆਂ ਕੜਾਹੀਆਂ 'ਚ ਚਾਸ਼ਨੀ ਗੜ੍ਹਕ ਰਹੀ ਸੀ....ਮੱਠੀਆਂ 'ਤੇ ਸ਼ਕਰਪਾਰਿਆਂ ਦੀ ਸੱਜਰੀ ਸੁਗੰਧ ਸਾਰੇ ਵਿਹੜੇ 'ਚ ਪਸਰੀ ਹੋਈ ਸੀ.....।

ਬਚਨੋਂ ਨੇ ਵੇਖਿਆ ਤਾਂ ਉਹਦਾ ਸੀਤ ਨਿਕਲ ਗਿਆ—ਫ਼ੌਜੀ ਯਾਰਾਂ ਦੀ ਜੁੰਡਲੀ ਸਮੇਤ ਰੰਮ ਦੇ ਪੈੱਗ ਤੇ ਪੈੱਗ ਚਾੜ੍ਹੀ ਜਾ ਰਿਹਾ ਸੀ....।

ਮੁੰਡਿਆਂ ਨੇ ਪਤਾ ਨਹੀਂ ਕੀਹਨੂੰ ਗਾਹਲੀ ਦੇਂਦਿਆਂ ਦੋ ਵੱਡੇ ਬਲਬ ਘਰ ਦੇ ਅੱਗੇ ਤੇ ਪਿੱਛੇ ਲਾ ਦਿੱਤੇ....ਸਭਨੀਂ ਪਾਸੀਂ ਚਾਨਣ, ਪਸਰ ਗਿਆ।

"ਅਹਿਨਾਂ ਗ਼ਰੀਬਾਂ ਨੂੰ ਕਿਉਂ ਫਾਹੇ ਦਿੱਤਾ ਹੋਇਆ ਜੇ...." ਕਹਿੰਦਿਆਂ ਮੁੰਡੇ ਦੇ ਮਾਸੜ ਨੇ ਜੈਕੀ ਤੇ ਟੌਮੀ ਨੂੰ ਜਾ ਖੋਹਲਿਆ।

ਵਿਹੜੇ 'ਚ ਦਰੀ ਵਿਛਾਈ ਗਈ, ਨਾਲ ਹੀ ਢੋਲਕੀ ਆ ਗਈ....ਚਾਚੀਆਂ, ਮਾਮੀਆਂ ਨੇ ਹੇਕ ਲਾ ਕੇ ਲੰਮੀਆਂ ਲੰਮੀਆਂ ਘੋੜੀਆਂ ਗਾਉਣੀਆਂ ਸ਼ੁਰੂ ਕਰ ਦਿੱਤੀਆਂ.... ਪਹਿਲਾਂ ਹੌਲੀ....।

"ਮਖ ਗੜ੍ਹਖਿਲੀ ਨਾ ਪਾਇਓ ਕੁੜੀਓ, ਸਮੇਂ ਨਹੀਂ ਚੰਗੇ.....।" ਕਿਸੇ ਵਡੇਰੀ ਨੇ ਕੁੜੀਆਂ ਨੂੰ ਮੱਤ ਦਿੱਤੀ।

ਐਵੇਂ ਸੜਕ ਵੱਲ ਵਿਹਦੀ ਬਚਨੋਂ ਤ੍ਰਹਿ ਤ੍ਰਹਿ ਜਾਂਦੀ।

ਅਚਾਨਕ ਕੁੱਤੇ ਲੂਹਰੀਆਂ ਲੈਂਦੇ ਸੜਕ ਵੱਲ ਭੱਜ ਉੱਠੇ..... ਪਰ ਢੋਲਕੀ ਹੋਰ ਤੇਜ਼ ਵੱਜਣ ਲੱਗੀ। ਟਰਾਲੀ 'ਤੇ ਚੜ੍ਹੇ ਬੈਠੇ ਮੁੰਡੇ ਠਹਾਕੇ ਤੇ ਠਹਾਕਾ ਮਾਰ ਕੇ ਹੱਸਣ ਲੱਗੇ, ਤੀਵੀਆਂ ਨੇ ਤ੍ਰਹਿ ਕੇ ਉਹਨਾਂ ਵੱਲ ਵੇਖਿਆ....ਕੁੜੀਆਂ ਨੇ ਢੋਲਕੀ ਹੋਰ ਤੇਜ਼ ਕਰ ਦਿੱਤੀ....ਆਪਣੇ ਆਪ ਪਿੜ ਬਣ ਗਿਆ, ਗਿੱਧਾ ਮੱਚਣ ਲੱਗਾ.... ਤਾਰੋ ਨੇ ਲੰਮੀ ਬਾਂਹ ਕਰਕੇ ਜਿਉਂ ਹੀ ਵੇਰੀ ਲਾਈ.... ਮਗਰੇ ਹੋਰ ਕੁੜੀਆਂ.... ਦੋ ਹਟਦੀਆਂ ਤੇ ਹੋਰ ਧਮੱਚੜ ਪਾਉਣ ਲੱਗਦੀਆਂ....।

"ਬਾਰ੍ਹੀਂ ਬਰਸੀ ਖੱਟਣ ਗਿਆ ਸੀ, ਖੱਟ ਕੇ ਲਿਆਂਦਾ....।" ਮੁੰਡੇ ਦੀ ਭਰਜਾਈ ਨੇ ਬੋਲੀ ਚੁੱਕੀ, ਲੂਹਰੀਆਂ ਲੈਂਦੀ ਇਕ ਹੋਰ ਕੁੜੀ ਪਿੜ 'ਚੋਂ ਆ ਧਮਕੀ.....

"ਧੋਲੇ ਦਾ ਮੈਂ ਨੂੰ ਪੰਜਾਇਆ,
ਉਹ ਵੀ ਚੜ੍ਹ ਗਿਆ ਛੱਤੇ.....।"

ਨੱਚ ਨੱਚ ਕੇ ਵਿਹੜਾ ਪੁੱਟਿਆ ਜਾ ਰਿਹਾ ਸੀ। ਘੁੰਮਰ ਪਾਉਂਦੀਆਂ, ਫੇਰੀਆਂ ਲੈਂਦੀਆਂ ਕੁੜੀਆਂ ਦੂਹਰੀਆਂ, ਚਹੁਰੀਆਂ ਹੁੰਦੀਆਂ ਪਈਆਂ ਸਨ, ਟਰਾਲੀ ਤੋਂ ਛਾਲਾਂ ਮਾਰ ਮੁੰਡੇ ਵੀ ਜਾ ਰਲੇ, ਗਿੱਧਾ ਹੋਰ ਮੱਚ ਉੱਠਿਆ, ਮਾਘਾ ਹੋਰ ਤੇਜ਼ ਹੋ ਗਿਆ....।

"ਵੇਖੋ ਨੀ ਮੇਰੇ ਹਾਣ ਦੀਓ,
ਮੇਰਾ ਜੇਠ ਪੂਣੀਆਂ ਕੱਤੇ.....।"

ਮੂੰਹਾਂ ਅੱਗੇ ਦੁਪੱਟੇ ਸੁੱਟੀ, 'ਫੂਹ ਫੂਹ' ਕਰਦੀਆਂ, ਗੋਰੀਆਂ ਲੰਮੀਆਂ ਕੁੜੀਆਂ ਗੇੜੇ 'ਤੇ ਗੇੜਾ ਦੇਈ ਜਾ ਰਹੀਆਂ ਸਨ।

ਹੋਰ ਤੇਜ਼, ਹੋਰ ਤੇਜ਼, ਹੋਰ ਤੇਜ਼.....।



# ਸਾਂਝ

ਮੋਹਨ ਭੰਡਾਰੀ

ਉਹਨੇ ਚਿੱਠੀ ਪੜ੍ਹੀ। ਸਾਧਾਰਨ ਜਿਹੀ ਸੀ। ਉਹ ਵੀ ਪੋਸਟ-ਕਾਰਡ ਉੱਤੇ। ਉਹੀ ਆਮ ਵਹਿਮ ਗੱਲਾਂ। ਉਹਨੂੰ ਕੋਈ ਹੈਰਾਨੀ ਨਾ ਹੋਈ। ਇਹੀ ਰਵੱਈਆ ਸੀ, ਸਤ ਪ੍ਰਕਾਸ਼ ਦਾ। ਜਾਂ ਤਾਂ ਸਾਲਾਂ ਬੱਧੀ ਲਿਖਦਾ ਹੀ ਨਹੀਂ ਸੀ। ਜੇ ਕਦੇ ਕਦਾਈਂ ਲਿਖਦਾ ਵੀ ਸੀ ਤਾਂ ਉਹੀ ਘਸੇ ਪਿਟੇ ਫ਼ਿਕਰੇ: ਆਪਦੀ ਖ਼ੈਰੀਅਤ ਭਗਵਾਨ ਤੋਂ ਸ਼ੁਭ ਚਾਹੁੰਦਾ ਹਾਂ। ਜ਼ਮਾਨਾ ਖ਼ਰਾਬ ਹੈ; ਹੁਸ਼ਿਆਰੀ ਨਾਲ ਰਹਿਣਾ। ਕਿਸੇ ਨਾਲ ਲੜਨਾ ਝਗੜਨਾ ਨਹੀਂ। ਬੱਚਿਆਂ ਨੂੰ ਪਿਆਰ....ਆਦਿ। ਹਾਂ, ਉਸ ਵਿਚ ਇਕ ਗੱਲ ਪੱਕੀ ਸੀ। ਸੰਬੋਧਨ ਤੋਂ ਬਾਅਦ ਉਹ, "ਜੈ ਜੈ ਸੀਆ ਰਾਮ" ਲਿਖਣਾ ਨਹੀਂ ਸੀ ਭੁੱਲਦਾ। ਕੁਝ ਵਿਸ਼ੇਸ਼ ਜਾਂ ਉਚੇਚੇ ਉਹਦੀ ਲਿਖਤ ਵਿਚੋਂ ਸਹਿਜੇ ਨਹੀਂ ਸੀ ਲੱਭਦਾ। ਇਹ ਗੱਲ ਸ਼ਾਇਦ ਉਹ ਪੜ੍ਹਨ ਵਾਲੇ ਤੇ ਛੱਡ ਦਿੰਦਾ ਸੀ। ਓਹੀ ਮੱਥਾ ਮਾਰੇ ਤੇ ਸਤਰਾਂ ਵਿਚਲਾ ਭੇਤ ਲੱਭੇ। ਜ਼ਿੰਦਗੀ ਦੇ ਹੋਰ ਮਾਮਲਿਆਂ ਬਾਰੇ ਵੀ ਉਹਦਾ ਇਹੀ ਵਤੀਰਾ ਸੀ। ਸਹਿਜ, ਸਾਵਾਂ, ਕੋਰਾ। ਹਾਂ ਕਹਿ ਲਵੋ ਕਿ ਵਿਹਾਰੀ ਬੰਦਾ ਸੀ ਉਹ। ਕਾਰੋਬਾਰੀ ਤੇ ਦੁਨੀਆਦਾਰ। ਨਾ ਕਿਸੇ ਨਾਲ ਬਹੁਤਾ ਮੋਹ। ਨਾ ਵੈਰ। ਵਾਹ ਲੱਗਦੀ ਸਾਰੇ ਤੀਰਥਾਂ 'ਤੇ ਜਾਣਾ, ਰਹੁ ਰੀਤਾਂ ਨਿਭਾਉਣੀਆਂ ਤੇ ਮੇਲੇ ਮਸਾਵਿਆਂ ਵਿਚ ਸ਼ਾਮਲ ਹੋਣਾ ਉਹਦੀ ਆਦਤ ਸੀ। ਸਿਰੋਂ ਨੰਗਾ ਰਹਿੰਦਾ ਪਰ ਰਸਮਾਂ ਵੇਲੇ ਜਾਂ ਸਭਾ ਸੁਸਾਇਟੀ ਵਿਚ ਹਾਜ਼ਰੀ ਦੇਣ ਸਮੇਂ ਪੱਗ ਜ਼ਰੂਰ ਬੰਨ੍ਹਦਾ। ਹੋਰ ਤਾਂ ਹੋਰ, ਭਾਸ਼ਾ ਦੇ ਮਾਮਲੇ ਵਿਚ ਵੀ ਉਹ ਕੱਟੜ ਨਹੀਂ ਸੀ। ਕੰਮ ਸਾਰਨ ਜੋਗੀਆਂ ਤਿੰਨ ਜ਼ਬਾਨਾਂ ਉਹਨੂੰ ਆਉਂਦੀਆਂ ਸਨ। ਉਰਦੂ, ਹਿੰਦੀ ਤੇ ਪੰਜਾਬੀ। ਜਿਸ 'ਚ ਚਾਹੇ ਲਿਖ ਦਿੰਦਾ। ਉਰਦੂ ਦਾ ਮੁਹਾਵਰਾ ਤੇ ਵਹਾਓ ਉਹਦਾ ਵੇਖਿਆਂ ਹੀ ਬਣਦਾ ਸੀ। ਲਫ਼ਜ਼ ਮੋਤੀਆਂ ਵਰਗੇ। ਹਿੰਦੀ ਤੇ ਪੰਜਾਬੀ ਦੀ ਲਿਖਤ ਵੀ ਮਾੜੀ ਨਹੀਂ ਸੀ ਕਹੀ ਜਾ ਸਕਦੀ। ਹਾਂ ਪੰਜਾਬੀ ਦੀ ਲਿਖਤ ਵਿਚ 'ਸ' ਤੇ 'ਮ' ਦਾ ਫ਼ਰਕ ਫ਼ਿਕਰਾ ਪੜ੍ਹ ਕੇ ਹੀ ਲਾਉਣਾ ਪੈਂਦਾ। ਇਹ ਇਸ ਕਰਕੇ ਹੋ ਜਾਂਦਾ ਕਿ ਪੂਰੀ ਸਤਰ ਲਿਖਣ ਤੋਂ ਬਾਅਦ ਉਹ ਉਸ ਉਤੇ ਲਕੀਰ ਖਿੱਚ ਦਿੰਦਾ। ਆਦਤ ਜੁ ਬਣ ਗਈ ਸੀ।

ਐਨੇ ਚਿਰ ਪਿੱਛੋਂ ਲਿਖਿਆ ਤੇ ਕੀ ਲਿਖਿਆ? ਉਹਨੂੰ ਸਤ ਪ੍ਰਕਾਸ਼ 'ਤੇ ਖਿਝ ਆਈ। ਆਖ਼ਰ ਉਹਦਾ ਬੜਾ ਭਾਈ ਸੀ। ਵਿਸਥਾਰ ਨਾਲ ਲਿਖਦਾ। ਭਾਬੀ ਬਾਰੇ, ਭਤੀਜੇ ਅਸ਼ੋਕ ਬਾਰੇ, ਨੂੰਹ ਬਾਰੇ.... ਹੁਣ ਤਾਂ ਸੁਖ ਨਾਲ ਉਹਦੀ ਗੋਦੀ ਨਿਆਣੇ.. ਚਲੋ ਖ਼ੈਰ! ਇਹ ਤਾਂ ਉਹਦਾ ਆਪਣਾ ਟੱਬਰ ਹੋਇਆ। ਨਹੀਂ ਲਿਖਿਆ ਕੁਝ ਨਾ ਸਹੀ। ਘੱਟੋ ਘੱਟ ਬਿਰਧ ਪਿਓ ਤੇ ਬੁੜ੍ਹੀ ਹੋਈ ਵਿਧਵਾ ਭੂਆ ਬਾਰੇ ਤਾਂ ਦੋ ਸਤਰਾਂ ਲਿਖ ਦਿੰਦਾ। ਉਹ ਤਾਂ ਸਾਂਝੇ ਸਨ। ਟੱਬਰ ਦੀ ਸਾਂਝ ਉਹਨਾਂ ਸਦਕਾ ਹੀ ਤਾਂ ਬਣੀ ਹੋਈ ਸੀ

ਅਜੇ। ਖ਼ਾਨਦਾਨ ਦੀ ਜਾਇਦਾਦ ਦਾ ਕੋਈ ਬਕਾਇਦਾ ਵੰਡ ਵੰਡਾਰਾ ਤਾਂ ਨਹੀਂ ਸੀ ਹੋਇਆ। ਹੋਰ ਨਾ ਸਹੀ, ਹਿੰਦੂ ਸੰਯੁਕਤ ਪਰਿਵਾਰ ਦੀ ਮਾਣ ਮਰਿਯਾਦਾ ਦਾ ਉਹਨੂੰ ਕੁਝ ਪਾਸ ਹੋਣਾ ਚਾਹੀਦੇ। ਹਰੇਕ ਟੱਬਰ ਦੇ ਕੁਝ ਤੌਰ ਤਰੀਕੇ, ਕੋਈ ਸੰਸਕਾਰ ਤਾਂ ਹੁੰਦੇ ਈ ਨੇ! ਫੇਰ ਉੱਪਰੋਂ ਹਾਲਾਤ ਤਾਂ ਦੇਖੋ ਕੀ ਨੇ!!

ਉਹ ਮੱਥਾ ਫੜ ਕੇ ਬੈਠ ਗਿਆ। ਤੇ ਡੂੰਘੀ ਸੋਚ ਵਿਚ ਗੁਆਚ ਗਿਆ। 'ਹਾਲਾਤ' ਕੁਝ ਚਿਰ ਪਿਛੋਂ ਬੁੜਬੁੜਾਇਆ। ਆਪਣੇ ਬੁੱਲ੍ਹਾਂ 'ਤੇ ਆਈ ਸਿੱਕਰੀ ਉਤੇ ਉਹਨੇ ਜੀਭ ਫੇਰੀ। ਸਿਰ ਦੇ ਉਸ ਗੰਜੇ ਭਾਗ ਉਤੇ ਹੱਥ ਫੇਰਿਆ ਜਿਸ ਹੇਠਾਂ ਉਹਦੀ ਅਕਲ ਦੁਬਕੀ ਬੈਠੀ ਸੀ। ਉਝ ਮੱਥੇ ਅਤੇ ਉਸ ਭਾਗ ਵਿਚ ਹੁਣ ਕੋਈ ਫਰਕ ਨਹੀਂ ਸੀ ਰਹਿ ਗਿਆ। ਦੇਖਣ ਵਾਲੇ ਨਿਰਖੀ ਬੰਦੇ ਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਉਹਦਾ ਮੱਥਾ ਕਿਥੋਂ ਸ਼ੁਰੂ ਹੁੰਦਾ ਹੈ ਤੇ ਸਿਰ ਕਿੱਥੇ ਖਤਮ। ਸ਼ੀਸ਼ੇ ਮੂਹਰੇ ਖੜ੍ਹਿਆਂ ਉਹਨੂੰ ਵੀ ਕਈ ਵੇਰਾਂ ਅਜਿਹਾ ਅਹਿਸਾਸ ਹੋਇਆ ਸੀ। ਪਰ ਹੁਣ ਉਹ ਅਹਿਸਾਸ ਪਤਾ ਨਹੀਂ ਕਿਥੇ ਮਰ ਮੁੱਕ ਗਿਆ ਸੀ। ਗਰਦਨ ਉਹਦੀ ਮੋਟੀ ਹੋ ਗਈ ਸੀ। ਟਾਈਆਂ ਤੰਗ। ਢਿੱਡ ਰੱਜੇ ਹੋਏ ਸੂਰ ਵਾਂਗ ਫੁੱਲ ਗਿਆ ਸੀ। ਟੰਗਾਂ ਭਾਰ ਚੁੱਕਣੋਂ ਅਸਮਰਥ। ਪਰ ਗੁਆਚੇ ਅਹਿਸਾਸ ਨੇ ਇਹ ਦੱਸਣ ਕਿਹੜੇ ਆਉਣਾ ਸੀ। ਉਹਦੇ ਕੋਲ ਗੱਡੀ ਜੁ ਹੈ ਸੀ; ਸ਼ਿਵਰਲੇ! ਕੋਠੀ ਸੀ। ਚਾਰ ਕਨਾਲ ਦੀ ਚਾਰ ਬੈੱਡ ਰੂਮ। ਚਾਰੇ ਗੱਦਿਆਂ ਨਾਲ ਤੁੰਨੇ ਹੋਏ। ਐਨ੍ਹ ਉਹਦੇ ਢਿੱਡ ਵਾਂਗ। ਅਜਿਹੇ 'ਹਾਲਾਤ' ਵਿਚ ਅਕਲ ਦੁਬਕੇ ਨਾ ਤਾਂ ਹੋਰ ਕੀ ਕਰੇ। ਚਾਰੇ ਪਾਸਿਉਂ ਤਾਂ ਉਹ ਤੁੜਿਆ ਪਿਆ ਸੀ। ਜਿੱਧਰ ਦੇਖੋ ਕੂੜ ਕਬਾੜ। ਇਕ ਪਾਸੇ ਧਨ ਦਾ। ਦੂਜੇ ਪਾਸੇ ਮਨ ਦਾ। ਤੀਵੀਂ ਦਾ ਅੱਡ ਖਿਲਾਰਾ। ਕਾਲੀ ਕਿਨਾਰੀ ਵਾਲੀ ਚਿੱਟੀ ਸਾੜ੍ਹੀ ਪਾਈ ਉਹ ਪਲੰਘ ਉਤੇ ਇਝ ਲੇਟਦੀ ਜਿਵੇਂ ਉੱਠਣਾ ਈ ਨਾ ਹੋਵੇ। ਉੱਠਣ ਜੋਗੀ ਰਹੀ ਹੋਵੇ ਤਾਂ ਉਠੇ। ਖਾ ਲਿਆ ਸੌਂ ਗੀ, ਪੈ ਗਈ ਜਾਂ ਸੌਂ ਗੀ। ਕੁਝ ਪਤਾ ਹੀ ਨਹੀਂ ਸੀ ਲਗਦਾ। ਹਾਂ, ਸੱਚ ਲਗਦਾ ਸੀ, ਓਦੋਂ ਜਦੋਂ ਉਹ ਹਾਏ! ਹਾਏ!! ਕਰਦੀ....ਬੁੜਬੁੜ ਕਰਦੀ ਜਾਂ ਨੌਕਰਾਂ ਨੂੰ ਝਿੜਕਾਂ ਦਿੰਦੀ। ਆਥਣ ਸਵੇਰ ਉਹਨੂੰ ਓਦੋਂ ਸੁਖ ਦਾ ਸਾਹ ਆਉਂਦਾ ਜਦੋਂ ਉਹ ਪਾਠ-ਪੂਜਾ ਵਿਚ ਲੀਨ ਹੁੰਦੀ। ਨਹੀਂ ਤਾਂ ਸਾਹਮਣੇ ਨਿੱਸਲ ਪਈ ਉਹ ਉਸ ਤੋਂ ਜਰੀ ਨਹੀਂ ਸੀ ਜਾਂਦੀ। ਦੇਖਣੀ ਤਾਂ ਭਲਾ ਪੈਂਦੀ ਹੀ ਸੀ। ਸਾਹਮਣੇ ਪਈ ਦੇਖ ਕੇ ਅੱਖਾਂ ਥੋੜ੍ਹੇ ਮੁੰਦ ਹੁੰਦੀਆਂ ਨੇ! ਸਚਾਈ ਤਾਂ ਅੱਖਾਂ ਮੀਚਿਆਂ ਵੀ ਦਿਸੀ ਜਾਂਦੀ ਐ!!

'ਹਾਲਾਤ...!' ਉਹਦੇ ਮੋਟੇ ਤੇ ਸੁੱਕੇ ਬੁਲ੍ਹ ਥਿਰਕੇ। ਥਿਰਕੇ ਤੇ ਕੰਬੇ।

..... ..... ..... .....

"ਦੇਖੋ ਓਏ! ਕਰਦਾ ਕੀ ਐ!" ਅਖੇ ਤੈਨੂੰ ਤਾਂ ਮਲੂਮ ਈ ਐ!...ਆਹੋ ਮਲੂਮ ਐਂ!! ਮਲੂਮ ਨੂੰ ਮੈਂ ਨਿਆਣਾਂ ਦੁੱਧ ਚੁੰਘਦਾਂ। ਚੰਡੀਗੜ੍ਹ ਰਹਿਨੈਂ। ....ਆਹੋ ਰਹਿਨਾਂ ਚੰਡੀਗੜ੍ਹ...ਕੱਢਣੋਂ ਮੈਨੂੰ ਏਥੋਂ? ਹੱਦ ਹੋਗੀ, ਬਈ! ਹਮਾਕਤ ਆਲੀ। ਬਈ, ਤੁਸੀਂ ਸਿੱਧੀ ਤਰ੍ਹਾਂ ਗੱਲ ਕਰੋ। ਜਦੋਂ ਕਰਨਗੇ...ਵੱਢਮੀਂ ਕਰਨਗੇ। ਹੌਲੀ ਹੌਲੀ ਪੇ ਪੇ ਗੀਰੀਆਂ ਕਰਕੇ। ਸੂਲਾਂ ਚੁਭੋਣਗੇ। ਵਿਚਦੀ ਗੱਲਾਂ ਕਰਕੇ। ਤੁਸੀਂ ਇਹਦਾ ਮਤਲਬ ਕੱਢੋ.... 'ਚੰਡੀਗੜ੍ਹ ਰਹਿਨੈਂ!' ਪਤੇ ਕੀ ਕਹਿੰਦੇ? ਕਹਿੰਦੇ! "ਤੂੰ ਸੇਫ ਐਂ; ਸੁਰਖਿਅਤ! ਖਾਂਦਾ



ਪੀਂਦਾ ਤੇ ਸੌਖਾ ਤੇ ਖਤਰੇ ਤੋਂ ਬਾਹਰ!" ਕੋਈ ਉਸ ਤੋਂ ਪੁੱਛੇ, ਮੈਂ ਪੈਰਿਸ ਬੈਠਾਂ! ਕਿ ਮਾਸਕੋ?! ਚੰਡੀਗੜ੍ਹ! ਚੰਡੀਗੜ੍ਹ!! ਲਾਈ ਐ। ਡੂਢ ਮਿੰਟ ਦੀ ਮਾਰ ਨ੍ਹੀਂ, ਚੰਡੀਗੜ੍ਹ। ਉਤੋਂ ਪਤੈ ਕੀ ਲਿਖਦੇ? ਲਿਖਦੇ, "ਉਂ ਏਧਰ ਖਤਰੇ ਆਲੀ ਕੋਈ ਬਾਤ ਨ੍ਹੀਂ।" ਬਈ, ਜੇ ਖਤਰੇ ਆਲੀ ਕੋਈ ਬਾਤਨ੍ਹੀਂ ਤਾਂ ਫੇਰ ਕੋਈ ਬਾਤ ਨ੍ਹੀਂ। ਲਿਖਦਾ ਕਾਹਨੂੰ ਐਂ? ਬਾਤ ਤਾਂ ਹੈ....ਸਤ ਪ੍ਰਕਾਸ਼! ਬਾਤ ਹੈ!! ਫੇਰ; ਤੈਨੂੰ ਤਾਂ ਮਲੂਮ ਈ ਐ। ..."ਹੂੰ!! ਮੈਨੂੰ ਕੱਲੇ ਨੂੰ ਮਲੂਮ ਐਂ? ਸਾਰੀ ਦੁਨੀਆਂ ਜਾਣਦੀ ਐ। ਬਈ ਪੰਜਾਬ ਦੇ ਹਾਲਾਤ ਠੀਕ ਨ੍ਹੀਂ। ਤੂੰ ਕਹਿਣਾ ਕੀ ਚਾਹੁੰਨੈ? ਸਤ ਪ੍ਰਕਾਸ਼!"

'ਹਾਲਾਤ! ਖਤਰਾ!!' ਉਸ ਤੋਂ ਕੁਝ ਉੱਚੀ ਬੁੜਬੁੜਾਇਆ ਗਿਆ। ਤੇ ਫੇਰ ਉਹਦਾ ਸਾਹ ਫੁੱਲ ਗਿਆ। ਫੁੱਲ ਕੇ ਘੁੱਟਣ ਲੱਗ ਪਿਆ। ਉਹ ਲੱਤਾਂ ਨਿਸਾਲ ਕੇ, ਆਰਾਮ ਕੁਰਸੀ 'ਚ ਢਾਸਣਾ ਲਾ ਕੇ, ਪੈਣ ਵਾਂਗ ਬੈਠ ਗਿਆ।

..... ..... ..... .....

ਮੋਤੀ ਰਾਮ, ਉਹਦੇ ਨੌਕਰ ਨੂੰ, ਪਤਾ ਸੀ ਕਿ ਜਦੋਂ ਉਹਦੇ ਸਾਅਬ ਨੂੰ ਦੌਰਾ ਪੈਂਦਾ ਸੀ ਤਾਂ ਏਦਾਂ ਈ ਪੈਂਦਾ ਸੀ। ਡਾਕਟਰ ਨੇ ਇਕ ਅਜੀਬ ਜਿਹੀ ਬਿਮਾਰੀ ਦਾ ਨਾਂ ਲਿਆ ਸੀ। ਕੀ ਕਹਿੰਦੇ ਨੇ ਉਹਨੂੰ ....'ਹੈਪਰ ਟੈਂਸ਼ਨ'....ਇਹ ਕੀ ਬਿਮਾਰੀ ਹੋਈ ਸਾਲੀ! ਜਿਵੇਂ 'ਹਾਪੁੜ ਸਟੇਸ਼ਨ' ਹੋਵੇ! ਉਹਨੇ ਕਈ ਵਾਰੀ ਸੋਚਿਆ ਸੀ। ਤੇ ਇਕ ਵਾਰ ਡਰਦਿਆਂ-ਝਿਜਕਦਿਆਂ, ਮੋਹ ਦੇ ਮਾਰੇ ਨੇ ਕਿਹਾ ਵੀ, "ਬੀਬੀ ਜੀ, ਸਾਅਬ ਜੀ ਨੂੰ ਗਲਤ ਬਿਮਾਰੀ ਲੱਗ ਗਈ।" ਅੱਗੋਂ ਬੀਬੀ ਖੱਟਾ ਡਕਾਰ ਲੈ ਕੇ ਹੱਸਦਿਆਂ ਬੋਲੀ ਸੀ, "ਤੇਰਾ ਸਾਅਬ ਕਿਹੜਾ ਸਹੀ ਆਦਮੀ ਐ!" ਇਉਂ ਬੀਬੀ ਦੂਜੀ ਵਾਰ ਹੱਸੀ ਸੀ। ਪਹਿਲੀ ਵਾਰ ਕਦੋਂ ਹੱਸੀ ਸੀ ਉਹਨੂੰ ਯਾਦ ਨਹੀਂ ਸੀ ਆ ਰਿਹਾ। ਏਨਾ ਯਾਦ ਸੀ ਕਿ ਏਸ ਚੰਦਰੀ ਬਿਮਾਰੀ 'ਚ ਸਾਅਬ ਚੁੱਪ ਹੋ ਜਾਂਦਾ ਸੀ ਜਾਂ ਫੇਰ ਆਪੇ ਬੋਲੀ ਜਾਂਦਾ ਸੀ। ਹੁਣ ਉਹ ਬੋਲ ਰਿਹਾ ਸੀ। ਉਚੀ ਉਚੀ ਬੁੜਬੁੜਾ ਕੇ। ਉਹਨੂੰ ਬੁੜਬੜਾਉਂਦੇ ਨੂੰ ਸੁਣ ਕੇ ਉਹ ਭੱਜਿਆ ਆਇਆ। ਹਫਿਆ ਹੋਇਆ ਅੰਦਰ ਆ ਕੇ ਬੋਲਿਆ: "ਕੀ ਗੱਲ ਹੋ ਗੀ, ਸਾਅਬ?"

"ਕੋਈ ਬਾਤ ਨ੍ਹੀਂ!" ਉਹਨੇ ਪ੍ਰੇਸ਼ਾਨੀ ਭਰੇ ਰੋਅਬ ਨਾਲ ਮੋਤੀ ਰਾਮ ਨੂੰ ਬਾਹਰ ਚਲੇ ਜਾਣ ਦਾ ਇਸ਼ਾਰਾ ਕਰਦਿਆਂ ਕਿਹਾ। ਮੋਤੀ ਰਾਮ ਮੁੜਦੇ ਪੈਰੀਂ ਦਰਵਾਜ਼ਾ ਲੰਘਣ ਲੱਗਿਆ ਤਾਂ ਉਹਨੇ ਆਵਾਜ਼ ਮਾਰ ਕੇ ਬੁਲਾ ਲਿਆ। ਮੋਤੀ ਰਾਮ ਬੌਂਦਲਿਆ ਜਿਹਾ ਮੁੜਿਆ। ਖੱਬੇ ਪੈਰ ਦੀ ਅੱਡੀ ਨੂੰ ਸੱਜੇ ਪੈਰ ਦੇ ਪੰਜੇ ਨਾਲ ਖਾਜ ਕਰਦਾ ਬੋਲਿਆ, "ਜੀ ਸਾਅਬ?"

ਮੋਤੀ ਰਾਮ ਨੂੰ ਇਝ ਅਧੀਨਗੀ, ਵਿਚਾਰਗੀ ਅਤੇ ਭੈਅ 'ਚ ਗ੍ਰਸਤ ਮਾਸੂਮਾਂ ਵਾਂਗ ਹੱਥ ਜੋੜ ਕੇ ਖੜ੍ਹੇ ਅਤੇ ਖੱਬੀ ਅੱਡੀ ਉਤੇ ਕੰਬਦੇ ਦੂਜੇ ਪੈਰ ਦੇ ਪੰਜੇ ਨੂੰ ਦੇਖ ਕੇ ਉਹਨੂੰ ਖਾਸ ਕਿਸਮ ਦੀ ਤਸੱਲੀ ਅਤੇ ਰਾਹਤ ਮਹਿਸੂਸ ਹੋਈ। ਉਹਨੂੰ ਆਪਣਾ ਡੱਬੂ ਕੁੱਤਾ ਯਾਦ ਆ ਗਿਆ। ਕਿਵੇਂ ਉਹ ਪੂੰਛ ਮਾਰਦਾ ਉਹਦਿਆਂ ਪੈਰਾਂ 'ਚ ਲੋਟ ਪੋਟਣੀਆਂ ਖਾਂਦਾ ਅਤੇ ਪਿਆਰ ਲੈਂਦਾ ਸੀ। ਉਹਦੇ ਹੱਥ ਚੱਟਦਾ ਤੇ ਪੈਰ ਸੁੰਘਦਾ ਸੁੰਘਦਾ, ਲੱਤਾਂ ਨੂੰ ਚਿਬੜ ਜਾਂਦਾ ਸੀ। ਓਦੋਂ ਵੀ ਉਹਨੂੰ ਏਸੇ ਤਰ੍ਹਾਂ ਦਾ ਸੁਖ ਮਿਲਦਾ ਸੀ। ਡੱਬੂ ਪਿਛਲੇ

ਮਹੀਨੇ ਪੌਂ ਪੈ ਕੇ ਮਰ ਗਿਆ ਸੀ। ਅਣਗਹਿਲੀ ਉਸੇ ਤੋਂ ਹੋਈ। ਵੇਲੇ ਸਿਰ ਇਲਾਜ ਕਰਾਉਂਦਾ ਤਾਂ ਸ਼ਾਇਦ ਬਚ ਜਾਂਦਾ। ਉਹ ਇਕ ਕੁੱਤਾ ਹੋਰ ਜ਼ਰੂਰ ਲਵੇਗਾ। ਜੋ ਕੂਲਾ ਤੇ ਵਫ਼ਾਦਾਰ ਹੋਵੇ। ਉਹਨੇ ਤਾਂ ਮਿੱਤਲ ਨੂੰ ਅਜਿਹਾ ਕੁੱਤਾ ਲੈ ਕੇ ਦੇਣ ਦੀ ਸਿਫ਼ਾਰਸ਼ ਡੱਬੂ ਦੇ ਮਰਨ 'ਤੇ ਹੀ ਕਰ ਦਿੱਤੀ ਸੀ। ਉਹ ਤਾਂ ਬੱਸ ਇਕੋ ਗੱਲ ਦਾ ਕਾਇਲ ਸੀ ਕਿ ਨੌਕਰ ਤੇ ਕੁੱਤਾ ਉਹਦਾ ਭੈ ਮੰਨਣ। ਦਾਬਾ ਮਨੁੱਖ ਦੇ ਆਤੰਕ ਦਾ ਹਥਿਆਰ ਹੁੰਦਾ ਹੈ। ਬੱਸ, ਦਾਬਾ ਮੰਨਣ ਤੇ ਆਨੰਦ ਲੈਣ।

ਮੋਤੀ ਰਾਮ ਅਜੇ ਵੀ ਉਸੇ ਮੁੱਦਰਾ 'ਚ ਖੜ੍ਹਾ ਸੀ। ਉਹਦੇ ਅੰਗੂਠੇ ਹੇਠਾਂ।

"ਕਿੰਨੇ ਅਜੀਬ ਰਿਸ਼ਤੇ ਨੇ ਇਹ। ਕਿਹੋ ਜਿਹੀ ਸਾਂਝ! ਪਿੰਡ, ਤਾਰਾ ਲਵੈਂਡ, ਸਤ ਪ੍ਰਕਾਸ਼, ਉਹਦਾ ਬਿਰਧ ਪਿਓ, ਬੁੜੀ ਭੂਆ, ਲਾਜਵੰਤੀ ਉਹਦੀ ਘਰ ਵਾਲੀ, ਵਲਾਇਤ ਜਾ ਵਸੇ ਉਹਦੇ ਦੋਵੇਂ ਮੁੰਡੇ, ਗੋਰੀ ਨੂੰਹ, ਮੋਤੀ ਰਾਮ, ਡੱਬੂ ਕੁੱਤਾ.... " ਉਹ ਮੁਸਕਰਾਇਆ।

ਮੋਤੀ ਰਾਮ ਓਵੇਂ ਖੜ੍ਹਾ ਸੀ। ਉਹਨੂੰ ਸੁਆਦ ਆ ਰਿਹਾ ਸੀ। ਤੇ ਫੇਰ ਦੌਰੇ ਦੀ ਹਾਲਾਤ।

"ਸਾਲੇ! ਦਰਬਾਰ ਲਾਉਣ ਦੇ! ਰਾਜੇ!! ਹੁਕਮ ਅਦੂਲੀ ਕਰਨ ਵਾਲਿਆਂ ਨੂੰ, ਕਹਿੰਦੇ ਨੇ, ਮਨਾਓ! ਸਮਝਾਓ!! ਬੁਝਾਓ!!"

"ਹੈਂ ਜੀ!" ਮੋਤੀ ਰਾਮ ਨੇ ਉਹਦਾ ਧਿਆਨ ਖਿੱਚਿਆ।

"ਹਾਂ ਹਾਂ ਮੋਤੀ ਰਾਮ ਜਾਓ! ਪਾਣੀ ਦਾ ਜੱਗ ਭਰਕੇ ਲੈ ਆਓ!!"

.... .... .... .... ....

ਉਹਦੀ ਵਕਾਲਤ ਚੱਲੀ ਹੀ ਨਹੀਂ ਸਗੋਂ ਚਮਕੀ ਹੋਈ ਸੀ। ਹੁਣ ਉਹ ਸ਼ਹਿਰ ਦੇ ਮੰਨੇ ਦੰਨੇ ਵਕੀਲਾਂ ਵਿਚ ਗਿਣਿਆ ਜਾਂਦਾ ਸੀ। ਕੋਠੀ ਉਹਦੀ ਅਸਾਮੀਆਂ ਨਾਲ ਭਰੀ ਰਹਿੰਦੀ। ਪਿੰਡਾਂ ਦੇ ਲੋਕ ਪੋਚਵੀਆਂ ਤੇ ਅਗਜ਼ ਦੁਰਾੜੀਆਂ ਪੱਗਾਂ ਬੰਨ੍ਹੀ ਕੋਠੀ ਦੇ ਲਾਅਨ ਵਿਚ ਰੱਖੀਆਂ ਕੁਰਸੀਆਂ ਅਤੇ ਬੈਂਚਾਂ ਉੱਤੇ ਆਥਣ-ਸਵੇਰ ਘੰਟਿਆਂ-ਬੱਧੀ ਬੈਠੇ ਰਹਿੰਦੇ। ਉਹਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਸਹਾਇਕ ਵਕੀਲ ਕੇਸ ਤਿਆਰ ਕਰਦੇ ਤੇ ਪੇਸ਼ੀ ਵਾਲੇ ਦਿਨ ਉਹ ਕਾਰ ਵਿਚ ਜਾਂਦਾ ਜਾਂਦਾ ਫ਼ਾਈਲ ਤੇ ਨਜ਼ਰ ਮਾਰਦਾ ਤੇ ਗੜ੍ਹਕੇ ਨਾਲ ਕੇਸ ਲੜਦਾ। ਜਿੱਤਦਾ ਵੀ। ਬਹੁਤੀ ਵਾਰ। ਸਾਰੇ ਕਹਿੰਦੇ ਸਨ ਉਹਦੇ ਹੱਥ ਜੱਸ ਹੈ। ਮੂੰਹ ਮੰਗੇ ਪੈਸੇ ਦਿਓ ਤੇ ਕੇਸ ਆਪਣੇ ਹੱਕ ਵਿਚ ਕਰਵਾ ਲਵੋ। ਹੋਰ ਵਕੀਲਾਂ 'ਚ ਬੈਠਿਆਂ ਉਹ ਅਕਸਰ ਫੜ੍ਹ ਮਾਰਨੋਂ ਨਹੀਂ ਸੀ ਟਲਦਾ, "ਮੈਂ ਤਾਂ ਫ਼ਾਈਲ ਸੁੰਘ ਕੇ ਦੱਸ ਸਕਦਾਂ, ਬਈ ਇਹਦੇ ਵਿਚ ਕੀ ਐ?" ਇਹ ਵੀ ਸੱਚ ਹੈ ਕਿ ਜਿਥੇ ਉਹਦੇ ਪ੍ਰਸ਼ੰਸਕ ਸਨ ਉਥੇ ਵਿਰੋਧੀ ਵੀ ਬੜੇ ਸਨ। ਉਹ ਕਹਿੰਦੇ ਸਨ ਕਿ ਉਹ ਜੱਜਾਂ ਨਾਲ ਬਣਾ ਕੇ ਰੱਖਦਾ ਹੈ ਅਤੇ ਨਿੱਜੀ ਰਸੂਖ਼ ਵਰਤ ਕੇ ਕੇਸ ਜਿੱਤ ਲੈਂਦਾ ਹੈ।

ਉਹਦੇ ਪ੍ਰਸ਼ਸਕਾਂ 'ਚੋਂ ਇਕ ਸੀ ਮਿੱਤਲ। ਡੀ.ਡੀ. ਮਿੱਤਲ। ਉਹਦਾ ਸਾਥੀ ਵਕੀਲ। ਪਿਛਲੇ ਪੰਜ ਛੇ ਸਾਲਾਂ ਤੋਂ ਉਹ ਦੋਵੇਂ ਇਕੱਠੇ ਘੁੰਮਦੇ ਫਿਰਦੇ, ਬੈਠਦੇ ਤੇ ਖਾਂਦੇ ਪੀਂਦੇ। ਇਕ ਦੂਜੇ ਦੀ ਕਦਰ ਕਰਦੇ ਸਨ। ਸੁਭਾਵਕ ਹੈ ਕਿ ਹੋਰਨਾਂ ਵਕੀਲਾਂ ਦੀਆਂ ਅੱਖਾਂ ਵਿਚ ਰੜਕਦੇ ਵੀ ਸਨ। ਇਹ ਰੜਕ ਉਹ ਆਥਣੇ ਦਾਰੂ ਦੀਆਂ ਘੁੱਟਾਂ



ਵਿਚ ਘੋਲ ਕੇ ਪੀ ਜਾਂਦੇ ਤੇ ਸਵੇਰੇ ਟਹਿਕਦੇ ਮਹਿਕਦੇ ਕਚਹਿਰੀ ਵਿਚ ਜਾ ਗੱਜਦੇ। ਪਿਛਲੇ ਦਿਨਾਂ 'ਚ ਉਹ ਮਨੋਂ ਮਨੀਂ ਕੁਝ ਦੂਰ ਵੀ ਹੋਏ। ਪਰ ਇਕ ਦੂਜੇ ਦੀ ਲੋੜ ਉਹਨਾਂ ਨੂੰ ਜੁਦਾ ਨਹੀਂ ਸੀ ਹੋਣ ਦਿੰਦੀ। ਲੋੜ ਵਿਚੋਂ ਸਾਂਝ ਪੈਦਾ ਹੁੰਦੀ ਹੈ ਨਾ। ਇਸ ਨਾਲ ਸਾਂਝ ਪੈਦਾ ਹੀ ਨਹੀਂ ਹੁੰਦੀ ਬਣੀ ਵੀ ਰਹਿੰਦੀ ਹੈ। ਉਹਨੂੰ ਮਿੱਤਲ ਦੀ ਲੋੜ ਸੀ। ਉਹ ਉਹਦੇ ਨਾਲ ਦੁਖ ਸੁਖ ਕਰਦਾ ਸੀ। ਨੁਮੂਣਾਂ ਦਿੰਦਾ ਸੀ। ਨੁਕਤੇ ਦਸਦਾ ਸੀ, 'ਧੰਧੇ ਦੇ ਨੁਕਤੇ' ਉਸ ਦੇ ਇਕ ਨੁਕਤੇ ਨੇ ਉਹਦਾ ਧੰਦਾ ਚਮਕਾ ਦਿਤਾ ਸੀ—ਉਸ ਕਿਹਾ ਸੀ, "ਬੈਕਟਰ, ਸਿਆਣਾ ਬਣ, ਫੌਜਦਾਰੀ ਦੇ ਕੇਸ ਲੈ। ਪੰਜਾਬ ਦੇ ਹਾਲਾਤ ਭਵਿੱਖ ਵਿਚ ਕੀ ਮੋੜ ਕਟਣ ਵਾਲੇ ਨੇ, ਜ਼ਰਾ ਝਾਤੀ ਮਾਰ। ਬੁੱਝ ਤਾਂ ਸਹੀ। ਰੱਬ ਦਾ ਵਾਸਤਾ ਈ, ਇਹ ਸੁਨਹਿਰੀ ਮੌਕਾ ਨਾ ਗੁਆ। ਇਕ ਦਿਨ ਅਜਿਹਾ ਆਊਗਾ ਕਿ ਤੂੰ ਅਤਿਵਾਦੀਆਂ ਤੇ ਅਖੌਤੀ ਸਿਆਸਤਦਾਨਾਂ ਦਾ ਸ਼ੁਕਰ ਗੁਜ਼ਾਰ ਹੋਵੇਂਗਾ। ਇਹ ਦੋਵੇਂ ਧਿਰਾਂ, ਸਾਡੇ.....ਵਕੀਲਾਂ ਵਾਸਤੇ ਕੁਬੇਰ ਦਾ ਖ਼ਜ਼ਾਨਾ ਲੁਟਾ ਦੇਣਗੀਆਂ।" ਤੇ ਇਹ ਭਵਿੱਖਬਾਣੀ ਸੱਚ ਹੋ ਨਿਬੜੀ ਸੀ। ਪੰਜਾਬ ਦੇ ਵਿਗੜੇ ਹਾਲਾਤ ਨੇ ਉਹਨਾਂ ਦੀ ਚਾਂਦੀ ਕਰ ਦਿੱਤੀ। ਨਹੀਂ ਤਾਂ ਕੀ ਰੱਖਿਆ ਪਿਆ ਸੀ, ਦੀਵਾਨੀ ਦੇ ਕੇਸਾਂ ਵਿਚ। ਨਾ ਕੁਝ ਖਾਣ ਨੂੰ, ਨਾ ਖੱਟਣ ਨੂੰ। ਜੇ ਉਹ ਮਿੱਤਲ ਦੀ ਗੱਲ ਨਾ ਮੰਨਦਾ ਤਾਂ ਹੇਠਲੇ ਦਰਜੇ ਦੇ ਵਕੀਲਾਂ ਵਿਚ ਹੀ ਰਹਿ ਜਾਂਦਾ।

ਪਰ ਸ਼ਾਮ ਤਾਂ ਗੁਜ਼ਾਰਨੀ ਸੀ। ਇਹ ਚੁੱਪ ਚੁਪੀਤਿਆਂ ਗੁਜ਼ਾਰਨੀ...ਉਹ ਵੀ ਇਕੱਲਿਆਂ....ਉਸ ਲਈ ਮੁਸ਼ਕਿਲ ਹੀ ਨਹੀਂ ਦੁਭਰ ਜਾਪਦੀ ਸੀ। ਕੀ ਹੋਇਆ ਜੇ ਮਿੱਤਲ ਰੁੱਸ ਗਿਆ। ਮੈਂ ਆਪੇ ਮਨਾ ਲਵਾਂਗਾ। ਦੇਖਿਓ ਤਾਂ ਸਹੀ, ਜਦੋਂ ਦੋ ਘੁੱਟਾਂ ਅੰਦਰ ਗਈਆਂ ਤਾਂ ਕਿਵੇਂ ਗਲੋਟੇ ਵਾਂਗ ਉੱਧੜਦੈ। ਦਾਰੂ ਦੇ ਦੌਰਾਂ 'ਚ ਰੁੱਸੇ ਦਾਰੂ ਦੇ ਦੌਰਾਂ ਵਿਚ ਹੀ ਮੰਨਦੇ ਨੇ। ਉਹਨੇ ਸੋਚਿਆ ਤੇ ਉਹ ਹਰ ਸ਼ਾਮ.....ਆਮ ਤੌਰ 'ਤੇ ਹਰ ਸ਼ਾਮ ਇਕੱਠੇ ਹੁੰਦੇ। ਪੁਰਾਣੀਆਂ ਤਲਖ਼ੀਆਂ ਭੁੱਲਦੇ, ਨਵੀਆਂ ਵਿਹਾਜ ਕੇ ਵਿੱਛੜਦੇ।

"ਸਾਲਾ....ਕਮੀਨਾ! ਅਜੇ ਤਕ ਨਹੀਂ ਆਇਆ!" ਉਸ ਉਬਾਸੀ ਲੈਂਦਿਆਂ ਕਿਹਾ।

ਉਹ ਮਿੱਤਲ ਨੂੰ ਉਡੀਕ ਰਿਹਾ ਸੀ। ਬੜੀ ਸ਼ਿਦਤ ਨਾਲ।

ਜ਼ਿੰਦਗੀ ਚੰਗੀ ਭਲੀ ਬੀਤ ਰਹੀ ਸੀ। ਸਮੁੱਚੇ ਤੌਰ 'ਤੇ ਜੇ ਖ਼ੁਸ਼ ਨਹੀਂ ਤਾਂ ਉਹ ਸੰਤੁਸ਼ਟ ਜ਼ਰੂਰੀ ਸੀ। ਘਰੋਂ ਬਾਹਰੋਂ ਪੂਰੇ ਤੌਰ 'ਤੇ। ਬੱਸ ਵਿਗੋਚਾ ਸੀ ਤਾਂ ਮੁੰਡਿਆਂ ਦਾ। ਉਹਨਾਂ ਦੇ ਵਿਛੋੜੇ ਨਾਲ ਉਹਦੇ ਜੀਵਨ ਵਿਚ ਬੜਾ ਵੱਡਾ ਖੱਪਾ ਪੈ ਗਿਆ ਸੀ। ਉਹਨਾਂ ਦੇ ਵਤੀਰੇ ਨਾਲ ਉਹਨੂੰ ਧੱਕਾ ਵੀ ਬਹੁਤ ਲੱਗਿਆ। ਲੈ ਦੇ ਕੇ ਦੋ ਤਾਂ ਮੁੰਡੇ ਸਨ। ਦੋਵੇਂ ਡਾਕਟਰ। ਦੋਵੇਂ ਹੀ ਬਾਹਰ। ਵਲਾਇਤ ਵਿਚ ਨੌਕਰੀ ਕਰਦੇ ਸਨ ਉਹ। ਦੋਵਾਂ ਵਿਚੋਂ ਇਕ ਨੇ ਮੇਮ ਨਾਲ ਵਿਆਹ ਕਰਾ ਲਿਆ ਸੀ। ਉਹਨੂੰ ਤਾਂ ਵਿਆਹ ਤੋਂ ਕਈ ਮਹੀਨੇ ਪਿਛੋਂ ਚਿੱਠੀ ਰਾਹੀਂ ਸੂਚਨਾ ਦਿਤੀ ਸੀ ਉਹਨੇ। ਆਪਣੇ ਤਾਏ ਵਾਂਗ ਚਾਰ ਕੁ ਸਤਰਾਂ ਲਿਖ ਦਿਤੀਆਂ, ਡੈਡ, ਆਈ ਹੈਵ ਮੈਰੀਡ ਏ ਗਰਲ ਆਫ਼ ਮਾਈ ਚਾਇਸ ਐਂਡ ਬਾਈ ਗਾਡਜ਼ ਗਰੇਸ ਵੀ ਆਰ ਹੈਪੀ। ਲਾਈਫ਼ ਇਜ਼ ਸੱਚ ਹੋਮਰ....।" ਦੂਜਾ ਕੁਆਰਾ ਆਪਣੇ ਜੀਵਨ ਬਾਰੇ ਕਿਸੇ ਨਾਲ ਸਲਾਹ ਮਸ਼ਵਰਾ ਤਕ ਨਹੀਂ ਸੀ ਕਰਦਾ।

ਨਵਾਂ ਨਵਾਂ ਡਾਕਟਰ ਬਣਿਆ ਸੀ ਤੇ ਵਲਾਇਤ ਦਾ ਰੰਗ ਉਹਦੇ ਉਤੇ ਅਜੇ ਪੂਰਾ ਨਹੀਂ ਸੀ ਚੜ੍ਹਿਆ। ਪਤਾ ਨਹੀਂ ਕੀ ਕਰੇ ? ਉਹਨੇ ਕਿਸੇ ਤੋਂ ਸਲਾਹ ਥੋੜ੍ਹੀ ਲੈਣੀ ਸੀ। ਆਪਣੀ ਮਰਜ਼ੀ ਦਾ ਮਾਲਕ। ਚਲੋ, ਮੌਜਾਂ ਕਰਨ। ਉਹਨੇ ਹਉਕਾ ਲਿਆ।

ਇਸ ਦੌਰਾਨ ਉਹਨੂੰ ਕਈ ਬੀਮਾਰੀਆਂ ਲੱਗੀਆਂ। ਉਹਦਾ ਜਿਗਰ ਵਧਿਆ। ਇਕ ਗੁਰਦਾ ਖਰਾਬ ਹੋਇਆ। ਸਾਹ ਦੀ ਬੀਮਾਰੀ ਲੱਗੀ। ਉਪਰੋਂ ਸਾਲੀ, ਇਹ 'ਹਾਈਪਰ ਟੈਂਸ਼ਨ'! ਉਹਨੂੰ ਤਣਾਓ ਨੇ ਆ ਦਬੋਚਿਆ। ਦੌਰੇ ਤੋਂ ਪਹਿਲਾਂ ਦੌਰ ਸ਼ੁਰੂ ਹੋ ਜਾਂਦਾ ਤਾਂ ਚੰਗਾ ਸੀ। ਕੁਝ ਤਾਂ ਬੇਚੈਨੀ ਨੂੰ ਠੱਲ੍ਹ ਪੈਂਦੀ। ਉਹ ਕੁਝ ਜਿਆਦਾ ਹੀ ਚਿੜਚਿੜਾ ਹੁੰਦਾ ਜਾ ਰਿਹੈ। ਵਹਿਮੀ ਤੇ ਕਰੋਧੀ। ਹਰ ਗੱਲ 'ਚ ਸ਼ੱਕ ਤੇ ਦਿਲ ਦੀ ਧੱਕ ਧੱਕ। ਉਤੋਂ ਮਿੱਤਲ ਦੀ ਬੱਕ ਬੱਕ!

"ਕੰਜਰ ਨਾ ਹੋਵੇ ਕਿਸੇ ਥਾਉਂ ਦਾ!" ਉਹ ਖਿਝਿਆ।

ਮਿੱਤਲ ਅਜੇ ਤੱਕ ਨਹੀਂ ਸੀ ਆਇਆ।

ਉਡੀਕ! ਉਡੀਕ!! ਹੋਰ....? ਬੱਸ ਹੋਰ ਨਹੀਂ ਉਡੀਕਿਆ ਜਾਂਦਾ। ਉਹ ਕਾਹਲਾ ਪੈ ਗਿਆ। ਦਿਨ ਆਖ਼ਰੀ ਸਾਹਾਂ ਉਤੇ ਸੀ। ਘੁਸਮੁਸਾ ਹਨੇਰੇ ਦੀ ਬੁੱਕਲ ਵਿਚ ਆਪਣੇ ਫੰਗ ਸਮੇਟ ਰਿਹਾ ਸੀ। ਉਹਨੇ ਥਕੇਵੇਂ ਭਰੀ ਉਬਾਸੀ ਲਈ। ਫੇਰ ਇਕ ਹੋਰ। ਇਸ ਗੱਲ ਦਾ ਸੰਕੇਤ: "ਹੇ ਥੱਕੇ-ਟੁੱਟੇ, ਤਲਖ਼ੀਆਂ ਤੇ ਵਿਗੋਚਿਆਂ ਦੇ ਮਾਰੇ ਇਨਸਾਨ! ਆਪਣਾ ਅਸਲੀ ਸਾਥੀ ਲੱਭ। ਰਲ ਬੈਠ। ਜਾਮ ਟਕਰਾਅ। ਤੇ ਦੋ ਘੜੀਆਂ ਆਪਣੀਆਂ ਜੀਅ। ਤੇਰੇ ਅੰਦਰਲਾ ਜ਼ਹਿਰ ਕੁਝ ਦੱਬੇ, ਮੱਠਾ ਪਵੇ। ਇਸ ਨਾਸ਼ਮਾਨ ਸੰਸਾਰ ਦੇ ਝਮੇਲੇ ਤਾਂ ਇਝ ਹੀ ਰਹਿਣਗੇ।"

ਜੇ ਕੋਈ ਇਸ ਵੇਲੇ ਉਹਦੇ ਚਿਹਰੇ ਵੱਲ ਗੌਰ ਨਾਲ ਦੇਖਦਾ ਤਾਂ ਉਹਨੂੰ ਇਹ ਦੁਨੀਆਂ ਸਚਮੁੱਚ ਸਮਸ਼ਾਨ ਜਾਪਦੀ।

ਉਹ ਰੀਟਾਇਰਿੰਗ ਰੂਮ 'ਚ ਆ ਗਿਆ। ਪਾਣੀ ਦਾ ਜੱਗ ਤੇ ਦੋ ਗਲਾਸ ਉਥੇ ਪਏ ਸਨ। ਉਹਨੇ ਵਿਸਕੀ ਦੇ ਦੋ ਪੈੱਗ ਬਣਾਏ। ਇਕ ਆਪਣੇ ਲਈ ਤੇ ਦੂਜਾ ਮਿੱਤਲ ਵਾਸਤੇ।

ਉਹ ਸਾਹ ਲੈਣ ਜਿੰਨਾਂ ਸਮਾਂ ਮਸਾਂ ਰੁਕਿਆ। ਫੇਰ ਪੈੱਗ ਵੱਲ ਝਾਕਿਆ। ਇਕ ਅਜੀਬ ਦਹਿਸ਼ਤ ਉਹਦੀਆਂ ਅੱਖਾਂ 'ਚ ਤਾਰੀ ਹੋਈ। ਇਕੋ ਝਟਕੇ ਨਾਲ ਉਹਨੇ ਪੈੱਗ ਚੁਕਿਆ......ਸਿਰ ਤੋਂ ਉੱਪਰ ਕਰਕੇ ਨਾਹਰਾ ਬੁਲੰਦ ਕੀਤਾ, "ਸਿਆਸਤਦਾਨਾਂ ਦੇ ਨਾਂ!" ਤੇ ਗਟ ਗਟ ਕਰਕੇ ਅੰਦਰ ਸੁੱਟ ਲਿਆ। ਪਹਿਲਾਂ ਵਾਂਗ ਚੁਸਕੀਆਂ ਲੈ ਕੇ ਪੀਣ ਦੀ ਵਿਹਲ ਹੁਣ ਕਿਥੇ ਰਹਿ ਗਈ ਸੀ। ਇਹ ਵਿਹਲੇ ਵੇਲੇ ਦੀਆਂ ਗੱਲਾਂ ਸਨ। ਜੋ ਸ਼ਾਇਰਾਂ ਕੋਲ ਰਹਿ ਗਈਆਂ ਜਾਂ ਫੇਰ ਮਾਨਸਿਕ ਰੋਗੀਆਂ ਕੋਲ।

"ਸਾਈਕਿਕ ਕੇਸਜ਼!" ਉਹ ਬੁੜਬੁੜਾਇਆ।

ਮਿੱਤਲ ਅਜੇ ਤੱਕ ਨਹੀਂ ਸੀ ਆਇਆ।

ਉਹ ਬਾਹਰ ਵੱਲ ਝਾਕਿਆ। ਸਹਾਇਕ ਵਕੀਲ ਕੇਸ ਤਿਆਰ ਕਰਨ 'ਚ ਰੁਝੇ ਹੋਏ ਸਨ। ਸਾਇਲ ਜਾ ਚੁੱਕੇ ਸਨ। ਘਰ 'ਚ ਨੌਕਰ ਚੀਜ਼ਾਂ ਸੰਭਾਲਦੇ ਫਿਰ ਰਹੇ ਸਨ। ਰਸੋਈ 'ਚ ਸਬਜ਼ੀਆਂ ਤੜਕਣ ਅਤੇ ਮਸਾਲਿਆਂ ਦੇ ਰਿੱਝਣ ਦੀ ਬੋ ਆ ਰਹੀ ਸੀ। ਉਝ



ਉਹਨੇ ਸੂਪ ਪੀਣਾ ਸੀ। ਉਬਲਦੀ ਹੋਈ ਸਬਜ਼ੀ ਦੇ ਦੋ ਚਾਰ ਚਿਮਚੇ ਖਾਣੇ ਸਨ। ਉਹਦੇ ਨਿੱਜੀ ਡਾਕਟਰ ਨੇ ਇਹੋ ਰਾਇ ਦਿਤੀ ਸੀ।

ਉਹਨੂੰ ਆਪਣੇ ਆਪ ਤੇ ਘ੍ਰਿਣਾ ਜਿਹੀ ਆਈ।

ਬਾਹਰੋਂ, ਬੈਠਕ ਵਿਚੋਂ ਕਿਸੇ ਦੇ ਉੱਚੀ ਉੱਚੀ ਬੋਲਣ ਦੀਆਂ ਆਵਾਜ਼ਾਂ ਆ ਰਹੀਆਂ ਸਨ ਮਿਸਿਜ਼ ਤੌਲਾ ਸੀ। ਉਹਨਾਂ ਦੀ ਗੁਆਂਢਣ। ਅਜੀਬ ਔਰਤ ਸੀ। ਇਉਂ ਬੋਲ ਰਹੀ ਸੀ ਜਿਵੇਂ ਕੁਸ਼ਤੀ ਲੜ ਰਹੀ ਹੋਵੇ। ਉਹਨੇ ਕੰਨ ਲਾ ਕੇ ਸੁਣਿਆ। ਉਹ ਲਾਜਵੰਤੀ ਨੂੰ ਕਹਿ ਰਹੀ ਸੀ, "ਭੈਣ੍ਹਾਂ, ਪੁੰਨ-ਪਾਪ ਦਾ ਫਲ ਇਥੇ ਹੀ ਮਿਲਦਾ ਏ। ਤੁਸਾਂ ਦੇ ਦੋ ਛੋਹਰ....ਦੋਵੇਂ ਵਲੈਤ। ਵਲੈਤ ਤੇ ਸਵਰਗ ਏ ਸਵਰਗ! ਤੁਸੀਂ ਵੀ ਚੱਕਰ ਲਗਾ ਆਵੋ। ਲਿਖਿਆ ਤੇ ਹੋਸੀ ਉਹਨਾਂ ਕੀ ਆਵਣ ਲਈ । ਤੇ ਮੈਨੂੰ ਜਹਾਜ਼ ਦੀ ਆਵਾਜ਼ ਤੋਂ ਡਾਢਾ ਡਰ ਆਉਂਦਾ ਏ। ਸੱਖਾਂ ਲੱਧੀ ਏਂ....ਵੱਸ ਗਏ ਜਿਸਦੇ ਛੋਹਰ....ਵਲੈਤ ਵਿਚ!"

ਅੱਗੋਂ ਲਾਜਵੰਤੀ ਖੀ ਖੀ ਕਰਕੇ ਹੱਸ ਪਈ।

ਵੱਸ ਕਾਹਦੇ ਗਏ। ਗੋਰੀਆਂ ਰੰਨਾਂ ਦੇ ਵੱਸ ਪੈ ਗੇ। ਹੁਣ ਕਾਹਦੇ ਲਈ ਵਾਪਸ ਆਉਣਗੇ ? ਵਾਪਸ ਆਉਣ ਨੂੰ ਹੈ ਵੀ ਕੀ ਏਥੇ। ਉਤੋਂ ਹਾਲਤ ਤਾਂ ਦੇਖੋ ਕੀ ਨੇ। ਪਿਛਲੇ ਸਾਲਾਂ ਵਿਚ ਕਿੰਨਾ ਕੁਝ ਵਾਪਰ ਗਿਆ। ਇਹ ਜਹਾਜ਼ ਵਰਗੀ ਕੋਠੀ....ਅਸੀਂ ਮੀਆਂ ਬੀਵੀ.....ਰੌਣਕਾਂ ਵਿਚ ਰਹਿੰਦੇ ਹੋਏ ਵੀ ਇਕੱਲੇ ਇਕੱਲੇ! ਇਹ ਸਾਰਾ ਅਡੰਬਰ ਕਿਸ ਕੰਮ...ਕਿਸ ਅਰਥ?" ਸੋਚਦਾ ਸੋਚਦਾ ਉਹ ਉਦਾਸ ਹੋ ਗਿਆ।

ਮਿੱਤਲ ਅਜੇ ਤੱਕ ਨਹੀਂ ਸੀ ਆਇਆ।

ਉਹ ਭੁੱਖੇ ਬਘਿਆੜ ਵਾਂਗ ਪੈੱਗ ਵੱਲ ਝਾਕਿਆ, "ਅਤਿਵਾਦੀਆਂ ਦੇ ਨਾਂ!" ਕਹਿਕੇ ਉਹਨੇ ਦੂਜਾ ਪੈੱਗ ਵੀ ਅੰਦਰ ਸੁੱਟ ਲਿਆ। "ਪੰਜਾਬ ਦੇ ਹਾਲਾਤ!" ਉਹਨੂੰ ਅਚਾਨਕ ਖ਼ਿਆਲ ਆਇਆ। ਸਤ ਪ੍ਰਕਾਸ਼ ਦੀ ਚਿੱਠੀ! ਗਲ ਪਾਏ ਰਾਅ ਸਿਲਕ ਦੇ ਕੁੜਤੇ ਦੀ ਵੱਖੀ ਵਾਲੀ ਜੇਬ ਵਿਚ ਉਹਨੇ ਹੱਥ ਮਾਰਿਆ। ਹੈ ਨਹੀਂ ਸੀ। ਉਹ ਅੰਗੜਾਈ ਲੈ ਕੇ ਹਿੰਮਤ ਨਾਲ ਉਠਿਆ। ਵਾਰਡਰੋਬ ਖੋਲ੍ਹਿਆ। ਅੰਦਰ ਪਏ ਕੋਟ ਅਤੇ ਪੈਂਟ ਦੀਆਂ ਜੇਬਾਂ ਫਰੋਲੀਆਂ ਉਥੇ ਵੀ ਨਹੀਂ ਸੀ। ਕਿਧਰ ਗਈ ਚਿੱਠੀ। ਉਹਨੇ ਤਣਾਓ ਵਿਚ ਆਏ ਨੇ ਆਪਣੀ ਸੋਚ ਉਤੇ ਜ਼ੋਰ ਪਾਇਆ। ਮੁੜ ਕੁਰਸੀ ਤੇ ਆ ਬੈਠਾ। ਸੋਚਦਾ ਰਿਹਾ...ਸੋਚਦਾ ਰਿਹਾ। ਉਹਦੇ ਹੱਥ ਥੋੜ੍ਹੇ ਜਿਹੇ ਕੰਬੇ। ਉਹ ਬੋਤਲ ਵਲ ਅਹੁਲਿਆ। ਹੁਣ ਤੀਜਾ ਪੈੱਗ ਉਹਦੇ ਹੱਥ ਦੀ ਇਕੋ ਜੁੰਬਸ਼ ਦੀ ਇੰਤਜ਼ਾਰ ਵਿਚ ਸੀ।

ਮਿੱਤਲ ਅਜੇ ਤਕ ਨਹੀਂ ਸੀ ਆਇਆ।

ਹੁਣ ਉਹਦੇ ਆਉਣ ਦੀ ਆਸ ਦਮ ਤੋੜ ਰਹੀ ਸੀ।

"ਬਾਸਟਰਡ...ਮਿੱਤਲ ਦੇ ਨਾਂ!" ਕਹਿੰਦਿਆਂ ਉਹਨੇ ਤੀਜਾ ਪੈੱਗ ਵੀ ਪੀ ਲਿਆ। ਪੀਣ ਦੇ ਕੁਝ ਪਲਾਂ ਪਿੱਛੋਂ ਹੀ ਉਹ ਨੂੰ ਅਹਿਸਾਸ ਹੋਇਆ ਜਿਵੇਂ ਉਹ ਇਕਦਮ ਤਰੋ-ਤਾਜ਼ਾ ਹੋ ਗਿਆ ਹੋਵੇ। ਔਨ ਘੋੜੇ ਵਰਗਾ। ਹੁਣ ਤਣਾਓ ਵੀ ਨਹੀਂ ਸੀ ਰਿਹਾ। ਉਹਦੀ ਯਾਦ ਸ਼ਕਤੀ ਪਰਤ ਆਈ। ਸਾਈਡ ਦਾ ਦਰਾਜ਼ ਖੋਲ੍ਹਿਆ ਤਾਂ ਸਾਹਮਣੇ ਸਤ ਪ੍ਰਕਾਸ਼ ਦੀ ਚਿੱਠੀ ਪਈ ਸੀ। ਉਹਨੇ ਚੁੱਕ ਕੇ ਪੜ੍ਹਨੀ ਸ਼ੁਰੂ ਕੀਤੀ। ਸਭ ਤੋਂ

ਪਹਿਲਾਂ ਉਹਨੂੰ ਸੰਬੋਧਨ ਪੜ੍ਹ ਕੇ ਹੀ ਧੱਕਾ ਜਿਹਾ ਲੱਗਿਆ। ਪਹਿਲੀ ਵਾਰ ਪੜ੍ਹਨ ਉਤੇ ਉਹਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਹੋਇਆ। ਪੰਜਾਬੀ ਵਿਚ ਲਿਖੀ ਇਸ ਚਿੱਠੀ ਵਿਚ ਸਤ ਪ੍ਰਕਾਸ਼ ਨੇ ਨਾ 'ਅਜ਼ੀਜ਼' ਸ਼ਬਦ ਵਰਤਿਆ ਅਤੇ ਨਾ ਹੀ 'ਜੈ ਸੋ ਸੀਆ ਰਾਮ।' ਸਿੱਧਾ ਹੀ ਲਿਖ ਦਿੱਤਾ: ਪਿਆਰੇ ਬ੍ਰਹਮ ਪ੍ਰਕਾਸ਼। ਅਗਲੀਆਂ ਚਾਰ ਪੰਜ ਸਤਰਾਂ ਇਉਂ ਉੱਘੜੀਆਂ:

"ਤੈਨੂੰ ਤਾਂ ਮਲੂਮ ਈ ਐ। ਚੰਡੀਗੜ੍ਹ ਰਹਿਨੈਂ। ਬਈ, ਪੰਜਾਬ ਦੇ ਹਾਲਾਤ ਠੀਕ ਨ੍ਹੀਂ। ਪਰ ਕੀ ਭਰੋਸਾ? ਨਾ ਜਾਣੀਏਂ ਕਦੋਂ ਕੁਸ਼ ਹੋ ਜੇ। ਮੇਰਾ ਚਿੱਤ ਬੁਝਿਆ ਬੁਝਿਆ ਜਿਹਾ ਰਹਿੰਦੈ। ਤੂੰ ਖ਼ਤ ਮਿਲਦੇ ਸਾਰ ਆ ਜਾ। ਨਾਲੇ ਤਾਰੇ ਲਫ਼ੰਡ ਨੂੰ ਵੀ ਚੁਕੰਨਾ ਕਰ ਜਾ। ਅੱਗੇ ਤੂੰ ਖ਼ੁਦ ਸਮਝਦਾਰ ਐਂ।"

ਤੇਰ ਅੰਦੇਸ਼,

ਸਤ ਪ੍ਰਕਾਸ਼।

ਚਿੱਠੀ ਪੜ੍ਹ ਕੇ ਉਹ ਕੁਝ ਪ੍ਰੇਸ਼ਾਨ ਹੋਇਆ। ਫੇਰ ਠਠੰਬਰਿਆ। ਹੁਣ ਉਹਨੇ ਸਤ ਪ੍ਰਕਾਸ਼ ਦੀ ਚਿੱਠੀ ਤੋਂ ਉਹਦਾ ਅੰਦਰਲਾ ਪੜ੍ਹ ਲਿਆ ਸੀ। ਉਹਦਾ ਆਪਣਾ ਅੰਦਰਲਾ ਪਿਘਲਣ ਲੱਗਾ। ਉਹਨੂੰ ਖ਼ਤ ਵਿਚੋਂ ਨਿਰਾਸਤਾ ਅਤੇ ਉਦਾਸੀ ਸਪਸ਼ਟ ਦਿਖਾਈ ਦੇ ਰਹੀ ਸੀ। ਪਹਿਲਾਂ ਤਾਂ ਉਹਦਾ ਚਿਤ ਇਉਂ ਕਦੇ ਡੋਲਿਆ ਨਹੀਂ ਸੀ। ਹੁਣ ਕਿਉਂ ਬੁਝਿਆ ਬੁਝਿਆ ਰਹਿਣ ਲੱਗ ਪਿਆ? ਉੱਤੋਂ ਤਾਰੇ ਲਫ਼ੰਡ ਦੀ ਗੱਲ। ਕਿਸ ਗੱਲ ਲਈ ਉਹਨੂੰ ਚੁਕੰਨਾ ਕਰਨ ਦੀ ਲੋੜ ਪੈ ਗਈ ਸੀ। ਕਿਤੇ ਉਹਦੇ ਭਤੀਜੇ ਅਸ਼ੋਕ ਕਰਕੇ ਕੋਈ ਟੰਟਾ ਨਾ ਪੈ ਗਿਆ ਹੋਵੇ। ਇਹ ਮੁੰਡਾ ਪੜ੍ਹਨ ਨੂੰ ਸਭ ਤੋਂ ਪਿੱਛੇ ਤੇ ਲੜਨ ਨੂੰ ਮੂਹਰੇ ਰਹਿੰਦਾ ਸੀ। ਐਨ ਸਤ ਪ੍ਰਕਾਸ਼ ਦੇ ਉਲਟ ਗਿਆ ਸੀ। ਦਸਵੀਂ 'ਚੋਂ ਦੋ ਵੇਰਾਂ ਫੇਲ੍ਹ ਹੋ ਕੇ, ਪਿੰਡ 'ਚ ਸਾਈਕਲਾਂ ਦੀ ਮੁਰੰਮਤ ਤੇ ਪੰਚਰ ਆਦਿ ਲਾਉਣ ਲੱਗ ਪਿਆ ਸੀ। ਪੰਜਾਬ ਦੇ ਰੌਲੇ ਰੱਪੇ ਦੇ ਗੇੜ 'ਚ ਉਹਨੇ ਮਲੇਰਕੋਟਲੇ ਸਾਈਕਲਾਂ ਦੀ ਦੁਕਾਨ ਜਾ ਖੋਲ੍ਹੀ ਸੀ। ਹੁਣ ਉਹਦਾ ਕੰਮ ਸੁਹਣਾ ਰਿੜ੍ਹ ਪਿਆ ਸੀ। ਤੇ ਦੂਰ ਦੀ ਸੋਚ ਕੇ ਸਤ ਪ੍ਰਕਾਸ਼ ਨੇ ਉਹਨੂੰ ਉਥੇ ਇਕ ਘਰ ਲੈ ਦਿੱਤਾ ਸੀ। ਹੁਣ ਉਹਦਾ ਟੱਬਰ ਵੀ ਉਥੇ ਹੀ ਰਹਿਣ ਲੱਗ ਪਿਆ। ਸਤ ਪ੍ਰਕਾਸ਼ ਪਿੰਡ ਹੀ ਰਿਹਾ। ਬਿਰਧ ਪਿਓ ਨੂੰ ਥਾਂ ਥਾਂ ਘਸੀਟਦੇ ਫਿਰਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਫੇਰ ਬੁੜ੍ਹਾ ਕਿਹੜਾ ਅੱਗੋਂ ਘੱਟ ਸੀ। ਉਹਦੀਆਂ ਲੱਤਾਂ ਜੁੜ ਗਈਆਂ। ਅੱਖਾਂ ਤੋਂ ਘੱਟ ਦਿਖਣ ਲੱਗ ਪਿਆ। ਦੰਦ ਨਿਕਲ ਕੇ ਨਵੇਂ ਸਿਰਿਉਂ ਆ ਗਏ। ਪਰ ਪਿੰਡ ਛੱਡਣ ਦਾ ਨਾਂ ਨਹੀਂ ਸੀ ਲੈਂਦਾ। ਅਖੇ: "ਕਿਉਂ ਜਾਈਏ ਜੱਦੀ ਪੁਸ਼ਤੀ ਘਰ ਛੱਡ ਕੇ। ਪਿੰਡ ਦਾਦੇ-ਪੜਦਾਦੇ ਦੇ ਵੇਲੇ ਤੋਂ ਰਹਿੰਦੇ ਆ ਰਹੇ ਆਂ। ਫੇਰ ਕਿਸੇ ਨਾਲ ਬੋਲ ਬਰਾਲਾ ਨ੍ਹੀਂ ਹੋਇਆ, ਘਟ ਵਧ ਨੀ ਹੋਈ। ਸਾਰੇ ਅੱਧ ਕੁ ਦੇ ਹੋ ਕੇ ਮਿਲਦੇ ਨੇ। ਧੀ ਭੈਣ ਦੀ ਸਾਂਝ ਇਕ। ਡਿਗੇ ਪੋਖੜੇ ਦੀ ਸੌ ਖ਼ਬਰ ਲੈਣ ਆਲੇ। ਮਜਾਲ ਐ ਕੋਈ ਅੱਖ 'ਚ ਰੜਕ ਜੇ। ਆਹ! ਨਵਾਂ ਜੰਮ ਪਿਆ ਛੋਕਰ-ਵਾਧਾ। ਮੈਂ ਇਹਨਾਂ ਨੂੰ ਕੀ ਸਮਝਦਾਂ! ਇਹਨਾਂ 'ਚੋਂ ਕਈਆਂ ਦੇ ਪਿਓ-ਬਾਬੇ ਅਜੇ ਜਿਉਂਦੇ ਨੇ। ਉਹ ਤਾਂ ਜਾਣਦੇ ਨੇ ਸਾਡੀ ਪੜਤ ਨੂੰ। ਲੈ ਬਈ, ਮੈਨੂੰ ਨੀ ਯਾਦ ਕਦੇ ਕਿਸੇ ਨੇ ਮੇਰੇ ਮੂਹਰੇ ਅੱਖ ਉਚੀ ਕੀਤੀ ਹੋਵੇ। ਨੀਵੀਂ ਪਾ ਕੇ ਆਪਣੀਆਂ ਆਪਣੀਆਂ ਮੁੱਛਾਂ ਨੂੰ ਵੱਟ



ਦਿੰਦੇ ਕੋਲ ਦੀ ਲੰਘ ਜਾਣ ਤਾਂ ਕਿਹੜਾ ਸਾਡਾ ਨੂਣ ਟਿਰਕਦੈ। ਆਪਣੀ ਮੌਜ 'ਚ ਰਹਿਣ। ਆਪਾਂ ਨੂੰ ਕੀ। ਜਦੋਂ ਕੋਈ ਗੱਲ ਹੋਊ, ਦੇਖੀ ਜਾਊ। ਆਹ! ਮੈਂ ਤੁਰਨੋਂ ਫਿਰਨੋਂ ਆਹਰਾ ਹੋ ਗਿਆਂ। ਨਹੀਂ ਮੈਂ ਖੰਘਣ ਦਿੰਦਾ ਸੀ ਕਿਸੇ ਨੂੰ।" ਪਿਛਲੀ ਵੇਰਾਂ ਉਹ ਪਿੰਡ ਗਿਆ ਤਾਂ ਬੁੜ੍ਹਾ ਦਾਰੂ ਦੀ ਘੁੱਟ ਪੀ ਕੇ, ਤਰਾਰੇ 'ਚ ਆਇਆ ਗੱਲਾਂ ਕਰੀ ਗਿਆ। ਬ੍ਰਹਮ ਪ੍ਰਕਾਸ਼ ਨੂੰ ਜਿਹੜੇ ਬੁੜ੍ਹਿਆਂ ਦੇ ਨਾਂ ਵੀ ਨਹੀਂ ਸਨ ਯਾਦ, ਉਹਨਾਂ ਦੀਆਂ ਗੱਲਾਂ ਸੁਣਾਉਂਦਾ ਰਿਹਾ। ਹਰ ਗੱਲ 'ਚ ਇਕੋ ਤਕੀਆ ਕਲਾਮ, 'ਸਾਡੇ ਵੇਲੇ' ਆਹ ਹੁੰਦਾ ਸੀ, "ਸਾਡੇ ਵੇਲੇ ਇਉਂ ਨੀਂ ਸੀ ਹੁੰਦ। ਉਹ ਦੱਸਦਾ ਹੁੰਦਾ ਸੀ ਕਿ ਉਹਦੇ ਦਾਦੇ ਹੁਰਾਂ ਨੂੰ ਪਿੰਡ ਆਲੇ ਇਕ ਪੱਗ ਤੇ ਉਪਰ ਪੰਜ ਰੁਪਈਏ ਚਾਂਦੀ ਦੇ ਰੱਖ ਕੇ ਲੈ ਕੇ ਆਏ ਸਨ। ਓਥੋਂ ਤੁਰ ਜਾਣਾ ਉਹਦੇ ਲਈ ਪਿੰਡ ਦਾ ਮਾਣ ਤੋੜਨ ਬਰਾਬਰ ਸੀ। ਬੋਲਾਂ ਉਹਦਿਆਂ 'ਚ ਭਾਵੇਂ ਗੜ੍ਹਕਾ ਕਾਇਮ ਸੀ ਪਰ ਸਰੀਰ ਹੱਡੀਆਂ ਦਾ ਪਿੰਜਰ ਹੋ ਕੇ ਰਹਿ ਗਿਆ ਸੀ। ਉਹ ਆਪਣੇ ਕਮਰੇ 'ਚ ਮੰਜੇ ਨਾਲ ਮੰਜਾ ਹੋਇਆ ਪਿਆ ਰਹਿੰਦਾ। ਦੌਣ ਢਿੱਲੀ ਕਰਕੇ ਉਸ ਵਿਚ ਗਠੜੀ ਵਾਂਗ ਇਕੱਠਾ ਹੋਇਆ ਹੋਇਆ ਥੈਗੀ ਦੀ ਗੱਦੀ ਬਣਵਾ ਕੇ ਉਹ ਆਪਣੇ ਹੇਠਾਂ ਥੈਨ੍ਹੀਂ ਰੱਖਦਾ। ਹਾਜਤ ਹੋਣ ਤੇ ਬਾਹਾਂ ਦੇ ਸਹਾਰਾ ਘਿਸਰਦਾ ਕਮਰੇ ਅੰਦਰ ਬਣੀ ਟਾਇਲਟ 'ਚ ਜਾ ਟੱਟੀ-ਪਿਸ਼ਾਬ ਕਰਦਾ ਤੇ ਕਰਿਗੜੀ ਬਣਾ ਕੇ ਮੁੜ ਮੰਜੇ ਉੱਤੇ ਆ ਚੜ੍ਹਦਾ। ਪਤਾ ਨਹੀਂ ਬੁੜ੍ਹੇ ਦੇ ਪ੍ਰਾਣ ਕਿਸ ਚੀਜ਼ 'ਚ ਅੜੇ ਪਏ ਨੇ। ਪੋਤੇ ਦੇ ਵਿਆਹ ਅੜ ਕੇ ਗਿਆ। ਕਾਰ 'ਚ ਢਾਸਣੇ ਆਲੀ ਗੱਦੀ ਲਗਵਾ ਕੇ। ਪੜਪੋਤਾ ਵੀ ਜੰਮ ਪਿਆ। ਅਜੇ ਵੀ ਕਹਿੰਦੇ "ਇਹਦਾ ਵਿਆਹ ਦੇਖ ਕੇ ਮਰੂ। ਦੇਖ ਲਿਓ ਭਮੇਂ। ਮੈਂ ਆਪਣੀ ਕਿਰਿਆ ਸੋਧਣ ਜੋਗਾ ਹੈਗਾਂ ਅਜੇ। ਥੋਡੇ ਸਹਾਰੇ ਨੀਂ।" ਏਹੋ ਜਿਹੀਆਂ ਗੱਲਾਂ ਉਹ ਦਾਰੂ ਦੀ ਘੁੱਟ ਪੀ ਕੇ ਹੀ ਕਰਦਾ ਸੀ। ਨਹੀਂ ਤਾਂ ਗੁੰਮ ਸੁੰਮ ਹੋਇਆ ਪਿਆ ਰਹਿੰਦਾ।

..... ..... ..... .....

ਉਹਨੂੰ ਨਹੀਂ ਯਾਦ ਕਿ ਚੌਥਾ ਪੈੱਗ ਪੀਤਾ ਵੀ ਸੀ ਜਾਂ ਨਹੀਂ। ਹਾਂ, ਇਕ ਤਿਆਰ-ਬਰ-ਤਿਆਰ ਉਹਦੇ ਸਾਹਮਣੇ ਪਿਆ ਸੀ।

"ਚੰਗਾ ਹੋਇਆ ਮਿੱਤਲ ਨਹੀਂ ਆਇਆ। ਨਹੀਂ ਤਾਂ ਉਹਨੇ ਮਗਜ਼ੌਲੀ ਮਾਰੀ ਜਾਣੀ ਸੀ। ਨਾ ਕਿਸੇ ਗੱਲ ਦਾ ਸਿਰਾ, ਨਾ ਅੰਤ। ਜਦੋਂ ਵੀ ਆਉਂਦਾ ਭਾਂਡੇ ਖਿੰਡਾ ਕੇ ਜਾਂਦਾ। "ਇਹ ਲਾਓ, ਉਹ ਲਾਓ। ਮੇਰੀ ਸਿਗਰਟ ਲਗਵਾਓ। ਕਹਾਂ ਹੈ ਮੋਤੀ ਰਾਮ, ਮੋਤੀ ਰਾਮ। ਕੈਸੇ ਹੋ? ਖ਼ੁਸ਼ ਤੋ ਹੋ?"...ਬੱਸ ਘਰ 'ਚ ਗਾਹ ਪੈ ਜਾਂਦਾ। ਇਕ ਗੱਲੋਂ ਚੰਗਾ ਈ ਹੋਇਆ, ਉਹ ਨਹੀਂ ਆਇਆ।

ਉਹ ਸੋਚਦਾ ਰਿਹਾ।

ਉਹਨੇ ਚਿੱਠੀ ਫੇਰ ਪੜ੍ਹੀ। ਤੇ ਹੋਰ ਵੀ ਜਜ਼ਬਾਤੀ ਹੋ ਗਿਆ। ਉਹਨੂੰ ਸਤ ਪ੍ਰਕਾਸ਼ ਦੀ ਯਾਦ ਰਹਿ ਰਹਿ ਕੇ ਆ ਰਹੀ ਸੀ। ਉਹਦੀ ਸੋਚ ਵਿਚ ਸਤ ਪ੍ਰਕਾਸ਼ ਦਾ ਮੁਹਾਂਦਰਾ ਉਭਰਿਆ।

ਪਿਛਲੀ ਵਾਰ ਜਦ ਉਹ ਪਿੰਡ ਗਿਆ ਸੀ ਤਾਂ ਸਤ ਪ੍ਰਕਾਸ਼ ਹੱਟੀ ਦੀ ਗੱਦੀ ਉਤੇ ਬੈਠਾ ਸੀ : ਝੁਰੜੀਦਾਰ ਗੋਲ ਚਿਹਰਾ, ਅੱਖਾਂ 'ਚ ਠਹਿਰਾਓ, ਦਾੜ੍ਹੀ ਦੇ ਕਰੜ

ਬਰੜੇ। ਵਧੇ ਹੋਏ ਵਾਲ, ਤੇੜ ਉਚੀ ਚੌਕਵੀਂ ਧੋਤੀ। ਗਲ ਚਿੱਟੇ ਗਦਾਮਾਂ ਵਾਲੀ ਦੋ ਜੇਬੀ, ਮੋਟੇ ਲੱਠੇ ਦੀ ਜਾਕਟ। ਹੇਠਾਂ ਜਨੇਊ। ਕੰਨਾਂ ਵਿਚ ਨੱਤੀਆਂ।

ਹੱਟੀ ਦੇ ਮੱਥੇ ਉਤੇ, ਉਹਦੇ ਸਿਰ ਦੇ ਐਨ ਉਤਾਂਹ ਕਰਕੇ, ਲਟਕ ਰਿਹਾ ਟੀਨ ਦਾ ਪੁਰਾਣਾ ਫੱਟਾ। ਜਿਸ ਉਤੇ ਘਸਮੈਲੇ ਅੱਖਰਾਂ 'ਚ ਲਿਖਿਆ ਹੋਇਆ: "ਪਿੰਡ ਦੌਲਮਾਂ ਵਾਲੇ, ਸਤ ਪ੍ਰਕਾਸ਼ ਬੈਕਟਰ ਦੀ ਪ੍ਰਚੂਨ ਦੀ ਮਸ਼ਹੂਰ ਹੱਟੀ।"

ਹੱਟੀ ਅੰਦਰ ਕਪਾਹ, ਦਾਣੇ, ਵੜੇਵਿਆਂ ਦੀਆਂ ਢੇਰੀਆਂ। ਨਿੱਕੇ ਮੋਟੇ ਸਾਮਾਨ ਨਾਲ ਅੱਧ-ਪਚੱਧੇ ਭਰੇ ਡੱਬੇ। ਇਕ ਪਾਸੇ, ਕੰਧ, ਵਿਚ ਫਿੱਟ ਕੀਤੀ ਫੱਟੀ ਉਤੇ ਕੱਚ ਦੀਆਂ ਬੋਤਲਾਂ ਦੀ ਕਤਾਰ। ਵਿਚ ਗੋਲੀਆਂ—ਹਰੇ, ਪੀਲੇ, ਲਾਲ ਰੰਗ ਦੀਆਂ।

ਮਸ਼ਹੂਰ ਹੱਟੀ! ਉਹਦੇ ਬੁੱਲ੍ਹਾਂ ਉਤੇ ਆਈ ਕੌੜੀ-ਕਸੈਲੀ ਪਰ ਠਹਿਰੀ ਹੋਈ ਮੁਸਕ੍ਰਾਹਟ ਨੇ ਜਿਵੇਂ ਹੁੰਗਾਰਾ ਭਰਿਆ। ਇਹ ਕਿਹੋ ਜਿਹੀ ਮੁਸਕ੍ਰਾਹਟ ਸੀ ਜਿਸ ਵਿਚ ਸੁਧੀ ਕੁਤਿੱਤਣ ਨਹੀਂ ਸੀ। ਸਗੋਂ ਅਪਣੱਤ ਭਰੇ ਵਿਅੰਗ ਦੀ ਪੁੱਠ ਵੀ ਰਲੀ ਹੋਈ ਸੀ। ਉਸ ਦੇ ਧੁਰ ਅੰਦਰੋਂ ਬੇਮਲੂਮਾ ਜਿਹਾ ਕੁਝ ਉਛਲਿਆ। ਅੱਖਾਂ ਦੀਆਂ ਕੰਨੀਆਂ ਉਤੇ ਉਸਨੇ ਰੁਮਾਲ ਫੇਰੀ। ਉਹਨੂੰ ਅਜੀਬ ਜਿਹਾ ਅਹਿਸਾਸ ਹੋਇਆ ਕਿ ਰੁਮਾਲ ਸੁੱਕੀ ਦੀ ਸੁੱਕੀ ਰਹਿ ਗਈ ਸੀ।

ਪਹਿਲੇ ਪਹਿਲੇ ਸਾਲਾਂ ਵਿਚ ਜਦੋਂ ਉਹ ਚੰਡੀਗੜ੍ਹ ਆਉਂਦਾ ਹੁੰਦਾ ਸੀ ਤਾਂ ਇਉਂ ਨਹੀਂ ਸੀ ਹੁੰਦਾ। ਘਰੋਂ ਵਿਛੜਨ ਲੱਗਿਆਂ। ਭਾਈ ਦੀ ਪੀਡੀ ਬੁੱਕਲ 'ਚੋਂ ਨਿਕਲਦਿਆਂ। ਭੂਆ ਦੇ ਸਿਰ ਪਲੋਸਣ 'ਤੇ। ਫੇਰ ਛਾਤੀ ਨਾਲ ਲੱਗਣ ਸਮੇਂ। ਬਿਰਧ ਪਿਉ ਦੇ ਪੈਰੀਂ ਹੱਥ ਲਾਉਣ ਤੇ ਉਹਦੀਆਂ ਅਸੀਸਾਂ ਸੁਣਦਿਆਂ ਪਹਿਲਾਂ ਉਹਦਾ ਗੱਚ ਭਰਦਾ ਤੇ ਫੇਰ ਸਾਰਾ ਆਪਾ ਉੱਛਲ ਜਾਂਦਾ। ਅੱਖਾਂ ਆਪ ਮੁਹਾਰੇ ਛਲਕ ਉਠਦੀਆਂ। ਹੰਝੂਆਂ ਦੀਆਂ ਤਤ੍ਹੀਰੀਆਂ ਉਹਦੀਆਂ ਗੱਲ੍ਹਾਂ ਉਤੋਂ ਦੀ ਇਉਂ ਵਹਿਣ ਲੱਗ ਪੈਂਦੀਆਂ ਜਿਵੇਂ ਕੱਚੇ ਘਰਾਂ ਦੀਆਂ ਕੰਧਾਂ ਉਤੋਂ ਦੀ, ਮੂੰਹ ਜ਼ੋਰ ਪੈਂਦੇ ਮੀਂਹ ਦੀਆਂ ਘਰਾਲਾਂ। ਤੇ ਇਹਨਾਂ ਹੰਝੂਆਂ ਨੂੰ ਉਹ ਰੁਮਾਲ ਨਾਲ ਪੂੰਝਦਾ ਥੱਕ ਜਾਂਦਾ। ਪਰ ਉਹ ਸਨ ਕਿ ਮੁੜ ਮੁੜ ਆਈ ਜਾਂਦੇ। ਪਤਾ ਨਹੀਂ ਕਿਵੇਂ—ਉਹ ਭਰ ਜਾਂਦਾ, ਵਹਿ ਤੁਰਦਾ। ਪਤਾ ਨਹੀਂ ਕਿੰਨਾ ਪਾਣੀ ਐਂ ਅੰਦਰ ਜੁ ਮੁੱਕਣ 'ਚ ਹੀ ਨਹੀਂ ਆਉਂਦਾ! ਓਦੋਂ ਉਹ ਸੋਚਦਾ ਹੁੰਦਾ। ਕਿੰਨਾ ਮੋਹ ਸੀ ਉਹਦੇ ਅੰਦਰ, ਟੱਬਰਾਂ ਦੇ ਜੀਆਂ ਲਈ, ਆੜੀਆਂ ਲਈ, ਪਿੰਡਾਂ ਦੇ ਲੋਕਾਂ ਲਈ। ਜਿਉਂ ਜਿਉਂ ਉਹ ਮੋਹ ਕਰਦਾ, ਓਨਾ ਹੀ ਇਹ ਵਧੀ ਜਾਂਦਾ।

ਓਦੋਂ ਉਹਨੂੰ ਪਿੰਡ ਦੀਆਂ ਯਾਦਾਂ ਘੇਰੀ ਰੱਖਦੀਆਂ। ਹਰ ਦੂਜੇ ਤੀਜੇ ਮਹੀਨੇ ਉਹ ਪਿੰਡ ਗੇੜਾ ਮਾਰਦਾ। ਆਪਣੇ ਯਾਰ-ਬੇਲੀਆਂ ਨੂੰ ਮਿਲਦਾ। ਉਹ ਥਰੇਟੇ ਆਲੇ ਖੂਹ 'ਤੇ ਜਾਂਦੇ ਤੇ ਰੱਜ ਰੱਜ ਪਾਣੀ ਪੀਂਦੇ। ਐਨਾ ਮਿੱਠਾ ਪਾਣੀ ਉਹਨੂੰ ਬਾਹਰ ਕਿਤੇ ਵੀ ਨਸੀਬ ਨਹੀਂ ਸੀ ਹੋਇਆ। ਹੋਰ ਕਿਸੇ ਥਾਂ ਦਾ ਪਾਣੀ ਏਦਾਂ ਦਾ ਹੈ ਹੀ ਨਹੀਂ—ਉਹ ਕਮਲਿਆਂ ਵਾਂਗ ਕਹਿ ਦਿੰਦਾ। ਕੇਹੀ ਸਾਂਝ ਸੀ ਇਹ! ਨਿਰਛਲ, ਨਿਰਸੰਕੋਚ ਤੇ ਨਿੱਜੀ ਲੋੜਾਂ ਤੋਂ ਮੁਕਤ!! ਉਹਨੇ ਅੱਧ-ਛਲਕੇ ਜਿਹੇ ਨੇ ਸੋਚਿਆ।

ਫੇਰ ਉਹਦਾ ਪਿੰਡ ਲਈ ਉਦਰੇਵਾਂ ਘਟਦਾ ਘਟਦਾ ਮਰ ਮੁਕ ਗਿਆ।

ਸਾਰੀ ਉਮਰ ਇਕ ਥਾਂ ਨਾਲ ਤਾਂ ਮਨੁੱਖ ਬੱਝਿਆ ਨਹੀਂ ਰਹਿ ਸਕਦਾ। ਉਹ



ਕੋਈ ਡੰਗਰ ਥੋੜਾ ਈ ਐ ਜੋ ਇਕੋ ਕਿਲੇ ਨਾਲ ਬੱਝਿਆ ਰਹੇ। ਉਹ ਸਾਰੀ ਦੁਨੀਆਂ ਨੂੰ ਪੁਲਾੜਾਂ ਨੂੰ ਗਾਹੁਣਾ ਚਾਹੁੰਦਾ ਹੈ। ਜਿਥੇ ਗਿਆ, ਉਥੇ ਹੀ ਰਚ ਮਿਚ ਗਿਆ। ਮਨੁੱਖ ਅੰਦਰ ਐਤਾਂ ਦੀ ਜਗਿਆਸਾ ਭਰੀ ਪਈ ਹੈ। ਬੇਪਨਾਹ ਉਤਸੁਕਤਾ। ਪਤਾ ਨਹੀਂ ਕਦੋਂ ਉਹ ਪੰਛੀ ਵਾਂਗ ਉਡਾਰੀ ਮਾਰੇ ਤੇ ਕਿਤੇ ਚਲਿਆ ਜਾਵੇ।

ਉਹਦਾ ਤਰਕ ਬੋਲਿਆ।

ਹੁਣ ਉਹ ਕਦੇ ਕਦਾਈਂ ਘਰ ਜਾਂਦਾ ਹੈ। ਬੜਾ ਭਾਈ ਵੀ ਉਹਦਾ ਕਦੇ ਕਦਾਈਂ ਹੀ ਘਰ ਆਉਂਦਾ ਹੈ। ਚਿੱਠੀਆਂ ਵੀ ਉਹ ਇਕ ਦੂਜੇ ਨੂੰ ਘੱਟ ਵੱਧ ਹੀ ਲਿਖਦੇ ਨੇ। ਲਿਖਦੇ ਵੀ ਨੇ ਤਾਂ ਉਹਨਾਂ ਅੰਦਰ ਜਜ਼ਬੇ ਦੀ ਏਨੀ ਸ਼ਿੱਦਤ ਨਹੀਂ ਹੁੰਦੀ। ਕਾਰੋਬਾਰੀ ਜਿਹੀਆਂ ਗੱਲਾਂ ਆਮ ਫਹਿਮ।

ਉਹਦੇ ਮੁੰਡੇ ਵੀ ਤਾਂ ਇਉਂ ਹੀ ਕਰਨ ਲੱਗ ਪਏ ਨੇ। ਪਹਿਲਾਂ ਪਹਿਲਾਂ ਆਪਣੀਆਂ ਚਿੱਠੀਆਂ ਵਿਚ ਉਹ ਚੰਡੀਗੜ੍ਹ ਦੇ ਗੁਣ ਗਾਉਣੋਂ ਨਹੀਂ ਸਨ ਥੱਕਦੇ। ਉਹ ਰੋਜ਼ ਗਾਰਡਨ, ਝੀਲ, ਰੌਕ-ਗਾਰਡਨ ਤੇ ਹੋਰ ਕਿੰਨੀਆਂ ਹੀ ਥਾਵਾਂ ਦਾ ਮੋਹ ਨਾਲ ਜ਼ਿਕਰ ਕਰਦੇ ਹੁੰਦੇ ਸਨ। ਹੁਣ ਉਹਨਾਂ ਦੇ ਦਿਲਾਂ 'ਚੋਂ ਇਹ ਥਾਵਾਂ ਇਕ ਇਕ ਕਰਕੇ ਕਿਰ ਗਈਆਂ। "ਵਲਾਇਤ 'ਚ ਏਦੂੰ ਕਿਤੇ ਵੱਧ ਸੁਹਣੀਆਂ ਤੇ ਮਨ ਨੂੰ ਮੋਹ ਲੈਣ ਵਾਲੀਆਂ ਥਾਵਾਂ ਨੇ।" ਉਹ ਦਲੀਲ ਦੇਣ ਲੱਗ ਪਏ ਸਨ।

..... ...... ...........

ਪਰਦਾ ਜ਼ਰਾ ਕੁ ਹਿਲਿਆ। ਉਹ ਚੁਕੰਨਾ ਜਿਹਾ ਹੋ ਕੇ ਬੋਲਿਆ, "ਕੌਣ....? ਮਿੱਤਲ!"

"ਸਾਅਬ ਖਾਣਾ ਲਗਾਏਂ?" ਮੋਤੀ ਰਾਮ ਪੋਲੇ ਪੈਰੀਂ ਅੰਦਰ ਆ ਕੇ ਝਿਜਕਦਾ ਝਿਜਕਦਾ ਬੋਲਿਆ।

"ਅੱਛਿਆ। ਅੱਛਿਆ!! ਮੋਤੀ ਐ। ਬੈਠ, ਬੈਠ। ਹਾਂ। ਹਾਂ!! ਅਰੇ ਵਹਾਂ ਨਹੀਂ। ਇਧਰ ਮੇਰੇ ਪਾਸ....!" ਬ੍ਰਹਮ ਪ੍ਰਕਾਸ਼ ਜਜ਼ਬੇ ਦੇ ਪਾਣੀ 'ਚ ਸ਼ਰਾਬੋਰ ਹੋਇਆ, ਬੜੇ ਮੋਹ ਨਾਲ ਬੋਲਿਆ। ਮੋਤੀ ਰਾਮ ਸੰਕੋਚ ਜਿਹੇ ਨਾਲ ਬੈਠ ਗਿਆ। ਆਪਣੇ ਸਾਅਬ ਨੂੰ ਉਹ ਜਾਣਦਾ ਸੀ। ਜਦੋਂ ਗੁੱਸੇ 'ਚ ਹੋਵੇ ਤਾਂ ਘੁਰਕੀ ਦੇ ਕੇ ਜਾਨ ਹੀ ਕੱਢ ਲੈਂਦਾ ਸੀ। ਜਦੋਂ ਮੋਹ 'ਚ ਆ ਜਾਏ ਤਾਂ ਮਾਲਕ ਨੌਕਰ ਦਾ ਰਿਸ਼ਤਾ ਪਿੱਛੇ ਹਟ ਜਾਂਦਾ ਤੇ ਉਹਦੇ ਨਾਲ ਉਹ ਬੱਚਿਆਂ ਵਾਂਗ ਗੱਲਾਂ ਕਰਨ ਲੱਗ ਪੈਂਦਾ। ਆਪਣੀ ਆਈ ਤੇ ਆ ਜਾਂਦਾ ਤਾਂ ਦੋ-ਚਾਰ ਰੁਪਿਆਂ ਪਿੱਛੇ ਖ਼ੜਾਖੂਨ ਹੋ ਜਾਂਦਾ। ਮੌਜ 'ਚ ਹੋਵੇ ਤਾਂ ਭਾਵੇਂ ਘਿਓ ਦੇ ਘੜੇ ਮੁੱਧ ਜਾਣ। ਹੁਣ ਸਾਅਬ ਮੌਜ 'ਚ ਸੀ।

"ਲੈ, ਲੈ, ਮੋਤੀ ਤੂੰ ਵੀ ਇਕ ਪੈੱਗ" ਬ੍ਰਹਮ ਪ੍ਰਕਾਸ਼ ਉਹਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦਿਆਂ ਬੋਲਿਆ।

"ਨਹੀਂ ਸਾਅਬ...!" ਮੋਤੀ ਰਾਮ ਹੋਰ ਵੀ ਝਿਜਕ ਗਿਆ।

"ਕਿਉਂ ਕਿਆ ਬਾਤ? ਅੱਛੀ ਨਹੀਂ ਲਗਤੀ!" ਉਹਨੇ ਪੁੱਛਿਆ।

"ਐਸੀ ਤੋ ਬਾਤ ਨਹੀਂ, ਸਾਅਬ। ਆਜ ਮਨ ਨਹੀਂ।" ਉਹ ਬੋਲਿਆ।

"ਉਦਾਸ ਹੋ? ਘਰ ਦੀ ਯਾਦ ਆਤੀ ਹੈ!" ਉਹਦਾ ਮੋਹ ਉਮੜ ਆਇਆ।

ਮੋਤੀ ਰਾਮ ਹਾਂ 'ਚ ਸਿਰ ਹਿਲਾ ਕੇ ਤਾਕੀ 'ਚੋਂ ਕੋਠੀ ਦੇ ਹਨੇਰੇ ਵੱਲ ਝਾਕਣ ਲੱਗ ਪਿਆ।

"ਅੱਛਿਆ ਜਾਹ। ਖਾਣਾ ਠਹਿਰ ਕੇ ਖਾਏਂਗੇ। ਪਹਿਲੇ ਆਪਣੀ ਬੀਬੀ ਜੀ ਕੋ ਭੇਜ।"

ਮੋਤੀ ਰਾਮ ਚਲਾ ਗਿਆ।

ਪੈੱਗ ਚੌਥਾ ਸੀ ਜਾਂ ਪੰਜਵਾਂ, ਬ੍ਰਹਮ ਪ੍ਰਕਾਸ਼ ਲਈ ਇਸ ਦਾ ਕੋਈ ਮਹੱਤਵ ਨਹੀਂ ਸੀ। ਇਸ ਗੱਲ ਦਾ ਜ਼ਰੂਰੀ ਸੀ ਕਿ ਆਪਣੀ ਬੀਵੀ ਦੇ ਕਮਰੇ 'ਚ ਆਉਣ ਤੋਂ ਪਹਿਲਾਂ ਉਸ ਨੂੰ ਖ਼ਤਮ ਕੀਤਾ ਜਾਵੇ। ਉਹ ਦਰਮਿਆਨੇ ਹਿੰਦੂ ਘਰ 'ਚ ਜੰਮੀ ਪਲੀ ਸੀ ਤੇ ਦਾਰੂ 'ਚੋਂ ਕਰਹਿਤ ਮੰਨਦੀ ਸੀ। ਇਕੋ ਸ਼ੌਕ ਸੀ ਪਾਠ ਪੂਜਾ ਦਾ। ਉਹਦਾ ਮਨ ਖ਼ੁਸ਼ ਰੱਖਣ ਲਈ ਬ੍ਰਹਮ ਪ੍ਰਕਾਸ਼ ਨੇ ਕੋਠੀ ਦੇ ਇਕ ਕਮਰੇ ਵਿਚ ਉਹਨੂੰ ਮੰਦਰ ਬਣਵਾ ਦਿੱਤਾ ਸੀ।

ਉਹ ਪੈੱਗ ਵੀ ਉਹਨੇ ਪੀ ਲਿਆ। ਬੋਤਲ ਤੇ ਗਲਾਸ ਕਾਹਲੀ ਕਾਹਲੀ ਪਰ ਸਾਂਭ ਕੇ ਅਲਮਾਰੀ ਵਿਚ ਰੱਖ ਦਿੱਤੇ। ਆਪ ਆਰਾਮ ਨਾਲ ਪਰ ਚੇਤੰਨ ਹੋ ਕੇ ਬੈਠ ਗਿਆ ਤੇ ਸੋਚਣ ਲੱਗਾ ਕਿ ਗੱਲ ਕਿਵੇਂ ਸ਼ੁਰੂ ਕਰੇ। ਚਿੱਠੀ ਦੀ ਗੱਲ ਉਹ ਇਕਦਮ ਨਹੀਂ ਸੀ ਕਰਨਾ ਚਾਹੁੰਦਾ। ਉਹਦੀ ਬੀਵੀ ਆ ਗਈ।

"ਸੁਣਾ ਲਾਜਵੰਤੀ, ਕਿਮੇਂ ਐਂ ਸਿਹਤ ਹੁਣ?" ਉਹਨੇ ਰਸਮੀ ਗੱਲ ਤੋਰੀ। ਹੋਰ ਕੁਝ ਉਸ ਨੂੰ ਉਸ ਸਮੇਂ ਸੁੱਝ ਹੀ ਨਹੀਂ ਸੀ ਰਿਹਾ।

ਲਾਜਵੰਤੀ ਬੋਲੀ ਨਹੀਂ। ਉਹਦੀ ਹਾਲਤ ਦੇਖ ਕੇ ਉਹ ਨਾਰਾਜ਼ ਹੋ ਗਈ ਜਾਪਦੀ ਸੀ।

"ਮਖਿਆ ਬੋਲਦੀ ਨੀਂ। ਸਿਹਤ ਤਾਂ ਠੀਕ ਐ? ਮੈਂ ਹੋਮਿਓਪੈਥੀ ਦੇ ਡਾਕਟਰ ਨਾਲ ਗੱਲ ਕੀਤੀ ਸੀ। ਉਹ ਕਹਿੰਦੇ, ਆਪ ਆ ਕੇ ਹਾਲਤ ਦੱਸੇ ਤੇ ਦਵਾਈ ਲੈ ਜੇ। ਮੈਂ ਕਹਿਨੈਂ, ਬਈ ਕੱਲ੍ਹ ਸਵੇਰੇ ਸਵੇਰੇ ਤੂੰ ਜਾ ਈ ਆ, ਉਸ ਵੱਲ। ਐਂਤਵਾਰ ਐ। ਗੱਡੀ ਵਿਹਲੀ ਐ।"

ਲਾਜਵੰਤੀ ਠੀਕ ਹੋ ਕੇ ਬੈਠ ਗਈ। ਫੇਰ ਸਿਰ ਹਿਲਾਇਆ। ਜਿਵੇਂ ਕਹਿੰਦੀ ਹੋਵੇ, "ਚੰਗਾ ਚਲੀ ਜਾਊਂ। ਪਰ ਫ਼ਰਕ ਕੋਈ ਨੀਂ ਪੈਣ ਲੱਗਾ।"

"ਸਾਡੇ ਪਿੰਡ...ਮੇਰਾ ਮਤਲਬ ਐ ਆਪਣੇ ਪਿੰਡ ਇਕ ਪੁਰਾਣਾ ਵੈਦ ਐ। ਉਹਦੇ ਹੱਥਾਂ 'ਚ ਜੱਸ ਐ। ਉਹਦੀ ਦਵਾਈ ਨਾ ਖਾ ਕੇ ਦੇਖ ਲਈਏ? ਸ਼ਾਇਦ ਉਹਤੋਂ ਈ ਰਾਮ ਆ ਜੇ। ਕੀ ਕਹਿੰਦੀ ਐਂ?" ਉਹ ਕੁਝ ਕਾਹਲਾ ਪੈਂਦਾ ਬੋਲਿਆ।

"ਹੋਊ ਵੈਦ ਵੂਦ। ਮੈਤੋਂ ਨੀਂ ਥਾਂ ਥਾਂ ਧੱਕੇ ਖਾਏ ਜਾਂਦੇ ਏਸ ਉਮਰ 'ਚ।" ਆਖ਼ਿਰ ਉਹਨੇ ਵਾਚੀ ਖੋਲ੍ਹੀ।

ਬ੍ਰਹਮ ਪ੍ਰਕਾਸ਼ ਨੇ ਸੁਖ ਦਾ ਸਾਹ ਲਿਆ।

"ਉਹ ਤਾਰਾ ਲਫੈਂਡ ਐ ਨਾ, ਆਪਣੇ ਪਿੰਡ ਆਲਾ। ਦੋ ਮਹੀਨੇ ਹੋ ਗੇ ਉਹਨੂੰ ਆਏ ਨੂੰ। ਪਹਿਲਾਂ ਕਿੰਨੀਆਂ ਸਾਮੀਆਂ ਲੈ ਕੇ ਆਉਂਦਾ ਹੁੰਦਾ ਸੀ। ਕਿਤੇ ਕਿਸੇ ਦੇ ਧੱਕੇ ਈ ਨਾ ਚੜ੍ਹ ਗਿਆ ਹੋਵੇ। ਐਉਂ ਬੰਦਿਆਂ ਨੂੰ ਵਾਹ ਲੱਗਦੀ ਹੱਥਾਂ 'ਚੋਂ ਨੀਂ ਨਿਕਲਣ ਦੇਣਾ ਚਾਹੀਦਾ। ਚੰਗੇ ਵਕੀਲ ਦੀ ਇਹੀ ਤਾਂ ਹੁਸ਼ਿਆਰੀ ਮੰਨੀ ਜਾਂਦੀ ਐ। ਨਾਲੇ ਉਹਨੂੰ ਮਿਲ ਲਾਂਗੇ। ਆਖ਼ਿਰ ਮੇਰਾ ਪੁਰਾਣਾ ਆੜੀ ਐ....ਹਮਜਮਾਤੀ। ਹੁਣ



ਤਾਂ ਸਰਪੰਚ ਵੀ ਬਣ ਗਿਆ। ਨਾਲੇ ਨਾ, ਸਤ ਪ੍ਰਕਾਸ਼ ਹੁਰਾਂ ਦਾ ਧਿਆਨ ਰੱਖਣ ਲਈ ਕਹਿ ਆਮਾਂਗੇ। ਹਾਲਾਤ ਤਾਂ ਦੇਖ....।" ਬੋਲਦੇ ਦਾ ਉਹਦਾ ਮਨ ਭਰ ਆਇਆ। ਪਰ ਲਾਜਵੰਤੀ ਟੱਸ ਤੋਂ ਮੱਸ ਨਾ ਹੋਈ।

"ਸੱਤ ਪ੍ਰਕਾਸ਼ ਦੀ ਚਿੱਠੀ ਵੀ ਆਈ ਐ। ਉਦਾਸ ਐ। ਉਹਨੇ ਆ ਕੇ ਮਿਲ ਜਾਣ ਲਈ ਆਖਿਐ। ਮੈਂ ਤਾਂ ਕਹਿਨੈਂ, ਕੱਲ੍ਹ ਨੂੰ ਆਪਾਂ ਦੋਮੇਂ ਜਾ ਆਉਨੇ ਆਂ। ਨਾਲੇ ਦਵਾਈ ਲੈ ਆਮਾਂਗੇ। ਨਾਲ ਮਿਲ ਆਮਾਂਗੇ। ਐਮੇਂ ਕਮਲਿਆਂ ਆਲੀ ਅੜੀ ਨੀਂ ਕਰੀਦੀ।" ਉਹ ਮਨਾਉਣ ਦੇ ਲਹਿਜੇ ਵਿਚ ਬੋਲਿਆ।

ਸਤ ਪ੍ਰਕਾਸ਼ ਦੀ ਚਿੱਠੀ ਬਾਰੇ ਸੁਣ ਕੇ ਉਹ ਚੁਕੰਨੀ ਹੋ ਗਈ। ਫੇਰ ਸੋਚਾਂ ਵਿਚ ਪੈ ਗਈ।

"ਫੇਰ ਕਿਮੇਂ ਕਰੀਏ? ਬੋਲੇਂਗੀ ਵੀ ਕੁਸ਼?" ਹੁਣ ਬ੍ਰਹਮ ਪ੍ਰਕਾਸ਼ ਦੇ ਬੋਲਾਂ ਵਿਚ ਨਰਮੀ ਸੀ।

"ਰੋਟੀ ਖਾ ਲੌ ਹੁਣ। ਸਵੇਰੇ ਦੇਖੀ ਜਾਊ।" ਕਹਿ ਕੇ ਗੋਡਿਆਂ ਉੱਤੇ ਹੱਥ ਰਖ ਕੇ ਉੱਠੀ ਤੇ ਬ੍ਰਹਮ ਪ੍ਰਕਾਸ਼ ਦੇ ਦੇਖਦਿਆਂ ਦੇਖਦਿਆਂ ਬਾਹਰ ਨਿਕਲ ਗਈ।

ਉਸ ਸ਼ਾਮ ਉਹਨੇ ਰੋਟੀ ਨਾ ਖਾਧੀ। ਉਹ ਉਂਝ ਹੀ ਬਿਨਾ ਕਪੜੇ ਬਦਲਿਆਂ ਪੈ ਗਿਆ। ਜਾਂ ਤਾਂ ਉਹਦੀ ਅੱਖ ਨਾ ਲਗਦੀ। ਜੇ ਲਗਦੀ ਤਾਂ ਅਜੀਬ ਅਜੀਬ ਸੁਫ਼ਨੇ ਆਉਣ ਲਗ ਪੈਂਦੇ:

ਕਦੇ ਉਹ ਵਲਾਇਤ ਹੁੰਦਾ ਆਪਣੇ ਮੁੰਡਿਆਂ ਕੋਲ। ਗੋਰੀ ਨੂੰਹ ਨਾਲ ਸੈਰ ਸਪਾਟੇ ਕਰ ਰਿਹਾ....

ਕਦੇ ਪਿੰਡ ਦੇ ਵੈਦ ਨੂੰ ਲਾਜਵੰਤੀ ਦੀ ਨਬਜ਼ ਦਿਖਾ ਰਿਹਾ ਹੁੰਦਾ।

ਕਦੇ ਜੁਆਨੀ ਪਹਿਰੇ ਦੀ ਉਮਰ ਵਿਚ ਉਹ ਤੇ ਲਾਜਵੰਤੀ ਕਿਸੇ ਤੀਰਥ ਦੀ ਯਾਤਰਾ ਉਤੇ ਜਾ ਰਹੇ ਹੁੰਦੇ। ਰਾਹ ਵਿਚ ਉਹ ਪਹਿਲਾਂ ਕਿਸੇ ਪਹਾੜੀ ਉਤੇ ਚੜ੍ਹ ਰਿਹਾ ਹੁੰਦਾ ਤੇ ਫੇਰ ਹੇਠਾਂ ਨੂੰ ਰਿੜ੍ਹਦਾ ਜਾ ਰਿਹਾ ਹੁੰਦਾ—ਲਾਜਵੰਤੀ ਬੇਵੱਸ ਤੇ ਲਾਚਾਰ ਚੀਕਾਂ ਮਾਰਦੀ ਮਾਰਦੀ ਕਿਧਰੇ ਛਾਈਂ ਮਾਈਂ ਹੋ ਜਾਂਦੀ।

ਹੁਣੇ ਕਚਹਿਰੀ 'ਚ ਖੜ੍ਹਾ ਕੇਸ ਲੜ ਰਿਹੈ—ਹੁਣੇ ਬਿਰਧ ਪਿਓ ਕੋਲ ਬੈਠਾ ਉਹਦੀਆਂ ਗੱਲਾਂ ਸੁਣ ਰਿਹੈ—ਹੁਣ ਸਤ ਪ੍ਰਕਾਸ਼ ਲਹੂ ਲੁਹਾਣ ਹੋਇਆ ਹੱਟੀ ਮੂਹਰੇ ਪਿਐ ਬੁਝੀ ਬੂਆ ਪ੍ਰੇਤਾਂ ਵਾਂਗ ਹੱਸ ਰਹੀ ਐ....ਕੋਲ ਹੀ ਮਿੱਤਲ ਲਹੂ ਭਿੱਜੀ ਖੰਜਰ ਲਈ ਖੜੈ

ਕਦੀ ਤਾਰਾ ਲਫੈਂਡ ਉਹਨੂੰ ਪਿੰਡ ਦੇ ਦਰਵਾਜ਼ੇ ਵਿਚ ਘੇਰੀ ਖੜ੍ਹਾ ਹੁੰਦਾ। ਕੋਲ ਪੁੱਟੇ ਹੋਏ ਦੋ ਕੁ ਗੰਨੇ ਪਏ ਹੁੰਦੇ। ਉਹ ਲਾਲ ਅੱਖਾਂ ਕੱਢੀ, ਮੁੱਛਾਂ ਨੂੰ ਵੱਟ ਦਿੰਦਾ ਲਲਕਾਰ ਰਿਹਾ ਹੁੰਦਾ ਤੇ ਉੱਚੀ ਉੱਚੀ, ਪਿੰਡ ਦੀ ਪੰਚਾਇਤ ਨੂੰ ਸੁਣਾਕੇ, ਕਹਿੰਦਾ, "ਮੈਂ ਨੀਂ ਜਾਣਦਾ। ਇਹਨੂੰ ਕਹੋ ਕਿ ਗੰਨਿਆਂ ਨੂੰ ਇੱਖ 'ਚੋ ਓਮੇਂ ਲਾ ਦੇਵੇ ਜਿਮੇਂ ਇਹ ਪਹਿਲਾਂ ਖੜੇ ਸੀ।" ਸਤ ਪ੍ਰਕਾਸ਼ ਹੱਥ ਬੰਨ੍ਹੀ ਪਿੰਡ ਦੀ ਪੰਚਾਇਤ ਨੂੰ ਬੇਨਤੀ ਕਰ ਰਿਹਾ ਹੁੰਦਾ, "ਪੰਚਾਇਤੇ ਇਹ, ਨਿਆਣੈਂ। ਇਹਨੂੰ ਮਾਫ਼ ਕਰ ਦਿਓ। ਭਲਾ ਪੁੱਟੇ ਹੋਏ ਗੰਨੇ ਮੁੜ ਕੇ ਓਮੇਂ ਕਿਮੇਂ ਲਗ ਸਕਦੇ ਨੇ? ਕੁਦਰਤ ਦੀ ਕੋਈ ਰੀਸ ਕਰ ਸਕਦੈ...! ਕੋਈ ਨੀਂ ਕਰ ਕਸਦਾ। ਬਸ, ਹੋਗੀ ਗਲਤੀ ਇਹਤੋਂ"

ਇਕ ਦੋ ਵੇਰਾਂ, ਉਹ ਪਸੀਨੇ ਨਾਲ ਭਰਿਆ ਤੇ ਬੇਚੈਨ ਜਿਹਾ ਹੋ ਕੇ ਉੱਭੜਵਾਹਾ ਉਠਿਆ। ਪਾਣੀ ਪੀਤਾ। ਮੁੜ ਲੰਮਾ ਪੈ ਗਿਆ। ਕਾਲੀ ਬੋਲੀ ਰਾਤ ਮੁੱਕਣ ਵਿਚ ਹੀ ਨਹੀਂ ਸੀ ਆ ਰਹੀ।

..... ..... ..... .....

ਅਖੀਰ ਸੇਵਰ ਹੋਈ। ਉਹ ਨਹਾਤਾ ਧੋਤਾ। ਚਾਹ ਪੀਤੀ। ਲਾਜਵੰਤੀ ਪਾਠ-ਪੂਜਾ ਤੋਂ ਵਿਹਲੀ ਹੋ ਕੇ ਬੈਠਕ ਵਿਚ ਆ ਗਈ। ਪਿੰਡ ਜਾਣ ਦੀ ਗੱਲ ਫੇਰ ਤੁਰੀ। ਹੁਣ ਲਾਜਵੰਤੀ ਬੋਲ ਰਹੀ ਸੀ। ਉਹ ਸੁਣ ਰਿਹਾ ਸੀ ਠੰਡਾ ਸੀਤ ਹੋਇਆ। "ਨਾ ਤਾਂ ਮੈਂ ਥੋਨੂੰ ਭੇਜਾਂ। ਨਾ ਜਿਕੇ ਨੂੰ ਗੱਡੀ ਲੈ ਕੇ ਜਾਣ ਦਿਆਂ। ਅਸੀਂ ਕਿਉਂ ਪਰਾਏ ਦੁੱਖ ਮਾਰੇ ਮਾਰੇ ਫਿਰੀਏ। ਸਾਡੀ ਜਾਨ ਐਨੀ ਸਸਤੀ ਨੀਂ....ਇਕ ਗੱਲ ਹੋਰ ਸੁਣ ਲੋ। ਮੈਂ ਆਪਣੇ ਘਰ 'ਚ ਸ਼ਰੀਕ ਨ੍ਹੀਂ ਵਾੜਨੇ। ਆਪਣੀ ਹੋਣੀ ਆਪ ਭੁਗਤਣ....ਪਿੰਡ 'ਚ ਰਹਿਣ ਜਾਂ ਕਿਤੇ ਹੋਰ ਚਲੇ ਜਾਣ। ਨਾਲੇ ਤੁਸੀਂ ਕਹਿਨੇ ਓਂ ਭਾਈ ਜੀ ਨੇ ਲਿਖਿਐ, ਬਈ ਖਤਰੇ ਆਲੀ ਕੋਈ ਗੱਲ ਨ੍ਹੀਂ।" ਇਕ ਬਿੰਦ ਰੁਕਣ ਪਿਛੋਂ ਉਹ ਫੇਰ ਬੋਲੀ:

"ਟਿਕ ਟਿਕਾ ਹੋਏ ਤੋਂ ਚਲੇ ਚਲਾਂਗੇ। ਜੇ ਬਹੁਤਾ ਈ ਕਹਿਨੇ ਓਂ ਤਾਂ। ਸੁਣ ਲੀ ਮੇਰੀ ਗੱਲ।"

ਬ੍ਰਹਮ ਪ੍ਰਕਾਸ਼ ਨੇ ਸੁਣ ਲਈ ਸੀ। ਤੇ ਚੁੱਪ ਹੋਇਆ ਬੈਠਾ ਸੀ:

"ਚਲੋ ਐਂ ਕਰੋ। ਜੇ ਬਹੁਤਾ ਹੀ ਹੋਜ ਮਾਰਿਆ ਜਾਂਦੈ ਘਰ ਦਿਆਂ ਦਾ ਤਾਂ ਮੋਤੀ ਰਾਮ ਹੱਥ ਦੋ-ਚਾਰ ਸੌ ਰੁਪਏ ਭੇਜ ਦਿਓ। ਭਾਈ ਜੀ ਨੂੰ ਦੇ ਆਊ। ਨਾਲੇ ਖਬਰ ਸਾਰ ਲੈ ਆਊ।"

ਲਾਜਵੰਤੀ ਨੇ ਫੈਸਲਾ ਸੁਣਾ ਦਿੱਤਾ।

ਕੁਝ ਚਿਰ ਉਹ ਸੋਚਦਾ ਰਿਹਾ। ਫੇਰ ਬਿਨਾਂ ਚੂੰ ਚਰਾਂ ਕੀਤਿਆਂ ਅੰਦਰ ਗਿਆ। ਸਤ ਪ੍ਰਕਾਸ਼ ਤੇ ਤਾਰੇ ਲਵੇਂਡ ਨੂੰ ਦੋ ਦਸਤੀ ਚਿੱਠੀਆਂ ਲਿਖੀਆਂ। ਦੋ ਹਜ਼ਾਰ ਰੁਪਏ ਲਾਜਵੰਤੀ ਤੋਂ ਚੋਰੀਓਂ ਮੋਤੀ ਰਾਮ ਦੇ ਹੱਥ ਫੜਾਏ ਕਿ ਘਰ ਦੇ ਆਏ।

ਮੋਤੀ ਰਾਮ ਚਿੱਠੀਆਂ ਤੇ ਰੁਪਏ ਲੈ ਕੇ ਚਲਾ ਗਿਆ।

..... ..... ..... .....

ਆਥਣੇ ਸੂਰਜ ਡੁਬਦੇ ਨਾਲ ਉਹ ਵਾਪਸ ਆਇਆ। ਘਰ 'ਚ ਸਭ ਸੁੱਖ ਸਾਂਦ ਸੀ। ਭਾਈ ਜੀ ਤੇ ਭੂਆ ਜੀ ਠੀਕ ਠਾਕ ਸਨ। ਉਹਨੇ ਸਤ ਪ੍ਰਕਾਸ਼ ਦੀ ਜਵਾਬੀ ਚਿੱਠੀ ਲੈ ਕੇ ਫੁਰਤ ਪੜ੍ਹੀ। ਲਿਖਿਆ ਸੀ:

"ਤਾਰਾ ਸਿਹੁ ਸਰਪੰਚ ਨੇ ਅੱਜ ਪੰਚਾਇਤ 'ਕੱਠੀ ਕੀਤੀ ਸੀ। ਉਥੇ ਫੈਸਲਾ ਹੋਇਆ ਕਿ ਸਾਨੂੰ ਉਹ ਤੱਤੀ ਹਵਾ ਨਹੀਂ ਲੱਗਣ ਦੇਣਗੇ। ਚਾਹੇ ਜੋ ਕੁਸ਼ ਹੋ ਜੇ।"

ਚਿੱਠੀ ਪੜ੍ਹ ਕੇ ਉਹ ਸੰਤੁਸ਼ਟ ਹੋ ਗਿਆ। ਉਹਨੂੰ ਖੁਸ਼ੀ ਸੀ ਕਿ ਆਪਣਾ ਫ਼ਰਜ਼ ਉਹਨੇ ਬੜੀ ਚੰਗੀ ਤਰ੍ਹਾਂ ਨਿਭਾ ਦਿੱਤਾ ਹੈ। ਉਹਨੂੰ ਮਹਿਸੂਸ ਹੋਇਆ ਜਿਵੇਂ ਉਹਦੇ ਸਿਰ ਤੋਂ ਮਣਾਂ ਮੂੰਹੀ ਭਾਰ ਲਹਿ ਗਿਆ ਹੋਵੇ।

ਉਹ ਉੱਠਿਆ। ਰਿਟਾਇਰਿੰਗ ਰੂਮ 'ਚ ਗਿਆ। ਪੈੱਗ ਬਣਾਇਆ ਤੇ ਬਿਨਾਂ ਮਿੱਤਲ ਦੀ ਉਡੀਕ ਕੀਤਿਆਂ, ਚੁਸਕੀਆਂ ਭਰ ਭਰ ਪੀਣ ਲੱਗ ਪਿਆ।



## ਨਾਗਵਲ

ਬਲਦੇਵ ਸਿਘ

ਰੂਪ ਚੰਦ ਅਤੇ ਉਸਦੀ ਪਤਨੀ ਨੇ ਸਾਰੀ ਰਾਤ ਤੜਪਦਿਆਂ ਕੱਟੀ। ਬੂਹਾ ਖੜਕਦੇ ਦਾ ਜ਼ਰਾ ਭੁਲੇਖਾ ਪੈਂਦਾ, ਦੋਵੇਂ ਜੀਅ ਧਾਅ ਕੇ ਆਉਂਦੇ ਪੁੱਛਦੇ, ਕੌਣ, ਪ੍ਰਕਾਸ਼ ਐ? ਕੁਝ ਪਲ ਆਪਣਾ ਸਾਹ ਤੱਕ ਰੋਕ ਕੇ ਬਿੜਕ ਲੈਂਦੇ, ਫਿਰ ਨਿਮੋਝੂਣੇ ਹੋ ਕੇ ਬਿਸਤਰੇ 'ਚ ਆਣ ਡਿੱਗਦੇ।

ਜਦੋਂ ਗੁਰਦੁਆਰੇ ਦਾ ਭਾਈ ਜੀ ਬੋਲਿਆ, "ਉਠੋ ਭਾਈ ਆਲਸ ਛੱਡੋ, ਇਸ਼ਨਾਨ ਕਰੋ, ਨਾਮ ਜਪੋ....।" ਤਾਂ ਦੋਵੇਂ ਜੀਅ ਇਕ ਦੂਸਰੇ ਵਲ ਝਾਕੇ। ਰੂਪ ਚੰਦ ਦੇ ਮੂੰਹੋਂ ਨਿਕਲਿਆ, "ਦਿਨ ਵੀ ਚੜ੍ਹ ਗਿਆ? ਅਜੇ ਤੱਕ ਘਰੇ ਨੀ ਆਇਆ ਮੁੰਡਾ। ਕਿੱਥੇ ਗਿਆ ਹੋਊ? ਕਿਤੇ.....।" ਕੁਝ ਕਹਿੰਦਾ ਕਹਿੰਦਾ ਰੂਪ ਚੰਦ ਸੋਚੀ ਗੱਲ ਕਹਿ ਨਾ ਸਕਿਆ।

—ਮੇਰਾ ਤਾਂ ਜੀਅ ਘਟੀ ਜਾਂਦੈ। ਪਤਾ ਨੀ ਮੁੰਡਾ ਕਿਹੜੇ ਹਾਲ 'ਚ ਹੋਊ? ਜਿਹਨਾਂ ਕੋਲ ਜਾਂਦਾ, ਆਉਂਦਾ ਸੀ, ਉਹਨਾਂ ਕੋਲੋਂ ਪਤਾ ਕਰਾਂਗੀ। ਤੈਨੂੰ ਤਾਂ ਭੋਰਾ ਫਿਕਰ ਨਹੀਂ।" ਰੂਪ ਚੰਦ ਦੀ ਪਤਨੀ ਨੇ ਆਪਣਾ ਕਾਲਜਾ ਨੱਪਿਆ ਤੇ ਨਿਢਾਲ ਹੋ ਕੇ ਪੈ ਗਈ।

—ਫਿਕਰ ਕਿਉਂ ਨੀ, ਦੋ ਵਾਰੀ ਤਾਂ ਗਾਤ ਜਾ ਕੇ ਆਇਆਂ। ਨਾ ਚਰਨ ਘਰੇ ਐ, ਨਾ ਲੱਛੂ ਰਾਮ। ਪਤਾ ਨੀ ਤਿੰਨੋਂ ਕੰਜਰ ਕਿਥੇ ਖੇਹ ਖਾਂਦੇ ਫਿਰਦੇ ਹੋਣਗੇ?" ਦੁੱਖੀ ਹੋਏ ਰੂਪ ਚੰਦ ਦੇ ਮੂੰਹੋਂ ਬੁਰਾ-ਭਲਾ ਹੀ ਨਿਕਲਦਾ ਸੀ।

—ਉਤੋਂ ਵੇਲਾ ਨੀ ਵੇਖਣਾ ਤੂੰ ਕਿਸ ਤਰ੍ਹਾਂ ਦਾ ਆਇਆ ਹੋਇਐ। ਜੇ ਮੁੰਡਾ ਘਰੇ ਨਾ ਆਇਆ ਤਾਂ ਮੈਂ ਨੀ ਬਚਣਾ।" ਉਸਦਾ ਰੋਣਾ ਨਿਕਲ ਗਿਆ।

—ਕਿਥੇ ਜਾਵਾਂ ਤੂੰ ਹੀ ਦੱਸ? ਬਥੇਰਾ ਉਸਨੂੰ ਸਮਝਾਇਆ ਸੀ, ਆਪਣੀ ਕੌਮ ਦੀਆਂ ਯਾਰੀਆਂ ਇਹਨਾਂ ਲੋਕਾਂ ਨਾਲ ਨਹੀਂ ਨਿਭਦੀਆਂ। ਆਪਾਂ ਤਾਂ ਇਹਨਾਂ ਨਾਲ ਵਣਜ ਕਰ ਸਕਦੇ ਆਂ। ਇਹਨਾਂ ਨੂੰ ਕਰਜ਼ਾਈ ਬਣਾ ਸਕਦੇ ਆਂ। ਇਹਨਾਂ ਨਾਲ ਭਾਈਵਾਲੀ ਨੀ ਕਰ ਸਕਦੇ। ਉਹਨੇ ਸੁਣੀ ਕਿਸੇ ਕੰਜਰ ਦੀ? ਉਹਦੇ ਵਲੋਂ ਤਾਂ ਮੈਂ ਕੁੱਤਾ ਭੌਂਕਦਾਂ। ਉਹਦੇ ਲੱਛਣ ਲਾਲਿਆਂ ਦੇ ਮੁੰਡਿਆਂ ਵਾਲੇ ਸੀ? ਸ਼ਰਾਬ ਉਹ ਪੀਣ ਲਗ ਪਿਆ। ਮੀਟ ਉਹ ਖਾਣ ਲੱਗ ਪਿਆ। ਕੀ ਪਤਾ ਜੂਆ ਵੀ ਖੇਡਦਾ ਹੋਵੇ। ਧੱਕ-ਧਕਾ ਕੇ ਹੱਟੀ ਤੇ ਬਿਠਾਉਂਦਾ ਸੀ, ਤਾਂ ਉਹਦੇ ਯਾਰ ਬੇਲੀ ਅੱਡਾ ਮਾਰਦੇ ਸਨ। ਕਿਸੇ ਚੰਗੇ ਘਰ ਦੀ ਧੀ ਭੈਣ ਸੌਦਾ ਲੈਣ ਨਹੀਂ ਸੀ ਆਉਂਦੀ। ਮੈਨੂੰ ਤਾਂ ਇਹ ਮੇਰਾ ਖੂਨ ਈ ਨੀ ਜਾਪਦਾ।" ਦੁੱਖੀ ਹੋਇਆ ਰੂਪ ਚੰਦ ਇਹ ਗੱਲ ਮੂੰਹੋਂ ਤਾਂ ਕੱਢ ਬੈਠਾ, ਉਸਦੀ ਘਰਵਾਲੀ ਝਈ ਲੈ ਕੇ ਪਈ।

—ਬਾਹਰ ਕਿਸੇ ਕੋਲ ਨਾ ਆਖ ਬਹੀਂ। ਹੁਣ ਏਸ ਉਮਰ 'ਚ ਤੈਨੂੰ ਪਤਾ ਲੱਗਿਆ, ਇਹ ਮੇਰਾ ਖੂਨ ਨਹੀਂ। ਜੱਟਾਂ ਨੇ ਤਾਂ ਗੱਲ ਬਣਾ ਕੇ ਇਹਨੂੰ ਪੈਰ ਲਾ ਕੇ ਤੋਰ ਦੇਣੈ। ਖੇਹ ਮੇਰੇ ਵੀ ਸਿਰ 'ਚ ਪਏਗੀ। ਮੁੰਡਾ ਤਾਂ ਵਿਗੜਿਆ ਈ ਵਿਗੜਿਆ ਏ, ਦਿਮਾਗ ਤੇਰਾ ਵੀ ਠੀਕ ਨਹੀਂ ਲਗਦਾ ਮੈਨੂੰ। ਕੀ ਬਣੂੰ ਏਸ ਘਰ ਦਾ?" ਉਹ ਫੇਰ ਰੋਣ ਲੱਗ ਪਈ।

—ਮੈਨੂੰ ਤੰਗ ਨਾ ਕਰ, ਰੱਬ ਦੇ ਵਾਸਤੇ। ਢੱਠੇ ਖੂਹ 'ਚ ਪਵੇ ਇਹ ਘਰ। ਢੱਠੇ ਖੂਹ 'ਚ ਪਵੋ ਤੁਸੀਂ ਸਾਰੇ।" ਰੂਪ ਚੰਦ ਨੇ ਉਠ ਕੇ ਪਤਨੀ ਦੇ ਸਾਹਮਣੇ ਹੱਥ ਜੋੜੇ, ਤੇ ਬਾਹਰ ਵਿਹੜੇ ਵਿਚ ਆ ਗਿਆ।

ਸਾਰੀ ਰਾਤ ਇਸੇ ਤਰ੍ਹਾਂ ਹੀ ਬੋਲਦਿਆਂ, ਲੜਦਿਆਂ, ਉਹਨਾਂ ਨੇ ਦਿਨ ਚੜ੍ਹਾਇਆ ਸੀ।

ਵਿਹੜੇ ਵਿਚ ਉਸਨੇ ਆ ਕੇ ਵੇਖਿਆ, ਕੁਝ ਕੁਝ ਚਾਨਣ ਹੋ ਰਿਹਾ ਸੀ। ਉਸਨੂੰ ਵੇਖ ਕੇ, ਗਾਂ ਰੰਭੀ, ....."ਉਹ ਹੋ, ਵਿਚਾਰੀ ਸਾਰੀ ਰਾਤ ਦੀ ਭੁੱਖੀ ਐ। ਫਿਕਰ 'ਚ ਪੱਠੇ ਪਾਉਣ ਦਾ ਚੇਤਾ ਹੀ ਨੀ ਰਿਹਾ। ਤਦੇ ਰੌਲਾ ਤੜਾਉਂਦੀ ਸੀ....." ਖੁਰ-ਵੱਢ ਕਰਦੀ ਗਾਂ ਵੱਲ ਵੇਖਕੇ ਉਹ ਦੁਖੀ ਹੋਇਆ ਪਰ ਪੁੱਤ ਦੇ ਘਰ ਨਾ ਆਉਣ ਦਾ ਫਿਕਰ ਇਸ ਨਾਲੋਂ ਵੀ ਡਾਢਾ ਸੀ। "ਪਹਿਲਾਂ ਉਸੇ ਦਾ ਪਤਾ ਕਰਾਂ, ਪੱਠੇ ਫੇਰ ਈ ਆ ਕੇ ਪਾਊਂ ਤੈਨੂੰ। ਕੀ ਪਤਾ ਕਿਥੇ ਹੋਊਗਾ ਕੰਜਰ? ਖਾ ਪੀ ਕੇ ਚਰਨ ਦੇ ਘਰ ਈ ਨਾ ਸੌਂ ਗਿਆ ਹੋਵੇ?" ਉਪਰੋਂ ਭਾਵੇਂ ਉਹ ਆਪਣੀ ਪਤਨੀ ਨਾਲ ਲੜਿਆ ਸੀ, ਪਰ ਅੰਦਰੋਂ ਨੌਜਵਾਨ ਪੁੱਤਰ ਦੇ ਘਰ ਨਾ ਆਉਣ ਤੇ ਦੁਖੀ ਵੀ ਸੀ।

ਉਸਨੇ ਭੁੱਖੀ ਗਾਂ ਵਲ ਝਾਕਦੇ ਨੇ ਆਹਿਸਤਾ ਜਿਹੇ ਬੂਹਾ ਖੋਹਲਿਆ ਤੇ ਚਰਨ ਦੇ ਘਰ ਵਲ "ਰਾਮ....ਰਾਮ....ਰਾਮ" ਕਰਦਾ ਤੁਰ ਪਿਆ।

"...ਜਦੋਂ ਸ਼ਰਾਬ ਪੀਣ ਕਿਤੇ ਬਹਿ ਜਾਂਦੇ ਐ, ਫੇਰ ਤਾਂ ਵੇਲਾ ਕੁਵੇਲਾ ਵੇਖਦੇ ਈ ਨੀ। ਕੰਜਰ। ਐਂ ਤਾਂ ਸੋਚੇ, ਪਿਛੇ ਘਰ ਵਾਲਿਆਂ ਦਾ ਕੀ ਹਾਲ ਹੋਏਗਾ? ਸਹੁਰੇ ਕਿਸੇ ਕੁੜੀ ਕੜੀ ਦੇ ਚੱਕਰ 'ਚ ਨਾ ਹੋਣ। ਅੱਜ ਕੱਲ੍ਹ ਬੰਦਾ ਮਾਰਨਾ ਸੌਖੈ, ਸਹਾ ਫੜਨਾ ਔਖੈ। ....ਕਿਸੇ ਨਾਲ ਲੜ ਈ ਨਾ ਪਏ ਹੋਣ। ਕਿਤੇ ਸੱਟਾਂ ਨਾ ਖਾਈ ਪਿਆ ਹੋਵੇ। ਕਿੰਨੀ ਵਾਰ ਸਮਝਾਇਆ ਐ ਉਸਨੂੰ, ਪਰ ਉਹ ਕਿਸੇ ਭੜੂਏ ਦੀ ਸੁਣੇ ਤਾਂ ਹੀ ਨਾ। ਐਤਕੀ ਦੇਵੀ ਮੇਹਰ ਕਰੇ, ਸੁੱਖ ਸਾਂਦ ਨਾਲ ਘਰ ਆ ਜਾਵੇ। ਮੈਂ ਉਸਨੂੰ ਕਿਸੇ ਦੂਰ ਦੀ ਰਿਸ਼ਤੇਦਾਰੀ 'ਚ ਹੀ ਭੇਜ ਦੇਣੈ। ਭੈੜੀ ਸੰਗਤ ਤੋਂ ਦੂਰ ਹੀ ਰੱਖਣਾ ਪਊ ਤਾਂ ਬਚੂ ਮੁੰਡਾ। ਕੱਲਾ ਪੁੱਤ ਤਾਂ ਹਥੇਲੀ ਦੇ ਫੋੜੇ ਆਂਗੂੰ ਬਚਾ ਕੇ ਰੱਖਣਾ ਪੈਂਦੈ।" ਅਜਿਹੀਆਂ ਸੋਚਾਂ ਸੋਚਦੇ ਨੇ ਚਰਨ ਦਾ ਬੂਹਾ ਜਾ ਖੜਕਾਇਆ।

—ਲਾਲਾ ਜੀ ਐਹ ਵੇਲੇ?" ਬੂਹਾ ਖੋਹਲਦਾ ਚਰਨ ਦਾ ਪਿਉ ਹੈਰਾਨ ਹੋਇਆ।

—ਪ੍ਰਕਾਸ਼ ਨੀ ਆਇਆ ਘਰੇ, ਸਾਰੀ ਰਾਤ ਲੰਘਗੀ। ਕਿਤੇ....ਇਥੇ....?"

—ਚਰਨ ਹੋ ਨੀ ਘਰੇ ਕੱਲ੍ਹ ਦਾ। ਮੈਂ ਤਾਂ ਆਪ ਤੇਰੇ ਕੋਲ ਪਤਾ ਕਰਨ ਆਉਣਾ ਸੀ?"

ਰੂਪ ਚੰਦ ਦੇ ਪੈਰਾਂ ਨੂੰ ਮਿਲਦੀ ਧਰਤੀ ਫੇਰ ਖਿਸਕ ਗਈ। ਉਹ ਲੱਛੂ ਵਲ



ਗਿਆ, ਉਹ ਵੀ ਘਰੇ ਨਹੀਂ ਸੀ।

ਬੜਾ ਦੁਖੀ ਹੋਇਆ। ...."ਕਿਧਰ ਗਏ ਸਾਰੇ....? ਰਾਤ ਭਰ ਬਾਹਰ ਰਹਿਣ ਦਾ ਕਾਰਨ ਕੀ ਹੋਇਆ? ਪੁਲੀਸ ਵਾਲੇ ਤਾਂ ਕਿਸੇ ਸ਼ੱਕ ਵਿਚ ਨਹੀਂ ਲੈ ਗਏ? ਖਾੜਕੂਆਂ ਦੇ ਅੜਿੱਕੇ ਤਾਂ ਨਹੀਂ ਆ ਗਿਆ ਮੁੰਡਾ....? ਪਰ ਚਰਨ ਤੇ ਲੱਛੂ ਵੀ ਤਾਂ ਨਾਲ ਈ ਹੋਣਗੇ। ਭਲਾ ਪੁੱਛੋ ਕੰਜਰ ਨੂੰ, ਤੇਰਾ ਏਹਨਾਂ ਨਾਲ ਕੀ ਮੇਲ? ਤੂੰ ਬਾਣੀਆਂ ਪੁੱਤ, ਉਹ ਸਾਰੇ ਨੰਗ, ਮੰਗ ਖਾਊ ਜਾਤਾਂ। ਕੁਝ ਅਕਲ ਕਰ...ਹੂੰਅ। ਲਾਲਿਆਂ ਦਾ ਖੂਨ ਨਾ ਕਹਿਣ ਤੇ ਅਜੇ ਉਹਦੀ ਮਾਂ ਗਲ ਨੂੰ ਆਉਂਦੀ ਐ।" ...ਫਿਰ ਸੋਚਣ ਲੱਗਾ, "ਸਾਨੂੰ ਦੱਸੇ ਬਿਨਾਂ ਆਪਣੀ ਭੈਣ ਕੋਲ ਨਾ ਚਲਿਆ ਗਿਆ ਹੋਵੇ ਕਿਤੇ। ਪਹਿਲਾਂ ਇਕ ਵਾਰੀ ਰੁੱਸ ਕੇ ਆਪਣੀ ਮਾਸੀ ਕੋਲ ਤੁਰ ਗਿਆ ਸੀ। ਪਰ ਇਸ ਵਾਰੀ ਤਾਂ ਗੁੱਸੇ ਗਿਲੇ ਵਾਲੀ ਕੋਈ ਗੱਲ ਹੀ ਨਹੀਂ....।" ਅਜਿਹੀਆਂ ਸੋਚਾਂ ਸੋਚਦਾ ਰੂਪ ਚੰਦ ਮੂੰਹ ਲਟਕਾ ਕੇ ਘਰ ਆ ਗਿਆ। ਉਸਨੂੰ ਢਿੱਲਾ ਤੇ ਸਾਹ-ਸਤਹੀਣ ਵੇਖ ਕੇ ਪ੍ਰਕਾਸ਼ ਦੀ ਮਾਂ ਨੂੰ ਕੁਝ ਪੁੱਛਣ ਦਾ ਹੌਸਲਾ ਹੀ ਨਾ ਪਿਆ।

ਰੂਪ ਚੰਦ ਨੇ ਹਰ ਰੋਜ਼ ਵਾਂਗ ਕ੍ਰਿਸ਼ਨ ਦੀ ਮੂਰਤੀ ਸਾਹਮਣੇ ਨਾ ਆਰਤੀ ਕੀਤੀ, ਨਾ ਟੱਲੀਆਂ ਵਜਾਈਆਂ, ਨਾ ਦੁਕਾਨ ਖੋਹਲੀ, ਨਾ ਧੂਫ ਦਿੱਤੀ। ਉਹ ਇਕ ਦੋਹ ਨੇੜਲੀਆਂ ਰਿਸ਼ਤੇਦਾਰੀਆਂ ਵਿਚ ਪਤਾ ਕਰਨ ਲਈ ਤਿਆਰ ਹੋਣ ਲੱਗਾ।

ਤੁਰਨ ਲੱਗੇ ਨੂੰ ਪ੍ਰਕਾਸ਼ ਦੀ ਮਾਂ ਨੇ ਬੜੀਆਂ ਹਦਾਇਤਾਂ ਦਿੱਤੀਆਂ, "ਵੱਡੀ ਕੁੜੀ ਕੋਲੋਂ ਜ਼ਰੂਰ ਜਾਈਂ। ਮੇਰੇ ਭਰਾ ਕੋਲ ਵੀ ਜਾਣਾ ਨਾ ਭੁੱਲੀਂ। ਮੁੜਦਾ ਮੇਰੀ ਭੈਣ ਕੋਲ ਵੀ ਪਤਾ ਕਰੀਂ।"

"ਗਊ ਨੂੰ ਪੱਠੇ ਪਾ ਦਈਂ ਵੇਲੇ ਨਾਲ। ਸਾਰੀ ਰਾਤ ਭੁੱਖੀ ਰਹੀ ਵਿਚਾਰੀ।" ਉਸਨੇ ਵੀ ਪਤਨੀ ਨੂੰ ਸਮਝਾਇਆ। ਘਰੋਂ ਤੁਰਨ ਤੋਂ ਲੈ ਕੇ ਪਿੰਡ ਦੀ ਜੂਹ ਛੱਡਣ ਤੱਕ ਰੂਪ ਚੰਦ ਸੋਚਦਾ ਰਿਹਾ....ਪ੍ਰਕਾਸ਼ ਹੁਣ ਵੀ ਆਇਆ... ਹੁਣ ਵੀ ਆਇਆ। ਪਰ ਪ੍ਰਕਾਸ਼ ਆਇਆ ਨਹੀਂ।

ਜਿਨ੍ਹਾਂ ਰਿਸ਼ਤੇਦਾਰੀਆਂ ਵਿਚ ਰੂਪ ਚੰਦ ਗਿਆ, ਉਹ ਸੁਣ ਕੇ ਹੈਰਾਨ ਹੋਏ। ਇਕ ਨੇ ਤਾਂ ਇਥੋਂ ਤਕ ਕਹਿ ਦਿੱਤਾ, "ਤੇਰਾ ਮੁੰਡਾ ਅਗਵਾ ਹੋ ਗਿਆ ਰੂਪ ਚੰਦ। ਹੁਣ ਚਿੱਠੀ ਆਏਗੀ। ਫਿਰੌਤੀ ਲਈ ਪੈਸੇ ਮੰਗੇ ਜਾਣਗੇ। ਦੇਖ ਲਈਂ ਤੂੰ।" ਉਸਨੇ ਰੂਪ ਚੰਦ ਦਾ ਰਹਿੰਦਾ ਖੂੰਹਦਾ ਸਾਹ-ਸਤ ਵੀ ਕੱਢ ਦਿੱਤਾ।

ਕੋਈ ਦਿਲ ਧਰਾਉਂਦਾ, "ਤੇਰੇ ਮੁੜਨ ਤੀਕ ਮੁੰਡਾ ਘਰੇ ਆ ਗਿਆ ਹੋਊ। ਅੱਜ ਕੱਲ੍ਹ ਲੜਕਿਆਂ ਦਾ ਪਤਾ ਨਹੀਂ ਲਗਦਾ ਕੁਝ। ਪਤਾ ਕਰਨਾ ਸੀ, ਪਿੰਡ 'ਚੋਂ ਕੋਈ ਲੜਕੀ ਤਾਂ ਨੀ ਗਾਇਬ ਹੋਈ?"

ਕੋਈ ਮੱਤ ਦਿੰਦਾ, "ਰੂਪ ਚੰਦ ਜੀ, ਐਸ ਉਮਰ ਤੱਕ ਮੁੰਡਾ ਵਿਆਹ ਦੇਣਾ ਚਾਹੀਦਾ ਸੀ ਤੈਨੂੰ। ਕਬੀਲਦਾਰੀ 'ਚ ਪਿਆ ਹੁੰਦਾ। ਦੁਕਾਨ ਤੇ ਬਹਿੰਦਾ। ਲੈਣ ਦੇਣ ਦਾ ਫਿਕਰ ਪੈਂਦਾ। ਤੈਨੂੰ ਕੋਈ ਆਸਰਾ ਮਿਲਦਾ। ਐਨਾ ਪੜ੍ਹਾ ਲਿਖਾ ਕੇ ਵਿਹਲਾ ਰੱਖਣ ਦਾ ਕੀ ਲਾਭ ਹੋਇਆ?"

—ਪੜ੍ਹਾਇਆ ਤਾਂ ਸੀ, ਕੋਈ ਅਫਸਰ ਬਣੇਗਾ। ਅਫਸਰ ਤਾਂ ਹੀ ਬਣਦਾ ਜੇ

ਦੇਵੀ ਦੀ ਕਿਰਪਾ ਹੁੰਦੀ ਮੇਰੇ ਤੇ। ਬੀ.ਏ. ਕਰ ਕੇ ਤਿੰਨ ਸਾਲ ਹੋ ਗਏ ਵਿਹਲੇ ਫਿਰਦੇ ਨੂੰ। ਕੀ ਆਂਹਦੇ ਹੁੰਦੇ ਐ, ਅਪਲਾਈਮੈਂਟ 'ਚ ਨਾਂ ਵੀ ਦਰਜ ਕਰਾਇਆ। ਕਦੇ ਕੋਈ ਫਾਰਮ ਪਰ ਕੇ ਭੇਜਦਾ, ਕਦੇ ਕੋਈ। ਇਮਤਿਹਾਨ ਵੀ ਦੇ ਆਉਂਦਾ। ਪਾਸ ਵੀ ਹੋ ਜਾਂਦਾ। ਪਰ ਨੌਕਰੀ ਦੀ ਕਦੇ ਕੋਈ ਚਿੱਠੀ ਨਾ ਆਈ। ਫੇਰ ਮਾੜੀ ਤਕਦੀਰ, ਵਿਹਲੇ ਫਿਰਦੇ ਦੇ ਤਿੰਨ ਮੁੰਡੇ ਬੇਲੀ ਪਤਾ ਨਹੀਂ ਕਿਵੇਂ ਬਣਗੇ? ਹੱਟੀ ਤੇ ਈ ਅੱਡਾ ਮਾਰਨ ਲੱਗ ਪਏ। ਜੇ ਉਹ ਨਾ ਆਉਂਦੇ ਤਾਂ ਇਹ ਉਹਨਾਂ ਕੋਲ ਜਾਇਆ ਕਰੇ। ਦੁਕਾਨ ਦਾ ਅੱਧਾ ਸਮਾਨ ਤਾਂ ਯਾਰ ਬੇਲੀ ਖਾਗੇ। ਅੱਧੀ ਅੱਧੀ ਰਾਤ ਘਰ ਮੁੜਨ ਲੱਗਾ। ਸ਼ਰਾਬ ਪੀਣ ਲੱਗਾ। ਆਪਣੇ ਤੋਂ ਗਿੱਠ ਉੱਚੇ ਪੜ੍ਹੇ ਲਿਖੇ ਜੁਆਨ ਲੜਕੇ ਨੂੰ ਕਿਵੇਂ ਝਿੜਕਦਾ? ਜੇ ਮੇਰੀਆਂ ਈ ਬੋਦੀਆਂ 'ਚ ਹੱਥ ਪਾ ਲੈਂਦਾ....ਫੇਰ? ਪੁੱਛਣਾ, ਕਿਥੋਂ ਆਇਐਂ? ਉਲਟੇ ਈ ਸ਼ਲੋਕ ਸੁਣਾਉਂਦਾ। ਪੁੱਛਣਾ ਈ ਛੱਡ ਦਿੱਤਾ। ਹੁਣ ਆਹ ਕੁਝ ਦੇਖਣਾ ਪਿਐ.....।" ਸਫ਼ਾਈ ਦੇ ਕੇ ਰੂਪ ਚੰਦ ਨੇ ਹਉਕਾ ਲਿਆ।

ਸਭ ਰਿਸ਼ਤੇਦਾਰੀਆਂ ਵਲੋਂ ਨਿਰਾਸ਼ ਹੋ ਕੇ ਤੇ ਵੰਨਾ ਵੰਨੀ ਦੀਆਂ ਰਾਵਾਂ ਲੈ ਕੇ, ਥੱਕ ਟੁੱਟ ਕੇ ਰੂਪ ਚੰਦ ਘਰ ਮੁੜਿਆ ਤਾਂ ਪ੍ਰਕਾਸ਼ ਅਜੇ ਵੀ ਘਰ ਨਹੀਂ ਸੀ ਮੁੜਿਆ।

ਪਤਾ ਲੱਗਿਆ, ਚਰਨ ਤੇ ਲੱਛੂ ਰਾਮ ਵੀ ਅਜੇ ਤੱਕ ਪਿੰਡੋਂ ਗਾਇਬ ਸਨ।

ਹੁਣ ਤਾਂ ਪਿੰਡ ਦੇ ਲੋਕ ਵੀ ਰੂਪ ਚੰਦ ਕੋਲ ਖਬਰ ਲਈ ਆਉਣ ਲੱਗੇ। ਤਿੰਨੋਂ ਕਿਥੇ ਗਏ? ਸਾਰਾ ਪਿੰਡ ਹੈਰਾਨ ਸੀ।

ਜਦੋਂ ਪ੍ਰਕਾਸ਼ ਦੀ ਝਾਈ ਇਕੱਲੀ ਹੁੰਦੀ, ਰੂਪ ਚੰਦ ਨੂੰ ਠੰਢੀਆਂ ਤੱਤੀਆਂ ਸੁਣਾਉਂਦੀ। "ਤੈਨੂੰ ਆਖਿਆ ਸੀ, ਪਿੰਡ ਛੱਡ ਕੇ ਸ਼ਹਿਰ ਚਲੇ ਚੱਲੀਏ। ਕਿੰਨੇ ਆਪਣੇ ਰਿਸ਼ਤੇਦਾਰ ਪਿੰਡ 'ਚੋਂ ਸ਼ਹਿਰ ਚਲੇ ਗਏ ਨੇ। ਤੂੰ ਮੇਰੀ ਇਕ ਨਾ ਸੁਣੀ। ਮੇਰਾ ਇਕੱਲਾ ਪੁੱਤ ਤੂੰ ਮਰਵਾ ਕੇ ਫੇਰ ਚੱਟੀ ਜਾਈਂ ਪਿੰਡ ਨੂੰ ਤੇ ਆਪਣੀ ਹੱਟੀ ਨੂੰ। ਆਂਹਦਾ ਸੀ, ਸ਼ਹਿਰ ਜਾ ਕੇ ਭੁੱਖੇ ਮਰਨ ਨਾਲੋਂ ਏਥੇ ਖਾਂਦੇ ਪੀਂਦੇ ਮਰਾਂਗੇ.....।" ਉਹ ਰੋਣ ਲਗਦੀ। ਰੂਪ ਚੰਦ ਨੂੰ ਕੁਝ ਸਮਝ ਨਾ ਆਉਂਦਾ, ਉਹ ਕੀ ਕਹੇ? ਕੀ ਕਰੇ?

ਰਾਤ ਫੇਰ ਆ ਗਈ। ਮੰਜੇ ਤੇ ਪਿਆ ਉਹ ਦੇਰ ਤੱਕ ਸੋਚਦਾ ਰਿਹਾ, "ਜੇ ਅਗਵਾ ਹੋ ਗਿਆ ਹੁੰਦਾ, ਹੁਣ ਤੀਕਰ ਤਾਂ ਕੋਈ ਚਿੱਠੀ ਸੁਨੇਹਾ ਮਿਲ ਜਾਣਾ ਸੀ। ਕੱਲ੍ਹ ਨੂੰ ਠਾਣੇ ਇਤਲਾਹ ਦੇਵਾਂ? ਪਹਿਲਾਂ ਸਰਪੰਚ ਨਾਲ ਗੱਲ ਕਰਾਂ। ....ਠਾਣੇ ਜਾ ਕੇ ਤਾਂ ਆਪਣੇ ਗਲ ਆਪ ਮੁਸੀਬਤ ਪੁਆਉਣ ਵਾਲੀ ਗੱਲ ਹੈ। ਜੇ ਉਸਨੂੰ ਮੈਂ ਪਹਿਲਾਂ ਹੀ ਵਰਜ ਕੇ ਰੱਖਦਾ, .....ਜੇ ਕੋਹੜੇ ਨੂੰ ਵੇਲੇ ਸਿਰ ਨੌਕਰੀ ਹੀ ਮਿਲ ਜਾਂਦੀ। ....ਰਿਸ਼ਤੇਦਾਰਾਂ ਦੇ ਕਹਿਣ ਵਾਂਗ ਵਿਆਹ ਹੀ ਦਿੱਤਾ ਜਾਂਦਾ.....। ਗਿਣਤੀਆਂ ਮਿਣਤੀਆਂ ਕਰਦਾ, ਉਹ ਪ੍ਰਕਾਸ਼ ਦੀ ਮਾਂ ਵੱਲ ਝਾਕਿਆ। ਉਹ ਕਦੇ ਉਠ ਕੇ ਬੈਠ ਜਾਂਦੀ ਸੀ, ਕਦੇ ਬੂਹਾ ਖੜਕਦੇ ਦੀ ਬਿੜਕ ਲੈਣ ਲੱਗ ਜਾਂਦੀ ਸੀ, ਕਦੇ ਰੋਣ ਲੱਗ ਜਾਂਦੀ ਸੀ। ਰੂਪ ਚੰਦ ਦਾ ਉਸਨੂੰ ਬੁਲਾਉਣ ਦਾ ਹੌਸਲਾ ਨਹੀਂ ਸੀ ਪੈਂਦਾ।"

ਉਹ ਆਪ ਸੌਣ ਲਈ ਅੱਖਾਂ ਮੀਚਦਾ। ਨੀਂਦ ਤਾਂ ਨਾ ਆਉਂਦੀ, ਸਗੋਂ ਅੱਖਾਂ ਬੰਦ ਕੀਤਿਆਂ ਹੀ ਸਾਹਮਣੇ ਪ੍ਰਕਾਸ਼ ਆ ਖੜ੍ਹਦਾ। ਤ੍ਰਭੱਕ ਕੇ ਅੱਖਾਂ ਖੋਹਲਦਾ, ਸਭ ਕੁਝ ਭਾਈਂ ਮਾਈਂ ਹੋ ਜਾਂਦਾ। ਫਿਰ ਅੱਖਾਂ ਬੰਦ ਕਰਦਾ, ਫਿਰ ਪ੍ਰਕਾਸ਼ ਕੋਲ ਆ ਖਲੋਂਦਾ।



ਹੈਰਾਨ ਹੋਇਆ, ਉਹ ਸਾਰਾ ਬੀਤਿਆ ਕਿਸੇ ਫਿਲਮ ਵਾਂਗ ਵੇਖਣ ਲਗਦਾ।

...ਪ੍ਰਕਾਸ਼ ਬੀ.ਏ. ਕਰ ਕੇ ਜਦੋਂ ਵਿਹਲਾ ਫਿਰਨ ਲੱਗਾ ਸੀ, ਗੱਲ ਤਾਂ ਉਦੋਂ ਹੀ ਵਿਗੜਨੀ ਸ਼ੁਰੂ ਹੋ ਗਈ ਸੀ। ਲੱਛੂ ਰਾਮ ਤੇ ਚਰਨ ਉਸਦੇ ਦਸਵੀਂ ਤੱਕ ਜਮਾਤੀ ਰਹੇ ਸਨ। ਘਰਾਂ ਦੀਆਂ ਤੰਗੀਆਂ ਕਾਰਨ ਦੋਵੇਂ ਹੀ ਪੜ੍ਹਨੋਂ ਹਟ ਗਏ ਸਨ। ਵੇਲੇ ਕੁਵੇਲੇ ਉਹ ਪ੍ਰਕਾਸ਼ ਨੂੰ ਮਿਲਦੇ, ਗੱਪਾਂ ਮਾਰਦੇ, ਇਕ ਦੂਸਰੇ ਨੂੰ ਛੇੜਦੇ।....

—ਤੂੰ ਤਾਂ ਲਾਲਾ ਪੜ੍ਹ ਲਿਖ ਕੇ ਨੌਕਰੀ ਕਰ ਲੇਂਗਾ। ਨੌਕਰੀ ਨਾ ਮਿਲੀ ਤਾਂ ਹੱਟੀ ਤੇ ਬਹਿ ਜੇਂਗਾ। ਅਸੀਂ ਦੱਸ ਕਿੱਧਰ ਨੂੰ ਜਾਈਏ?

—ਸਾਨੂੰ ਤਾਂ ਕੋਈ ਜੱਟ ਸੀਰੀ ਵੀ ਨੀ ਰਲਾਉਂਦਾ। ਸਾਡੇ ਪੜ੍ਹਿਆਂ ਲਿਖਿਆਂ ਤੋਂ ਡਰ ਜਾਂਦੇ। ਆਖਦੇ, ਇਹ ਕਿਥੋਂ ਮਿੱਟੀ ਨਾਲ ਮਿੱਟੀ ਹੋ ਜਾਣਗੇ।"

—ਮਾਂ ਪਿਉ ਅੱਡ ਅੱਖਾਂ ਕੱਢਦੇ ਐ। ਕਹਿੰਦੇ ਪੜ੍ਹੇ ਲਿਖੇ ਨਾ ਹੁੰਦੇ, ਬਰਾਬਰ ਦੀ ਬਾਂਹ ਬਣਦੇ। ਹੁਣ ਸਾਡੀ ਰੋਟੀ ਖਾਧੀ ਵੀ ਚੁੱਭਦੀ ਐ ਉਹਨਾਂ ਨੂੰ।"

—ਥੋਡਾ ਤਾਂ ਕੋਟਾ ਰੀਜ਼ਰਵ ਕੀਤਾ ਹੋਇਆ ਐ ਸਰਕਾਰ ਨੇ।" ਪ੍ਰਕਾਸ਼ ਵੀ ਬਰਾਬਰ ਦੀ ਸੱਟ ਮਾਰਦਾ।

—ਮੈਂ ਕਿਹੜੇ ਕੋਟੇ 'ਚ ਆਉਨਾਂ? ਬਾਪੂ ਕੋਲੇ ਇਕ ਕਿੱਲਾ ਨੀ, ਲੋਕ ਉਹਨੂੰ ਬਰਾੜ ਸਾਹਬ ਕਹਿ ਕੇ ਬੁਲਾਉਂਦੇ ਐ। ਕਾਗਜ਼ਾਂ 'ਚ ਤਾਂ ਅਸੀਂ ਜੱਟ ਆਂ, ਭਾਵੇਂ ਠੂਠੇ ਨਾਲ ਕਨਾਲਾ ਵਜਦਾ ਹੋਵੇ।"

ਪਰ ਕਦੇ ਕਦੇ ਲੱਛੂ ਤੇ ਚਰਨ ਬੜਾ ਹੌਸਲੇ 'ਚ ਹੁੰਦੇ... "ਲਾਲਿਆ, ਹੁਣ ਧੋ ਦਿਆਂਗੇ ਸਾਰੇ ਧੋਣੇ। ਪੋਤੜਿਆਂ ਦਾ ਗੰਦ ਕੱਢ ਦਿਆਂਗੇ। ਵੇਖਦਾ ਜਾਈਂ ਤੂੰ ਬਣਦਾ ਕੀ ਆ।"

ਪ੍ਰਕਾਸ਼ ਹੈਰਾਨ ਹੋਇਆ ਉਹਨਾਂ ਵੱਲ ਵੇਖਦਾ ਰਹਿੰਦਾ।

ਇਸ ਤਰ੍ਹਾਂ ਹੀ ਪਤਾ ਵੀ ਨਾ ਲੱਗਿਆ। ਪ੍ਰਕਾਸ਼ ਬੀ.ਏ. ਕਰ ਗਿਆ। ਸਾਲ ਕੁ ਤਾਂ ਉਹ ਨੌਕਰੀ ਲਈ ਬੜਾ ਭੱਜਿਆ। ਫਿਰ ਥੱਕ ਕੇ ਬਹਿ ਗਿਆ। ਦਿਲ ਟੁੱਟ ਗਿਆ। ਨਿਰਾਸ਼ ਹੋ ਗਿਆ। ਹੱਟੀ ਤੇ ਬੈਠਣ ਨੂੰ ਰੂਹ ਨਾ ਕਰਦੀ। ਚਰਨ ਤੇ ਲੱਛੂ ਵੀ ਕਦੇ ਕਦੇ ਮਿਲਦੇ। ਹੁਣ ਉਹ ਪ੍ਰਕਾਸ਼ ਵਾਂਗ ਨਿਰਾਸ਼ ਨਹੀਂ ਹੁੰਦੇ ਸਨ। ਪੂਰੇ ਖਿੜੇ ਰਹਿੰਦੇ। ਆਥਣੇ ਘੁੱਟ ਸ਼ਰਾਬ ਵੀ ਪੀਤੀ ਹੁੰਦੀ। ਕੱਪੜੇ ਵੀ ਪਹਿਲਾਂ ਨਾਲੋਂ ਚੰਗੇ ਪਾਏ ਹੁੰਦੇ।

—ਕੰਜਰੋ, ਖਰਚ ਕਿਥੋਂ ਆਉਂਦੇ ਥੋਡੇ ਕੋਲ?" ਪ੍ਰਕਾਸ਼ ਹੈਰਾਨ ਹੁੰਦਾ।

—ਲਾਲਾ ਆਥਣੇ ਆਈਂ ਉਧਰ ਸਾਡੇ ਵੱਲ। ਦੇਖੀਂ ਤੇਰੀ ਦੇਵੀ ਕਿਵੇਂ ਮੇਹਰਬਾਨ ਹੋ ਕੇ ਫੁੱਲ ਬਰਸਾਉਂਦੀ ਐ।" ਲੱਛੂ ਤੇ ਚਰਨ ਉਸਨੂੰ ਹਰ ਰੋਜ਼ ਇਹੋ ਜੇ ਨਿਉਂਦੇ ਦਿੰਦੇ। ਪ੍ਰਕਾਸ਼ ਗੱਲ ਆਈ ਗਈ ਕਰ ਦਿੰਦਾ। ਪਰ ਇਕ ਆਥਣ ਉਹ ਪ੍ਰਕਾਸ਼ ਨੂੰ ਧੱਕੇ ਨਾਲ ਅਜਿਹਾ ਲੈ ਕੇ ਗਏ, ਹੁਣ ਉਹ ਆਪ ਹੀ ਆਥਣ ਵੇਲੇ ਉਹਨਾਂ ਦਾ ਸੱਦਾ ਉਡੀਕਦਾ ਰਹਿੰਦਾ। ਜੇ ਉਹ ਤਿੰਨ ਚਾਰ ਦਿਨ ਨਾ ਮਿਲਦੇ ਤਾਂ ਆਪ ਉਹਨਾਂ ਕੋਲ ਜਾਂਦਾ।

ਇਕ ਸ਼ਾਮ ਧੱਕ ਧਕਾ ਕੇ ਉਹਨਾਂ ਪ੍ਰਕਾਸ਼ ਨੂੰ ਸ਼ਰਾਬ ਪਿਆ ਦਿੱਤੀ। ਰੂਪ

ਚੰਦ ਨੂੰ ਪਤਾ ਤਾਂ ਉਸ ਦਿਨ ਹੀ ਲੱਗ ਗਿਆ ਸੀ। ਉਸਨੇ ਸੋਚਿਆ, ਮੁੰਡਾ ਨੌਕਰੀ ਨਾ ਮਿਲਣ ਦਾ ਹੇਰਵਾ ਕਰਦਾ ਹੈ। ਉਦਾਸ ਰਹਿੰਦਾ ਹੈ, ਬਹੁਤੀ ਉਦਾਸੀ ਜੁਆਨ ਮੁੰਡਿਆਂ ਲਈ ਚੰਗੀ ਨਹੀਂ। ਚਲੋ ਇਸ ਬਹਾਨੇ ਹੱਸ ਖੇਡ ਲੈਂਦਾ ਹੋਵੇਗਾ। ਇਸ ਗੱਲ ਦੀ ਕੋਈ ਨਮੋਸ਼ੀ ਤਾਂ ਹੈ ਨੀ। ਕਿਹੜਾ ਲੜਕੀ ਹੈ, ਸਿਰ ਖੇਹ ਪਵਾਏਗੀ.... ?

ਹੌਲੀ-ਹੌਲੀ ਪ੍ਰਕਾਸ਼ ਦਾ ਜਾਣਾ ਲੱਛੂ ਤੇ ਚਰਨ ਵੱਲ ਜ਼ਿਆਦਾ ਹੋਣ ਲੱਗਾ। ਉਹ ਵੀ ਆ ਕੇ, ਜੇ ਪ੍ਰਕਾਸ਼ ਹੱਟੀ ਤੇ ਬੈਠਾ ਹੁੰਦਾ ਅੱਡਾ ਮਾਰਦੇ।

ਇਕ ਸ਼ਾਮ ਤਿੰਨੋਂ ਸ਼ਰਾਬੀ ਸਨ। ਚਰਨ ਨੇ ਲੱਛੂ ਰਾਮ ਵਲ ਗੁੱਝਾ ਝਾਕਦਿਆਂ ਕਿਹਾ, "ਆਉ ਨਹਿਰ ਦੇ ਪੁਲ ਤੇ ਘੁੰਮਣ ਚੱਲੀਏ।"

ਤੇ ਉਹ ਤਿੰਨੋਂ ਇਕ ਦੂਸਰੇ ਨੂੰ ਛੇੜਦੇ, ਟਿੱਚਰਾਂ ਕਰਦੇ ਨਹਿਰ ਦੇ ਪੁਲ ਤੇ ਆ ਗਏ। ਸੂਰਜ ਕਦੋਂ ਦਾ ਡੁੱਬ ਚੁੱਕਾ ਸੀ। ਹਨੇਰਾ ਹੋ ਗਿਆ ਸੀ। ਸਿਆਲਾਂ ਦੇ ਦਿਨ ਸਨ। ਇਹੋ ਜੇਹੇ ਕੁਵੇਲੇ ਸ਼ਹਿਰ ਵਲੋਂ ਕੋਈ ਟਾਵਾਂ ਟਾਵਾਂ ਬੰਦਾ ਹੀ ਆਉਂਦਾ ਸੀ। ਸਮਾਂ ਹੀ ਅਜਿਹਾ ਸੀ, ਲੋਕ ਵਕਤ-ਸਿਰ ਦਿਨ ਖੜ੍ਹੇ ਹੀ ਆਪੋ ਆਪਣੇ ਟਿਕਾਣਿਆਂ ਤੇ ਪਹੁੰਚਣ ਦੇ ਯਤਨ ਵਿਚ ਹੁੰਦੇ ਸਨ।

ਉਹ ਤਿੰਨੋਂ ਪੁਲ ਦੀ ਕੰਧ ਤੇ ਬੈਠੇ ਸਨ। ਪੁਲ ਹੇਠੋਂ ਲੰਘਦਾ ਨਹਿਰ ਦਾ ਪਾਣੀ ਅਜੀਬ ਸ਼ੋਰ ਕਰ ਰਿਹਾ ਸੀ। ਹਵਾ ਵਿਚ ਪੂਰੀ ਠੰਢ ਸੀ।

—ਲਾਲਾ! ਜੇ ਤੈਨੂੰ ਕੋਈ ਬੰਦਾ ਮਾਰਨਾ ਪੈ ਜੇ, ਮਾਰ ਲੇਂਗਾ?" ਲੱਛੂ ਨੇ ਛੇੜਿਆ।

—ਆਪਾਂ ਤਾਂ ਕਦੇ ਚਿੜੀ ਨਾ ਮਾਰੀ ਭਰਾਵੋ।" ਕਹਿਣ ਨੂੰ ਤਾਂ ਪ੍ਰਕਾਸ਼ ਇਕ ਦਮ ਕਹਿ ਗਿਆ, ਪਰ ਕੁਵੇਲਾ, ਇਕੱਲ, ਨਹਿਰ ਦਾ ਪੁਲ ਤੇ ਪਾਣੀ ਦਾ ਅਜੀਬ ਜਿਹਾ ਸ਼ੋਰ, ਪ੍ਰਕਾਸ਼ ਅੰਦਰੋਂ ਹਿੱਲ ਗਿਆ।

ਫੇਰ ਉਹ ਤਿੰਨੋਂ ਬਿਨਾਂ ਕਾਰਨ ਹੱਸਣ ਲੱਗੇ।

—ਚਲੋ ਯਾਰ, ਘਰਾਂ ਨੂੰ ਚੱਲੀਏ।" ਪ੍ਰਕਾਸ਼ ਨੇ ਸ਼ਰਾਬ ਦੇ ਨਸ਼ੇ 'ਚ ਧੁੜਧੁੜੀ ਲਈ ਤੇ ਠੰਢ ਕਾਰਨ ਬਾਹਾਂ ਕੱਛਾਂ ਵਿਚ ਲੈ ਲਈਆਂ।

ਏਨੇ ਨੂੰ ਸ਼ਹਿਰ ਵਲੋਂ ਆਉਂਦੇ ਕਿਸੇ ਸਾਈਕਲ ਸਵਾਰ ਦੀ ਘੰਟੀ ਵੱਜੀ।

ਲੱਛੂ ਰਾਮ ਤੇ ਚਰਨ ਹਨੇਰੇ ਵਿਚ ਇਕ ਦੂਸਰੇ ਵੱਲ ਭੇਦ ਭਰਿਆ ਝਾਕੇ। ਚਰਨ ਤੇ ਲੱਛੂ ਦਾ ਹੱਥ ਘੁੱਟਿਆ ਤੇ ਫੇਰ ਉਹਨਾਂ ਝੱਟ ਫ਼ੈਸਲਾ ਲੈ ਲਿਆ।

—ਲਾਲਾ ਐਥੇ ਈ ਬਹਿ ਜਾ, ਨੀਵੀਂ ਪਾ ਕੇ, ਉਤਾਂਹ ਨਾ ਝਾਕੀਂ।" ਲੱਛੂ ਨੇ ਦਬਕਾ ਮਾਰਿਆ ਤੇ ਝੱਟ ਆਪਣਾ ਮੂੰਹ ਸਾਫ਼ੇ ਦੇ ਲੜ ਨਾਲ ਢਕ ਲਿਆ। ਏਵੇਂ ਹੀ ਚਰਨ ਨੇ ਕੀਤੀ। ਪ੍ਰਕਾਸ਼ ਇਕਦਮ ਉਥੇ ਬਹਿ ਤਾਂ ਗਿਆ, ਪਰ ਉਹ ਨਾਲ ਹੀ ਕੰਬ ਗਿਆ।....

—ਕਿਤੇ ਮੈਨੂੰ ਤਾਂ ਨੀ.....?" ਉਸਨੂੰ ਜਾਪਿਆ, ਸ਼ਾਇਦ ਉਸਦਾ ਪਿਸ਼ਾਬ ਨਿਕਲ ਗਿਆ ਹੋ।

ਸਾਈਕਲ ਸਵਾਰ ਨੇੜੇ ਆ ਗਿਆ। ਚਰਨ ਤੇ ਲੱਛੂ ਪੁਲ ਦੇ ਵਿਚਕਾਰ ਆਣ ਖੜ੍ਹੇ।



—ਕਿਹੜਾ ਬਈ? ਐਥੇ ਈ ਖੜ੍ਹ ਜਾ।" ਚਰਨ ਨੇ ਭਾਰਾ ਜਿਹਾ ਬੋਲ ਬਣਾ ਕੇ ਦਬਕਾ ਮਾਰਿਆ।

ਸਾਈਕਲ ਵਾਲਾ ਰੁਕ ਗਿਆ।

—ਜਿਹੜਾ ਕੁਝ ਹੈਗਾ ਕੋਲੇ, ਬਾਹਰ ਕਰਦੇ।" ਇਕ ਹੋਰ ਦਬਕਾ ਹਨੇਰੇ 'ਚ ਉਭਰਿਆ।

—ਮੇਰੇ ਕੋਲ ਹੈਨੀਗਾ ਕੁਸ਼। ਮੈਂ ਤਾਂ ਦਿਹਾੜੀ ਲਾ ਕੇ ਆਇਆਂ।" ਸਾਈਕਲ ਵਾਲੇ ਦੇ ਬੋਲ ਕੰਬੇ।

—ਮਾਰ ਉਏ ਗੋਲੀ ਫਿਰ।"

—ਠਹਿਰੋ!" ਸਾਈਕਲ ਵਾਲੇ ਨੇ ਦੋਵੇਂ ਹੱਥ ਜੋੜੇ ਤਾਂ ਸਾਈਕਲ ਇਕ ਪਾਸੇ ਡਿੱਗ ਪਿਆ। ਉਹ ਜੇਬਾਂ ਫਰੋਲਣ ਲੱਗਾ ਤੇ ਜਿਹੜਾ ਕੁਝ ਨਿਕਲਿਆ, ਉਹਨਾਂ ਦੇ ਹਵਾਲੇ ਕਰ ਦਿੱਤਾ।

—ਘੜੀ ਵੀ ਲਾਹ ਦੇ।" ਲੱਛੂ ਗਰਜਿਆ।

ਸਾਈਕਲ ਸਵਾਰ ਨੇ ਘੜੀ ਵੀ ਲਾਹ ਦਿੱਤੀ।

—ਪੱਤੇ ਤੋੜ ਹੋ ਜਾ ਹੁਣ। ਪਿੱਛੇ ਨਾ ਝਾਕੀਂ, ਨਹੀਂ ਤਾਂ ਗੋਲੀ ਆਊ ਮਗਰ।"

ਸਾਈਕਲ ਵਾਲਾ ਸਾਈਕਲ ਚੁੱਕ ਕੇ ਹਵਾ ਹੋ ਗਿਆ। ਉਸਨੇ ਰਾਹ ਵਿਚ ਤਾਂ ਪਿੱਛੇ ਕੀ ਝਾਕਣਾ ਸੀ, ਪਿੰਡ ਦੀਆਂ ਗਲੀਆਂ ਵਿਚ ਵੀ ਪਿੱਛੇ ਦੇਖਣ ਦਾ ਹੌਸਲਾ ਨਾ ਕਰ ਸਕਿਆ।

—ਲਾਲਾ ਹੁਣ ਤਾਂ ਉੱਠ ਪੈ।" ਸਾਈਕਲ ਵਾਲੇ ਦੇ ਚਲੇ ਜਾਣ ਪਿੱਛੋਂ ਚਰਨ ਨੇ ਟਿੱਚਰ ਕਰਨ ਵਾਂਗ ਕਿਹਾ।

ਪ੍ਰਕਾਸ਼ ਉਠਿਆ। ਉਹ ਘਬਰਾਇਆ ਲਗਦਾ ਸੀ। ਡਰ ਨਾਲ ਉਸਨੂੰ ਕਾਂਬਾ ਛਿੜਿਆ ਹੋਇਆ ਸੀ।

—ਤੂੰ ਕਿਉਂ ਬੌਂਦਲ ਗਿਆ?" ਲੱਛੂ ਨੇ ਛੇੜਿਆ।

—ਇਹ ਤਾਂ ਕਾਰੀਗਰਾਂ ਦਾ ਧੰਦਾ ਸੀ ਨਾ?" ਪ੍ਰਕਾਸ਼ ਅਜੇ ਵੀ ਭੈ-ਭੀਤ ਸੀ। ਉਸ ਵਾਸਤੇ ਇਹ ਬੜੀ ਹੀ ਅਲੋਕਾਰ ਘਟਨਾ ਸੀ।

—ਏਸ ਗੱਲ ਨੂੰ ਐਥੇ ਈ ਨਹਿਰ ਦੇ ਪਾਣੀ 'ਚ ਸਿੱਟ ਦੇ। ਜੇ ਕਿਤੇ ਭੁੱਲ-ਭੁਲੇਖੇ ਵੀ ਧੂੰਆਂ ਨਿਕਲ ਗਿਆ, ਤਿੰਨੋਂ ਮਾਰੇ ਜਾਵਾਂਗੇ।" ਲੱਛੂ ਨੇ ਖ਼ਬਰਦਾਰ ਕੀਤਾ। ਪ੍ਰਕਾਸ਼ ਹੋਰ ਡਰ ਗਿਆ।

ਫੇਰ ਉਹ ਤਿੰਨੋਂ ਟੇਢ ਵੱਟ ਕੇ, ਖੇਤਾਂ ਵਿਚੋਂ ਦੀ ਹੁੰਦੇ ਹੋਏ, ਲੱਛੂ ਰਾਮ ਦੀ ਬੈਠਕ ਵਿਚ ਆ ਗਏ। ਪਹਿਲਾਂ ਉਹਨਾਂ ਨੇ ਹੋਰ ਸ਼ਰਾਬ ਪੀਤੀ। ਫੇਰ ਪੈਸੇ ਗਿਣੇ। ਪੈਸੇ ਚਰਨ ਤੇ ਲੱਛੂ ਨੇ ਰੱਖ ਲਏ। ਘੜੀ ਸ਼ਹਿਰ ਜਾ ਕੇ ਵੇਚ ਕੇ ਆਉਣ ਦੀ ਡਿਊਟੀ ਪ੍ਰਕਾਸ਼ ਦੀ ਲਾਈ ਗਈ। ਜਦੋਂ ਘੜੀ ਪ੍ਰਕਾਸ਼ ਦੇ ਹੱਥ ਤੇ ਧਰੀ ਤਾਂ ਪ੍ਰਕਾਸ਼ ਨੂੰ ਇਉਂ ਜਾਪਿਆ ਜਿਵੇਂ ਜਿਉਂਦਾ ਠੂਆਂ ਉਸਦੀ ਤਲੀ ਤੇ ਰੱਖ ਦਿੱਤਾ ਹੋਵੇ।

—ਡਰਦਾ ਤਾਂ ਨੀ?" ਪ੍ਰਕਾਸ਼ ਦੇ ਕੰਬਦੇ ਹੱਥ ਨੂੰ ਵੇਖ ਕੇ ਲੱਛੂ ਨੇ ਠੰਗੋਰਿਆ।

—ਮੈਂ ਵੇਚ ਆਵਾਂਗਾ। ਐਡੀ ਕਿਹੜੀ ਗੱਲ ਏ?" ਪ੍ਰਕਾਸ਼ ਨੇ ਆਪਣੀ ਹੱਤਕ ਮਹਿਸੂਸ ਕੀਤੀ।

—ਥਿੜਕ ਨਾ ਜਾਈਂ।" ਚਰਨ ਨੇ ਖ਼ਬਰਦਾਰ ਕੀਤਾ।

—ਘਬਰਾਣ ਦੀ ਗੱਲ ਈ ਕੋਈ ਨੀ, ਮੈਂ ਐਡਾ ਡਰੂ ਬਣੀਆ ਨੀ।"

—ਐਂ ਤਾਂ ਸਾਡਾ ਜੂਠਾ ਖਾਧੈ ਤੂੰ। ਡਰ ਤਾਂ ਸਾਲਾ ਕੋਹਾਂ ਦੂਰ ਭੱਜਦੈ ਆਪਾਂ ਤੋਂ।" ਲੱਛੂ ਨੇ ਸਾਰਿਆਂ ਦੀ ਵਡਿਆਈ ਕੀਤੀ।

—ਇਹ ਤਾਂ ਜੱਟ ਬਣੀਐਂ ਜੱਟ ਬਣੀਆ।" ਚਰਨ ਨੇ ਥਾਪੀ ਦਿੱਤੀ।

—ਬੱਸ ਇਕ ਖ਼ਿਆਲ ਰੱਖੀਂ, ਆਪਣੇ ਕਾਰਨਾਮੇ ਦੀ ਭਾਫ਼ ਨਾ ਨਿਕਲੇ। ਨਹੀਂ ਤਾਂ ਪੁਲਸ ਕੁੱਟ ਕੁੱਟ ਕੇ ਪੁੜੇ ਸੁਜਾ ਦੂ।" ਲੱਛੂ ਅੰਦਰ ਅਜੇ ਵੀ ਪ੍ਰਕਾਸ਼ ਬਾਰੇ ਸ਼ੰਕਾ ਸੀ।

ਅਗਲੇ ਦਿਨ ਪ੍ਰਕਾਸ਼ ਉਹ ਘੜੀ ਸ਼ਹਿਰ ਵਿਚ ਅੱਸੀਆਂ ਰੁਪਿਆਂ ਦੀ ਵੇਚ ਆਇਆ। ਲੱਛੂ ਤੇ ਚਰਨ ਦੇ ਜ਼ੋਰ ਪਾਉਣ ਤੇ ਇਹ ਪੈਸੇ ਪ੍ਰਕਾਸ਼ ਨੂੰ ਹੀ ਰੱਖਣੇ ਪਏ। ਜਦੋਂ ਪ੍ਰਕਾਸ਼ ਦੀ ਗੈਰ-ਹਾਜ਼ਰੀ ਵਿਚ ਚਰਨ ਨੇ ਕਿਹਾ...."ਯਾਰ ਬਾਣੀਆ ਪੈਸੇ ਰੱਖਦਾ ਨਹੀਂ ਸੀ ਤਾਂ, ਆਪਾਂ ਵੰਡ ਲੈਂਦੇ।" ਤਾਂ ਲੱਛੂ ਨੇ ਕਿਹਾ "ਤੂੰ ਮੂਰਖ ਐਂ। ਪੰਛੀ ਨੂੰ ਪਿੰਜਰੇ ਵਿਚ ਫਸਿਆ ਰੱਖਣ ਲਈ ਚੋਗਾ ਤਾਂ ਪਾਉਣਾ ਹੀ ਪਊਗਾ।"

ਤੇ ਪ੍ਰਕਾਸ਼ ਚੋਗਾ ਚੁਗਣ ਦਾ ਦਿਨੋ ਦਿਨ ਆਦੀ ਹੁੰਦਾ ਗਿਆ।

ਪਿੰਡੋਂ ਦੇ ਆਸੇ ਪਾਸੇ ਨਿੱਕੀਆਂ ਮੋਟੀਆਂ ਵਾਰਦਾਤਾਂ ਤਾਂ ਕਦੇ ਕਦੇ ਹੁੰਦੀਆਂ ਰਹਿੰਦੀਆਂ ਸਨ। ਸਮਾਂ ਹੀ ਅਜਿਹਾ ਸੀ, ਲੋਕ ਇਹਨਾਂ ਗੱਲਾਂ ਦੀ ਖ਼ਾਸ ਪਰਵਾਹ ਨਹੀਂ ਸਨ ਕਰਦੇ। "ਫਲਾਨੇ ਥਾਂ ਪੰਜ ਬੰਦੇ ਮਾਰਤੇ।"

—ਹੱਛਾ!" ਉਹ ਹੈਰਾਨ ਹੋ ਕੇ ਪੁੱਛਦੇ।

—ਫਲਾਨੇ ਥਾਂ ਮੋਟਰ ਸਾਈਕਲ ਖੋਹ ਲਿਆ।"

—ਫਲਾਨੇ ਥਾਂ ਕਾਰ ਖੋਹੀ ਗਈ।"

—ਫਲਾਨੇ ਥਾਂ ਇਕ ਔਰਤ ਦੇ ਜੇਵਰ ਲਾਹ ਲਏ।"

ਦੋ ਚਾਰ ਮਿੰਟ ਲੋਕ ਤਬਸਰਾ ਕਰਦੇ। ਕਦੇ ਸਰਕਾਰ ਨੂੰ ਕੋਸਦੇ, ਕਦੇ ਲੁਟੇਰਿਆਂ ਨੂੰ ਫੇਰ ਕੰਮੀਂ ਧੰਦੀਂ ਲੱਗ ਜਾਂਦੇ।

ਪਿੰਡ ਦੇ ਲੋਕ ਇਕ ਹੋਰ ਕਾਰਨ ਤੋਂ ਹੈਰਾਨ ਸਨ। ਚਰਨ ਤੇ ਲੱਛੂ ਰਾਮ ਕੋਈ ਕੰਮ ਨਹੀਂ ਸਨ ਕਰਦੇ। ਉਹ ਕੱਪੜੇ ਵੀ ਵਧੀਆ ਪਾਉਂਦੇ। ਘਰਾਂ 'ਚੋਂ ਤੜਕੇ ਮਸਾਲਿਆਂ ਦੀਆਂ ਖੁਸ਼ਬੂਆਂ ਉਠਦੀਆਂ। ਦਿਨ ਦੇ ਛਪਾ ਨਾਲ ਉਹ ਸ਼ਰਾਬੀ ਹੁੰਦੇ। ਉਹਨਾਂ ਨੂੰ ਦੇਖ ਕੇ ਬੁਰਨ ਵਾਲੇ ਈਰਖਾ ਕਰਦੇ।

—ਇਹ ਸਾਲੇ ਕਰਦੇ ਕਰਾਂਦੇ ਕੁਸ਼ ਨੀ। ਚੰਗਾ ਖਾਂਦੇ ਐ, ਮਾੜਾ ਬੋਲਦੇ ਐ। ਐਨਾ ਖਰਚ ਤਾਂ ਵੀਹ ਕਿੱਲਿਆਂ ਦਾ ਮਾਲਕ ਨੀ ਕਰ ਸਕਦਾ?"

—ਕਿਤੇ ਪੁਲਸ ਦੇ ਮੁਖ਼ਬਰ ਤਾਂ ਨਹੀਂ?" ਕੋਈ ਸ਼ੰਕਾ ਕਰਦਾ।

—ਲਾਲਿਆਂ ਦੇ ਮੁੰਡੇ ਨੂੰ ਹੱਥਾਂ ਤੇ ਚੜ੍ਹਾਈ ਫਿਰਦੇ ਐ। ਮੁੰਡਾ ਰੂਪ ਚੰਦ ਦਾ ਦਿਵਾਲਾ ਕੱਢ ਕੇ ਹਟੂ।"



—ਲਾਲੇ ਨੇ ਵੀ ਬਥੇਰਾ ਲੁੱਟਿਆ ਐ ਜੱਟਾਂ ਨੂੰ। ਤਿੰਨ ਰੁਪਈਏ ਸੈਂਕੜਾ ਬਿਆਜ ਲਾਉਂਦਾ ਐ।"

—ਫੇਰ ਤਾਂ ਸੂਦ ਨਾਲ ਮੂਲ ਵੀ ਜਾਊ।"

ਇਉਂ ਵਿਚ ਕੋਈ ਦੁੱਖ ਦੀ ਗੱਲ ਹਾਸੇ ਪਾ ਲੈਂਦਾ। ਇਹ ਗੱਲਾਂ ਲਾਲੇ ਰੂਪ ਚੰਦ ਕੋਲ ਵੀ ਪਹੁੰਚਦੀਆਂ। ਉਹ ਵੀ ਸਸ਼ੋਪੰਜ ਵਿਚ ਪੈ ਜਾਂਦਾ। ਪ੍ਰਕਾਸ਼ ਦੇ ਚਾਲਿਆਂ ਤੋਂ ਉਸਨੂੰ ਡਰ ਤਾਂ ਆਉਂਦਾ ਸੀ। ਪਰ ਇਹ ਘਰ ਪੱਟੇਗਾ—ਇਹ ਨਹੀਂ ਸੀ ਸੋਚ ਸਕਦਾ। ਉਹ ਆਪਣੇ ਰੱਖੇ ਹੋਏ ਰੁਪਏ ਗਿਣਦਾ। ਰੁਪਿਆਂ ਵਾਲਾ ਗੱਲਾ ਵੀ ਆਪਣੀ ਨਿਗਰਾਨੀ ਹੇਠ ਰੱਖਦਾ। ਉਂਜ ਵੀ ਘਰ ਵਿਚ ਪ੍ਰਕਾਸ਼ ਦੀਆਂ ਹਰਕਤਾਂ ਤਾੜਦਾ। ਉਸ ਦਾ ਪੈਸਾ ਨਹੀਂ ਸੀ ਹਿੱਲਿਆ।

"....ਫੇਰ ਏਹ ਸਾਰੇ ਖਰਚ ਕਿਥੋਂ ਕਰਦੇ ਐ ਐਨਾ?" ਹੈਰਾਨ ਉਹ ਵੀ ਸੀ।

ਪਿੰਡ ਵਿਚ ਤੇ ਆਸ ਪਾਸ ਲੁੱਟਾਂ ਖੋਹਾਂ ਦੀਆਂ ਵਧ ਰਹੀਆਂ ਵਾਰਦਾਤਾਂ ਤੋਂ ਹੈਰਾਨ ਅਤੇ ਦੁੱਖੀ ਸਾਰਾ ਪਿੰਡ ਵੀ ਸੀ। ਪੰਚਾਇਤ ਠਾਣੇ ਗਈ।

ਪੁਲੀਸ ਕੋਲ ਇਹਨਾਂ ਨਿੱਕੇ ਨਿੱਕੇ ਜੁਰਮਾਂ ਨੂੰ ਰੋਕਣ ਲਈ ਵਿਹਲ ਕਿਥੇ ਸੀ। ਉਹ ਤਾਂ ਇਕ ਹੋਰ ਬਹੁਤ ਵੱਡੀ ਲੜਾਈ ਲੜ ਰਹੀ ਸੀ। ...."ਆਪਣੀ ਰਾਖੀ ਆਪ ਕਰੋ" ਵਰਗੀਆਂ ਹਦਾਇਤਾਂ ਦੇ ਕੇ ਪੰਚਾਇਤ ਨੂੰ ਮੋੜ ਦਿੱਤਾ ਗਿਆ। ਰਾਹ ਵਿਚ ਉਹ ਗੱਲਾਂ ਕਰ ਰਹੇ ਸਨ—"ਹਰ ਪਾਸੇ ਬਾਬਰ ਬਾਣੀ ਫਿਰੀ ਹੋਈ ਐ। ਜਿਹੜਾ ਧੱਕਾ ਕਰੀ ਜਾਂਦੈ, ਕਰੀ ਜਾਂਦੈ। ਕੋਈ ਨੀ ਪੁਛਦਾ। ਗਊ-ਗਰੀਬ ਮਾਰੀਦੇ ਤਾਂ ਮਾਰਿਆ ਜਾਵੇ, ਕੋਈ ਦਾਦ-ਫਰਿਆਦ ਨੀ..."

—ਭਾਈ ਆਵਦਾ ਬਚਾ ਰੱਖੋ, ਵੇਲਾ-ਕੁਵੇਲਾ ਵਚਾਰ ਕੇ ਬਾਹਰ ਅੰਦਰ ਜਾਊ।"

ਸਰਪੰਚ ਨੇ ਸਿਖਿਆ ਦਿੱਤੀ ਤੇ ਲੋਕ ਘਰੋ ਘਰੀ ਆ ਗਏ।

ਇਕ ਰਾਤ ਪ੍ਰਕਾਸ਼, ਲੱਛੂ ਤੇ ਚਰਨ ਸ਼ਰਾਬੀ ਸਨ। ਲੱਛੂ ਅੰਦਰੋਂ ਪਿਸਤੌਲ ਲਿਆਇਆ ਤੇ ਪ੍ਰਕਾਸ਼ ਨੂੰ ਦਿਖਾ ਕੇ ਹੈਰਾਨ ਕਰ ਦਿੱਤਾ। ਪ੍ਰਕਾਸ਼ ਨੇ ਫਿਲਮਾਂ ਵਿਚ ਤੇ ਅਖ਼ਬਾਰਾਂ ਵਿਚ ਤਾਂ ਅਜਿਹਾ ਬਹੁਤ ਕੁਝ ਦੇਖਿਆ ਪੜ੍ਹਿਆ ਸੀ ਪਰ ਹੁਣ ਜਦੋਂ ਇਕ ਅਜੀਬ ਜਿਹਾ ਲੋਹੇ ਦਾ ਜੰਤਰ ਲੱਛੂ ਨੇ ਜ਼ਬਰਦਸਤੀ ਉਸਦੇ ਹੱਥ ਵਿਚ ਦਿੱਤਾ, ਤਾਂ ਉਹ ਉਸ ਦਿਨ ਵਾਂਗ ਹੀ ਤ੍ਰਹਿ ਗਿਆ, ਜਿਸ ਦਿਨ ਉਸਦੇ ਹੱਥ ਤੇ ਖੋਹੀ ਘੜੀ ਰੱਖੀ ਸੀ।

ਇਕ ਹੋਰ ਰਾਤ ਨਹਿਰ ਦੇ ਪੁਲ ਤੇ ਜਾ ਕੇ ਉਹਨਾਂ ਫ਼ਾਇਰ ਵੀ ਕੀਤੇ। ਪ੍ਰਕਾਸ਼ ਕੋਲੋਂ ਵੀ ਚਲਵਾਇਆ।

ਰੂਪ ਚੰਦ ਦੇ ਹਿਤੈਸ਼ੀਆਂ ਨੇ ਉਸਨੂੰ ਪ੍ਰਕਾਸ਼ ਦੇ ਵਿਗੜਦੇ ਚਾਲਿਆਂ ਬਾਰੇ ਖ਼ਬਰਦਾਰ ਕੀਤਾ। ਉਸਨੂੰ ਆਪ ਵੀ ਪ੍ਰਕਾਸ਼ ਦੀ ਹਰ ਰੋਜ਼ ਸ਼ਰਾਬ ਪੀਣੀ ਚੁੱਭਣ ਲੱਗੀ ਸੀ। ਪਰ ਉਸਨੂੰ ਕਿਵੇਂ ਕਹੇ? ਕਿਵੇਂ ਰੋਕੇ? ਇਹੀ ਚਿੰਤਾ ਘੁਣ ਵਾਂਗ ਲੱਗ ਗਈ। ਅਖੀਰ ਉਸਨੂੰ ਇਕ ਆਸ ਦੀ ਕਿਰਨ ਦਿਸੀ, ਉਸਦੀ ਇਕੋ ਇਕ ਵੱਡੀ ਲੜਕੀ। ਪ੍ਰਕਾਸ਼ ਦਾ ਉਸ ਨਾਲ ਬੜਾ ਮੋਹ ਸੀ, ਉਸਦੀ ਗੱਲ ਵੀ ਮੰਨ ਲੈਂਦਾ ਸੀ। ਰੂਪ ਚੰਦ ਜਾ

ਕੇ ਉਸਨੂੰ ਲੈ ਆਇਆ। ਪੇਰੇ ਫੇਰਵੇਂ ਨਾਲ ਉਹਨਾਂ ਪ੍ਰਕਾਸ਼ ਬਾਰੇ ਸਾਰਾ ਕੁਝ ਦੱਸਿਆ ਤੇ ਉਸਨੂੰ ਸਮਝਾ-ਬੁਝਾ ਕੇ ਆਪਣੇ ਨਾਲ ਹੀ ਲੈ ਜਾਣ ਬਾਰੇ ਕਿਹਾ।

ਗੱਲੀਂ ਬਾਤੀਂ ਵੱਡੀ ਭੈਣ ਸੀਤਾ ਨੇ ਪ੍ਰਕਾਸ਼ ਨੂੰ ਬੜਾ ਸਮਝਾਇਆ—"ਤੇਰੇ ਆਸਰੇ ਹੀ ਬੀਰ ਭਾਈ ਤੇ ਪਿਤਾ ਜੀ ਜਿਊਂਦੇ ਨੇ। ਤੂੰ ਏਹ ਕੇਹੇ ਬੁਰੇ ਕਰਮ ਕਰਨ ਲੱਗ ਪਿਆ ਏਂ। ਪੜ੍ਹ ਲਿਖ ਕੇ ਤਾਂ ਬੀਰ ਆਦਮੀ ਸਿਆਣਾ ਬਣਦਾ ਏ ਨਾ। ਭਗਵਾਨ ਨਾ ਕਰੇ ਜੇ ਤੈਨੂੰ ਕੁਝ ਹੋ ਗਿਆ, ਅਸੀਂ ਤਾਂ ਸਾਰੇ ਜੀਂਦੇ ਹੀ ਮਰ ਜਾਵਾਂਗੇ। ਕੁਝ ਤਾਂ ਸੋਚ ਘਰ ਬਾਰੇ। ਭਾਈ ਜੀ ਦਿਨ ਰਾਤ ਤੜਪਦੇ ਰਹਿੰਦੇ ਨੇ। ਡਰਦੇ ਤੈਨੂੰ ਕੁਝ ਕਹਿ ਵੀ ਨੀ ਸਕਦੇ। ਅੱਧੀ ਅੱਧੀ ਰਾਤ ਤੀਕਰ ਤੂੰ ਘਰ ਨਹੀਂ ਆਉਂਦਾ, ਏਹ ਚੰਗੀ ਗੱਲ ਨਹੀਂ। ਸਿਆਣਾ ਬਣ ਬੀਰ। ਜੇ ਏਥੇ ਤੈਨੂੰ ਕੋਈ ਡਰਾਉਂਦਾ ਏ ਜਾਂ ਧਮਕਾਉਂਦਾ ਏ, ਤੂੰ ਮੇਰੇ ਨਾਲ ਹੀ ਚਲੋ ਚੱਲ, ਆਪਣੇ ਭਾਈਆ ਜੀ ਨਾਲ ਕੰਮ ਵਿਚ ਮਦਦ ਕਰਾਈਂ।"

ਪ੍ਰਕਾਸ਼ ਚੁੱਪਚਾਪ ਵੱਡੀ ਭੈਣ ਦੀਆਂ ਨਸੀਹਤਾਂ ਸੁਣਦਾ ਰਹਿੰਦਾ। ਉਸ ਉਪਰ ਕੁਝ ਕੁਝ ਅਸਰ ਹੋਇਆ ਵੀ। ਦੋ ਦਿਨ ਉਹ ਚਰਨ ਤੇ ਲੱਛੂ ਕੋਲ ਨਾ ਗਿਆ।

ਤੀਸਰੇ ਦਿਨ ਉਹ ਦੋਵੇਂ ਦੁਕਾਨ ਤੇ ਆ ਗਏ।

—ਕੀ ਗੱਲ ਹੋਗੀ ਲਾਲਾ, ਦਰਸ਼ਨ ਨੀ ਹੋਏ ਤੇਰੇ ?" ਲੱਛੂ ਨੇ ਲੂਣ ਵਾਲੀਆਂ ਪਕੌੜੀਆਂ ਦੀ ਮੁੱਠ ਭਰ ਲਈ।

—ਯਾਰ ਭੈਣ ਆਈ ਆ। ਮੈਥੋਂ ਹੁਣ ਆਇਆ ਨੀ ਜਾਣਾ। ਮੈਂ ਤਾਂ ਸੋਚਦਾਂ, ਉਹਦੇ ਨਾਲ ਈ ਉਠ ਜਾਂ। ਆਪਾਂ ਏਹੋ ਜੇ ਪੁੱਠੇ ਕੰਮ ਨੀ ਕਰਨੇ ਹੋਣ, ਸਾਰੇ ਲਾਹਣਤਾਂ ਦਿੰਦੇ ਨੇ।"

—ਹੂੰਅ! ਕੋਹ ਨਾ ਚੱਲੀ, ਬਾਬਾ ਤਿਹਾਈ। ਯਾਰੀ ਹਾਥੀਆਂ ਨਾਲ, ਦਰਵਾਜ਼ੇ ਐਨੇ ਨੀਵੇਂ ? ਵਾਹ ਉਏ ਤੇਰੇ। ਐਂ ਈ ਕਿਵੇਂ ਉਠਜੇਂਗਾ ਤੂੰ ?" ਚਰਨ ਕੌੜਾ ਜਿਹਾ ਝਾਕਿਆ।

—ਕਿਉਂ ਥੋੜਾ ਕਰਦਾ ਦੇਣੈ ?" ਪ੍ਰਕਾਸ਼ ਗਰਮ ਹੋਇਆ।

—ਉਏ ਨਹੀਂ ਉਏ ਲਾਲਾ, ਤੈਨੂੰ ਪਾਰਟੀ ਸ਼ਾਰਟੀ ਦੇਵਾਂਗੇ। ਯਾਰੀ ਐ, ਕੋਈ ਛੋਲਿਆਂ ਦਾ ਵੱਢ ਤਾਂ ਨੀ।" ਲੱਛੂ ਗੱਲ ਨੂੰ ਮੋੜਾ ਦੇ ਗਿਆ।

—ਏਹ ਗੱਲ ਐ ?" ਪ੍ਰਕਾਸ਼ ਖੁਸ਼ ਹੁੰਦਾ ਹੈਰਾਨ ਹੋਇਆ।

—ਹੋਰ ਕੀ—। ਤੂੰ ਯਾਰ ਸਾਨੂੰ ਐਨੇ ਈ ਗਏ ਗੁਜ਼ਰੇ ਸਮਝਦੈਂ ?"

—ਕਿਥੇ ਆਵਾਂ ?"

—ਯਾਰਾਂ ਦੇ ਟਿੱਲੇ 'ਤੇ।" ਕਹਿ ਕੇ ਉਹ ਮੁੜ ਗਏ।

ਆਥਣੇ ਸ਼ਰਾਬੀ ਹੋਏ ਲੱਛੂ ਨੇ ਕਿਹਾ, "ਲਾਲਾ ਹੁਣ ਤਾਂ ਤੂੰ ਯਾਰੀ ਤੋੜ ਈ ਚੱਲਿਐਂ। ਮਨ ਬਹੁਤ ਓਦਰਿਐ, ਅੱਜ ਤਾਂ ਲਾਲਾ ਕੋਈ ਖੇਦਾ ਮਾਰਨ ਨੂੰ ਜੀਅ ਕਰਦੈ।"

—ਖੇਦਾ ?" ਸ਼ਰਾਬ ਦੀ ਘੁੱਟ ਪ੍ਰਕਾਸ਼ ਦੇ ਸੰਘ ਵਿਚ ਅੜ ਗਈ।

—ਪਹਿਲਾਂ ਤਾਂ ਲਾਲਾ ਤੇਰੇ ਪਿਉ ਨੂੰ ਮਾਰੀਏ। ਉਹ ਬਹੁਤ ਟੰਗਾਂ ਅੜਾਉਂਦਾ ਰਹਿੰਦੈ ਆਪਣੇ ਕੰਮਾਂ 'ਚ।" ਚਰਨ ਨੇ ਛੇੜਿਆ।



—ਪਹਿਲਾਂ ਆਪਣੇ ਬੁੜ੍ਹੇ ਨੂੰ ਤਾਂ ਮਾਰ ਲਾ, ਉਹ ਕਿਹੜਾ ਤੈਨੂੰ ਥਾਪੀ ਦੇ ਕੇ ਤੋਰਦੈ ?" ਅੰਦਰੋਂ ਪ੍ਰਕਾਸ਼ ਜਰਕ ਗਿਆ ਸੀ।

—ਐਵੇਂ ਮੋਕ ਕਿਉਂ ਮਾਰੀ ਜਾਨੈਂ। ਚੱਲ ਅੱਜ ਤੈਨੂੰ ਇਕ ਮੁਰਗੀ ਦਿਖਾਈਏ। ਕੱਲ੍ਹ ਨੂੰ ਤਾਂ ਤੂੰ ਚਲੇ ਈ ਜਾਣੈ। ਜਾਂਦੇ ਜਾਂਦੇ ਹੱਥ ਮਾਰ ਲੀਏ ਸਾਂਝਾ। ਯਾਦ ਰਹੂਗਾ।" ਲੱਛੂ ਉਠ ਕੇ ਖੜ੍ਹਾ ਹੋ ਗਿਆ।

—ਹੁਣ ਨੀ ਮੈਂ ਥੋਡੇ ਨਾਲ ਜਾਣਾ।" ਪ੍ਰਕਾਸ਼ ਇਨਕਾਰ ਕਰ ਗਿਆ।

—ਆਪਾਂ ਘੰਟੇ 'ਚ ਮੁੜ ਆਉਣਾ। ਚਾਰ ਪੰਜ ਲੱਖ ਦੀ ਸਾਮੀ ਐ। ਜੇ ਪਿੰਡ ਛੱਡ ਕੇ ਈ ਜਾਣੈ, ਪੈਸਿਆਂ ਦੀ ਲੋੜ ਪਊਗੀ—ਚੱਲ ਉਠ।" ਚਰਨ ਨੇ ਬਾਂਹ ਫੜ ਕੇ ਉਠਾਇਆ।

—ਆਹ ਟੂੰਗ ਡੱਬ 'ਚ।" ਲੱਛੂ ਨੇ ਜ਼ਬਰਦਸਤੀ ਪਿਸਤੌਲ ਉਸਦੇ ਨੇਫੇ ਵਿਚ ਫਸਾ ਦਿੱਤਾ। ਤੇ ਧੱਕੇ ਨਾਲ ਅੱਗੇ ਲਾ ਲਿਆ।

ਉਹ ਤਿੰਨੇ ਹਨੇਰੇ 'ਚ ਲੱਛੂ ਦੀ ਬੈਠਕ ਵਿਚੋਂ ਨਿਕਲੇ ਤੇ ਟੇਢ ਵੱਟ ਕੇ ਗੁਆਂਢੀ ਪਿੰਡ ਵੱਲ ਹੋ ਤੁਰੇ।

—ਆਪਾਂ ਚੱਲੇ ਕਿਥੇ ਐਂ ?" ਪ੍ਰਕਾਸ਼ ਨੇ ਦੱਬੇ ਸੁਰ ਨਾਲ ਪੁੱਛਿਆ।

—ਤੁਰਿਆ ਚੱਲ....ਦੇਖਦਾ ਜਾ।"

ਤੇ ਉਹ ਚਰਨ ਤੇ ਲੱਛੂ ਨਾਲ ਕਦੇ ਉਹਨਾਂ ਦੇ ਅੱਗੇ, ਕਦੇ ਉਹਨਾਂ ਦੇ ਮਗਰ, ਕੀਲਿਆ ਤੁਰਦਾ ਗਿਆ। ਅੰਦਰੋਂ ਭਾਵੇਂ ਉਸਨੂੰ ਆਪਣੇ ਆਪ ਤੇ ਖਿਝ ਵੀ ਆ ਰਹੀ ਸੀ ਤੇ ਉਹ ਪਿੱਛੇ ਭੱਜ ਜਾਣਾ ਚਾਹੁੰਦਾ ਸੀ। ਇਕ ਵਾਰ ਉਸਨੇ ਇਹ ਵੀ ਸੋਚਿਆ, "ਹਥਿਆਰ ਤਾਂ ਮੇਰੇ ਕੋਲ ਹੈ, ਜੇ ਨਾ ਜਾਵਾਂ ਕੀ ਕਰ ਲੈਣਗੇ ? ...ਜੇ ਇਹਨਾਂ ਕੋਲ ਵੀ ਹੋਏ...ਫੇਰ ?"

ਗੁਆਂਢੀ ਪਿੰਡ 'ਚ ਵੜਦਿਆਂ ਪੱਛਮ ਵਾਲੇ ਪਾਸੇ ਕਨੇਡਾ ਵਾਲਿਆਂ ਦੀ ਰਹਿੰਦੀ ਇਕੱਲੀ ਬਿਰਧ ਤੀਵੀਂ ਦੇ ਘਰ ਦੀ ਕੰਧ ਟੱਪ ਕੇ ਤਿੰਨੋਂ ਵਿਹੜੇ ਵਿਚ ਉੱਤਰ ਗਏ।

ਹਨੇਰੀ ਰਾਤ ਸੀ। ਗਹੁ ਨਾਲ ਵੇਖਿਆਂ ਕੰਧਾਂ ਕੌਲਿਆਂ ਦਾ ਝਾਉਲਾ ਜਿਹਾ ਹੀ ਪੈਂਦਾ ਸੀ। ਸਹਿ ਕੇ ਉਹ ਅਗਾਂਹ ਵਧੇ। ਚਰਨ ਦਾ ਪੈਰ ਹੇਠਾਂ ਪਏ ਇਕ ਗਲਾਸ ਵਿਚ ਅਚਾਨਕ ਵੱਜਿਆ। ਪੱਕੀਆਂ ਇੱਟਾਂ ਦੇ ਫਰਸ਼ ਤੇ ਰਿੜ੍ਹਦਾ ਗਲਾਸ ਟਿਕੀ ਰਾਤ ਵਿਚ ਭਿਆਨਕ ਸ਼ੋਰ ਕਰ ਗਿਆ। ਅੰਦਰੋਂ ਆਵਾਜ਼ ਆਈ—"ਕੌਣ ਐ ?"

ਉਹ ਥਾਏਂ ਦਬਕ ਗਏ। ਆਵਾਜ਼ ਫਿਰ ਆਈ—"ਕੌਣ ਐ ?"

ਉਹਨਾਂ ਆਸੇ ਪਾਸੇ ਵੇਖਿਆ। ਸਾਹਮਣੇ ਘਰ ਦੇ ਚੁਬਾਰੇ ਦੀ ਬੱਤੀ ਜਗ ਰਹੀ ਸੀ। ਬੁੜ੍ਹੀ ਮਨ ਵਿਚ ਹੀ ਕੁਝ ਬੋਲਦੀ ਚੁੱਪ ਹੋ ਗਈ। ਉਹ ਸਾਰੇ ਅਗਾਂਹ ਵਧੇ। ਅੰਦਰਲਾ ਬੂਹਾ ਖੁੱਲ੍ਹਾ ਸੀ। ਉਹ ਬਿੱਲੀ-ਚਾਲ ਅੰਦਰ ਲੰਘ ਗਏ।

—ਬੁੜ੍ਹੀਏ ਉਠ।" ਲੱਛੂ ਦੇ ਇਹਨਾਂ ਬੋਲਾਂ ਵਿਚ ਕਰਾਰ ਨਹੀਂ ਸੀ।

—ਕੌਣ ਐ ?" ਬੁੜ੍ਹੀ ਦੀ ਲੇਰ ਨਿਕਲ ਗਈ।

—ਬਾਬੇ ਆਏ ਐਂ, ਸਾਵਧਾਨ ਹੋ।"

—ਬਾਬੇ। ਕਿਹੜੇ ਬਾਬੇ?"

—ਚੁੱਪ, ਰੌਲਾ ਨੀ ਪਾਉਣਾ, ਜਿਹੜਾ ਕੁਝ ਹੈਗਾ ਲਿਆ ਦੇ।" ਚਰਨ ਨੇ ਦਬਕਾ ਮਾਰਿਆ।

—ਮੇਰੇ ਕੋਲ ਕੀ ਆ? ਮੈਂ ਤਾਂ ਦਿਨ ਕਟੀ ਕਰਦੀ ਆਂ।" ਬੁੜ੍ਹੀ ਨੇ ਮਿਲਣ ਮਿਣ ਕੀਤੀ। ਲੱਛੂ ਨੇ ਅਗਾਂਹ ਵਧ ਕੇ ਉਸਦੀ ਧੌਣ ਨੂੰ ਹੱਥ ਪਾ ਲਿਆ।

—ਬੂ ਵੇ ਮਾਰਤੀ।" ਗਲ ਘੁੱਟੇ ਤੋਂ ਬੁੜ੍ਹੀ ਦੇ ਬੋਲ ਮਸਾਂ ਹੀ ਰਗਾਂ ਵਿਚੋਂ ਬਾਹਰ ਨਿਕਲੇ।

—ਜੇ ਕੁਸ਼ ਹੈਗਾ ਤਾਂ ਲਿਆ ਦੇ, ਨਹੀਂ ਤਾਂ ਲੱਗੇ ਐਂ ਗੱਡੀ ਚੜ੍ਹਾਉਣ।" ਲੱਛੂ ਨੇ ਗਲ ਨੂੰ ਪਾਏ ਹੱਥ ਹੋਰ ਘੁੱਟ ਦਿੱਤੇ। ਬੁੜ੍ਹੀ ਦੀਆਂ ਅੱਖਾਂ ਬਾਹਰ ਆ ਗਈਆਂ। ਉਹ ਗਲ ਛੁਡਾਉਣ ਲਈ ਛਟਪਟਾਈ। ਲੱਛੂ ਨੇ ਹੱਥ ਢਿੱਲੇ ਕਰ ਦਿੱਤੇ।

ਬੁੜ੍ਹੀ ਉਠੀ, ਇਕ ਆਲੇ ਵਿਚੋਂ ਚਾਬੀ ਚੁੱਕੀ ਤੇ ਜਾ ਕੇ ਟੋਹ ਕੇ ਟਰੰਕ ਦਾ ਜਿੰਦਰਾ ਖੋਹਲਣ ਲੱਗੀ। ਘਬਰਾਈ ਤੋਂ ਜਿੰਦਰੇ ਵਿਚ ਚਾਬੀ ਨਹੀਂ ਸੀ ਪੈ ਰਹੀ।

—ਬੱਤੀ ਤਾਂ ਜਗਾ ਲੈਣ ਦਿਉ।" ਬੁੜ੍ਹੀ ਨੇ ਰੋਂਦਿਆਂ ਵਾਂਗ ਤਰਲਾ ਲਿਆ।

—ਨਹੀਂ।" ਚਰਨ ਗਰਜਿਆ—"ਮਾਚਸ ਜਗਾ ਬਈ।" ਉਸ ਨੇ ਲੱਛੂ ਨੂੰ ਕਿਹਾ।

ਲੱਛੂ ਨੇ ਖੀਸੇ ਵਿਚੋਂ ਕੱਢ ਕੇ ਤੀਲੀ ਜਗਾਈ। ਬੁੜ੍ਹੀ ਜਿੰਦਰੇ 'ਚ ਚਾਬੀ ਪਾਉਂਦੀ ਸਾਰਿਆਂ ਵੱਲ ਝਾਕੀ। ਜਿੰਦਰਾ ਖੋਹਲ ਕੇ ਉਸ ਨੇ ਇਕ ਰੁਮਾਲ 'ਚ ਬੰਨ੍ਹੇ ਰੁਪਏ ਉਹਨਾਂ ਨੂੰ ਫੜਾ ਦਿੱਤੇ।

—ਟੂੰਮਾਂ ਕਿਥੇ ਐ?" ਲੱਛੂ ਨੇ ਰੋਹਬ ਮਾਰਿਆ ਤੇ ਇਕ ਤੀਲੀ ਹੋਰ ਜਗਾ ਲਈ।

ਬੁੜ੍ਹੀ ਨੇ ਕੰਬਦੇ ਹੱਥਾਂ ਨਾਲ ਲੀੜੇ ਫਰੋਲਦਿਆਂ ਉਹ ਵੀ ਲੱਭ ਲਈਆਂ। ਚਰਨ ਨੇ ਝਪੱਟ ਮਾਰ ਕੇ ਖੋਹ ਲਈਆਂ।

—ਚਲੋ ਬਈ।" ਲੱਛੂ ਨੇ ਤੀਲੀ ਸਿਟਦਿਆਂ ਹੁਕਮ ਦਿੱਤਾ।

ਉਦੋਂ ਹੀ ਬੁੜ੍ਹੀ ਬੋਲੀ "ਆਹ ਤਾਂ ਮੁੰਡਾ ਲਾਲੇ ਰੂਪ ਚੰਦ ਦੇ ਪੁੱਤ ਵਰਗਾ ਲਗਦੈ।"

ਸਾਰਿਆਂ ਦੇ ਚਿਹਰੇ ਉੱਡ ਗਏ।

ਉਹ ਜਦੇ ਹੀ ਸੋਚ ਗਏ, "ਜੇ ਬੁੜ੍ਹੀ ਨੇ ਸ਼ੱਕ ਵਿਚ ਵੀ ਏਹਨੂੰ ਫੜਾਤਾ... ਸਾਰੇ ਮਾਰੇ ਜਾਵਾਂਗੇ?"

—ਲਾਲਾ ਮਾਰ ਗੋਲੀ, ਏਹ ਬੁੜ੍ਹੀ ਮਰਾਊ ਆਪਾਂ ਨੂੰ।" ਲੱਛੂ ਨੇ ਕਾਹਲਾ ਪੈਂਦਿਆਂ ਕਿਹਾ।

ਤੇ ਪ੍ਰਕਾਸ਼ ਨੂੰ ਪਤਾ ਵੀ ਨਾ ਲੱਗਿਆ, ਕਦੋਂ ਉਸਨੇ ਨੇਫੇ ਵਿਚੋਂ ਪਿਸਤੌਲ ਕੱਢਿਆ ਤੇ ਕਦੋਂ ਘੋੜਾ ਦੱਬਿਆ ਗਿਆ।

ਇਕ ਭਿਆਨਕ ਚੀਕ ਮਾਰ ਕੇ ਬੁੜ੍ਹੀ ਬਾਏਂ ਡਿੱਗ ਪਈ।

ਇਸ ਅਚਾਨਕ ਵਰਤੇ ਭਾਣੇ ਤੋਂ ਉਹ ਡਰ ਗਏ। ਹੁਣ ਆਂਢ ਗੁਆਂਢ ਰੌਲਾ



ਪਵੇਗਾ। ਲੋਕ ਉਠਣਗੇ। ਫਿਰ ਜਿਵੇਂ ਅਖਬਾਰਾਂ ਵਿਚ ਉਹ ਖਬਰਾਂ ਪੜ੍ਹਦੇ ਹੁੰਦੇ ਨੇ, ਕੁੱਟ ਕੁੱਟ ਕੇ ਤਿੰਨਾਂ ਨੂੰ ਮਾਰ ਦੇਣਗੇ। ਕਾਹਲੀ ਨਾਲ ਨਿਕਲ ਜਾਣ ਲਈ ਉਹ ਵਿਹੜੇ ਵੱਲ ਭੱਜੇ। ਸਾਹਮਣੇ ਚੁਬਾਰੇ ਵਿਚ ਜਗ ਰਹੀ ਬੱਤੀ ਬੁਝਾ ਦਿੱਤੀ ਗਈ ਸੀ। ਉਹਨਾਂ ਬਿੜਕ ਲਈ। ਚੁਫੇਰੇ ਚੁੱਪ-ਚਾਪ ਸੀ। ਕਿਸੇ ਪਾਸੇ ਪੱਤਾ ਤੱਕ ਨਹੀਂ ਸੀ ਹਿਲਦਾ। ਉਹ ਤਿੰਨੇ ਕੰਧ ਟੱਪ ਕੇ ਹਨੇਰੇ ਵਿਚ ਅਲੋਪ ਹੋ ਗਏ।

ਘਰ ਆਉਣ ਤੇ ਪ੍ਰਕਾਸ਼ ਨਾਲ ਬੜੀ ਕੁੱਤੇ-ਖਾਣੀ ਹੋਈ। ਵੱਡੀ ਭੈਣ ਉਸ ਨੂੰ ਪੂਰਾ ਸ਼ਰਾਬੀ ਵੇਖ ਕੇ ਬੜੀ ਹੈਰਾਨ ਹੋਈ। ਉਸਨੂੰ ਦੁੱਖ ਵੀ ਹੋਇਆ.... "ਮੈਂ ਏਹਦੇ ਨਾਲ ਮਗਜ਼ ਮਾਰਦੀ ਰਹੀ। ਇਸਨੂੰ ਸਮਝਾਉਂਦੀ ਰਹੀ। ਏਸ ਉਪਰ ਤਾਂ ਭੋਰਾ ਅਸਰ ਨੀ ਹੋਇਆ।" ਉਸਨੇ ਆਪਣੇ ਪਿਤਾ ਨੂੰ ਕਿਹਾ, "ਮੈਂ ਏਸ ਨੂੰ ਆਪਣੇ ਨਾਲ ਲੈ ਕੇ ਜਾਣਾ ਸੀ। ਜੇ ਆਹੀ ਲੱਛਣ ਉਥੇ ਕਰਦਾ ਰਿਹਾ, ਏਹ ਤਾਂ ਮੈਨੂੰ ਘਰੋਂ ਕਢਵਾ ਦਏਗਾ। ਸ਼ਰਾਬ ਪੀਣ ਵਾਲੇ ਨੂੰ ਤਾਂ ਉਹ ਘਰ ਵੀ ਨੀ ਵੜਨ ਦਿੰਦੇ। ਏਹਨੇ ਨੀ ਸੁਧਰਨਾ ਪਿਤਾ ਜੀ।"

ਪ੍ਰਕਾਸ਼ ਫਿਰ ਚਰਨ ਤੇ ਲੱਛੂ ਰਾਮ ਗੋਚਰਾ ਰਹਿ ਗਿਆ।

ਚਰਨ ਤੇ ਲੱਛੂ ਨੇ ਪ੍ਰਕਾਸ਼ ਕੋਲੋਂ ਇਕ ਭੇਦ ਛੁਪਾ ਕੇ ਰੱਖਿਆ ਸੀ। ਉਹ ਇਕ ਬਲੈਕੀਏ ਦੀ ਅਫੀਮ ਇਧਰ ਉਧਰ ਪਹੁੰਚਾਉਣ ਲੱਗ ਪਏ ਸਨ। ਬਲੈਕੀਏ ਨੇ ਠਾਣੇ ਦੇ ਇੰਸਪੈਕਟਰ ਨਾਲ ਮਹੀਨਾ ਦੇਣ ਬਾਰੇ ਉਹਨਾਂ ਦੀ ਜਾਣ-ਪਹਿਚਾਣ ਕਰਵਾ ਦਿੱਤੀ ਸੀ।

ਕਨੇਡਾ ਵਾਲਿਆਂ ਦੀ ਬੁੜ੍ਹੀ ਦੇ ਕਤਲ ਤੋਂ ਅਗਲੇ ਦਿਨ ਦੋਵੇਂ ਠਾਣੇ ਗਏ ਤੇ ਇੰਸਪੈਕਟਰ ਦੀ ਮੇਜ਼ ਉਪਰ ਪਈਆਂ ਫਾਈਲਾਂ ਹੇਠ ਤਿੰਨ ਹਜ਼ਾਰ ਰੁਪਈਆ ਰੱਖ ਦਿੱਤਾ।

—ਵਕਤ ਦੇ ਬੜੇ ਪਾਬੰਦ ਐ ਬਈ।" ਇੰਸਪੈਕਟਰ ਦੀਆਂ ਮੁੱਛਾਂ 'ਚ ਤਾਂ ਰੋਹਬ ਰਿਹਾ, ਪਰ ਅੱਖਾਂ ਹੱਸੀਆਂ।

—ਜਨਾਬ ਜਦੋਂ ਅੱਗੋਂ ਪਿਛੋਂ ਦੇਣੇ ਈ ਪੈਣੇ ਐ ਤਾਂ ਵੇਲੇ ਸਿਰ ਕਿਉਂ ਨਾ ਦਿੱਤੇ ਜਾਣ।" ਲੱਛੂ ਨੇ ਵੀ ਖਚਰਾ ਝਾਕਦਿਆਂ, ਹੀ...ਹੀ ਕਰਕੇ ਹੱਸਦਿਆਂ ਕਿਹਾ।

—ਚੰਗਾ ਜਨਾਬ।" ਦੋਵੇਂ ਹੱਥ ਜੋੜ ਕੇ ਉਠ ਖੜ੍ਹੇ ਹੋਏ।

—ਗੱਲ ਸੁਣੋ। ਤੁਸੀਂ ਦੋ ਚਾਰ ਦਿਨ ਆਸੇ ਪਾਸੇ ਹੋ ਜੋ। ਤੁਹਾਡੇ ਇਲਾਕੇ 'ਚ ਇਕ ਔਰਤ ਦਾ ਕਤਲ ਹੋ ਗਿਐ। ਪਤਾ ਹੈ ਤੁਹਾਨੂੰ?"

—ਕਤਲ? ਔਰਤ ਦਾ?" ਲੱਛੂ ਤੇ ਚਰਨ ਭਾਵੇਂ ਅੱਡ ਅੱਡ ਬੋਲੇ, ਪਰ ਇਉਂ ਲੱਗਿਆ ਜਿਵੇਂ ਆਵਾਜ਼ ਇਕੱਠਿਆਂ ਦੇ ਮੂੰਹੋਂ ਨਿਕਲੀ ਹੋਵੇ।

—ਹਾਂਅ, ਔਰਤ ਦਾ ਕਤਲ। ਸਾਨੂੰ ਤਫਤੀਸ਼ ਲਈ ਆਉਣਾ ਪਵੇਗਾ ਤੇ ਦੋ ਚਾਰ ਬਦਮਾਸ਼ਾਂ ਨੂੰ ਫੜਨਾ ਪਵੇਗਾ। ਇਹ ਨਾ ਹੋਵੇ, ਤੁਸੀਂ ਹੀ ਸਾਡੇ ਹੱਥ ਲੱਗੋ"। ਇੰਸਪੈਕਟਰ ਨੇ ਖ਼ਬਰਦਾਰ ਕੀਤਾ।

—ਅਸੀਂ ਬਦਮਾਸ਼ ਆਂ?" ਚਰਨ ਨੇ ਸ਼ਰਾਰਤ ਨਾਲ ਪੁੱਛਿਆ।

ਇੰਸਪੈਕਟਰ ਨੇ ਕੋਈ ਵੀ ਉੱਤਰ ਨਾ ਦਿੱਤਾ। ਇਸ ਵਾਰ ਕੇਵਲ ਉਸਦੀਆਂ

ਮੁੱਛਾਂ ਹੀ ਹੱਸੀਆਂ, ਅੱਖਾਂ ਨਹੀਂ।

—ਜਿੰਨਾ ਚਿਰ ਤੁਸੀਂ ਹੈਗੇ ਐਂ ਜਨਾਬ, ਸਾਨੂੰ ਕਾਹਦਾ ਫਿਕਰ ਆ।" ਲੱਛੂ ਅਫ਼ਸਰਾਂ ਨਾਲ ਗੱਲ ਕਰਨ ਦਾ ਤਰੀਕਾ ਸਿੱਖ ਰਿਹਾ ਸੀ।

—ਸਾਡੇ ਉਪਰ ਵੀ ਅਫ਼ਸਰ ਬੈਠੇ ਐ। ਕਈ ਵਾਰ ਮੂੰਹ ਰੱਖਣ ਲਈ ਘਰ ਵਾਲਿਆਂ ਦੀ ਵੀ ਖਿੱਚਾ-ਧੂਈ ਕਰਨੀ ਪੈਂਦੀ ਐ। ਏਸੇ ਕਰਕੇ ਕਹਿਨਾਂ, ਆਸੇ ਪਾਸੇ ਰਹੋ, ਦੋ ਚਾਰ ਦਿਨ।" ਇਂਸਪੈਕਟਰ ਨੇ ਸਮਝਾਇਆ।

ਵਾਪਸ ਆ ਕੇ ਉਹ ਪ੍ਰਕਾਸ਼ ਨੂੰ ਮਿਲੇ ਤੇ ਉਹਨਾਂ ਖਿਸਕਣ ਦੀ ਸਕੀਮ ਬਣਾਈ। ਪ੍ਰਕਾਸ਼ ਘਰੋਂ ਤਾਂ ਦੁਖੀ ਸੀ ਹੀ। ਸੋਚਿਆ, ਚੱਲ ਦੋ ਚਾਰ ਦਿਨ ਪਾਸੇ ਰਹੇ ਤਾਂ ਘਰ ਦੇ ਆਪੇ ਮੋਹ ਕਰਨ ਲੱਗ ਪੈਣਗੇ...

ਤੇ ਉਹ ਸਾਰੇ, ਲੱਛੂ ਦੇ ਇਕ ਰਿਸ਼ਤੇਦਾਰ ਕੋਲ ਪਹੁੰਚ ਗਏ।

ਇਹਨਾਂ ਦਿਨਾ ਵਿਚ ਹੀ ਲਾਲਾ ਰੂਪ ਚੰਦ ਪ੍ਰਕਾਸ਼ ਨੂੰ ਆਪਣੀਆਂ ਰਿਸ਼ਤੇਦਾਰੀਆਂ ਵਿਚ ਲੱਭਦਾ ਫਿਰ ਰਿਹਾ ਸੀ ਤੇ ਨਿਰਾਸ਼ ਹੋ ਕੇ ਘਰ ਮੁੜ ਆਇਆ ਸੀ।...

ਲੱਛੂ ਦੇ ਰਿਸ਼ਤੇਦਾਰ ਨੇ ਉਹਨਾਂ ਦੀ ਬੜੀ ਆਉ-ਭਗਤ ਕੀਤੀ। ਇਕ ਭੈੜੇ ਨੂੰ ਹੋਰ ਭੈੜੇ ਯਾਰ ਮਿਲੇ। ਜਦੋਂ ਇਹਨਾਂ ਨੇ ਦੱਸਿਆ—ਸਾਥੋਂ ਇਕ ਬੁੜ੍ਹੀ ਮਰਗੀ—ਤਾਂ ਉਹ ਹੱਸਿਆ—"ਬੱਸ? ਏਥੇ ਤਾਂ ਬੰਦੇ ਖਪਾ ਦੇਈਦੇ ਐ।"

ਆਪੋ ਆਪਣੀਆਂ ਸਾਰੀਆਂ ਗੱਲਾਂ ਦੇ ਜ਼ਿਕਰ ਹੋਏ। ਫੜ੍ਹਾਂ ਮਾਰੀਆਂ ਗਈਆਂ। "ਤੁਸੀਂ ਤਾਂ ਐਵੇਂ—ਅਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਐ।" ਲੱਛੂ ਦਾ ਰਿਸ਼ਤੇਦਾਰ ਇਕ ਤਕੜੇ ਉਸਤਾਦ ਵਾਂਗ ਬੋਲਿਆ। "ਇਕ ਦੋ ਮੋਟੇ ਹੱਥ ਮਾਰੋ ਤੇ ਬੈਠ ਜਾਉ ਬਗਲੇ ਭਗਤ ਆਂਗੂ ਇਕ ਲੱਤ ਤੇ, ਸਾਉ ਬਣ ਕੇ।"

—ਮੋਟੇ ਹੱਥ?" ਇਹ ਤਿੰਨੋਂ ਹੈਰਾਨ ਹੋਏ।

ਉਸਨੇ ਕੋਈ ਭੇਦ ਵਾਲੀ ਗੱਲ ਦੱਸਣ ਵਾਲਿਆਂ ਵਾਂਗ ਮੂੰਹ ਉਹਨਾ ਦੇ ਨੇੜੇ ਕਰ ਲਿਆ ਤੇ ਦੱਬੀ ਸੁਰ 'ਚ ਕਿਹਾ, "ਕਿਸੇ ਖਾੜਕੂ ਗਰੁੱਪ ਦੇ ਨਾਂ ਤੇ ਲੈਟਰ ਪੈਡ ਛਪਾ ਲੋ। ਜਿਸ ਦੇ ਘਰ ਚਾਹੋ, ਮਨ ਮਰਜ਼ੀ ਰਕਮ ਲਿਖ ਕੇ ਚਿੱਠੀ ਸੁੱਟ ਦਿਉ। ਫੇਰ ਵੇਖੋ ਮਜ਼ੇ। ਨਾ ਡਾਕਾ ਮਾਰਨ ਦੀ ਲੋੜ, ਨਾ ਕਤਲ ਕਰਨ ਦੀ ਲੋੜ। ਲੱਛਮੀ ਤਾਂ ਪਾਲਤੂ ਬਿੱਲੀ ਵਾਂਗ ਪੈਰ ਚੱਟਦੀ ਫਿਰੂਗੀ।"

—ਵਾਹ ਕਿਆ ਬਾਤ ਐ। ਫੇਰ ਬਣੂੰਗੀ ਗੱਲ।" ਲੱਛੂ ਨੇ ਜੋਸ਼ 'ਚ ਚਾਂਬਲ ਕੇ ਕਿਹਾ।

—ਪੈਡ ਕਿਥੋਂ ਛਪਵਾਵਾਂਗੇ?" ਚਰਨ ਨੇ ਸ਼ੰਕਾ ਕੀਤਾ।

—ਪਰੈੱਸ ਵਾਲਾ ਤਾਂ ਇਕ ਜਾਣਦਾ ਐ ਮੈਨੂੰ। ਪਰ ਮੈਂ ਥੋਡੇ ਨਾਲ ਨੀ ਜਾਣਾ। ਦਖਾ ਦੂੰ ਇਕ ਵੇਰਾਂ।" ਪ੍ਰਕਾਸ਼ ਬੋਲਿਆ।

—ਉਹ ਛਾਪਦੂ?" ਚਰਨ ਨੇ ਹੈਰਾਨ ਹੋ ਕੇ ਪੁੱਛਿਆ।

—ਪਹਿਲਾਂ ਪ੍ਰੇਮ ਨਾਲ ਗੱਲ ਕਰਿਉ। ਜੇ ਮੰਨ ਗਿਆ ਤਾਂ ਠੀਕ ਐ। ਨਾਂਹ-ਨੁੱਕਰ ਕੀਤੀ ਤਾਂ ਪਿਸਤੌਲ ਦੀ ਨਾਲੀ ਦਿਖਾਉਣ ਦੀ ਲੋੜ ਐ।" ਲੱਛੂ ਦੇ ਰਿਸ਼ਤੇਦਾਰ



ਨੇ ਢੰਗ ਦੱਸਿਆ।

—ਲਾਲਾ ਸਮਝ ਲਾ ਆਪਾਂ ਲੱਖਾਂਪਤੀ ਬਣਗੇ।" ਲੱਛੂ ਚਹਿਕ ਪਿਆ।

—ਨੌਕਰੀ ਨਹੀਂ ਮਿਲਦੀ ਨਾ ਮਿਲੇ। ਆਪਾਂ ਕੀਹਦੇ ਨਾਲੋਂ ਘੱਟ ਹੋਵਾਂਗੇ। ਨੋਟਾਂ ਦੇ ਢੇਰ ਲੱਗੇ ਹੋਣਗੇ ਫੇਰ ਤਾਂ ਆਪਣੇ ਕੋਲ।" ਪ੍ਰਕਾਸ਼ ਵੀ ਖੁਸ਼ ਹੋ ਗਿਆ।

ਚੌਥੇ ਦਿਨ ਉਹ ਪਿੰਡ ਮੁੜੇ। ਸਾਰਾ ਪਿੰਡ ਇਹਨਾਂ ਦੀ ਖਬਰ ਲੈਣ ਆਇਆ। ਸ਼ਾਹਣੀ ਨੂੰ ਦੌਰੇ ਪੈਣ ਲੱਗ ਪਏ ਸਨ। ਸਾਹਮਣੇ ਬੈਠਾ ਪ੍ਰਕਾਸ਼ ਵੇਖ ਕੇ ਵੀ ਉਸਨੂੰ ਇਤਬਾਰ ਨਾ ਆਵੇ। ਭੌਰ ਭੌਰ ਹੋਈ ਕਹੀ ਜਾਵੇ, "ਉਹ ਅਜੇ ਆਇਆ ਨੀ—ਉਹ ਅਜੇ ਆਇਆ ਨੀ..."

ਲੋਕਾਂ ਨੂੰ ਦੱਸਣ ਲਈ ਉਹਨਾਂ ਇਕ ਕਹਾਣੀ ਘੜ ਲਈ ਸੀ।

—ਜਿਸ ਦਿਨ ਉਹ ਆਥਣੇ ਬਾਹਰ ਘੁੰਮਣ ਗਏ। ਇਕ ਗੱਡੀ ਉਹਨਾਂ ਕੋਲ ਆ ਕੇ ਰੁਕੀ। ਚਾਰ ਮੁੰਡੇ ਮੂੰਹ ਬੰਨ੍ਹੇ ਹੋਏ, ਉਸ ਵਿਚੋਂ ਉਤਰੇ। ਹੱਥਾਂ ਵਿਚ ਸਟੇਨਗੰਨਾਂ। ਸਾਨੂੰ ਜ਼ਬਰਦਸਤੀ ਗੱਡੀ ਵਿਚ ਬਿਠਾਇਆ, ਅੱਖਾਂ ਤੇ ਪੱਟੀਆਂ ਬੰਨ੍ਹੀਆਂ ਤੇ ਪਤਾ ਨਹੀਂ ਕਿਧਰ ਲੈ ਗਏ। ...ਫੇਰ ਤਿੰਨਾਂ ਦਿਨਾਂ ਬਾਅਦ ਆਪ ਹੀ ਛੱਡ ਗਏ।"

ਲੋਕਾਂ ਇਸ ਗੱਲ ਦਾ ਸੱਚ ਮੰਨ ਲਿਆ।

ਸੁਣ ਸੁਣਾ ਕੇ ਰਿਸ਼ਤੇਦਾਰ ਵੀ ਖਬਰ ਲੈਣ ਆਏ। ਪ੍ਰਕਾਸ਼ ਦੀ ਮਾਂ ਹੁਣ ਸਹਿਜ ਹੋ ਗਈ ਸੀ। ਤੇ ਉਸਨੂੰ ਅੱਖਾਂ ਤੋਂ ਉਹਲੇ ਨਹੀਂ ਸੀ ਹੋਣ ਦਿੰਦੀ। ਰਿਸ਼ਤੇਦਾਰਾਂ ਸਲਾਹ ਦਿੱਤੀ, "ਇਹਦਾ ਵਿਆਹ ਕਰ ਦਿਉ ਹੁਣ। ਆਵਾਰਗਰਦੀ ਤੋਂ ਬਚੇਗਾ, ਕਬੀਲਦਾਰੀ ਦੀ ਜ਼ਿੰਮੇਵਾਰੀ ਪਏਗੀ।"

ਰਿਸ਼ਤੇਦਾਰ ਪ੍ਰਕਾਸ਼ ਨੂੰ ਵੀ ਮੱਤਾਂ ਦਿੰਦੇ। ਉਹ ਨੀਵੀਂ ਪਾਈ ਚੁੱਪਚਾਪ ਸੁਣਦਾ ਰਹਿੰਦਾ।

ਇਹਨਾਂ ਦਿਨਾਂ ਵਿਚ ਚਰਨ ਤੇ ਲੱਛੂ ਪ੍ਰਕਾਸ਼ ਦੇ ਦੱਸੇ ਟਿਕਾਣੇ ਵਾਲੀ ਪਰੈਸ ਤੋਂ ਲੈਟਰ ਪੈਡ ਛਪਵਾ ਲਿਆਏ।

—ਪਹਿਲਾਂ ਤਾਂ ਝੋਟਾ ਗਾਂ ਆਂਗੂ ਲੱਤ ਚੱਕ ਗਿਆ।" ਉਹਨਾਂ ਹੱਸਦਿਆਂ ਪ੍ਰਕਾਸ਼ ਨੂੰ ਦੱਸਿਆ, "ਫੇਰ ਜਦੋਂ ਪਿਸਤੌਲ ਕੱਢ ਕੇ ਮੇਜ਼ ਤੇ ਰੱਖਿਆ ਤਾਂ ਮੁੜ੍ਹਕਾ ਆ ਗਿਆ ਉਹਨੂੰ। ਟੀਕਾ ਲੱਗੀ ਮੱਝ ਆਂਗੂ ਨਿੱਸਲ ਹੋ ਗਿਆ।"

—ਛਾਪਤਾ ਯਾਰ?" ਪ੍ਰਕਾਸ਼ ਨੇ ਕਾਹਲਾ ਪੈਂਦਿਆਂ ਪੁੱਛਿਆ।

—ਆਹ ਦੇਖ ਯਾਰ।" ਲੱਛੂ ਨੇ ਲਿਫਾਫੇ 'ਚ ਪਏ ਕਾਗਜ਼ ਉਸਨੂੰ ਫੜਾ ਕੇ ਕਿਹਾ, "ਏਹਨਾਂ ਨੂੰ ਆਪਣੇ ਘਰ ਈ ਰੱਖ ਸਾਂਭ ਕੇ। ਸਾਡੇ ਘਰੀਂ ਤਾਂ ਜੁਆਕ ਗਲੀਆਂ 'ਚ ਚੁੱਕੀ ਫਿਰਨਗੇ।"

ਇਸ ਤੋਂ ਦੋ ਦਿਨ ਮਗਰੋਂ ਪਿੰਡ ਦੇ ਇਕ ਖਾਂਦੇ ਪੀਂਦੇ ਘਰ ਨੂੰ ਧਮਕੀ ਪੱਤਰ ਮਿਲਿਆ।

—ਪੰਜਾਹ ਹਜ਼ਾਰ ਰੁਪਈਆ ਨਹਿਰ ਦੇ ਪੁਲ ਤੇ ਰਾਤ ਦੇ ਨੌਂ ਵਜੇ ਰੱਖ ਜਾਉ, ਨਹੀਂ ਤਾਂ ਸਾਰਾ ਟੱਬਰ ਸੋਧ ਦਿੱਤਾ ਜਾਏਗਾ।"

ਪਰਿਵਾਰ ਨੂੰ ਭਾਜੜਾਂ ਪੈ ਗਈਆਂ। ਕੋਈ ਰਿਸ਼ਤੇਦਾਰਾਂ ਵੱਲ ਭੱਜਿਆ, ਕੋਈ

ਸਿਆਸੀ ਲੀਡਰਾਂ ਵੱਲ। ਹਰ ਕੋਈ ਆਪਣੀ ਰਾਇ ਦਿੰਦਾ.... "ਪੰਜਾਹ ਹਜ਼ਾਰ ਦੇ ਦਿੱਤੇ ਜਾਣ, ਉਹਨਾਂ ਦਾ ਕੀ ਵਸਾਹ ਹੈ। ਜੇ ਘਰ ਨੂੰ ਅੱਗ ਲਾ ਗਏ, ਸਾਰੇ ਜੀਅ ਮਾਰ ਗਏ। ਫੇਰ ਨਾ ਪੈਸੇ ਰਹਿਣਗੇ ਨਾ ਘਰ।"

—ਇਹ ਲੁੱਟਾਂ ਖੋਹਾਂ ਕਰਨ ਵਾਲਿਆਂ ਦਾ ਕਾਰਾ ਹੋਏਗਾ। ਅਸਲੀ ਜਝਾਰੂ ਸਿਘ ਦਾ ਐਹੋ ਜੇ ਕੰਮ ਕਰਦੇ ਨੀ।" ਕੋਈ ਉਹਨਾਂ ਦਾ ਹਮਦਰਦ ਬੋਲਦਾ।

—ਜੇ ਕਰਦੇ ਵੀ ਹੋਣਗੇ, ਉਹਨਾਂ ਦੇ ਕਿਹੜਾ ਮੱਥੇ ਤੇ ਲਿਖਿਆ ਹੈ, ਅਸਲੀ ਐ ਕਿ ਨਕਲੀ ਐ।"

—ਧੇਲਾ ਨਾ ਦਿਉ। ਤਿਆਰ ਬਰ ਤਿਆਰ ਰਹੋ। ਜਦੋਂ ਆਏ ਤਕੜੇ ਹੋ ਕੇ ਪੈ ਨਿਕਲੋ।"

—ਉਹਨਾਂ ਮੂਹਰੇ ਤਾਂ ਪੁਲਸੀਆਂ ਦਾ ਮਨੋਬਲ ਡਿੱਗ ਪੈਂਦੈ। ਖੜੂਗਾ ਕਿਹੜਾ ਮੂਹਰੇ ?"

—ਏਹੀ ਡਰ ਤਾਂ ਉਹਨਾਂ ਨੂੰ ਸ਼ੇਰ ਬਣਾਈ ਜਾਂਦੈ।"

—ਪੁਲਸ ਨੂੰ ਚਿੱਠੀ ਵਿਖਾਉ, ਘਰ ਦੁਆਲੇ ਪਹਿਰਾ ਲਾ ਦੇਣਗੇ।"

—ਫੇਰ ਤਾਂ ਦੋਹਾਂ ਪੁੜਾਂ 'ਚ ਫਸ ਜਾਂਗੇ। ਪੁਲਸ ਵੀ ਖਾਊ, ਉਹ ਵੀ ਖਾਣਗੇ।"

ਅਖੀਰ ਭਾਰੀ ਭੰਜ ਨੱਠ ਤੋਂ ਬਾਅਦ ਘਰਦਿਆਂ ਨੇ ਪੰਜਾਹ ਹਜ਼ਾਰ ਦੇ ਕੇ ਖਹਿੜਾ ਛੁਡਾਉਣਾ ਹੀ ਠੀਕ ਸਮਝਿਆ।

ਵੀਹ ਕੁ ਦਿਨਾਂ 'ਚ ਪ੍ਰਕਾਸ਼ ਨੇ ਸਕੂਟਰ ਖਰੀਦ ਲਿਆ। ਚਰਨ ਨੇ ਆਪਣੀ ਛੱਤ ਤੇ ਟੈਲੀ ਵਿਜ਼ਨ ਦਾ ਐਂਟੀਨਾ ਲਾ ਲਿਆ। ਲੱਛੂ ਇਕ ਬੁੜ੍ਹੇ ਜੱਟ ਤੋਂ ਜ਼ਮੀਨ ਖਰੀਦਣ ਲਈ ਉਸਦੇ ਮਗਰ ਫਿਰਨ ਲੱਗਾ।

ਪਿੰਡ ਦੇ ਲੋਕ ਪਹਿਲਾਂ ਨਾਲੋਂ ਵੀ ਵੱਧ ਹੈਰਾਨ ਹੋਏ। ਮੂੰਹ ਜੋੜ ਜੋੜ ਗੱਲਾਂ ਵੀ ਹੁੰਦੀਆਂ, ਸ਼ੰਕੇ ਵੀ ਕੀਤੇ ਜਾਂਦੇ। ਪਰ ਖੁੱਲ੍ਹ ਕੇ ਕੋਈ ਗੱਲ ਨਾ ਕਰਦਾ।

—ਆਪਾਂ ਨੂੰ ਕੀ ? ....ਆਪਾਂ ਕੀ ਲੈਣਾ ਐ।"

—ਜਿਹੜਾ ਕਰੂ ਉਹੀ ਭਰੂ..." ਵਰਗੀਆਂ ਗੱਲਾਂ ਕਰ ਕੇ ਦੰਦ ਕਥਾਵਾਂ ਦਾ ਭੋਗ ਪਾ ਦਿੱਤਾ ਜਾਂਦਾ।

ਉਹ ਚਾਰ ਥਾਵਾਂ ਤੋਂ ਧਮਕੀ-ਪੱਤਰਾਂ ਨਾਲ ਪੈਸੇ ਲੈ ਚੁੱਕੇ ਸਨ। ਐਨੇ ਰੁਪਏ ਜ਼ਿੰਦਗੀ ਵਿਚ ਉਹਨਾਂ ਪਹਿਲੀ ਵਾਰ ਵੇਖੇ ਸਨ। ਉਹਨਾਂ ਰਾਇ ਕੀਤੀ, "ਹੁਣ ਆਪਾਂ ਇਕ ਦੂਸਰੇ ਨੂੰ ਘੱਟ ਮਿਲਿਆ ਕਰੀਏ। ਅੱਡ ਅੱਡ ਰਹੀਏ। ਪੈਸਾ ਕਿਸੇ ਕਾਰੋਬਾਰ 'ਚ ਲਾਈਏ।"

ਇਹਨਾਂ ਦਿਨਾਂ 'ਚ ਪੁਲੀਸ ਇਸਪੈਕਟਰ ਦੀ ਜਵਾਬ ਤਲਬੀ ਹੋਈ। ਉਸ ਦੇ ਇਲਾਕੇ ਵਿਚ ਲੁੱਟਾਂ ਤੇ ਖੋਹਾਂ ਹੋ ਰਹੀਆਂ ਸਨ। ਕਤਲ ਹੋ ਰਹੇ ਸਨ। ਧਮਕੀ-ਪੱਤਰ ਮਿਲ ਰਹੇ ਸਨ। ਉਹ ਕੀ ਕਰ ਰਿਹੈ ?

ਉਪਰਲੀ ਅਫਸਰਸ਼ਾਹੀ ਨੂੰ ਖ਼ੁਸ਼ ਕਰਨ ਲਈ ਇਸਪੈਕਟਰ ਨੇ ਇਕ ਏ.ਐਸ.ਆਈ. ਨੂੰ ਫੋਰਸ ਦੇ ਕੇ ਭੇਜਿਆ। ਉਹ ਚਰਨ ਤੇ ਲੱਛੂ ਨੂੰ ਫੜ ਲਿਆਏ।

ਇਸਪੈਕਟਰ ਆਪ ਕੋਠੀ ਰਿਹਾ ਤੇ ਉਸਦੀ ਗੈਰ ਹਾਜ਼ਰੀ ਵਿਚ ਗੁਪਤ



ਹਦਾਇਤ ਤੇ ਦੋਹਾਂ ਦੀ ਛਿੱਤਰ-ਪਰੇਡ ਵੀ ਹੋਈ। ਬਾਅਦ ਵਿਚ ਇਸਪੈਕਟਰ ਨੇ ਆ ਕੇ ਆਪਣੇ ਮਾਤਹਿਤਾਂ ਨੂੰ ਝਿੜਕਿਆ, "ਕੰਜਰੋ ਘਰ ਦੇ ਬੰਦੇ ਈ ਕੁੱਟ ਧਰੇ, ਛੱਡੋ ਇਹਨਾਂ ਨੂੰ।"

—ਤੁਹਾਡੇ ਹੁੰਦਿਆਂ ਸਾਡੇ ਨਾਲ ਇਹ ਹਾਲ ਹੋਇਆ ?" ਚਰਨ ਤੇ ਲੱਛੂ ਉਸ ਮੂਹਰੇ ਹੱਥ ਜੋੜੀ ਖੜ੍ਹੇ ਸਨ।

—ਐਹੋ ਜੇ ਡਰਾਮੇ ਤਾਂ ਸਾਨੂੰ ਕਰਨੇ ਪੈਂਦੇ ਆ। ਪਰ ਕੁੱਟਣ ਵਾਲੀ ਇਹਨਾਂ ਮਾੜੀ ਗੱਲ ਕੀਤੀ।"

—ਪਰ ਸਾਨੂੰ ਲਿਆਏ ਕਾਹਦੇ 'ਚ ਐ ?" ਦੋਵੇਂ ਹੈਰਾਨ ਸਨ।

—ਆਪਣੇ ਇਲਾਕੇ 'ਚ ਕਿੰਨੀਆਂ ਵਾਰਦਾਤਾਂ ਹੋ ਰਹੀਆਂ ਨੇ। ਸਾਡੀ ਉਪਰੋਂ ਖਿਚਾਈ ਹੁੰਦੀ ਆ। ਕਿਧਰ ਜਾਈਏ ?" ਇਸਪੈਕਟਰ ਨੇ ਮਹਿਕਮੇ ਵਾਲੇ ਦਾਅ ਪੇਚ ਵਰਤੇ।

—ਸਾਡੇ ਨਾਲ ਇਕ ਹੋਰ ਵੀ ਹੈਗਾ ਜਨਾਬ, ਥੋੜ੍ਹੀ ਬਹੁਤੀ ਉਹਦੀ ਵੀ ਲਾਹ ਪਾਹ ਹੋ ਜੇ ਤਾਂ ਚੰਗਾ ਐ।" ਲੱਛੂ ਅਚਾਨਕ ਕਹਿ ਬੈਠਾ।

—ਆਪਾਂ ਹੁਣ ਖਿੱਚ ਲਿਆਉਨੇ ਆਂ।" ਇਸਪੈਕਟਰ ਦੇ ਹੱਥ ਇਕ ਹੋਰ ਅਸਾਮੀ ਲਗਦੀ ਸੀ।

ਬਾਅਦ ਵਿਚ ਚਰਨ ਲੱਛੂ ਨਾਲ ਗੁੱਸੇ ਹੋਇਆ, "ਪ੍ਰਕਾਸ਼ ਦਾ ਨਾਂ ਨਹੀਂ ਸੀ ਲੈਣਾ। ਆਪਾਂ ਤਾਂ ਫਸੇ ਈ ਆਂ, ਫੇਰ ਵੀ ਆਪਣਾ ਯਾਰ ਐ।"

—ਛਿੱਤਰ ਆਪਾਂ ਖਾਈ ਜਾਈਏ, ਐਸ਼ਾਂ ਲਾਲਾ ਕਰੀ ਜਾਵੇ। ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਐ", ਹਰ ਕੰਮ 'ਚ ਲੱਛੂ ਦਾ ਆਪਣਾ ਸਿਧਾਂਤ ਸੀ।

ਆਥਣ ਵੇਲੇ ਰੂਪ ਚੰਦ ਦੇ ਘਰ ਛਾਪਾ ਪੈ ਗਿਆ। ਪਿੰਡ ਵਾਲੇ ਅਚੰਭਤ ਰਹਿ ਗਏ। ਲਾਲੇ ਨੂੰ ਗਰਕ ਜਾਣ ਲਈ ਜ਼ਮੀਨ ਨਹੀਂ ਸੀ ਵੇਹਲ ਦੇ ਰਹੀ। ਇਸਪੈਕਟਰ ਨੇ ਸੋਚਿਆ ਸੀ, ਤੋਲਾ ਦੋ ਤੋਲੇ ਅਫੀਮ ਹੱਥ ਲਗੇਗੀ। ਨਾ ਵੀ ਲਗਦੀ ਤਾਂ ਵੀ ਉਸਦੇ ਆਦਮੀਆਂ ਕੋਲ ਲਾਲੇ ਨੂੰ ਫਸਾਉਣ ਲਈ ਅਫੀਮ ਪਹਿਲਾਂ ਹੀ ਸੀ।

ਪਰ ਉਹਨਾਂ ਨੂੰ ਇਕ ਜਗ੍ਹਾ ਛੁਪਾਇਆ ਉਹੀ ਲੈਟਰ ਪੈਡ ਮਿਲ ਗਿਆ।

ਲੈਟਰ ਪੈਡ ਦੇਖ ਕੇ ਇਸਪੈਕਟਰ ਧਰਤੀ ਤੋਂ ਗਿੱਠ ਉੱਚਾ ਹੋ ਗਿਆ।

—ਅਤਿਵਾਦੀਆਂ ਨਾਲ ਸੰਬੰਧ। ... ਇਕ ਤਕੜਾ ਗਰੋਹ ਹੱਥ ਲੱਗਣ ਦੀ ਝਾਕ। ਲਾਲੇ ਵਰਗੀ ਅਸਾਮੀ... ਤਰੱਕੀ.... ਇਲਾਕੇ 'ਚ ਨਾਮ, ਮਹਿਕਮੇ 'ਚ ਮਾਨ, ਬੜਾ ਕੁਝ ਸੋਚ ਗਿਆ ਇਸਪੈਕਟਰ ਤੇ ਉਸਨੇ ਪ੍ਰਕਾਸ਼, ਰੂਪ ਚੰਦ ਤੇ ਪ੍ਰਕਾਸ਼ ਦੀ ਮਾਂ ਨੂੰ ਠਾਣੇ ਲਿਆ ਬਿਠਾਇਆ।

ਬਾਅਦ ਵਿਚ ਪਿੰਡ ਦੇ ਲੋਕਾਂ ਅਤੇ ਪੰਚਾਇਤ ਦੇ ਜ਼ੋਰ ਪਾਉਣ ਤੇ ਅਤੇ ਇਹ ਜ਼ਿੰਮੇਵਾਰੀ ਲੈਣ ਤੇ ਕਿ ਜਦੋਂ ਵੀ ਲੋੜ ਪਏਗੀ, ਉਹ ਇਹਨਾਂ ਦੋਹਾਂ ਨੂੰ ਪੇਸ਼ ਕਰਨਗੇ, ਰੂਪ ਚੰਦ ਤੇ ਪ੍ਰਕਾਸ਼ ਦੀ ਮਾਂ ਨੂੰ ਛੱਡ ਦਿੱਤਾ ਗਿਆ।

ਉਹ ਦੋਨੋਂ ਆਪਣੇ ਆਪ ਨੂੰ ਇੰਨਾ ਜ਼ਲੀਲ ਹੋਇਆ ਮਹਿਸੂਸ ਕਰ ਰਹੇ ਸਨ, ਜਿਵੇਂ ਸਾਰੇ ਪਿੰਡ ਸਾਹਮਣੇ ਉਹਨਾਂ ਨੂੰ ਅਲਫ ਨੰਗਾ ਕਰ ਦਿੱਤਾ ਗਿਆ ਹੋਵੇ।

ਘਰ ਆ ਕੇ ਪ੍ਰਕਾਸ਼ ਦੀ ਮਾਂ ਨੇ ਦੁੱਖੀ ਹੋ ਕੇ ਕਿਹਾ, "ਨਿਜ ਜੰਮਦਾ ਇਹੋ ਜਾ ਕਪੂਤ।"

ਪਿੰਡ ਦੇ ਕੁਝ ਲੋਕ ਤਾਂ ਸੱਚਮੁੱਚ ਰੂਪ ਚੰਦ ਨਾਲ ਹਮਦਰਦੀ ਰੱਖਦੇ ਸਨ, ਪਰ ਕੁਝ ਜਾਣ-ਬੁੱਝ ਕੇ ਚਸਕਾ ਲੈਣ ਦੇ ਮਾਰੇ ਉਹਨਾਂ ਦਾ ਹਾਲ ਚਾਲ ਪੁੱਛਣ ਆਉਂਦੇ ਸਨ।

ਉਧਰ ਠਾਣੇ ਵਿਚ ਪ੍ਰਕਾਸ਼ ਦੇ ਘੋਟਾ ਫੇਰ ਫੇਰ ਬਹੁੜੀਆਂ ਪੁਆ ਦਿੱਤੀਆਂ। ਪਹਿਲਾਂ ਵੀ ਤੇ ਹੁਣ ਘੋੜਾ ਫਿਰਨ ਤੋਂ ਬਾਅਦ ਵੀ ਉਹ ਇਕੋ ਗੱਲ ਕਹਿੰਦਾ ਰਿਹਾ, "ਮੈਂ ਚਰਨ ਤੇ ਲੱਛੂ ਤੋਂ ਸਿਵਾ ਹੋਰ ਕਿਸੇ ਨੂੰ ਨਹੀਂ ਜਾਣਦਾ। ਏਹ ਕਾਗਜ਼ ਵੀ ਮੈਨੂੰ ਏਹਨਾਂ ਨੇ ਹੀ ਫੜਾਏ ਸਨ ਸਾਂਭਣ ਲਈ।"

ਇਸੰਪੈਕਟਰ ਸਾਰੀ ਕ਼ਾਈਵਾਲੀ ਭੁੱਲ ਗਿਆ। ਲੱਛੂ ਤੇ ਚਰਨ ਦੀ ਵੀ ਚੰਗੀ ਸੇਵਾ ਹੋਈ। ਜਾਣਦੇ ਉਹ ਵੀ ਕਿਸੇ ਖਾੜਕੂ ਗਰੁੱਪ ਨੂੰ ਨਹੀਂ ਸਨ। ਇਸਪੈਕਟਰ ਜਾਣ ਤਾਂ ਗਿਆ, ਪਰ ਉਹ ਛੇਤੀ ਕੀਤੇ ਇਹਨਾਂ ਨੂੰ ਛੱਡਣ ਲਈ ਤਿਆਰ ਨਹੀਂ ਸੀ।

ਕੁੱਟ ਕੇ ਨਿੱਸਲ ਕੀਤੇ ਚਰਨ ਤੇ ਲੱਛੂ ਸੋਚ ਰਹੇ ਹਨ—ਪ੍ਰਕਾਸ਼ ਨੂੰ ਫਸਾ ਕੇ ਚੰਗਾ ਨਹੀਂ ਕੀਤਾ। ਪਹਿਲਾਂ ਉਹਨਾਂ ਨੂੰ ਵਾਰਨਿੰਗ ਦੇ ਕੇ ਹੀ ਛੱਡ ਦੇਣਾ ਸੀ। ਪਰ ਹੁਣ ਤਾਂ ਇਸਪੈਕਟਰ ਕੋਈ ਵੀ ਮਿੰਨਤ ਤਰਲਾ ਸੁਣਨ ਲਈ ਤਿਆਰ ਨਹੀਂ ਸੀ।

ਰੂਪ ਚੰਦ ਨਾ ਜਿਉਂਦਿਆਂ 'ਚ, ਨਾ ਮਰਦਿਆਂ 'ਚ। ਪਿੰਡ ਵਿਚ ਬਣਾਈ ਉਸਦੀ ਸ਼ਾਨ ਪਲਾਂ ਵਿਚ ਹੀ ਮਿੱਟੀ 'ਚ ਮਿਲ ਗਈ। ਉਹ ਪ੍ਰਕਾਸ਼ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਨ ਬਾਰੇ ਸੋਚ ਰਿਹਾ ਸੀ। ਪਰ ਸ਼ਾਹਣੀ ਪੇਸ਼ ਨਹੀਂ ਸੀ ਜਾਣ ਦਿੰਦੀ। ਇਕ ਵਾਰ ਉਸਨੂੰ ਛੁਡਾ ਲਿਆ। ਆਪਾਂ ਪਿੰਡ ਛੱਡ ਕੇ ਸ਼ਹਿਰ ਚੱਲ ਰਹਾਂਗੇ। ਅਖੀਰ ਰੂਪ ਚੰਦ ਨੇ ਇਕ ਤਕੜੇ ਦਲਾਲ ਕਿਸਮ ਦੇ ਬੰਦੇ ਨੂੰ ਵਿਚ ਪਾ ਕੇ ਪ੍ਰਕਾਸ਼ ਨੂੰ ਛੱਡਣ ਬਾਰੇ ਗੱਲ ਚਲਾਈ। ਇਸਪੈਕਟਰ ਪੰਜਾਹ ਹਜ਼ਾਰ ਮੰਗਦਾ ਸੀ। ਤੀਹ ਹਜ਼ਾਰ ਤੇ ਗੱਲ ਤਹਿ ਹੋ ਗਈ।

ਪ੍ਰਕਾਸ਼ ਘਰ ਆ ਗਿਆ। ਪੈਰਾਂ ਦੀਆਂ ਤਲੀਆਂ ਸੁੱਜੀਆਂ ਹੋਈਆਂ, ਚਿੱਤੜਾਂ ਦਾ ਮਾਸ ਉਚੜਿਆ ਹੋਇਆ, ਅੱਖਾਂ ਹੇਠ ਨੀਲ ਪਏ ਹੋਏ।

ਕੁਝ ਦਿਨਾਂ ਬਾਅਦ ਚਰਨ ਤੇ ਲੱਛੂ ਵੀ ਲੈ ਦੇ ਕੇ ਛੁੱਟ ਸਕੇ।

ਪ੍ਰਕਾਸ਼ ਨੇ ਆ ਕੇ ਮੰਜਾ ਮੱਲ ਲਿਆ। ਸ਼ਰਮ ਦਾ ਮਾਰਾ ਉਹ ਘਰੋਂ ਬਾਹਰ ਨਹੀਂ ਸੀ ਨਿਕਲਣਾ ਚਾਹੁੰਦਾ। ਪਤਾ ਲੈਣ ਆਏ ਰਿਸ਼ਤੇਦਾਰਾਂ ਨੂੰ ਵੀ ਉਸਦਾ ਮਿਲਣ ਨੂੰ ਜੀਅ ਨਹੀਂ ਸੀ ਕਰਦਾ। "ਕੀ ਹੋਇਆ, ਕੀ ਨਹੀਂ ਹੋਇਆ?" ਦੱਸ ਦੱਸ ਕੇ ਉਹ ਔਖਿਆ ਪਿਆ ਸੀ।

ਅੰਦਰ ਮੰਜੇ ਤੇ ਪਿਆ, ਸੁੱਜਿਆਂ ਪੈਰਾਂ ਦੀਆਂ ਤਲੀਆਂ ਨੂੰ ਪਲੋਸਦਾ ਸੋਚਦਾ ਰਹਿੰਦਾ, "ਕੀ ਲੈਣਾ ਸੀ ਇਹਨਾਂ ਤੋਂ? ਜੇ ਨੌਕਰੀ ਨਹੀਂ ਮਿਲੀ ਸੀ, ਦੁਕਾਨ ਤੇ ਬਹਿ ਰਹਿੰਦਾ। ਆਪਣਾ ਹੀ ਕੰਮ ਸੀ, ਏਹਦੇ 'ਚ ਸ਼ਰਮ ਕਾਹਦੀ ਸੀ? ਜੇ ਚਰਨ ਤੇ ਲੱਛੂ ਕੋਲ ਨਾ ਜਾਣ ਲਗਦਾ। ਚੱਲ ਜੇ ਚਲਿਆ ਵੀ ਗਿਆ ਸੀ ਤਾਂ ਉਹਨਾਂ ਦੇ ਮਗਰ ਨਾ ਲਗਦਾ। ਰੋਜ਼ ਸ਼ਰਾਬ ਪੀਣ ਦਾ ਕੀ ਕੰਮ ਸੀ? ਨਹਿਰ ਦੇ ਪੁਲ ਤੇ ਉਹਨਾਂ ਨਾਲ ਜਾਣ ਦੀ ਕੀ ਲੋੜ ਸੀ? ਪੜ੍ਹ ਲਿਖ ਕੇ ਬੇਵਕੂਫ ਬਣ ਗਿਆ ਤੂੰ। ਖੂਹ 'ਚ ਪਾ ਦਿੱਤੀ



ਪੜ੍ਹਾਈ। ਉਹ ਆਪਣੇ ਆਪ ਨੂੰ ਲਾਹਣਤਾਂ ਪਾਉਣ ਲਗਦਾ। ਬਹੁਤ ਦੁੱਖ ਦਿੱਤਾ ਹੈ ਮਾਂ ਨੂੰ, ਪਿਤਾ ਜੀ ਨੂੰ। ਠੀਕ ਹੋ ਕੇ ਹੁਣ ਮੈਂ ਹੱਟੀ ਤੇ ਬੈਠਿਆ ਕਰਾਂਗਾ। ... ਚਰਨ ਤੇ ਲੱਛੂ ਨਾਲ ਕਲਾਮ ਨਹੀਂ ਕਰਾਂਗਾ.... ਬੱਸ ਬਥੇਰਾ ਹੋ ਗਿਆ...."

ਪੁਲਿਸ ਦੀ ਕੁੱਟ ਨਾਲ ਅੰਗ-ਅੰਗ ਦੁਖਦਾ ਤਾਂ ਉਹ ਆਪਣੇ ਆਪ ਨੂੰ ਹੀ ਗਾਲ੍ਹਾਂ ਦਿੰਦਾ।

ਚਰਨ ਤੇ ਲੱਛੂ ਦਾ ਵੀ ਇਹੀ ਹਾਲ ਸੀ। ਉਹ ਵੀ ਕੰਨੋ ਹੋ ਕੇ ਰਾਇ ਕਰਦੇ... ਜੇ ਇਹ ਧੰਦਾ ਛੱਡ ਹੀ ਦਈਏ ਤਾਂ ਚੰਗਾ ਹੈ। ਬਾਹਲਾ ਕੰਨਾ ਕਰਦੇ ਕਰਦੇ ਕਿਧਰੇ ਕੋਲੋਂ ਵੀ ਨਾ ਖੁਹਾ ਲਈਏ। ਹੁਣ ਕੋਈ ਇੱਜ਼ਤ ਵਾਲਾ ਕੰਮ ਕਰੀਏ....।

ਉਹਨਾਂ ਦੀਆਂ ਸਕੀਮਾਂ ਕੋਈ ਸਿਆਣਾ ਆਦਮੀ ਸੁਣਦਾ ਤਾਂ ਪਿੱਠ ਪਿੱਛੇ ਆਖਦਾ, "ਨੌਂ ਸੌ ਚੂਹੇ ਖਾ ਕੇ ਤਾਂ ਬਿੱਲੀ ਹੱਜ ਕਰਨ ਜਾਏਗੀ ਹੀ....।"

ਇਹਨਾਂ ਦਿਨਾਂ ਵਿਚ ਹੀ ਠਾਣਿਉਂ ਇਕ ਸਿਪਾਹੀ ਆਇਆ ਤੇ ਲੱਛੂ ਰਾਮ ਨੂੰ ਸੁਨੇਹਾ ਦੇ ਗਿਆ। ਵੱਡੇ ਸਾਹਬ ਨੇ ਯਾਦ ਕੀਤਾ....।

ਅਜੇ ਤਾਂ ਪਹਿਲੀ ਕੁੱਟ ਨੀ ਰਾਸ ਆਈ। ਲੱਛੂ ਦੀ ਗੱਲ ਸੁਣ ਕੇ ਚਰਨ ਦੀਆਂ ਸੱਟਾਂ ਦਾ ਦਰਦ ਫੇਰ ਜਾਗ ਪਿਆ। ਫਿਰ ਉਹਨਾਂ ਦੋਹਾਂ ਸਲਾਹ ਕੀਤੀ....ਪ੍ਰਕਾਸ਼ ਨੂੰ ਆਪਣੇ ਨਾਲ ਹੀ ਰੱਖਿਆ ਜਾਵੇ।

ਉਹ ਦੋਵੇਂ ਪ੍ਰਕਾਸ਼ ਕੋਲ ਆ ਗਏ। ਉਹ ਹੁਣ ਦੁਕਾਨ ਤੇ ਬੈਠਣ ਲੱਗ ਪਿਆ ਸੀ। ਗੱਲ ਸੁਣ ਕੇ ਉਸਨੇ ਕੰਨਾਂ ਨੂੰ ਹੱਥ ਲਾਏ ... "ਤੁਹਾਨੂੰ ਬੁਲਾਇਆ ਏ, ਤੁਸੀਂ ਜਾ ਆਉ। ਮੈਂ ਹੁਣ ਕਿਸੇ ਵੀ ਕੰਮ 'ਚ ਥੋਡੇ ਨਾਲ ਨੀ।"

—ਨਾਲ ਕਿਵੇਂ ਨੀ? ਵਾਹ ਲਾਲਾ! ਖਾਣ ਪੀਣ ਨੂੰ ਬਾਂਦਰੀ ਤੇ ਟੱਬੇ ਖਾਣ ਨੂੰ ਰਿੱਛ?" ਲੱਛੂ ਹਰਖਿਆ।

—ਗਰਮੀ ਦਖੌਣ ਦੀ ਲੋੜ ਨੀ। ਟੱਬੇ ਐਸ ਰਿੱਛ ਨੇ ਵੀ ਖਾਧੇ ਐ ਤੇ ਥੋਡੇ ਨਾਲੋਂ ਜਿਆਦਾ ਈ ਖਾਧੇ ਐ। ਪਰ ਹੁਣ ਕੁਝ ਵੀ ਹੋ ਜਾਏ ਮੈਂ ਥੋਡੇ ਨਾਲ ਨੀ ਜਾਣਾ....।" ਪ੍ਰਕਾਸ਼ ਲਕੀਰ ਖਿੱਚ ਗਿਆ। ਹੁਣ ਉਹ ਪਹਿਲਾਂ ਵਾਲਾ ਡਰੂ ਬਾਣੀਆ ਨਹੀਂ ਸੀ ਰਿਹਾ। ਪੁਲਿਸ ਦੀ ਕੁੱਟ ਖਾ ਕੇ ਦਲੇਰ ਬਣ ਗਿਆ ਸੀ। ਉਹਨਾਂ ਨੂੰ ਚੁੱਪ ਵੇਖ ਕੇ ਉਸਨੇ ਜ਼ੋਰ ਦੇ ਕੇ ਕਿਹਾ, "ਮੈਂ ਨੀ ਜਾਣਾ, ਜਿਹੜਾ ਥੋਡੇ ਜੀਅ 'ਚ ਆਉਂਦੈ.... ਕਰ ਲੋ।"

—ਅਸੀਂ ਕੀ ਕਰਨਾ ਐ। ਕਰਨਗੇ ਤਾਂ ਆਪੇ ਤੇਰੇ ਪਤੰਦਰ। ਕਨੇਡਾ ਆਲਿਆਂ ਦੀ ਬੁੜ੍ਹੀ ਤੂੰ ਈ ਮਾਰੀ ਸੀ। ਠਾਣੇਦਾਰ ਤਾਂ ਅਜੇ ਵੀ ਅਸਲੀ ਕਾਤਲ ਭਾਲਦਾ ਫਿਰਦੈ।" ਚਰਨ ਦੀ ਨੀਅਤ ਪ੍ਰਕਾਸ਼ ਮੂਹਰੇ ਨੰਗੀ ਚਿੱਟੀ ਹੋ ਗਈ।

—ਤੁਸੀਂ ਵੀ ਤਾਂ ਨਾਲ ਈ ਸੀਗੇ।" ਪ੍ਰਕਾਸ਼ ਕਹਿ ਤਾਂ ਗਿਆ, ਪਰ ਉਸਦੇ ਮੂੰਹ ਤੇ ਪਿਲੱਤਣ ਫਿਰ ਗਈ।

—ਨਾਲ ਸੀਗੇ, ਤਾਂ ਈ ਤਾਂ ਗਵਾਹੀ ਦੇਵਾਂਗੇ, ਠੋਕ ਕੇ।" ਲੱਛੂ ਨੇ ਹਿੱਕ ਥਾਪੜੀ।

ਪ੍ਰਕਾਸ਼ ਡਰ ਗਿਆ। ਦੋਵੇਂ ਹੱਥ ਜੋੜੇ.... "ਮੈਨੂੰ ਮਾਫ਼ ਕਰ ਦਿਉ, ਦੋ ਚਾਰ

ਦਿਨਾਂ ਤਾਈਂ ਮੇਰਾ ਮੰਗਣਾ ਹੋਣ ਵਾਲੈ। ਵੇਖਣ ਆਉਣਗੇ"

—ਲਾਲਾ ਅੱਧ ਵਿਚਾਲਿਉਂ ਤੈਨੂੰ ਭੱਜਣ ਨੀ ਦੇਣਾ। ਐਤਕੀ ਤਾਂ ਆਪਾਂ ਕੱਠੇ ਚੱਲਾਂਗੇ.... ਫੇਰ ਦੇਖੀ ਜਾਊ ਜਿਹੜੀ ਹੋਊ ਲੋਕਾਂ ਨਾਲ।" ਲੱਛੂ ਨੇ ਦੋ-ਟੁੱਕ ਗੱਲ ਕੀਤੀ।

ਪ੍ਰਕਾਸ਼ ਨੀਵੀਂ ਪਾ ਗਿਆ.... ਚੰਗਾ ਫਸਿਆ..... ਨਾ ਜਾਵਾਂ ਤਾਂ ਵੀ ਔਖਾ, ਜੇ ਜਾਵਾਂ ਤਾਂ ਕੀ ਪਤਾ ਫੜ ਕੇ ਅੰਦਰ ਹੀ ਕਰ ਦੇਣ.....।

—ਕੱਲ੍ਹ ਨੂੰ ਤਿਆਰ ਰਹੀਂ।" ਆਖ ਕੇ ਉਹ ਤੁਰਨ ਲੱਗੇ ਫਿਰ ਰੁਕ ਗਏ ਤੇ ਚਰਨ ਨੇ ਖ਼ਬਰਦਾਰ ਕੀਤਾ, "ਜੇ ਨਾ ਆਇਆ ਤਾਂ ਉਹ ਆਪੇ ਲੈ ਜਾਣਗੇ ਇੱਜ਼ਤ ਨਾਲ।"

ਉਹਨਾਂ ਦੇ ਜਾਣ ਬਾਅਦ ਪ੍ਰਕਾਸ਼ ਨੇ ਇਕ ਲੰਮਾ ਹਉਕਾ ਲਿਆ। ਕੀ ਕਰਾਂ..., ਕਿਧਰ ਜਾਵਾਂ...? ਜਿੰਨਾ ਰੁਪਿਆ ਮੈਂ ਇਹਨਾਂ ਮਹੀਨਿਆਂ 'ਚ ਇਕੱਠਾ ਕੀਤਾ ਹੈ, ਜੇ ਸਾਰਾ ਇਹਨਾਂ ਨੂੰ ਮੋੜ ਦਿਆਂ ਤੇ ਕਹਾਂ, .....ਮੇਰਾ ਖਹਿੜਾ ਛੱਡੋ। ...ਛੱਡ ਦੇਣਗੇ....? ... ਇਹ ਬੜੇ ਹਰਾਮੀ ਨੇ। .... ਪੈਸੇ ਵੀ ਰੱਖ ਲੈਣਗੇ ਤੇ ਮੈਨੂੰ ਫਸਾ ਵੀ ਦੇਣਗੇ। ਜੇ ਇਹਨਾਂ ਸੱਚਮੁੱਚ ਹੀ ਦੱਸ ਦਿੱਤਾ, ਬੁੜ੍ਹੀ ਦਾ ਕਤਲ ਮੇਰੇ ਹੱਥੋਂ ਹੋਇਆ ਹੈ। ਗਵਾਹੀ ਵੀ ਦੇ ਦੇਣਗੇ, ਫਾਂਸੀ ਹੋਊ। ... ਇਹਨਾਂ ਦੇ ਨਾਲ ਜਾਣਾ ਹੀ ਠੀਕ ਹੈ। ਕੀ ਪਤਾ, ਉਵੇਂ ਹੀ ਸੱਦਿਆ ਹੋਵੇ। ਜੇ ਇਧਰ ਮੈਨੂੰ ਵੇਖਣ ਵਾਲੇ ਆਏ ਹੋਏ ਤੇ ਉਧਰ ਮੈਂ ਠਾਣੇ ਬੈਠਾ ਹੋਇਆ...? ਪਿਤਾ ਜੀ ਦੀ ਤਾਂ ਬਹੁਤ ਨਮੋਸ਼ੀ ਹੋਏਗੀ। .... ਜੇ ਤੜਕੇ ਹੀ ਸਕੀਰੀਆਂ ਵੱਲ ਨਿਕਲ ਜਾਵਾਂ...? ਇਹ ਕੰਜਰ ਲੱਭ ਲੈਣਗੇ। ..ਫੇਰ ਤਾਂ ਹੋਰ ਵੀ ਬੇਜ਼ਤੀ ਹੋਊ। ...ਇਕ ਵੇਰੀ ਤਾਂ ਜਾ ਆਉਨੈਂ, ਵੇਖੀ ਜਾਊ। ....ਫੇਰ ਬਿਨਾਂ ਦੱਸੇ ਹੀ ਕਿਸੇ ਦੂਰ ਦੀ ਰਿਸ਼ਤੇਦਾਰੀ ਵਲ ਨਿਕਲ ਜੂੰ।...

ਰਾਤ ਵੀ ਉਸਦੀ ਇਸ ਤਰ੍ਹਾਂ ਹੀ ਉਧੇੜ ਬੁਣ 'ਚ ਪਾਸੇ ਮਾਰਦਿਆਂ ਲੰਘੀ। ਰੂਪ ਚੰਦ ਦੀ ਨਿਗਾਹ ਉਸ ਵਿਚ ਹੀ ਸੀ।

—ਕੀ ਗੱਲ ਐ, ਨੀਂਦ ਨਹੀਂ ਆਉਂਦੀ....?"

—ਨਹੀਂ ਪਿਤਾ ਜੀ, ਉਂਜੇ ਈ ਟਲਗੀ ਨੀਂਦ ਅੱਜ।" ਪ੍ਰਕਾਸ਼ ਹੜਬੜਾ ਕੇ ਬੋਲਿਆ, ਜਿਵੇਂ ਚੋਰ ਪਾੜ ਵਿਚੋਂ ਫੜਿਆ ਗਿਆ ਹੋਵੇ।

—ਉਹ ਅੱਜ ਫੇਰ ਆਏ ਸੀ ਤੇਰੇ ਕੋਲ?" ਰੂਪ ਚੰਦ ਨੇ ਚਰਨ ਤੇ ਲੱਛੂ ਬਾਰੇ ਪੁੱਛਿਆ।

—ਐਵੇਂ ਆਗੇ ਸਾਲੇ। ਮੈਂ ਕਹਿਤਾ, ਮੇਰੇ ਕੋਲ ਨਾ ਆਇਆ ਕਰੋ।"

—ਮੈਂ ਕਰਾਂ ਝਾੜ-ਝੰਬ ਉਹਨਾਂ ਦੀ?"

—ਨਾ ਪਿਤਾ ਜੀ, ਤੁਸੀਂ ਕਾਹਨੂੰ ਮੂੰਹ ਲੱਗਣੈ। ਚੰਗੇ ਬੰਦੇ ਨੀ ਉਹ।"

—ਚੰਗੇ ਨੀ ਹੈ ਤਾਂ ਆਪਾਂ ਨੂੰ ਮੂੰਹ 'ਚ ਪਾ ਲੈਣਗੇ? ਐਂ ਨੀ ਮੈਂ ਡਰਦਾ, ਹਾਂ। ਤੈਨੂੰ ਡਰਾਉਂਦੇ ਧਮਕਾਉਂਦੇ ਐ ਤਾਂ ਦੱਸ ਮੈਨੂੰ।"

—ਨਹੀਂ। ਨਹੀਂ। ਕੋਈ ਗੱਲ ਨੀ ਐਹੋ ਜੀ। ਸੌਂ ਜੋ ਤੁਸੀਂ...।" ਆਖ ਕੇ ਉਹ ਸੌਂ ਜਾਣ ਦਾ ਬਹਾਨਾ ਕਰਨ ਲੱਗਾ। ਪਰ ਨੀਂਦ ਨਾ ਪ੍ਰਕਾਸ਼ ਨੂੰ ਆਈ ਤੇ ਨਾ ਰੂਪ ਚੰਦ



ਨੂੰ।

ਅਗਲੇ ਦਿਨ ਪ੍ਰਕਾਸ਼ ਸ਼ਹਿਰ ਜਾਣ ਦਾ ਬਹਾਨਾ ਕਰਕੇ ਚਰਨ ਤੇ ਲੱਛੂ ਨਾਲ ਠਾਣੇ ਚਲਿਆ ਗਿਆ।

ਤਿੰਨੋਂ ਹੱਥ ਬੰਨ੍ਹੀ ਇਸਪੈਕਟਰ ਸਾਹਮਣੇ ਪੇਸ਼ ਹੋ ਗਏ।

— ਕੀ ਗੱਲ ਬਈ। ਤੁਹਾਨੂੰ ਐਂ ਈ ਸੱਦਣਾ ਪਿਆ ਕਰੇਗਾ?" ਇਸਪੈਕਟਰ ਦੇ ਚਿਹਰੇ ਉਪਰ ਪੁਰਾਣੇ ਲਿਹਾਜ਼ ਦੀ ਮੁਸਕਰਾਹਟ ਨਹੀਂ ਸੀ।

—ਹਾਜ਼ਰ ਐਂ ਜਨਾਬ।" ਤਿੰਨੋਂ ਬੋਲੇ।

—ਹਾਜ਼ਰ ਟੱਟੂ ਦੇ ਐਂ। ਦੋ ਮਹੀਨੇ ਹੋਣ ਨੂੰ ਚੱਲੇ ਐ, ਤੁਹਾਡੀ ਸ਼ਕਲ ਨੀ ਦਿਸੀ।" ਇਸਪੈਕਟਰ ਅਸਲੀ ਮੁੱਦੇ ਤੇ ਆ ਗਿਆ।

—ਹੁਣ ਅਸੀਂ ਇਹ ਧੰਦਾ ਛੱਡ ਦਿੱਤਾ ਹੈ ਜਨਾਬ। ਗੁਰਦੁਆਰੇ ਸੌਂਹ ਪਾਈ ਹੈ। ਹੁਣ ਕੋਈ ਬੁਰਾ ਕੰਮ ਨਹੀਂ ਕਰਨਾ।" ਲੱਛੂ ਅਜੇ ਵੀ ਹੱਥ ਜੋੜੀ ਖੜ੍ਹਾ ਸੀ।

—ਅੱਛਾ। ਠਾਣੇਦਾਰ ਨੇ ਮੇਜ਼ ਤੇ ਪਿਆ ਪੇਪਰ ਵੇਟ ਘੁਮਾਇਆ, "ਏਹ ਧੰਦਾ ਛੱਡ ਦਿੱਤਾ ਹੈ?" ਉਸਦੀਆਂ ਅੱਖਾਂ ਵਿਚ ਵਿਅੰਗ ਸੀ।

—ਹਾਂ ਜੀ।" ਤਿੰਨੋਂ ਇਕੱਠੇ ਬੋਲੇ।

—ਤੁਸੀਂ ਤਾਂ ਛੱਡ ਦਿੱਤਾ ਹੈ, ਅਸੀਂ ਤਾਂ ਨੀ ਛੱਡਿਆ।" ਇਸਪੈਕਟਰ ਹੱਸਿਆ।

—ਬਹੁਤ ਦੁਖੀ ਹੋਣਾ ਪੈਂਦਾ ਐ ਜੀ। ਅੱਧੀ-ਅੱਧੀ ਰਾਤ ਤਾਈਂ ਬੇਗੜੇ ਕੋਲੋਂ ਈ ਲੁਕਦੇ ਫਿਰਦੇ ਐਂ ਜੀ। ਬੇਜ਼ਤੀ ਵੀ ਬਹੁਤ ਹੁੰਦੀ ਐ ਜੀ।" ਚਰਨ ਨੇ ਖਰੀ ਗੱਲ ਕੀਤੀ।

—ਮੈਂ ਤੁਹਾਨੂੰ ਕਦੇ ਤੰਗ ਕੀਤੈ? ਠੀਕ ਐ, ਇਕ ਅੱਧ ਵਾਰ ਜਿਆਦਤੀ ਹੋਈ ਹੈ। ਉਹ ਵੀ ਜਦੋਂ ਉਪਰੋਂ ਸਖ਼ਤੀ ਹੋਵੇ, ਉਦੋਂ ਸਾਨੂੰ ਮੂੰਹ ਰੱਖਣਾ ਪੈਂਦੈ। ਵੈਸੇ, ਮੇਰੇ ਹੁੰਦਿਆਂ ਕੋਈ ਤੁਹਾਡੇ ਕੋਲ ਗਿਆ? ਮੇਰਾ ਕੋਈ ਏ.ਐਸ.ਆਈ., ਮੇਰਾ ਕੋਈ ਹੌਲਦਾਰ, ਮੇਰਾ ਕੋਈ ਸਿਪਾਹੀ?"

—ਨਹੀਂ ਜੀ। ਥੋਡੀ ਬੜੀ ਮੇਹਰਬਾਨੀ ਰਹੀ ਐ।"

—ਫੇਰ? ਐਵੇਂ ਡਰੀ ਜਾਨੇਐਂ? ਆਪ ਵੀ ਕਮਾਊ ਖਾਊ ਤੇ ਇਧਰ ਸਾਨੂੰ ਵੀ ਖ਼ੁਸ਼ ਰੱਖੋ। ਅਸੀਂ ਵੀ ਉਤੇ ਅਫਸਰਾਂ ਨੂੰ ਵਗਾਰਾਂ ਦੇਣੀਆਂ ਹੁੰਦੀਐਂ।"...ਇਸਪੈਕਟਰ ਨੇ ਪਿਆਰ ਨਾਲ ਸਮਝਾਇਆ।

—ਉਹ ਤਾਂ ਠੀਕ ਐ ਜੀ। ਪਰ ਹੁਣ ਇਹ ਕੰਮ ਕਰਨ ਨੂੰ ਰੂਹ ਈ ਨੀ ਮੰਨਦੀ ਜੀ। ਅੰਦਰ ਡਰ ਜਿਹਾ ਪੈ ਗਿਆ। ਲੋਕਾਂ 'ਚ ਸਾਡੀ ਭੋਰਾ ਇੱਜ਼ਤ ਨੀਂ। ਪਿੱਠ ਪਿੱਛੇ ਸਾਰੇ ਗਾਲ੍ਹਾਂ ਕੱਢਦੇ ਐ ਜੀ।" ਪ੍ਰਕਾਸ਼ ਨੇ ਡਰਦਿਆਂ-ਡਰਦਿਆਂ ਕਿਹਾ।

—ਹੂੰਅ...!" ਇਸਪੈਕਟਰ ਫੇਰ ਹੱਸਿਆ... "ਵੇਚਣੀਆਂ ਫੀਮਾਂ ....ਲਿਖਣੇ ਧਮਕੀ ਪੱਤਰ, ਕਰਨੀਆਂ ਲੁੱਟਾਂ ਖੋਹਾਂ ਤੇ ਭਾਲਣੀ ਇੱਜ਼ਤ? ਸ਼ਾਬਾਸ਼ੇ ਤੁਹਾਡੇ। ਪੈਸਾ ਹਰ ਬੁਰਾਈ ਨੂੰ ਛੁਪਾ ਲੈਂਦਾ ਐ ਮੂਰਖੋ।"

—ਕਾਹਨੂੰ ਛੁਪਾਉਂਦਾ ਐ ਜੀ"। ਲੱਛੂ ਨੇ ਕਿਹਾ.... "ਥੋੜੇ ਦਿਨ ਹੋਏ, ਮੈਨੂੰ ਵੇਖਣ ਵਾਲੇ ਆਏ....। ਪੁੱਛਣ, ਮੁੰਡਾ ਕੀ ਕੰਮ ਕਰਦੈ। ਘਰ ਦੇ ਕਹਿੰਦੇ, ਕੰਮ ਦਾ ਤਾਂ ਪਤਾ ਨੀ, ਥੋਡੀ ਕੁੜੀ ਨੀ ਭੁੱਖੀ ਮਰਨ ਦਿੰਦਾ। ਪੈਸੇ 'ਚ ਖੇਡੂ ਕੁੜੀ। ਉਹ ਇਕੋ ਗੱਲ

ਤੇ ਅੜੇ ਰਹੇ, ਦੱਸੇ, ਮੁੰਡਾ ਕੰਮ ਕੀ ਕਰਦੈ ? ਭਾਨੀਮਾਰਾਂ ਨੇ ਦੱਸ ਤਾ। ਫੀਮ ਵੇਚਦੈ, ਲੁੱਟਾਂ ਖੋਹਾਂ ਕਰਦੈ, ਚੰਗਾ ਖਾਂਦੈ, ਮੰਦਾ ਬੋਲਦੈ। ਉਹ ਸਾਡੇ ਘਰਾਂ 'ਚੋਂ ਹੀ ਇਕ ਸੀਰੀ ਰਲੇ ਮੁੰਡੇ ਨੂੰ ਸਾਕ ਕਰਕੇ ਚਲੇ ਗਏ। ਉਦੋਂ ਦਾ ਮਨ ਤਰਕ ਮੰਨ ਗਿਆ। ਸੋਚਿਆ ਸਾਡੇ ਨਾਲੋਂ ਤਾਂ ਸੀਰੀ ਦੀ ਵੀ ਇੱਜ਼ਤ ਜਾਦੇ ਐ।"

—ਬਹੁਤ ਬੋਲ ਲਿਆ ਤੂੰ।" ਇੰਸਪੈਕਟਰ ਝੁੰਜਲਾ ਗਿਆ। ..."ਧੰਦਾ ਭਾਵੇਂ ਛੱਡੋ, ਭਾਵੇਂ ਕਰੋ। ਮੈਨੂੰ ਚਾਹੀਦਾ ਐ ਮਹੀਨਾ। ਵੀਹ ਕੁ ਦਿਨਾਂ ਨੂੰ ਵਿਆਹ ਹੈ ਲੜਕੀ ਦਾ। ਥੋੜੇ ਤਿੰਨਾਂ ਦੇ ਜ਼ੁੰਮੇ ਤੀਹ ਹਜ਼ਾਰ ਲਾਇਐ।" ਇੰਸਪੈਕਟਰ ਸਖ਼ਤ ਹੋ ਗਿਆ।

—ਕਿਥੋਂ ਲਿਆਵਾਂਗੇ ਜੀ ?" ਸਾਰਿਆਂ ਨੇ ਹੱਥ ਬੰਨ੍ਹੇ।

—ਇਹ ਮੈਂ ਨੀ ਜਾਣਦਾ। ਮੇਰੇ ਵਲੋਂ ਤੁਹਾਨੂੰ ਕੋਈ ਰੋਕ ਸੀ। ਪਰ ਜੇ ਲਿੱਚ ਖੜਿੱਚੀਆਂ ਕੀਤੀਆਂ, ਥੋਡੀਆਂ ਪੁਰਾਣੀਆਂ ਫਾਈਲਾਂ ਅਜੇ ਮੇਰੇ ਕੋਲ ਈ ਨੇ, ਬੰਦ ਨੀ ਕੀਤੀਆਂ।" ਇੰਸਪੈਕਟਰ ਫੇਰ ਪੇਪਰ ਵੇਟ ਘੁੰਮਾਉਣ ਲੱਗਾ।

ਤਿੰਨੋਂ ਸਸ਼ੋਪੰਜ 'ਚ ਪਏ, ਚੁੱਪ ਕੀਤੇ ਇਕ ਦੂਸਰੇ ਵੱਲ ਝਾਕਣ ਲੱਗੇ।

—ਜਾਉ ਹੁਣ।" ਇੰਸਪੈਕਟਰ ਨੇ ਹੁਕਮ ਦਿੱਤਾ।

ਵਾਪਸ ਮੁੜੇ ਤਾਂ ਇੰਸਪੈਕਟਰ ਨੂੰ ਫਤੇਹ ਬੁਲਾਉਣਾ ਵੀ ਭੁੱਲ ਗਏ। ਤਿੰਨਾਂ ਵਿਚ ਇਕ ਦੂਸਰੇ ਨਾਲ ਅੱਖ ਮਿਲਾਉਣ ਦਾ ਜੇਰਾ ਨਹੀਂ ਸੀ। ਅਜੀਬ ਸੈਸਾ ਉਹਨਾਂ ਦੇ ਚਿਹਰਿਆਂ ਉਪਰ ਸੀ। ਸਾਰੇ ਸਾਂਝੀ ਚਿੰਤਾ ਵਿਚ ਸਨ। ਕੇਹੀ ਕੁੜਿੱਕੀ ਵਿਚ ਫਸ ਗਏ ? ਤੀਹ ਹਜ਼ਾਰ ਕਿਥੋਂ ਆਊ ? ਜੇ ਐਤਕੀ ਔਖੇ ਸੌਖਿਆਂ ਦੇ ਵੀ ਦਿੱਤਾ ਤਾ ਅਗਲੇ ਮਹੀਨੇ ਉਸਦਾ ਸੁਨੇਹਾ ਫੇਰ ਆ ਜਾਊ.... ਐਂ ਕੀ ਕਰਾਂਗੇ ?"

ਤਿੰਨੋਂ ਨਿਰਾਸ਼ ਜਿਹੇ ਪਿੰਡ ਆਣ ਵੜੇ।

ਰੂਪ ਚੰਦ ਦੇ ਬਾਰ ਬਾਰ ਪੁੱਛਣ ਤੇ ਵੀ.... "ਉਹ ਕਿਥੇ ਗਿਆ ਸੀ", ਪ੍ਰਕਾਸ਼ ਨੇ ਸੱਚ ਨਹੀਂ ਦੱਸਿਆ।

ਸਬੱਬੀ ਅਗਲੇ ਦਿਨ ਰੂਪ ਚੰਦ ਦੇ ਕੁਝ ਰਿਸ਼ਤੇਦਾਰ ਆ ਗਏ। ਸਾਰਾ ਸਮਾਂ ਰੂਪ ਚੰਦ ਉਹਨਾਂ ਕੋਲ ਆਪਣੇ ਉਪਰ ਪਈਆਂ ਮੁਸੀਬਤਾਂ ਦੇ ਰੋਣੇ ਰੋਂਦਾ ਰਿਹਾ। ਪ੍ਰਕਾਸ਼ ਕਾਰਨ ਹੋਈ ਬੇਇੱਜ਼ਤੀ ਲਈ ਝੁਰਦਾ ਰਿਹਾ। ਰਿਸ਼ਤੇਦਾਰ ਵੀ ਪ੍ਰਕਾਸ਼ ਨੂੰ ਢੰਗ ਨਾਲ ਸਮਝਾਉਂਦੇ ਰਹੇ।.... "ਆਪਾਂ ਵਿਹਾਰੀ ਬੰਦੇ ਆਂ। ....ਜੱਟਾਂ ਦਾ ਪਰਿਵਾਰ ਵਧਦਾ ਏ ਤੇ ਜ਼ਮੀਨ ਘਟਦੀ ਏ। ਆਪਣਾ ਪਰਿਵਾਰ ਵਧਦਾ ਏ ਤਾਂ ਦੁਕਾਨਾਂ ਵਧਦੀਆਂ ਨੇ...। ਏਹਨਾਂ ਨਾਲ ਆਪਣਾ ਮੇਲ ਜੋਲ ਫਬਦਾ ਨਹੀਂ।" ਪ੍ਰਕਾਸ਼ ਨੀਵੀਂ ਪਾਈ ਚੁੱਪ ਸਭ ਕੁਝ ਸੁਣਦਾ ਰਿਹਾ, ਬਰਦਾਸ਼ਤ ਕਰਦਾ ਰਿਹਾ।

ਜਦੋਂ ਪ੍ਰਕਾਸ਼ ਰਿਸ਼ਤੇਦਾਰਾਂ ਨੂੰ ਚਾਹ ਪਾਣੀ ਪਿਆਉਣ ਵਿਚ ਰੁੱਝਿਆ ਹੋਇਆ ਸੀ ਤਾਂ ਬਾਹਰੋਂ ਚਰਨ ਤੇ ਲੱਡੂ ਨੇ ਟੇਢੀ ਅੱਖ ਅੰਦਰ ਵਿਹੜੇ ਵਿਚ ਝਾਕਿਆ।

ਪ੍ਰਕਾਸ਼ ਕਾਹਲੀ ਨਾਲ ਬਾਹਰ ਨਿਕਲਿਆ। ਉਹ ਚਾਹੁੰਦਾ ਸੀ, ਘਰ ਵਾਲਿਆਂ ਦੀ ਨਿਗਾਹ ਉਹਨਾਂ 'ਤੇ ਨਾ ਹੀ ਪਏ।

—ਤੂੰ ਆਇਆ ਨਾ ਬਈ ? ਅਸੀਂ ਤੈਨੂੰ ਸਵੇਰ ਦੇ ਉਡੀਕੀ ਜਾਨੇ ਐਂ।" ਉਹਦੇ ਆਉਂਦਿਆਂ ਹੀ ਲੱਡੂ ਭਾਰੇ ਗੁੱਸੇ ਨਾਲ ਬੋਲਿਆ।



—ਹੌਲੀ ਬੋਲ ਯਾਰ। ਘਰ ਵਿਚ ਰਿਸ਼ਤੇਦਾਰ ਆਏ ਹੋਏ ਨੇ। ਕਿਵੇਂ ਆਉਂਦਾ ?" ਦੱਬੇ ਸੁਰ ਵਿਚ ਪ੍ਰਕਾਸ਼ ਨੇ ਲਾਚਾਰੀ ਵਿਖਾਈ।

—ਕੋਈ ਰਾਇ ਕਰਦੇ ਕੋਈ ਵਿਉਂਤ ਬਣਾਉਂਦੇ। ਉਸ ਪਤੰਦਰ ਨੂੰ ਤੀਹ ਹਜ਼ਾਰ 'ਕੱਠਾ ਕਰਕੇ ਵੀ ਦੇਣੈ। ਤੀਹ ਹਜ਼ਾਰ ਤਾਂ ਠੀਕਰੀਆਂ ਨੀ 'ਕੱਠੀਆਂ ਹੋਣੀਆਂ ਆਪਾਂ ਤੋਂ ? ਕੀ ਆਂਹਦੈ ?"

ਪ੍ਰਕਾਸ਼ ਨੀਵੀਂ ਪਾਈ ਖੜ੍ਹਾ ਡਰ ਨਾਲ ਅੰਦਰ ਵੇਖ ਲੈਂਦਾ ਸੀ।

—ਇਕ ਅੱਧ ਚਿੱਠੀ ਲਿਖ ਕੇ ਸਿੱਟੀਏ ਕਿਸੇ ਦੇ ਘਰੇ ?" ਚਰਨ ਸੱਚਮੁੱਚ ਘਬਰਾਇਆ ਹੋਇਆ ਸੀ।

—ਬੋਲਦਾ ਨੀ ਲਾਲਾ ?" ਲੱਡੂ ਨੇ ਖਿਝ ਕੇ ਕਿਹਾ।

—ਪੈੜ ਤਾਂ ਸਾਰੇ ਠਾਣੇ ਵਾਲੇ ਲੈਗੇ, ਕਿਵੇਂ ਲਿਖਾਂਗੇ ਚਿੱਠੀ ?" ਪ੍ਰਕਾਸ਼ ਨੂੰ ਬਹਾਨਾ ਮਿਲ ਗਿਆ।

—ਮੈਂ ਲਿਆਦੂੰ ਤੈਨੂੰ, ਜਿਥੋਂ ਮਰਜ਼ੀ ਲਿਆਵਾਂ।" ਚਰਨ ਨੇ ਜ਼ਿੰਮਾ ਲਿਆ। ਉਂਜ ਵੀ ਛੇਤੀ ਕੀਤੇ ਉਹ ਆਪਣੇ ਯਾਰ ਨੂੰ ਬਰੀ ਕਰਨ ਵਾਲੇ ਨਹੀਂ ਸਨ। ਲੱਡੂ ਦੇ ਰਿਸ਼ਤੇਦਾਰ ਨੇ ਸਮਝਾਇਆ ਸੀ। "ਭੇਤੀ ਯਾਰ ਦਾ ਸਾਥ ਨਾ ਛੱਡੋ, ਨਾ ਛੱਡਣ ਦਿਉ। ਜੇ ਬਹੁਤੀ ਚੀਂ...ਪੀਂ ਕਰੇ, ਗੱਡੀ ਚਾੜ੍ਹ ਦਿਉ...।"

—ਆਪਾਂ ਆਹ ਵਗਾਰ ਸਿਰੇ ਲਾ ਦੀਏ, ਫੇਰ ਆਪਾਂ ਕਿਧਰੇ ਨਿਕਲ ਚੱਲਾਂਗੇ। ਕਿੱਥੋਂ ਭਾਲੂ ਆਪਾਂ ਨੂੰ ਠਾਣੇਦਾਰ ?" ਪ੍ਰਕਾਸ਼ ਨੂੰ ਸੋਚੀਂ ਪਿਆ ਵੇਖ ਕੇ ਲੱਡੂ ਨੇ ਕਿਹਾ।

—ਚੰਗਾ ਦੇਖੂੰਗਾ ਫੇਰ।" ਪ੍ਰਕਾਸ਼ ਨੇ ਢਿੱਲੀ ਜਿਹੀ ਹਾਮੀ ਭਰੀ। ਨਾਲ ਹੀ ਉਸਦਾ ਹਉਕਾ ਨਿਕਲ ਗਿਆ।

—ਦੇਖੂੰਗਾ ਨਹੀਂ, ਆਥਣੇ ਆ ਜੀਂ, ਸਲਾਹ ਕਰਾਂਗੇ ਕੋਈ। ਉਸ ਕੰਜਰ ਨੂੰ ਜਾਣਦਾ ਈ ਐਂ ਤੂੰ। ਪੈਸੇ ਵੇਲੇ ਸਿਰ ਨਾ ਪਹੁੰਚੇ, ਪੁੱਠੇ ਲਟਕਾਊ ਸਾਰਿਆਂ ਨੂੰ।"

—ਆਊਂਗਾ ਯਾਰ, ਜਾਉ ਹੁਣ ਤੁਸੀਂ....।" ਪ੍ਰਕਾਸ਼ ਨੇ ਮਸਾਂ ਖਹਿੜਾ ਛੁਡਾਇਆ ਤੇ ਅੰਦਰ ਆ ਕੇ ਨਿੰਮੋਝੂਣਾ ਜਿਹਾ ਰਿਸ਼ਤੇਦਾਰਾਂ ਕੋਲ ਬਹਿ ਗਿਆ।

ਰੂਪ ਚੰਦ ਉਸਦੇ ਚਿਹਰੇ ਨੂੰ ਤਾੜ ਗਿਆ। ਜ਼ਰੂਰ ਉਹੀ ਕੰਜਰ ਆਏ ਹੋਣਗੇ। ਪ੍ਰਕਾਸ਼ ਦੇ ਉਤਰੇ ਮੂੰਹ ਵੱਲ ਵੇਖ ਕੇ ਉਸਦੀ ਬੇਬਸੀ ਤੇ ਰੂਪ ਚੰਦ ਨੂੰ ਪਹਿਲੀ ਵਾਰ ਤਰਸ ਆਇਆ।

ਉਦੋਂ ਹੀ ਗਾਂ ਖੁੱਲ੍ਹ ਗਈ ਤੇ ਪੀਣ ਲਈ ਪਾਣੀ ਦਾ ਭਰ ਕੇ ਰੱਖਿਆ ਟੱਬ ਉਸਨੇ ਜੂਠਾ ਕਰ ਦਿੱਤਾ। ਖਿਝਿਆ ਰੂਪ ਚੰਦ ਸੋਟੀ ਚੁੱਕ ਕੇ ਗਾਂ ਨੂੰ ਕੁੱਟਣ ਲੱਗਾ। ਐਨਾ ਹਰਖ ਤਾਂ ਕਦੇ ਉਸਨੂੰ ਆਇਆ ਹੀ ਨਹੀਂ ਸੀ। ਗਾਂ ਨੂੰ ਲਗਾਤਾਰ ਕੁੱਟ ਰਹੇ ਮੂਹਰੇ ਕਦੇ ਚਰਨ ਆ ਜਾਂਦਾ ਕਦੇ ਲੱਡੂ, ਕਦੇ ਠਾਣੇਦਾਰ ਕਦੇ ਪ੍ਰਕਾਸ਼।

—ਕਿਉਂ ਕੁੱਟੀ ਜਾਨੈਂ ਦਰਵੇਸ਼ ਪਸ਼ੂ ਨੂੰ ?" ਛੋਟੀ-ਛੋਟੀ ਕੰਧ ਉਪਰੋਂ ਦੀ ਗੁਆਂਢੀਆਂ ਦੇ ਬਜ਼ੁਰਗ ਨੇ ਝਿੜਕਿਆ।

—ਰੱਸਾ ਖੁਲ੍ਹਾ ਲੈਂਦੀ ਐ ਬਾਬਾ...ਐਨੂੰ ਤਾਂ ਮੈਂ ਸਿੱਧੀ ਕਰ ਦੂੰ.....।" ਉਸਨੇ

ਇਕ ਹੋਰ ਸੋਟੀ ਗਾਂ ਦੇ ਸਿੰਗਾਂ 'ਚ ਮਾਰੀ। ਤੇ ਰੋਣਹਾਕਾ ਹੋ ਕੇ ਗਾਂ ਨੂੰ ਖੁਰਲੀ ਵੱਲ ਖਿੱਚਣ ਲੱਗਾ।

—ਭੁੱਖੀ ਤਿਹਾਈ ਹੋਊਗੀ। ....ਪੱਠੇ ਪਾਇਆ ਕਰ ਰੱਜਵੇਂ। ਸਹੁਰਿਆ ਪਸ਼ੂ ਦਾ ਕੀ ਦੋਸ਼ ਐ। ਨਾਲੇ ਨਾਗਵਲ ਪਾਇਆ ਕਰ। ਇਹ ਗੰਢ ਨੀ ਖੁੱਲ੍ਹਦੀ। ਜਿੰਨਾ ਖੁਲ੍ਹਾਉਣ ਨੂੰ ਜ਼ੋਰ ਲਾਊਗੀ, ਉਨੀ ਪੀਚੀਦੀ ਜਾਊਗੀ....।"

ਬਾਬੇ ਦੀ ਗੱਲ ਸੁਣ ਕੇ ਪ੍ਰਕਾਸ਼ ਨੂੰ ਤ੍ਰੇਲੀ ਆ ਗਈ।



# ਦਹਿਸ਼ਤ ਦੇ ਪਰਛਾਵੇਂ

ਨ੍ਰਿਪਇੰਦਰ ਰਤਨ

ਸੁਖਵਿੰਦਰਪਾਲ ਪਹਿਲੀ ਵਾਰ ਹੈਲੀਕਾਪਟਰ ਵਿਚ ਬੈਠਾ ਸੀ। ਜ਼ਿਲ੍ਹੇ ਦਾ ਡੀ.ਸੀ. ਨਰੇਸ਼ਇੰਦਰ ਵਾਲੀਆ ਅਤੇ ਸ਼ਹਿਰ ਵਿਚ ਸਥਿਤ ਫ਼ੌਜ ਦੇ ਡਵੀਜ਼ਨ ਦਾ ਕਮਾਂਡਰ ਜਨਰਲ ਹਰਪ੍ਰੀਤ ਸਿੰਘ ਸੰਧੂ ਵੀ ਉਸਦੇ ਨਾਲ ਸਨ। ਹੈਲੀਕਾਪਟਰ ਵੀ ਫ਼ੌਜ ਦਾ ਹੀ ਸੀ। ਸੁਖਵਿੰਦਰਪਾਲ ਦੇ ਦਿਲ ਵਿਚ ਉਮੰਗ ਅਤੇ ਆਤੁਰਤਾ ਉਸੱਲਵੱਟੇ ਲੈ ਰਹੀਆਂ ਸਨ। ਉਸ ਪਹਿਲੀ ਵਾਰ ਆਪਣੇ ਸ਼ਹਿਰ ਨੂੰ 'ਅਰਸ਼ੋਂ' ਦੇਖਣਾ ਸੀ। ਉਹ ਪੁੱਛਣਾ ਚਾਹੁੰਦਾ ਸੀ, ਗੱਲ ਕਰਨੀ ਚਾਹੁੰਦਾ ਸੀ ਡੀ.ਸੀ. ਅਤੇ ਜਨਰਲ ਨਾਲ। ਪਰ ਉਹ ਮੰਡਲ ਕਮਿਸ਼ਨਰ ਹੋਣ ਦੇ ਆਪਣੇ ਮੁਖੌਟੇ ਨੂੰ ਵੀ ਨਹੀਂ ਸੀ ਉਤਾਰ ਸਕਦਾ। ਇਸੇ ਲਈ ਉਹ ਸੰਜੀਦਾ ਹੀ ਬਣਿਆ ਰਿਹਾ। ਹੈਲੀਕਾਪਟਰ ਨੇ ਉਡਣਾ ਸ਼ੁਰੂ ਕੀਤਾ। ਸੁਖਵਿੰਦਰਪਾਲ ਪਾਇਲਟ ਦੇ ਨਾਲ, ਖੱਬੇ ਪਾਸੇ ਵਾਲੀ ਸੀਟ ਉਤੇ ਬੈਠਾ ਸੀ। ਉਸਦੇ ਪਿਛਲੇ ਪਾਸੇ ਡੀ.ਸੀ. ਅਤੇ ਜਨਰਲ ਬੈਠੇ ਸਨ। ਹੈਲੀਕਾਪਟਰ ਉੱਚਾ ਉਠਦਿਆਂ ਹੀ ਸੁਖਵਿੰਦਰਪਾਲ ਹੇਠਾਂ ਦੇਖਣ ਲੱਗ ਪਿਆ ਅਤੇ ਦਿਲ ਹੀ ਦਿਲ ਵਿਚ ਸ਼ਹਿਰ ਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲੱਗ ਪਿਆ। ਹੈਲੀਕਾਪਟਰ ਦਰਬਾਰ ਸਾਹਿਬ ਅਤੇ ਬਾਬਾ ਅਟੱਲ ਦੇ ਵਿਚਕਾਰੋਂ ਲੰਘ ਰਿਹਾ ਜਾਪਦਾ ਸੀ। ਸੁਖਵਿੰਦਰਪਾਲ ਦਰਬਾਰ ਸਾਹਿਬ ਦੇਖਣ ਵਿਚ ਗੁਆਚ ਗਿਆ। ਪੂਰਬ ਵਲੋਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਰਾਮਗੜ੍ਹੀਆ ਬੁੰਗੇ ਦੇ ਮੁਨਾਰਿਆਂ ਨਾਲ ਖਹਿ ਕੇ ਦਰਬਾਰ ਸਾਹਿਬ ਦੇ ਗੁੰਬਦਾਂ ਨੂੰ ਚੁੰਮ ਰਹੀਆਂ ਸਨ। ਸ਼ਾਂਤ ਸਰੋਵਰ ਵਿਚ ਸੁਨਹਿਰੀ ਕਲਸਾਂ ਦੇ ਪਰਛਾਵੇਂ ਹਿਲਜੁਲ ਰਹੇ ਸਨ। ਪਰਕਰਮਾ ਇਕਦਮ ਖਾਲੀ ਸੀ, ਬਿਲਕੁਲ ਖਾਲੀ ਅਤੇ ਚੁੱਪ-ਚਾਪ।

ਅਚਾਨਕ ਸੁਖਵਿੰਦਰਪਾਲ ਦਾ ਧਿਆਨ ਅਕਾਲ ਤਖਤ ਦੇ ਪਿਛਲੇ ਪਾਸੇ ਵੱਲ ਗਿਆ। ਉਹ ਤ੍ਰਬਕ ਗਿਆ। "ਇਹ ਕੀ ਹੋਇਆ ਨਰੇਸ਼? ਇਹ ਕੀ ਹੈ?" ਉਸਨੇ ਕਾਹਲੀ ਨਾਲ ਡੀ.ਸੀ. ਨੂੰ ਪੁੱਛਿਆ।

"ਕੀ ਹੈ ਸਰ? ਸੌਰੀ ਸਰ! ਮੈਨੂੰ ਨਹੀਂ ਪਤਾ ਇਸ ਬਾਰੇ," ਡੀ.ਸੀ. ਨੇ ਬਹੁਤ ਹਲੀਮੀ ਨਾਲ ਕਿਹਾ।

"ਇਹ ਅਕਾਲ ਤਖਤ ਦਾ ਪਿਛਲਾ ਇਲਾਕਾ ਹੈ, ਸੰਘਣੀ ਸ਼ਹਿਰੀ ਆਬਾਦੀ ਵਾਲਾ", ਸੁਖਵਿੰਦਰਪਾਲ ਨੇ ਦੱਸਿਆ ਅਤੇ ਫ਼ੇਰ ਪੁੱਛਣ ਲੱਗਾ, "ਪਰ ਇਹ ਕਿਵੇਂ ਢਹਿ ਢੇਰੀ ਹੋ ਗਿਆ? ਕਦੋਂ ਹੋ ਗਿਆ?"

ਉਸਨੇ ਡੀ.ਸੀ. ਅਤੇ ਜਨਰਲ ਦੋਹਾਂ ਨੂੰ ਹੀ ਸਵਾਲ ਕੀਤਾ ਸੀ। ਜਵਾਬ ਵਿਚ ਡੀ.ਸੀ. ਕਹਿਣ ਲੱਗਾ, "ਸਰ! ਸ਼ਹਿਰ ਦਾ ਮੈਨੂੰ ਤਾਂ ਹਾਲੇ ਕੁਝ ਵੀ ਨਹੀਂ ਪਤਾ। ਪਿਛਲੇ ਹਫ਼ਤੇ ਜਦੋਂ ਦਾ ਮੈਂ ਚਾਰਜ ਲਿਆ ਹੈ ਸਾਨੂੰ ਤਾਂ ਇਸ ਬਾਰੇ ਕੋਈ ਰਿਪੋਰਟ ਹੀ

ਨਹੀਂ ਮਿਲੀ ਹੈ ਸਰ। ਤੇ ਨਾ ਹੀ ਆਰਮੀ ਨੇ ਕਿਸੇ ਸਿਵਲੀਅਨ ਨੂੰ ਅੰਧਰ ਆਣ ਦਿੱਤਾ ਹੈ। ਜਨਰਲ ਸਾਹਿਬ ਹੀ ਕੁਝ ਦੱਸ ਸਕਦੇ ਹਨ ਇਸ ਬਾਰੇ।"

ਜਨਰਲ ਸੰਧੂ ਚੁੱਪ ਰਿਹਾ। ਸੁਖਵਿੰਦਰਪਾਲ ਨੇ ਜਨਰਲ ਨੂੰ ਇਸ ਇਲਾਕੇ ਦਾ ਉਪਰੋਂ ਹੀ ਪੂਰਾ ਚੱਕਰ ਲਗਵਾਉਣ ਵਾਸਤੇ ਕਿਹਾ। ਜਨਰਲ ਨੇ ਪਹਿਲਾਂ ਕੁਝ ਟਾਲ-ਮਟੋਲ ਕੀਤੀ, ਵਾਪਸੀ ਉਤੇ ਆਉਂਦਿਆਂ "ਨਜ਼ਰ ਮਾਰਨ," ਦੀ ਸਲਾਹ ਦਿੱਤੀ। ਪਰ ਆਪਣੇ ਕਮਿਸ਼ਨਰ ਦਾ ਮੰਤਵ ਸਮਝਦਿਆਂ ਹੋਇਆਂ ਡੀ.ਸੀ. ਦੇ ਜ਼ੋਰ ਦੇਣ ਉਤੇ ਜਨਰਲ ਨੇ ਪਾਇਲਟ ਨੂੰ ਇਲਾਕੇ ਦਾ ਚੱਕਰ ਲਗਾਉਣ ਵਾਸਤੇ ਹਦਾਇਤ ਕੀਤੀ। ਹੈਲੀਕਾਪਟਰ ਖੱਬੇ ਪਾਸੇ ਮੁੜਨਾ ਸ਼ੁਰੂ ਹੋਇਆ ਅਤੇ ਖੱਬੇ ਖੱਬੇ ਹੀ ਮੁੜਦਾ ਹੋਇਆ ਚੱਕਰ ਪੂਰਾ ਕਰਕੇ ਫ਼ੇਰ ਪੂਰਬ ਵੱਲ ਉਡ ਪਿਆ।

ਕੁਝ ਚਿਰ ਪਿਛੋਂ ਹੈਲੀਕਾਪਟਰ ਰਈਆ ਦੇ ਸਰਕਾਰੀ ਸਕੂਲ ਦੀ ਗਰਾਊਂਡ ਵਿਚ ਜਾ ਉਤਰਿਆ। ਪਿਛਲੀ ਸ਼ਾਮ ਹੀ ਅੰਮ੍ਰਿਤਸਰ ਇਹ ਖ਼ਬਰ ਪੁੱਜੀ ਸੀ ਕਿ ਬਿਆਸ ਦਰਿਆ ਦੇ ਪਰਲੇ ਕਿਨਾਰੇ ਰਸਦ-ਸਮਾਨ ਦੇ ਭਰੇ ਸੈਂਕੜੇ ਸ਼ਹਿਰੀ ਟਰੱਕ, ਟੈਂਪੂ ਰੁਕੇ ਖੜ੍ਹੇ ਸਨ ਪਰ ਫ਼ੌਜੀ ਅਧਿਕਾਰੀ ਉਨ੍ਹਾਂ ਨੂੰ ਪੁਲ ਪਾਰ ਕਰਨ ਦੀ ਇਜਾਜ਼ਤ ਨਹੀਂ ਦੇ ਰਹੇ ਸਨ। ਇਸ ਗੱਲ ਤੋਂ ਸਥਾਨਕ ਨਾਗਰਿਕ ਅਫ਼ਸਰਾਂ ਨਾਲ ਵੀ ਤਣਾਅ ਹੋ ਗਿਆ ਸੀ। ਇਸੇ ਹਾਲਾਤ ਨੂੰ ਨਜਿੱਠਣ ਲਈ ਹੀ ਸੁਖਵਿੰਦਰਪਾਲ, ਡੀ.ਸੀ. ਅਤੇ ਫ਼ੌਜੀ ਡਵੀਜ਼ਨ ਦਾ ਕਮਾਂਡਰ ਬਿਆਸ ਆਏ ਸਨ। ਇਨ੍ਹਾਂ ਦੀ ਅਗਵਾਈ ਲਈ ਐਸ.ਡੀ.ਐਮ., ਡੀ.ਐਸ.ਪੀ., ਤਹਿਸੀਲਦਾਰ ਆਦਿ ਨਾਗਰਿਕ ਅਫ਼ਸਰ ਅਤੇ ਇਲਾਕੇ ਦੀ ਇੰਦਰਾਜ ਬਟਾਲੀਅਨ ਦਾ ਕਰਨਲ ਅਤੇ ਉਸਦੇ ਹੋਰ ਸਾਰੇ ਅਫ਼ਸਰ ਉਥੇ ਹਾਜ਼ਰ ਸਨ। ਜਨਰਲ ਸੰਧੂ ਫ਼ੌਜੀ ਅਫ਼ਸਰਾਂ ਨਾਲ ਸੁਖਵਿੰਦਰਪਾਲ ਦੀ ਜਾਣ-ਪਹਿਚਾਣ ਕਰਵਾਉਣ ਲੱਗਾ। ਪਹਿਲੇ ਅਫ਼ਸਰ ਨੂੰ ਦੇਖਦਿਆਂ ਹੀ ਸੁਖਵਿੰਦਰਪਾਲ ਠਠੰਬਰ ਗਿਆ। "ਇਹ ਤਾਂ ਉਹ ਕਰਨਲ ਕੁਲਦੀਪ ਸਿੰਘ ਹੈ" ਦਾ ਵਿਚਾਰ ਉਸਦੇ ਦਿਮਾਗ ਵਿਚੋਂ ਲਿਸ਼ਕਾਰੇ ਵਾਂਗ ਲੰਘ ਗਿਆ। ਉਸਨੂੰ ਲੱਗਾ ਜਿਵੇਂ ਕਰਨਲ ਕੁਲਦੀਪ ਸਿੰਘ ਵੀ ਕੁਝ ਹੈਰਾਨ ਹੋਇਆ ਹੋਵੇ। ਪਰ ਫ਼ੇਰ ਕਰਨਲ ਨੇ ਚੁਸਤ ਸਲੂਟ ਕੀਤਾ ਅਤੇ ਸੁਖਵਿੰਦਰਪਾਲ ਦਾ ਵਧਿਆ ਹੱਥ ਘੁੱਟ ਲਿਆ।

ਮੁਢਲੀ ਗੱਲਬਾਤ ਪਿਛੋਂ ਸਾਰਿਆਂ ਨੇ ਦਰਿਆ ਦੇ ਪੁਲ ਉਤੇ ਜਾ ਕੇ ਮੌਕਾ ਦੇਖਣ ਅਤੇ ਲੋਕਾਂ ਨਾਲ ਗੱਲਬਾਤ ਕਰਨ ਦਾ ਫ਼ੈਸਲਾ ਕੀਤਾ ਅਤੇ ਕਾਰਾਂ, ਜੀਪਾਂ ਤੁਰਤ ਹੀ ਬਿਆਸ ਵੱਲ ਤੁਰ ਪਈਆਂ। ਪਰ ਸੁਖਵਿੰਦਰਪਾਲ ਦਾ ਧਿਆਨ ਕਿਤੇ ਹੋਰ ਹੀ ਖਿੰਡ ਗਿਆ। ਜਦੋਂ ਦਾ ਉਸਨੇ ਕਰਨਲ ਕੁਲਦੀਪ ਸਿੰਘ ਨੂੰ ਦੇਖਿਆ ਸੀ ਉਸਦੀ ਬਿਰਤੀ ਮੁੜ-ਮੁੜ ਚਾਰ ਦਿਨ ਪਿਛਾਂਹ ਵੱਲ ਜਾਣ ਲੱਗ ਪਈ ਜਦੋਂ ਇਸੇ ਕਰਨਲ ਨਾਲ ਬਿਆਸ ਦੇ ਪੁਲ ਉਤੇ ਹੀ ਉਸਦੀ ਪਹਿਲੀ ਮੁਲਾਕਾਤ ਹੋਈ ਸੀ।

ਉਸ ਦਿਨ ਸੁਖਵਿੰਦਰਪਾਲ ਜਲੰਧਰ ਆਪਣੇ ਸਰਕਾਰੀ ਘਰ ਵਿਚ ਬੈਠਾ ਸੀ ਜਦੋਂ ਸ਼ਾਮ ਕਰੀਬ ਛੇ ਕੁ ਵਜੇ ਮੁੱਖ ਸਕੱਤਰ ਦਾ ਫ਼ੋਨ ਆਇਆ ਸੀ। ਮੁੱਖ ਸਕੱਤਰ ਨੇ ਪੁੱਛਿਆ ਸੀ ਕਿ ਉਹ ਕਿੰਨੇ ਚਿਰ ਵਿਚ ਅੰਮ੍ਰਿਤਸਰ ਪੁੱਜ ਸਕਦਾ ਸੀ? ਉਸਦਾ ਜਵਾਬ ਸੁਣਕੇ ਮੁੱਖ ਸਕੱਤਰ ਨੇ ਕਿਹਾ ਸੀ "ਫ਼ੇਰ ਜਿੰਨੀ ਜਲਦੀ ਹੋ ਸਕਦੈ, ਅੰਮ੍ਰਿਤਸਰ



ਪੁਜੋ।" ਸੁਖਵਿੰਦਰਪਾਲ ਨੂੰ ਲੱਗਾ ਸੀ ਜਿਵੇਂ ਮੁੱਖ ਸਕੱਤਰ ਬਹੁਤ ਗੰਭੀਰ ਅਤੇ ਤਣਾਵ ਭਰਿਆ ਸੀ ਅਤੇ ਉਸ ਸੁਣਿਆ ਉਹ ਕਹਿ ਰਿਹਾ ਸੀ, " ਅਤੇ ਜਾ ਕੇ ਹਾਲਾਤ ਸੰਭਾਲੋ।" ਸੁਣ ਕੇ ਉਸਨੂੰ ਇਕ ਵਾਰ ਝੁਣਝੁਣੀ ਜਿਹੀ ਆ ਗਈ ਸੀ ਅਤੇ ਕਈ ਵਿਚਾਰ ਉਸਦੇ ਦਿਮਾਗ ਵਿਚੋਂ ਲੰਘ ਗਏ ਸਨ। "ਕੀ ਹੋ ਗਿਆ ਉਥੇ? ਫਸਾਦ ਹੋ ਗਏ? ਲੁੱਟਮਾਰ ਸ਼ੁਰੂ ਹੋ ਗਈ? ਕਿਤੇ ਬਾਹਰ ਹੋ ਗਈ ਗੱਲ ਲੋਕਲ ਐਡਮਨ ਦੇ?" ਪਰ ਆਪਣੀ ਤੀਬਰਤਾ ਉਤੇ ਕਾਬੂ ਪਾ ਕੇ ਆਵਾਜ਼ ਸੰਭਾਲ ਕੇ ਉਸਨੇ ਸਿਰਫ਼ ਐਨਾ ਹੀ ਪੁੱਛਿਆ ਸੀ, "ਅੰਮ੍ਰਿਤਸਰ ਸਭ ਠੀਕ ਹੈ ਨਾ ਸਰ!"

ਕਾਰਾਂ ਰੁਕਣ ਦੇ ਹਲਕੇ ਜਿਹੇ ਝਟਕੇ ਨਾਲ ਸੁਖਵਿੰਦਰਪਾਲ ਦਾ ਯਾਦਾਂ ਦਾ ਕਾਫ਼ਲਾ ਰੁਕ ਗਿਆ। ਉਹ ਸਾਰੇ ਬਿਆਸ ਦਰਿਆ ਦੇ ਉਰਲੇ ਕਿਨਾਰੇ, ਕਰਨਲ ਕੁਲਦੀਪ ਸਿੰਘ ਦੇ ਦਫ਼ਤਰ ਸਾਹਮਣੇ ਪੁੱਜ ਗਏ ਸਨ। ਸੁਖਵਿੰਦਰਪਾਲ ਨੇ ਕਾਰ ਵਿਚੋਂ ਬਾਹਰ ਆ ਕੇ ਚਾਰੋਂ ਪਾਸੇ ਨਜ਼ਰ ਦੁੜਾਈ। ਸਭ ਕੁਝ ਚਾਰ ਦਿਨ ਪਹਿਲਾਂ ਵਰਗਾ ਹੀ ਸੀ, ਸਿਰਫ਼ ਫ਼ੌਜੀ ਜਵਾਨਾਂ ਵਿਚ ਤਣਾਅ ਘੱਟ ਸੀ ਅਤੇ ਸ਼ਹਿਰੀ ਤੁਰੇ ਫਿਰਦੇ ਸਨ। ਉਹ ਫਿਰ ਆਪਣੀਆਂ ਚਾਰ ਦਿਨ ਪਹਿਲਾਂ ਵਾਲੀਆਂ ਯਾਦਾਂ ਵਿਚ ਹੀ ਗਵਾਚ ਗਿਆ। ਉਸਨੂੰ ਯਾਦ ਆਇਆ ਕਿ ਉਸਨੇ ਮੁੱਖ ਸਕੱਤਰ ਨੂੰ ਫ਼ੌਜ ਵਲੋਂ ਆਵਾਜਾਈ ਬੰਦ ਕੀਤੀ ਹੋਣ ਕਰਕੇ ਅਤੇ ਉਸ ਸਬੰਧੀ ਯੋਗ ਪ੍ਰਬੰਧ ਕਰਨ ਵਿਚ ਲੱਗਣ ਵਾਲੀ ਦੇਰ ਬਾਰੇ ਦੱਸਿਆ ਸੀ। ਸੁਖਵਿੰਦਰਪਾਲ ਦੇ ਮਨ ਦੀਆਂ ਅੱਖਾਂ ਅੱਗੇ ਪਿਛਲੀ ਸਾਰੀ ਰੀਲ ਫ਼ੇਰ ਚੱਲਣੀ ਸ਼ੁਰੂ ਹੋ ਗਈ। ਉਸਨੇ ਜ਼ਿਲ੍ਹੇ ਦੇ ਡੀ.ਸੀ. ਨੂੰ ਆਪਣੀ ਯਾਤਰਾ ਵਾਸਤੇ ਸਾਰੇ ਲੋੜੀਂਦੇ ਪ੍ਰਬੰਧ ਕਰਨ ਦੀ ਹਦਾਇਤ ਕਰ ਦਿੱਤੀ ਸੀ ਤਾਂ ਜੋ ਉਹ ਅਗਲੇ ਦਿਨ ਸਵੇਰੇ ਪੰਜ ਕੁ ਵਜੇ ਅੰਮ੍ਰਿਤਸਰ ਵਾਸਤੇ ਰਵਾਨਾ ਹੋ ਜਾਵੇ।

ਦੂਸਰੇ ਦਿਨ ਉਹ ਵਕਤ ਤੋਂ ਪਹਿਲਾਂ ਹੀ ਤਿਆਰ ਹੋ ਗਿਆ ਸੀ। ਸਾਰੀ ਰਾਤ ਹੀ ਸੋਚਾਂ ਅਤੇ ਤਣਾਅ ਵਿਚ ਲੰਘੀ ਸੀ। ਅੰਮ੍ਰਿਤਸਰ ਦੇ ਡੀ.ਸੀ. ਜਾਂ ਕਿਸੇ ਵੀ ਹੋਰ ਨਾਗਰਿਕ ਅਧਿਕਾਰੀ ਦਾ ਟੈਲੀਫੋਨ ਸੰਪਰਕ ਨਹੀਂ ਸੀ ਹੋ ਰਿਹਾ। ਘਰ ਦੇ ਜੀਅ ਵੀ ਘਾਬਰੇ ਹੋਏ ਸਨ ਕਿ ਏਹੋ ਜਿਹੀ ਹਾਲਤ ਵਿਚ ਅੰਮ੍ਰਿਤਸਰ ਜਾਣ ਦੀ ਕੀ ਤੁੱਕ ਸੀ? ਪਰ ਡਿਊਟੀ ਤਾਂ ਪੂਰੀ ਕਰਨੀ ਹੀ ਸੀ। ਜੇ ਉਹ ਮੰਡਲ ਕਮਿਸ਼ਨਰ ਹੋ ਕੇ ਇਜ ਪਿੱਠ ਦਿਖਾਉਣ ਲੱਗਾ ਤਾਂ ਫੇਰ ਛੋਟੇ ਅਧਿਕਾਰੀ ਅਤੇ ਕਰਮਚਾਰੀ ਕਿਵੇਂ ਡਟਣਗੇ? ਸਵੇਰੇ ਉਸਨੇ ਇਹ ਸੋਚ ਕੇ ਚਾਹ ਵੀ ਨਾ ਪੀਤੀ ਕਿ ਅੰਮ੍ਰਿਤਸਰ ਜਾ ਕੇ ਹੀ ਚਾਹ-ਪਾਣੀ ਪੀਵੇਗਾ। ਪਰੰਤੂ ਉਸਦੇ ਨਾਲ ਜਾਣ ਵਾਲੀ ਸੁਰੱਖਿਆ ਗਾਰਦ ਅਤੇ ਪਾਇਲਟ ਦੀਆਂ ਟੁਕੜੀਆਂ ਪੁੱਜੀਆਂ ਹੀ ਨਹੀਂ ਸਨ। ਘੜੀ ਘੜੀ ਡੀ.ਸੀ. ਨੂੰ ਫੋਨ ਕਰਕੇ, ਖਿਝ ਖਿਝ ਕੇ ਉਹ ਪੁੱਛਦਾ ਰਿਹਾ ਸੀ। ਅਖੀਰ ਕਰੀਬ ਸਾਢੇ ਛੇ ਵਜੇ ਸੁਰੱਖਿਆ ਟੁਕੜੀ ਦੀਆਂ ਦੋ ਜੀਪਾਂ ਪੁੱਜ ਗਈਆਂ ਅਤੇ ਉਹ ਉਸੇ ਵੇਲੇ ਤੁਰ ਪਿਆ ਸੀ।

ਸਾਰਾ ਰਸਤਾ ਸੁੰਨ-ਮਸਾਨ ਸੀ। ਠੰਡੀ ਹਵਾ ਕਰਕੇ ਉਸਨੂੰ ਝੋਕ ਲੱਗ ਰਹੀ ਸੀ। ਪਰ ਉਹ ਜ਼ੋਰ ਲਗਾ ਕੇ ਜਾਗਦੇ ਰਹਿਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਜਦੋਂ ਸੁਭਾਨਪੁਰ ਦਾ ਚੌਂਕ ਟੱਪੇ ਤਾਂ ਉਸਦੀਆਂ ਅੱਖਾਂ ਵਿਚਲੀ ਨੀਂਦ ਉਡ-ਪੁੱਡ ਗਈ ਸੀ। ਅਜੀਬ ਹੀ ਦ੍ਰਿਸ਼ ਸੀ। ਜਿਵੇਂ ਜਿਵੇਂ ਉਹ ਬਿਆਸ ਵੱਲ ਵਧ ਰਹੇ ਸਨ, ਉਸਨੂੰ ਮਹਿਸੂਸ

ਹੋਣ ਲੱਗਾ ਜਿਵੇਂ ਉਹ ਲੜਾਈ ਵਾਸਤੇ ਤਿਆਰ-ਬਰ-ਤਿਆਰ ਫ਼ੌਜੀ ਟੁਕੜੀਆਂ ਦੇ ਇਲਾਕੇ ਵਿਚੋਂ ਲੰਘ ਰਿਹਾ ਸੀ। ਢਿਲਵਾਂ ਟੱਪਣ ਪਿਛੋਂ ਤਾਂ ਰੰਗ-ਢੰਗ ਹੈਰਾਨ ਕਰਨ ਵਾਲੇ ਸਨ। ਜਦੋਂ ਤੱਕ ਜੀਪਾਂ ਅਤੇ ਕਾਰ ਦਰਿਆ ਦੇ ਢਿਲਵਾਂ ਵਾਲੇ ਪਾਸੇ ਦੇ ਕਿਨਾਰੇ ਤੱਕ ਪੁੱਜੀ ਸਾਰਾ ਇਲਾਕਾ ਹੀ ਪੂਰੀ ਕਿਲ੍ਹੇ-ਬੰਦ ਛਾਉਣੀ ਦਿਸਣ ਲੱਗ ਪਿਆ ਸੀ। ਦਰਿਆ ਦੇ ਦੋਨੋਂ ਕਿਨਾਰਿਆਂ ਉਤੇ ਟੈਂਕ, ਮਸ਼ੀਨਗਨਾਂ ਵਾਲੀਆਂ ਜੀਪਾਂ, ਟਰੱਕ ਮੋਰਚੇਬੰਦੀ ਕਰੀ ਖੜ੍ਹੇ ਸਨ। ਉਸਨੂੰ ਇਜ ਮਹਿਸੂਸ ਹੋਇਆ ਜਿਵੇਂ ਉਹ ਫ਼ਿਲਮਾਂ ਵਿਚ ਦਿਖਾਏ ਜਾਂਦੇ ਵਿਸ਼ਵ ਯੁੱਧ ਦੇ ਕਿਸੇ ਸਜੀਵ ਦ੍ਰਿਸ਼ ਵਿਚ ਜਾ ਖਲੋਤਾ ਸੀ।

"ਪਲੀਜ਼ ਸਰ!" ਦੀ ਆਵਾਜ਼ ਨਾਲ ਸੁਖਵਿੰਦਰਪਾਲ ਯਾਦਾਂ ਵਿਚੋਂ ਫ਼ੇਰ ਵਾਪਸ ਆ ਗਿਆ। ਕਰਨਲ ਕੁਲਦੀਪ ਸਿੰਘ ਉਸੇ ਨੂੰ ਮੁਖ਼ਾਬਿਤ ਹੋ ਕੇ ਆਪ ਚਾਹ ਦਾ ਪਿਆਲਾ ਉਸ ਵਲ ਵਧਾ ਰਿਹਾ ਸੀ। "ਥੈਂਕਸ", ਕਹਿ ਕੇ ਉਸਨੇ ਕੱਪ ਫੜ ਲਿਆ ਅਤੇ ਚਲ ਰਹੀ ਗੱਲਬਾਤ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਸਥਾਨਕ ਅਫ਼ਸਰਾਂ ਨੇ ਆਪੋ ਆਪਣੀ ਸਥਿਤੀ ਦੱਸਣੀ ਸ਼ੁਰੂ ਕਰ ਦਿੱਤੀ। ਪਰ ਸੁਖਵਿੰਦਰਪਾਲ ਦਾ ਧਿਆਨ ਉਨ੍ਹਾਂ ਵਿਚ ਨਹੀਂ ਸੀ ਲੱਗ ਰਿਹਾ। ਉਸਨੂੰ ਮੁੜ ਮੁੜ ਚਾਰ ਦਿਨ ਪਹਿਲਾਂ ਦੀ ਆਪਣੀ ਯਾਤਰਾ ਯਾਦ ਆਈ ਜਾ ਰਹੀ ਸੀ। ਇਸੇ ਕਰਨਲ ਕੁਲਦੀਪ ਸਿੰਘ ਨਾਲ ਉਸ ਦਿਨ ਵੀ ਮੁਲਾਕਾਤ ਹੋਈ ਸੀ, ਪੁਲ ਦੇ ਉਤੇ, ਇਸ ਦੇ ਦਫ਼ਤਰ ਤੋਂ ਕਰੀਬ ਸੌ ਕੁ ਮੀਟਰ ਪਹਿਲਾਂ। ਉਸ ਦਿਨ ਤੇਵਰ ਹੀ ਹੋਰ ਸਨ। ਸੁਖਵਿੰਦਰਪਾਲ ਨੂੰ ਯਾਦ ਆਇਆ ਕਿ ਜਦੋਂ ਉਨ੍ਹਾਂ ਦੇ ਕਾਫ਼ਲੇ ਨੇ ਪੁਲ ਪਾਰ ਕਰਨਾ ਸ਼ੁਰੂ ਕੀਤਾ ਤਾਂ ਪੁਲ ਖ਼ਤਮ ਹੋਣ ਤੋਂ ਕਰੀਬ 20 ਕੁ ਮੀਟਰ ਪਹਿਲਾਂ ਅਚਾਨਕ ਹੀ ਅਗਲੀ ਪਾਇਲਟ ਜੀਪ ਰੁਕ ਗਈ ਅਤੇ ਸੂਬੇਦਾਰ ਮੇਜਰ ਤੇਜ਼ੀ ਨਾਲ ਜੀਪ ਵਿਚੋਂ ਉਤਰ ਗਿਆ ਸੀ। ਅੱਗੇ ਖ਼ਾਲੀ ਡਰੰਮ, ਝਾੜੀਆਂ, ਟਾਇਰਾਂ ਨਾਲ ਰਸਤਾ ਪੂਰੀ ਤਰ੍ਹਾਂ ਬੰਦ ਕੀਤਾ ਹੋਇਆ ਸੀ। ਉਸ ਮੋਰਚੇ ਦੇ ਪਿਛੇ ਇਕ ਟੈਂਕ ਢਿਲਵਾਂ ਵੱਲ ਅਤੇ ਦੂਜਾ ਬਿਆਸ ਵੱਲ ਮੂੰਹ ਕਰੀ ਖੜ੍ਹੇ ਸਨ। ਸੜਕ ਦੇ ਦੋਨੋਂ ਪਾਸੇ ਜਵਾਨ ਆਪੋ ਆਪਣੇ ਹਥਿਆਰਾਂ ਨਾਲ ਪੂਰੇ ਚੁਸਤ-ਚੌਕੰਨੇ ਸਨ ਅਤੇ ਸੜਕ ਤੋਂ ਹਟਵੀਆਂ ਉਚੀਆਂ ਟਿਬੀਆਂ ਉਤੇ ਮਸ਼ੀਨਗੰਨਾਂ ਅਤੇ ਹਵਾਈ ਜਹਾਜ਼ ਡੇਗਣ ਵਾਲੀਆਂ ਤੋਪਾਂ ਬੀੜੀਆਂ ਹੋਈਆਂ ਸਨ। ਸੂਬੇਦਾਰ ਮੇਜਰ, "ਸਾਵਧਾਨ", ਹੋ ਕੇ ਖੜ੍ਹਾ ਸੀ, ਜਿਵੇਂ ਕਿਸੇ ਵੱਡੇ ਅਫ਼ਸਰ ਨਾਲ ਗੱਲ ਕਰ ਰਿਹਾ ਹੋਵੇ। ਉਸਦਾ ਦਿਲ ਕੀਤਾ ਕਿ ਉਹ ਆਪ ਕਾਰ ਵਿਚੋਂ ਬਾਹਰ ਆ ਕੇ ਚੰਗੀ ਤਰ੍ਹਾਂ ਚਾਰੇ ਪਾਸੇ ਦੇਖੇ। ਪਰ ਉਸਦੀ ਅਫ਼ਸਰੀ ਸੂਝ ਨੇ ਉਸਨੂੰ ਰੋਕ ਦਿੱਤਾ ਅਤੇ ਉਸਨੇ ਆਪਣੇ ਗੰਨਮੈਨ ਅਤੇ ਡਰਾਈਵਰ ਨੂੰ "ਪਤਾ ਕਰਨ ਲਈ" ਭੇਜ ਦਿੱਤਾ ਸੀ।

ਕਰੀਬ ਪੰਜ-ਸੱਤ ਮਿੰਟ ਪਿਛੋਂ ਚਾਰ-ਪੰਜ ਫ਼ੌਜੀ ਅਫ਼ਸਰ, ਉਨ੍ਹਾਂ ਦੇ ਪਿਛੇ ਪਿਛੇ ਸੂਬੇਦਾਰ ਮੇਜਰ, ਗੰਨਮੈਨ ਅਤੇ ਡਰਾਈਵਰ ਉਸਦੀ ਕਾਰ ਵੱਲ ਆ ਰਹੇ ਸਨ। "ਮੈਂ ਬਾਹਰ ਨਿਕਲ ਕੇ ਉਨ੍ਹਾਂ ਨੂੰ ਮਿਲਾਂ?" ਉਸਨੇ ਪਲ ਦੀ ਪਲ ਸੋਚਿਆ ਪਰ ਫੇਰ ਇਰਾਦਾ ਛੱਡ ਦਿੱਤਾ। ਸਗੋਂ ਜ਼ਰਾ ਕੁ ਸੱਜੇ ਹੱਥ ਖਿਸਕ ਕੇ ਉਹ ਸੀਟ ਦੇ ਐਨ ਵਿਚਕਾਰ ਹੋ ਕੇ ਬੈਠ ਗਿਆ ਅਤੇ ਕਾਰ ਦੇ ਅਗਲੇ ਸ਼ੀਸ਼ੇ ਵਿਚੋਂ ਸਿੱਧਾ ਬਾਹਰ ਦੇਖਣ ਲੱਗ ਪਿਆ ਸੀ। ਕੁਝ ਕਦਮਾਂ ਦੀ ਵਾਟ ਪਿਛੋਂ ਹੀ ਇਹੋ ਰੋਹਬੀਲਾ, ਉੱਚਾ ਲੰਬਾ



ਕਰਨਲ ਕੁਲਦੀਪ ਸਿੰਘ ਉਸਦੀ ਕਾਰ ਕੋਲ ਪੁੱਜ ਗਿਆ ਸੀ ਅਤੇ ਬਿਨਾਂ ਕਿਸੇ ਸਾਹਬ-ਸਲਾਮ ਦੇ ਉਸਨੇ ਅੰਗਰੇਜ਼ੀ ਵਿਚ ਪੁੱਛ ਪੜਤਾਲ ਸ਼ੁਰੂ ਕਰ ਦਿੱਤੀ ਸੀ।

ਇਹ ਸੁਣਕੇ ਕਿ ਉਹ ਅੰਮ੍ਰਿਤਸਰ ਜਾ ਰਿਹਾ ਸੀ ਤਾਂ ਕਰਨਲ ਨੇ ਕਿਹਾ ਸੀ, "ਪਰ ਮੈਨੂੰ ਇਹ ਹੁਕਮ ਹਨ ਕਿ ਮੈਂ ਕਿਸੇ ਨੂੰ ਵੀ, ਮੈਂ ਦੁਹਰਾ ਕੇ ਕਹਿੰਦਾ ਹਾਂ ਕਿ ਕਿਸੇ ਨੂੰ ਵੀ, ਇਹ ਪੁਲ ਪਾਰ ਨਹੀਂ ਕਰਨ ਦੇਣਾ।" ਪਰੰਤੂ ਸੁਖਵਿੰਦਰਪਾਲ ਨੂੰ ਅੰਮ੍ਰਿਤਸਰ ਪੁੱਜਣ ਦੇ ਹੁਕਮਾਂ ਦੀ ਪਾਲਣਾ ਬਾਰੇ ਦ੍ਰਿੜ੍ਹ ਦੇਖ ਸੁਣ ਕੇ ਅਖ਼ੀਰ ਕਰਨਲ ਆਪਣੇ ਉਚ ਅਧਿਕਾਰੀਆਂ ਨਾਲ ਗੱਲ ਕਰਨ ਵਾਸਤੇ ਚਲਾ ਗਿਆ ਸੀ। ਕਰੀਬ ਅੱਧੇ ਘੰਟੇ ਪਿਛੋਂ ਕਰਨਲ ਕੁਲਦੀਪ ਸਿੰਘ ਵਾਪਸ ਆਇਆ ਸੀ ਅਤੇ ਆਉਂਦਿਆਂ ਹੀ ਉਸਨੇ ਸਲੂਟ ਕਰਕੇ ਕਿਹਾ ਸੀ, "ਸਰ! ਤੁਸੀਂ ਜਾ ਸਕਦੇ ਹੋ। ਆਈ ਐਮ ਵੈਰੀ ਸੌਰੀ ਸਰ! ਤੁਹਾਨੂੰ ਉਡੀਕਣਾ ਪਿਆ ਅਤੇ ਤਕਲੀਫ਼ ਸਹਿਣੀ ਪਈ। ਪਰ ਆਰਡਰਜ਼ ਆਰ ਆਰਡਰਜ਼ ਸਰ! ਉਮੀਦ ਹੈ ਕਿ ਤੁਸੀਂ ਬੁਰਾ ਨਹੀਂ ਮਨਾਇਆ ਸਰ!"

"ਚਲੀਏ ਸਰ? ਕੋਈ ਹੋਰ ਹਦਾਇਤ ਤੁਸਾਂ ਦੇਣੀ ਹੋਵੇ ਸਰ!" ਡੀ.ਸੀ. ਦੇ ਬੋਲਾਂ ਨੇ ਸੁਖਵਿੰਦਰਪਾਲ ਨੂੰ ਫੇਰ ਚੇਤੰਨ ਕੀਤਾ ਅਤੇ ਹਕੀਕਤ ਵਿਚ ਵਾਪਸ ਲੈ ਆਂਦਾ। ਸੁਖਵਿੰਦਰਪਾਲ ਨੇ ਕੁਝ ਮਿੰਟ ਆਮ ਗੱਲਾਂ ਕੀਤੀਆਂ, ਸਵਾਲ ਪੁੱਛੇ, ਹਦਾਇਤਾਂ ਦਿੱਤੀਆਂ ਅਤੇ ਸਾਰੇ ਤੁਰਨ ਵਾਸਤੇ ਉਠ ਪਏ। ਜਦੋਂ ਸੁਖਵਿੰਦਰਪਾਲ, ਜਰਨਲ ਅਤੇ ਡੀ.ਸੀ. ਕਾਰ ਵਿਚ ਬੈਠ ਗਏ ਤਾਂ ਸਭ ਤੋਂ ਅੱਗੇ ਹੋ ਕੇ ਕਰਨਲ ਕੁਲਦੀਪ ਸਿੰਘ ਨੇ ਬਹੁਤ ਹੀ ਚੁਸਤ ਦਰੁਸਤ ਸਲੂਟ ਕੀਤਾ ਅਤੇ "ਸੁਖਦ ਯਾਤਰਾ ਸਰ!" ਕਿਹਾ।

"ਉਸ ਦਿਨ ਵੀ ਇਸਨੇ ਇਜ ਹੀ ਕੀਤਾ ਸੀ", ਸੁਖਵਿੰਦਰਪਾਲ ਨੂੰ ਫ਼ੇਰ ਯਾਦ ਆ ਗਿਆ। ਉਸ ਦਿਨ ਵੀ ਕਰਨਲ ਨੇ ਕਿਹਾ ਸੀ, "ਸੁਖਦ ਯਾਤਰਾ ਸਰ। ਮੈਂ ਅਗਾਂਹ ਸੁਨੇਹੇ ਭੇਜ ਰਿਹ ਹਾਂ। ਪਰ ਜੇ ਰਸਤੇ ਵਿਚ ਫ਼ੇਰ ਕਿਤੇ ਕੁਝ ਦੇਰ ਲਈ ਰੁਕਣਾ ਪੈ ਜਾਵੇ ਤਾਂ ਬੁਰਾ ਨਾ ਮਨਾਉਣਾ!"

ਰਈਆ ਵੱਲ ਜਾਂਦਿਆਂ ਸੁਖਵਿੰਦਰ ਫੇਰ ਪਿਛਲੇ ਸਫ਼ਰ ਦੀ ਯਾਦ ਵਿਚ ਗਵਾਚ ਗਿਆ। ਬਿਆਸ ਦਾ ਕਸਬਾ ਲੰਘਣ ਪਿਛੋਂ ਤਾਂ ਇਜ ਲੱਗਣ ਲੱਗ ਪਿਆ ਸੀ ਜਿਵੇਂ ਉਹ ਕਿਸੇ ਤਾਜ਼ੇ ਜਿੱਤੇ ਹੋਏ ਇਲਾਕੇ ਵਿਚੋਂ ਲੰਘ ਰਹੇ ਸਨ। ਸੜਕ ਬਿਲਕੁਲ ਖ਼ਾਲੀ ਅਤੇ ਸੁੰਨਸਾਨ ਸੀ। ਦੋਨੋਂ ਪਾਸੇ ਦੂਰ ਦੂਰ ਤੱਕ ਸਿਰਫ਼ ਫ਼ੌਜੀ ਟਰੱਕ, ਟੈਂਕ ਜਾਂ ਮਸ਼ੀਨਗੰਨਾਂ ਦੇ ਆਲ੍ਹਣੇ ਹੀ ਨਜ਼ਰ ਆ ਰਹੇ ਸਨ। ਜੰਡਿਆਲਾ ਥਾਣੇ ਦੇ ਅੱਗੋਂ ਲੰਘਦਿਆਂ ਉਸਨੇ ਦੇਖਿਆ ਕਿ ਥਾਣੇ ਦੇ ਸਾਹਮਣੇ, ਸੜਕ ਦੇ ਦੂਜੇ ਪਾਸੇ, ਕਰੀਬ ਸੌ ਕੁ ਬੰਦੇ ਜ਼ਮੀਨ ਉਤੇ ਬੈਠੇ ਸਨ। ਕੋਈ ਸਿਰੋਂ ਨੰਗਾ, ਬਹੁਤ ਸਾਰੇ ਪਰਨਿਆਂ ਵਾਲੇ ਅਤੇ ਦੋ ਚਾਰ ਪੀਲੇ ਪਟਕਿਆਂ ਵਾਲੇ ਉਨ੍ਹਾਂ ਦੇ ਚਾਰੋਂ ਪਾਸੇ ਬਹੁਤ ਸਾਰੇ ਹਥਿਆਰਬੰਦ ਫ਼ੌਜੀ ਜਵਾਨ ਚੌਕਸ ਖੜ੍ਹੇ ਸਨ। ਇਜ ਲਗਦਾ ਸੀ ਜਿਵੇਂ ਅੰਗਰੇਜ਼ੀ ਫ਼ਿਲਮਾਂ ਵਾਲਾ ਦ੍ਰਿਸ਼ ਹੋਵੇ, ਜੰਗੀ ਕੈਦੀਆਂ ਵਾਲਾ। ਜਿਉਂ ਜਿਉਂ ਉਹ ਅੰਮ੍ਰਿਤਸਰ ਦੇ ਨਜ਼ਦੀਕ ਜਾ ਰਹੇ ਸਨ, ਫ਼ੌਜੀ ਪ੍ਰਬੰਧ, ਟੈਂਕ, ਤੋਪਾਂ, ਮਸ਼ੀਨਗਨਾਂ ਅਤੇ ਜਵਾਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਸ਼ਹਿਰ ਦੀ ਵੱਡੀ ਨਹਿਰ ਪਾਰ ਕਰਕੇ ਛੇਤੀ ਹੀ ਉਹ ਵੱਲੇ ਵਾਲੇ ਮੋੜ ਦੀ ਸੜਕ ਉਤੇ ਚੁੰਗੀ ਕੋਲ ਪੁੱਜ ਗਏ ਅਤੇ ਰੁਕ ਗਏ। ਸੜਕ ਬੰਦ ਸੀ, ਚਾਰੋਂ ਪਾਸੇ

ਮੋਰਚਾ ਬੰਦੀ ਸੀ, ਬਿਆਸ ਦੇ ਪੁਲ ਵਾਂਗ ਹੀ। ਪਰ ਰੁਕਾਵਟਾਂ ਅਤੇ ਟੈਂਕ, ਟਰੱਕ, ਹਥਿਆਰ ਕਿਤੇ ਜ਼ਿਆਦਾ ਸਨ। ਉਥੇ ਫੇਰ ਪੁੱਛ-ਪੜਤਾਲ ਹੋਈ ਅਤੇ ਕਰੀਬ 20 ਕੁ ਮਿੰਟਾ ਪਿਛੋਂ ਉਹ ਸ਼ਹਿਰ ਵਿਚ ਦਾਖਲ ਹੋ ਸਕੇ ਸਨ।

ਹੈਲੀਕਾਪਟਰ ਅੰਮ੍ਰਿਤਸਰ ਵਾਪਸ ਪੁੱਜ ਗਿਆ। ਸੁਖਵਿੰਦਰਪਾਲ ਜਲਦੀ ਤੋਂ ਜਲਦੀ ਸ਼ਹਿਰ ਪੁੱਜ ਕੇ ਅਕਾਲ ਤਖ਼ਤ ਦੇ ਪਿਛਲੇ ਇਲਾਕੇ ਦਾ ਦੌਰਾ ਕਰਨਾ ਚਾਹੁੰਦਾ ਸੀ। ਜਨਰਲ ਸੈਧੂ ਨੇ ਫੇਰ ਟਾਲ-ਮਟੋਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸੁਖਵਿੰਦਰਪਾਲ ਨੇ ਕੋਈ ਬਹਾਨਾ ਨਾ ਚੱਲਣ ਦਿੱਤਾ। ਅੰਤ ਵਿਚ ਤਹਿ ਹੋਇਆ ਕਿ ਠੀਕ ਸਾਢੇ ਯਾਰਾਂ ਵਜੇ ਇਕ ਸੁਰੱਖਿਆ ਅਤੇ ਗਾਇਡ ਟੁਕੜੀ ਸੁਖਵਿੰਦਰਪਾਲ ਦੀ ਅਗਵਾਨੀ ਵਾਸਤੇ ਘੰਟਾ ਘਰ ਵਾਲੀ ਦਰਸ਼ਨੀ ਡਿਓੜੀ ਕੋਲ ਪੁੱਜ ਜਾਵੇਗੀ।

ਮਿਥੇ ਵਕਤ ਉਤੇ ਸੁਖਵਿੰਦਰਪਾਲ, ਡੀ.ਸੀ., ਕਾਰਪੋਰੇਸ਼ਨ ਦਾ ਕਮਿਸ਼ਨਰ ਅਤੇ ਕੁਝ ਹੋਰ ਨਾਗਰਿਕ ਅਫ਼ਸਰ ਘੰਟਾ ਘਰ ਦਰਸ਼ਨੀ ਡਿਓੜੀ ਪਹੁੰਚ ਗਏ। ਉਥੇ ਪਹਿਲਾਂ ਹੀ ਪੰਜ-ਛੇ ਬ੍ਰਿਗੇਡੀਅਰ ਅਤੇ ਹੋਰ ਕਈ ਕਰਨਲ, ਮੇਜਰ ਆਦਿ ਫ਼ੌਜੀ ਅਫ਼ਸਰ ਆਪਣੇ ਕਿਸੇ "ਮਿਸ਼ਨ" ਵਾਸਤੇ ਖੜ੍ਹੇ ਸਨ। ਉਨ੍ਹਾਂ ਨਾਲ ਰਸਮੀ ਮੁਲਾਕਾਤ ਪਿਛੋਂ ਸੁਖਵਿੰਦਰਪਾਲ ਦੀ ਨਜ਼ਰ ਇਧਰ-ਉਧਰ ਭਟਕਣ ਲੱਗ ਪਈ। ਚਾਰ ਦਿਨ ਪਹਿਲਾਂ ਵਾਲੀ ਬਦਬੋ ਸੜਹਾਂਦ, ਟੁੱਟ-ਭੱਜ, ਲਾਸ਼ਾਂ ਦਾ ਖਿਲਾਰਾ ਤਾਂ ਨਹੀਂ ਸੀ। ਪਰ ਮਾਹੌਲ ਵਿਚ ਬਦਬੋ ਅਤੇ ਦਹਿਸ਼ਤ ਕਾਇਮ ਸੀ। ਸਾਰੀ ਇਮਾਰਤ ਅਤੇ ਵੱਡੀ ਘੜੀ ਗੋਲੀਆਂ ਦੇ ਨਿਸ਼ਾਨਾਂ ਨਾਲ ਦਾਗ਼ੀ ਹੋਈ ਪਈ ਸੀ। ਅਚਾਨਕ ਸੁਖਵਿੰਦਰਪਾਲ ਦੀ ਨਜ਼ਰ ਦਰਸ਼ਨੀ ਡਿਓੜੀ ਦੇ ਵਿਚਕਾਰਲੇ ਵੱਡੇ ਦਰਵਾਜ਼ੇ ਦੀ ਸੱਜੀ ਦੀਵਾਰ ਵਿਚ ਅਟਕ ਗਈ। ਉਥੇ ਸੰਗਮਰਮਰ ਦੀ ਕੁਝ ਚੌੜੀ ਅਤੇ ਲੰਬੀ ਸਿੱਲ ਜੜੀ ਹੋਈ ਸੀ ਅਤੇ ਉਸ ਉਤੇ ਅੰਗਰੇਜ਼ੀ ਵਿਚ ਉਕਰਿਆ ਹੋਇਆ ਸੀ:

> "ਦੂਜੀ ਸਿੱਖ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਐਸ.ਸੀ. ਪੁਰੀ, ਦੂਜੇ ਅਫ਼ਸਰਾਂ, ਜੇ.ਸੀ.ਓਜ਼ ਅਤੇ ਜਵਾਨਾਂ ਵਲੋਂ ਦਸੰਬਰ, 1971 ਦੀ ਪੁਲ ਕੰਜਰੀ ਦੀ ਲੜਾਈ ਵਿਚ ਸ਼ਹੀਦ ਹੋਏ ਆਪਣੇ ਸਾਥੀਆਂ ਦੀ ਯਾਦ ਵਿਚ ਸੇਵਾ ਕਰਵਾਈ।"

ਸ਼ਿਲਾਲੇਖ ਪੜ੍ਹ ਕੇ ਸੁਖਵਿੰਦਰਪਾਲ ਨੂੰ ਇਕ ਝਟਕਾ ਜਿਹਾ ਮਹਿਸੂਸ ਹੋਇਆ। ਉਸਨੇ ਦੋ ਕਦਮ ਪਿਛਾਂਹ ਮੁੜ ਕੇ ਆਪਣੇ ਖੱਬੇ ਹੱਥ ਖੜ੍ਹੇ ਫ਼ੌਜੀ ਅਫ਼ਸਰਾਂ ਵੱਲ ਦੇਖਿਆ। ਉਸਦੀਆਂ ਅੱਖਾਂ ਵਿਚ ਸਵਾਲ ਸੀ। ਬ੍ਰਿਗੇਡੀਅਰ ਬੈਂਸ ਨੇ ਉਹ ਅਣਬੋਲਿਆ ਸਵਾਲ ਸੁਣ ਲਿਆ ਅਤੇ ਅੰਗਰੇਜ਼ੀ ਵਿਚ ਕਹਿਣ ਲੱਗਾ, "ਹਾਂ ਸਰ! ਇਹ ਉਹੋ ਬ੍ਰਿਗੇਡੀਆਰ ਪੁਰੀ ਸੀ ਜਿਸ ਨੂੰ ਰਾਮਗੜ੍ਹ ਦੀ ਮਿਊਟਨੀ ਵਿਚ ਮੁੰਡਿਆਂ ਨੇ ਮਾਰ ਦਿੱਤਾ।"

"ਓਹ! ਕਿੱਡਾ ਵੱਡਾ ਦੁਖਾਂਤ ਹੈ," ਸੁਖਵਿੰਦਰਪਾਲ ਮਸਾਂ ਹੀ ਕਹਿ ਸਕਿਆ।

ਦੂਜੇ ਅਫ਼ਸਰ ਵੀ ਪੁਰੀ ਬਾਰੇ ਦੱਸਣ ਲੱਗ ਪਏ ਕਿ ਕਿਵੇਂ ਪੁਰੀ ਦਾ ਜ਼ੋਰ ਪਾ ਕੇ ਸਿੱਖ ਰਜਮੈਂਟ ਵਿਚ ਜਾਣਾ, ਉਸਦਾ ਸਿਰਫ਼ "ਫ਼ਤਹਿ" ਕਹਿਕੇ ਜਵਾਬ ਦੇਣਾ, ਦੋਨਾਂ ਜੀਆਂ ਦਾ ਨੇਮ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਕੇ ਨਾਸ਼ਤਾ ਕਰਨਾ



ਆਦਿ। ਸੁਖਵਿੰਦਰਪਾਲ ਚੁੱਪ-ਚਾਪ ਸੁਣਦਾ ਰਿਹਾ। ਬ੍ਰਿਗੇਡੀਆਰ ਘੁੰਮਣ ਕਹਿਣ ਲੱਗਾ, "ਪੁਰੀ ਤਾਂ ਸਰ। ਧੋਖੇ ਵਿਚ ਮਾਰਿਆ ਗਿਆ। ਜਦੋਂ ਉਸਨੂੰ ਘਰ ਨਾਸ਼ਤਾ ਕਰਦੇ ਨੂੰ ਖ਼ਬਰ ਮਿਲੀ ਕਿ ਕੁਝ ਮੁੰਡੇ ਭੂਤਰ ਗਏ ਸਨ ਦਰਬਾਰ ਸਾਹਿਬ ਉਤੇ ਐਕਸ਼ਨ ਦੀ ਖ਼ਬਰ ਸੁਣਕੇ ਤਾਂ ਉਹ ਉਸੇ ਵਕਤ ਉਠ ਦੌੜਿਆ ਸੀ। ਉਸਦੇ ਅਫ਼ਸਰਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਕਿਸੇ ਦੀ ਨਾ ਸੁਣੀ। ਉਹ ਇਕੱਲਾ ਅਤੇ ਨਿਹੱਥਾ ਹੀ ਬੈਰਕਾਂ ਵੱਲ ਹੋ ਤੁਰਿਆ ਸੀ। ਐਨਾ ਭਰੋਸਾ ਸੀ ਉਸਨੂੰ ਆਪਣੇ ਮੁੰਡਿਆਂ ਉਤੇ। ਪਤਾ ਨਹੀਂ ਕਿਹੜਾ ਹਰਾਮ ਦਾ ਸੀ ਉਥੇ ਜਿਸਨੇ ਇਕ ਲਫ਼ਜ਼ ਬੋਲਣ ਦਾ ਵੀ ਮੌਕਾ ਨਹੀਂ ਦਿੱਤਾ ਅਤੇ ਛਾਂਟੀ ਕਰ ਦਿੱਤੀ ਪੁਰੀ ਨੂੰ।"

ਮਾਹੌਲ ਭਾਰੀ ਹੋ ਗਿਆ ਅਤੇ ਚੁੱਪ ਛਾ ਗਈ। ਪਰ ਅੱਡੀਆਂ ਦੇ ਖੜਾਕ, ਚੁਸਤ ਸਲੂਟ ਅਤੇ "ਕੈਪਟਨ ਠਾਕੁਰ ਰਿਪੋਰਟਿੰਗ ਫ਼ਾਰ ਡਿਊਟੀ ਸਰ!" ਦੇ ਟੁਣਕਵੇਂ ਸੁਰਾਂ ਨੇ ਉਸ ਬੋਝਲ ਮਾਹੌਲ ਨੂੰ ਤੋੜਿਆ ਅਤੇ ਸੁਖਵਿੰਦਰਪਾਲ ਆਪੇ ਵਿਚ ਹੋਇਆ। ਛੇ ਫ਼ੁੱਟ ਤੋਂ ਵੀ ਲੰਬਾ, ਗਠਵੇਂ ਚੁਸਤ ਸਰੀਰ, ਰੋਹਬ ਭਰੀਆਂ ਸੰਘਣੀਆਂ ਕਾਲੀਆਂ ਮੁੱਛਾਂ ਅਤੇ ਚਮਕਦੀਆਂ ਅੱਖਾਂ ਵਾਲਾ 22-24 ਸਾਲ ਦੀ ਛਬੀਲਾ ਨੌਜਵਾਨ ਸੀ ਕੈਪਟਨ ਠਾਕੁਰ। ਸੱਜੇ ਪਾਸੇ ਪੇਟੀ ਨਾਲ ਲਟਕਦੀ ਰਿਵਾਲਵਰ ਅਤੇ ਖੱਬੇ ਮੋਢੇ ਉਤੇ ਪਾਈ ਹੋਈ ਸਟੇਨਗੰਨ। ਉਸਦੇ ਨਾਲ ਇਕ ਨਾਇਬ ਸੂਬੇਦਾਰ ਅਤੇ ਯਾਰਾਂ ਜਵਾਨ ਵੀ ਪੂਰੀ ਤਰ੍ਹਾਂ ਹਥਿਆਰਬੰਦ ਸਨ।

ਮੁਆਇਨੇ ਦੇ ਮੰਤਵ ਅਤੇ ਰਸਤੇ ਬਾਰੇ ਗੱਲਬਾਤ ਕਰਕੇ ਸਾਰੇ ਜਣੇ ਮਾਈ ਸੇਵਾ ਬਜ਼ਾਰ ਵੱਲ ਤੁਰ ਪਏ। ਨਾਇਬ ਸੂਬੇਦਾਰ ਅਤੇ ਦੋ ਜਵਾਨ ਅੱਗੇ ਅੱਗੇ, ਦੋ ਜਵਾਨ ਸੱਜੇ-ਖੱਬੇ ਅਤੇ ਬਾਕੀ ਪੰਜ ਜਵਾਨ ਉਨ੍ਹਾਂ ਦੇ ਪਿੱਛੇ ਤੁਰਨ ਲੱਗ ਪਏ। ਕੈਪਟਨ ਠਾਕੁਰ ਸੁਖਵਿੰਦਰਪਾਲ ਅਤੇ ਦੂਜੇ ਅਫ਼ਸਰਾਂ ਦੇ ਨਾਲ ਤੁਰਣ ਲੱਗ ਪਿਆ ਅਤੇ ਗਲੀਆਂ-ਬਜ਼ਾਰਾਂ ਬਾਰੇ ਦੱਸਣ ਲੱਗ ਗਿਆ। ਸੁਖਵਿੰਦਰਪਾਲ ਦਾ ਦਿਲ ਕੀਤਾ ਕਿ ਉਹ ਕੈਪਟਨ ਨੂੰ ਟੋਕ ਦੇਵੇ, ਚੁੱਪ ਕਰਾ ਦੇਵੇ ਇਹ ਕਹਿ ਕੇ ਕਿ, "ਛੋਰਿਆ। ਮੈਨੂੰ ਰਸਤੇ ਨਾ ਦੱਸ। ਮੈਨੂੰ ਚੱਪੇ-ਚੱਪੇ ਅਤੇ ਇੱਟ ਇੱਟ ਦਾ ਪਤਾ ਹੈ। ਤੈਨੂੰ ਕੀ ਪਤਾ ਕਿ ਮੈਂ ਇਥੇ ਹੀ ਖੇਡ ਖੇਡ ਕੇ ਵੱਡਾ ਹੋਇਆ ਹਾਂ, "ਪਰ ਉਹ ਆਪ ਹੀ ਚੁੱਪ ਰਿਹਾ ਅਤੇ ਕੈਪਟਨ ਦੀਆਂ ਗੱਲਾਂ ਸੁਣਦਾ ਰਿਹਾ।"

ਮਾਈ ਸੇਵਾ ਬਜ਼ਾਰ ਵਿਚ ਕੁਝ ਦੂਰ ਤੱਕ ਚੱਲਕੇ ਉਹ ਖੱਬੇ ਹੱਥ ਛੱਤ ਵਾਲੀ ਗਲੀ ਵੱਲ ਮੁੜੇ ਤਾਂ ਜੋ ਥੜ੍ਹਾ ਸਾਹਿਬ ਪੁੱਜ ਜਾਣ। ਪਰ ਛੱਤ ਡਿੱਗ ਜਾਣ ਕਰਕੇ ਅਤੇ ਘਰਾਂ ਦੇ ਮਲਬੇ ਕਰਕੇ ਗਲੀ ਬੰਦ ਹੋ ਗਈ ਸੀ। ਬਹੁਤ ਹੀ ਸੜਿਹਾਂਦ ਅਤੇ ਬਦਬੂ ਆ ਰਹੀ ਸੀ, ਜਿਵੇਂ ਲਾਸ਼ਾਂ ਸੜ ਰਹੀਆਂ ਹੋਣ ਮਲਬੇ ਹੇਠਾਂ। ਉਹ ਵਾਪਸ ਮੁੜੇ ਅਤੇ ਕਾਠੀਆਂ ਵਾਲੇ ਬਜ਼ਾਰ ਵਿਚ ਆ ਕੇ,ਸੁਨਿਆਰਾਂ ਵਾਲੀ ਗਲੀ ਵਿਚੋਂ ਲੰਘ ਕੇ ਥੜ੍ਹਾ ਸਾਹਿਬ ਪੁੱਜ ਗਏ। ਉਥੋਂ ਪਿਛਲੇ ਪਾਸੇ ਸ਼ਹੀਦ ਗੁਰਬਖ਼ਸ਼ ਸਿੰਘ ਦੇ ਗੁਰਦੁਆਰੇ ਵੱਲ ਗਏ। ਉਹ ਅੱਧੇ ਤੋਂ ਵੱਧ ਢਹਿ ਗਿਆ ਸੀ ਅਤੇ ਕਈ ਥਾਵਾਂ ਤੋਂ ਧੂੰਆਂ ਹਾਲੇ ਵੀ ਸੁਲਘ ਰਿਹਾ ਸੀ। ਸੁਖਵਿੰਦਰਪਾਲ ਉਧਰੋਂ ਹੀ, ਅੰਦਰੋਂ ਅੰਦਰ ਤਖ਼ਤ ਦੇ ਪਿਛਲੇ ਪਾਸਿਓਂ ਮੁਨਿਆਰੀ ਬਾਜ਼ਾਰ ਜਾਣ ਵਾਸਤੇ ਵਧਿਆ। ਪਰ ਰਸਤਾ ਕਿਥੇ ਸੀ? ਗਲੀ

ਅਤੇ ਦੁਕਾਨਾਂ ਕਿਥੇ ਸਨ? ਦੋਨੋਂ ਪਾਸੇ ਦੇ ਮਕਾਨ ਤਹਿਸ ਨਹਿਸ ਹੋਏ ਪਏ ਸਨ ਅਤੇ ਮਲਬੇ ਨਾਲ ਸਾਰਾ ਰਸਤਾ ਬੰਦ ਸੀ। ਮਲਬੇ ਦਾ ਤਾਂ ਪਹਾੜ ਬਣਿਆ ਪਿਆ ਸੀ। ਉਪਰੋਂ ਦੀ ਟੱਪ ਵੀ ਤਾਂ ਨਹੀਂ ਸਨ ਸਕਦੇ। ਉਹ ਫ਼ੇਰ ਵਾਪਸ ਮੁੜੇ, ਕਾਠੀਆਂ ਵਾਲੇ ਬਜ਼ਾਰ ਦੇ ਮੰਦਿਰ ਕੋਲੋਂ ਅੱਗੇ ਵਧਣ ਲੱਗੇ। ਉਥੇ ਵੀ ਇਹੋ ਹੀ ਹਾਲ ਸੀ। ਖੋਲਿਆਂ-ਖੰਡਰਾਂ ਨੂੰ ਦੇਖਦੇ, ਮਲਬੇ ਦੇ ਢੇਰਾਂ ਦੇ ਉਤੋਂ ਟੱਪਦੇ ਉਹ ਚੌਕ ਦਰਬਾਰ ਸਾਹਿਬ ਤੱਕ ਪੁੱਜ ਗਏ। ਮੁਨਿਆਰੀ ਬਜ਼ਾਰ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ ਅਤੇ ਅਕਾਲ ਤਖ਼ਤ ਸਾਫ਼ ਸਾਹਮਣੇ ਨਜ਼ਰ ਆ ਰਿਹਾ ਸੀ। ਸੁਖਵਿੰਦਰਪਾਲ ਉਥੋਂ ਹੀ ਸਿੱਧਾ ਬਾਬਾ ਬੁਰੀ ਵਾਲੇ ਪਾਸੇ ਦੀ ਦਰਸ਼ਨੀ ਡਿਓਢੀ ਤੱਕ ਜਾਣਾ ਚਾਹੁੰਦਾ ਸੀ, ਜਿਵੇਂ ਉਹ ਅੱਗੇ ਲੰਘਦੇ ਹੁੰਦੇ ਸਨ ਚਾਟਾਂ, ਟਿੱਕੀਆਂ, ਗੋਲ-ਗੱਪਿਆਂ ਅਤੇ ਟੋਟਾ ਕਪੜਿਆਂ ਦੀਆਂ ਦੁਕਾਨਾਂ ਦੇਖ ਦੇਖ ਕੇ। ਪਰ ਉਥੇ ਵੀ ਸਿਰਫ਼ ਖੰਡਰ ਅਤੇ ਮਲਬਾ ਹੀ ਸਨ ਅਤੇ ਰਾਹ ਬੰਦ। ਇਸੇ ਲਈ ਉਨ੍ਹਾਂ ਨੂੰ ਪਾਪੜਾਂ ਵਾਲਾ ਬਜ਼ਾਰ, ਚੌਕ ਛੋਟੀ ਖੂਹੀ ਅਤੇ ਸੱਤੋਵਾਲੇ ਡੇਰੇ ਵਲੋਂ ਜਾਣਾ ਪਿਆ। ਤੁਰੇ ਜਾਂਦਿਆਂ ਹੀ ਕੈਪਟਨ ਠਾਕੁਰ ਇਸ ਇਲਾਕੇ ਵਿਚ ਹੋਏ "ਐਕਸ਼ਨ" ਬਾਰੇ ਵੀ ਦਸਦਾ ਜਾ ਰਿਹਾ ਸੀ ਜਿਸ ਵਿਚ ਉਸਦੀ ਕੰਪਨੀ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ ਸੀ।

ਸਾਰੇ ਰਸਤੇ ਵਿਚ ਦ੍ਰਿਸ਼ ਬਹੁਤ ਦਿਲ ਕੰਬਾਊ ਸਨ। ਖੰਡਰ-ਖੋਲੇ ਹੋਏ ਘਰ। ਘਰਾਂ ਦੀਆਂ ਛੱਤਾਂ ਵਿਚ ਮਘੋਰੇ। ਛਤੀਰੀਆਂ ਲਟਕਦੀਆਂ ਜਿਵੇਂ ਲਟਬੌਰੀਆਂ ਜਲੂਰੀਆਂ ਹੋਣ ਕਿਸੇ ਸ਼ੁਦੈਣ ਦੀਆਂ। ਦੀਵਾਰਾਂ ਧੁਆਂਖੀਆਂ, ਨੰਗੀਆਂ, ਚੁੱਪਚਾਪ ਖਲੋਤੀਆਂ ਜਿਵੇਂ ਅੱਖਾਂ ਟੱਡ ਟੱਡ ਕੇ ਦੇਖ ਰਹੀਆਂ ਹੋਣ। ਦੱਬੀਆਂ ਲਾਸ਼ਾਂ ਦੀ ਸੜ੍ਹਿਹਾਂਦ ਨਾਲ ਦਿਲ ਉਲਟੀਆਂ ਨੂੰ ਕਰੇ। ਅਖ਼ੀਰ ਉਹ ਸਾਰੇ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਦੀ ਦਰਸ਼ਨੀ ਡਿਓਢੀ ਕੋਲ ਪੁੱਜ ਗਏ। ਬਾਕੀ ਸਾਰੇ ਅਫ਼ਸਰ ਲੰਗਰ, ਦਰਬਾਰ ਸਾਹਿਬ ਦਫ਼ਤਰ ਅਤੇ ਦੂਜੀਆਂ ਇਮਾਰਤਾਂ ਦੇਖਣ ਚਲੇ ਗਏ। ਸੁਖਵਿੰਦਰਪਾਲ ਅਤੇ ਕੈਪਟਨ ਉਥੇ ਹੀ ਖੜ੍ਹੇ ਰਹੇ। ਦੋਨੋਂ ਹੀ ਦਰਬਾਰ ਸਾਹਿਬ ਵੱਲ ਦੇਖ ਰਹੇ ਸਨ। ਅਚਾਨਕ ਬੜੀ ਧੀਮੀ ਅਤੇ ਭਾਉਕ ਆਵਾਜ਼ ਵਿਚ ਕੈਪਟਨ ਠਾਕੁਰ ਨੇ ਅੰਗਰੇਜ਼ੀ ਵਿਚ ਸਵਾਲ ਕਰਨ ਵਾਂਗ ਕਿਹਾ, "ਜ਼ਿੰਦਗੀ ਬਹੁਤ ਹੀ ਅਜੀਬ ਜਿਹੀ ਟਰੈਜਿਡੀ ਹੈ, ਹੈ ਨਾ ਸਰ!"

ਸੁਖਵਿੰਦਰਪਾਲ ਨੇ ਜ਼ਰਾ ਕੁ ਤ੍ਰਭਕ ਕੇ ਕੈਪਟਨ ਵੱਲ ਦੇਖਿਆ। ਉਸਨੂੰ ਇਜ ਲੱਗਾ ਜਿਵੇਂ ਕੈਪਟਨ ਦੇ ਅੰਦਰ ਕੁਝ ਉੱਬਲ ਰਿਹਾ ਸੀ। ਉਹ ਕੁਝ ਕਹਿਣਾ ਚਾਹੁੰਦਾ ਸੀ। ਸੁਖਵਿੰਦਰਪਾਲ ਬੋਲਿਆ ਕੁਝ ਨਹੀਂ ਪਰ ਉਸਦੀਆਂ ਨਜ਼ਰਾਂ ਨੇ ਕੈਪਟਨ ਠਾਕੁਰ ਨੂੰ ਪੁੱਛ ਲਿਆ, "ਤੈਨੂੰ ਕਿਵੇਂ ਪਤਾ ਹੈ।"

ਕੈਪਟਨ ਨੇ ਵੀ ਅਣਬੋਲਿਆ ਸਵਾਲ ਸੁਣ ਲਿਆ ਜਾਪਦਾ ਸੀ। ਅੰਗਰੇਜ਼ੀ ਛੱਡ ਕੇ ਉਹ ਹਿੰਦੀ ਵਿਚ ਕਹਿਣ ਲੱਗਾ, "ਮੈਂ ਬਿਹਾਰ ਤੋਂ ਹਾਂ ਸਰ! ਜ਼ਿਲ੍ਹ ਦਰਭੰਗਾ। ਮੇਰੀ ਬੀਵੀ ਵੀ ਦੱਖਣੀ ਬਿਹਾਰ ਦੀ ਹੈ। ਸਾਡੀ ਸ਼ਾਦੀ ਸੱਤ ਸਾਲ ਪਹਿਲਾਂ ਹੋਈ ਸੀ ਅਤੇ ਕਰੀਬ 10 ਮਹੀਨੇ ਪਹਿਲਾਂ ਮੇਰੀ ਪੋਸਟਿੰਗ ਜਲੰਧਰ ਹੋਈ ਹੈ" ਬੋਲਦਾ ਬੋਲਦਾ ਉਹ ਚੁੱਪ ਕਰ ਗਿਆ। ਸੁਖਵਿੰਦਰਪਾਲ ਨੂੰ ਲੱਗਾ ਜਿਵੇਂ ਕੈਪਟਨ ਨੇ ਥੁੱਕ ਅੰਦਰ ਲੰਘਾ ਕੇ ਆਪਣੇ ਬੋਲ ਸਾਂਭਣ ਦੀ ਕੋਸ਼ਿਸ਼ ਕੀਤੀ ਹੋਵੇ। ਉਸਨੇ ਕੈਪਟਨ ਵੱਲ ਭਰਵੀਂ ਨਜ਼ਰ



ਨਾਲ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ, "ਫੇਰ"? ਪਲ ਵੀ ਨਹੀਂ ਬੀਤਿਆ ਹੋਣਾ ਇਸ ਚੁੱਪੀ ਦਾ ਪਰ ਜਿਵੇਂ ਘੜੀ ਰੁਕ ਹੀ ਗਈ ਹੋਵੇ। ਫੇਰ ਕੈਪਟਨ ਠਾਕੁਰ ਆਪ ਹੀ ਬੋਲ ਪਿਆ, "ਸਾਡੇ ਕੋਈ ਸੰਤਾਨ ਨਹੀਂ ਹੈ ਸਰ। ਜਦੋਂ ਅਸੀਂ ਜਲੰਧਰ ਆ ਗਏ ਤਾਂ ਮੇਰੀ ਮਾਂ ਨੇ ਸਾਨੂੰ ਲਿਖਿਆ ਕਿ ਜਦੋਂ ਅਸੀਂ ਐਨੇ ਨਜ਼ਦੀਕ ਹਾਂ ਤਾਂ ਹਰਿਮੰਦਰ ਜ਼ਰੂਰ ਜਾਈਏ ਅਤੇ ਬੱਚੇ ਦੀ ਮਨੌਤੀ ਮੰਗੀਏ। ਉਸਨੇ ਸੁਣ ਰੱਖਿਆ ਸੀ ਕਿ ਹਰਿਮੰਦਰ ਵਿਚੋਂ ਸਭ ਦੀਆਂ ਮੰਗਾਂ ਪੂਰੀਆਂ ਹੁੰਦੀਆਂ ਨੇ। ਸੰਜੋਗ ਦੀ ਗੱਲ ਦੇਖੋ ਕਿ ਦੂਰ ਪਿੰਡ ਵਿਚੋਂ ਲੀਲਾ ਦੀ ਮਾਂ ਨੇ ਵੀ ਇਹੋ ਜਿਹੀ ਚਿੱਠੀ ਹੀ ਲੀਲਾ ਨੂੰ ਲਿਖਵਾਈ ਸੀ। ਮੈਂ ਸਗੋਂ ਪੁੱਛ ਭੇਜਿਆ ਕਿ ਹੁਣ ਨਹੀਂ ਸੀ ਉਨ੍ਹਾਂ ਨੂੰ ਡਰ ਲਗਦਾ ਸਾਡੇ ਅੰਮ੍ਰਿਤਸਰ ਜਾਣ ਤੋਂ? ਜਦੋਂ ਜਲੰਧਰ ਦੇ ਮੇਰੀ ਪੋਸਟਿੰਗ ਹੋਈ ਸੀ ਤਾਂ ਸੁਣਕੇ ਦੋਨਾਂ ਘਰਾਂ ਵਿਚ ਦਹਿਸ਼ਤ ਵਰਗੀ ਚੁੱਪ ਛਾ ਗਈ ਸੀ। ਪਤੈ ਸਰ! ਕੀ ਜਵਾਬ ਆਏ? ਉਨ੍ਹਾਂ ਲਿਖਿਆ ਕਿ ਹਰਿਮੰਦਰ ਤਾਂ ਭਗਵਾਨ ਦਾ ਘਰ ਹੈ। ਉਥੇ ਕਾਹਦਾ ਡਰ? ਅਤੇ ਤਾਕੀਦ ਕੀਤੀ ਕਿ ਅਸੀਂ ਦੋਨੋਂ ਜਲਦੀ ਤੋਂ ਜਲਦੀ ਤੀਰਥ ਯਾਤਰਾ ਕਰੀਏ।"

ਸੁਖਵਿੰਦਰਪਾਲ ਨੂੰ ਸੁਣ ਕੇ ਬੜਾ ਅਜੀਬ ਲੱਗਾ। ਐਸੇ ਦਿਨਾਂ ਵਿਚ ਜਦੋਂ ਇਸ ਸ਼ਹਿਰ ਦੇ ਧਰਮੀ ਕਰਮੀ ਲੋਕ ਵੀ ਹਰਿਮੰਦਰ ਆਉਣ ਤੋਂ ਕਤਰਾਉਣ ਲਗ ਪਏ ਸਨ ਉਨ੍ਹਾਂ ਹਾਲਤਾਂ ਵਿਚ ਵੀ ਮਾਵਾਂ ਕੈਪਟਨ ਅਤੇ ਉਸਦੀ ਪਤਨੀ ਨੂੰ ਬੱਚੇ ਦੀ ਮਨੌਤੀ ਵਾਸਤੇ ਹਰਿਮੰਦਰ ਜਾਣ ਵਾਸਤੇ ਜ਼ੋਰ ਪਾ ਰਹੀਆਂ ਸਨ। ਪਰ ਸੁਖਵਿੰਦਰਪਾਲ ਨੇ ਪੁੱਛਿਆ, "ਫਿਰ ਠਾਕੁਰ। ਤੁਮ ਲੋਗ ਆਏ ਥੇ? ਡਰ ਨਹੀਂ ਲਗਾ?"

"ਹਾਂ ਸਰ!" ਕੈਪਟਨ ਨੇ ਕਿਹਾ, "ਜਨਵਰੀ ਦੇ ਆਰੰਭ ਮੇਂ ਹਮ ਦੋਨੋਂ ਆਏ ਸਰ! ਮਾਹੌਲ ਤੋ ਬਹੁਤ ਹੀ ਦਹਿਸ਼ਤ ਭਰਾ ਥਾ। ਮੁਝੇ ਲਗਾ ਜੈਸੇ ਬਹੁਤ ਸੀ ਖ਼ੂੰਖਾਰ ਆਂਖੇਂ ਹਮੇਂ ਘੂਰ ਰਹੀ ਥੀਂ, ਹਮਾਰੇ ਏਕ ਏਕ ਕਦਮ ਕੋ ਜਾਂਚ ਰਹੀ ਥੀਂ। ਸਚ ਮੇਂ ਮੁਝੇ ਕੁਛ ਘਬਰਾਹਟ ਹੋਨੇ ਲਗੀ ਕਿ ਕਹਾਂ ਫੰਸ ਗਏ ਥੇ ਹਮ? ਪਰੰਤੂ ਲੀਲਾ ਏਕ ਦਮ ਬੇਖ਼ੌਫ਼ ਔਰ ਮਗਨ ਥੀ। ਅਪਨੇ ਦੋਨੋਂ ਹਾਥੋਂ ਮੇਂ ਫੂਲੋਂ ਕੀ ਮਾਲਾ ਔਰ ਪ੍ਰਸ਼ਾਦ ਲੀਏ ਵਹ ਅਪਨੀ ਪੂਰੀ ਸ਼ੁਧਾ-ਭਾਵਨਾ ਮੇਂ ਡੂਬੀ ਚਲ ਰਹੀ ਥੀ। ਹਮਨੇ ਵਹਾਂ ਅੰਦਰ ਜਾ ਕਰ ਮਾਥਾ ਟੇਕਾ, ਸੰਤਾਨ ਕੀ ਮਨੌਤੀ ਮਾਂਗੀ। ਔਰ ਵਚਨ ਕੀਆ ਕਿ ਬੱਚਾ ਹੋਨੇ ਪਰ ਹਮ ਸਭ ਸੇ ਪਹਿਲੇ ਉਸਕੋ ਯਹੀਂ ਹਰਿਮੰਦਰ ਹੀ ਲੇਕਰ ਆਏਂਗੇ।"

ਕੈਪਟਨ ਫੇਰ ਚੁੱਪ ਕਰ ਗਿਆ। ਸੁਖਵਿੰਦਰਪਾਲ ਦੀ ਉਤਸੁਕਤਾ ਵੀ ਵਧ ਗਈ ਸੀ। ਪਰ ਉਹ ਚੁੱਪਚਾਪ ਕੈਪਟਨ ਠਾਕੁਰ ਨੂੰ ਦੇਖਦਾ ਰਿਹਾ ਅਤੇ ਉਸਦੇ ਬੋਲਣ ਦੀ ਇੰਤਜ਼ਾਰ ਕਰਦਾ ਰਿਹਾ। ਪਲਾਂ ਦੀ ਚੁੱਪੀ ਯੁਗਾਂ ਵਰਗੀ ਹੋ ਗਈ ਸੀ। ਸੁਖਵਿੰਦਰਪਾਲ ਨੂੰ ਲੱਗਾ ਜਿਵੇਂ ਕੈਪਟਨ ਦੇ ਅੰਦਰ ਕੋਈ ਭਾਰੀ ਉਥਲ-ਪੁੱਥਲ ਹੋ ਰਹੀ ਸੀ ਅਤੇ ਉਹ ਆਪਣੇ ਆਪ ਨੂੰ ਸਾਂਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਫਿਰ ਉਹ ਬਹੁਤ ਹੀ ਧੀਮੀ, ਭਾਵੁਕ ਅਤੇ ਕੁਝ ਕੰਬਦੀ, ਅਟਕਦੀ ਆਵਾਜ਼ ਵਿਚ ਕਹਿਣ ਲੱਗਾ, "ਭਾਗਯ ਕਾ ਖੇਲ ਦੇਖੋ ਸਰ! ਮੈਂ ਦੁਬਾਰਾ ਹਰਿਮੰਦਰ ਆਇਆ ਤੋ ਹੂੰ ਪ੍ਰੰਤੂ ਕਿਸ ਰੂਪ ਮੇਂ? ਲੀਲਾ ਕਰੀਬ ਚਾਰ ਮਹੀਨੇ ਸੇ ਉਮੀਦਵਾਰੀ ਸੇ ਹੈ ਸਰ! ਮੁਝੇ ਬਹੁਤ ਡਰ ਲਗ ਰਹਾ ਹੈ ਸਰ! ਬਹੁਤ ਡਰ ਲਗ ਰਹਾ ਹੈ।"

ਸੁਖਵਿੰਦਰਪਾਲ ਨੂੰ ਝੁਨਝੁਣੀ ਆ ਗਈ, ਜਿਵੇਂ ਉਸਨੂੰ ਬਹੁਤ ਵੱਡੇ ਕਰੰਟ ਦਾ ਝਟਕਾ ਲੱਗਾ ਹੋਵੇ। ਉਸਨੇ ਕੈਪਟਨ ਠਾਕੁਰ ਵੱਲ ਦੇਖਿਆ। ਉਸਨੂੰ ਕੈਪਟਨ ਦੀਆਂ ਅੱਖਾਂ ਵਿਚ ਡਰ ਅਤੇ ਦਹਿਸ਼ਤ ਦੇ ਪਰਛਾਵੇਂ ਦਿਸੇ। ਉਸਨੂੰ ਲੱਗਾ ਜਿਵੇਂ ਕੈਪਟਨ ਠਾਕੁਰ ਦੇ ਬੁਲ੍ਹ ਫਰਕ ਰਹੇ ਹੋਣ, ਜਿਵੇਂ ਉਹ ਸਹਾਰਾ ਚਾਹੁੰਦਾ ਹੋਵੇ ਇਨ੍ਹਾਂ ਪਰਛਾਵਿਆਂ ਵਿਚੋਂ ਨਿਕਲਣ ਲਈ। ਸੁਖਵਿੰਦਰਪਾਲ ਨੇ ਆਪਣੇ ਖੱਬੇ ਹੱਥ ਨਾਲ ਪਲ ਦੋ ਪਲ ਵਾਸਤੇ ਕੈਪਟਨ ਠਾਕੁਰ ਦਾ ਸੱਜਾ ਮੋਢਾ ਫੜ ਕੇ ਜ਼ੋਰ ਦੀ ਘੁੱਟਿਆ ਅਤੇ ਹੁਕਮ ਵਾਲੀ ਆਵਾਜ਼ ਵਿਚ ਕਿਹਾ, "ਲੈਟਸ ਗੋ ਨਾਓ ਕੈਪਟਨ!"

"ਯੈਸ ਸਰ," ਦੀ ਟੁਣਕਵੀਂ, ਨਪੀ ਤੁਲੀ ਆਵਾਜ਼ ਨਾਲ ਕੈਪਟਨ ਠਾਕੁਰ ਸੁਚੇਤ ਹੋਇਆ ਅਤੇ ਉਹ ਦੋਨੋਂ ਜਣੇ ਪਿੱਠਾਂ ਫੇਰ ਕੇ ਵਾਪਸ ਤੁਰ ਪਏ।



# ਕਾਲੇ ਪਰਛਾਵੇਂ

ਦਲਬੀਰ ਚੇਤਨ

ਰਾਤ ਜਿਵੇਂ ਬਹੁਤ ਹੀ ਲੰਮੀ ਹੋ ਗਈ ਸੀ। ਫ਼ੌਜੀ ਲਈ ਛੁੱਟੀ ਦੀ ਪਹਿਲੀ ਰਾਤ ਸੁਹਾਗਰਾਤ ਵਰਗੀ ਹੁੰਦੀ ਹੈ, ਪਰ ਇਹ ਤਾਂ ਕਾਲੀ ਬੋਲੀ ਤੇ ਡਰੀ ਰਾਤ ਬਣ ਗਈ ਸੀ। ਚਿੱਠੀਆਂ, ਅਖ਼ਬਾਰਾਂ ਤੇ ਛੁੱਟੀ ਕੱਟ ਕੇ ਆਏ ਫ਼ੌਜੀਆਂ ਕੋਲੋਂ ਗੱਲਾਂ ਤਾਂ ਬਹੁਤ ਪੜ੍ਹੀਆਂ ਸੁਣੀਆਂ ਸਨ, ਪਰ ਉਹਨਾਂ ਦੀ ਭਿਆਨਕਤਾ ਦੇ ਨੰਗੇ ਦਰਸ਼ਨ ਹੁਣ ਹੋ ਰਹੇ ਸਨ।

ਘਰੋਂ ਕੁਝ ਦਿਨ ਪਹਿਲਾਂ ਚਿੱਠੀ ਆਈ ਸੀ ਕਿ ਮੇਰਾ ਬੱਚਾ ਸੈਨਿਕ ਸਕੂਲ ਲਈ ਚੁਣ ਲਿਆ ਗਿਆ ਸੀ। ਮੇਰਾ ਦਿਲ ਕੀਤਾ ਸੀ ਕਿ ਉਠ ਕੇ ਪਿੰਡ ਪਹੁੰਚ ਜਾਵਾਂ। ਆਪਣੇ ਬੱਚੇ ਨੂੰ ਹਿੱਕ ਨਾਲ ਘੁੱਟ ਕੇ ਉਹਦਾ ਮੱਥਾ ਚੁੰਮ ਲਵਾਂ, ਪਰ ਕਈਆਂ ਸੰਕਟਾਂ ਨੇ ਰਾਹ ਰੋਕ ਲਏ ਸਨ। ਰਾਹ ਵਿਚ ਹੋਣ ਵਾਲੇ ਖਰਚੇ ਤੋਂ ਵੀ ਵੱਡਾ ਸੰਕਟ ਛੁਟੀ ਦਾ ਨਾ ਮਿਲਣਾ ਸੀ। ਪਰ ਬੱਚੇ ਨੂੰ ਮਿਲਣ ਦੀ ਇੱਛਾ ਨੇ ਮੈਥੋਂ ਫ਼ੌਜੀਆਂ ਵਰਗਾ ਝੂਠ ਬੁਲਵਾ ਦਿਤਾ। ਪਿੰਡ ਆਪਣੇ ਯਾਰ ਜਗੀਰ ਨੂੰ ਲਿਖਣਾ ਪਿਆ ਕਿ ਉਹ ਮੈਨੂੰ, ਮੇਰੀ ਘਰ ਵਾਲੀ ਦੇ ਸਖ਼ਤ ਬੀਮਾਰ ਹੋਣਦੀ ਤਾਰ ਦੇਵੇ।

ਜਗੀਰੇ ਵੱਲੋਂ ਕੋਈ ਤਾਰ ਨਾ ਆਈ, ਪਰ ਕੁਝ ਕੁ ਦਿਨਾਂ ਬਾਅਦ ਹੀ ਜਗੀਰੇ ਦੇ ਕਤਲ ਹੋ ਜਾਣ ਦੀ ਤਾਰ ਘਰੋਂ ਆ ਗਈ। ਤਾਰ ਵਿਚ ਕਤਲ ਦਾ ਕੋਈ ਵੇਰਵਾ ਨਹੀਂ ਸੀ। ਤਾਰ ਪਿੰਡ ਲਾਗਲੇ ਕਸਬੇ 'ਚੋਂ ਨਹੀਂ—ਸਗੋਂ ਵੀਹ ਕੋਹ ਹਟਵੇਂ ਸ਼ਹਿਰ 'ਚੋਂ ਦਿਤੀ ਗਈ ਸੀ।

ਮੇਰੇ ਕੋਲ ਸਿਰਫ਼ ਕਿਆੜੇ ਸਨ। ਜਗੀਰੇ ਦੇ ਕਤਲ ਦੀ ਪੂਰੇ ਤਨ ਵਿਚ ਭਰ ਗਈ ਪੀੜ ਸੀ ਤੇ ਉਸ ਪੀੜ 'ਚੋਂ ਪੈਦਾ ਹੋਈ ਅਥਾਹ ਉਦਾਸੀ ਸੀ।

ਭੱਜ ਨੱਸ ਕੇ ਕੁਛ ਦਿਨਾਂ ਦੀ ਛੁੱਟੀ ਵੀ ਮਿਲ ਗਈ। ਪੈਸਿਆਂ ਦਾ ਹਿਸਾਬ ਕਿਤਾਬ ਬੇਮਾਅਨੇ ਹੋ ਕੇ ਰਹਿ ਗਿਆ। ਮੈਂ ਸਭ ਤੋਂ ਪਹਿਲੀ ਮਿਲਣ ਵਾਲੀ ਗੱਡੀ ਰਾਹੀਂ ਪਿੰਡ ਪਹੁੰਚ ਗਿਆ।

ਪਿੰਡ ਪਹੁੰਚਦਿਆਂ ਹੀ ਪਤਾ ਲਗਾ ਕਿ ਉਸ ਰਾਤ, ਪਿੰਡ ਦੇ ਮਰਨ ਵਾਲੇ ਛੇਆਂ 'ਚੋਂ ਜਗੀਰ ਇਕ ਸੀ। ਘਰ ਪਹੁੰਚ ਕੇ ਜਦ ਕਤਲਾਂ ਦਾ ਵੇਰਵਾ ਸੁਣਿਆ ਤਾਂ ਜਿਸਮ 'ਚ ਨਾ ਗੁੱਸਾ ਸੀ, ਨਾ ਦੁੱਖ, ਬਸ ਹੈਰਾਨੀ ਤੇ ਸਹਿਮ ਨਾਲ ਸੁੰਨ-ਮਸੁੰਨ ਸਾਂ।

"ਇਹ ਤਾਰ ਤਾਂ ਜਗੀਰ ਦੇ ਵੱਡੇ ਭਰਾ ਨੇ ਚੁੱਪ ਚਾਪ ਦੇ 'ਤੀ—ਜੇ ਮੈਨੂੰ ਪਤਾ

ਲੱਗਦਾ ਮੈਂ ਕਾਹਨੂੰ ਇਥ ਕਰਨ ਦੇਣਾ ਸੀ?" ਮੇਰੀ ਬੀਵੀ ਪਤਾ ਨਹੀਂ ਕਿਹੜੇ ਸਹਿਮ 'ਚੋਂ ਬੋਲ ਰਹੀ ਸੀ, "ਤੁਸੀਂ ਹੁਣ ਨਹਾ ਧੋ ਲਵੋ ਤੇ ਰਾਮ ਨਾਲ ਬੈਠੋ—ਕੋਈ ਲੋੜ ਨਹੀਂ ਜਗੀਰੇ ਹੋਰਾਂ ਵੱਲ ਜਾਣ ਦੀ—ਕਿਸੇ ਨੂੰ ਪਤਾ ਨਈਂ ਲੱਗਣਾ ਚਾਹੀਦਾ ਕਿ ਤੁਸੀਂ ਆਏ ਹੋ!" ਡਰੀ ਤੇ ਬਿੜਕੀ ਬੀਵੀ ਨੂੰ ਵੇਖ, ਮੈਂ ਹੋਰ ਵੀ ਬਿੜਕ ਗਿਆ। "ਇਹ ਵੀ ਸ਼ੁਕਰ ਐ ਕੇ ਉਹਨੇ ਤਾਰ ਵੱਡੇ ਸ਼ਹਿਰੋਂ ਜਾ ਕੇ ਦਿਤੀ, ਨਹੀਂ ਤਾਂ ਇਥੇ ਤਾਂ ਹਰ ਕੰਧ ਨੂੰ ਪਤਾ ਨਈਂ ਕਿੰਨੇ ਕਿੰਨੇ ਕੰਨ ਲਗੇ ਹੋਏ ਨੇ..."

ਮੇਰਾ ਬੱਚਾ ਪਤਾ ਨਹੀਂ ਕਿਧਰੋਂ ਆ ਕੇ ਸਹਿਮਿਆ ਜਿਹਾ ਮੇਰੇ ਕੋਲ ਆ ਖਲੋਤਾ, ਪਰ ਮੈਂ ਨਾ ਹੀ ਉਹਨੂੰ ਛਾਤੀ ਨਾਲ ਲਾ ਕੇ ਘੁੱਟ ਸਕਿਆ ਤੇ ਨਾ ਹੀ ਉਹਦਾ ਮੱਥਾ ਚੁੰਮ ਸਕਿਆ। ਉਹ ਵੀ ਡੌਰ-ਭੌਰਿਆਂ ਵਾਂਗ ਮੇਰੇ ਵੱਲ ਵੇਖਦਾ ਰਿਹਾ।

ਅਜੀਬ ਗੱਲ ਸੀ, ਮੈਂ ਜਿਸ ਦੋਸਤ ਦੇ ਕਤਲ ਹੋਣ ਦੀ ਖ਼ਬਰ ਸੁਣਦਿਆਂ, ਪੈਂਡਾ ਮਾਰ ਕੇ ਪਿੰਡ ਪਹੁੰਚਿਆ ਸਾਂ ਉਸ ਦੋਸਤ ਦੇ ਘਰ ਦੀ ਕੁਝ ਗਜ਼ਾਂ ਦੀ ਵਿੱਥ ਪਾਰ ਕਰਨ ਤੋਂ ਮੈਨੂੰ ਰੋਕਿਆ ਜਾ ਰਿਹਾ ਸੀ। ਜਿਸ ਬੱਚੇ ਦਾ ਮੂੰਹ ਚੁੰਮਣ ਲਈ ਮੈਂ ਛੁੱਟੀ ਆਉਣ ਲਈ ਬੇਸਬਰਾ ਹੋਇਆ ਪਿਆ ਸਾਂ, ਮੇਰਾ ਉਹ ਬੱਚਾ ਬਿੱਟਰ ਬਿੱਟਰ ਮੇਰੇ ਵੱਲ ਵੇਖ ਰਿਹਾ ਸੀ।

"ਹੁਣ ਜਾਣ ਦਾ ਕਿਤੇ ਵੇਲਾ ਨਹੀਂ ਰਿਹਾ—ਤੁਸੀਂ ਔਖੇ ਸੌਖੇ ਅੱਜ ਦੀ ਰਾਤ ਕੱਟੋ ਤੇ ਸਵੇਰੇ ਇਥੋਂ ਤੁਰਦੇ ਬਣੋ—ਇਥੇ ਰੁਕਣਾ ਬਿਲਕੁਲ ਸਿਆਣਪ ਨਹੀਂ....!" ਬੀਵੀ ਦਾ ਡਰ ਸਿਖਰਾਂ ਛੋਹ ਰਿਹਾ ਸੀ। ਇਹ ਸਭ ਕੁਝ ਉਹ ਕਹਿ ਰਹੀ ਸੀ—ਜਿਸ ਕੋਲੋਂ ਮੇਰੇ ਆਉਣ ਦਾ ਚਾਅ ਸਾਂਭਿਆ ਨਹੀਂ ਸੀ ਜਾਂਦਾ ਹੁੰਦਾ। ਰਾਤ ਪੈਣ ਤੱਕ ਉਸ ਦੀਆਂ ਮੁਸਕਰਾਉਂਦੀਆਂ ਅੱਖਾਂ ਸ਼ਰਾਰਤੀ ਜਿਹੀਆਂ ਹੋਈਆਂ ਰਹਿੰਦੀਆਂ। ਪਰ ਅੱਜ ਉਹਦੇ 'ਚ ਮੁਸਕਰਾਹਟ ਵਰਗਾ ਕੁਝ ਵੀ ਨਹੀਂ ਸੀ। ਪਰ ਛੇਤੀ ਰਾਤ ਪੈਣ ਨੂੰ ਉਹ ਸ਼ਾਇਦ ਅਜੇ ਵੀ ਉਡੀਕ ਰਹੀ ਜਾਪਦੀ ਸੀ ਤਾਂ ਕਿ ਮੇਰੀ ਉੱਘ ਸੁੱਘ ਦਾ ਬਹੁਤਿਆਂ ਨੂੰ ਪਤਾ ਨਾ ਲੱਗ ਸਕੇ।

ਮੇਰਾ ਦਿਲ ਕਰ ਰਿਹਾ ਸੀ ਕਿ ਮੈਂ ਉਡ ਕੇ ਜਗੀਰ ਦੇ ਘਰ ਪਹੁੰਚ ਜਾਵਾਂ ਤੇ ਉਹਦੇ ਭਰਾਵਾਂ ਨੂੰ ਆਪਣੀ ਗਲਵਕੜੀ 'ਚ ਲੈ ਲਵਾਂ। ਉਹਦੀ ਮਾਂ ਕੋਲ ਬਹਿ ਕੇ ਦੁੱਖ ਸੁੱਖ ਸੁਣਾਂ। ਉਹਦੀ ਬੀਵੀ ਤੇ ਬੱਚਿਆਂ ਨੂੰ ਦਿਲਾਸਾ ਦੇ ਸਕਾਂ।

ਜਦੋਂ ਮੈਨੂੰ ਪਤਾ ਲੱਗਾ ਕਿ ਜਗੀਰ ਦੇ ਨਾਂ ਨਾਲ ਲੱਗਾ 'ਕਾਮਰੇਡ' ਸ਼ਬਦ ਹੀ ਉਹਦੀ ਮੌਤ ਦਾ ਕਾਰਨ ਬਣਿਆ ਹੈ ਤਾਂ ਮਨ ਹੋਰ ਵੀ ਬੁੱਝ ਜਿਹਾ ਗਿਆ। ਇਹ ਸ਼ਬਦ ਤਾਂ ਕਦੇ ਸਾਡੇ ਲਈ ਮਾਣ ਵਰਗਾ ਸ਼ਬਦ ਸੀ। ਉਹਨਾਂ ਦਿਨਾਂ 'ਚ ਜਦ ਕੋਈ ਸਾਨੂੰ 'ਕਾਮਰੇਡ' ਕਹਿ ਕੇ ਬੁਲਾਉਂਦਾ ਸੀ ਤਾਂ ਲੱਗਦਾ ਸੀ ਜਿਵੇਂ ਸਾਡਾ ਕੱਦ ਬੁਲੰਦ ਹੋ ਗਿਆ ਹੋਵੇ ਪਿੰਡ ਵਿਚ, ਸਾਡੇ ਸੱਤਾਂ ਅੱਠਾਂ ਦੇ ਟੋਲੇ ਨੂੰ ਲੋਕੀਂ ਇਂਜ ਕਹਿਕੇ ਬੁਲਾਉਂਦੇ ਸਨ। ਉਸ ਟੋਲੇ 'ਚੋਂ ਛੇਆਂ ਦਾ ਇਕੋ ਰਾਤ ਕਤਲ ਹੋ ਗਿਆ ਸੀ। ਇਕ ਤਾਂ ਮੈਂ ਪਿੰਡ ਨਹੀਂ ਸੀ ਰਹਿੰਦਾ, ਦੂਸਰੇ ਮੇਰੇ ਨਾਂ ਨਾਲ ਕਾਮਰੇਡ ਦੀ ਥਾਂ 'ਫੌਜੀ' ਸ਼ਬਦ ਜੁੜ ਗਿਆ ਸੀ। ਬੀਵੀ ਦਸਦੀ ਹੈ ਕਿ ਕਾਮਰੇਡ ਕਪੂਰ ਸਿੰਘ ਨੂੰ ਵੀ ਉਹ ਲੱਭਦੇ ਰਹੇ ਸਨ। ਉਹ ਉਸ ਰਾਤ ਘਰ ਨਹੀਂ ਸੀ ਆਇਆ, ਨਹੀਂ ਤੇ ਸ਼ਾਇਦ ਮਰਨ ਵਾਲਿਆਂ ਦੀ ਗਿਣਤੀ



ਸੱਤ ਹੋ ਜਾਂਦੀ।

ਬੀਵੀ ਦੱਸ ਰਹੀ ਸੀ ਕਿ ਘਰੋ-ਘਰੀ ਜਾ ਕੇ ਉਹਨਾਂ ਸਾਰਿਆਂ ਨੂੰ ਉਠਾਲ ਕੇ ਇਕ ਥਾਂ ਇਕੱਠੇ ਕਰ ਲਿਆ ਗਿਆ।

"ਕਿੰਨੇ ਕੁ ਵਜੇ ਹੋਣਗੇ ਉਦੋਂ?" ਮੈਂ ਜਿਵੇਂ ਐਵੇਂ ਹੀ ਪੁੱਛਿਆ।

"ਵਜਣਾ ਕੀ ਸੀ?...ਅਜੇ ਤਾਂ ਰੋਟੀ ਟੁੱਕ ਖਾ ਕੇ ਸੁੱਤੇ ਹੀ ਸਾਂ..."

"ਏਡੇ ਘੁੱਗ ਵੱਸਦੇ ਪਿੰਡ 'ਚੋਂ ਕਿਸੇ ਨੇ ਜੁਰਤ ਨਾ ਵਿਖਾਈ?"

"ਜੁਰਤ ਲੱਭਦੇ ਆ...? ਜੁਰਤਾਂ ਕਿਥੇ ਰਹੀਆਂ...?" ਚੰਗੇ ਭਲੇ ਜਾਗਦੇ ਲੋਕ ਵੀ ਸੁਸਰੀ ਵਾਂਗ ਸੌਂ ਜਾਣ ਦਾ ਬਹਾਨਾ ਬਣਾ ਲੈਂਦੇ ਨੇ—ਉਂਜ ਵੀ ਜੀ, ਕੀ ਕਰੂ ਜੁਰਤ ਉਨ੍ਹਾਂ ਦੇ ਹਥਿਆਰਾਂ ਅੱਗੇ—ਅਗਲੇ ਘੋੜਾ ਦੱਬਣ ਲੱਗੇ ਪਲਕ ਨਹੀਂ ਝਪਕਣ ਦਿੰਦੇ।"

"ਜਗੀਰ ਤਾਂ ਕਿਸੇ ਖੱਬੀ ਖਾਂ ਦੀ ਵੀ ਪ੍ਰਵਾਹ ਨਹੀਂ ਸੀ ਕਰਦਾ ਹੁੰਦਾ।"

"ਪਰ ਹੁਣ ਗੱਲਾਂ ਹੀ ਹੋਰ ਨੇ ਜੀ—ਕਹਿੰਦੇ ਆਖ਼ਰ ਵੇਲੇ ਉਨ੍ਹਾਂ ਨੇ ਬੜੀਆਂ ਤਰਲੇ ਮਿਨਤਾਂ ਕੀਤੀਆਂ—ਕਹਿਣ ਲੱਗੇ ਅਸੀਂ ਅੰਮ੍ਰਿਤ ਛਕ ਕੇ ਗੁਰੂ ਆਲੇ ਬਣ ਜਾਂਗੇ—ਸਾਡਾ ਨਿੱਕਾ ਨਿੱਕਾ ਜੀਆ ਜੰਤ ਐ—।"

ਪਤਾ ਨਹੀਂ ਉਨ੍ਹਾਂ ਦੇ ਕੀ ਮਨ ਮਿਹਰ ਪਈ—ਇਕ ਨੇ ਕਿਹਾ, ਜਾਉ ਭੱਜ ਜਾਉ—ਪਿੱਛਾਂਹ ਭੌਂ ਕੇ ਨਾ ਵੇਖਿਉ—ਜੇ ਫੇਰ ਕਦੇ ਕਾਮਰੇਡੀ ਦਿਮਾਗ ਨੂੰ ਚੜ੍ਹੀ ਤਾਂ ਸਾਰਾ ਟੱਬਰ ਸੋਧ ਦਿਆਂਗੇ। ਸਾਰੇ ਭੱਜ ਉਠੇ—ਅਜੇ ਕੁਝ ਲਾਂਘਾ ਹੀ ਭੱਜੇ ਸਨ ਕਿ ਅਗਲਿਆਂ ਗੋਲੀਆਂ ਨਾਲ ਭੁੰਨ ਸੁੱਟੇ—ਛੇਆਂ ਦੇ ਛੇਅ ਸਵੇਰੇ ਥੋੜ੍ਹੀ ਥੋੜ੍ਹੀ ਵਿੱਥ 'ਤੇ ਡਿੱਗੇ ਪੁਲਸੀਆਂ ਨੇ ਆ ਕੇ ਚੁੱਕੇ।

ਹਰ ਗੱਲ ਮੈਨੂੰ ਹੈਰਾਨ ਕਰੀ ਜਾ ਰਹੀ ਸੀ। ਪਰ ਮੇਰੀ ਬੀਵੀ ਬੜੀ ਸਹਿਜ-ਸੁਭਾਵਕਤਾ ਨਾਲ ਦੱਸੀ ਜਾ ਰਹੀ ਸੀ ਸਭ ਕੁਝ। ਮੇਰਾ ਬੱਚਾ ਵੀ ਕੋਲ ਖੜ੍ਹਾ ਹੱਕਾ-ਬੱਕਾ ਜਿਹਾ ਸੁਣੀ ਜਾ ਰਿਹਾ ਸੀ ਸਭ ਕੁਝ।

ਮੈਂ ਸੋਚਿਆ ਕਿ ਬੱਚੇ ਦੇ ਸਾਹਮਣੇ ਇਹ ਗੱਲਾਂ ਜਿਵੇਂ ਨਹੀਂ ਸੀ ਹੋਣੀਆਂ ਚਾਹੀਦੀਆਂ। ਕੀ ਅਸਰ ਪਵੇਗਾ ਇਹਨਾਂ ਦੇ ਲੂੰਏ ਮਨਾਂ ਉਤੇ? ਦਸ-ਬਾਰਾਂ ਸਾਲ ਦੀ ਉਮਰ ਵਿਚ ਇਹ ਹਾਦਸੇ ਵੇਖਣੇ ਸੁਣਨੇ।

ਮੈਂ ਉਹਨੂੰ ਫੜ ਕੇ ਪਲੋਸਣ ਲਗ ਪਿਆ। ਇਮਤਿਹਾਨ 'ਚੋਂ ਪਾਸ ਹੋਣ ਦੀ ਸ਼ਾਬਾਸ਼ ਦਿਤੀ, ਪਰ ਉਹ ਵੀ ਜਿਵੇਂ ਸਿੱਲ-ਵੱਟਾ ਬਣਿਆ ਪਿਆ ਸੀ।

"ਹਾਂ, ਇਹਨੂੰ ਵੀ ਸਮਝਾਉ ਜੀ, ਕੁਝ ਉਦਨ ਦਾ ਨਾ ਕੁਝ ਖਾਂਦਾ ਨਾ ਪੀਂਦਾ। ਬੱਸ ਇਕ ਈ ਰੱਟ ਲਾਈ ਆ ਕਿ ਮੈਂ ਕਪੂਰਥਲੇ ਨਈਂ ਜਾਣਾ—ਅਸੀਂ ਤਾਂ ਸੋਚਿਆ ਸੀ ਜੀ ਇਦ੍ਹੀ ਜ਼ਿੰਦਗੀ ਬਣ ਜੂ—ਪਰ ਇਹ ਤੇ ਅੜ ਈ ਖਲੋਤਾ। ਹੁਣ ਮੈਂ ਸੋਚਦੀ ਆਂ ਕਪੂਰਥਲਾ ਰਿਹਾ ਇਕ ਪਾਸੇ, ਕਿਤੇ ਕੋਈ ਰੋਗ ਈ ਨਾ ਸਹੇੜ ਬੈਠੇ—ਕਿਤੇ ਖੇਡਣ ਮੱਲਣ ਨਈਂ ਜਾਂਦਾ—ਬਸ ਇਂਜ ਚੁੱਪ ਗੜੁੱਪ ਜਿਹਾ ਬਣਿਆ ਰਹਿੰਦਾ।"

ਮੈਂ ਉਹਨੂੰ ਚੁੰਮਿਆ, ਪਿਆਰ ਕੀਤਾ, ਹਸਾਉਣਾ ਚਾਹਿਆ, ਪਰ ਉਹ ਹੱਸਿਆ ਨਹੀਂ। ਮੈਂ ਉਹਨੂੰ ਸਬਜ਼ਬਾਗ ਵਖਾਏ, "ਮੇਰਾ ਬੇਟਾ ਉਥੋਂ ਅਫ਼ਸਰ ਬਣ ਕੇ ਨਿਕਲੇਗਾ।"

ਪਰ ਉਹ ਉਂਜ ਦਾ ਉਂਜ ਹੀ ਰਿਹਾ।

"ਰਾਜੇ ਦੇ ਮਹੱਲ ਵਰਗਾ ਸਕੂਲ ਐ ਮੇਰੇ ਬੇਟੇ ਦਾ—ਤੂੰ ਵੇਖਿਆ ਹੋਣਾ—ਪੜ੍ਹਨ ਵਾਲੇ ਮੁੰਡੇ ਵੀ ਰਾਜਿਆਂ ਦੇ ਪੁੱਤਾਂ ਵਾਂਗ ਰਹਿੰਦੇ ਨੇ ਉਥੇ।"

"ਪਰ ਡੈਡੀ ਮੇਰਾ ਨੀਂ ਜੀ ਕਰਦਾ ਉਥੇ ਜਾਣ ਨੂੰ।"

"ਬੇਟਾ ਇਹੋ ਜਹੀ ਕੋਈ ਗੱਲ ਨਈਂ—ਤੇਰੇ ਭਵਿੱਖ ਦਾ ਸਵਾਲ ਐ।" ਮੈਂ ਉਹਨੂੰ ਮਨਾਉਣਾ ਚਾਹਿਆ।

ਉਹਨੇ ਨਾਂਹ ਵਿਚ ਸਿਰ ਹਿਲਾਇਆ, "ਮੇਰਾ ਨੀਂ ਜੀ ਕਰਦਾ ਕਿਤੇ ਵੀ ਜਾਣ ਨੂੰ।"

"ਪਰ ਕੋਈ ਕਾਰਨ ਤੇ ਹੋਵੇ?" ਮੈਂ ਛਿੱਥੇ ਜਿਹੇ ਪੈਂਦਿਆਂ ਝਿੜਕਿਆ।

"ਡੈਡੀ, ਜੇ ਤੁਹਾਨੂੰ ਕੋਈ ਇਥੇ ਮਾਰ ਗਿਆ ਸਾਰਿਆਂ ਨੂੰ—ਮੈਂ ਕੱਲਾ ਰਹਿ ਜਾਵਾਂਗਾ ਉਥੇ—ਬੱਸ ਡੈਡੀ ਮੈਂ ਉਥੇ ਨੀਂ ਜਾਣਾ।" ਮੈਂ ਉਹਨੂੰ ਆਪਣੀ ਹਿੱਕ ਨਾਲ ਜ਼ੋਰ ਦੀ ਘੁਟ ਲਿਆ। ਇਸ ਜਿਊਣ ਦੀ ਅੱਲ੍ਹੜ ਉਮਰੇ ਮਰਨ ਦੀਆਂ ਗੱਲਾਂ ਕਿਵੇਂ ਸੋਚ ਰਹੇ ਨੇ ਬੱਚੇ! ਮੈਂ ਜਿਵੇਂ ਆਪਣੇ ਆਪ ਨੂੰ ਸਵਾਲ ਕਰਦਾ ਹਾਂ ਤੇ ਫੇਰ ਜਵਾਬ ਲੱਭਣ ਦੀ ਬਜਾਏ ਜਗੀਰ ਤੇ ਉਸਦੇ ਨਾਲ ਦਿਆਂ ਦੀ ਮੌਤ ਬਾਰੇ ਸੋਚਣ ਲੱਗ ਪੈਂਦਾ ਹਾਂ।

ਮੈਂ ਸੋਚਿਆ ਸੀ ਕਿ ਹਨੇਰੇ ਹੋਏ ਜਗੀਰ ਦੇ ਘਰ ਹੋ ਆਵਾਂਗਾ, ਪਰ ਘਰ ਵਾਲੀ ਨੇ ਇੰਜ ਕਰਨ ਤੋਂ ਵੀ ਵਰਜ ਦਿਤਾ।

ਹਨੇਰਾ ਹੋਣ ਦੇ ਨਾਲ ਹੀ ਸਹਿਮ ਹੋਰ ਵੀ ਸੰਘਣਾ ਹੋ ਗਿਆ। ਆਪਣੇ ਹੀ ਘਰ ਵਿਚ ਇੰਜ ਦੁੱਬਕ ਕੇ ਬੈਠ ਗਏ ਜਿਵੇਂ ਕੋਈ ਘਰ ਹੀ ਨਹੀਂ ਹੁੰਦਾ। ਕੋਈ ਵੀ ਉਚੀ ਨਹੀਂ ਸੀ ਬੋਲਦਾ। ਚੁੱਪ ਏਨੀਂ ਸੀ ਕਿ ਇਕ ਦੂਜੇ ਦੇ ਸਾਹਾਂ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ।

ਮੈਂ ਉਸ ਸਹਿਮ ਭਰੇ ਹਨੇਰੇ ਵਿਚ ਜਗੀਰ ਦੀ ਮਾਂ ਬਾਰੇ ਸੋਚਣ ਲੱਗ ਪੈਂਦਾ ਹਾਂ। ਸਾਡੀ ਸਾਰੀ ਢਾਣੀ ਬੈਠੀ ਹੁੰਦੀ ਤੇ ਮਾਂ ਰੋਟੀਆਂ ਸੇਕ ਸੇਕ ਵਰਤਾਈ ਜਾਂਦੀ। ਇਕੱਲੀ ਹੀ ਕੰਮ ਨੂੰ ਆਢਾ ਨਾ ਲੱਗਣ ਦਿੰਦੀ। ਸਰੀਰ ਦੀ ਭਾਰੀ ਸੀ ਤੇ ਉਮਰ ਦੀ ਹਟਵੀਂ ਵੀ, ਪਰ ਕਦੇ ਵੀ ਬਹੁਤੇ ਬੰਦੇ ਘਰ ਆਏ ਵੇਖ ਕੇ, ਮੱਥੇ ਵੱਟ ਨਾ ਪਾਉਂਦੀ। ਬਾਹਰ ਅੰਦਰ ਜਾਣ ਲੱਗਿਆਂ ਹੱਥ 'ਚ ਡੰਗੋਰੀ ਹੁੰਦੀ, ਪਰ ਘਰ ਵਿਚ ਸਾਰਾ ਕੰਮ ਉਂਜ ਹੀ ਭੁਗਤਾਈ ਫਿਰਦੀ। ਕਦੇ ਕਦਾਈਂ ਅਸੀਂ ਕਹਿ ਦਿੰਦੇ, "ਮਾਂ ਅਸੀਂ ਤਾਂ ਹੰਭਾ ਛੱਡਦੇ ਆਂ।" ਤੇ ਅੱਗੋਂ ਹੱਸ ਕੇ ਕਹਿੰਦੀ, "ਵੇ, ਏਨੇ ਪੁੱਤਾਂ ਦੀ ਮਾਂ ਵੀ ਕਦੇ ਹੰਭਦੀ ਹੁੰਦੀ ਐ?"

ਹੁਣ ਉਹਦੇ ਉਹਨਾਂ ਪੁੱਤਰਾਂ 'ਚੋਂ ਛੇਅ ਇਕੋ ਰਾਤ ਹੀ ਮੌਤ ਦਾ ਪੂਰ ਬਣਾ ਦਿਤੇ ਗਏ ਸਨ ਤਾਂ ਉਸ ਮਾਂ ਦਾ ਕੀ ਹਾਲ ਹੋਇਆ ਹੋਵੇਗਾ?

"ਉਹ ਤਾਂ ਤੁਰਨ ਫਿਰਨ ਤੋਂ ਵੀ ਆਰੀ ਹੋਗੀ", ਬੀਵੀ ਦੱਸਦੀ ਹੈ, "ਉਸ ਦਿਨ ਜਗੀਰ ਨੂੰ ਘਰੋਂ ਖੜਨ ਲੱਗੇ ਤਾਂ ਮਾਂ ਨੇ ਪੁੱਛ ਲਿਆ—"ਵੇ ਕਿੱਧਰ ਖੜਨ ਲੱਗੇ ਜੇ ਮੇਰੇ ਪੁੱਤ ਨੂੰ—?"

"ਬੱਸ, ਏਨੂੰ ਤੇਜੇ ਨੇ ਘਰ ਤਕ ਹੀ ਖੜਨਾ—ਹੁਣੇ ਆ ਜਾਊ ਵਾਪਸ।"



"ਜਗੀਰ ਨੇ ਮਾਂ ਦੇ ਸਿਰਹਾਣਿਉਂ ਡੰਗੋਰੀ ਫੜ ਲਈ, ਅਖੇ ਕੋਈ ਕੁੱਤਾ ਬਿੱਲਾ ਈ ਪੈ ਜਾਂਦਾ ਰਾਹ 'ਚ।"

"ਹੁਣ ਮਾਂ ਸਾਰਾ ਦਿਨ ਤਾਂ ਚੁੱਪ ਚਾਪ ਬੈਠੀ ਰਹਿੰਦੀ ਐ ਪਰ ਰਾਤ ਬਰਾਤੇ ਅੰਦਰ ਵੜ ਢਿੱਡ 'ਚ ਮੁੱਕੀਆਂ ਦਊ ਤੇ ਆਖੂ, "ਪੁੱਤ ਈ ਤਾਂ ਬੁੱਢੇ ਮਾਂ ਪਿਉ ਦੀਆਂ ਡੰਗੋਰੀਆਂ ਹੁੰਦੇ ਨੇ, ਪਰ ਮੇਰਾ ਜਗੀਰਾ ਤਾਂ ਜਾਂਦਾ ਜਾਂਦਾ ਆਪ ਹੀ ਡੰਗੋਰੀ ਲੈ ਗਿਆ—ਹੁਣ ਮੈਂ ਕਾਹਦੇ ਲਈ ਜੀਣਾ?"

ਬਾਹਰਲਾ ਬੂਹਾ ਖੜਕਿਆ। ਸਾਰਿਆਂ ਦੇ ਦਿਲ ਧੱਕ ਧੱਕ ਕਰ ਕੇ ਧੜਕ ਉਠੇ। ਏਨਾ ਤਾਂ ਮੈਂ ਕਦੇ ਮੋਰਚੇ 'ਚ ਬੈਠਾ ਵੀ ਨਹੀਂ ਸੀ ਡਰਿਆ।

"ਤੁਸੀਂ ਅੰਦਰ ਚਲੇ ਜਾਉ ਚੁੱਪ-ਚਾਪ।" ਬੀਵੀ ਨੇ ਹੌਲੀ ਜਿਹੀ ਕਿਹਾ ਤੇ ਮੇਰੇ ਅੰਦਰ ਜਾਣ ਉਤੇ ਉਹਨੇ ਬੂਹੇ ਕੋਲ ਜਾ ਕੇ ਮਰੀ ਜਿਹੀ ਆਵਾਜ਼ 'ਚ ਪੁੱਛਿਆ, ਕੌਣ ਐ?"

"ਮੈਂ ਭਰਜਾਈ।"

ਮੈਂ ਵੀ ਆਵਾਜ਼ ਪਛਾਣ ਲਈ ਸੀ। ਇਹ ਜਗੀਰ ਦਾ ਵੱਡਾ ਭਰਾ ਸੀ।

ਮੈਨੂੰ ਸ਼ਰਮ ਜਿਹੀ ਆਈ ਕਿ ਉਹ ਕੀ ਸੋਚੇਗਾ—ਉਹਨੇ ਉਚੇਚੀ ਤਾਰ ਦਿਤੀ ਤੇ ਮੈਂ ਇਥੇ ਆ ਕੇ ਵੀ ਉਹਨਾਂ ਦੇ ਦੁੱਖ ਵਿਚ ਸ਼ਾਮਲ ਹੋਣ ਲਈ ਘਰ ਤੱਕ ਨਾ ਜਾ ਸਕਿਆ। ਮੈਂ ਹੀ ਬਾਹਰ ਨਿਕਲ ਕੇ ਬੂਹਾ ਖੋਲ੍ਹਿਆ। ਉਹਦੇ ਅੰਦਰ ਲੰਘਦਿਆਂ ਹੀ ਮੈਂ ਕੁੰਡਾ ਮਾਰਿਆ ਤੇ ਉਹਦੇ ਗਲ ਚੰਬੜ ਗਿਆ। ਪਰ ਸਾਡੇ 'ਚੋਂ ਕਿਸੇ ਨੇ ਵੀ ਉੱਚੀ ਹੌਕਾ ਨਾ ਲਿਆ।

ਗਰਮੀ ਦੇ ਹੁੰਦਿਆਂ ਵੀ ਅਸੀਂ ਅੰਦਰ ਵੜ ਕੇ ਬੈਠੇ।

"ਮੈਂ ਤਕਾਲੀਂ ਜਿਹੀ ਪਹੁੰਚ ਗਿਆ ਸੀ—ਘਰ ਆਉਣਾ ਵੀ ਚਾਹਿਆ, ਪਰ ਘਰ ਦਿਆਂ ਰੋਕ 'ਤਾ।" ਮੈਂ ਜਿਵੇਂ ਸਫਾਈ ਪੇਸ਼ ਕੀਤੀ।

"ਚੰਗਾ ਕੀਤਾ—ਜੋ ਹੋ ਗਿਆ, ਉਹ ਤੇ ਹੋ ਈ ਗਿਆ, ਹੁਣ ਤਾਂ ਬਾਕੀ ਰਹਿ ਗਏ ਜੀਆਂ ਦੀ ਚਿੰਤਾ। ਜਗੀਰ ਦਾ ਤਾਂ ਸਾਰੇ ਇਲਾਕੇ ਨੂੰ ਦੁਖ ਐ—ਪਰ ਉਹ ਜਾਂਦੇ ਜਾਂਦੇ ਚਿੱਠੀ ਛੱਡ ਗਏ ਸਨ ਕਿ ਕੋਈ ਵੀ ਮਰਿਆਂ ਨਾਲ ਸਸਕਾਰ ਲਈ ਨਾ ਜਾਵੇ। ਬੱਸ ਹੁਣ ਜੀਣ ਦੇ ਤਾਂ ਕੀ ਮਰਨ ਦੀ ਵੀ ਕਿਸੇ ਕਿਰਿਆ ਕਰਮ ਉਤੇ ਕੋਈ ਹੱਕ ਨਹੀਂ ਰਹਿ ਗਿਆ।"

ਅਸੀਂ ਗੱਲਾਂ ਕਰਦੇ ਰਹੇ, ਪਰ ਜਗੀਰੇ ਦੀ ਗੱਲ ਕਿਤੇ ਵੀ ਨਹੀਂ ਸੀ—ਬਸ ਚਿੰਤਾ ਤੇ ਫ਼ਿਕਰ ਸੀ ਕਿ ਅੱਗੋਂ ਕੀ ਕੀਤਾ ਜਾਏ? ਜਿਹੜੇ ਜਿਊਂਦੇ ਰਹਿ ਗਏ ਸਨ ਉਹਨਾਂ ਨੂੰ ਮਰਨ ਤੋਂ ਕਿਵੇਂ ਬਚਾਇਆ ਜਾਵੇ।

"ਅਸਲ 'ਚ ਜਿਸ ਦਿਨ ਤੇਰੀ ਚਿੱਠੀ ਮਿਲੀ, ਉਸੇ ਰਾਤ ਇਹ ਭਾਣਾ ਵਾਪਰ ਗਿਆ—ਉਂਜ ਮੈਂ ਤੈਨੂੰ ਤਾਰ ਨਿਰੀ ਜਗੀਰ ਕਰ ਕੇ ਨਹੀਂ ਸੀ ਦਿਤੀ—ਤੇਰਾ ਕਾਕਾ ਸੈਨਿਕ ਸਕੂਲੇ ਜਾਣ ਤੋਂ ਬਿਲਕੁਲ ਹੀ ਨੰਨਾ ਫੜ ਗਿਆ—ਮੈਂ ਚਾਹੁੰਦਾ ਸੀ, ਤੂੰ ਸਮਝਾ ਬੁਝਾ ਕੇ ਉਹਨੂੰ ਉਥੇ ਜਾਣ ਲਈ ਮਨਾ ਲਏਂ ਤਾਂ ਚੰਗਾ ਰਹੇਗਾ।"

"ਮੈਂ ਵੀ ਮਨਾਉਂਦਾ ਹੰਭਿਆਂ, ਪਰ ਉਹ ਤੇ ਗੱਲਾਂ ਹੀ ਬੜੀਆਂ ਉਲਟੀਆਂ

ਪੁਲਟੀਆਂ ਕਰਦਾ।"

"ਆਹੋ-ਮੈਨੂੰ ਵੀ ਇਕ ਦਿਨ ਕੁਝ ਕਹਿੰਦਾ ਸੀ, ਪਰ ਮੈਂ ਸੋਚਦਾ ਉਥੇ ਭੇਜ ਕੇ ਜੇ ਆਪਣੀ ਅੰਸ਼ ਹੀ ਬਚ ਜਾਏ ਤਾਂ ਕੀ ਮਾੜਾ—ਤੇਰਾ ਤਾਂ ਅਗੋਂ ਈ ਸੰਗ ਸਰਵੇ ਦਾ ਇਕੋ ਇਕ ਐ। ਘਰ ਵਾਲੀ ਨੂੰ ਨਾਲ ਲੈ ਜਾ—ਉਹ ਜਾਣੇ ਜੇ ਚੌਹ ਕਿੱਲਿਆਂ ਦੀ ਵਾਹੀ ਨਾ ਵੀ ਹੋਊ ਤਾਂ ਕੋਈ ਆਖਰ ਨਈਂ ਆ ਚਲੀ...ਇਥੇ ਰਹਿਣ ਦਾ ਕੋਈ ਹੱਜ ਨਹੀਂ—ਅਸੀਂ ਤਾਂ ਦੋਹਾਂ ਪੁੜਾਂ ਥੱਲੇ ਪਿਸ ਰਹੇ ਹਾਂ—ਕੋਈ ਲੁੰਡੀ ਦਾੜ੍ਹੀ ਵਾਲਾ ਮੁੰਡਾ ਪੁਲਸ ਨਈਂ ਛੱਡਦੀ। ਪਿੰਡ ਬੰਦੇ ਮਰੇ ਪਏ ਸੀ—ਮਾਰਨ ਵਾਲੇ ਪਤਾ ਨਹੀਂ ਕਿੱਥੋਂ ਦੇ ਕਿੱਥੇ ਨਿਕਲ ਗਏ, ਪਰ ਪੁਲਸ ਨੇ ਜੋ ਮੁੱਛ ਫੁੱਟ ਸੀ ਘੇਰ ਕੇ ਥਾਣੇ ਲਿਆ ਵਾੜਿਆ—ਤੇ ਤੈਨੂੰ ਪਤੇ—ਉਥੇ ਗਿਆ ਕੋਈ ਸੁੱਕਾ ਥੋੜ੍ਹਾ ਨਿਕਲਦਾ? ਮਾਂ ਪਿਉ ਡਰਦੇ ਪੁਲਸ ਨੂੰ ਮੂੰਹ ਮੰਗੀਆਂ ਰਕਮਾਂ ਤਾਰਦੇ ਆ—ਜੇ ਇਜ ਨਾ ਕਰਨ ਤਾਂ ਉਹਨਾਂ ਦੀ ਕੀ ਲੈਣਾ ਮਾੜਾ ਮੋਟਾ ਹਥਿਆਰ ਪਾ ਕੇ ਅੰਦਰ ਤੇ ਫੇਰ ਕੋਈ ਸੁਣਵਾਈ ਤੱਕ ਨਹੀਂ।"

ਉਹ ਗੱਲਾਂ ਕਰੀ ਜਾ ਰਿਹਾ ਸੀ ਤੇ ਮੈਨੂੰ ਅਜੇ ਵੀ ਉਹਨਾਂ ਦੇ ਘਰ ਨਾ ਜਾਣ ਦਾ ਦੁੱਖ ਜਿਹਾ ਸੀ, "ਮੈਂ ਸਵੇਰੇ ਆਵਾਂਗਾ ਮਾਂ ਨੂੰ ਮਿਲਣ..." ਜਿਵੇਂ ਕੋਈ ਦੋਸ਼-ਮੁਕਤ ਹੋਣ ਲਈ ਕਹਿੰਦਾ ਹੈ, ਮੈਂ ਵੀ ਆਖਿਆ।

"ਨਹੀਂ, ਕੋਈ ਲੋੜ ਨਈਂ—ਮੈਂ ਮਾਂ ਨੂੰ ਇਥੇ ਭੇਜ ਦੇਵਾਂਗਾ, ਉਹ ਤੈਨੂੰ ਮਿਲ ਜਾਊ...ਤੇ ਤੂੰ ਹੋਰ ਸੁਣ - ਤੇਰੀ ਜਿਹੜੀ ਛੁੱਟੀ ਐ ਨਾ ਚਾਰ ਦਿਨ ਤੂੰ ਆਪਣੇ ਸਾਲੇ ਕੋਲ ਸ਼ਹਿਰ ਜਾ ਕੇ ਕੱਟ ਲੈ—ਬੱਚੇ ਨੂੰ ਵੀ ਨਾਲ ਲੈ ਜਾਈਂ, ਇਹਦਾ ਵੀ ਦਿਲ ਹੋਰ ਥੇ ਪਵੇਗਾ। ਇੱਥੇ ਤਾਂ ਦਿਨ ਰਾਤ ਹੋਰ ਕੋਈ ਗੱਲ ਈ ਨਈਂ ਔੜਦੀ।"

ਜਗੀਰ ਦਾ ਭਰਾ ਚਲਾ ਗਿਆ ਤੇ ਮੈਂ ਕੁੰਡੇ ਨੂੰ ਜੰਦਰਾ ਮਾਰ ਕੇ ਆਪਣੇ ਬੱਚੇ ਨਾਲ ਆ ਲੰਮਾ ਪਿਆ। ਬੀਵੀ ਦੁੱਧ ਸੰਭਾਲ ਰਹੀ ਸੀ। ਮੈਂ ਸੁੱਤੇ ਬੱਚੇ ਦੇ ਮੱਥੇ ਨੂੰ ਚੁੰਮਿਆਂ ਤੇ ਉਹਦਾ ਸਿਰ ਆਪਣੀ ਹਿੱਕ ਨਾਲ ਲਾਈ ਕਿੰਨਾ ਚਿਰ ਜਗੀਰ ਬਾਰੇ ਸੋਚਦਾ ਰਿਹਾ। ਜਗੀਰ ਦੀਆਂ ਮੋਹ ਵਾਲੀਆਂ ਗੱਲਾਂ ਯਾਦ ਕਰਦਿਆਂ ਮੈਂ ਆਪਣੇ ਸੁੱਤੇ ਬੱਚੇ ਨੂੰ ਹੋਰ ਵੀ ਜ਼ੋਰ ਦੀ ਘੁੱਟ ਲਿਆ।

ਬੀਵੀ, ਇਕ ਹੱਥ 'ਚ ਦੁੱਧ ਵਾਲਾ ਡੋਲ ਤੇ ਦੂਸਰੇ 'ਚ ਗਲਾਸ ਫੜੀ ਆ ਰਹੀ ਸੀ। ਉਹਨੇ ਤਿੰਨਾਂ ਗਲਾਸਾਂ 'ਚ ਪਾਉਂਦਿਆਂ ਕਿਹਾ, "ਬਸ ਇਹਨੂੰ ਰੋਜ਼ ਜਗਾ ਕੇ ਹੀ ਪਿਆਉਣਾ ਪੈਂਦਾ—ਦੁੱਧ ਅੱਗੇ ਤਾਂ ਏਨਾ ਮਾੜਾ ਕਿ ਆਖੂ ਜਾਹ ਰੱਬਾ ਬੂਠ ਹੀ ਹੋ ਜਾਏ।"

ਉਹ ਉਹਨੂੰ ਜਗਾਉਣ ਲਗੀ ਤਾਂ ਮੈਂ ਵਰਜ ਦਿਤਾ—"ਰਹਿਣ ਦੇ ਸੁੱਤਾ, ਆਪਾਂ ਗੱਲਾਂ ਕਰਾਂਗੇ।" ਉਹ ਮੁਸਕਰਾਈ। ਅੱਜ ਇਹ ਸ਼ਾਇਦ ਉਹਦੀ ਪਹਿਲੀ ਮੁਸਕਰਾਹਟ ਸੀ।

—ਦੁੱਧ ਮੁਕਾ ਉਹਨੇ ਬੱਤੀ ਬੁਝਾਈ ਤੇ ਖਾਲੀ ਮੰਜੇ ਉੱਤੇ ਆ ਪਈ।

—ਮੈਂ ਆਪਣਾ ਹੱਥ ਵਧਾ ਕੇ ਉਹਦੇ ਜਿਸਮ ਨੂੰ ਪਲੋਸਿਆ।

—ਉਹਨੇ ਮੇਰਾ ਹੱਥ ਫੜ ਕੇ ਆਪਣੀ ਵੱਲ ਖਿੱਚਿਆ।

—ਮੈਂ ਖਿਸਕ ਕੇ ਉਹਦੇ ਮੰਜੇ ਉੱਤੇ ਹੋ ਗਿਆ।



"ਸਾਨੂੰ ਵੀ ਆਪਣੇ ਨਾਲ ਹੀ ਲੈ ਜਾਉ। ਇਥੇ ਜੀਣਾ ਬੜਾ ਦੁੱਭਰ ਹੋ ਗਿਆ—ਜਗੀਰ ਦੀ ਮੌਤ ਤੋਂ ਬਾਅਦ ਤਾਂ ਵਿਸ਼ਵਾਸ ਹੀ ਥਿੜਕ ਗਿਆ।"

ਮੈਂ ਉਹਨੂੰ ਜ਼ੋਰ ਦੀ ਆਪਣੀ ਹਿੱਕ ਨਾਲ ਘੁੱਟਿਆ।

"ਇਥੇ ਤਾਂ ਚਤੇ ਪਹਿਰ ਧੁੜਕੂ ਹੀ ਲਗਾ ਰਹਿੰਦਾ।"

ਮੈਂ ਕਿਧਰੇ ਹੋਰ ਪਹੁੰਚ ਗਿਆ ਸਾਂ ਤੇ ਮੈਨੂੰ ਇਹ ਸਾਰੀਆਂ ਗੱਲਾਂ ਫ਼ਜ਼ੂਲ ਜਿਹੀਆਂ ਲੱਗ ਰਹੀਆਂ ਸਨ।

"ਸਾਨੂੰ ਪਤਾ ਤਾਂ ਲੱਗ ਗਿਆ ਸੀ ਕਿ ਜਗੀਰ ਨੂੰ ਘਰੋਂ ਉਠਾਲ ਕੇ ਲੈ ਗਏ—ਬਸ ਫੇਰ ਤਾਂ ਰਾਤ ਬਹਿ ਕੇ ਕੱਟੀ। ਅੱਧੀ ਕੁ ਰਾਤ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤਾਂ ਸੋਚ ਲਿਆ ਕੇ ਭਾਣਾ ਵਾਪਰ ਗਿਆ ਐ।"

"ਬੱਸ ਵੀ ਕਰ ਹੁਣ—ਜਦੋਂ ਤਾ ਆਇਆ ਬੱਸ ਏਹੀ ਗੱਲਾਂ!" ਮੈਂ ਜਿਥੇ ਪਹੁੰਚ ਚੁੱਕਾ ਸਾਂ—ਉਥੇ ਇਹ ਗੱਲਾਂ ਬੇਮਾਅਨਾ ਹੋ ਕੇ ਰਹਿ ਗਈਆਂ ਸਨ—ਮੈਂ ਝਿੜਕ ਕੇ ਪਿਆ।

"ਜੀ ਬਥੇਰਾ ਸੋਚੀਦਾ ਕਿ ਇਹ ਗੱਲਾਂ ਨਈਂ ਕਰਨੀਆਂ, ਪਰ ਇਥੇ ਤਾਂ ਕਰਨ ਲਈ ਜਿਵੇਂ ਹੋਰ ਕੋਈ ਗੱਲ ਰਹਿ ਈ ਨਈਂ ਗਈ।"

"ਆਪਾਂ ਕਿੰਨੇ ਚਿਰਾਂ ਬਾਅਦ ਮਿਲੇ ਆਂ—ਕੀ ਆਪਣੀ ਕੋਈ ਗੱਲ ਨਈਂ...?"

"ਹੈ ਵਾ ਜੀ, ਹੈ ਕਿਉਂ ਨਈਂ—ਪਰ ਪਤਾ ਨਹੀਂ ਕਿਉਂ—ਬੱਸ...।" ਤੇ ਉਹ ਗੱਲ ਸਪੱਸ਼ਟ ਨਾ ਕਰ ਸਕੀ। ਮੇਰੇ ਹੱਥ ਉਹਦੇ ਸਾਰੇ ਜਿਸਮ ਉੱਤੇ ਫਿਰਨ ਲੱਗੇ ਪਰ ਉਹ ਅਜੇ ਵੀ ਜਗੀਰ ਦੀਆਂ ਹੀ ਗੱਲਾਂ ਕਰ ਰਹੀ ਸੀ।

ਮੈਂ ਪਿਘਲ ਜਿਹਾ ਗਿਆ ਸਾਂ ਤੇ ਚਾਹੁੰਦਾ ਸਾਂ ਕਿ ਉਹ ਸਿਰਫ਼ ਪਿਘਲੇ ਹੋਏ ਪਲਾਂ ਦੀਆਂ ਹੀ ਗੱਲਾਂ ਕਰੇ।

ਉਹਨੇ ਵੀ ਆਪਣੀ ਖੱਬੀ ਬਾਂਹ ਮੇਰੇ ਮੋਢੇ ਉੱਤੋਂ ਦੀ ਵਲ ਕੇ ਮੈਨੂੰ ਕੱਸ ਲਿਆ।

"ਵਿਚਾਰੀ ਕੀ ਕਰੂ ਜਗੀਰੇ ਦੇ ਘਰੋਂ—ਸਾਰੀ ਉਮਰ ਅੱਗੇ ਪਈ ਐ—ਥੋੜ੍ਹੀ ਜ਼ਮੀਨ ਜਾਇਦਾਦ ਵੀ ਨਈਂ।" ਤੇ ਪਤਾ ਨਹੀਂ ਕੀ ਆਇਆ ਉਹਦੇ ਮਨ ਵਿਚ—ਉਹ ਮੈਨੂੰ ਪਾਗਲਾਂ ਵਾਂਗ ਚੁੰਮਣ ਲੱਗ ਪਈ। ਆਪਣੇ ਹੱਥਾਂ ਨਾਲ ਮੇਰੇ ਸਾਰੇ ਸਰੀਰ ਨੂੰ ਟੋਹ ਟੋਹ ਕੇ ਵੇਖਣ ਲੱਗੀ—ਜਿਵੇਂ ਸ਼ੁਕਰ ਕਰ ਰਹੀ ਹੋਵੇ ਕਿ ਮੈਂ ਜਗੀਰ ਨਹੀਂ ਸਾਂ ਤੇ ਅਜੇ ਤਕ ਜਿਉਂਦਾ ਜਾਗਦਾ ਸਾਂ।

ਪਰ ਮੇਰੇ ਅੰਦਰਲਾ ਸੇਕ, ਉਹਦੇ ਤਨ ਦੁਆਲੇ ਪਾਏ ਕਪੜਿਆਂ ਨੂੰ ਜਿਵੇਂ ਝੁਲਸ ਦੇਣਾ ਚਾਹੁੰਦਾ ਸੀ।

ਉਹ ਤ੍ਰਬਕ ਕੇ ਮੇਰੇ ਨਾਲੋਂ ਟੁੱਟ ਗਈ, "ਨਾ ਜੀ—ਕੱਲ੍ਹ ਆਪਾਂ ਸ਼ਹਿਰ ਚਲਾਂਗੇ ਭਾਅ ਕੋਲ—ਮੈਨੂੰ ਡਰ ਲੱਗਦਾ—ਇਥੇ ਤਾਂ ਘੜੀ ਦਾ ਵਿਸਾਹ ਨਹੀਂ ਜੇ ਕੋਈ ਇਜ ਈ ਭੁੰਨ ਗਿਆ ਗੋਲੀਆਂ ਨਾਲ ਤਾਂ ਨੰਗੇ ਧੜ ਹੀ ਪਏ ਰਹਿਣਗੇ—ਕੀ ਆਖਣਗੇ ਵੇਖਣ ਵਾਲੇ?"

ਸਾਰੇ ਦਿਨ ਦੀਆਂ ਗੱਲਾਂ ਸੁਣ ਸੁਣ ਡਰਿਆ ਹੋਇਆ ਤਾਂ ਮੈਂ ਸਾਂ, ਪਰ ਇਸ

ਵੇਲੇ ਮੇਰੇ ਜਿਸਮ 'ਚੋਂ ਚੰਗਿਆੜੇ ਨਿਕਲ ਰਹੇ ਹਨ। ਮੈਂ ਉਹਨੂੰ ਪੂਰੇ ਜ਼ੋਰ ਨਾਲ ਘੁੱਟਿਆ।

ਪੰਜ ਸੱਤ ਗੋਲੀਆਂ ਇਕੱਠੀਆਂ ਚੱਲੀਆਂ। ਮੈਂ ਸਹਿਮ ਨਾਲ ਛਾਊਂ ਮਾਊਂ ਹੋ ਗਿਆ। ਮੈਂ ਆਪਣੇ ਹੀ ਦਿਲ ਦੀ 'ਧੱਕ ਧੱਕ' ਸੁਣ ਸਕਦਾ ਸਾਂ।

ਉਹਨੇ ਮੇਰੀ ਛਾਤੀ 'ਤੇ ਹੱਥ ਰੱਖਿਆ, "ਡਰੋ ਨਾ, ਇਹ ਪੁਲਸ ਚੌਕੀ ਵਾਲਿਆਂ ਚਲਾਈਆਂ। ਉਹ ਬੱਸ ਏਸ ਕੁ ਵੇਲੇ ਇੰਜ ਕਰ ਕੇ ਆਪਣਾ ਫਰਜ਼ ਪੂਰਾ ਕਰ ਦਿੰਦੇ ਨੇ।"

ਮੈਂ ਕੁਝ ਧਰਵਾਸ ਮਹਿਸੂਸ ਕੀਤੀ, ਪਰ ਮੇਰੇ ਸਰੀਰ ਦਾ ਮੱਘਦਾ ਸੇਕ ਬਿਲਕੁਲ ਹੀ ਮੱਠਾ ਪੈ ਚੁੱਕਾ ਸੀ।



# ਮੈਂ ਹੁਣ ਠੀਕ ਠਾਕ ਹਾਂ

ਵਰਿਆਮ ਸਿੰਘ ਸੰਧੂ

ਚੁੱਪ, ਸ਼ਾਂਤ ਅਤੇ ਟਿਕੀ ਹੋਈ ਰਾਤ ਸੀ।

ਅਚਨਚੇਤ ਕੁੱਤਾ ਭੌਂਕਿਆ।

ਫੇਰ ਭੌਂਕਿਆ....

ਤੇ ਫਿਰ ਭੌਂਕੀ ਹੀ ਗਿਆ।

ਉਹ ਭੌਂਈਆ ਲੈ ਲੈ ਕੇ ਜਾਂਦਾ ਸੀ ਤੇ ਖੇਤਾਂ ਵਿਚ ਦੂਰ ਪਏ ਕਿੱਲੇ ਕੁ ਦੀ ਵਾਟ ਤਕ ਜਾ ਕੇ, ਭੌਂਕਦਾ ਹੌਂਕਦਾ ਹੋਇਆ ਵਾਪਸ ਬਾਹਰਲੇ ਦਰਵਾਜ਼ੇ ਵਿਚ ਆ ਕੇ ਖੜੋ ਜਾਂਦਾ ਤੇ ਭੌਂਗੋ-ਭੌਂਗੋ ਭੌਂਕਦਾ ਹੋਇਆ ਆਪਣੇ ਮਾਲਕਾਂ ਨੂੰ ਕਹਿ ਰਿਹਾ ਲੱਗਦਾ

"ਹੁਣ ਤਾਂ ਉੱਠ ਪਓ...ਸੁੱਤੇ ਕਿਉਂ ਪਏ ਜੇ?"

ਰਾਤ ਜਾਗ ਪਈ ਸੀ, ਪਰ ਘਰ ਵਿਚੋਂ ਨਾ ਹੀ ਕੋਈ ਹਿੱਲਿਆ ਤੇ ਨਾ ਹੀ ਬਾਹਰ ਆਇਆ। ਖੇਤੀ ਵਾਲੇ ਕੋਠੇ ਵਿਚ ਤਾਰਾਂ ਸਿੱਧੀਆਂ ਲੱਗੀਆਂ ਹੋਣ ਕਰਕੇ ਖ਼ਰਚੇ ਦਾ ਕੋਈ ਡਰ ਨਹੀਂ ਸੀ ਤੇ ਕਮਰੇ ਦਾ ਬਲਬ ਛੋਟੇ ਸੁਖਦੇਵ ਦੇ ਕਹਿਣ 'ਤੇ ਸਾਰੀ ਰਾਤ ਜਗਦਾ ਰਹਿੰਦਾ ਸੀ। ਬੀਰੋ ਨੇ ਅੱਖਾਂ ਬਲਬ ਵੱਲ ਗੱਡੀਆਂ ਹੋਈਆਂ ਸਨ ਤੇ ਕੰਨ ਬਾਹਰ ਦੇ ਖੜਕੇ ਵੱਲ। ਉਹ ਨਾ ਉੱਚੀ ਸਾਹ ਲੈ ਰਹੀ ਸੀ, ਨਾ ਹਿੱਲ ਰਹੀ ਸੀ। ਉਹਦੇ ਨਾਲ ਲੇਟੇ ਅੱਠ-ਨੌਂ ਸਾਲ ਦੇ ਸੁਖਦੇਵ ਨੇ ਰਜਾਈ ਮੂੰਹ ਤੋਂ ਲਾਹ ਕੇ, ਉਤਾਂਹ ਨੂੰ ਅੱਖਾਂ ਚੁੱਕ ਕੇ ਮਾਂ ਵੱਲ ਵੇਖਿਆ। ਫਿਰ ਬਿਨਾਂ ਕੁਝ ਪੁੱਛਿਆਂ, ਬਲਿਆਂ ਮਾਂ ਦੀ ਛਾਤੀ ਨਾਲ ਸਿਰ ਲਾ ਕੇ ਉਹਦੇ ਉੱਤੋਂ ਬਾਂਹ ਵਲਾ ਲਈ। ਅਜਿਹੇ ਮੌਕੇ ਚੁੱਪ ਰਹਿਣ ਦੀ ਟਰੇਨਿੰਗ ਉਹਨੇ ਸਹਿਜ ਭਾ ਹੀ ਪ੍ਰਾਪਤ ਕਰ ਲਈ ਸੀ। ਉਸ ਨੂੰ ਪਤਾ ਸੀ ਕਿ ਇਹ ਸਵਾਲ ਪੁੱਛਣ ਦਾ ਸਮਾਂ ਨਹੀਂ।

...ਤੇ ਕੁੱਤਾ ਭੌਂਕੀ ਜਾ ਰਿਹਾ ਸੀ ਅੰਨ੍ਹੇ ਜੋਸ਼ ਨਾਲ...ਹਫ਼ਦਾ ਹੋਇਆ...ਹੌਂਕਦਾ ਹੋਇਆ।

ਬੀਰੋ ਨੇ ਹੌਲੀ ਜਿਹੀ ਧੌਣ ਟੇਢੀ ਕਰਕੇ ਜੋਗਿੰਦਰ ਦੇ ਮੰਜੇ ਵੱਲ ਵੇਖਿਆ। ਉਹ ਪਹਿਲਾਂ ਹੀ ਜਾਗਦਾ ਪਿਆ ਸੀ। ਉਸ ਨੇ ਵੀ ਅੱਖਾਂ ਮੋੜ ਕੇ ਬੀਰੋ ਵੱਲ ਵੇਖਿਆ। ਦੋਹਾਂ ਦੀਆਂ ਅੱਖਾਂ ਵਿਚ ਸਹਿਮ ਤੇ ਸੁਆਲ ਸੀ। ਬਿਨਾਂ ਕੋਈ ਗੱਲ ਕੀਤਿਆਂ ਉਹਨਾਂ ਧੌਣਾਂ ਮੋੜ ਲਈਆਂ ਤੇ ਛੱਤ ਵੱਲ ਵੇਖਣ ਲੱਗੇ। ਉਹਨਾਂ ਦੇ ਕੰਨ ਬਿੜਕਾਂ ਲੈ ਰਹੇ ਸਨ। ਚੁੱਪ ਕਮਰੇ ਦੀ 'ਸ਼ਾਂਅ ਸ਼ਾਂਅ' ਦੀ ਆਵਾਜ਼ ਉਹਨਾਂ ਦੇ ਕੰਨਾਂ ਵਿਚ ਗੂੰਜ ਰਹੀ ਸੀ।

ਠੱਕ! ਠੱਕ!! ਠੱਕ!!!

ਪੋਲੇ ਜਿਹੇ ਦਰਵਾਜ਼ਾ ਖੜਕਿਆ।

ਬੀਰੋ ਇਕਦਮ ਤ੍ਰਹਿ ਕੇ ਮੰਜੇ 'ਤੇ ਉੱਠ ਬੈਠੀ। ਜੋਗਿੰਦਰ ਵੀ ਰਜਾਈ ਲਾਹ ਕੇ ਦਰਵਾਜ਼ੇ ਵੱਲ ਵੇਖਣ ਲੱਗਾ।

"ਜਿੰਦਿਆ! ਵੇ ਜੁਗਿੰਦਰਾ!" ਜੋਗਿੰਦਰ ਦੀ ਮਾਂ ਹਰਬੰਸ ਕੌਰ ਸੀ। ਦੱਬੀ ਘੁੱਟੀ ਡਰੀ ਹੋਈ ਆਵਾਜ਼।

"ਕੀ ਆ" ਜੋਗਿੰਦਰ ਨੇ ਕਾਹਲੀ ਪਰ ਹੌਲੀ ਆਵਾਜ਼ ਵਿਚ ਪੁੱਛਿਆ।

"ਸਿਘ ਲੱਗਦੇ ਨੇ...ਕੁੱਤਾ ਭੌਂਕੀ ਜਾਂਦਾ...ਕਿਤੇ..."

"ਤੂੰਅ...ਤੂੰ ਲੰਮੀ ਪੈ ਜਾ ਕੇ ਕੁੜੀਆਂ ਕੋਲ ਚੁੱਪ ਕਰਕੇ..."

ਹਰਬੰਸ ਕੌਰ ਮੁੜ ਗਈ। ਜੋਗਿੰਦਰ ਜਿੱਥੇ ਸੀ, ਉੱਥੇ ਹੀ ਬੈਠਾ ਸੀ। ਸਿਆਲ ਦੀ ਠੰਢੀ ਰੁੱਤ ਸੀ, ਪਰ ਰਜਾਈ ਲੱਥੀ ਹੋਈ ਤੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ।

"ਇਹ ਕੁੱਤਾ ਲੈ ਕੇ ਰਹੂ ਸਾਰੇ ਟੱਬਰ ਨੂੰ..."

ਅਗਲੇ 'ਸੱਚੇ' ਵੀ ਸਨ। ਪੂਰਾ ਡੇਢ ਮਹੀਨਾ ਹੋ ਗਿਆ ਸੀ ਜਦੋਂ ਪਿੰਡ ਜਾਂਦੀ ਹਰਬੰਸ ਕੌਰ ਨੂੰ 'ਸਾਧੇ ਸੀਤਲ' ਨੇ ਪਿੱਛੋਂ ਆਵਾਜ਼ ਦੇ ਕੇ ਰੋਕਿਆ ਤੇ ਫਿਰ ਕੋਲ ਆ ਕੇ ਬੜੀ ਗਹਿਰ-ਗੰਭੀਰ ਮੁਦਰਾ ਵਿਚ ਕਿਹਾ ਸੀ, "ਚਾਚੀ! ਜਿੰਦੇ ਨੂੰ ਆਖ, ਟੌਮੀ ਨੂੰ ਮਾਰ ਦੇਵੇ...ਪਰਸੋਂ ਭਾਊ ਲੰਘੇ ਸਨ। ਮੈਨੂੰ ਆਖ ਗਏ ਸਨ ਕਿ ਤੁਹਾਨੂੰ ਸੁਨੇਹਾ ਪੁਚਾ ਆਵਾਂ...ਅਸੀਂ ਤਾਂ ਮਹੀਨਾ ਹੋਇਆ ਦੋਵੇਂ ਕੁੱਤੇ ਚੂਹਿਆਂ ਵਾਲੀ ਦਵਾਈ ਪਾ ਕੇ ਮਾਰ 'ਤੇ। ਤੁਹਾਡਾ ਕੁੱਤਾ ਤਾਂ ਹੈ ਵੀ ਬੜਾ ਔਤਰ ਮੇਲ। ਉਹ ਤਾਂ 'ਸਮਾਨ ਸਿਰ 'ਤੇ ਚੁੱਕ ਲੈਂਦਾ ਰਾਤ ਨੂੰ...ਉਂ ਤਾਂ ਜਿਵੇਂ ਬਾਬੇ ਬੁੱਲ੍ਹੇ ਸ਼ਾਹ ਨੇ ਆਖਿਆ ਸੀ ਕੁੱਤੇ ਤਾਂ ਬੰਦਿਆਂ ਤੋਂ ਵੀ ਉੱਤੇ ਹੁੰਦੇ ਨੇ....ਅਖੇ ਮਾਲਕ ਦਾ ਦਰ ਮੂਲ ਨਾ ਛੱਡਣ ਭਾਵੇਂ ਵੱਜਣ ਜੁੱਤੇ"...ਤੇ ਸਾਧਾ ਸੀਤਲ ਬੋਲੀ ਗਿਆ ਸੀ।

ਅੱਜ ਸ਼ਾਮੀਂ ਵੀ ਜਦੋਂ ਜੋਗਿੰਦਰ ਦਵਾਈ ਪਾਏ ਜਾਣ ਪਿੱਛੋਂ ਮਰੀ ਹੋਈ ਜੌਂਧਰ ਦੀ ਕਣਕ ਦੇ ਖੇਤਾਂ ਵਿਚ ਪੜਤਾਲ ਕਰ ਰਿਹਾ ਸੀ ਤਾਂ ਉਸਨੂੰ ਵੇਖ ਕੇ ਸਾਧੇ ਸੀਤਲ ਨੇ ਪੁੱਟੀ ਹੋਈ ਆਖਰੀ ਗਾਚੀ ਮੂਹੇ ਉੱਪਰ ਧੋਚ ਕੇ ਕਹੀ ਨੂੰ ਧੋਤਾ ਤੇ ਫਿਰ ਖ਼ੱਬੀ ਦੇ ਚੁਬੱਚੇ ਲਾਗੇ ਕਹੀ ਰੱਖ ਕੇ ਸਿਰ ਉੱਪਰਲੇ ਕਾਲੇ ਪਰਨੇ ਨਾਲ ਮੂੰਹ-ਹੱਥ ਪੂੰਝਦਾ ਹੋਇਆ ਜੋਗਿੰਦਰ ਵਲ ਤੁਰ ਪਿਆ।

ਸਾਧਾ ਗੱਲਾਂ ਦਾ ਧਨੀ ਸੀ। ਉਹ ਅਕਸਰ ਤਰਨ-ਤਾਰਨ ਦੀ ਮੱਸਿਆ ਤੇ ਬੀੜ ਸਾਹਿਬ ਦੇ ਮੇਲੇ, ਸੰਗਰਾਂਦ ਤੁਰਿਆ ਰਹਿੰਦਾ ਸੀ। ਉਹਨੂੰ ਰਾਗੀਆਂ ਢਾਡੀਆਂ ਦੇ ਦੀਵਾਨ ਸੁਣਨ ਦਾ ਬੜਾ ਸ਼ੌਕ ਸੀ। ਕਹਿੰਦੇ ਨੇ ਉਹਦਾ ਪਿਉ ਧਰਮ ਸਿੰਘ ਆਪਣੇ ਵੇਲਿਆਂ 'ਚ ਢਾਡੀਆਂ ਨਾਲ ਵੀ ਰਿਹਾ ਸੀ। ਉਹਨਾਂ ਦੇ ਘਰ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਦੀਆਂ ਕਈ ਕਿਤਾਬਾਂ ਵੀ ਪਈਆਂ ਸਨ। ਸੀਤਲ ਹੁਲਾਰੇ, ਸੀਤਲ ਕਿਰਨਾਂ, ਸੀਤਲ ਹੰਝੂ। ਜਦੋਂ ਸਾਧਾ ਗੱਲਬਾਤ ਕਰਦਾ ਸੀ ਤਾਂ ਅਕਸਰ ਸੀਤਲ ਜਾਂ ਕਿਸੇ ਹੋਰ ਰਾਗੀ ਢਾਡੀ ਜਾਂ ਸਿਆਣੇ ਬੰਦੇ ਵੱਲੋਂ ਕਹੀ ਗੱਲ ਦਾ ਹਵਾਲਾ ਦਿੰਦਾ। ਕਦੀ ਕਦੀ ਕੋਈ ਗੁਰਬਾਣੀ ਦੀ ਤੁਕ ਵੀ ਵਰਤ ਲੈਂਦਾ। ਸੀਤਲ ਦੇ ਹਵਾਲੇ ਦੇਣ



ਨਾਲ ਲੋਕਾਂ ਨੇ ਉਹਦਾ ਨਾਂ ਹੀ 'ਸੀਤਲ' ਧਰ ਛੱਡਿਆ ਸੀ। ਪੜ੍ਹਿਆ ਤਾਂ ਉਹ ਮਸਾਂ ਅੱਠ-ਨੌਂ ਜਮਾਤਾਂ ਸੀ। ਨਹੀਂ ਤਾਂ ਲੋਕ ਆਖਦੇ ਸਨ--ਜੇ ਕਿਤੇ ਉਹ ਥੋੜ੍ਹਾ ਵਧੇਰੇ ਪੜ੍ਹ ਜਾਂਦਾ ਤੇ ਥੋੜ੍ਹਾ ਜਿਹਾ ਘਰੋਂ ਹੋਰ ਤਕੜਾ ਹੁੰਦਾ ਤਾਂ ਉਹਨੇ ਕੋਈ ਲੀਡਰ ਹੀ ਬਣ ਜਾਣਾ ਸੀ। ਉਸ ਨੂੰ ਗੱਲ ਨੂੰ ਫ਼ਲਸਫ਼ਾਨਾ ਅੰਦਾਜ਼ ਵਿਚ ਪੇਸ਼ ਕਰਨ ਦੀ ਆਦਤ ਵੀ ਸੀ।

ਸਾਧੇ ਨੂੰ ਦੂਰੋਂ ਆਉਂਦਾ ਵੇਖ ਕੋਠੇ ਉੱਪਰ ਬੈਠਾ ਟੌਮੀ ਭੌਂਕਿਆ ਤੇ ਫਿਰ ਉੱਠ ਕੇ ਕੰਧਾਂ ਥਾਣੀ ਕਾਹਲੀ ਕਾਹਲੀ ਉਤਰਦਾ ਕਣਕਾਂ ਵਿਚੋਂ ਹੀ ਭੱਜਦਾ ਹੋਇਆ ਜੋਗਿੰਦਰ ਕੋਲ ਪਹੁੰਚ ਗਿਆ। ਇਕ ਵਾਰ ਫੇਰ ਭਬੂਕ ਕੇ ਭੌਂਕਿਆ ਜਿਵੇਂ ਕਹਿ ਰਿਹਾ ਹੋਵੇ, "ਅਵੇ ਕੋਈ ਜੋਗਿੰਦਰ ਨੂੰ ਛੂਹ ਕੇ ਤਾਂ ਵੇਖੇ..." ਤੇ ਫਿਰ ਸਾਧੇ ਨੂੰ ਪਛਾਣ ਕੇ ਉਹਨੂੰ ਸੁੰਘ ਕੇ ਪੂਛ ਹਿਲਾਉਣ ਲੱਗਾ।

"ਜੱਟਾ! ਇਹਨੂੰ ਲਾ ਦੇ ਦਰਵੇਸ਼ ਨੂੰ ਕਿਸੇ ਬਿਲੇ। ਫੇਰ ਜੁ ਜਿਵੇਂ ਸੀਤਲ ਨੇ ਆਖਿਆ ਸੀ : ਜਦੋਂ ਚੜ੍ਹ ਕੇ ਫ਼ੌਜਾਂ ਆ ਗਈਆਂ ਲਾ ਚੋਟ ਨਗਾਰੇ...ਵਖਤ ਪੈਂਦਾ ਫਿਰੂ। ਹੁਣ ਤਾਂ ਅਗਲਿਆਂ ਸੁਨੇਹਾ ਵੀ ਦੇ 'ਤਾ। ਜਦੋਂ ਉਹ ਆ 'ਗੇ ਫਿਰ ਬਹਾਨਾ ਵੀ ਕੋਈ ਨ੍ਹੀਂ ਬਣਨਾ। ਰਾਹ ਈ ਕੋਈ ਨ੍ਹੀਂ ਲੱਭਣਾ ਬਚਣ ਦਾ....ਅਖੇ : ਭੱਜਿਆਂ ਜਾਣ ਨਾ ਦੇਣਗੇ ਮੇਰੇ ਵੀਰ ਗਏ ਜੇ ਆ...."

ਸਾਧਾ ਸੀਤਲ ਹੱਸ ਵੀ ਰਿਹਾ ਸੀ ਤੇ ਸਮਝਾ ਵੀ ਰਿਹਾ ਸੀ।

"ਆਪਣਾ ਮਾਸਟਰ ਲਾਲ ਸ਼ਾਹ ਹੁੰਦਾ ਸੀ। ਉਹ ਅਖੌਤਾਂ ਮੁਹਾਵਰਿਆਂ ਦੇ ਅਰਥ ਸਮਝਾਉਂਦਾ ਦੱਸਦਾ ਹੁੰਦਾ ਸੀ...ਅਖੇ ਸੌ ਸਿਆਣਾ ਇਕੋ ਮੱਤ ਤੇ ਮੂਰਖ ਵੱਖੋ ਵੱਖ....ਉਹਨੇ ਆਖਣਾ : ਮੁੰਡਿਓ ਏਹਦਾ ਮਤਲਬ ਪਤਾ ਜੇ ਕੀ ਐ...ਫਿਰ ਆਪ ਹੀ ਦੱਸਣਾ-ਓਏ ਜਿਵੇਂ ਤੁਸੀਂ ਸਲੇਟਾਂ 'ਤੇ ਸਵਾਲ ਕੱਢਦੇ ਜੇ। ਜੇ ਪੰਝੀਆਂ ਮੁੰਡਿਆਂ 'ਚੋਂ ਵੀਹਾਂ ਦਾ ਜਵਾਬ ਆਏ ਸੈਂਤੀ ਰੁਪਏ ਬਾਰਾਂ ਆਨੇ ਤਿੰਨ ਪਾਈਆ ਤੇ ਬਾਕੀਆਂ ਪੰਜਾਂ 'ਚੋਂ ਕੋਈ ਛੱਤੀ ਰੁਪੈ ਨੌਂ ਆਨੇ ਕੋਈ ਚਵੀ ਰੁਪੈ ਛੇ ਆਨੇ ਤੇ ਇਜ ਹੀ ਦੂਜੇ ਤਿੰਨ ਵੱਖੋ ਵੱਖ ਜਵਾਬ ਕੱਢਣ ਤਾਂ ਉਦੋਂ ਇਕੋ ਜਵਾਬ ਕੱਢਣ ਵਾਲੇ ਵੀਹਾਂ ਨੂੰ ਆਂਹਦੇ ਨੇ ਸੌ ਸਿਆਣਾ ਇੱਕੋ ਮੱਤ ਤੇ ਬਾਕੀ ਪੰਜ-ਜਿਨ੍ਹਾਂ ਦਾ ਕਿਸੇ ਨਾਲ ਵੀ ਜਵਾਬ ਨਹੀਂ ਮਿਲਦਾ ਉਹਨੂੰ ਆਂਹਦੇ ਨੇ ਮੂਰਖ ਵੱਖੋ ਵੱਖ..."

ਜੋਗਿੰਦਰ ਮੁਸਕਰਾ ਰਿਹਾ ਸੀ। ਉਹਨੂੰ ਪਤਾ ਸੀ ਸੀਤਲ ਦਾ ਤੋੜਾ ਕਿੱਥੇ ਝੜ ਰਿਹਾ ਹੈ।

"ਓ ਗੁਰਮੁਖਾ! ਜਦੋਂ ਸਾਰੀਆਂ ਬਹਿਕਾਂ ਵਾਲਿਆਂ ਹੁਕਮ ਮੰਨ ਕੇ ਕੁੱਤੇ ਮਾਰ ਦਿੱਤੇ ਤੂੰ ਵੱਖਰਾ ਜਵਾਬ ਕੱਢ ਕੇ ਮਾਸਟਰ ਤੋਂ ਸੋਟੀਆਂ ਹੀ ਖਾਣੀਆਂ ਨੇ ਕਿ..."

"ਸਾਧਾ ਸਿਆਂ ਤੈਨੂੰ ਪਤਾ ਈ ਐ...ਦੋ ਵਾਰ ਤਾਂ ਛੱਡ ਕੇ ਆਏ ਆਂ। ਇਕ ਵਾਰ ਤਾਂ ਤੂੰ ਵੀ ਨਾਲ ਸੀ। ਪਰ ਇਹ ਫੇਰ ਆ ਜਾਂਦਾ....ਹੁਣ ਦੱਸ ਕੀ ਕਰੀਏ?"

"ਇਹਨੂੰ ਦਵਾਈ ਪਾ...ਨਹੀਂ ਤਾਂ ਚੱਲ ਮੁੱਖੋ ਨਿਹੰਗ ਤੋਂ ਸਵੇਰੇ ਹਸਪਤਾਲੋਂ ਪੁੱਛ ਲਿਆਉਂਦੇ ਆਂ ਦਵਾਈ....ਇਹਨੂੰ ਮਾਰ ਮੁਕਾ ਵਿਚੋਂ। ਮੁੜ ਕੇ ਜੁ ਕੋਈ ਨੁਕਸਾਨ ਕਰਾਊਗਾ। ਅੰਧਰ ਮਾਲਵੇ ਵੱਲ ਅਗਲਿਆਂ ਪਹਿਲਾਂ ਵਾਰਨਿੰਗ ਦਿੱਤੀ ਸੀ। ਅਗਲੀ

ਵਾਰ ਗਏ ਤਾਂ ਕੁੱਤੇ ਨੂੰ ਵੀ ਤੇ ਮਾਲਕ ਨੂੰ ਵੀ ਗੋਲੀਆਂ ਨਾਲ ਭੁੰਨ ਕੇ ਔਹ ਗਏ...ਅਖੇ ਜੰਗਲ ਗਏ ਨਾ ਬਹੁੜਦੇ ਮੁੰਦਰਾਂ ਨੂੰ, ਜੋਗੀ ਨਹੀਂ ਜੇ ਕਿਸੇ ਦੇ ਮਿੱਤ ਮੀਆਂ....." ਸਾਧੇ ਸੀਤਲ ਨੇ ਦੋ-ਟੁੱਕ ਗੱਲ ਮੁਕਾਈ।

ਜੋਗਿੰਦਰ ਇਕ ਪਲ ਲਈ ਸੋਚੀਂ ਪੈ ਗਿਆ। ਕੋਲ ਆ ਖਲੋਤੇ ਪੂਛ ਹਿਲਾਉਂਦੇ ਟੋਮੀ ਦੀ ਧੌਣ 'ਤੇ ਹੱਥ ਫੇਰਦਾ ਕਹਿਣ ਲੱਗਾ, "ਸਾਧਾ ਸਿਆਂ ਕੀ ਕਰੀਏ। ਚੌਹ ਕੁ ਦਿਨਾਂ ਦਾ ਨਿੱਕਾ ਜਿਹਾ ਕਤੂਰਾ...ਹੱਥੀਂ ਲਿਆ ਕੇ ਪਾਲਿਆ ਸੀ....ਭੂੰਬਿਆਂ ਨਾਲ ਦੁੱਧ ਪਿਆ ਪਿਆ ਕੇ....ਹੁਣ ਆਪਣੇ ਹੀ ਹੱਥੀਂ ਮਾਰਨ ਨੂੰ ਜੀਅ ਨਹੀਂ ਉਂ ਕਰਦਾ..."

ਸੀਤਲ ਨੇ ਉਹਦੀ ਗੱਲ ਨੂੰ ਸਮਝਣ ਦਾ ਯਤਨ ਕੀਤਾ। ਮੁੱਛਾਂ 'ਤੇ ਹੱਥ ਫੇਰਦਾ ਫੇਰ ਅਚਨਚੇਤ ਉਹਨੂੰ ਵੰਗਾਰ ਕੇ ਬੋਲਿਆ:

"ਜੱਟਾ, ਏਨਾ ਕਮ-ਦਿਲਾ! ਤੁਹਾਡੇ ਤੇ ਸਾਰਾ ਖਾਨਦਾਨ ਈ ਮਾਰ-ਖੋਰਿਆਂ ਦਾ...ਬਾਬੇ ਤੇਰੇ ਦੀਆਂ ਤਾਂ ਕਹਾਣੀਆਂ ਮਸ਼ਹੂਰ ਸਨ। ਘੱਟ ਤੇਰਾ ਪਿਉ ਤੇ ਚਾਚਾ ਵੀ ਨਹੀਂ ਸਨ। ਤੇ ਆਪ ਤੂੰ ਕਿਹੜਾ ਗੌਤਮ-ਬੁੱਧ ਦੀ ਔਲਾਦ ਏਂ। ਉਦੋਂ ਤਾਂ ਲੜਾਈ 'ਚ ਪੈਰ ਜੋੜ ਕੇ ਗੰਡਾਸੀਆਂ ਮਾਰਦਾ ਹੁੰਦਾ ਸੈਂ..."

ਕਈ ਸਾਲ ਹੋਏ ਜਦੋਂ ਖਾਲ ਦੇ ਝਗੜੇ ਤੋਂ ਪਟਵਾਰੀਆਂ ਨਾਲ ਲੜਾਈ ਹੋਈ ਸੀ ਤਾਂ ਉਹ ਸਾਰਿਆਂ ਤੋਂ ਅੱਗੇ ਗੰਡਾਸੀ ਫੜ ਕੇ ਲੜਿਆ ਸੀ ਤੇ ਸੋਹਣ ਪਟਵਾਰੀ ਦੇ ਵੱਡੇ ਮੁੰਡੇ ਨੂੰ ਦੋਵੇਂ ਹੱਥ ਕੱਸ ਕੇ, ਪੈਰ ਬੰਨ੍ਹ ਕੇ ਐਸੀ ਪੁੱਠੀ ਗੰਡਾਸੀ ਮਾਰੀ ਸੀ ਕਿ ਉਹਦੇ ਸਿਰ ਦੇ ਘੱਗਰ ਖੁੱਲ੍ਹ ਗਏ ਸਨ। ਜੇ ਕਿਤੇ ਗੰਡਾਸੀ ਸਿੱਧ ਹੁੰਦੀ ਖੋਪਰੀ ਹਦਵਾਣੇ ਵਾਂਗ ਦੋ-ਫਾੜ ਹੋ ਜਾਣੀ ਸੀ। ਮੁੰਡੇ ਨੂੰ ਧਰਤੀ 'ਤੇ ਡਿੱਗਾ ਵੇਖ ਉਹਨਾਂ ਜੋਗਿੰਦਰ ਦੇ ਪਿਉ ਨੂੰ ਘੇਰ ਲਿਆ। ਇਕ ਜਣਾ ਤਿੱਖੀ ਤੇਜ਼ ਨੋਕਦਾਰ ਬਰਛੀ ਉਹਦੇ ਢਿੱਡ ਵਿਚ ਖੋਭਣ ਹੀ ਵਾਲਾ ਸੀ ਕਿ ਪਤਾ ਨਹੀਂ ਕਿੱਥੋਂ ਅੱਖ ਦੇ ਪਲਕਾਰੇ ਵਿਚ ਬਿਜਲੀ ਦੀ ਫੁਰਤੀ ਨਾਲ ਜੋਗਿੰਦਰ ਦਾ ਚਾਚਾ ਕਰਮ ਸਿੰਘ ਆਪਣੇ ਭਰਾ ਦੇ ਅੱਗੇ ਆ ਕੇ ਖਲੋ ਗਿਆ ਸੀ ਤੇ ਤੇਜ਼ ਤਿੱਖੀ ਬਰਛੀ ਦੀ ਡਾਂਗ ਉੱਤੇ ਲਿਸ਼ਕਦੀ ਤਲਵਾਰ ਦਾ ਵਾਰ ਕਰ ਕੇ ਉਹਦਾ ਵਾਰ ਇਸ ਤਰ੍ਹਾਂ ਰੋਕਿਆ ਸੀ ਕਿ ਬਰਛੀ ਟੇਢੀ ਹੋ ਕੇ ਅਗਲੇ ਦੇ ਜ਼ੋਰ ਨਾਲ ਜ਼ਮੀਨ ਜਾ ਖੁੱਭੀ ਸੀ। ਜੋਗਿੰਦਰ ਦਾ ਪਿਉ ਹੈਰਾਨ ਹੋਇਆ ਆਪਣੀ ਢਾਲ ਬਣੇ ਆਪਣੇ ਛੋਟੇ ਭਰਾ ਨੂੰ ਵੇਖ ਰਿਹਾ ਸੀ, ਜਿਸ ਨਾਲ ਘਰ ਦੀ ਜ਼ਮੀਨ ਦੀ ਵੰਡ-ਵੰਡਾਈ ਤੋਂ ਉਹ ਦੋ ਸਾਲਾਂ ਤੋਂ ਗੁੱਸੇ ਰਾਜ਼ੀ ਸੀ ਤੇ ਉਹਨਾਂ ਦੋਹਾਂ ਭਰਾਵਾਂ ਵਿਚ ਬੋਲ ਸਾਂਝਾ ਕੀਤਿਆਂ ਵੀ ਕਈ ਚਿਰ ਹੋ ਗਿਆ ਸੀ। ਪਰ ਅੱਜ ਛੋਟਾ ਭਰਾ ਵੱਡੇ ਤੋਂ ਵੀ ਅੱਗੇ ਹੋ ਕੇ ਸੋਹਣ ਪਟਵਾਰੀ ਨੂੰ ਲਲਕਾਰਦਾ ਹੋਇਆ ਕਹਿ ਰਿਹਾ ਸੀ, "ਸਮੁੰਦੇ ਆਲਿਆ। ਪੁੱਤ ਅੱਗੇ ਵਧ ਕੇ ਵੇਖ ਰਤਾ। ਇਹ ਨਾ ਸਮਝੀਂ ਕਿ ਭਰਾਵਾਂ 'ਚ ਵੱਟ ਆ...ਤੇ ਤੂੰ ਕੱਲਾ ਵੇਖ ਕੇ ਮੇਰੇ ਭਰਾ ਨੂੰ ਥੱਲੇ ਲਾ ਲੇਂਗਾ..."

"ਥੱਲੇ ਲੱਗ ਕੇ ਜੀਣਾ ਤਾਂ ਕਿਤੇ ਰਿਹਾ, ਉਹ ਤਾਂ ਆਪਣੇ ਵੱਲ ਕਿਸੇ ਦਾ ਗਹਿਰੀ ਅੱਖੇ ਵੇਖਣਾ ਵੀ ਬਰਦਾਸ਼ਤ ਨਹੀਂ ਸਨ ਕਰਦੇ। ਉਹਦਾ ਬਾਬਾ ਕਿੰਨੇ ਮਾਣ ਨਾਲ ਆਪਣੀ ਉਹ ਗੱਲ ਸੁਣਾਉਂਦਾ ਹੁੰਦਾ ਸੀ-ਜਦੋਂ ਉਹ ਆਪਣੇ ਦੋਸਤਾਂ ਦੀ ਢਾਣੀ ਨਾਲ ਤਰਨ-ਤਾਰਨ ਦੀ ਮੱਸਿਆ ਗਿਆ ਸੀ। ਉਹਦੇ ਉਦੋਂ ਭਰਪੂਰ ਜਵਾਨੀ



ਦੇ ਦਿਨ ਸਨ। ਲੜਾਈਆਂ ਡਾਂਗਾਂ ਦੀਆਂ ਹੁੰਦੀਆਂ ਸਨ। ਅਗਲੇ ਦੀ ਡਾਂਗ ਝੱਲ ਕੇ ਅਗਲੇ 'ਤੇ ਵਾਰ ਕਰਨ ਵਿਚ ਜੋਗਿੰਦਰ ਦੇ ਬਾਬੇ ਦੇ ਇਲਾਕੇ ਵਿਚ ਧੁੰਮ ਸੀ। ਉਹ ਮੱਸਿਆ ਵਿਚ ਜਦੋਂ ਉਹ ਪਰਕਿਰਮਾ ਕਰ ਰਹੇ ਸਨ ਤਾਂ ਅੱਗੋਂ ਪੁੱਠੀ ਪਰਿਕਰਮਾ ਕਰਦੀ ਇਕ ਢਾਣੀ ਆ ਰਹੀ ਸੀ। ਉਹਨਾਂ ਵਿਚੋਂ ਇਕ ਉੱਚਾ ਲੰਮਾ ਜਵਾਨ ਘੜੀ ਕੁ ਪਿੱਛੋਂ ਆਪਣੀ ਸੱਜੀ ਬਾਂਹ ਅਸਮਾਨ ਵੱਲ ਸਿੱਧੀ ਕਰਕੇ ਜਿਵੇਂ ਸਾਰੀ ਮੱਸਿਆ ਨੂੰ ਵੰਗਾਰ ਕੇ ਆਖ ਰਿਹਾ ਸੀ, "ਜੱਟ ਦੀ ਬਾਂਹ ਨਹੀਂ ਨੀਵੀਂ ਕਰ ਸਕਦਾ ਓਏ ਸਾਰੀ ਮੱਸਿਆ 'ਚੋਂ ਕੋਈ ਵੀ! ਸਾਨ੍ਹ ਜੱਟ ਦੀ...." ਉਹ ਉੱਚੀ ਭਬਕ ਮਾਰਦਾ। ਜੋਗਿੰਦਰ ਦਾ ਬਾਬਾ ਆਖਦਾ, "ਅਸੀਂ ਦੋ ਪਰਿਕਰਮਾ ਅੱਗੋਂ ਉਸ ਨੂੰ ਟੱਕਰੇ...ਉਹ ਉਂਜ ਈ ਕਰੇ। ਮੇਰੇ ਅੰਦਰ ਚੁਆਤੀਆਂ ਮੱਚਣ...ਇਹਨੇ ਸਭ ਨੂੰ ਸਮਝ ਕੀ ਰੱਖਿਐ...ਸਾਰੇ ਜਹਾਨ 'ਤੇ ਲੱਤ ਫੇਰੀ ਜਾਂਦਾ...ਤੀਜੀ ਪਰਿਕਰਮਾ ਜਦੋਂ ਆਹਮੋ-ਸਾਹਮਣੇ ਪਹੁੰਚੇ ਤਾਂ ਉਹਨੇ ਫਿਰ ਬਾਂਹ ਉੱਚੀ ਕਰਕੇ ਲਲਕਾਰਾ ਮਾਰਿਆ। ਪਤਾ ਨਹੀਂ ਮੈਨੂੰ ਕੀ ਹੋਇਆ ਅੰਦਰੋਂ ਐਸਾ ਉਬਾਲ ਉੱਠਿਆ...ਮੈਂ ਡਾਂਗ ਉੱਘਰੀ ਤੇ ਐਸੀ ਘੁਕਾ ਕੇ ਉਹਦੀ ਅਰਕ ਕੋਲ ਮਾਰੀ ਕਿ ਬਾਂਹ ਤੋਰੀ ਵਾਂਗ ਲਟਕ ਕੇ ਟੇਢੀ ਹੋ ਗਈ....ਅਸੀਂ. ਮਾਰੋ-ਮਾਰ ਕਰਦੇ ਭੜਾਣੇ ਵਾਲੇ ਬੁੰਗੇ ਦੇ ਵਿਚੋਂ ਦੀ ਤਿੱਤਰ ਹੋ ਗਏ ਤੇ ਅਗਲੇ ਮੂੰਹ ਵੇਖਦੇ ਈ ਰਹਿ ਗਏ.....।"

ਉਹਦਾ ਬਾਬਾ ਗੱਲ ਸੁਣਾ ਕੇ ਬੋੜੇ ਮੂੰਹ ਵਿਚੋਂ ਮਾਣ-ਮੱਤਾ ਮੁਸਕਰਾਉਂਦਾ ਹੋਇਆ ਇਉਂ ਕਹਿੰਦਾ ਲੱਗਦਾ, "ਇਹਨੂੰ ਕਹਿੰਦੇ ਨੇ ਮਰਦਾਨਗੀ..."

ਮਰਦਾਨਗੀ 'ਚ ਜੋਗਿੰਦਰ ਕਿਹੜਾ ਘੱਟ ਸੀ। ਪਟਵਾਰੀਆਂ ਵਾਲੀ ਲੜਾਈ ਵਿਚ ਹੀ ਮੁਕੱਦਮਾ ਸਾਵਾਂ ਕਰਨ ਲਈ ਪਹਿਲਾਂ ਉਹਨੇ ਪਿੱਤਲ ਦਾ ਅੰਨ੍ਹਾ ਗਲਾਸ ਪਹਿਲੇ ਤੋੜ ਦੀ ਬੋਤਲ ਵਿਚੋਂ ਭਰ ਕੇ ਪੀਤਾ, ਫਿਰ ਖੱਬੇ ਹੱਥ ਦੀ ਵੱਡੀ ਉਂਗਲ ਨਿਖੇੜ ਕੇ ਸਹਿਜ ਭਾਅ ਨਾਲ ਮੰਜੇ ਦੇ ਪਾਵੇ 'ਤੇ ਰੱਖੀ ਤੇ ਸੱਜੇ ਹੱਥ ਵਿਚ ਫੜੇ ਤੇਜ਼ ਤਿੱਖੇ ਟੋਕੇ ਨਾਲ ਐਸਾ ਜ਼ੋਰਦਾਰ ਟੱਪ ਮਾਰਿਆ ਕਿ ਪੋਟਾ ਲਹਿ ਕੇ ਧਰਤੀ 'ਤੇ ਇਉਂ ਡਿੱਗ ਪਿਆ ਸੀ, ਜਿਵੇਂ ਦਾਤਰੀ ਨਾਲ ਦਾਤਣ ਛਾਂਗ ਕੇ ਸੁੱਟੀਦੀ ਹੈ। ਤੇ ਫਿਰ ਦੇਸੀ ਸ਼ਰਾਬ ਦੀ ਉਸੇ ਬੋਤਲ ਵਿਚੋਂ ਟਾਕੀ ਭਿਉਂ ਕੇ ਲਹੂ ਚੋਂਦੀ ਉਂਗਲ ਨੂੰ ਘੁੱਟ ਲਿਆ ਸੀ ਤੇ ਰਹਿੰਦੀ ਬੋਤਲ ਦਾ ਅੱਧਿਓਂ ਬਹੁਤਾ ਹਿੱਸਾ ਇਕੋ ਸਾਹੇ 'ਗਟ ਗਟ' ਕਰਕੇ ਪੀ ਗਿਆ ਸੀ।

ਤੇ ਅੱਜ ਉਸ ਨੂੰ ਸਾਧਾ ਸੀਤਲ 'ਗੌਤਮ-ਬੁੱਧ' ਦੀ ਔਲਾਦ ਕਹਿ ਕੇ ਮਖੌਲ ਕਰ ਰਿਹਾ ਸੀ।

ਕੁੱਤਾ ਮਾਰਨਾ ਉਸ ਲਈ ਕਿਹੜੀ ਵੱਡੀ ਗੱਲ ਸੀ। ਬੱਸ ਹੱਥੀਂ ਪਾਲਿਆ ਕਰਕੇ ਮੋਹ ਜਿਹਾ ਆਉਂਦਾ ਸੀ। ਪਰ ਫਿਰ ਉਹਨੂੰ ਆਪ ਹੀ ਖ਼ਿਆਲ ਆਇਆ। ਹੱਥੀਂ ਪਾਲਣ ਨੂੰ ਤਾਂ ....ਜਦੋਂ ਵੀ ਕਦੀ ਨਿਗਦਾ ਪ੍ਰਾਹੁਣਾ ਆਉਂਦਾ, ਉਹਨੇ ਕਿੰਨੀ ਵਾਰ ਘਰ ਦੇ ਰੱਖੇ ਕੁੱਕੜਾਂ ਨੂੰ ਘੇਰ ਕੇ ਫੜਿਆ ਸੀ। ਫਿਰ ਆਰਾਮ ਨਾਲ ਉਹਦੀ ਧੌਣ ਮਰੋੜ ਕੇ, ਖੰਭ ਲਾਹ ਕੇ, ਛਿੱਲ-ਸਾਫ਼ ਕਰਕੇ ਪਤੀਲੇ ਵਿਚ ਹੱਥੀਂ ਤੜਕਾ ਲਾਇਆ ਸੀ। ਸ਼ਰਾਬ ਦੀ ਗਲਾਸੀ ਅੰਦਰ ਸੁੱਟ ਕੇ ਦੰਦਾਂ ਨਾਲ ਕੁੱਕੜ ਦੀ ਲੱਤ ਚੱਬਦਿਆਂ ਚੂਸਦਿਆਂ ਉਸ ਨੂੰ ਕਦੀ ਚਿੱਤ-ਖ਼ਿਆਲ ਵੀ ਨਹੀਂ ਸੀ ਆਇਆ ਕਿ ਇਹੋ ਕੁੱਕੜ ਕੁਝ ਘੰਟੇ

ਪਹਿਲਾਂ ਹਵੇਲੀ ਦੀ ਕੰਧ ਤੇ ਖੜ੍ਹਾ ਆਪਣੇ ਚਿਤਕਬਰੇ ਖੰਭ ਫੈਲਾ ਕੇ ਬਾਂਗਾ ਦੇ ਰਿਹਾ ਸੀ ਤੇ ਢਲਦੇ ਸੂਰਜ ਦੀ ਲਾਲੀ ਵਿਚ ਉਹਦੀ ਸੁਰਖ ਕਲਗੀ ਦਮਕਾਂ ਮਾਰਦੀ ਪਈ ਸੀ—ਅਤੇ ਇਹ ਵੀ ਕਿ ਉਹ ਸਾਥਣ ਕੁੱਕੜੀਆਂ ਨਾਲ ਟਪੂੰ ਟਪੂੰ ਜ਼ਮੀਨ 'ਤੇ ਪੈਰ ਮਾਰਦਾ ਕਲੋਲਾਂ ਕਰਦਾ ਪਿਆ ਸੀ.... ਤੇ ਉਸ ਨੂੰ ਫੜੇ ਜਾਂਦਿਆਂ ਵੇਖ ਕੇ ਬਾਕੀ ਕੁੱਕੜ-ਕੁੱਕੜੀਆਂ ਕਿਵੇਂ ਸਹਿਮ ਕੇ ਆਸੇ ਪਾਸੇ ਭੱਜ, ਖਿੱਲਰ ਕੇ ਦੁਬਕ ਗਏ ਸਨ। ..ਹੱਥੀਂ ਪਾਲਣ ਨੂੰ ਤਾਂ ਉਹਨੇ ਆਪਣੀਆਂ ਤਿੰਨਾਂ ਭੈਣਾਂ ਦੇ ਵਿਆਹ ਲਈ ਹਰ ਵਾਰ ਛੋਟੇ-ਛੋਟੇ ਪਠੋਰੇ ਮੁੱਲ ਲੈ ਕੇ ਹੱਥੀਂ ਪਾਲੇ ਸਨ। ਆਪਣੇ ਹੱਥੀਂ ਛਾਂਗ ਕੇ ਉਹਨਾਂ ਨੂੰ ਕਿੱਕਰਾਂ ਦੀ ਲੁੰਗ ਖੁਆਈ ਸੀ, ਬੇਰੀਆਂ ਦੇ ਕੂਲੇ ਪੱਤ ਖੁਆਏ ਸਨ। ਤੇ ਫਿਰ ਵਿਆਹ ਵਾਲੇ ਦਿਨ ਆਪਣੇ ਹੀ ਹੱਥੀਂ ਉਹਨਾਂ ਦੀ ਧੌਣ 'ਤੇ ਵਾਰੀ ਵਾਰੀ ਪਾਣੀ ਲਾਇਆ ਸੀ। 'ਵਾਹਿਗੁਰੂ' ਕਹਿ ਕੇ ਮਿਆਨ 'ਚੋਂ ਤਲਵਾਰ ਕੱਢੀ ਸੀ। ਫਿਰ ਦੋਹਾਂ ਹੱਥਾਂ 'ਚ ਫੜ ਕੇ ਮੱਥੇ ਨੂੰ ਸਿੱਧੀ ਕਰਕੇ ਅੱਖਾਂ ਮੀਟ ਕੇ ਮੂੰਹ ਵਿਚ ਅਰਦਾਸ ਕੀਤੀ ਸੀ ਤੇ ਉਸ ਤੋਂ ਬਾਅਦ ਪਲਕ ਝਪਕਦਿਆਂ 'ਹੜੱਪ' ਕਰਕੇ ਇਕੋ ਝਟਕੇ ਨਾਲ ਹੱਥੀਂ ਪਾਲ ਕੇ ਵੱਡੇ ਕੀਤੇ ਬੱਕਰੇ ਦੀ ਧੌਣ ਦੋ ਕਰਮਾਂ ਪਰ੍ਹਾਂ ਡਿੱਗ ਪੈਂਦੀ ਸੀ ਤੇ ਉਹਦੀਆਂ ਅੱਖਾਂ ਸਾਹਮਣੇ ਵੱਢੇ ਹੋਏ ਤੜਪਦੇ ਧੜ ਵਿਚੋਂ ਲਹੂ ਦੀ ਤਤੀਰੀ ਧਰਤੀ ਨੂੰ ਗਿੱਲਿਆਂ ਕਰ ਰਹੀ ਹੁੰਦੀ ਸੀ ਪਰ ਉਸ ਦਾ ਵਧੇਰੇ ਧਿਆਨ ਆਪਣੇ ਡੌਲਿਆਂ ਦੀ ਤਾਕਤ ਵਿਚੋਂ ਪ੍ਰਾਪਤ ਹੋਈ ਪ੍ਰਸ਼ੰਸਾ ਵਲ ਜੁੜਿਆ ਰਹਿੰਦਾ, ਜਿਨ੍ਹਾਂ ਡੌਲਿਆਂ ਨੂੰ ਨੇੜੇ ਖੜ੍ਹੀ ਭੀੜ ਨਜ਼ਰਾਂ ਹੀ ਨਜ਼ਰਾਂ ਵਿਚ ਸਹਿਲਾ ਰਹੀ ਹੁੰਦੀ ਸੀ।

ਬਿਜਲੀ ਦੀ ਫੁਰਤੀ ਨਾਲ ਇਕੋ ਝਟਕੇ ਬੱਕਰਾ ਵੱਢਣਾ ਉਹਦੀ ਪ੍ਰਾਪਤੀ ਗਿਣੀ ਜਾਂਦੀ ਸੀ। ਅਜਿਹੇ ਵੇਲੇ ਉਹ ਭੁੱਲ ਹੀ ਜਾਂਦਾ ਕਿ ਇਹਨਾਂ ਪਠੋਰਿਆਂ ਨੂੰ ਉਹ ਕਦੀ ਕੁੱਛੜ ਵੀ ਚੁੱਕੀ ਫਿਰਿਆ ਸੀ। ਉਹਨਾਂ ਦੇ ਪੈਰਾਂ ਵਿਚ ਉਹਨੇ ਖ਼ਰੀਦ ਕੇ ਘੁੰਗਰੀਆਂ ਬੱਧੀਆਂ ਸਨ...ਜਾਂ ਉਹ ਲਾਡ ਨਾਲ ਉਹਦੇ ਦੁਆਲੇ ਮਿਆਂਕਦੇ, ਉਛਲਦੇ ਰਹੇ ਸਨ ਤੇ ਉਹ ਉਨ੍ਹਾਂ ਦੀਆਂ ਕੂਲੀਆਂ ਧੌਣਾਂ ਨੂੰ ਆਪਣੇ ਗਲ ਨਾਲ ਵੀ ਘੁੱਟਦਾ ਰਿਹਾ ਸੀ।

"ਤਾਂ ਫੇਰ ਹੁਣ ਕੀ ਗੱਲ ਸੀ?" ਸੋਚਾਂ ਤੋਂ ਨਿੱਖੜ ਕੇ ਵੀ ਉਹ ਕਣਕਾਂ ਦੀਆਂ ਵੱਟਾਂ 'ਤੇ ਤੁਰਦਾ ਸੋਚੀ ਜਾ ਰਿਹਾ ਸੀ। ਟੌਮੀ ਉਹਦੇ ਅੱਗੇ ਅੱਗੇ ਸੀ। ਉਹਨੂੰ ਇਕ ਛਿਣ ਇਹ ਵੀ ਖ਼ਿਆਲ ਆਇਆ ਕਿ ਵਧਦੀ ਉਮਰ ਨਾਲ ਵੀ ਬੰਦਾ ਸ਼ਾਇਦ ਨਰਮ ਹੁੰਦਾ ਜਾਂਦਾ ਹੈ। ਪਰ ਫੇਰ ਉਸ ਨੇ ਆਪ ਹੀ ਇਹ ਖ਼ਿਆਲ ਝਟਕ ਦਿੱਤਾ। ਉਹ ਕਿਹੜਾ ਬੁੱਢਾ ਹੋ ਗਿਆ ਸੀ..ਮਸਾਂ ਤਰਤਾਲੀਵਾਂ ਸਾਲ ਪਾਰ ਕੀਤਾ ਸੀ। ਉਹਦੇ ਅੰਦਰ ਅਜੇ ਵੀ ਖ਼ੂਨ ਖੌਰੂ ਪਾਉਂਦਾ ਸੀ। ਉਹਦੇ ਡੌਲਿਆਂ ਵਿਚ ਅਜੇ ਵੀ ਮੱਛੀਆਂ ਫੁਰਕਦੀਆਂ ਸਨ। ਉਸ ਨੂੰ ਯਾਦ ਆਇਆ ਅਜੇ ਤਿੰਨ ਸਾਲ ਵੀ ਨਹੀਂ ਹੋਏ ਹੋਣੇ, ਜਦੋਂ ਸਰਪੰਚ ਦੀ ਕੁੜੀ ਦੇ ਵਿਆਹ ਉੱਤੇ ਨਾਮੂੰ ਦੌਂਤ ਦੀ ਤੇ ਉਹਦੀ ਇਕ ਭਾਰੇ ਬੱਕਰੇ ਨੂੰ ਇਕੋ ਟੱਪ ਨਾਲ ਵੱਢਣ ਦੀ ਪੰਜਾਹ ਪੰਜਾਹ ਰੁਪੈ ਦੀ ਸ਼ਰਤ ਲੱਗੀ ਸੀ। ਨਾਮਾਂ ਦੌਂਤ ਸਰੀਰੋਂ ਤੇ ਸ਼ਕਤੀ ਪੱਖੋਂ ਉਸ ਨਾਲੋਂ ਕਿਵੇਂ ਵੀ ਘੱਟ ਨਹੀਂ ਸੀ। ਸਗੋਂ ਜੋਗਿੰਦਰ ਨਾਲੋਂ ਅੱਠ-ਦਸ ਸਾਲ ਛੋਟਾ ਹੋਣ ਕਰਕੇ ਜਵਾਨੀ ਦੇ ਸੇਕ ਨਾਲ ਮਘਦਾ ਵੀ ਪਿਆ ਸੀ। ਪਰ ਫਿਰ



ਵੀ ਉਸ ਤੋਂ ਵਾਲ-ਭਰ ਧੌਣ ਅੜੀ ਰਹਿ ਗਈ ਸੀ, ਜਿਸ ਨੂੰ ਉਸ ਨੇ ਕਿਰਪਾਨ ਦੀ ਨੋਕ ਨਾਲ ਹੌਲੀ ਜਿਹੀ ਅੱਡ ਕਰ ਦਿੱਤਾ ਸੀ। ਪਰ ਧੌਣ ਨੂੰ ਕਿਰਪਾਨ ਤਾਂ ਦੂਜੀ ਵਾਰ ਲੱਗ ਹੀ ਗਈ ਸੀ। ਤੇ ਜੋਗਿੰਦਰ ਵੀ ਵਾਰੀ ਉਸ ਨੇ ਐਸਾ ਜ਼ੋਰ ਦਾ ਟੱਪ ਏਨੀ ਸਫ਼ਾਈ ਨਾਲ ਮਾਰਿਆ ਸੀ ਕਿ ਕਿਰਪਾਨ ਜਿਵੇਂ ਗਿੱਲੀ ਚੀਕਨੀ ਮਿੱਟੀ ਵਿਚੋਂ ਸਕਿੰਟਾਂ ਵਿਚ ਹੀ ਆਰ-ਪਾਰ ਹੋ ਗਈ ਸੀ। ਨਾਮੇ ਦੌਂਤ ਨੇ ਚੁੱਪ ਕਰਕੇ ਡੱਬ ਵਿਚੋਂ ਪੰਜਾਹ ਦਾ ਨੋਟ ਕੱਢਿਆ ਤੇ ਉਹਨੂੰ ਫੜਾ ਦਿੱਤਾ ਸੀ ਤੇ ਉਸ ਨੇ ਉਂਜ ਹੀ ਉਹ ਨੋਟ ਕਰਮੇ ਪੰਚ ਵੱਲ ਸਾਂਝੇ 'ਠੱਕਲ-ਪਾਣੀ' ਲਈ ਵਧਾ ਦਿੱਤਾ ਸੀ।

ਪਰ ਇਹ ਕੁੱਤਾ ਮਾਰਨਾ ਉਸ ਨੂੰ ਡਾਢਾ ਔਖਾ ਲੱਗਦਾ ਸੀ। ਇਸ ਨਾਲ ਉਸ ਨੂੰ ਅਜੀਬ ਜਿਹਾ ਮੋਹ ਹੋ ਗਿਆ ਸੀ ਤੇ ਇਸ ਮੋਹ ਦੀਆਂ ਜੜ੍ਹਾਂ ਕੁਝ ਵਧੇਰੇ ਡੂੰਘੀਆਂ ਸਨ। ਚਾਰ-ਪੰਜ ਸਾਲ ਪਹਿਲਾਂ ਜਦੋਂ ਸੁਖਦੇਵ ਵੀ ਮਸਾਂ ਚਾਰ ਕੁ ਸਾਲ ਦਾ ਸੀ ਤਾਂ ਉਹਨੇ ਆਪਣੇ ਨਾਨਕਿਆਂ ਤੋਂ ਇਕ ਨਿੱਕਾ ਜਿਹਾ ਕਤੂਰਾ-ਭੂਰੇ ਜਿਹੇ ਰੰਗ ਦਾ, ਗੋਲ-ਮਟੋਲ ਜਿਹਾ, ਮਸਾਂ ਤਿੰਨ ਚਾਰ ਦਿਨ ਦਾ-ਜ਼ਿਦ ਨਾਲ ਚੁੱਕ ਕੇ ਲੈ ਆਂਦਾ ਸੀ। ਉਹ ਉਹਨੂੰ ਖਿਡੌਣੇ ਵਾਂਗ ਚੁੱਕੀ ਉਹਦਾ ਮੂੰਹ ਚੁੰਮਦਾ ਰਹਿੰਦਾ। ਤੇਰਾਂ-ਚੌਦਾਂ ਸਾਲ ਦਾ ਗੁਰਦੇਵ ਰੂੰ ਦੇ ਫੰਬੇ ਦੁੱਧ 'ਚ ਭਿਉਂ ਭਿਉਂ ਕੇ ਕੁੱਤੇ ਨੂੰ ਖ਼ੁਰਾਕ ਦੇਣ ਵਿਚ ਸੁਖਦੇਵ ਦੀ ਮਦਦ ਕਰਦਾ। ਸੁਖਦੇਵ ਰਾਤ ਨੂੰ ਉਸ ਨੂੰ ਆਪਣੇ ਬਿਸਤਰੇ 'ਤੇ ਹੀ ਲੈ ਕੇ ਸੌਂ ਜਾਂਦਾ। ਸੁਖਦੇਵ ਦੇ ਸੌਣ ਪਿੱਛੋਂ ਸੁੱਤੇ ਪਏ ਕਤੂਰੇ ਨੂੰ ਬੀਰੋ ਹੌਲੀ ਜਿਹੀ ਚੁੱਕ ਕੇ ਹੇਠਾਂ ਉਤਾਰ ਦਿੰਦੀ ਤਾਂ ਉਹ ਮੰਜੇ ਦੇ ਪਾਵੇ ਨਾਲ ਬੂਥਣੀ ਲਾਈ ਲੇਟ ਜਾਂਦਾ। ਦਿਨੇ ਉੱਠਦਿਆਂ ਹੀ ਸੁਖਦੇਵ ਪਹਿਲਾਂ ਕੁੱਤੇ ਨੂੰ ਲੱਭਦਾ। "ਮੇਰਾ ਰੌਕੀ...ਮੇਰਾ ਰੌਕੀ..." ਕਹਿੰਦਾ ਉਹਨੂੰ ਜੱਫੀਆਂ ਪਾਉਂਦਾ। ਮਾਂ ਤੋਂ ਕੌਲੀ ਵਿਚ ਦੁੱਧ ਪੁਆਉਂਦਾ ਤੇ ਰੂੰ ਨਾਲ ਹੌਲੀ ਹੌਲੀ ਉਹਦੇ ਗਲੇ 'ਚ ਨਚੋੜਦਾ। ਉਸ ਤੋਂ ਬਾਅਦ ਆਪ ਸਵੇਰ ਦੀ ਰੋਟੀ ਖਾਂਦਾ। ਗੋਲ-ਮਟੋਲ ਭੋਲੂ ਜਿਹਾ ਕਤੂਰ ਸਾਰੇ ਟੱਬਰ ਨੂੰ ਬੜਾ ਹੀ ਪਿਆਰਾ ਲੱਗਦਾ। ਚੰਗੀ ਤਰ੍ਹਾਂ ਅੱਖੀਆਂ ਵੀ ਨਾ ਖੁੱਲ੍ਹੀਆਂ ਹੋਣ ਕਰਕੇ ਉਹ ਹੌਲੀ ਹੌਲੀ ਤੁਰਿਆ ਫਿਰਦਾ ਕਦੀ ਕਿਸੇ ਦੇ ਪੈਰਾਂ ਹੇਠਾਂ ਆ ਜਾਂਦਾ ਤੇ ਕਦੀ ਕਿਸੇ ਦੇ।

ਇਕ ਦਿਨ ਸਵੇਰੇ ਉੱਠਦਿਆਂ ਹੀ ਸੁਖਦੇਵ ਨੇ ਰੌਕੀ ਨੂੰ ਦੁੱਧ ਪਿਆਇਆ ਤੇ ਉਹਨੂੰ ਕੁੱਛੜ ਚੁੱਕੀ ਚੌਤਰੇ 'ਚ ਰੋਟੀ ਖਾਣ ਆ ਬੈਠਾ।

"ਇਹਨੂੰ ਲਾਹ ਕੇ ਆ ਕੁਲੱਗਦੇ ਨੂੰ ਹੇਠਾਂ, ਚੌਤਰੇ 'ਚ ਵੀ ਨਾਲ ਈ ਚੁੱਕੀ ਫਿਰਦਾਂ। ਕੀ ਗੰਦ ਪਾਇਆ ਇਹਨਾਂ..." ਬੀਰੋ ਨੇ ਦੋਹਾਂ ਭਰਾਵਾਂ ਨੂੰ ਝਿੜਕਿਆ। ਉਹਨੂੰ ਹਰ ਵੇਲੇ ਸੁਖਦੇਵ ਦੇ ਕਤੂਰਾ ਚੁੱਕੀ ਫਿਰਨ 'ਤੇ ਖਿਝ ਆ ਰਹੀ ਸੀ। ਝਿੜਕ ਪੈਣ 'ਤੇ ਸੁਖਦੇਵ ਡਰਦਾ ਹੋਇਆ ਉਹਨੂੰ ਬਾਹਰਲੀ ਕੰਧ ਕੋਲ ਇੱਟਾਂ ਰੱਖ ਕੇ ਕੁੱਤੇ ਲਈ ਬਣਾਏ ਘਰ ਵਿਚ ਰੱਖਣ ਤੁਰ ਗਿਆ। ਕੁੱਤੇ ਨੂੰ ਬੋਰੀ ਉੱਤੇ ਬਿਠਾ ਕੇ, ਪੋਲਾ ਜਿਹਾ ਥਾਪੜ ਕੇ "ਮੇਰਾ ਰੌਕੀ...ਸੋਹਣਾ ਰੌਕੀ...." ਕਹਿੰਦਾ ਮਾਂ ਕੋਲ ਰੋਟੀ ਖਾਣ ਆ ਲੱਗਾ। ਪਰੌਂਠੀ ਖਾ ਕੇ ਜਦੋਂ ਉਹ ਕਤੂਰੇ ਦੇ ਘਰ ਕੋਲ ਗਿਆ ਤਾਂ ਵੇਖਿਆ, ਕਤੂਰਾ ਤਾਂ ਉੱਥੇ ਹੈ ਹੀ ਨਹੀਂ ਸੀ। ਕਮਰਿਆਂ ਦੇ ਅੰਦਰ-ਬਾਹਰ ਉਹ ਕਤੂਰਾ ਲੱਭ ਰਿਹਾ ਸੀ। ਉਹਨੂੰ ਵੇਖ ਕੇ ਗੁਰਦੇਵ ਵੀ ਉਹਦੇ ਨਾਲ ਲੱਗ ਗਿਆ। ਹਵੇਲੀ ਦੀਆਂ ਵਿੱਥਾਂ-

ਖੂੰਜਿਆਂ 'ਚ ਵੇਖ ਜਦੋਂ ਉਹ ਦੋਵੇਂ ਸੋਟੀ ਲੈ ਕੇ ਪੇਟੀ ਥੱਲੇ ਫੇਰ ਰਹੇ ਸਨ ਕਿ ਕਿਤੇ ਏਥੇ ਨਾ ਲੁਕਿਆ ਹੋਵੇ ਤਾਂ ਅਚਨਚੇਤ ਮੰਜੀ 'ਤੇ ਬੈਠੇ ਚਾਹ ਪੀਂਦੇ ਜੁਗਿੰਦਰ ਨੂੰ ਯਾਦ ਆਇਆ, ਜਿਵੇਂ ਕੁਝ ਪਲ ਪਹਿਲਾਂ ਚੱਲਦੀ ਮੋਟਰ ਤੇ ਖੜਾਕ ਵਿਚ ਉਹਨੇ 'ਚਊਂ ਚਊਂ' ਦੀ ਮੱਧਮ ਜਿਹੀ ਆਵਾਜ਼ ਸੁਣੀ ਸੀ, ਜਿਸ ਨੂੰ ਉਸਨੇ ਅਣਗੌਲਿਆਂ ਕਰ ਛੱਡਿਆ ਸੀ। ਉਹ ਚੁੱਪ-ਚਪੀਤਾ ਉੱਠਿਆ ਤੇ ਬਾਹਰ ਪੈਲੀਆਂ ਵਿਚ ਇਧਰ-ਉਧਰ ਵੇਖਣ ਲੱਗਾ।

"ਕੀ ਗੱਲ ਸੋਨੇ ਦੀਆਂ ਮੁਹਰਾਂ ਤਾਂ ਨਹੀਂ ਗਵਾਚ ਗਈਆਂ....ਕੀ ਲੱਭੀ ਜਾਨੈਂ...ਸਵੇਰੇ ਸਵੇਰੇ...?" ਉਹਨੂੰ ਇਂਜ ਕੁਝ ਲੱਭਦਿਆਂ ਵੇਖ ਕੇ ਕੁੰਦੂ ਫੌਜੀ ਨੇ ਪੁੱਛਿਆ।

"ਯਾਰ! ਆਹ ਸੁੱਖੇ ਦਾ ਕਤੂਰਾ ਵਿੰਹਦਾ ਫਿਰਦਾ।"

"ਕਿੱਡਾ ਕੁ ਸੀ? ਕਿੱਦਾਂ ਦਾ ਸੀ?"

"ਭੂਰੇ ਜਿਹੇ ਰੰਗ ਦਾ, ਮਸਾਂ ਛੇ-ਸੱਤਾਂ ਦਿਨਾ ਦਾ ਹੋਊ। ਆਪਣੇ ਮਾਮਿਆਂ ਤੋਂ ਲਿਆਂਦਾ ਸੁ। ਉਹਨਾਂ ਦੀ ਨਸਲ ਦੀ ਕੁੱਤੀ ਆ ਅਲਸ਼ੇਸ਼ਨ...ਪਿਛਲੇ ਦਿਨੀਂ ਗਿਆ ਤਾਂ ਰਿਹਾੜੇ ਪੈ ਗਿਆ...ਅਖੇ ਲੈ ਕੇ ਜਾਣਾ....ਅਸੀਂ ਵੀ ਆਖਿਆ...ਉਹਨਾਂ ਵੀ ਬੜਾ ਸਮਝਾਇਆ ਪਈ ਥੋੜ੍ਹਾ ਵੱਡਾ ਹੋ ਲੈਣ ਦੇਹ....ਛੱਡ ਆਵਾਂਗੇ....ਪਰ ਨਿਆਣੇ ਦੀ ਜਿਦ ਅਖੇ ਨਹੀਂ...ਮੈਂ ਤਾਂ ਅਬੀ ਖੜੂੰਗਾ...." ਆਸੇ-ਪਾਸੇ ਭਾਲਦੀਆਂ ਨਜ਼ਰਾਂ ਨਾਲ ਵੇਖਦਾ ਜੋਗਿੰਦਰ ਦੱਸੀ ਜਾ ਰਿਹਾ ਸੀ।

"ਉਹਦਾ ਤਾਂ ਕੰਮ ਹੋ ਗਿਆ ਫਿਰ" ਕੁੰਦੂ ਨੇ ਕਿਹਾ।

ਹੈਰਾਨੀ ਨਾਲ ਜੋਗਿੰਦਰ ਉੱਥੇ ਹੀ ਖੜੇ ਕੇ ਉਹਦੇ ਮੂੰਹ ਵੱਲ ਵੇਖਣ ਲੱਗਾ।

"ਸੀਤਲ ਦੀ ਕਾਲੀ ਕੁੱਤੀ ਉਹਨੂੰ ਲਈ ਜਾਂਦੀ ਸੀ ਆਹ ਪਰਲੀ ਵੱਟੇ। ਮੈਂ ਜਾਤਾ ਕੋਈ ਸਹਿਆ ਹੋਣਾ...ਕੁੱਤੀ ਨੂੰ ਦਬਕਾਇਆ ਵੀ....ਪਈ ਸੁੱਟ ਦਊ ਥੱਲੇ। ਪਰ ਉਹ ਪਰਲੀ ਵੱਟੇ ਸਿੱਧੀ ਛੂਟਾਂ ਵੱਟ ਗਈ..."

ਜੋਗਿੰਦਰ ਕਾਹਲੀ ਤੇ ਉਤਸੁਕਤਾ ਨਾਲ ਕੁੰਦੂ ਦੀ ਦੱਸੀ ਵੱਟੇ ਤੁਰੀ ਗਿਆ। ਸਾਧੇ ਸੀਤਲ ਦੀ ਬੰਬੀ ਦੇ ਉਰਲੇ ਪਾਸੇ ਪਏ ਕਾਨਿਆਂ ਦੇ ਢੇਰ ਉੱਤੇ ਸਾਹਮਣੇ ਪਿਆ ਕਤੂਰਾ ਉਹਨੂੰ ਦਿੱਸ ਪਿਆ। ਕਾਲੀ ਕੁੱਤੀ ਪਰ੍ਹਾਂ ਪੈਲੀਆਂ ਵਿਚ ਤੁਰੀ ਫਿਰਦੀ ਸੀ। ਜੋਗਿੰਦਰ ਦੇ ਲਪਕ ਕੇ ਕਤੂਰੇ ਨੂੰ ਚੁੱਕਿਆ। ਸ਼ਾਇਦ ਕੋਈ ਸਾਹ-ਪਰਾਣ ਬਾਕੀ ਹੋਣ। ਕਤੂਰੇ ਦੇ ਕੂਲੇ ਪੇਟ ਅਤੇ ਧੌਣ ਵਿਚ ਦੰਦ ਖੁੱਭੇ ਹੋਏ ਸਨ ਤੇ ਢਿੱਡ ਦੇ ਗੁਲਾਬੀ ਹਿੱਸੇ ਵਿਚ ਇਕ-ਦੋ ਥਾਈਂ ਲਹੂ ਦੀਆਂ ਬੂੰਦਾਂ ਸਿੰਮੀਆਂ ਹੋਈਆਂ ਸਨ। ਸਵੇਰੇ ਪੀਤਾ ਹੋਇਆ ਦੁੱਧ ਉਹਦੀਆਂ ਵਰਾਛਾਂ ਵਿਚੋਂ ਬਾਹਰ ਨਿਕਲਿਆ ਹੋਇਆ ਸੀ ਤੇ ਰੂੰ ਦਾ ਗੋਹੜਾ ਜਿਹਾ ਉਹ ਨੰਨ੍ਹਾ ਕਤੂਰਾ ਜੋਗਿੰਦਰ ਦੇ ਦੋਹਾਂ ਭਾਰੇ ਹੱਥਾਂ ਵਿਚ ਲੜ੍ਹਕਿਆ ਹੋਇਆ ਸੀ। ਕਤੂਰੇ ਨੂੰ ਹੱਥਾਂ 'ਚ ਸੰਭਾਲੀ ਉਹ ਘਰਿਕ ਵੱਲ ਤੁਰ ਪਿਆ। ਉਹਨੂੰ ਹੱਥਾਂ ਵਿਚ ਕੁਝ ਚੁੱਕੀ ਆਉਂਦੇ ਵੇਖ ਦੋਹਵੇਂ ਭਰਾ ਅੱਗਲਵਾਂਢੀ ਦੌੜੇ ਆਏ।

"ਭਾਅ ਲੱਭ ਗਿਆ ਰੌਕੀ?" ਗੁਰਦੇਵ ਨੇ ਪੁੱਛਿਆ।

"ਲੱਭ ਗਿਆ....ਲੱਭ ਗਿਆ...ਮੇਰਾ ਰੌਕੀ..." ਕਹਿੰਦਾ ਹੋਇਆ ਸੁਖਦੇਵ



ਲਪਕ ਕੇ ਜੋਗਿੰਦਰ ਦੇ ਹੱਥਾਂ ਨੂੰ ਪਿਆ।

"ਕਤੂਰਾ ਤਾਂ ਤੇਰਾ ਕੁੱਤੀ ਨੇ ਮਾਰ 'ਤਾ ਪੁੱਤ" ਜੋਗਿੰਦਰ ਨੂੰ ਲੱਗਾ ਉਹਦੀ ਆਵਾਜ਼ ਕੁਝ ਭਾਰੀ-ਭਾਰੀ ਸੀ।

ਸੁਖਦੇਵ ਤਾਂ ਇਕ ਪਲ ਲਈ ਜਿਵੇਂ ਸੁੰਨ ਹੋ ਗਿਆ। ਉਹਨੇ ਦੋਹਾਂ ਹੱਥਾਂ 'ਚ ਕਤੂਰਾ ਫੜ ਲਿਆ। ਬਿਟਰ ਬਿਟਰ ਅੱਖਾਂ ਪਾੜ ਪਾੜ ਉਸ ਵੱਲ ਵੇਖਣ ਲੱਗਾ। ਉਹਦੀ ਕੂਲੀ ਭੂਰੀ ਜੱਤ ਵਿਚ ਹੱਥ ਫੇਰਿਆ ਤੇ ਉਸ ਨੂੰ ਉਲਟ-ਪੁਲਟ ਕੇ ਵੇਖਿਆ ਤੇ ਫਿਰ ਇਕਦਮ ਉਸ ਦੀ ਉੱਚੀ ਸਾਰੀ ਡਾਡ ਨਿਕਲ ਗਈ, "ਓ ਭਾਅ! ਮੇਰਾ ਕਤੂਰਾ...ਹਾਏ ਉਏ ਮੇਰਾ ਰੌਕੀ। ਉਏ ਭਾਅ ਉਹ ਕੁੱਤੀ ਕਿੱਥੇ.... ਜੀਹਨੇ ਮੇਰਾ ਕਤੂਰਾ ਮਾਰ 'ਤਾ। ਨੀ ਬੀਬੀ ਮੇਰਾ ਰੌਕੀ ਮਰ ਗਿਆ ਨੀ... ਹਾਏ ਉਏ.... ਨੀ ਬੀਬੀ ਵੇਖ ਇਹਦੇ ਮੂੰਹ 'ਚੋਂ ਦੁੱਧ ਵਗਿਆ। ....ਨੀ ਮਾਂ ਆਹ ਵੇਖ ਲਹੂ ਵਗਿਆ ਪੋਲੇ ਜਿਹੇ ਢਿੱਡ 'ਚੋਂ... ਰੌਕੀ! ਮੇਰਿਆ ਰੌਕੀ... ਤੂੰ ਬੋਲਦਾ ਨਹੀਂ ਉਏ.... ਹਾਏ ਉਏ!" ਉਸ ਨੇ ਕਤੂਰੇ ਦਾ ਮੂੰਹ ਆਪਣੇ ਵੱਲ ਸਿੱਧਾ ਕੀਤਾ ਹੋਇਆ ਸੀ ਤੇ ਉੱਚੀ ਉੱਚੀ ਡਾਡਾਂ ਮਾਰੀ ਜਾ ਰਿਹਾ ਸੀ। ਘਰ ਦੇ ਜੀਆਂ ਨੂੰ ਬੁਲਾ ਰਿਹਾ ਸੀ। ਹਰਬੰਸ ਕੌਰ ਲਾਗੇ ਆ ਖੜੀ ਸੀ। ਬੀਰੋ ਵੀ। ਸੁਖਦੇਵ ਵੱਲ ਵੇਖ ਗੁਰਦੇਵ ਦੀਆਂ ਅੱਖਾਂ ਵਿਚ ਵੀ ਅੱਥਰੂ ਆ ਗਏ ਸਨ। ਬੁੱਤ ਬਣਿਆਂ ਜੋਗਿੰਦਰ ਉਹਨਾਂ ਨੂੰ ਵੇਖ ਰਿਹਾ ਸੀ। ਪੁੱਤਰ ਦਾ ਦਰਦ ਭਰਿਆ ਵਿਰਲਾਪ ਉਹਦੇ ਮਨ ਨੂੰ ਛੂਹ ਗਿਆ ਸੀ।

"ਬੱਸ ਪੁੱਤ! ...ਬੱਸ! ....ਮਰ ਗਿਆ ਇਹ ਤਾਂ...ਕੋਈ ਨਹੀਂ ਆਪਾਂ ਹੋਰ ਕਤੂਰਾ ਲੈ ਆਵਾਂਗੇ। ਬੱਸ ਮੇਰਾ ਲਾਲ।" ਹਰਬੰਸ ਕੌਰ ਨੇ ਉਹਨੂੰ ਗਲ੍ਹ ਨਾਲ ਲਾਇਆ ਤੇ ਹੱਥੋਂ ਕਤੂਰਾ ਫੜ ਕੇ ਗੁਰਦੇਵ ਨੂੰ ਫੜਾਇਆ।

"ਫੜ....ਦੱਬ ਦੇ ਇਹਨੂੰ...ਆਪਾਂ ਮੋਏ ਕੁੱਤੇ ਦਾ ਕੀ ਕਰਨਾ।"

"ਨੀ ਮਾਂ! ਮੇਰਾ ਰੌਕੀ ਕੁੱਤੀ ਨੇ ਮਾਰ ਤਾ...ਉਏ ਰੌਕੀ....ਹਾਇ! ਉਏ ਰੌਕੀ..." ਗੁਰਦੇਵ ਤੋਂ ਫੜ ਕੇ ਉਸ ਨੇ ਰੌਕੀ ਨੂੰ ਆਪਣੇ ਵੱਲ ਇਂਜ ਸਿੱਧਾ ਕੀਤਾ, ਜਿਵੇਂ ਉਸ ਨਾਲ ਗੱਲਾਂ ਕਰ ਰਿਹਾ ਹੋਵੇ।

"ਲੈ ਆਏ ਚੁੱਕ ਕੇ। ਜੇ ਮਰ ਗਿਆ ਸੀ ਤਾਂ ਪਰ੍ਹਾਂ ਸੁੱਟ ਆਉਂਦੇ। ਜ਼ਰੂਰ ਨਿਆਣੇ ਦਾ ਮਨ ਅਵਾਜ਼ਾਰ ਕਰਨਾ ਸੀ..." ਬੀਰੋ ਦਾ ਸੁਖਦੇਵ ਨੂੰ ਜੱਫੀ ਪਾ ਕੇ ਵਰਾਉਂਦਿਆਂ ਆਪਣਾ ਵੀ ਮਨ ਭਰ ਆਇਆ ਤੇ ਮੋਟੇ ਮੋਟੇ ਅੱਥਰੂ ਉਹਦੀਆਂ ਅੱਖਾਂ 'ਚੋਂ ਕਿਰਨ ਲੱਗੇ।

"ਹੈ ਕੀ ਪਾਖੰਡ ਕਰਨ ਡਿਹਾ ਸਾਰਾ ਟੱਬਰ...ਕਤੂਰਾ ਮਰ ਗਿਆ ਕਿ ਕੀ ਆਖ਼ਰ ਆ ਗਈ। ਹਾਇਆ!..." ਤਿੰਨਾਂ ਮਾਂ-ਪੁੱਤਾਂ ਨੂੰ ਰੋਂਦਾ ਵੇਖ ਹਰਬੰਸ ਕੌਰ ਨੇ ਮੁਸਕਰਾਉਣ ਦਾ ਯਤਨ ਕਰਦਿਆਂ ਜੋਗਿੰਦਰ ਵੱਲ ਵੇਖਿਆ। ਜੋਗਿੰਦਰ ਹੱਸ ਪਿਆ। ਗੱਲ ਵੀ ਕੀ ਸੀ। ਛੇ-ਸੱਤ ਦਿਨ ਦਾ ਨਿੱਕਾ ਜਿਹਾ ਕਤੂਰਾ ਮਰ ਗਿਆ ਸੀ ਤੇ ਬੱਸ।

"ਹੈ ਕਮਲੇ ਨਾ ਹੋਣ ਤਾਂ। ਰੋਈ ਜਾਂਦੇ ਨੇ..." ਜੋਗਿੰਦਰ ਹੱਸ ਰਿਹਾ ਸੀ, "ਚੁੱਪ ਕਰ ਘੱਗਲ ਜਿਹਾ ਨਾ ਹੋਵੇ ਤਾਂ। ਸ਼ੇਰ-ਪੁੱਤ ਹੋ ਕੇ ਵੀ ਰੋਈਦੈ? ਤੇ ਤੂੰ ਕੀ ਕਮਲ ਕੁਦਾਉਣ ਡਹੀ ਏਂ? ...ਨਿਆਣੀ ਏਂ ਤੂੰ?" ਉਹਨੇ ਹਾਸੇ ਵਿਚ, ਰੋਂਦੀ ਬੀਰੋ ਨੂੰ

ਦਬਕਾਇਆ, ਤੇ ਫਿਰ ਗੁਰਦੇਵ ਨੂੰ ਘੂਰੀ ਵੱਟੀ, "ਆਹ ਵੇਖ ਖਾਂ ਬੌਂਤਰ ਜਿਹਾ। ਦਾੜ੍ਹੀ ਮੂੰਹ 'ਤੇ ਆਉਣ ਲੱਗੀ ਆ..."

ਹੱਸਦਿਆਂ-ਹੱਸਦਿਆਂ ਗੁਰਦੇਵ ਨੇ ਅੱਖਾਂ ਪੂੰਝ ਲਈਆਂ। ਬੀਰੋ ਨੇ ਸੁਖਦੇਵ ਨੂੰ ਨਾਲ ਘੁੱਟਦਿਆਂ ਵਰਾਇਆ, "ਚੱਪ ਮੇਰਾ ਬੀਬਾ ਪੁੱਤ! ਆਪਾਂ ਅੱਜੇ ਜਾ ਕੇ ਤੇਰੇ ਮਾਮੇ ਕੋਲੋਂ ਕਤੂਰਾ ਲੈ ਕੇ ਆਵਾਂਗੇ। ਏਦੂੰ ਵੀ ਸੋਹਣਾ, ਤੂੰ ਰੋਂਦਾ ਕਿਉਂ ਏਂ?"

ਸਾਰਾ ਦਿਨ ਉਹਨਾਂ ਦੇ ਘਰ ਵਿਚ ਦੁਖਾਂਤਕ ਮਾਹੌਲ ਬਣਿਆ ਰਿਹਾ। ਸੁਖਦੇਵ ਰੌਕੀ ਨੂੰ ਵਾਰ-ਵਾਰ ਯਾਦ ਕਰਦਾ ਤੇ ਬੁਸਕਣ ਲੱਗ ਪੈਂਦਾ। ਦੁਪਹਿਰ ਵੇਲੇ ਥਾਪੜ ਕੇ ਘੜੀ ਪਲ ਸੁਆਇਆ ਵੀ ਤਾਂ ਸੁੱਤਾ ਪਿਆ ਚੀਕ ਮਾਰ ਕੇ ਉੱਠ ਬੈਠਾ। "ਰੌਕੀ ਰੌਕੀ" ਕਰ ਕੇ ਰੋਣ ਲੱਗਾ।

"ਜਾਹ ਕੁੜੇ ਲਿਆ ਦਿਓ ਮੁੰਡੇ ਨੂੰ ਕੁੱਤਾ....ਨਾਲ ਜਾ ਕੇ। ਕਿਧਰੇ ਨੇ-ਜਾਣੀਆਂ ਨਿਆਣੇ ਨੂੰ ਕੁਝ ਹੋ 'ਜੇ..." ਦਾਦੀ ਨੇ ਸੁਖਦੇਵ ਨੂੰ ਛਾਤੀ ਨਾਲ ਘੁੱਟ ਲਿਆ।

ਸ਼ਾਮ ਨੂੰ ਜੋਗਿੰਦਰ ਤੇ ਬੀਰੋ ਸੁਖਦੇਵ ਨੂੰ ਲੈ ਕੇ ਉਹਦੇ ਨਾਨਕੇ ਗਏ ਅਤੇ ਆਪਣੀ ਕਹਾਣੀ ਦੱਸ ਕੇ ਅਗਲੇ ਦਿਨ, ਉਹਨਾਂ ਦਾ ਆਪਣੇ ਲਈ ਰੱਖਿਆ ਸਭ ਤੋਂ ਵਧੀਆ ਕਤੂਰਾ ਚੁੱਕ ਕੇ ਲੈ ਆਏ।

ਤੇ ਇਸ ਕਤੂਰੇ ਦੇ ਪਾਲਣ-ਪੋਸ਼ਣ ਵਿਚ ਹੁਣ ਜੋਗਿੰਦਰ ਵੀ ਦਿਲਚਸਪੀ ਲੈਣ ਲੱਗਾ ਸੀ। ਪਹਿਲਾ ਬੱਚਾ ਗੁਜ਼ਰ ਜਾਣ ਤੋਂ ਪਿੱਛੋਂ ਮਾਪੇ ਜਿਵੇਂ ਦੂਜੇ ਬੱਚੇ ਨੂੰ ਵਧੇਰੇ ਧਿਆਨ ਅਤੇ ਲਾਡ ਨਾਲ ਪਾਲਦੇ ਹਨ, ਇਸ ਹੀ ਉਹਨਾਂ ਦੇ ਸਾਰੇ ਜੀਅ ਨਵੇਂ ਕਤੂਰੇ ਵੱਲ ਧਿਆਨ ਦੇਣ ਲੱਗ ਪਏ ਸਨ। ਅੱਗੇ ਜੇ 'ਕੱਲੇ ਸੁਖਦੇਵ ਦਾ ਕਤੂਰਾ ਸੀ ਤਾਂ ਹੁਣ ਸਾਰੇ ਟੱਬਰ ਦਾ। ਨਵੇਂ ਕਤੂਰੇ ਦਾ ਨਵਾਂ ਟੌਮੀ ਰੱਖਿਆ ਗਿਆ। ਜੋਗਿੰਦਰ ਵੀ ਕਈ ਵਾਰ ਬਾਹਰੋਂ ਆਉਂਦਾ ਤਾਂ ਟੌਮੀ ਨੂੰ ਹੱਥਾਂ ਵਿਚ ਚੁੱਕ ਕੇ ਪਿਆਰਦਾ, ਦੁਲਾਰਦਾ। ਉਹਦੀ ਕੂਲੀ ਕੂਲੀ ਜੱਤ 'ਤੇ ਹੱਥ ਫੇਰਦਾ। ਉਹਦੇ ਕੰਨਾਂ ਨੂੰ ਪੋਲੇ ਪੋਲੇ ਸਹਿਲਾਉਂਦਾ। ਇਕ ਦਿਨ ਹਵੇਲੀ ਦੁਆਲੇ ਕਾਲੀ ਕੁੱਤੀ ਨੂੰ ਭੌਂਦਿਆਂ ਵੇਖ ਕੇ ਉਹਨੇ ਉਸ ਦੀ ਅੱਖ ਬਚਾ ਕੇ ਐਸੀ ਕਰਾਰੀ ਡਾਂਗ ਮਾਰੀ ਸੀ ਕਿ ਉਹ ਲੰਗੜਾਉਂਦੀ ਲੰਗੇ "ਚੂੰ...ਚੂੰਅ..." ਕਰਦੀ ਦੌੜ ਗਈ।

ਨਿੱਕਾ ਜਿਹਾ ਟੌਮੀ ਉਹਨਾਂ ਦੀ ਆਵਾਜ਼ 'ਤੇ ਨਿੱਕੇ ਨਿੱਕੇ ਕਦਮੀਂ ਭੱਜਾ ਆਉਂਦਾ। ਉਹਨਾਂ ਦੀਆਂ ਲੱਤਾਂ ਨਾਲ ਲਿਪਟ-ਲਿਪਟ ਜਾਂਦਾ। ਉਹਨਾਂ ਦੇ ਪੈਰਾਂ ਨੂੰ ਚੁੰਮਦਾ-ਚੱਟਦਾ ਰਹਿੰਦਾ। ਪਹਿਲੇ ਕੁੱਤੇ ਵਾਂਗ ਇਹ ਵੀ ਕਿਧਰੇ ਮਾਰਿਆ ਨਾ ਜਾਵੇ-ਇਹ ਸੋਚ ਕੇ ਟੱਬਰ ਦੇ ਸਾਰੇ ਜੀਅ ਹੀ ਉਸ ਵੱਲ ਕੁਝ ਵਧੇਰੇ ਧਿਆਨ ਦਿੰਦੇ। ਜੇ ਉਹ ਘੜੀ ਪਲ ਅੱਖੋਂ ਓਹਲੇ ਹੋ ਜਾਂਦਾ ਤਾਂ ਸਾਰੇ ਲੱਭਣ ਲਈ ਦੌੜ ਪੈਂਦੇ। ਘਰ ਦਾ ਦੁੱਧ, ਘਰ ਦੀਆਂ ਕੁੱਕੜੀਆਂ ਦੇ ਅੰਡੇ, ਵੇਲੇ ਸਿਰ ਰੋਟੀ, ਵੇਲੇ ਸਿਰ ਪਾਣੀ। ਬੰਬੀ ਦੇ ਚੁਬੱਚੇ ਵਿਚ ਮਲ ਮਲ ਕੇ ਨ੍ਹਾਈ-ਧੋਈ। ਇਹ ਜਿਵੇਂ ਹਰੇਕ ਦਾ ਫਰਜ਼ ਹੀ ਬਣ ਗਿਆ ਸੀ। ਟੌਮੀ ਦਿਨ-ਬ-ਦਿਨ ਵੱਡਾ ਹੋ ਰਿਹਾ ਸੀ। ਪਰ ਪਹਿਲੇ ਖ਼ੌਫ ਕਰਕੇ ਜੋਗਿੰਦਰ ਉਹਨੂੰ ਹਰ ਰਾਤ ਨੂੰ ਆਪਣੀ ਮੰਜੀ ਉੱਤੇ ਪੈਂਦ ਵੱਲ ਲਿਟਾ ਦਿੰਦਾ। ਕਈ ਵਾਰ ਘਰ ਵਿਚ



ਹਾਸੜ ਵੀ ਮੱਚ ਜਾਂਦੀ। ਸਾਰੇ ਆਖਦੇ, "ਸੁਖਦੇਵ ਬੀਬੀ ਦਾ, ਗੁਰਦੇਵ ਦਾਦੀ ਦਾ ਤੇ ਟੌਮੀ ਜੋਗਿੰਦਰ ਦਾ ਪੁੱਤ ਸੀ..."

ਜੋਗਿੰਦਰ ਹੱਸ ਛੱਡਦਾ, ਪਰ ਟੌਮੀ ਨੂੰ ਹਰ ਰੋਜ਼ ਉਹ ਆਪਣੇ ਬਿਸਤਰੇ 'ਤੇ ਆਪਣੀ ਪੈਂਦ ਵੱਲ ਲਿਟਾ ਲੈਂਦਾ। ਕਈ ਵਾਰ ਰਾਤ ਨੂੰ ਸੁੱਤੇ-ਸੁੱਤੇ ਜੋਗਿੰਦਰ ਦੀਆਂ ਲੱਤਾਂ ਵਿਚ ਉਹਦੀ ਲੱਛੇਦਾਰ ਜੱਤ ਸਰਸਰਾਉਂਦੀ ਜਾਂ ਉਹਦਾ ਸਿੱਲ੍ਹਾ ਮੂੰਹ ਉਹਦੇ ਪੈਰਾਂ ਨਾਲ ਲੱਗ ਜਾਂਦਾ ਤਾਂ ਉਹ ਉੱਠ ਕੇ ਉਸ ਨੂੰ ਪੋਲੇ ਜਿਹੇ ਚੁੱਕ ਕੇ ਫੇਰ ਪੈਰਾਂ ਤੋਂ ਇਕ ਪਾਸੇ ਰੱਖ ਦਿੰਦਾ। ਦਿਨ ਚੜ੍ਹਨ ਵੇਲੇ ਚਿੜੀਆਂ ਦੀ ਚੂੰ-ਚੂੰ ਤੇ ਟੌਮੀ ਦੀ "ਚਊਂ-ਚਊਂ" ਨਾਲ ਹੀ ਜੋਗਿੰਦਰ ਦੀ ਜਾਗ ਖੁੱਲ੍ਹਦੀ।

ਰੱਜਵੀਂ ਖ਼ੁਰਾਕ ਤੇ ਸੇਵਾ ਅਤੇ ਰੱਜਵਾਂ ਪਿਆਰ। ਟੌਮੀ ਦਿਨਾਂ ਵਿਚ ਹੀ ਕੱਦ ਕੱਢ ਆਇਆ ਸੀ ਤੇ ਹੁਣ ਤਾਂ ਉਹ ਨਿਰਾ ਬਘਿਆੜ ਸੀ। ਸ਼ੇਰ ਵਰਗੀ ਗਰਜ। ਉਹਦੇ ਹੁੰਦਿਆਂ ਰਾਤ ਨੂੰ ਦਸ-ਦਸ ਪੈਲੀਆਂ ਤਕ ਕੋਈ ਬੰਦਾ ਬਹਿਕ ਨੇੜੇ ਨਹੀਂ ਸੀ ਆ ਸਕਦਾ।

ਤੇ ਏਸੇ ਟੌਮੀ ਨੂੰ ਮਾਰ ਦੇਣ ਲਈ ਸਾਧਾ ਸੀਤਲ ਉਸ ਨੂੰ ਆਖਦਾ ਸੀ। ਏਸੇ ਨੂੰ ਮਾਰਨ ਦਾ ਸੁਨੇਹਾ, ਬਕੌਲ ਸੀਤਲ, "ਬਾਊ" ਦੇ ਗਏ ਸਨ। ਤੇ ਉਹਨਾਂ ਦਾ ਡਰਾਵਾ ਦਿੰਦਿਆਂ ਹੀ ਸਾਧਾ ਸੀਤਲ ਆਖ ਰਿਹਾ ਸੀ, "...ਜੇ ਫ਼ੌਜਾਂ ਚੜ੍ਹ ਕੇ ਆ ਗਈਆਂ ਲਾ ਚੋਟ ਨਗਾਰੇ..."

...ਖ਼ਬਰੇ ਫ਼ੌਜਾਂ ਸੱਚੀਂ ਚੜ੍ਹ ਆਈਆਂ ਸਨ। ਕੁੱਤਾ ਭੌਂਕੀ ਜਾ ਰਿਹਾ ਸੀ। ਦੂਰੋਂ ਬੰਦਿਆਂ ਦੇ ਗੱਲਾਂ ਕਰਨ ਦੀ ਆਵਾਜ਼ ਉਹਦੇ ਕੰਨਾਂ ਵਿਚ ਗੂੰਜ ਰਹੀ ਸੀ। ਉਸ ਨੇ ਹੋਰ ਗਹੁ ਨਾਲ ਸੁਣਿਆ, ਜਿਵੇਂ ਕੋਈ ਉਸ ਨੂੰ ਉੱਚੀ ਸਾਰੀ ਆਵਾਜ਼ ਦੇ ਰਿਹਾ ਸੀ। ਰੋਹ ਅਤੇ ਗੁੱਸੇ ਵਿਚ ਉਬਲਦੀ ਆਵਾਜ਼ ਕੁੱਤੇ ਦੇ ਭੌਂਕਣ ਦੇ ਸ਼ੋਰ ਵਿਚ ਗੁੰਮ-ਗੁਆਚ ਗਈ ਸੀ।

"ਵੇ ਕੁੱਤੇ ਨੂੰ ਪੁਚਕਾਰ ਕੇ ਬੰਨ੍ਹ ਲੈ..." ਹਰਬੰਸ ਕੌਰ ਫਿਰ ਆ ਕੇ ਜੋਗਿੰਦਰ ਨੂੰ ਆਵਾਜ਼ਾਂ ਦੇਣ ਲੱਗੀ।

ਪਹਿਲਾਂ ਵਾਂਗ ਹੀ ਇਕ ਹੋਰ ਆਵਾਜ਼ ਚੇਤਾਵਨੀ ਵਜੋਂ ਚੁੱਪ ਰਾਤ ਵਿਚ ਗੂੰਜੀ ਤੇ ਫਿਰ....

ਠਾਅਹ!

ਗੋਲੀ ਦੀ ਗੜ੍ਹਕਦੀ ਆਵਾਜ਼ ਰਾਤ ਦੇ ਸ਼ਾਂਤ ਮਾਹੌਲ ਨੂੰ ਚੀਰ ਕੇ ਰੱਖ ਗਈ।

ਕੁੱਤਾ ਭੌਂਕਦਾ ਹੋਇਆ ਕੋਠੇ 'ਤੇ ਚੜ੍ਹ ਗਿਆ, ਫਿਰ ਹੇਠਾਂ ਉੱਤਰਿਆ ਅਤੇ ਮੁੜ ਉੱਠ ਕੇ ਕਮਰੇ ਦੇ ਦਰਵਾਜ਼ੇ ਵਿਚ ਆ ਖੜੋਤੇ ਜੋਗਿੰਦਰ ਵੱਲ ਲਪਕ ਕੇ ਪਲ ਭਰ ਲਈ ਉਹਦੇ ਪੈਰਾਂ ਨੂੰ ਮੂੰਹ ਛੁਹਾਇਆ, ਪੂਛ ਹਿਲਾਈ ਤੇ ਭੌਂਕਦਾ ਹੋਇਆ ਹੀ ਬਾਹਰਲੇ ਦਰਵਾਜ਼ੇ ਵੱਲ ਦੌੜ ਗਿਆ।

ਦਰਵਾਜ਼ੇ ਦੀਆਂ ਬਰੂਹਾਂ 'ਚ ਖੜੇ ਜੋਗਿੰਦਰ ਦੀ ਬਾਂਹ ਬੀਰੋ ਨੇ ਫੜ ਲਈ। ਸੁਖਦੇਵ ਨੇ ਉਹਦੇ ਲੱਕ ਨੂੰ ਜੱਫੇ ਵਿਚ ਘੁੱਟ ਲਿਆ। ਜੋਗਿੰਦਰ ਦੇ ਮਨ ਵਿਚ ਇਕ ਛਿਣ ਲਈ ਖ਼ਿਆਲ ਆਇਆ, ਚੰਗਾ ਹੋਇਆ ਗੁਰਦੇਵ ਘਰ ਨਹੀਂ ਸੀ। ਜੋਗਿੰਦਰ ਦੀ

ਭੂਆ ਦੇ ਠਾਣੇਦਾਰ ਪੁੱਤ ਮਹਿੰਦਰ ਨੇ ਆਖ ਕੇ ਛੇ ਕੁ ਮਹੀਨੇ ਹੋਏ ਉਹਨੂੰ ਪੁਲਿਸ ਵਿਚ ਭਰਤੀ ਕਰਵਾ ਦਿੱਤਾ ਸੀ। ਇਧਰੋਂ ਉਹਨੂੰ ਭਰਤੀ ਕਰਾ ਕੇ ਪਿੰਡ ਛੁੱਟੀ ਆਇਆ ਤੇ ਉਧਰੋਂ ਖਾੜਕੂਆਂ ਨੇ ਘਰ ਆਏ ਨੂੰ ਉਹਨੂੰ ਗੋਲੀ ਨਾਲ ਭੁੰਨ ਦਿੱਤਾ ਸੀ। ਉਹ ਪੁਲਿਸ ਵਿਚ ਨੌਕਰੀ ਕਿਉਂ ਕਰਦਾ ਸੀ?

ਤੇ ਹੁਣੇ ਪਹਿਲਾਂ ਚੱਲੀ ਗੋਲੀ ਦੀ ਗੂੰਜ ਅਜੇ ਵੀ ਜੋਗਿੰਦਰ ਦੇ ਕੰਨਾਂ ਵਿਚ ਸ਼ਾਂ-ਸ਼ਾਂ ਕਰ ਰਹੀ ਸੀ।

"ਤੂੰ ਅੰਦਰ ਕਣਕ ਦੀਆਂ ਬੋਰੀਆਂ ਉਹਲੇ ਲੁਕ ਜਾਹ...। ਮੈਂ ਬਾਹਰ ਜਾਨੀ ਆਂ..." ਹਰਬੰਸ ਕੌਰ ਨੇ ਆਖਿਆ ਤੇ ਆਪ ਬਾਹਰਲੇ ਗੇਟ ਵੱਲ ਵਧੀ।

ਜੋਗਿੰਦਰ ਨੂੰ ਲੱਗਾ ਉਹਦਾ ਦਾਦਾ ਬੋੜੇ ਮੂੰਹ ਵਿਚੋਂ ਮੁਸਕਰਾਉਂਦਾ ਹੋਇਆ ਨਿੱਕੀਆਂ ਬਰੀਕ ਅੱਖਾਂ ਨਾਲ ਬੋਰੀਆਂ ਪਿੱਛੇ ਲੁਕਣ ਦੀ ਮਨ ਹੀ ਮਨ ਸਲਾਹ ਕਰਦੇ ਨੂੰ ਵੇਖ ਕੇ ਕਹਿ ਰਿਹਾ ਹੋਵੇ, "ਇਹਨੂੰ ਕਹਿੰਦੇ ਨੇ ਮਰਦਾਨਗੀ!"

ਉਸ ਮਨ ਹੀ ਮਨ ਫ਼ੈਸਲਾ ਕਰ ਲਿਆ।

"ਖਲੋ ਜਾਹ ਟੌਮੀ... ਬੰਦਾ ਬਣ.... ਐਧਰ ਹੋ..." ਜੋਗਿੰਦਰ ਨੇ ਜ਼ੋਰ ਦੀ ਲਲਕਾਰਾ ਮਾਰਦਿਆਂ ਪੈਰ ਦਾ ਛਿੱਤਰ ਲਾਹ ਕੇ ਟੌਮੀ ਵੱਲ ਵਗ੍ਹਾਵਾਂ ਮਾਰਿਆ ਤੇ ਦੂਜੀ ਬਾਂਹ ਝਟਕੇ ਨਾਲ ਬੀਰੋ ਤੋਂ ਛੁਡਾ ਕੇ ਕੁੱਤੇ ਵੱਲ ਹੋਇਆ। ਟੌਮੀ ਵਾਪਸ ਪਰਤਿਆ। ਉਹਨੂੰ ਮਾਲਕ ਦੀ ਮਰਜ਼ੀ ਦਾ ਪਤਾ ਲੱਗ ਗਿਆ ਸੀ। ਪੂਛ ਹਿਲਾਉਂਦਾ ਉਹ ਜੋਗਿੰਦਰ ਦੇ ਹੱਥ ਚੱਟਣ ਨੂੰ ਅਹੁਲਿਆ ਕਿ ਬੀਰੋ ਨੇ ਛੇਤੀ ਨਾਲ ਪਟੇ 'ਚ ਸੰਗਲੀ ਅੜਾ ਕੇ ਉਸ ਨੂੰ ਫੜ ਲਿਆ ਤੇ ਪਿਛਲੇ ਪਾਸੇ ਡੰਗਰਾਂ ਵਾਲੇ ਅੰਦਰ ਉਹਨੂੰ ਬੰਨ੍ਹਣ ਲਈ ਤੁਰ ਪਈ।

ਜੋਗਿੰਦਰ ਬਹਿਕ ਕੇ ਬਾਹਰਲੇ ਗੇਟ ਤੋਂ ਬਾਹਰ ਹੋਇਆ ਤੇ ਬੋਲਾਂ ਵਿਚ ਗੜ੍ਹਕਾ ਕਾਇਮ ਰੱਖਣ ਦਾ ਯਤਨ ਕਰਕੇ ਆਵਾਜ਼ ਦਿੱਤੀ।

"ਆ ਜੋ ਖਾਲਸਾ ਜੀ, ਕੋਈ ਡਰ ਨਹੀਂ..."

"ਡਰ ਸਾਨੂੰ ਕਾਹਦਾ ਹੋਣਾ। ਅਸੀਂ ਤਾਂ ਔਗੇ ਤਲੀ 'ਤੇ ਧਰੀ ਫਿਰਦੇ ਆਂ। ਤੇਰੀ ਖੱਲ 'ਚੋਂ ਈ ਡਰ ਨਿਕਲ ਗਿਆ ਲੱਗਦਾ। ਰਤਾ ਤੈਨੂੰ...." ਆਉਣ ਵਾਲਿਆਂ 'ਚੋਂ ਕਿਸੇ ਇਕ ਦੀ ਤੇਜ਼-ਤਰਾਰ ਆਵਾਜ਼ ਸੀ।

"ਜਾਹ ਜਾਂਦੀਏ! ਖ਼ਬਰੇ ਹੁਣੇ ਕੋਈ ਭਾਣਾ ਵਾਪਰਿਆ ਕਿ ਵਾਪਰਿਆ।" ਸਾਰਾ ਟੱਬਰ ਸੁੰਨ ਹੋ ਗਿਆ ਸੀ।

ਤੇਜ਼-ਤਰਾਰ ਆਵਾਜ਼ ਵਾਲਾ ਮੁੱਛ-ਫੁੱਟ ਗੱਭਰੂ... ਜੋ ਜੋਗਿੰਦਰ ਦੇ ਛੇ ਫੁੱਟ ਤੋਂ ਵੀ ਕੁਝ ਵਧੀਕ ਕੱਦ-ਆਵਰ ਸਰੀਰ ਸਾਹਮਣੇ ਉਸ ਤੋਂ ਅੱਧੇ ਫੁੱਟ ਤੋਂ ਵੀ ਵੱਧ ਨੀਵਾਂ ਤੇ ਮਾੜਚੂ ਜਿਹਾ ਸੀ—ਆਪਣੀ ਤਿੱਖੀ ਆਵਾਜ਼ ਵਿਚ ਕੜਕਿਆ, "ਜਦੋਂ ਸਾਡਾ ਹੁਕਮ ਆ...ਤੂੰ ਕੁੱਤਾ ਕਿਉਂ ਨਹੀਂ ਮਾਰਿਆ ਓਏ?"

ਉਹਨੇ ਨੇੜੇ ਆਉਂਦਿਆਂ ਹੀ ਜੋਗਿੰਦਰ ਨੂੰ ਗਲਮੇ ਤੋਂ ਫੜ ਲਿਆ ਤੇ ਧੂੰਹਦਾ ਹੋਇਆ ਬਾਹਰ ਜਾਣ ਦੀ ਥਾਂ ਉਸ ਕਮਰੇ ਵੱਲ ਵਧਿਆ, ਜਿਸ ਵਿਚ ਬੱਤੀ ਜਗ ਰਹੀ ਸੀ ਤੇ ਜੋਗਿੰਦਰ ਹੁਣੇ ਘੜੀ ਪਹਿਲਾਂ ਜਿਸ ਕਮਰੇ 'ਚੋਂ ਬਾਹਰ ਆਇਆ ਸੀ। ਦਰਵਾਜ਼ੇ ਕੋਲ ਖੜੀ ਬੀਰੋ ਨੇ ਵੇਖਿਆ, ਜਿਵੇਂ ਸੰਗਲੀ ਨਾਲ ਬੱਝਾ ਕੁੱਤਾ ਤੁਰਦਾ ਹੈ,



ਉਹਦੇ ਹੱਥੋਂ ਗਲਮਾ ਛੁਡਾਏ ਬਿਨਾਂ ਹੀ ਜੁਗਿੰਦਰ ਉਹਦੇ ਪਿੱਛੇ ਪਿੱਛੇ ਕੁੱਤੇ ਵਾਂਗ ਤੁਰਿਆ ਆ ਰਿਹਾ ਸੀ। ਜੋਗਿੰਦਰ ਨੇ ਇਕ ਵਾਰ ਚਾਹਿਆ ਵੀ ਕਿ ਹੱਥ ਵਧਾ ਕੇ ਉਸ ਤੋਂ ਗਲਮਾ ਛੁਡਾ ਲਵੇ। ਉਹ ਮਾੜਚੂ ਜਿਹਾ ਮੁੰਡਾ ਉਹਦੀ ਤਾਕਤ ਸਾਹਵੇਂ ਕੀ ਸੀ। ਪਰ ਉਸ ਦੇ ਹੱਥ ਮਸਾਂ ਉਹਦੀ ਛਾਤੀ ਤਕ ਆਏ ਤੇ ਫਿਰ ਆਪ ਹੀ ਥੱਲੇ ਲੁੜ੍ਹਕ ਗਏ।

ਅੰਦਰ ਵੜਦਿਆਂ ਹੀ ਉਹਨੇ ਇਕ ਵਾਰ ਫੇਰ ਉਹਦੇ ਗਲਮੇ ਨੂੰ ਖਿੱਚ ਕੇ ਜ਼ੋਰ ਦੀ ਹਲੂਣਿਆ ਤੇ ਫਿਰ ਗਲਮੇ ਨੂੰ ਛੱਡ ਕੇ ਸਟੇਨ ਦੀ ਨਾਲੀ ਉਹਦੀ ਛਾਤੀ ਨਾਲ ਲਾ ਦਿੱਤੀ।

"ਦੱਸ ਹੁਣ ਕਰ ਦਈਏ ਗੋਲੀ ਗੰਦੀ?"

ਦੂਜੇ ਵੀ ਪਿੱਛੇ ਪਿੱਛੇ ਦਗੜ ਦਗੜ ਕਰਦੇ ਆਏ ਤੇ ਮੰਜੀਆਂ ਖਿੱਚ ਕੇ ਬੈਠ ਗਏ। ਉਹ ਚਾਰ ਜਣੇ ਸਨ।

"ਮੈਂ ਜੀ, ਗੱਲ ਇੰਜ ਆ ਜਥੇਦਾਰ ਜੀ....ਜਿਵੇਂ ਤੁਸੀਂ ਹੁਕਮ ਕਰੋ। ...ਅਸੀਂ ਤਾਂ ਬੱਸ....ਉਹ ਨਾ ਜੀ.... ਕੁੱਤਾ ਐ ਜਿਹੜਾ...." ਜੋਗਿੰਦਰ ਤੋਂ ਪੂਰੀ ਗੱਲ ਨਹੀਂ ਸੀ ਬਣ ਰਹੀ।

ਦੂਜਿਆਂ ਨਾਲੋਂ ਉਮਰੋਂ ਵਡੇਰਾ, ਲੰਮੀ ਦਾੜ੍ਹੀ ਤੇ ਤਿੱਖੇ ਨੱਕ ਵਾਲਾ ਉਹਨਾ ਦਾ ਲੀਡਰ ਜਾਪਦਾ ਭਾਰਾ ਜਿਹਾ ਗੱਭਰੂ ਉੱਠਿਆ ਤੇ ਸਟੇਨ ਦੀ ਨਾਲੀ ਨੂੰ ਹੱਥ ਨਾਲ ਪਾਸੇ ਕਰਕੇ ਤੇਜ਼-ਤਰਾਰ ਗੱਭਰੂ ਨੂੰ ਬੈਠਣ ਲਈ ਇਸ਼ਾਰਾ ਕੀਤਾ। ਫਿਰ ਬਿਜਲੀ ਦੇ ਚਾਨਣ ਵਿਚ ਜੋਗਿੰਦਰ ਦੇ ਚਿਹਰੇ ਨੂੰ ਬੜੀ ਘੋਖ ਨਾਲ ਨਿਹਾਰਨ ਲੱਗਾ। ਉਹ ਜੋਗਿੰਦਰ ਦੀ ਭਰਵੀਂ ਖਿਲਰੀ ਦਾੜ੍ਹੀ ਵਿਚੋਂ, ਉਤਰਦੀ ਦਾੜ੍ਹੀ ਵਾਲਾ ਤਾਂਬੇ ਰੰਗਾ ਚਮਕਦਾ-ਦਮਕਦਾ ਚਿਹਰਾ ਲੱਭ ਰਿਹਾ ਸੀ, ਜਿਹੜਾ ਉਸਦੇ ਪਿੰਡ ਜੇਠ ਦੇ ਮੇਲੇ ਦੇ ਅਖਾੜੇ ਵਿਚ, ਕਬੱਡੀ ਦੇ ਫਸਵੇਂ ਮੈਚ ਵਿਚ, ਕਈ ਸਾਲ ਪਹਿਲਾਂ ਜਦੋਂ ਉਹ ਛੋਟਾ ਜਿਹਾ ਸੀ, ਉਸ ਨੇ ਵੇਖਿਆ ਸੀ। ਉਹ ਚਮਕਦਾ ਚਿਹਰਾ ਤੇ ਦਮਕਦਾ ਸਰੀਰ ਉਹਦੇ ਚੇਤਿਆਂ ਵਿਚ ਕਿਧਰੇ ਧੁਰ ਡੂੰਘਾ ਖੁਭ ਗਿਆ ਸੀ। ਉਦੋਂ ਪਹਿਲੀ ਵਾਰ ਉਹਨਾਂ ਦੇ ਪਿੰਡ ਜੋਤੇ ਸਬਰਾਈਏ ਦੀ ਕਬੱਡੀ ਦੀ ਟੀਮ ਨਾਲ ਜੋਗਿੰਦਰ ਹੁਰਾਂ ਦੀ ਟੀਮ ਭਿੜੀ ਸੀ। ਜੋਗਿੰਦਰ ਉਦੋਂ ਨਵਾਂ-ਨਵਾਂ ਖੇਡ ਦੇ ਮੈਦਾਨ ਵਿਚ ਨਿੱਤਰਿਆ ਸੀ।

ਉਹ ਧੈਂਦੀ ਸੱਟੇ ਹੀ ਪੰਜਾਬ ਦੇ ਮੰਨੇ-ਪਰਮੰਨੇ ਧੱਕੜ ਧਾਵਕ ਜੋਤੇ ਸਬਰਾਈਏ ਨੂੰ ਫੜਨ ਲਈ ਢੇਰੀ ਦੇ ਉਰਲੇ ਪਾਸੇ ਜਾ ਖੜੋਤਾ ਸੀ। ਜੋਤਾ ਝਕਾਨੀ ਦੇ ਕੇ, ਤੇਜ਼ ਦੌੜਨ ਦੀ ਥਾਂ ਸਦਾ ਵਾਂਗ ਬਾਹਵਾਂ ਅਤੇ ਹਿੱਕ ਦੇ ਜ਼ੋਰ ਨਾਲ ਵਿਰੋਧੀ ਨੂੰ 'ਕੁੱਟ' ਦਾ ਵਖਾਲਾ ਕਰਨਾ ਚਾਹੁੰਦਾ ਸੀ। ਤੇ ਅੱਗੇ ਤਾਂ ਉਹਦੇ ਲਈ ਹੈ ਵੀ ਬਿਲਕੁਲ ਨਵਾਂ ਮੁੱਛ-ਫੁੱਟ ਗੱਭਰੂ ਸੀ। ਜੋਤੇ ਦੇ ਸ਼ਬਦਾਂ ਵਿਚ 'ਨਿਰਾ ਦਾਲ-ਫੁਲਕਾ'। ਪਰ ਜੋਗਿੰਦਰ ਉਸ ਅੱਗੇ ਦੀਵਾਰ ਬਣਿਆ ਖੜਾ ਸੀ—ਜੋ ਹਿੱਕ ਵਿਚ ਜੋਤੇ ਦੀ ਦੁਹੱਥੜ ਖਾ ਕੇ ਸੰਭਲ ਚੁੱਕਾ ਸੀ। ਤੇ ਫਿਰ ਜਿਵੇਂ ਰੇਲ ਦਾ ਇੰਜਣ ਰੇਲ ਦੇ ਇੰਜਣ ਵਿਚ ਵੱਜਦਾ ਹੈ। 'ਖੜੱਕ-ਧੜੱਕ'.... ਸਾਹ ਭਿੜ ਰਹੇ ਸਨ। ਲੋਕਾਂ ਦੇ ਸਾਹ ਰੁਕੇ ਹੋਏ ਸਨ। ਜੋਤੇ ਨੇ ਫੇਰ ਅੱਗੇ ਵੱਧ ਕੇ 'ਫੜਾਕ' ਕਰਦੀ ਭਾਰੀ ਧੌਲ ਜਿੰਦੇ ਦੇ ਕੰਨਾਂ ਅਤੇ ਧੌਣ ਵਿਚਕਾਰ ਜੜੀ। ਇਹ ਕਿਧਰੋਂ ਕੱਲ੍ਹ ਦਾ ਛੋਕਰਾ ਉਹਦੇ ਅੱਗੇ ਬਿਫ਼ਰ ਰਿਹਾ ਸੀ। ਸਾਰੇ ਅਖਾੜੇ ਵਿਚ ਧੌਲ ਦਾ

ਖੜਾਕ ਸੁਣਿਆ। ਜੋਗਿੰਦਰ ਉੱਖੜ ਕੇ ਇਕ ਪਾਸੇ ਨੂੰ ਦੋ ਪੈਰ ਉੱਲਰਿਆ। ਪਰ ਫਿਰ ਪਾਸਾ ਬਚਾ ਕੇ ਦੌੜਨ ਲੱਗੇ ਜੋਤੇ ਦੇ ਸਾਹਮਣੇ ਜਾ ਖੜੋਤਾ। ਦੁਹੱਥੜਾਂ। ਧੌਲਾਂ।। ਤੇ ਅਖ਼ੀਰ ਢੇਰੀਆਂ 'ਤੇ ਪਹੁੰਚਣ ਤੋਂ ਪਹਿਲਾਂ ਹੀ ਜੋਗਿੰਦਰ ਨੇ ਜੋਤੇ ਨੂੰ ਹਿੱਕ ਵੱਲੋਂ ਸਿੱਧਾ ਜੱਫਾ ਮਾਰ ਕੇ ਉਹਦੀਆਂ ਟੰਗਾਂ ਵਿਚ ਟੰਗਾਂ ਅੜਾ ਦਿੱਤੀਆਂ ਤੇ ਦੋਹਵੇਂ ਜਣੇ ਧਰਤੀ ਉੱਤੇ ਸੁਹਾਗੇ ਵਾਂਗ ਚੌਫਾਲ ਡਿੱਗ ਪਏ ਸਨ। ਕੁਝ ਸਕਿੰਟ....ਤੇ ਰੈਫਰੀ ਨੇ ਸੀਟੀ ਮਾਰ ਦਿੱਤੀ ਸੀ। ਸਾਰਾ ਅਖਾੜਾ ਉੱਲਰ ਕੇ ਜੋਗਿੰਦਰ ਵੱਲ ਆ ਗਿਆ ਸੀ। ਨੋਟਾਂ ਦਾ ਮੀਂਹ ਵਰ੍ਹ ਗਿਆ ਸੀ। ਲੀਡਰ ਜਾਪਦਾ ਗੱਭਰੂ ਜੋ ਉਦੋਂ ਛੋਟਾ ਬਾਲ ਸੀ, ਆਪਣੇ ਪਿਉ ਨਾਲ ਦੌੜਦਾ ਅਖਾੜੇ ਵਿਚ ਗਿਆ ਸੀ ਤੇ ਮੁੜ੍ਹਕਾ ਚੋਂਦੇ ਜੋਗਿੰਦਰ ਦੇ ਜਿਸਮ ਨੂੰ ਨੇੜਿਉਂ ਜਾ ਕੇ ਇਜ ਵੇਖਿਆ ਸੀ, ਜਿਵੇਂ ਉਹ ਕੋਈ ਡਾਢਾ ਪਿਆਰਾ ਤੇ ਅਨੋਖਾ ਅਜੂਬਾ ਸੀ।

"ਅਸ਼ਕੇ ਉਏ ਜੱਟ ਦੇ ਜੰਦੇ ਦੇ"

ਤੇ ਉਸ ਦਿਨ ਤੋਂ ਜੋਗਿੰਦਰ 'ਜਿੰਦੇ ਜਾਫੀ' ਦੇ ਨਾਂ ਨਾਲ ਮਸ਼ਹੂਰ ਹੋ ਗਿਆ ਸੀ। ਗੱਭਰੂ ਨੂੰ ਯਾਦ ਆਇਆ, ਉਦੋਂ ਪਿੰਡ ਪਿੰਡ ਜੋਗਿੰਦਰ ਦੀ ਕੱਡੀ ਦੀਆਂ ਧੁੰਮਾਂ ਸਨ। ਇਲਾਕੇ ਦੇ ਲੋਕ ਆਖਦੇ:

"ਆਉਂਦੇ ਖਿਡਾਰੀ ਨੂੰ, ਐਦਾਂ, 'ਸਾਧ'" ਗੁੱਟੋਂ ਲੈਂਦਾ ਹੁੰਦਾ ਸੀ ਤੇ ਜਾਂ ਹੁਣ ਜਿੰਦਾ ਸੀ। ਅਗਲੇ ਦਾ ਅੱਧਾ ਮੁੜ੍ਹਕਾ ਤਾਂ ਉਦੋਂ ਈ ਚੋਅ ਜਾਂਦਾ ਜਦੋਂ ਜਿੰਦਾ ਉਹਨੂੰ ਫੜਨ ਲਈ ਢੇਰੀ ਦੇ ਉਰਲੇ ਪਾਸੇ ਜਾ ਖੜ੍ਹਦਾ।"

"ਭਾਉ! ਤੂੰ ਉਹ ਜੋਗਿੰਦਰ ਸੂੰਹ ਤਾਂ ਨਹੀਂ, ਜਿਹੜਾ ਕੱਡੀ ਖੇਡਦਾ ਹੁੰਦਾ ਸੀ?" ਗੱਭਰੂ ਨੇ ਹੋਰ ਪੁਸ਼ਟੀ ਲਈ ਪੁੱਛਿਆ।

"ਹੈ ਤਾਂ ਉਹੋ ਈ ਆਂ ਭਰਾਵਾ!" ਜੋਗਿੰਦਰ ਨੇ ਸੌਖਾ ਸਾਹ ਲਿਆ। ਗਲਮੇ ਨੂੰ ਠੀਕ ਕੀਤਾ। ਬੋਲਣ ਵਾਲੇ ਦੀ ਆਵਾਜ਼ ਵਿਚਲੀ ਅਪਣੱਤ ਅਤੇ ਆਪੇ ਦੀ ਪਛਾਣ ਵਿਚੋਂ ਸਹਿਜੇ ਹੀ ਉਸ ਵਿਚ ਆਤਮ-ਵਿਸ਼ਵਾਸ ਪਰਤ ਆਇਆ ਤੇ ਉਸ ਨੂੰ ਪਤਾ ਵੀ ਨਾ ਲੱਗਾ ਕਿ ਉਸ ਨੇ 'ਜੱਥੇਦਾਰ ਜੀ' ਤੋਂ 'ਭਰਾਵਾ' ਤਕ ਦਾ ਮੋੜ ਇਕ ਪਲ ਵਿਚ ਹੀ ਕਿਵੇਂ ਕੱਟ ਲਿਆ ਸੀ।

ਗੱਭਰੂ ਹੱਸ ਪਿਆ।

"ਬਹਿ ਜਾ ਮੰਜੇ 'ਤੇ। ਤੂੰ ਤਾਂ ਐਂ ਮੁਲਜ਼ਮਾਂ ਅੰਗੂੰ ਖੜ੍ਹ ਗਿਐਂ।"

ਜਿਵੇਂ ਘੱਟੇ-ਮਿੱਟੀ ਦਾ ਕਣ ਅੜਿਆ ਹੋਣ ਕਰਕੇ ਕੋਈ ਖਲੋਤੀ ਘੜੀ ਮਾੜਾ ਜਿਹਾ ਝਟਕਾ ਮਾਰ ਕੇ ਹਿਲਾਉਣ ਨਾਲ 'ਟਿਕ-ਟਿਕ' ਕਰਕੇ ਚੱਲਣ ਲੱਗ ਪੈਂਦੀ ਹੈ, ਪਰਿਵਾਰ ਦੇ ਜੀਆਂ ਅੰਦਰ ਰੁਕੀ ਹੋਈ ਜ਼ਿੰਦਗੀ ਇਕਦਮ ਧੜਕ ਉੱਠੀ। ਜੋਗਿੰਦਰ ਮੰਜੇ 'ਤੇ ਬਹਿ ਗਿਆ। ਹਰਬੰਸ ਕੌਰ ਨੇ ਸੁਖਦੇਵ ਨੂੰ ਲੈ ਕੇ ਇਕ ਨੁੱਕਰੇ ਦੜੀ ਖਲੋਤੀ ਬੀਰੋ ਵੱਲ ਵਧ ਕੇ ਆਖਿਆ, "ਬਲਬੀਰ ਕੌਰੇ! ਦੁੱਧ ਤੱਤਾ ਧਰ ਵੀਰਾਂ ਆਪਣਿਆਂ ਲਈ।"

ਕਾਲੀ ਪੱਗ ਤੇ ਕਾਲੀ ਲੋਈ ਵਾਲਾ ਕੋਈ ਹੋਰ ਜਣਾ ਬੋਲਿਆ, "ਮਾਂ ਐਸ ਵੇਲੇ ਐਨੇ ਜਣਿਆਂ ਲਈ ਦੁੱਧ ਕਿੱਥੋਂ ਹੋਣਾਂ। ਦੁੱਧ ਤਾਂ ਲੈ ਜਾਂਦੇ ਨੇ ਦੋਧੀਆਂ ਦੇ



ਡ੍ਰੋਹਣੇ ਤੇ ਜਾਂ ਵੇਰਕੇ ਵਾਲੇ। ਤੇ ਰਹਿੰਦੇ ਨੂੰ ਜਾਗ ਲੱਗੀ ਹੋਊ। ਚਾਹ ਈ ਬਣਾ ਲੋ ਥੋੜ੍ਹੀ ਥੋੜ੍ਹੀ। ਨਾਲੇ ਨਿੱਘ ਜਿਹਾ ਆ ਜੂ...."

ਬੀਰੋ ਨੇ ਮਿੱਟੀ ਦੇ ਚੁੱਲ੍ਹੇ ਵਿਚ ਰੱਖੇ ਹੀਟਰ 'ਤੇ ਚਾਹ ਧਰ ਦਿੱਤੀ। ਉਧਰ ਚਾਹ ਬਣਦੀ ਰਹੀ ਤੇ ਇਧਰ ਜੋਗਿੰਦਰ ਤੇ ਹਰਬੰਸ ਕੌਰ ਸਪੱਸ਼ਟੀਕਰਨ ਦਿੰਦੇ ਰਹੇ।

ਪਿਛਲੇਰੀ ਸੰਗਰਾਂਦ ਵਾਲੇ ਦਿਨ ਸੀਮਾ ਤੇ ਜੋਗਿੰਦਰ ਵਾਰੀ ਵਾਰੀ ਸਾਈਕਲ ਪਿੱਛੇ ਟੌਮੀ ਦੀ ਸੰਗਲੀ ਫੜੀ ਬੀੜ ਬਾਬਾ ਬੁੱਢਾ ਸਾਹਿਬ ਲੈ ਕੇ ਗਏ ਸਨ। ਉਨ੍ਹਾਂ ਝਕਾਨੀ ਦੇ ਕੇ ਉਹਨੂੰ ਬੀੜ ਵਿਚ ਘੁਸਾ ਵੀ ਦਿੱਤਾ ਸੀ। ਬੀੜ ਸਾਹਿਬ ਤੋਂ ਵਾਪਸ ਆਉਂਦਿਆਂ ਉਹ ਜੋਗਿੰਦਰ ਦੀ ਭੈਣ ਕੋਲ ਰਾਤ ਨੂੰ ਪੰਜਵੜ ਰੁਕ ਗਏ ਸਨ। ਸਵੇਰੇ ਘਰ ਪਹੁੰਚੇ ਤਾਂ ਟੌਮੀ ਪਹਿਲਾਂ ਹੀ ਬਰੂਹਾਂ ਵਿਚ ਖੜ੍ਹਾ ਪੂਛ ਹਿਲਾ ਰਿਹਾ ਸੀ ਤੇ ਉਹਦੇ ਪਿੱਛੇ ਖਲੋਤਾ ਮੁਸਕਰਾਉਂਦਾ ਹੋਇਆ ਸੁਖਦੇਵ ਕਹਿ ਰਿਹਾ ਸੀ, "ਟੌਮੀ ਆ ਵੀ ਗਿਆ, ਟੌਮੀ ਆ ਵੀ ਗਿਆ...!"

ਫੇਰ ਮੱਸਿਆ ਵਾਲੇ ਦਿਨ ਸਾਧੇ ਸੀਤਲ ਨੇ ਬਾਬੇ ਸ਼ੇਖ-ਫੱਤੇ ਦੀ ਕਬਰ 'ਤੇ ਸੱਜਰ ਸੂਈ ਮੱਝ ਦੇ ਦੁੱਧ ਦੀ ਖੀਰ ਚੜ੍ਹਾਉਣ ਜਾਣਾ ਸੀ ਤਾਂ ਉਸ ਸੁਝਾਅ ਦਿੱਤਾ, "ਉੱਥੇ ਖੀਰ ਵਾਧੂ ਹੁੰਦੀ ਆ.... ਕੁੱਤੇ ਵੀ ਵਾਧੂ... ਟੌਮੀ ਉੱਥੇ ਜ਼ਰੂਰ ਟਿਕ ਜੂ..." ਜੋਗਿੰਦਰ ਸੀਤਲ ਦੀ ਟਰਾਲੀ 'ਤੇ ਬਿਠਾਲ ਕੇ ਟੌਮੀ ਨੂੰ ਸ਼ੇਖ ਫੱਤੇ ਲੈ ਗਿਆ। ਉੱਥੇ ਉਨ੍ਹਾਂ ਨੇ ਇਕ ਸੇਵਕ ਨੂੰ ਦਸ ਰੁਪਏ ਦਿੱਤੇ। ਸਾਰੀ ਗੱਲ ਸਮਝਾਈ ਤੇ ਕੁੱਤੇ ਨੂੰ ਸੰਗਲੀ ਨਾਲ ਇਕ ਕਿੱਲੇ 'ਤੇ ਬੰਨ੍ਹ ਦਿੱਤਾ ਤੇ ਸੇਵਕ ਨੂੰ ਹਦਾਇਤ ਕੀਤੀ ਕਿ ਉਹ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਕੁੱਤੇ ਨੂੰ ਨਾ ਛੱਡੇ। ਸ਼ਾਮ ਤਕ ਉਹ ਵਾਪਸ ਪਿੰਡ ਮੁੜ ਆਏ ਸਨ। ਰਾਤ ਨੂੰ ਘਰ ਦੇ ਸਾਰੇ ਜੀਅ ਰਲ ਬੈਠੇ ਤਾਂ ਉਹਨਾਂ ਨੂੰ ਇਜ ਲੱਗੇ ਜਿਵੇਂ ਉਨ੍ਹਾਂ ਦੇ ਘਰ ਦਾ ਇਕ ਜੀਅ ਘਟ ਗਿਆ ਸੀ। ਉਨ੍ਹਾਂ ਦੇ ਅੰਦਰੋਂ ਰੁੱਗ ਭਰ ਕੇ ਕਿਸੇ ਨੇ ਕੁਝ ਕੱਢ ਲਿਆ ਸੀ। ਉਹ ਟੌਮੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਉਹਨੂੰ ਯਾਦ ਕਰਨ ਲੱਗੇ। ਕਿਵੇਂ ਉਹਦੀ ਚਾਰ-ਚੁਫੇਰੇ ਦਹਿਸ਼ਤ ਸੀ, ਕਿਵੇਂ ਉਹ ਪਰਿਵਾਰ ਦੇ ਜੀਆਂ ਨੂੰ ਬੰਦਿਆਂ ਤੋਂ ਵੀ ਵਧੇਰੇ ਮੁਹੱਬਤ ਕਰਦਾ ਸੀ, ਕਿਵੇਂ ਉਹ ਹਰ ਰੋਜ਼ ਸੁੱਤੇ ਹੋਏ ਜੋਗਿੰਦਰ ਨੂੰ ਸਵੇਰੇ-ਸਵੇਰੇ ਉਠਾਉਂਦਾ ਸੀ। ਸੂਰਜ ਦੀ ਲੋਅ ਲੱਗਦਿਆਂ ਹੀ ਜੇ ਜੋਗਿੰਦਰ ਸੁੱਤਾ ਹੁੰਦਾ ਤਾਂ ਟੌਮੀ 'ਚਊਂ-ਚਊਂ' ਕਰਦਾ ਉਹਦੀ ਮੰਜੀ ਦੁਆਲੇ ਚੱਕਰ ਕੱਟਣ ਲੱਗਦਾ। ਜੇ ਉਹ ਨਾ ਉੱਠਦਾ ਤਾਂ ਉਹ ਉਹਦੀ ਪੈਂਦ ਵੱਲ ਜਾ ਕੇ ਇਕ ਵੇਰ ਭੌਂਕਦਾ ਤੇ ਫਿਰ ਉਸ ਦੇ ਬਿਸਤਰੇ ਦੀ ਚਾਦਰ ਮੂੰਹ 'ਚ ਲੈ ਕੇ ਪੋਲੇ ਜਿਹੇ ਖਿੱਚਦਾ। ਹੁਣ ਤਕ ਜੋਗਿੰਦਰ ਉੱਠ ਬੈਠਦਾ। ਪਰ ਜੇ ਸਵੇਰ ਦੀ ਗੂੜ੍ਹੀ ਨੀਂਦ ਨੇ ਰਤਾ ਵਧੇਰੇ ਹੀ ਜ਼ੋਰ ਪਾਇਆ ਹੁੰਦਾ ਤਾਂ ਟੌਮੀ ਉਸ ਦੇ ਸਿਰ੍ਹਾਣੇ ਵੱਲ ਆ ਕੇ ਉਹਦੇ ਉੱਪਰ ਲਈ ਰਜਾਈ ਜਾਂ ਚਾਦਰ ਨੂੰ ਮੂੰਹ 'ਚ ਲੈ ਕੇ ਖਿੱਚਣਾ। ਇਹ ਆਖ਼ਰੀ ਚੇਤਾਵਨੀ ਹੁੰਦੀ ਸੀ। ਉਸ ਤੋਂ ਪਿੱਛੋਂ ਉਹ ਛਾਲ ਮਾਰ ਕੇ ਮੰਜੇ 'ਤੇ ਚੜ੍ਹ ਜਾਂਦਾ ਤੇ ਜੋਗਿੰਦਰ ਨੂੰ ਉੱਠਣਾ ਹੀ ਪੈਂਦਾ। ਫਿਰ ਉਹ ਦੋਵੇਂ ਖੇਤਾਂ ਵੱਲ ਨਿਕਲ ਜਾਂਦੇ। ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇ ਜਿਸ ਦਿਨ ਟੌਮੀ ਨੇ ਆਪਣਾ ਇਹ ਫ਼ਰਜ਼ ਅਦਾ ਨਾ ਕੀਤਾ ਹੋਵੇ। ਜੋਗਿੰਦਰ ਵੀ ਕਈ ਵਾਰ ਜਾਗਦਾ ਹੋਇਆ ਜਾਣ-ਬੁੱਝ ਕੇ ਲੰਮਾ ਪਿਆ ਰਹਿੰਦਾ ਤੇ ਟੌਮੀ ਦੀ ਉਡੀਕ

ਕਰਦਾ ਰਹਿੰਦਾ। ਘਰ ਦਾ ਕੋਈ ਜੀਅ ਜਦੋਂ ਜੋਗਿੰਦਰ ਨਾਲ ਸਖ਼ਤੀ ਨਾਲ ਬੋਲਦਾ ਤਾਂ ਟੌਮੀ ਉਸ ਵੱਲ ਵੇਖ ਕੇ ਗੁਰਰਾਉਣ ਲੱਗ ਪੈਂਦਾ ਤੇ ਜੇ ਕੋਈ ਹਾਸੇ-ਭਾਣੇ ਵੀ ਜੋਗਿੰਦਰ ਵੱਲ ਹੱਥ ਉਲਾਰਦਾ ਤਾਂ ਟੌਮੀ ਉਸ ਦੀ ਰੱਖਿਆ ਲਈ ਅਗਲੇ ਵੱਲ ਲਪਕ ਕੇ ਵੱਢਣ ਨੂੰ ਪੈਂਦਾ।

ਉਂਜ ਜਦੋਂ ਜੀਅ ਕਰਦਾ ਬਘਿਆੜ-ਕਦੋਂ ਟੌਮੀ ਉੱਤੇ ਸੁਖਦੇਵ ਇਜ ਚੜ੍ਹ ਜਾਂਦਾ, ਜਿਵੇਂ ਘੋੜੇ ਉੱਪਰ ਚੜ੍ਹਿਆ ਹੋਇਆ ਹੋਵੇ। ਕਦੀ ਉਹ ਪੈਲੀਆਂ ਵਿਚ ਗੇਂਦ ਵਗਾਹ ਕੇ ਸੁੱਟਦਾ ਤਾਂ ਟੌਮੀ ਸ਼ਿਕਾਰ ਲੱਭਣ ਵਾਂਗ ਗੇਂਦ ਮਗਰ ਝਪਟਦਾ ਤੇ ਦੂਜੇ ਪਲ ਮੂੰਹ ਵਿਚ ਗੇਂਦ ਫੜੀ ਸੁਖਦੇਵ ਕੋਲ ਦੌੜ ਆਉਂਦਾ। ਐਤਕੀਂ ਵੀ ਸੁਖਦੇਵ ਹੀ ਸੀ ਜਿਸ ਨੇ ਟੌਮੀ ਦੇ ਜਾਣ ਦਾ ਸਭ ਤੋਂ ਵਧੇਰੇ ਵੈਰਾਗ ਕੀਤਾ ਸੀ। ਪਰ ਹਾਲਾਤ ਦਾ ਤਕਾਜ਼ਾ ਹੀ ਸੀ ਕਿ ਸੁਖਦੇਵ ਨੇ ਟੌਮੀ ਨੂੰ ਘਰੋਂ ਨਾ ਕੱਢਣ ਲਈ ਤਰਲਾ ਤਾਂ ਲਿਆ ਸੀ, ਪਰ ਜ਼ਿੱਦ ਬਿਲਕੁਲ ਨਾ ਕੀਤੀ। ਹੁਣ ਨਿਆਣੇ ਵੀ ਏਨੇ ਕੁ ਸਿਆਣੇ ਹੋ ਗਏ ਸਨ ਕਿ ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਕਿਹੜੀ ਜ਼ਿੱਦ ਪਰਿਵਾਰ ਨੂੰ ਵਧੇਰੇ ਮਹਿੰਗੀ ਪੈ ਸਕਦੀ ਸੀ। ਰਾਤ ਨੂੰ ਸੁਖਦੇਵ ਟੌਮੀ ਨਾਲ ਸੰਬੰਧਤ ਨਿੱਕੇ ਨਿੱਕੇ ਵੇਰਵੇ ਪੁੱਛ ਰਿਹਾ ਸੀ।

"ਜਦੋਂ ਤੁਸੀਂ ਟੌਮੀ ਨੂੰ ਬੰਨ੍ਹ ਕੇ ਤੁਰੇ ਸੀ ਤਾਂ ਟੌਮੀ ਕੀ ਕਰਦਾ ਸੀ?"

"ਕਰਨਾ ਕੀ ਸੀ? ਪੂਛ ਹਿਲਾਉਂਦਾ ਸੀ। ਸੰਗਲੀ ਤੁੜਾ ਕੇ ਮਗਰ ਭੱਜਣ ਨੂੰ ਅਹੁਲਦਾ ਸੀ। ਭੌਂਕ-ਭੌਂਕ ਕੇ, ਕੁੜਕ ਕੁੜਕ ਕੇ ਸੰਗਲੀ ਨੂੰ ਵਲ ਪਾਈ ਜਾ ਰਿਹਾ ਸੀ। ਤੇ ਸਾਡੇ ਵੱਲ ਭੋਲੀਆਂ ਜਿਹੀਆਂ ਅੱਖਾਂ ਨਾਲ ਵਿੰਹਦਾ ਤਰਲੇ ਮਾਰਦਾ ਜਾਪਦਾ ਸੀ। ਮੇਰੇ ਤਾਂ ਮਨ ਨੂੰ ਖੋਹ ਜਿਹੀ ਪੈਂਦੀ ਸੀ। ਜਦੋਂ ਅਸੀਂ ਟਰਾਲੀ ਤੋਰੀ, ਟੌਮੀ ਨੇ ਸਿੱਧੇ ਜਿਹੇ ਤਰਲੇ ਲਏ ਨੇ ਕਿਤੇ.... ਮਨ ਬੜਾ ਹੀ ਅਵਾਜ਼ਾਰ ਹੋਇਆ।..."

ਜੋਗਿੰਦਰ ਦੱਸਦਾ ਰਿਹਾ ਸੀ ਤੇ ਸੁਖਦੇਵ ਨੂੰ ਉਂਜ ਹੀ ਤਰਸ ਮੰਗਦੀਆਂ ਹਸਰਤ ਭਰੀਆਂ ਟੌਮੀ ਦੀਆਂ ਮਾਸੂਮ ਅੱਖਾਂ ਦਿਸ ਰਹੀਆਂ ਸਨ। ਉਸ ਨੂੰ ਇਕ ਪਲ ਲਈ ਇਜ ਵੀ ਲੱਗਾ, ਜੋਗਿੰਦਰ ਕਿਸੇ ਡਰ ਅਤੇ ਮਜਬੂਰੀ ਵੱਸ ਸੁਖਦੇਵ ਨੂੰ ਹੀ ਛੱਡ ਕੇ ਤੁਰਿਆ ਜਾ ਰਿਹਾ ਸੀ ਤੇ ਟੌਮੀ ਦੀ ਥਾਂ ਸੁਖਦੇਵ ਵਿਛੜ ਕੇ ਤੁਰੇ ਜਾ ਰਹੇ ਆਪਣੇ ਪਿਉ ਨੂੰ ਵੇਖ ਰਿਹਾ ਸੀ। ਡੌਰ-ਭੌਰ, ਬਾਹਵਾਂ ਉਲਾਰ ਉਲਾਰ ਕਹਿ ਰਿਹਾ ਸੀ, "ਹਾਇ! ਓਇ ਭਾਅ। ਮੈਨੂੰ ਐਥੇ 'ਕੱਲੇ ਨੂੰ ਛੱਡ ਕੇ ਕਿਥੇ ਤੁਰ ਚੱਲਿਐਂ?"

ਪੰਜ ਦਿਨ ਉਹ ਟੌਮੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਉਹਦਾ ਖ਼ਲਾਅ ਪੂਰਦੇ ਰਹੇ ਸਨ। ਸਵੇਰੇ ਸੁੱਤਾ ਪਿਆ ਉੱਠ ਕੇ ਜੋਗਿੰਦਰ ਆਪਣੀ ਪੈਂਦ ਵੱਲ ਟੌਮੀ ਦੀ 'ਚਊਂ-ਚਊਂ' ਦੀ ਆਵਾਜ਼ ਉਡੀਕਦਾ ਉਡੀਕਦਾ ਉਦਾਸ ਹੋ ਜਾਂਦਾ। ਛੇਵੇਂ ਦਿਨ ਕੋਠੇ 'ਤੇ ਚੜ੍ਹਿਆ ਸੁਖਦੇਵ ਖੁਸ਼ੀ ਵਿਚ ਕੂਕ ਪਿਆ ਤੇ ਅੰਨ੍ਹੇ-ਵਾਹ ਕੋਠੇ 'ਤੋਂ ਉਤਰ ਕੇ ਬਾਹਰ ਨੂੰ ਦੌੜਦਾ ਹੋਇਆ ਕਹਿਣ ਲੱਗਾ, "ਟੌਮੀ ਆ ਗਿਆ, ਅਹੁ ਆਪਣਾ ਟੌਮੀ ਆ ਗਿਆ... ਆਹਾ ਜੀ!"

ਟੌਮੀ ਨੇ ਦੋ ਵਾਰ ਵਾਪਸ ਆ ਕੇ ਪਰਿਵਾਰ ਦੇ ਜੀਆਂ ਦੇ ਮਨਾਂ ਵਿਚ ਹੋਰ ਵੀ ਡੂੰਘਾ ਥਾਂ ਬਣਾ ਲਿਆ ਸੀ। ਉਸ ਡੂੰਘੀ ਥਾਂ ਵਿਚੋਂ ਪੁੱਟ ਕੇ, ਉਸ ਨੂੰ ਬਾਹਰ ਸੁੱਟਿਆਂ,



ਉਹਨਾਂ ਦੇ ਅੰਦਰ ਦਾ ਇਕ ਹਿੱਸਾ ਬੇਜਾਨ ਹੋ ਜਾਣਾ ਸੀ।

"ਤੈਨੂੰ ਹੈ ਫਿਰ ਜਾਨ ਦੀ ਲੋੜ ਕਿ ਨਹੀਂ? ਕੀ ਮਰਜ਼ੀ ਐ ਤੇਰੀ," ਚਾਹ ਦੀ ਗਲਾਸੀ ਖ਼ਾਲੀ ਕਰਕੇ ਮੰਜੇ ਦੇ ਪਾਵੇ ਕੋਲ ਰੱਖਦਿਆਂ ਤੇਜ਼-ਤਰਾਰ ਨੌਜਵਾਨ ਨੇ ਫਿਰ ਪੁੱਛਿਆ।

"ਕੋਈ ਨਹੀਂ ਸਿੰਘਾ! ਕਰ ਲੈਨੇਂ ਆਂ ਗੱਲ..." ਵੱਡੇ ਨੌਜਵਾਨ ਨੇ ਇਸ਼ਾਰੇ ਨਾਲ ਉਸ ਨੂੰ ਚੁੱਪ ਕਰਾ ਦਿੱਤਾ।

ਨੌਜਵਾਨ ਦੀਆਂ ਅੱਖਾਂ ਅੱਗੇ ਵਾਰ-ਵਾਰ ਖੇਡ ਦੇ ਮੈਦਾਨ ਦਾ ਨਾਇਕ 'ਜਿੰਦਾ ਜਾਫੀ' ਘੁੰਮ ਰਿਹਾ ਸੀ, ਜਿਸ ਵਰਗਾ ਉੱਤਮ ਖਿਡਾਰੀ ਬਣਨਾ ਉਸਦੇ ਬਾਲ-ਮਨ ਨੇ ਉਦੋਂ ਕਿਤੇ ਅਚੇਤ ਹੀ ਸੋਚਿਆ ਸੀ। ਫਿਰ ਉਸ ਦੀ ਇਹ ਰੀਝ ਸਮੇਂ ਦੀ ਧੂੜ ਹੇਠਾਂ ਦੂਰ ਕਿਧਰੇ ਡੂੰਘੀ ਥਾਂ 'ਚ ਗੁੰਮ-ਗੁਆਚ ਗਈ ਸੀ, ਜਿਸ ਧੂੜ ਨੂੰ ਚਾਹ ਪੀਂਦਿਆਂ ਉਹ ਖੁਰਚ ਰਿਹਾ ਸੀ ਤੇ ਜਿਸ ਹੇਠੋਂ ਜੋਗਿੰਦਰ ਦਾ ਤਾਂਬੇ ਰੰਗਾ ਮੱਛੀਆਂ ਵਾਲੇ ਪੱਟਾਂ, ਚੌੜੀ ਛਾਤੀ ਤੇ ਮੁਗਦਰ ਵਰਗੇ ਡੌਲਿਆਂ ਵਾਲਾ ਸਰੀਰ ਚਮਕ ਉੱਠਿਆ ਸੀ, ਜਿਸ ਨੂੰ ਅਖਾੜੇ ਦੀ ਭੀੜ ਪ੍ਰਸ਼ੰਸਾ ਤੇ ਸ਼ਰਧਾ ਭਰੀਆਂ ਅੱਖਾਂ ਨਾਲ ਵੇਖ ਰਹੀ ਸੀ। ਜੋਗਿੰਦਰ ਦੀ ਖੇਡ ਤੇ ਮਰਦਾਨਗੀ ਨਾਲ ਸੰਬੰਧਤ ਕੁਝ ਭੁੱਲੀਆਂ ਵਿਸਰੀਆਂ ਗੱਲਾਂ ਉਹਦੇ ਜ਼ਿਹਨ ਵਿਚ ਲਿਸ਼ਕ ਉੱਠੀਆਂ ਸਨ। ਉਹ ਬੜੇ ਸਹਿਜ-ਭਾਵ ਨਾਲ ਜੋਗਿੰਦਰ ਨੂੰ ਸੰਬੋਧਿਤ ਹੋਇਆ:

"ਭਾਊ ਅਸੀਂ ਵੀ ਤੁਹਾਡੇ ਹੀ ਪੁੱਤ-ਭਤੀਜੇ ਆਂ। ਕੌਮ ਵਾਸਤੇ, ਘਰ-ਬਾਰ ਛੱਡ ਕੇ ਰਾਤਾਂ ਨੂੰ ਭਟਕਦੇ ਫਿਰਦੇ ਆਂ। ਸਰਕਾਰੀ ਫੋਰਸਾਂ ਕੁੱਤਿਆਂ ਵਾਂਗ ਸਾਨੂੰ ਸੁੰਘਦੀਆਂ ਫਿਰਦੀਆਂ। ਸਾਡੇ ਲਹੂ ਦੀਆਂ ਤ੍ਰਿਹਾਈਆਂ। ਰਾਤ-ਬਰਾਤੇ ਹੀ ਅਸੀਂ ਬਾਹਰ ਨਿਕਲਣਾ ਹੁੰਦਾ। ਆਉਣਾ, ਰਹਿਣਾ ਵੀ ਤੁਹਾਡੇ ਵਰਗਿਆਂ ਕੋਲ ਈ ਹੁੰਦੈ। ਤੇ ਜੇ ਤੁਸੀਂ ਕੁੱਤੇ ਰੱਖੋਗੇ, ਉਹ ਭੌਂਕਣਗੇ, ਵੱਢਣਗੇ.... ਸਾਡਾ ਰਾਹ ਰੋਕਣਗੇ.... ਤੂੰ ਆਪ ਸਿਆਣੈਂ..."

ਜੋਗਿੰਦਰ ਚੁੱਪ-ਚਾਪ ਸਿਆਣੇ ਵਿਦਿਆਰਥੀ ਵਾਂਗ ਅਧਿਆਪਕ ਦੇ ਵਿਚਾਰ ਸੁਣ ਰਿਹਾ ਸੀ।

"...ਉਹਨਾਂ ਸਾਨੂੰ ਨਹੀਂ .... ਤੁਹਾਨੂੰ ਕਿਹੜਾ ਬਖ਼ਸ਼ਣਾ ਹੁੰਦਾ... ਤੂੰ ਵੇਖ ਲਾ ਦਫ਼ੇਦਾਰਾਂ ਦੇ ਕੀ ਹੋਇਐ... ਤੁਹਾਡੇ ਗੁਆਂਢ ਈ।"

ਜੋਗਿੰਦਰ ਦੀ ਬਹਿਕ ਤੋਂ ਮਸਾਂ ਪੰਦਰਾਂ ਕਿੱਲਿਆਂ ਦੀ ਵਿੱਥ 'ਤੇ ਦਫ਼ੇਦਾਰ ਸੂਬਾ ਸਿੰਘ ਦੇ ਘਰ ਤਿੰਨ ਕੁ ਮਹੀਨੇ ਪਹਿਲਾਂ ਹੀ 'ਮੁਕਾਬਲਾ' ਹੋਇਆ ਸੀ। ਮੂੰਹ ਮਿਲਣ 'ਤੇ ਸੁਰੱਖਿਆ ਫ਼ੌਜਾਂ ਨੇ ਸਾਰੀਆਂ ਬਹਿਕਾਂ ਨੂੰ ਘੇਰੇ ਵਿਚ ਲੈ ਕੇ ਸਭ ਮਰਦਾਂ ਨੂੰ ਘਰੋਂ ਬਾਹਰ ਕੱਢ ਕੇ ਵਲ ਕੇ ਬਿਠਾ ਲਿਆ ਸੀ। ਘਰ ਘਰ ਦੀ ਤਲਾਸ਼ੀ ਲਈ ਸੀ। ਜਦੋਂ ਉਹ ਦਫ਼ੇਦਾਰਾਂ ਦੇ ਘਰ ਕੋਲ ਪਹੁੰਚੇ ਤਾਂ ਘਰ ਵਿਚ ਲੁਕੇ ਦੋ ਖਾੜਕੂ ਕੋਈ ਚਾਰਾ ਨਾ ਚਲਦਾ ਵੇਖ ਇਹ ਆਖ ਕੇ ਘਰੋਂ ਨਿਕਲ ਕੇ ਗੋਲੀਆਂ ਚਲਾਉਂਦੇ ਨੇੜੇ ਦੇ ਕਮਾਦ ਨੂੰ ਦੌੜੇ ਕਿ ਜੇ ਘਰ ਵਿਚ ਹੀ ਮੁਕਾਬਲਾ ਕੀਤਾ ਤਾਂ ਘਰ ਦੇ ਜੀਆਂ ਦਾ ਨੁਕਸਾਨ ਹੋ ਜਾਊ। ਦੋ ਘੰਟੇ ਦੇ ਮੁਕਾਬਲੇ ਪਿੱਛੋਂ ਜਦੋਂ ਸੁਰੱਖਿਆ ਫੋਰਸਾਂ ਦਾ ਇਕ ਸਿਪਾਹੀ

ਮਾਰਿਆ ਗਿਆ ਸੀ ਤੇ ਇਕ ਇਸਪੈਕਟਰ ਜ਼ਖ਼ਮੀ ਹੋ ਗਿਆ ਸੀ, ਕਮਾਦ ਵੱਲੋਂ ਗੋਲੀਆਂ ਚੱਲਣੀਆਂ ਬੰਦ ਹੋ ਗਈਆਂ ਸਨ। ਸੁਰੱਖਿਆ ਅਧਿਕਾਰੀ ਨੇ ਘਰ ਵਿਚ ਲੁਕੇ ਸਭ ਲੋਕਾਂ ਨੂੰ ਬਾਹਰ ਆ ਜਾਣ ਦਾ ਆਦੇਸ਼ ਸੁਣਾਇਆ। ਦਫ਼ੇਦਾਰ ਸੂਬਾ ਸਿੰਘ ਤੇ ਉਸ ਦੇ ਦੋਵੇਂ ਪੁੱਤਰ ਹੱਥ ਖੜ੍ਹੇ ਕਰੀ ਘਰੋਂ ਬਾਹਰ ਆਏ, ਉਹਨਾਂ ਦੇ ਪਿੱਛੇ-ਪਿੱਛੇ ਪਰਿਵਾਰ ਦੀਆਂ ਜਨਾਨੀਆਂ ਵੀ ਸਨ। ਘਰੋਂ ਨਿਕਲਦੇ ਸਾਰ ਹੀ ਅੱਗੋਂ 'ਤਾੜ ਤਾੜ' ਗੋਲੀਆਂ ਚੱਲੀਆਂ ਸਨ ਤੇ ਅਗਲਿਆਂ ਨੇ ਤਿੰਨਾਂ ਪਿਉ-ਪੁੱਤਾਂ ਨੂੰ ਢੇਰੀ ਕਰ ਦਿੱਤਾ ਸੀ। ਅਗਲੇ ਦਿਨ ਪੰਜ ਖ਼ਤਰਨਾਕ ਅਤਿਵਾਦੀਆਂ ਦੇ ਮਾਰੇ ਜਾਣ ਦੀ ਤੇ ਦਫ਼ੇਦਾਰ ਸੂਬਾ ਸਿੰਘ ਦੇ ਗੋਲਿਆਂ ਨਾਲ ਢੱਠੇ ਧੂੰਆਂ ਛੱਡਦੇ ਸੜਦੇ ਘਰ ਦੀ ਖ਼ਬਰ ਟੀ.ਵੀ. ਉੱਤੇ ਪ੍ਰਸਾਰਿਤ ਹੋਈ। ਤਿੰਨ ਦਿਨ ਬਹਿਕਾਂ ਦੇ ਸਾਰੇ ਗੱਭਰੂ ਪੁੱਛ-ਤਾਛ ਲਈ ਆਪਣੇ ਕਬਜ਼ੇ ਵਿਚ ਲੈ ਕੇ ਉਹਨਾਂ 'ਤੇ ਤਸ਼ੱਦਦ ਕੀਤਾ ਗਿਆ ਸੀ ਤੇ ਉਹਨਾਂ ਤੋਂ ਬਹਿਕਾਂ ਉੱਪਰ ਆਉਣ ਵਾਲੇ ਖਾੜਕੂਆਂ ਦੀ ਸੂਚਨਾ ਮੰਗੀ ਗਈ ਸੀ।

"ਓਦਾਂ ਦਾ ਸੜਦਾ ਧੂੰਆਂ ਕਿਸੇ ਘਰੋਂ ਵੀ ਨਿਕਲ ਸਕਦੈ...ਸਾਡਿਓਂ ਵੀ... ਤੁਹਾਡਿਓਂ ਵੀ ਤੇ ਕਿਸੇ ਵੀ ਹੋਰ ਦਿਓਂ..." ਉਸ ਨੇ ਆਖਿਆ ਤਾਂ ਹਰਬੰਸ ਕੌਰ ਨੇ ਵਿਚੋਂ ਹੀ ਗੱਲ ਬੋਚ ਲਈ।

"ਲੈ ਪੁੱਤ! ਤੁਸੀਂ ਤਾਂ ਸੁੱਖ ਨਾਲ ਸਾਡੇ ਵਾਸਤੇ ਈ ਕੁਰਬਾਨੀ ਕਰਦੇ ਫਿਰਦੇ ਓ। ਪੰਥ ਵਾਸਤੇ ਜਾਨਾਂ ਵਾਰਦੇ ਪਏ ਓ... ਸਾਡਾ ਹੀ ਲਹੂ-ਮਾਸ ਜੇ.... ਕੋਈ ਦੂਪਰਿਆਰੇ ਥੋੜ੍ਹਾ ਜੇ... ਮਾਂ ਸਦਕੇ ਜਿਵੇਂ ਆਖੋਗੇ..." ਤੇ ਹਰਬੰਸ ਕੌਰ ਨੂੰ ਪਤਾ ਹੀ ਨਾ ਲੱਗਾ ਜਦੋਂ ਉਹ ਗਲੇ ਦੇ ਉੱਪਰੋਂ-ਉੱਪਰੋਂ ਫੋਕਾ ਫੋਕਾ ਬੋਲਣ ਦੀ ਥਾਂ ਦਿਲ ਦੀਆਂ ਡੂੰਘਾਣਾਂ 'ਚੋਂ ਬੋਲਣ ਲੱਗ ਪਈ ਸੀ।

"...ਪੁੱਤ ਮੇਰਾ ਤਾਂ ਆਪਣਾ ਭਣੇਵਾਂ ਪਿਛਲੇ ਸਾਲ ਸ਼ਹੀਦ ਹੋਇਆ। ਹੀਰੇ ਵਰਗਾ ਪੁੱਤ ਮਾਪਿਆਂ ਦਾ। ਤਿੰਨ ਭੈਣਾਂ ਦਾ ਇੱਕੋ-ਇੱਕ ਸੋ ਸਰਫ਼ਿਆਂ ਦਾ ਵੀਰ।" ਉਸ ਦਾ ਗੱਚ ਭਰ ਆਇਆ। ਭਣੇਵੇਂ ਦੀ ਮੌਤ ਦਾ ਉਸ ਨੂੰ ਬੜਾ ਹੀ ਦੁੱਖ ਸੀ। ਉਹ ਉਸ ਨੂੰ ਯਾਦ ਕਰਕੇ ਅਕਸਰ ਅੱਖਾਂ ਭਰ ਲੈਂਦੀ ਸੀ। ਆਪਣੀ ਛੋਟੀ ਭੈਣ ਦਾ ਦੁੱਖ ਉਸ ਤੋਂ ਜਰਿਆ ਨਹੀਂ ਸੀ ਜਾਂਦਾ। ਦੁੱਖ ਤਾਂ ਉਸ ਨੂੰ ਆਪਣੇ ਪਤੀ ਦੇ ਭਣੇਵੇਂ ਮਹਿੰਦਰ ਦਾ ਵੀ ਬੜਾ ਸੀ, ਜਿਸ ਨੂੰ ਸਿਰਫ਼ ਪੁਲਿਸ ਵਿਚ ਹੋਣ ਕਰਕੇ ਖਾੜਕੂਆਂ ਨੇ ਮਾਰ ਦਿੱਤਾ ਸੀ। ਤੇ ਹੁਣ ਉਹਦੇ ਭਣੇਵੇਂ ਸੁਖਵੰਤ ਦੇ ਨਾਲ ਹੀ ਮਹਿੰਦਰ ਵੀ ਉਸ ਨੂੰ ਆਪਣੀ 'ਠਾਣੇਦਾਰੀ' ਦੀ ਵਰਦੀ 'ਚ ਕੱਸਿਆ ਦਿਸ ਰਿਹਾ ਸੀ ਤੇ ਆਖ ਰਿਹਾ ਸੀ, "ਮਾਮੀ! ਮਰਿਆ ਤਾਂ ਮੈਂ ਵੀ ਆਂ, ਮੇਰੀ ਗੱਲ ਵੀ ਕਰ।"

ਹਰਬੰਸ ਕੌਰ ਚੇਤੰਨ ਹੋ ਗਈ। ਕਿਤੇ ਆਉਣ ਵਾਲਿਆਂ ਨੇ ਮਹਿੰਦਰ ਦੀ ਗੱਲ ਤਾਂ ਨਹੀਂ ਸੀ ਸੁਣ ਲਈ। ਉਹਨੇ ਮਹਿੰਦਰ ਨੂੰ ਹੱਥ ਜੋੜ ਕੇ, ਤਰਲੇ ਕਰਕੇ ਤੇ ਆਖ਼ਰਕਾਰ ਧੱਕ ਕੇ ਪਿੱਛੇ ਕਰ ਦਿੱਤਾ ਤੇ ਸੁਖਵੰਤ ਨੂੰ ਖਿੱਚ ਕੇ ਅੱਗੇ ਲੈ ਆਈ।

"...ਤੁਸੀਂ ਤਾਂ ਨਾਂ ਸੁਣਿਆ ਹੋਣਾ... ਸੁਖਵੰਤ ਠੱਠਰਕਿਆਂ ਵਾਲੇ ਦਾ.... ਸਾਡੇ ਤਾਏ ਦੀ ਧੀ ਕੋਲ ਛੀਨੀਂ ਆਪਣੀ ਮਾਂ ਤੇ ਛੋਟੇ ਵੀਰ ਨੂੰ ਮਿਲਣ ਲਈ ਬੁਲਾਇਆ। ਪਤਾ ਨਹੀਂ ਰਾਤ ਨੂੰ ਕਿਧਰੋਂ ਧਾੜਾਂ ਚੜ੍ਹ ਆਈਆਂ। ਸਾਰਾ ਘਰ ਘੇਰ ਲਿਆ। ਸੁੱਤਿਆਂ



ਜੀਆਂ ਨੂੰ ਉਠਾ ਕੇ ਲਾਈਨ 'ਚ ਖਲ੍ਹਾਰ ਕੇ ਪੁੱਛਣ ਲੱਗੇ, "ਸੁਖਵੰਤ ਕਿਹੜਾ ਐ, ਬਾਹਰ ਆਵੇ... ਉਹ ਬਾਹਰ ਨਿਕਲ ਆਇਆ ਪਈ ਘਰ ਦੇ ਜੀਆਂ ਨੂੰ ਕੁਝ ਨਾ ਆਖਣ... ਬਸ ਫਿਰ ਪੁੱਤ.... ਕੁਛ ਨਾ ਪੁੱਛੋ..." ਹਰਬੰਸ ਕੌਰ ਨੇ ਅੱਖਾਂ ਮੀਟੀਆਂ ਕੰਨਾਂ ਨੂੰ ਹੱਥ ਲਾਏ।

"...ਉਹ ਮਾਂ ਈ ਜਾਣਦੀ ਐ.. ਜਿਹਦੀਆਂ ਅੱਖਾਂ ਸਾਹਮਣੇ ਉਹਦੇ ਲਾਲ ਦੀਆਂ ਲੱਤਾਂ-ਬਾਹਾਂ ਭੰਨ੍ਹ ਕੇ ਪੰਡ ਬੰਨ੍ਹ ਕੇ ਗੱਡੀ 'ਚ ਸੁੱਟ ਕੇ ਲੈ ਗਏ। ਕਈ ਦਿਨ ਪਿੱਛੋਂ ਪਿੰਡ ਦੀਆਂ ਪੰਚਾਇਤਾਂ ਰੁਲਦੀਆਂ ਰਹੀਆਂ। ਅਗਲੇ ਨੰਨਾ ਨਾ ਧਰਨ... ਆਖਣ ਸਾਨੂੰ ਤਾਂ ਪਤਾ ਈ ਕੋਈ ਨਹੀਂ। ਇਸ ਨਾਂ ਦਾ ਮੁੰਡਾ ਉਹਨਾਂ ਫੜਿਆ ਈ ਕੋਈ ਨਹੀਂ-ਤੇ ਵੀਰਾ! ਪੰਦਰੀਂ ਦਿਨੀਂ ਅਖ਼ਬਾਰਾਂ 'ਚ ਖ਼ਬਰ ਆ ਗਈ। ਸੁਖਵੰਤ ਕਿਸੇ ਮੁਕਾਬਲੇ ਵਿਚ ਮਾਰਿਆ ਗਿਆ ਸੀ।..."

ਹਰਬੰਸ ਕੌਰ ਨੂੰ ਪਤਾ ਨਾ ਲੱਗਾ ਕਿ ਸੁਖਵੰਤ ਦੀ ਵੋਟ ਆਪਣੇ ਹੱਕ ਵਿਚ ਭੁਗਤਾਉਂਦੀ ਹੋਈ ਉਹ ਆਪਣਾ ਆਪ ਹੀ ਵਿਸਾਰ ਬੈਠੀ ਸੀ ਤੇ ਉਹਦੀਆਂ ਅੱਖਾਂ 'ਚੋਂ ਅੱਥਰੂ ਵਹਿ ਰਹੇ ਸਨ। ਉਹ ਸਿਰ ਦੇ ਲੀੜੇ ਨਾਲ ਵਾਰ-ਵਾਰ ਅੱਖਾਂ ਪੂੰਝ ਰਹੀ ਸੀ।

"ਚੁੱਪ ਕਰ ਮਾਂ! ਸ਼ਹੀਦਾਂ ਦੀ ਮੌਤ 'ਤੇ ਰੋਈਦਾ ਨਹੀਂ... ਮਾਈ ਭਾਗੋ ਬਣ..." ਕਾਲੀ ਲੋਈ ਵਾਲੇ ਨੇ ਆਖਿਆ। ਉਹਦੇ ਬੋਲਾਂ ਵਿਚ ਕਰੜਾਈ ਸੀ। ਹਰਬੰਸ ਕੌਰ ਨੇ ਅੱਖਾਂ ਪੂੰਝੀਆਂ ਤੇ ਸਾਵਧਾਨ ਹੋ ਗਈ।

ਜੋਗਿੰਦਰ ਦੇ ਅਸਲੀ ਮੁੱਦੇ ਬਾਰੇ ਫੇਰ ਸਪੱਸ਼ਟੀਕਰਨ ਦੇਣਾ ਚਾਹਿਆ, "ਬੱਸ ਐਵੇਂ ਆਹ ਚੋਰੀ-ਚਕਾਰੀ ਦੇ ਡਰ ਤੋਂ ਇਹਨੂੰ ਰੱਖਿਆ ਸੀ। ਇਕ ਵਾਰ ਸਿਆਲ ਦੀ ਰੁੱਤੇ ਅਸੀਂ ਅੰਦਰ ਸੁੱਤੇ ਰਹੇ ਤੇ ਕੋਈ ਮੋਟਰ ਦਾ ਪੱਖਾ ਲਾਹ ਕੇ ਲੈ ਗਿਆ...."

ਕਾਲੀ ਲੋਈ ਵਾਲੇ ਨੇ ਉਸ ਨੂੰ ਟੋਕਿਆ, "ਜਦੋਂ ਕੌਮ ਦੀ ਪਹਿਰੇਦਾਰੀ ਸਾਡੇ ਕੋਲ ਹੈ.... ਤੁਹਾਨੂੰ ਕਿਸੇ ਚੋਰੀ-ਚਕਾਰੀ ਦਾ ਕਾਹਦਾ ਖ਼ਤਰਾ। ਕੁੱਤੇ ਮਾਰ ਕੇ... ਬੱਤੀਆਂ ਬੁਝਾ ਕੇ ਰੱਖਿਆ ਕਰੋ। ਜੇ ਕਿਸੇ ਤੋਂ ਖ਼ਤਰੈ ਤਾਂ ਸਾਨੂੰ ਦੱਸੋ। ਤੁਹਾਡੇ ਸਾਹਮਣੇ ਸਾਰੇ ਇਲਾਕੇ ਨੂੰ ਪਤਾ ਕਿ ਅਸੀਂ ਨਾਰਲੀ ਵਾਲੇ ਲੁਟੇਰੇ ਨੂੰ ਕਿਵੇਂ ਸੋਧਿਆ। ... ਸਾਡੇ ਨਾਂ 'ਤੇ ਕੋਈ ਗਲਤ ਬੰਦੇ ਮਾੜੀਆਂ ਕਾਰਵਾਈਆਂ ਵੀ ਕਰਦੇ ਨੇ... ਪੈਸੇ ਮੰਗਦੇ ਨੇ... ਜੇ ਕੋਈ ਏਦਾਂ ਦੀ ਤਕਲੀਫ਼ ਆ ਤਾਂ ਸਾਨੂੰ ਦੱਸੋ..."

"ਨਹੀਂ ਜੀ... ਕੋਈ ਤਕਲੀਫ਼ ਨਹੀਂ ਜਥੇਦਾਰ ਜੀ... ਬੱਸ ਗੁਰੂ ਦੀ ਮਿਹਰ ਆ..." ਜੋਗਿੰਦਰ ਨੇ ਅੱਧ-ਪਚੱਧ ਹੱਥ ਜੋੜੇ।

ਹਰਬੰਸ ਕੌਰ ਅਜੇ ਵੀ ਮਨ ਵਿਚ ਗਿਣਤੀਆਂ-ਮਿਣਤੀਆਂ ਕਰ ਰਹੀ ਸੀ ਕਿ ਉਹਨਾਂ ਦੀ ਪ੍ਰਸ਼ੰਸਾ ਹਾਸਲ ਕਰਨ ਲਈ ਆਖੇ ਕਿ ਉਹਨਾਂ ਵਲੋਂ ਕੀਤੇ ਸੁਧਾਰਾਂ ਕਰਕੇ ਗਰੀਬਾਂ ਨੂੰ ਵਿਆਹ ਕਰਨੇ ਸੌਖੇ ਹੋ ਗਏ ਨੇ.... ਅੱਗੇ ਤਾਂ ਜੰਝਾਂ ਦੀ ਰੋਟੀ ਹੀ ਨਹੀਂ ਸੀ ਮਾਣ...। ਹੁਣ ਜੇ ਕਿਸੇ ਦਾਜ ਵੀ ਦੇਣਾ ਹੋਵੇ ਤਾਂ ਇਕ-ਦਮ ਨਹੀਂ ਹੌਲੀ-ਹੌਲੀ ਪਹੁੰਚ ਪਈ ਤੇ ਕਿਸ਼ਤਾਂ ਵਿਚ ਦੇ ਸਕਦਾ ਸੀ.. ਆਦਿ। ਪਰ ਉਸ ਅੰਦਰਲੀ ਗੁੜ੍ਹੀ ਔਰਤ ਨੇ ਵੇਖ ਲਿਆ ਕਿ ਲੀਡਰ ਜਾਪਦਾ ਨੌਜਵਾਨ ਉੱਠ ਖੜੋਤਾ ਸੀ ਤੇ ਹੁਣ ਉਹਨਾਂ ਚਲੇ ਜਾਣਾ ਸੀ। ਪ੍ਰਸ਼ੰਸਾ ਕਰਕੇ ਉਹਨਾਂ ਨੂੰ ਰੋਕਣ ਦੀ ਕੋਈ ਲੋੜ ਨਹੀਂ ਸੀ।

ਨੌਜਵਾਨ ਨੇ ਜੁਗਿੰਦਰ ਦੀ ਬੁੱਕਲ ਵਿਚ ਆ ਖੜੋਤੇ ਸੁਖਦੇਵ ਦਾ ਸਿਰ ਪਲੋਸਿਆ ਤੇ ਜੋਗਿੰਦਰ ਨਾਲ ਹੱਥ ਮਿਲਾਇਆ। ਕਾਲੀ ਲੋਈ ਵਾਲਾ ਵੀ ਜੋਗਿੰਦਰ ਨਾਲ ਹੱਥ ਮਿਲਾ ਕੇ ਵੱਡੇ ਨੌਜਵਾਨ ਦੇ ਪਿੱਛੇ ਦਰਵਾਜ਼ੇ ਵਿਚੋਂ ਬਾਹਰ ਨੂੰ ਤੁਰ ਪਿਆ। ਸਭ ਤੋਂ ਪਿੱਛੋਂ ਤੇਜ਼-ਤਰਾਰ ਨਿੱਕਾ ਨੌਜਵਾਨ ਲੰਘਿਆ। ਉਸ ਨੇ ਜੋਗਿੰਦਰ ਕੋਲ ਪਹੁੰਚ ਕੇ, ਖੜੋ ਕੇ ਇਕ ਵਾਰ ਧੌਣ ਟੇਢੀ ਕਰ ਕੇ ਵੇਖਿਆ ਤੇ ਮੁਸਕਰਾਉਂਦਾ ਹੋਇਆ ਦਹਿਲੀਜ਼ਾਂ ਟੱਪ ਗਿਆ। ਸਹਿਵਨ ਹੀ ਜੋਗਿੰਦਰ ਦਾ ਹੱਥ ਉਸ ਦੇ ਗਲਮੇ 'ਤੇ ਜਾ ਟਿਕਿਆ। ਉੱਥੇ ਅਜੇ ਵੀ ਧੌਣ ਦੀ ਚਮੜੀ ਉੱਪਰ ਗਲਮੇ ਦੀ ਖਿੱਚ ਉਸ ਨੂੰ ਬਰਾਬਰ ਮਹਿਸੂਸ ਹੋ ਰਹੀ ਸੀ। ਤੇ ਉਸ ਦੀ ਸ਼ਾਹ-ਰਗ 'ਤੇ ਨੱਪੀ ਮੁੱਕੀ ਦਾ ਅਹਿਸਾਸ ਅਜੇ ਵੀ ਉਹਨੂੰ ਲਹੂ ਪੀਂਦੀ ਜੋਕ ਵਾਂਗ ਚੰਬੜਿਆ ਹੋਇਆ ਸੀ।

ਜਦੋਂ ਜੋਗਿੰਦਰ ਉਹਨਾਂ ਨੂੰ ਹਵੇਲਿਉਂ ਬਾਹਰ ਛੱਡਣ ਆਇਆ ਤਾਂ ਗੱਲਾਂ ਅਤੇ ਦਰਵਾਜ਼ੇ ਦਾ ਖੜਾਕ ਸੁਣ ਕੇ ਡੰਗਰਾਂ ਵਾਲੇ ਕੋਠੇ ਵਿਚ ਬੱਝਾ ਟੌਮੀ ਇਕ ਵਾਰ ਫੇਰ ਭੌਂਕਿਆ।

"ਅੱਛਾ ਫਿਰ! ਮੈਂ ਤਾਂ ਨਹੀਂ... ਇਹਨਾਂ ਸਿੰਘਾਂ ਦਾ ਏਧਰ ਆਉਣਾ-ਜਾਣਾ ਬਣਿਆ ਰਹਿਣਾ.... ਇਹ ਮਿਲਦੇ-ਗਿਲਦੇ ਰਹਿਣਗੇ... ਕੋਈ ਦੁੱਖ ਤਕਲੀਫ਼ ਹੋਵੇ ਤਾਂ ਦੱਸਣਾ...." ਲੀਡਰ ਜਾਪਦੇ ਨੌਜਵਾਨ ਨੇ ਜੋਗਿੰਦਰ ਦੇ ਮੋਢੇ 'ਤੇ ਹੱਥ ਰਖਿਆ ਤੇ ਫਿਰ ਨਾਲ ਦਿਆਂ ਨੂੰ ਕਿਹਾ, "ਚਲੋ ਪਈ ਸਿੰਘੋ!..."

ਜੋਗਿੰਦਰ ਪਹਿਲਾਂ ਵਾਂਗ ਹੀ ਬੁੱਲ੍ਹਾਂ 'ਚ ਬੁੜਬੁੜਾ ਰਿਹਾ ਸੀ, "...ਜੀ ਬੱਸ ਗੁਰੂ ਦੀ ਕਿਰਪਾ..." ਕਿ ਤੇਜ਼-ਤਰਾਰ ਨੌਜਵਾਨ ਜਾਂਦਾ ਹੋਇਆ ਚੇਤਾਵਨੀ ਦੇਣ ਲੱਗਾ, "ਪੰਜਾਂ-ਚਹੁੰ ਦਿਨਾਂ ਨੂੰ ਅਸੀਂ ਲੰਘਣਾਂ... ਕੁੱਤੇ ਦਾ ਨਾਂ-ਨਿਸ਼ਾਨ ਨਾ ਹੋਵੇ ਤੇ ਬਾਹਰਲੀਆਂ ਬੱਤੀਆਂ ਬੁਝਾ ਕੇ ਰਖਿਆ ਕਰੋ। ਔਹ ਨਾਲ ਦੀ ਬਹਿਕ ਵਾਲਿਆਂ ਨੂੰ ਵੀ ਆਖ ਛੱਡੀਂ।" ਉਸ ਨੇ ਕੁੰਦੂ ਫ਼ੌਜੀ ਦੀ ਬੈਬੀ ਦੇ ਸਿਰ 'ਤੇ ਜਗ ਰਹੇ ਬਲਬ ਵੱਲ ਇਸ਼ਾਰਾ ਕੀਤਾ।

"ਸਤਿ ਬਚਨ ਜੀ" ਹਰਬੰਸ ਕੌਰ ਨੇ ਦੋਹਵੇਂ ਹੱਥ ਜੋੜੇ ਹੋਏ ਸਨ।

ਉਹ ਰਾਤ ਦੇ ਹਨੇਰੇ ਵਿਚ ਵੱਟੋ-ਵੱਟ ਤੁਰ ਗਏ।

ਜੋਗਿੰਦਰ ਤੇ ਹਰਬੰਸ ਕੌਰ ਪਿੱਛੇ ਮੁੜੇ। ਸੁਖਦੇਵ ਤੇ ਦੋਵੇਂ ਕੁੜੀਆਂ ਬੀਰੋ ਨਾਲ ਬਾਹਰਲੇ ਦਰਵਾਜ਼ੇ ਦੇ ਤਖ਼ਤੇ ਦੀ ਓਟ ਵਿਚ ਖੜੋਤੇ ਸਨ। ਅੰਦਰ ਲੰਘ ਕੇ ਦਰਵਾਜ਼ਾ ਢੋਅ ਕੇ ਜੋਗਿੰਦਰ ਅਰਲ ਲਾ ਰਿਹਾ ਸੀ ਤਾਂ ਤਿੰਨੇ ਬੱਚੇ ਜੋਗਿੰਦਰ ਨੂੰ ਆਣ ਚਿੰਬੜੇ। ਹਰਬੰਸ ਕੌਰ ਆਕਾਸ਼ ਵੱਲੀਂ ਮੂੰਹ ਕਰਕੇ ਦੋਵੇਂ ਹੱਥ ਜੋੜ ਕੇ ਅਰਦਾਸ ਕਰ ਰਹੀ ਸੀ, "ਧੰਨ ਬਾਬਾ ਬੁੱਢਾ ਸਾਹਿਬ! ਅੱਜ ਤਾਂ ਹੱਥ ਦੇ ਕੇ ਰਖਿਆ ਈ ਕਲਗੀਆਂ ਵਾਲਿਆ.... ਤੇਰਾ ਲੱਖ-ਲੱਖ ਸ਼ੁਕਰ ਆ ਸੱਚਿਆ ਪਾਤ਼ਸ਼ਾਹਾ..."

ਉਹ ਅਰਦਾਸ ਕਰੀ ਜਾ ਰਹੀ ਸੀ, ਬੱਚੇ ਪਿਉ ਨੂੰ ਪਿਆਰ ਕਰੀ ਜਾ ਰਹੇ ਸਨ, ਬੀਰੋ ਮਨ ਹੀ ਮਨ ਸ਼ੁਕਰ ਮਨਾ ਰਹੀ ਸੀ ਤੇ ਜੋਗਿੰਦਰ ਆਪਣੀ ਸ਼ਾਹ-ਰਗ ਨਾਲ ਚੰਬੜੀ ਲਹੂ ਪੀਂਦੀ ਘਸੁੰਨ ਵਰਗੀ ਪਿਲਪਿਲੀ ਜੋਕ ਨੂੰ ਤੋੜ-ਤੋੜ ਸੁੱਟ ਰਿਹਾ ਸੀ। ਪਰ ਉਹ ਤਾਂ ਡੂੰਘੇ ਦੰਦ ਧਸਾ ਕੇ ਚਿਪਕ ਗਈ ਸੀ। ਜਦੋਂ ਉਹ ਅੰਦਰ ਆ ਕੇ ਮੰਜੇ 'ਤੇ



ਡਿੱਗਾ ਤਾਂ ਉਹਨੂੰ ਲੱਗਾ ਉਹਦੇ ਅੰਦਰ ਦਾ ਸਾਰਾ ਲਹੂ ਸ਼ਾਹ-ਰਗ 'ਤੇ ਲੱਗੇ ਟੱਕ ਰਾਹੀਂ ਉਸ ਜੋਕ ਨੇ ਡਕਾਰ ਲਿਆ ਸੀ ਤੇ ਰੱਤ-ਹੀਣਾ, ਸ਼ਾਹ-ਸਤ-ਹੀਣਾ ਉਹ ਬਿਸਤਰੇ 'ਤੇ ਟੇਢਾ ਹੋ ਗਿਆ ਸੀ।

ਤੇ ਦੂਰ ਵੱਟਾਂ ਉੱਤੇ ਤੁਰੇ ਜਾਂਦੇ ਨੌਜਵਾਨਾਂ ਨੂੰ ਲੀਡਰ ਜਾਪਦਾ ਗੱਭਰੂ ਕਹਿ ਰਿਹਾ ਸੀ, "ਪੰਦਰਾਂ-ਵੀਹ ਸਾਲ ਪਹਿਲਾਂ ਇਹਦੀ ਕੌਡੀ ਤੇ ਜ਼ੋਰ ਦੀਆਂ ਧੁੰਮਾਂ ਹੁੰਦੀਆਂ ਸਨ। ਘਰ ਘਰ ਜਿੰਦਾ ਜਾਫ਼ੀ ਹੁੰਦੀ ਸੀ... ਅੰਨ੍ਹਾ ਜ਼ੋਰ ਹੁੰਦਾ ਸੀ ਜੱਟ 'ਚ ਕਿ ਕੌਡੀ ਹੀ ਨਹੀਂ.... ਉਂਜ ਵੀ ਬੜਾ ਸੂਰਮਾ ਬੰਦਾ... ਇਕ ਵਾਰ ਨਾ..."

ਉਹ ਜੁਆਨੀ-ਵਾਰੇ ਜੋਗਿੰਦਰ ਨਾਲ ਸੰਬੰਧਤ ਇਕ ਦੰਦ-ਕਥਾ ਛੂਹ ਬੈਠਾ ਸੀ। ਇਹ ਉਹਨਾਂ ਦਿਨਾਂ ਦੀ ਗੱਲ ਸੀ ਜਦੋਂ ਕਬੱਡੀ ਦੇ ਸ਼ੌਕੀਨਾਂ ਨੇ ਉਹਦਾ ਨਾਂ ਜਿੰਦਾ ਜਾਫ਼ੀ ਧਰ ਦਿੱਤਾ ਤਾਂ ਖ਼ਬਰੇ ਏਸ ਨਾਂ ਨੂੰ ਪੁਸ਼ਟ ਕਰਨਲਈ ਹੀ ਉਸ ਨੇ ਇਕ ਕਾਰਨਾਮਾ ਕਰ ਵਿਖਾਇਆ ਸੀ। ਇਕ ਰਾਤ ਜਦੋਂ ਚੋਰ ਉਹਨਾਂ ਦੀ ਘੋੜੀ ਖੋਲ੍ਹਣ ਆ ਪਏ ਸਨ ਤਾਂ ਖੜਕਾ ਸੁਣ ਕੇ ਜਾਗਦਿਆਂ ਹੀ ਉਸ ਨੇ ਘੋੜੀ ਦੀ ਜ਼ੰਜੀਰੀ ਖੋਲ੍ਹਣ ਬੈਠੇ ਬੰਦੇ ਦੀ ਧੌਣ ਨੂੰ ਬਾਂਹ ਦਾ ਗਲੂਆ ਦੇ ਕੇ ਘੁੱਟ ਲਿਆ ਸੀ। ਦੂਜੇ ਬੰਦੇ ਨੇ ਉਹਦੇ ਡਾਂਗ ਮਾਰੀ ਸੀ ਤਾਂ ਮੌਰਾਂ 'ਤੇ ਇਕ ਡਾਂਗ ਖਾਣ ਮਗਰੋਂ ਦੂਜੀ ਡਾਂਗ ਉਹਨੇ ਹੱਥ ਵਿਚ ਘੁੱਟ ਲਈ ਸੀ ਤੇ ਨਾਲ ਹੀ ਰੌਲਾ ਪਾ ਦਿੱਤਾ ਸੀ। ਘਰ ਦੇ ਅਤੇ ਆਸੇ-ਪਾਸੇ ਦੇ ਲੋਕ ਜਾਗ ਪਏ ਸਨ। ਦੂਜਾ ਬੰਦਾ ਰੌਲਾ ਸੁਣ ਕੇ ਭੱਜ ਗਿਆ ਸੀ। ਪਰ ਕਾਬੂ ਆਇਆ ਬੰਦਾ ਸਿਰੀ ਨੱਪੇ ਹੋਏ ਸੱਪ ਵਾਂਗ ਬਥੇਰਾ ਪਾਸੇ ਮਾਰਦਾ ਰਿਹਾ, ਤੜਫ਼ਦਾ ਰਿਹਾ.... ਪਰ ਜਿੰਦੇ ਨੇ ਛੱਡਿਆ ਨਹੀਂ ਸੀ। ਲੋਕਾਂ ਦੀ ਇਕੱਠੀ ਹੋਈ ਭੀੜ ਵਿਚ ਉਸ ਨੇ ਉਹਨੂੰ ਧਰਤੀ 'ਤੇ ਪਟਕਾ ਮਾਰਿਆ ਸੀ। ਜ਼ਮੀਨ 'ਤੇ ਡਿਗਦਿਆਂ ਹੀ ਉਸ ਬੰਦੇ ਦੀ ਡੱਬ ਵਿਚਲਾ ਪਿਸਤੌਲ ਬੁੜ੍ਹਕ ਕੇ ਇਕ ਪਾਸੇ ਜਾ ਡਿੱਗਾ ਸੀ। ਸਭ ਭੈ-ਭੀਤ ਹੋ ਗਏ ਸਨ। ਰਤਾ ਵੀ ਢਿੱਲ ਹੋ ਜਾਂਦੀ ਤਾਂ ਅਗਲੇ ਨੇ ਆਪਣਾ ਕਾਰਾ ਕਰ ਜਾਣਾ ਸੀ। ਜਿੰਦੇ ਨੇ ਕਿੰਨਾ ਵੱਡਾ ਖ਼ਤਰਾ ਮੁੱਲ ਲਿਆ ਸੀ ਪਰ 'ਜੋਗਿੰਦਰ ਜੱਟ' ਖ਼ਤਰਿਆਂ ਤੋਂ ਕਦੋਂ ਘਬਰਾਉਂਦਾ ਸੀ। ਉਹਨੂੰ ਤਾਂ ਕਦੀ-ਕਦੀ ਇਹ ਵੀ ਲੱਗਦਾ ਕਿ ਇਹ ਜਾਨਦਾਰ ਜਿਸਮ, ਇਹ ਚੌੜੀ-ਚਕਲੀ ਛਾਤੀ ਤੇ ਇਹ ਭਰਵੇਂ ਡੌਲੇ ਵੇਖ ਕੇ ਹੀ ਕਿਸੇ ਨੇ ਉਹ ਕਵਿਤਾ ਲਿਖੀ ਹੋਵੇਗੀ, ਜਿਹੜਾ ਪ੍ਰਾਇਮਰੀ 'ਚ ਪੜ੍ਹਦੇ ਸਮੇਂ ਉਹਦਾ ਜਮਾਤੀ ਗੱਜਣ ਫਗਵਾੜੀਆ ਉੱਚੀ ਹੇਕ ਲਾ ਕੇ ਗਾਉਂਦਾ ਹੁੰਦਾ ਸੀ:

ਮੈਂ ਗੱਭਰੂ ਦੇਸ ਪੰਜਾਬ ਦਾ, ਮੈਨੂੰ ਭਾਰਤ ਉੱਤੇ ਮਾਣ।
ਮੇਰੇ ਡੌਲੇ ਵਾਂਗ ਫ਼ੌਲਾਦ ਦੇ, ਮੇਰੀ ਛਾਤੀ ਵਾਂਗ ਚੱਟਾਨ।

ਉਸ ਨੇ ਮਹਿਸੂਸ ਕੀਤਾ ਹੁਣ ਉਹ ਪੰਜਾਬ ਦਾ ਗੱਭਰੂ ਨਹੀਂ ਸੀ ਰਹਿ ਗਿਆ। ਉਹ ਤਾਂ ਚਾਰ ਬੱਚਿਆਂ ਦਾ ਬਾਪ, ਦਸ ਬਾਰਾਂ ਕਿੱਲੇ ਘਰ ਦੀ ਜ਼ਮੀਨ ਵਾਹ ਕੇ ਘਰ ਦਾ ਤੋਰਾ ਤੋਰਨ ਵਾਲਾ ਸਾਧਾਰਨ ਜੱਟ ਰਹਿ ਗਿਆ ਸੀ; ਜਿਸ ਨੇ ਦੋਹਾਂ ਪੁੱਤਾਂ ਲਈ ਵਾਹੀ ਲਈ ਥੋੜ੍ਹੀ ਜ਼ਮੀਨ ਵੇਖ ਕੇ ਪੁੱਤਰ ਨੂੰ ਪੁਲਿਸ ਵਿਚ ਭਰਤੀ ਕਰਵਾ ਦਿੱਤਾ ਸੀ ਤੇ ਮਹਿੰਦਰ ਦੇ ਪੁਲਿਸ ਵਿਚ ਹੋਣ ਕਰਕੇ ਮਾਰੇ ਜਾਣ ਤੋਂ ਪਿੱਛੋਂ ਵੀ ਜਿਸ ਨੇ ਪੁੱਤਰ ਦਾ ਪੁਲਸ ਵਿਚ ਰਹਿਣਾ ਮਨਜ਼ੂਰ ਕੀਤੀ ਰਖਿਆ ਸੀ। ਉਸ ਨੇ ਆਪਣੀਆਂ ਦੋਹਾਂ

ਕੁੜੀਆਂ ਦੇ ਵਿਆਹ ਵੀ ਤਾਂ ਕਰਨੇ ਸਨ। ਉਂਜ ਵੀ ਉਸ ਨੂੰ ਮੁੰਡੇ ਦੇ ਏਥੇ ਰਿਹਾਂ ਡਰ ਸੀ ਕਿ ਕਿਧਰੇ 'ਦੂਜੇ ਪਾਸੇ' ਨਾ ਤੁਰ ਪਵੇ ਜਾਂ ਪੁਲਿਸ ਵਾਲੇ ਹੀ ਫੜ ਕੇ ਨਾ ਲੈ ਜਾਣ। ...ਆਖਣ ਨੂੰ ਤਾਂ ਉਸਦੇ ਡੌਲਿਆਂ ਵਿਚ ਅਜੇ ਵੀ ਤਾਕਤ ਸੀ। ਅਜੇ ਵੀ ਉਹ ਪੈਲੀਆਂ ਦੀਆਂ ਨੁੱਕਰਾਂ ਗੋਡ ਗੋਡ ਮਿੱਟਾ-ਸਕਿੱਟਾਂ 'ਚ ਵਾਹਣ ਵਿਚ ਸੁੱਟ ਪਾਉਂਦਾ ਸੀ। ਪਲਾਂ-ਛਿਣਾਂ ਵਿਚ ਹੀ ਖਾਲ ਨੂੰ ਖਾਲ ਕੇ ਵੱਟਾਂ ਤੇ ਮਿੱਟੀ ਪੱਧਰੀ ਕਰ ਸਕਦਾ ਸੀ। ਅਜੇ ਵੀ ਪਿੰਡ ਦਾਤਰੀਆਂ ਦੇ ਦੰਦੇ ਕਢਾਉਣ ਗਿਆ ਦੂਲੇ ਲੁਹਾਰ ਦੀ ਆਹਰਨ ਸਿਰੋਂ ਉੱਚੀ ਚੁੱਕ ਲੈਂਦਾ ਸੀ। ਉਹਦੇ ਅੰਦਰ ਅਣਖ ਅਤੇ ਵਿਉਂ ਵੀ ਉਂਜ ਹੀ ਸੀ। ਪਰ ਉਸ ਨੂੰ ਲੱਗਦਾ ਉਹਦੇ ਹੁਣ ਦਿਨ ਨਹੀਂ ਸਨ। ਹੁਣ ਤਾਂ ਪੰਜਾਬ 'ਤੇ ਕੁਝ ਵੱਖਰੇ ਜਿਹੇ ਹੀ ਦਿਨ ਆਣ ਚੜ੍ਹੇ ਸਨ, ਜਿਨ੍ਹਾਂ ਦੀਆਂ ਧੁੱਪਾਂ ਵਿਚ ਵੀ ਰਾਤ ਦੀ ਕਾਲਖ ਅਤੇ ਲਹੂ ਦਾ ਰੰਗ ਘੁਲਿਆ ਹੋਇਆ ਸੀ।

ਤੇ ਜਿਹੜੇ ਹੁਣ 'ਪੰਜਾਬ ਦੇ ਗੱਭਰੂ' ਸਨ, ਉਹਨਾਂ ਨੂੰ ਭਾਰਤ ਉੱਤੇ ਮਾਣ ਨਹੀਂ ਸੀ ਰਹਿ ਗਿਆ। ਉਹ ਕਹਿੰਦੇ ਸਨ ਭਾਰਤ ਨੇ ਅੰਮ੍ਰਿਤਸਰ ਉੱਤੇ ਫ਼ੌਜ ਚੜ੍ਹਾਈ ਹੈ। ਸਾਡਾ ਅਕਾਲ ਤਖ਼ਤ ਢਾਹਿਆ ਹੈ। ਦਰਬਾਰ ਸਾਹਿਬ ਦੀ ਪਰਿਕਰਮਾ ਖ਼ੂਨ ਨਾਲ ਰੰਗ ਕੇ ਫ਼ੌਜੀਆਂ ਨੇ ਬੂਟਾਂ ਸਣੇ ਉੱਥੇ ਵਹਿਸ਼ਤ ਦਾ ਨਾਚ ਨੱਚਿਆ ਹੈ।

ਦੁੱਖ, ਉਦੋਂ ਉਸ ਨੂੰ ਕਿਹੜਾ ਘੱਟ ਹੋਇਆ ਸੀ ਜਦੋਂ ਸਭ ਪਾਸੇ ਪਿੰਡੀ-ਸ਼ਹਿਰੀਂ ਕਰਫ਼ਿਊ ਲੱਗਾ ਹੋਇਆ ਸੀ। ਚਾਰ-ਚੁਫੇਰੇ ਮਿਲਟਰੀ ਦੀਆਂ ਗੱਡੀਆਂ ਧੂੜਾਂ ਉਡਾਉਂਦੀਆਂ ਫਿਰਦੀਆਂ ਸਨ। ਲੋਕ ਘਰਾਂ ਵਿਚ ਕੈਦ ਹੋ ਕੇ ਰਹਿ ਗਏ ਸਨ। ਬਾਹਰ ਜਿਸਮਾਂ ਨੂੰ ਭੁੰਨਦੀ ਹੋਈ ਜੂਨ ਦੀ ਧੁੱਪ ਸੀ ਤੇ ਕੁਝ ਅੰਦਰ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿਚ ਚੱਲਦੇ ਗੜਗੜਾਉਂਦੇ ਟੈਂਕਾਂ ਅਤੇ ਤੋਪਾਂ ਦੇ ਧਮਾਕੇ ਨਾਲ ਫਟਦੇ ਗੋਲਿਆਂ ਦਾ ਪੱਥਰ ਪਿਘਲਾਉਂਦਾ ਸੇਕ ਸੀ। ਬਹਿਕਾਂ ਤੋਂ ਬਾਹਰ ਆ ਕੇ ਕਿਸਾਨ ਇਕ ਦੂਜੇ ਨਾਲ ਦੁਖ-ਸੁਖ ਸਾਂਝਾ ਕਰਦੇ ਸਨ। ਰੇਡੀਓ ਦੀਆਂ ਖ਼ਬਰਾਂ ਸੁਣਦੇ ਸਨ। ਸਾਧੇ ਸੀਤਲ ਤੋਂ ਬੀ.ਬੀ.ਸੀ. ਦੇ ਹਵਾਲੇ ਨਾਲ ਨਵੇਂ ਨਵੇਂ ਰੂਹ ਨੂੰ ਕੰਬਾਉਂਦੇ ਵੇਰਵੇ ਸੁਣਦੇ ਸਨ।

ਸਿਖਰ ਦੁਪਹਿਰੇ ਟਾਹਲੀ ਦੀ ਛਾਵੇਂ ਕੁੰਦੂ ਫ਼ੌਜੀ, ਸਾਧਾ ਸੀਤਲ, ਜੋਗਿੰਦਰ ਤੇ ਜੋਗਿੰਦਰ ਦੇ ਚਾਚੇ ਦਾ ਛੋਟਾ ਮੁੰਡਾ ਬੈਠੇ ਸਨ ਕਿ ਅਚਨਚੇਤ ਦੋ ਜਣੇ ਸੂਏ ਦੀ ਪਟੜੀ 'ਤੇ ਉੱਗੇ ਸਰਕੜੇ ਉਹਲਿਉਂ ਨਿਕਲੇ। ਆਸੇ-ਪਾਸੇ ਵੇਖਦੇ, ਬਗਲਾਂ ਝਾਕਦੇ ਉਹ ਉਹਨਾਂ ਵੱਲ ਵਧ ਆਏ। ਕੋਲ ਆਏ ਤਾਂ ਫ਼ਤਹਿ ਬੁਲਾ ਕੇ ਉਹੀ ਪਿੰਡੋ ਪਿੰਡੀ ਅੰਮ੍ਰਿਤਸਰ ਨੂੰ ਜਾਂਦਾ ਰਾਹ ਪੁੱਛਣ ਲੱਗੇ। ਉਹ ਦੂਰ ਹਠਾੜ ਵੱਲੋਂ, ਦਰਬਾਰ ਸਾਹਿਬ 'ਤੇ ਹੋਇਆ ਹਮਲਾ ਸੁਣ ਕੇ ਜਰ ਨਹੀਂ ਸਨ ਸਕੇ ਤੇ ਛੇਤੀ ਤੋਂ ਛੇਤੀ ਗੁਰੂ ਘਰ ਪਹੁੰਚਣਾ ਚਾਹੁੰਦੇ ਸਨ। ਇਕ ਦੇ ਹੱਥ ਕਿਰਪਾਨ ਸੀ ਤੇ ਦੂਜੇ ਦੇ ਹੱਥ ਬਰਛਾ। ਉਹ ਕੱਲ੍ਹ ਦੇ ਤੁਰੇ ਹੋਏ ਸਨ। ਲੁਕਦੇ-ਲੁਕਾਉਂਦੇ ਮਸਾਂ ਏਥੋਂ ਤਕ ਅੱਪੜੇ ਸਨ। ਰਾਹ ਵਿਚ ਥਾਂ-ਥਾਂ 'ਤੇ ਮਿਲਟਰੀ ਮੁਸ਼ਕ ਸੁੰਘਦੀ ਫਿਰਦੀ ਸੀ। ਜੋਗਿੰਦਰ ਨੇ ਜਲ-ਪਾਣੀ ਛਕਣ ਅਤੇ ਘੜੀ ਟਿਕਣ ਲਈ ਆਖਿਆ ਤਾਂ ਉਹਨਾਂ ਕਿਹਾ, "ਗੁਰੂ ਘਰ ਨੂੰ ਅੱਗ ਲੱਗੀ ਹੋਵੇ ਤਾਂ ਸਿੰਘੋ। ਮਨ ਨੂੰ ਕਿਵੇਂ ਟਿਕਾਅ ਆਵੇ। ਬੱਸ ਜਲ ਦਾ ਇਕ ਇਕ ਗਲਾਸ ਪਿਆਓ ਤੇ ਸਾਨੂੰ ਸੁਰ ਸਿੰਘ ਦਾ ਰਾਹ ਦੱਸ ਦਿਓ... ਉੱਥੇ ਕਹਿੰਦੇ ਬਾਬਿਆਂ ਕੋਲ ਲੋਕ



ਕੱਠੇ ਹੋ ਰਹੇ ਨੇ..."

ਬੈਠੇ ਹੋਏ ਜੋਗਿੰਦਰ ਹੁਰਾਂ ਨੂੰ ਇੰਜ ਲੱਗਾ ਜਿਵੇਂ ਆਉਣ ਵਾਲਿਆਂ ਨੇ ਇਹ ਗੱਲ ਕਹਿ ਕੇ ਉਹਨਾਂ ਦੇ ਮੂੰਹ 'ਤੇ ਚਪੇੜ ਮਾਰੀ ਸੀ। ਉਹ ਤਾਂ ਆਉਣ ਵਾਲਿਆਂ ਨਾਲੋਂ ਮੀਲਾਂ 'ਚ ਦੂਰੀ ਪੱਖੋਂ ਗੁਰੂ ਘਰ ਦੇ ਵਧੇਰੇ ਨੇੜੇ ਸਨ। ਉਹਨਾਂ ਦਾ ਫ਼ਰਜ਼ ਤਾਂ ਬਣਦਾ ਸੀ, ਉਹਨਾਂ ਤੋਂ ਵੀ ਪਹਿਲਾਂ ਤੁਰਦੇ, ਤੇ ਉਹ ਬੈਠੇ ਰੇਡੀਓ ਦੀਆਂ ਖ਼ਬਰਾਂ ਦੀ ਚਰਚਾ ਕਰ ਰਹੇ ਸਨ। ਮਨ ਤਾਂ ਉਹਨਾਂ ਦੇ ਨੂੰ ਵੀ ਟਿਕਾਅ ਨਹੀਂ ਸੀ, ਪਰ ਫਿਰ ਵੀ ਉਹ ਟਿਕੇ ਹੋਏ ਹੀ ਤਾਂ ਸਨ।

ਦੋਵੇਂ ਹੱਥ ਜੋੜ ਕੇ ਸਾਧੇ ਸੀਤਲ ਨੇ ਆਖਿਆ, "ਸਤਿ-ਬਚਨ ਮਹਾਂ ਪੁਰਖੋ... ਗੁਰੂ ਤੁਹਾਡਾ ਭਲਾ ਕਰੇ। ਸਾਨੂੰ ਚੇਤਾ ਕਰਾ ਦਿੱਤਾ ਜੇ.... ਕਿ ਪਿਉ ਦੀ ਪੱਗ ਲੱਥੀ ਹੋਵੇ ਤਾਂ ਪੁੱਤ ਟਿਕ-ਟਿਕਾ ਨਹੀਂ ਕਰਦੇ...ਪਰ ਹੁਣ ਤੁਸੀਂ ਦੋ ਘੜੀਆਂ ਰੁਕੋ...ਜਲ ਪਾਣੀ ਛਕੋ। ਅਸੀਂ ਵੀ ਨਾਲ ਚੱਲਦੇ ਆਂ.... ਮੈਂ ਘਰ ਖ਼ਬਰ ਕਰ ਆਵਾਂ..." ਉਸ ਨੇ ਪਰਨਾ ਝਾੜਦਿਆਂ ਉਠ ਕੇ ਜੋਗਿੰਦਰ ਹੁਣਾਂ ਵੱਲ ਸੁਆਲੀਆ ਨਜ਼ਰਾਂ ਨਾਲ ਵੇਖਿਆ, "ਕਿਉਂ ਬਈ?"

"ਚੱਲ ਹੋ ਆ... ਚੱਲਦੇ ਆ ਕਿ..." ਜੋਗਿੰਦਰ ਤੋਂ ਪਹਿਲਾਂ ਹੀ ਸੁਰਜੀਤ, ਉਹਦੇ ਚਾਚੇ ਦਾ ਪੁੱਤ, ਬੋਲ ਪਿਆ। ਜਾਂਦਾ ਜਾਂਦਾ ਸਾਧਾ ਸੀਤਲ ਗਾ ਰਿਹਾ ਸੀ।

ਰਗਾਂ ਵਿਚ ਜੇ ਖ਼ੂਨ ਦਸ਼ਮੇਸ ਜੀ ਦਾ, ਹੋ ਜਾਓ ਜੰਗ ਦੇ ਲਈ ਤਿਆਰ ਸਿੰਘੋ।

ਅੱਜ ਪੱਗ ਪੰਜਾਬ ਦੀ ਹੱਥ ਸਾਡੇ, ਦਿਓ ਦੇਸ ਖ਼ਾਤਰ ਜਾਨਾਂ ਵਾਰ ਸਿੰਘੋ।

ਘੰਟੇ ਕੁ ਪਿੱਛੋਂ ਆਉਣ ਵਾਲਿਆਂ ਨੂੰ ਅੰਨ-ਪਾਣੀ ਛਕਾਉਣ ਮਗਰੋਂ ਜੋਗਿੰਦਰ, ਉਸ ਦੇ ਚਾਚੇ ਦਾ ਪੁੱਤ ਸੁਰਜੀਤ ਤੇ ਸਾਧਾ ਸੀਤਲ ਉਹਨਾਂ ਨਾਲ ਡਾਂਡੇ-ਮੀਂਡੇ ਤੁਰਦੇ ਸੁਰ ਸਿੰਘ ਨੂੰ ਹੋ ਤੁਰੇ। ਉੱਥੇ ਗੁਰਦਵਾਰੇ ਮੱਥਾ ਟੇਕਿਆ। ਬਾਬਿਆਂ ਤੋਂ ਅਸ਼ੀਰਵਾਦ ਲਈ ਤੇ ਪਿੱਛੋਂ ਵਹੀਰਾਂ ਬੰਨ੍ਹ ਕੇ ਤੁਰੇ ਆ ਰਹੇ ਲੋਕਾਂ ਨਾਲ ਸ਼ਾਮਲ ਹੋ ਕੇ ਮੁਸਿਆਂ ਵਾਲੇ ਸੂਏ ਦੇ ਨਾਲ ਨਾਲ 'ਭੋਜੀਆਂ', 'ਮੀਰ-ਪੁਰ' ਰਾਹੀਂ ਲੰਘਦੇ ਹੋਏ 'ਲਾਲੂ-ਘੁੰਮਣ' ਪਹੁੰਚੇ। ਉੱਥੋਂ ਤਕ ਸੰਗਤਾਂ ਦਾ ਭਾਰੀ ਇਕੱਠ ਹੋ ਚੁੱਕਾ ਸੀ। ਇਥੇ ਹੀ ਜੋਗਿੰਦਰ ਦੀ ਮਾਸੀ ਦਾ ਪੁੱਤਰ ਠੇਠਰਕਿਆਂ ਵਾਲਾ ਸੁਖਵੰਤ, ਉਹਨਾਂ ਨੂੰ ਆਣ ਮਿਲਿਆ ਸੀ, ਜੋ ਹਮਲੇ ਤੋਂ ਪਹਿਲਾਂ ਨਾਨਕੇ ਪਿੰਡ 'ਝਬਾਲ' ਆਇਆ ਹੋਇਆ ਸੀ ਤੇ ਇਥੇ ਹੀ ਫਸ ਗਿਆ ਸੀ। ਇਥੇ ਹੀ ਭੀੜ ਵਿਚੋਂ ਸਾਧੇ ਸੀਤਲ ਹੋਰਾਂ ਨੂੰ ਵੇਖ ਕੇ ਉਹਨਾਂ ਦੇ ਪਿੰਡ ਦੇ ਸਰਕਾਰੀ ਹਸਪਤਾਲ ਦਾ ਸੇਵਾਦਾਰ ਮੁੱਖਾ ਉਤਸ਼ਾਹ ਨਾਲ ਇਹਨਾਂ ਕੋਲ ਆਇਆ ਤੇ ਹੱਥ ਜੋੜ ਕੇ ਫਤਿਹ ਗਜਾਉਂਦਿਆਂ ਕਹਿਣ ਲੱਗਾ ਸੀ, "ਮੈਨੂੰ ਡਾਕਟਰ ਗਿੱਲ ਨੇ ਬੜਾ ਰੋਕਿਆ...ਅਖੇ ਮੁੱਖਾ ਸਿਆਂ ਨਾ ਜਾਹ ਮਾਰਿਆ ਜਾਏਂਗਾ ਭੰਗ ਦੇ ਭਾੜੇ....ਮੈਂ ਆਖਿਆ ਮੈਂ ਤਾਂ ਜਾਊਂ ਗੁਰੂ ਮਹਾਰਾਜ ਦੇ ਘਰ... ਭਾਵੇਂ ਕੁਛ ਹੋ ਜੇ..." ਉਸਨੇ ਆਪਣੇ ਸਿਰ ਉੱਪਰ ਉਲਝੇ ਹੋਏ ਕੱਟੇ ਵਾਲਾਂ ਵਿਚ ਹੱਥ ਫੇਰਿਆ। ਸਾਧੇ ਸੀਤਲ ਨੇ ਉਹਦੀ ਪਿੱਠ ਥਾਪੜੀ, "ਸ਼ਾਵਾਸ਼ੇ। ਮੁੱਖ ਸਿਆਂ। ਸ਼ਾਵਾਸ਼ੇ... ਦਾਈਆ ਸੁਰਮੇ ਦਾ ਸਿਰ ਦੇ ਨਾਲ ਹੁੰਦਾ, ਜਿੱਤ ਹਾਰ ਦੀ ਜਾਣੇ ਕਰਤਾਰ ਸਿੰਘੋ..."

ਇਥੇ ਮਿਲਟਰੀ ਨੇ ਉਹਨਾਂ ਨੂੰ ਰੋਕ ਲਿਆ ਸੀ। ਪਰ ਫਿਰ ਪਤਾ ਨਹੀਂ ਕਿਉਂ ਵਾਇਰਲੈੱਸ 'ਤੇ ਕੁਝ ਸੁਣਨ ਪਿੱਛੋਂ ਅੱਗੇ ਜਾਣ ਦਿੱਤਾ। ਜਦੋਂ ਉਹ ਸੰਗਰਾਣਾ ਸਾਹਿਬ ਪਹੁੰਚੇ ਤਾਂ ਵੱਖ-ਵੱਖ ਦਿਸ਼ਾਵਾਂ ਤੋਂ ਹਜ਼ਾਰਾਂ ਸਿਰਾਂ ਦਾ ਠਾਠਾਂ ਮਾਰਦਾ ਸਮੁੰਦਰ ਉੱਥੇ ਇਕੱਠਾ ਹੋ ਗਿਆ ਸੀ। ਏਧਰ ਹਜ਼ਾਰਾਂ ਦੀ ਗਿਣਤੀ ਵਿਚ ਨਿਹੱਥੇ ਲੋਕ, ਰੋਹ, ਗ਼ਮ ਅਤੇ ਗੁੱਸੇ ਨਾਲ ਭਰੇ ਹੋਏ ਤੇ ਉਧਰ ਉਹਨਾਂ ਦੀਆਂ ਹਿੱਕਾਂ ਵੱਲ ਗੱਡੀਆਂ ਉੱਪਰ ਮਸ਼ੀਨ-ਗੰਨਾਂ ਸੇਧੀ ਖਲੋਤੀ ਮਿਲਟਰੀ। ਲਾਊਡ-ਸਪੀਕਰ ਤੋਂ ਵਾਰ-ਵਾਰ ਖ਼ਬਰਦਾਰ ਕੀਤਾ ਜਾ ਰਿਹਾ ਸੀ, ਖਿੰਡ ਜਾਣ ਲਈ, ਘਰੋ-ਘਰੀ ਪਿੱਛੇ ਮੁੜ ਜਾਣ ਲਈ। ਤੇ ਹੁਕਮ ਨਾ ਮੰਨੇ ਜਾਣ ਦੀ ਸੂਰਤ ਵਿਚ ਗੋਲੀ ਚਲਾ ਦਿੱਤੇ ਜਾਣ ਲਈ।

ਪਰ ਉਹ ਤਾਂ ਦਰਬਾਰ ਸਾਹਿਬ ਜਾਣਾ ਚਾਹੁੰਦੇ ਸਨ। ਢੱਠੇ ਹੋਏ ਅਕਾਲ ਤਖ਼ਤ ਦੇ ਮਲਬੇ ਦੀ ਮਿੱਟੀ ਅੱਖਾਂ ਨਾਲ ਛੁਹਾ ਕੇ ਚੁੰਮਣਾ ਚਾਹੁੰਦੇ ਸਨ। ਜ਼ਖ਼ਮੀ ਹੋਏ ਹਰਿਮੰਦਰ ਦੇ ਮੱਥੇ 'ਤੇ ਲਹੂ ਦੀਆਂ ਧਾਰਾਂ ਪੂੰਝਣਾ ਚਾਹੁੰਦੇ ਸਨ। ਉਹਨਾਂ ਵਿਚੋਂ ਮੌਕੇ 'ਤੇ ਬਣੇ ਆਗੂਆਂ ਨੇ ਆਖਿਆ ਵੀ ਸੀ—ਉਹ ਬਿਲਕੁਲ ਸ਼ਾਂਤ ਰਹਿਣਗੇ। ਦਰਬਾਰ ਸਾਹਿਬ ਦੇ ਦਰਸ਼ਨ ਕਰਨਗੇ। ਅੱਥਰੂ ਕੇਰਨਗੇ ਤੇ ਪਰਿਕਰਮਾ ਕਰਕੇ ਚੁੱਪ-ਚਾਪ ਵਾਪਸ ਮੁੜ ਆਉਣਗੇ।

ਪਰ ਕੌਣ ਸੁਣਦਾ ਸੀ? ਸਪੀਕਰ ਵਾਰ-ਵਾਰ ਚੇਤਾਵਨੀ ਦੇ ਰਿਹਾ ਸੀ। ਗੋਲੀ ਚਲਾਏ ਜਾਣ ਦੀ ਧਮਕੀ ਦੇ ਰਿਹਾ ਸੀ-ਜੋ ਕਿਸੇ ਵੀ ਅਗਲੇ ਪਲ ਸੱਚ ਹੋ ਸਕਦੀ ਸੀ। ਸ਼ਾਮ ਹੋਣ ਨੂੰ ਆ ਰਹੀ ਸੀ। ਰਾਤ ਪੈਣ ਤੋਂ ਪਹਿਲਾਂ-ਪਹਿਲਾਂ ਕਿਸੇ ਪਾਸੇ ਗੱਲ ਲੱਗਣੀ ਹੀ ਸੀ।

ਤੇ ਸਾਧਾ ਸੀਤਲ ਆਪਣੇ ਟੋਲੇ ਦੇ ਸਾਥੀਆਂ ਵਿਚ ਬਾਬੇ ਦੀਪ ਸਿੰਘ ਦੀ ਵਾਰ ਕਹਿ ਰਿਹਾ ਸੀ:

"ਸਿੰਘ ਅਰਦਾਸ ਗੁਜ਼ਾਰਦਾ ਗਲ ਪੱਲਾ ਪਾ ਕੇ
ਜੋ ਬੈਠੇ ਸਾਡੀ ਹਿੱਕ 'ਤੇ ਅੱਜ ਡੇਰਾ ਲਾ ਕੇ
ਮੈਂ ਪੈਰਾਂ ਅੰਦਰ ਛਤਾਂਗਾ, ਛਿੱਝ ਤੇਗੀਂ ਪਾ ਕੇ
ਮੈਂ ਪਾਠ ਕਰਾਂ ਰਹਿਰਾਸ ਦਾ ਲਹੂ ਅੰਦਰ ਨ੍ਹਾ ਕੇ
ਮੈਂ ਦਿਆਂ ਚੜ੍ਹਾਵਾ ਸੀਸ ਦਾ ਅੰਮ੍ਰਿਤਸਰ ਜਾ ਕੇ
ਮੈਂ ਜਾਮ ਸ਼ਹਾਦਤ ਪੀਆਂਗਾ ਪ੍ਰਣ ਤੋੜ ਨਿਭਾ ਕੇ
...

ਸੀਤਲ ਨੇ ਹੱਥ ਜੋੜ ਕੇ ਅਜੇ ਸਿਰ ਨਿਵਾਇਆ ਹੀ ਸੀ ਕਿ ਉਧਰੋਂ ਤਾੜ! ਤਾੜ!! ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ ਸਨ। ਭਗਦੜ ਮੱਚ ਗਈ ਸੀ। ਭੀੜ ਖਿਲਰ ਗਈ ਸੀ। ਹਨੇਰਾ ਢਲ ਆਇਆ ਸੀ। ਬੇ-ਹਥਿਆਰੇ ਹਰਾਸੇ ਹੋਏ ਦੁਖੀ ਲੋਕ ਇਥੋਂ ਹੋਰ ਨਮੋਸ਼ੀ ਲੈ ਕੇ ਰਾਤ ਦੀ ਕਾਲਖ ਤੋਂ ਮੂੰਹ ਛੁਪਾਉਂਦੇ ਵਾਪਸ ਮੁੜ ਰਹੇ ਸਨ। ਇਹ ਵੀ ਕਹਿ ਰਹੇ ਸਨ, "ਇਹਦੇ ਨਾਲੋਂ ਤਾਂ ਉੱਥੇ ਹੀ ਮਰ ਜਾਂਦੇ ਤਾਂ ਚੰਗਾ ਸੀ... ਗੋਲੀਆਂ ਅੱਗੇ ਹਿੱਕ ਡਾਹ ਕੇ..."

ਪਰ ਸੁਖਵੰਤ ਵਾਰ-ਵਾਰ ਕਹਿ ਰਿਹਾ ਸੀ, "ਇੰਜ ਅਜਾਈਂ ਮਰਨ ਦਾ ਕੀ



ਫ਼ਾਇਦਾ। ਮਰਾਂਗੇ ਤਾਂ ਕਿਸੇ ਨੂੰ ਮਾਰ ਕੇ ਮਰਾਂਗੇ... ਐਵੇਂ ਭੰਗ ਦੇ ਭਾੜੇ ਨਹੀਂ..."

ਗਲ ਵਿਚੋਂ ਚਿੱਟੀ ਕਮੀਜ਼ ਲਾਹ ਕੇ ਹੱਥ ਵਿਚ ਗੁੱਛਾ-ਮੁੱਛਾ ਕਰਦਿਆਂ-ਕਿ ਕਿਤੇ ਰਾਤ ਦੇ ਹਨੇਰੇ ਵਿਚ ਚਿੱਟੇ ਕੱਪੜੇ ਦੀ ਚਮਕ ਵੇਖ ਕੇ ਫ਼ੌਜ ਗੋਲੀ ਨਾ ਮਾਰ ਦੇਵੇ-ਮੁੱਖਾ ਨੰਗੇ ਸਿਰ ਵਿਚ ਵਾਰ ਵਾਰ ਹੱਥ ਫੇਰਦਾ ਤੇ ਨਿਰਾਸ਼ਾ ਭਰੀ ਸੁਰ ਵਿਚ ਆਪਣੇ ਨਾਲ ਗੱਲਾਂ ਕਰਦਾ ਜਾਪਦਾ, "ਐਂ ਨਿਹੱਥਿਆਂ-ਨਦੋਸ਼ਿਆਂ ਨੂੰ ਭੁੰਨ ਸੁੱਟਣਾ.... ਇਹ ਕਿਹੜੇ ਗੁਰੂ ਮਹਾਰਾਜ 'ਚ ਲਿਖਿਆ ਭਾਈ...."

...ਉਹ ਤਾਂ ਆ ਕੇ... ਕਦੋਂ ਦੇ ਚਲੇ ਗਏ ਸਨ। ਕੀ ਉਹ ਸੱਚਮੁੱਚ ਚਲੇ ਗਏ ਸਨ! ਰਾਤ ਫਿਰ ਚੁੱਪ, ਸ਼ਾਂਤ ਅਤੇ ਟਿਕੀ ਹੋਈ ਸੀ। ਹਰਬੰਸ ਕੌਰ ਕੁੜੀਆਂ ਨੂੰ ਲੈ ਕੇ ਦੂਜੇ ਕਮਰੇ ਵਿਚ ਲੰਮੀ ਜਾ ਪਈ ਸੀ। ਬੀਰੂ ਨੇ ਆਪਣੇ ਕਮਰੇ ਦਾ ਦਰਵਾਜ਼ਾ ਢੋਅ ਕੇ ਅੰਦਰੋਂ ਕੁੰਡਾ ਲਾ ਲਿਆ ਸੀ। ਪਰ ਡਰ ਅਤੇ ਸਹਿਮ ਤਾਂ ਕੁੰਡੇ ਬੰਦ ਹੋਣ 'ਤੇ ਵੀ ਅੰਦਰ ਆ ਵੜਦਾ ਸੀ... ਠਰੀ ਹੋਈ ਸੀਤ ਵਾਂਗ।

ਪਰ ਜੋਗਿੰਦਰ ਰਜਾਈ ਤੋਂ ਬਿਨਾਂ ਹੀ ਨਿੱਸਲ ਤੇ ਨਿਢਾਲ ਹੋ ਕੇ ਮੰਜੇ ਤੇ ਚੌਫ਼ਾਲ ਲੇਟਿਆ ਹੋਇਆ ਸੀ। ਉਹਦੀ ਛੇ ਫੁੱਟੀ ਧੜਵੈਲ ਦੇਹ ਖ਼ਬਰੇ ਲੱਕੜ ਹੋ ਗਈ ਸੀ। ਘਸਮੈਲੇ ਕੁੜਤੇ ਹੇਠਾਂ ਉਹਦੇ ਬੁਗਦਰ ਜਿਹੇ ਡੌਲਿਆਂ ਦੀਆਂ ਮੱਛੀਆਂ ਮਰ ਗਈਆਂ ਸਨ।

ਜੋਗਿੰਦਰ, ਅਣਖ ਅਤੇ ਵਿਉਂ ਨਾਲ ਜਿਉਣ ਵਿਚ ਜਿਸ ਦਾ ਵਿਸ਼ਵਾਸ ਰਿਹਾ ਸੀਰ, ਕੀੜੇ ਲੱਗੀ ਕਮਾਦ ਦੀ ਪੋਰੀ ਵਾਂਗ ਪਿਆ ਸੀ। ਟੋਮੀ ਚੁੱਪ ਸੀ, ਪਰ ਹੁਣ ਉਹ ਉਸ ਦੇ ਅੰਦਰ ਭੌਂਕ ਰਿਹਾ ਸੀ, ਉਹਦੀ ਵਰ੍ਹਿਆਂ ਦੀ ਸੋਚ, ਉਹਦੇ ਜਿਉਣ-ਢੰਗ ਨੂੰ ਚੱਕ ਮਾਰ-ਮਾਰ ਕੇ ਵਲੂੰਧਰ ਰਿਹਾ ਸੀ। ਲਹੂ-ਲੁਹਾਨ ਕਰ ਰਿਹਾ ਸੀ। ਉਹਨੂੰ ਆਪਣੇ ਬਾਰੇ ਲੋਕਾਂ ਦੀਆਂ ਕਹੀਆਂ ਕਹੀਆਂ ਹੋਈਆਂ ਗੱਲਾਂ, ਪਿਛਲੇ ਜਨਮ ਦੀ ਕੋਈ ਕਹਾਣੀ ਲੱਗਦੀਆਂ ਸਨ। ਉਹਨੂੰ ਆਪਣੇ ਨਾਂ ਨਾਲ ਲੱਗੇ ਵਿਸ਼ੇਸ਼ਣ ਬੇ-ਮਾਅਨੀ ਲੱਗੇ ਜਿੰਦਾ ਜਾਫ਼ੀ, ਜਿੰਦਾ ਖੁੰਗ, ਜਿੰਦਾ ਜੱਟ, ਜਿੰਦਾ ਜੋਧਾ... ਉਹ ਕੀ ਕੀ ਸੀ। ਤੇ ਹੁਣ ਕੀ ਸੀ!

ਬਿਸਤਰੇ 'ਤੇ ਲੇਟੇ ਜੋਗਿੰਦਰ ਨੂੰ ਲੱਗ ਰਿਹਾ ਸੀ, ਉੱਥੇ ਉਹ ਆਪ ਨਹੀਂ ਕੋਈ ਅੱਧ-ਮਰਿਆ ਲਿਜਲਿਜੀ ਦੇਹ ਵਾਲਾ ਲੱਕ-ਟੁੱਟਾ ਸੱਪ ਪਿਆ ਸੀ, ਜਿਸ ਵਿਚ ਤੁਰਨ ਜਾਂ ਡੰਗ ਮਾਰਨ ਦੀ ਤਾਂ ਕੀ, ਫੁੰਕਾਰਾ ਮਾਰਨ ਦੀ ਸੱਤਿਆ ਵੀ ਨਹੀਂ ਸੀ ਰਹੀ।

ਉਹ ਹੈਰਾਨ ਸੀ, ਉਹਦੇ ਗਲਮੇ ਨੂੰ ਜਦੋਂ ਉਹਨੇ ਹੱਥ ਪਾਇਆ ਸੀ ਤਾਂ ਉਹਦਾ ਪਿੰਡਾ ਮਿੱਟੀ ਦੀ ਢੇਰੀ ਕਿਉਂ ਹੋ ਗਿਆ ਸੀ। ਉਹਦੇ ਹੱਥ ਟੁੰਡ ਕਿਉਂ ਬਣ ਗਏ ਸਨ। ਉਹ ਕਿਉਂ ਕੁੱਤੇ ਵਾਂਗੂੰ ਉਹਦੇ ਪਿੱਛੇ ਧੂਹੀਦਾ ਤੁਰੀ ਗਿਆ ਸੀ। ਉਹਦੇ ਪਿੰਡੇ ਨੂੰ ਹੱਥ ਲਾ ਕੇ, ਕੋਈ ਮਾਈ ਦਾ ਲਾਲ, ਉਹਦੀ ਧੌਲ ਖਾਧੇ ਬਗ਼ੈਰ ਉਹਨੂੰ ਉਲੰਘ ਕੇ ਕਦੀ ਅੱਗੇ ਕਿਵੇਂ ਲੰਘ ਸਕਦਾ ਸੀ। ਪਰ ਉਹ ਤਾਂ ਆਏ ਸਨ ਤੇ ਉਹਦੇ ਉੱਤੋਂ ਦੀ ਕੈਂਡੀ ਪਾ ਕੇ, ਉਹਨੂੰ ਧੌਲਾਂ ਮਾਰਦੇ, ਕੁੱਟਦੇ-ਭੰਨਦੇ ਚੌਫ਼ਾਲ ਧਰਤੀ 'ਤੇ ਸੁੱਟ ਕੇ, ਉਹਦੀ ਛਾਤੀ 'ਤੇ ਪੈਰ ਰੱਖ ਕੇ ਅੱਗੇ ਲੰਘ ਗਏ ਸਨ। ਉਹਦੇ ਅੰਦਰ ਬੈਠੀ ਲੋਕਾਂ ਦੀ ਭੀੜ ਉਹਨੂੰ ਧਰਤੀ 'ਤੇ ਬੇਹਿਸ ਲੇਟੇ ਨੂੰ ਵੇਖ ਰਹੀ ਸੀ। ਮਿੱਟੀ 'ਚ ਲੱਥ-ਪੱਥ ਹੋਏ ਨੂੰ...

ਨਮੋਸ਼ੀ 'ਚ ਡੁੱਬੇ ਨੂੰ ... ਉਹ ਕਦੀ ਏਡੀ ਨਮੋਸ਼ੀ ਵਾਲੀ ਖੇਡ ਤਾਂ ਨਹੀਂ ਸੀ ਖੇਡਿਆ।

ਹੁਣ ਤਾਂ ਇਹ ਖੇਡ ਵੀ ਨਵੀਂ ਚੱਲ ਪਈ ਸੀ। ਉਹ ਇਸਦਾ ਦਰਸ਼ਕ ਤਾਂ ਸੀ ਖਿਡਾਰੀ ਬਿਲਕੁਲ ਨਹੀਂ ਸੀ। ਉਸ ਨੇ ਆਪਣੀ ਮਾਸੀ ਦੇ ਪੁੱਤ ਤੇ ਭੂਆ ਦੇ ਪੁੱਤ ਨੂੰ ਇਹ ਖੇਡ ਖੇਡਦਿਆਂ ਵੇਖਿਆ ਸੀ। ਜਿਸ ਵਿਚ ਜਿੱਤਿਆ ਕੌਣ ਸੀ?... ਉਸ ਨੂੰ ਨਹੀਂ ਸੀ ਪਤਾ...। ਸਿਰਫ਼ ਹਾਰੇ ਸਨ ਤਾਂ ਉਹਨਾਂ ਦੇ ਮਾਪੇ ਹਾਰੇ ਸਨ। ਮਰਿਆ ਸੀ ਤਾਂ ਇਕੋ ਲਹੂ ਮਰਿਆ ਸੀ, ਇਕੋ ਰੂਹ ਮਰੀ ਸੀ।

"ਓ ਸਭ ਸੁੱਖ-ਸਾਂਦ ਤਾਂ ਰਹੀ..." ਪਿਛਵਾੜੇ ਲੱਗਦੀ ਬਹਿਕ ਵਿਚੋਂ ਉਸ ਦਾ ਚਾਚਾ ਹਵੇਲੀ ਦੀ ਬਾਹਰਲੀ ਨਿੱਕੀ ਕੰਧ ਟੱਪ ਕੇ ਹੀ ਅੰਦਰ ਆ ਵੜਿਆ ਸੀ। ਜੋਗਿੰਦਰ ਅਕਸਰ ਉਸਦਾ ਖ਼ੂਨ ਸੀ। ਜੋਗਿੰਦਰ ਨੂੰ ਦਿੱਸਿਆ ਉਹਦਾ ਚਾਚਾ ਉਹਦੇ ਪਿਓ ਦੀ ਢਾਲੀ ਬਣਿਆ ਪਟਵਾਰੀ ਨੂੰ ਕਹਿ ਰਿਹਾ ਸੀ, "ਸਮੁੰਦੇ ਆਲਿਆ ਪੁੱਤ ਅੱਗੇ ਵਧ ਕੇ ਵੇਖ ਰਤਾ... ਇਹ ਨਾ ਸਮਝੀਂ ਭਰਾਵਾਂ ਦਾ ਵੱਟ ਆ ਤੇ 'ਕੱਲਾ ਵੇਖ ਕੇ ਤੂੰ ਮੇਰੇ ਭਰਾ ਨੂੰ ਥੱਲੇ ਲਾ ਲੇਂਗਾ।"

ਹੁਣ ਤਾਂ ਉਹਦੇ ਚਾਚੇ ਦੇ ਬੁਰਛਿਆਂ ਵਰਗੇ ਦੋ ਜਵਾਨ ਪੁੱਤਰ ਵੀ ਸਨ। ਪਰ ਉਹ ਫ਼ਾਇਰ ਦੀ ਆਵਾਜ਼ ਸੁਣ ਕੇ ਤੇ ਜੋਗਿੰਦਰ ਵੱਲ ਹੁੰਦਾ ਬੋਲ-ਬੁਲਾਰਾ ਸੁਣ ਕੇ ਵੀ ਨਹੀਂ ਸੀ ਆ ਸਕਿਆ। ਉਹਦੀ ਵੱਡੀ ਨੂੰਹ ਨੇ ਜੁੱਤੀ ਪਾਉਂਦਿਆਂ ਵੇਖ ਕੇ ਹੀ ਉਹਨੂੰ ਆਖ ਦਿੱਤਾ ਸੀ, "ਬਾਪੂ! ਤੂੰ ਟਿਕ ਕੇ ਨਹੀਂ ਬਹਿ ਸਕਦਾ। ਤੂੰ ਕੀ ਕਰ ਲਏਂਗਾ ਜਾ ਕੇ। ਅਗਲੇ ਊਂ ਵੀ ਕੌੜ ਮਨੌਣਗੇ... ਐਵੇਂ ਇਹ ਸਵਾਦ ਲੈਂਦਾ ਫਿਰਦਾ.... ਤੇ ਜੇ ਓ ਕੋਈ ਗੱਲ ਹੋ ਗਈ...." ਜੁੱਤੀ 'ਚ ਪਾਇਆ ਪੈਰ ਉਹਨੇ ਉਦੋਂ ਹੀ ਕੱਢ ਲਿਆ ਸੀ। ਇਹ ਵੱਖਰੀ ਗੱਲ ਸੀ ਕਿ ਸ਼ਰਮਿੰਦੇ ਮਨ ਨੂੰ ਝੂਠੀ-ਮੂਠੀ ਢਾਰਸ ਦੇਣ ਲਈ ਉਹਦੇ ਵੱਡੇ ਪੁੱਤ ਵੱਲੋਂ ਫੜੀ ਬਾਂਹ ਅਤੇ ਬੋਲੇ ਬੋਲਾਂ ਨੇ ਉਸ ਨੂੰ ਮੰਜੇ 'ਤੇ ਬਿਠਾ ਦਿੱਤਾ।

"ਚਾਚਾ! 'ਰਾਮ ਨਾਲ ਬਹਿ।"

"ਖਾਣ-ਪੀਣ ਨੂੰ ਅੱਡੋ-ਅੱਡੀ ਤੇ ਲੜਨ ਭਿੜਨ ਨੂੰ 'ਕੱਠੇ" ਵਿਚ ਵਿਸ਼ਵਾਸ ਰੱਖਣ ਵਾਲੇ ਉਹਦੇ ਚਾਚੇ ਅਤੇ ਉਸ ਦੇ ਮੁੰਡਿਆਂ ਦੇ ਲਲਕਾਰੇ ਨੂੰ ਉਹਨਾਂ ਦੀਆਂ ਰਗਾਂ ਨੱਪ ਕੇ ਕਿਸੇ ਨੇ ਅੰਦਰ ਹੀ ਘੁੱਟ ਦਿੱਤਾ ਸੀ।

—ਤੇ ਉਹਨਾਂ ਤੋਂ ਵਿਸਥਾਰ ਨਾਲ ਸਾਰੀ ਗੱਲ ਸੁਣ ਕੇ ਕਰਮ ਸਿੰਘ ਉਹਨੂੰ ਸਮਝੌਤੀ ਦੇ ਰਿਹਾ ਸੀ... "ਫਿਰ ਉਹਨਾਂ ਕੋਈ ਮਾੜੀ ਗੱਲ ਤਾਂ ਨਹੀਂ ਕੀਤੀ। ਸਿਆਣੀ ਤਰ੍ਹਾਂ ਸਾਰੀ ਗੱਲ ਸਮਝਾ ਕੇ ਗਏ ਨੇ... ਉਂਜ ਵੀ ਜਿੰਦਾ ਸਿਆਂ, ਇਸ ਜ਼ਮਾਨੇ 'ਚ ਜਿੱਦਾਂ ਕੋਈ ਆਂਹਦਾ, ਓਦਾਂ ਕਰੀ ਚੱਲੋ। ਹੁਣ ਨਾ ਕਿਸੇ ਦੀ ਮਰਦਾਨਗੀ ਤੇ ਨਾ ਕਿਸੇ ਦੀ ਵਰਿਆਮਗੀ। ....ਨਾਲੇ ਬਈ ਸਿੰਘ ਤਾਂ ਉਂਜ ਵੀ ਸੱਚੇ ਆ। ਉਹਨਾਂ ਦਾ ਪਹਿਰਾ ਤਾਂ ਰਾਤ-ਬਰਾਤੇ ਹੀ ਹੁੰਦਾ ਫਿਰ। ਤੂੰ ਗਲ਼ੀ ਦੇ ਏਹ ਕੁੱਤੇ ਨੂੰ। ਸਵੇਰੇ ਦੇ ਕਿਤਿਓਂ ਲੱਭ ਕੇ ਚੂਹਿਆਂ ਵਾਲੀਆਂ ਗੋਲੀਆਂ। ਨਹੀਂ ਤਾਂ ਹਸਪਤਾਲ ਜਾਈਂ ਤੇ ਉਥੋਂ ਮੁੱਖੇ ਨਿਹੰਗ ਕੋਲੋਂ ਕੁੱਤੇ ਮਾਰਨ ਦੀ ਦਵਾਈ ਲੈ ਆਈਂ... ਹੈਂ... ਮੈਂ ਕੀ ਆਹਨਾਂ?..." ਤੇ ਫਿਰ ਉਹ ਸਿੰਘ ਸੱਚੇ ਆ ਭਈ... ਸਿੰਘ ਸੱਚੇ ਆ..." ਕਹਿੰਦਾ ਤੁਰ ਗਿਆ।

ਉਹਦੇ ਜਾਣ ਪਿੱਛੋਂ ਜੋਗਿੰਦਰ ਦੂਜੀ ਤਰ੍ਹਾਂ ਸੋਚਣ ਲੱਗਾ। ਕੀ ਉਹ ਠੀਕ ਹੀ



ਸੱਚੇ ਸਨ? ਉਹ ਆਪਣੇ ਆਪ ਨੂੰ ਤਸੱਲੀ ਦੇਣ ਲੱਗਾ, ਉਸ ਨੌਜਵਾਨ ਨੇ ਬੜੇ ਪਿਆਰ ਅਤੇ ਤਹੱਮਲ ਨਾਲ ਸਾਰੀ ਗੱਲ ਕੀਤੀ ਸੀ। ਸਮਝਾਈ ਸੀ। ਦੁੱਖ ਤਕਲੀਫ਼ ਵੀ ਪੁੱਛੀ ਸੀ। ਬੱਸ ਇਕ ਜੇ ਉਹ ਗਲਮੇ ਨੂੰ ਹੱਥ ਨਾ ਪਾਉਂਦਾ ... ਤੇ ਉਸ ਨੂੰ ਫਿਰ ਆਪਣੇ ਗਲ 'ਤੇ ਕੁਝ ਲੜਨ ਲੱਗ ਪੈਂਦਾ। ... ਮੁੰਡੇ ਦੇ ਰੁੱਖੇ ਬੋਲ ਉਹਦੀ ਰੂਹ ਨੂੰ ਪੱਛਣ ਲੱਗ ਪੈਂਦੇ।

ਸਵੇਰੇ ਉੱਠਦਿਆਂ ਹੀ ਪਹਿਲਾਂ ਉਸ ਨੇ ਕਣਕ ਨੂੰ ਦਵਾਈ ਪਾ ਕੇ ਖ਼ਾਲੀ ਹੋਏ ਡੱਬੇ ਇਕੱਠੇ ਕੀਤੇ ਤੇ ਉਹਨਾਂ ਵਿਚੋਂ ਥੋੜ੍ਹੀ ਥੋੜ੍ਹੀ ਦਵਾਈ ਕੱਢ ਕੇ ਜਾਚਿਆ।

"ਕਾਫੀ ਹੋਵੇਗੀ" ਉਸ ਨੇ ਮਨ ਨਾਲ ਕੋਈ ਫ਼ੈਸਲਾ ਕਰ ਲਿਆ ਲੱਗਦਾ ਸੀ। ਦਹੀਂ 'ਚ ਦਵਾਈ ਘੋਲ ਕੇ, ਖੰਡ ਮਿਲਾ ਕੇ ਉਸ ਨੇ ਬਾਲਟਾ ਵਿਹੜੇ ਵਿਚ ਰੱਖ ਦਿੱਤਾ ਤੇ ਫੇਰ ਟੌਮੀ ਨੂੰ ਅਵਾਜ਼ ਮਾਰੀ। ਟੌਮੀ ਆਇਆ ਤਾਂ ਅਗਲੇ ਦੋਵੇਂ ਪੈਰ ਚੁੱਕ ਕੇ ਜੋਗਿੰਦਰ ਵੱਲ ਮੋਹ ਨਾਲ ਲਪਕਿਆ ਤੇ ਫਿਰ ਇਧਰ-ਉਧਰ ਵੇਖਦਾ ਪੂਛ ਹਿਲਾਉਣ ਲੱਗਾ। ਹਰਬੰਸ ਕੌਰ ਮੰਜੀ 'ਤੇ ਬੈਠੀ ਸੀ। ਬੀਰੂ ਤੇ ਦੋਵੇਂ ਕੁੜੀਆਂ ਚੌਂਤਰੇ 'ਚ ਉੱਠ ਕੇ ਵੇਖਣ ਲੱਗੀਆਂ। ਜੋਗਿੰਦਰ ਦੇ ਸੱਜੇ ਪਾਸੇ ਆ ਖਲੋਤਾ ਸੁਖਦੇਵ ਪੁੱਛ ਰਿਹਾ ਸੀ, "ਭਾਅ ਟੌਮੀ ਨੂੰ ਦਵਾਈ ਪਾ ਦੇਣੀ ਫਿਰ?"

"ਆਹੋ"

ਸੁਖਦੇਵ ਦੀ ਹਿੰਮਤ ਨਹੀਂ ਪਈ ਕਿ ਉਹ ਪਿਉ ਨੂੰ ਆਖੇ ਕਿ ਉਹ ਟੌਮੀ ਨੂੰ ਨਾ ਮਾਰੇ।

"ਚੱਲ ਉਏ ਟੌਮੀ... ਖਾ ਲੈ ਦਹੀਂ..." ਟੌਮੀ ਨੇ ਦਹੀਂ ਨੂੰ ਸੁੰਘਿਆ... ਜ਼ਬਾਨ ਲਾਈ ਤੇ ਫਿਰ ਪੂਛ ਹਿਲਾਉਂਦਾ ਜੋਗਿੰਦਰ ਵੱਲ ਨੂੰ ਹੋਇਆ। ਸੁਖਦੇਵ ਨੇ ਉਹਨੂੰ ਅੱਗੇ ਵਧ ਕੇ ਪੁਚਕਾਰਿਆ।

"ਚੱਲ ਚੱਲ ਟੌਮੀ....ਐਧਰ ਹੋ..." ਜੋਗਿੰਦਰ ਨੇ ਟੌਮੀ ਨੂੰ ਝਿੜਕ ਦਿੱਤੀ। ਪੂਛ ਹਿਲਾਉਂਦੇ ਟੌਮੀ ਨੇ ਮਾਸੂਮ ਅੱਖਾਂ ਨਾਲ ਜੋਗਿੰਦਰ ਵੱਲ ਵੇਖਿਆ ਤੇ ਫਿਰ ਹੁਕਮ ਮੰਨ ਕੇ ਬਾਲਟੇ ਵੱਲ ਤੁਰ ਪਿਆ।

"ਭਾਅ! ਦਵਾਈ ਖਾ ਕੇ ਇਹਨੂੰ ਖਿੱਚ-ਧੂਹ ਹੋਊਗੀ? ਫਿਰ ਆਪਣਾ ਟੌਮੀ ਮਰ ਜੂਗਾ?..." ਸੁਖਦੇਵ ਦੀ ਗੱਲ ਸੁਣ ਕੇ ਪੂਛ ਹਿਲਾਉਂਦਾ ਟੌਮੀ ਸਿਰ ਚੁੱਕ ਕੇ ਸੁਖਦੇਵ ਵੱਲ ਵੇਖਣ ਲੱਗਾ।

"ਪੀ ਲੈ.... ਪੀ ਲੈ... ਬੀਬਾ ਪੁੱਤ!"

ਜੋਗਿੰਦਰ ਨੇ ਭਰੇ ਮਨ ਨਾਲ ਆਖਿਆ ਤੇ ਉਸ ਦਾ ਹੁਕਮ ਮੰਨ ਕੇ ਟੌਮੀ ਪੂਛ ਹਿਲਾਉਂਦਾ ਦਹੀਂ ਚੱਟਣ ਲੱਗਾ।

"ਟੌਮੀ! ...ਉਏ ਟੌਮੀ..." ਸੁਖਦੇਵ ਉੱਚੀ ਸਾਰੀ ਚੀਕਿਆ। ਦਹੀਂ ਵਿਚੇ ਛੱਡ ਕੇ ਕੁੱਤਾ ਸੁਖਦੇਵ ਵੱਲ ਵਧਿਆ ਤੇ ਪੂਛ ਹਿਲਾਉਂਦਿਆਂ ਪਿੱਛੇ ਨੂੰ ਕੰਨ ਕਰਕੇ ਉਹਦੀਆਂ ਲੱਤਾਂ ਵਿਚ ਸਿਰ ਦੇ ਦਿੱਤਾ। ਸੁਖਦੇਵ ਉਹਦੀ ਧੌਣ ਦੇ ਭੂਰੇ ਕਾਲੇ ਵਾਲਾਂ ਵਿਚ ਹੱਥ ਫੇਰਨ ਲੱਗਾ।

"ਚੱਲ ਟੌਮੀ ਐਧਰ ਦਹੀਂ ਖਾਹ.... ਤੂੰ ਚੱਲ ਐਧਰ ਆਪਣੀ ਮਾਂ ਕੋਲ..."

ਜੋਗਿੰਦਰ ਨੇ ਤਕੜਾ ਹੋ ਕੇ ਮਨ ਕਰੜਾ ਕੀਤਾ ਹੋਇਆ ਸੀ। ਸਾਰੇ ਜੀਅ ਨਾ ਚਾਹੁੰਦੇ ਹੋਏ ਵੀ ਚੁੱਪ ਸਨ। ਉਹ ਟੌਮੀ ਨੂੰ ਦਹੀਂ ਖਾਣੋਂ ਰੋਕਣਾ ਵੀ ਚਾਹੁੰਦੇ ਸਨ ਤੇ ਰੋਕ ਵੀ ਨਹੀਂ ਸਨ ਸਕਦੇ।

ਜਦੋਂ ਸੁਖਦੇਵ ਨੂੰ ਬਾਹੋਂ ਫੜ ਕੇ ਉਹਦੀ ਮਾਂ ਵੱਲ ਤੋਰਦਿਆਂ ਜੋਗਿੰਦਰ ਨੇ ਕੰਧੋਂ ਪਾਰ ਵੇਖਿਆ ਤਾਂ ਦੂਰ ਪਰੇ ਕੱਚੇ ਰਾਹ 'ਤੇ ਸੀ.ਆਰ.ਪੀ.ਐੱਫ ਦੀਆਂ ਤਿੰਨ-ਚਾਰ ਗੱਡੀਆਂ ਧੂੜਾਂ ਉਡਾਉਂਦੀਆਂ ਗੱਜੂ ਦੀ ਬਹਿਕ ਵੱਲ ਜਾਂਦੀਆਂ ਵੇਖੀਆਂ। ਅੱਗੇ ਰਾਹ ਠੀਕ ਨਾ ਹੋਣ ਕਰਕੇ ਗੱਡੀਆਂ ਖਲੋ ਗਈਆਂ ਤੇ ਦਗੜ ਦਗੜ ਕਰਦੇ ਹੇੜਾਂ ਦੀਆਂ ਹੇੜਾਂ ਵਰਦੀ-ਧਾਰੀ ਹੇਠਾਂ ਉਤਰ ਆਏ। ਪੰਜ-ਚਾਰ ਜਣੇ ਪੈਲੀ 'ਚੋਂ ਛਟਾਲਾ ਵੱਢ ਰਹੇ ਗੱਜੂ ਦੇ ਮੁੰਡੇ ਵੱਲ ਹੋਏ। ਕੁਝ ਚਿਰ ਉਸ ਨਾਲ ਗੱਲਾਂ ਕੀਤੀਆਂ ਤੇ ਇਸ਼ਾਰਿਆਂ ਨਾਲ ਕੁਝ ਸਮਝਦੇ ਸਮਝਾਉਂਦੇ ਰਹੇ ਤੇ ਥੋੜ੍ਹੇ ਚਿਰ ਪਿਛੋਂ ਆਪਣੇ ਸਾਥੀਆਂ ਕੋਲ ਵਾਪਸ ਮੁੜ ਆਏ।

ਜੋਗਿੰਦਰ ਨੇ ਵੇਖਿਆ ਉਹ ਕੁਝ ਸਲਾਹਾਂ ਕਰ ਰਹੇ ਸਨ ਤੇ ਇਸ਼ਾਰੇ ਕਰਦੇ ਹੋਏ ਉਸਦੀ ਬਹਿਕ ਵੱਲ ਵੀ ਵੇਖ ਰਹੇ ਸਨ। ਸ਼ੱਕ ਦੀ ਤੇ ਸਹਿਮ ਦੀ ਤੇਜ਼ ਲੀਕ ਜੋਗਿੰਦਰ ਦੀ ਰੂਹ ਨੂੰ ਚੀਰ ਗਈ।

ਉਸ ਦਾ ਸ਼ੱਕ ਸੱਚ ਹੀ ਸੀ। ਉਹ ਉਸ ਦੀ ਬਹਿਕ ਵੱਲ ਹੀ ਦਦਨਾਉਂਦੇ ਆ ਰਹੇ ਸਨ। ਜੋਗਿੰਦਰ ਬਾਹਰਲੇ ਦਰਵਾਜ਼ੇ 'ਚ ਖੜੋਤਾ ਉਹਨਾਂ ਨੂੰ ਉਡੀਕਣ ਲੱਗਾ। ਘਰੋਂ ਜੰਗਲ-ਪਾਣੀ ਨਿਕਲੇ ਉਸ ਦੇ ਚਾਚੇ ਦੇ ਮੁੰਡੇ ਨੂੰ ਪਰ੍ਹੇ ਜਾਂਦਿਆਂ ਵੇਖ ਇਕ ਜਣੇ ਨੇ ਹਥਿਆਰ ਖੜਕਾਏ ਤੇ ਉੱਚੀ ਆਵਾਜ਼ ਵਿਚ ਚੀਕਿਆ, "ਭਾਗਨਾ ਮੱਤ! ਇਧਰ ਸੀਧੇ ਵਾਪਸ ਆਓ....ਹਾਥ ਉਪਰ ਕਰਕੇ ਨਹੀਂ ਤੋ ਗੋਲੀ ਚਲਾ ਦੂੰਗਾ..." ਉਹ ਹੱਥ ਖੜੇ ਕਰਕੇ ਉਹਨੀਂ ਪੈਰੀਂ ਵਾਪਸ ਮੁੜ ਪਿਆ।

"ਕੌਨ ਹੋ ਤੁਮ? ਜੋਗਿੰਦਰ ਹੋ?..."

ਉਸਦੇ ਬੋਲਣ ਤੋਂ ਪਹਿਲਾਂ ਹੀ ਜੋਗਿੰਦਰ ਅੱਗੇ ਵਧਿਆ, "ਸਾਹਬ ਜੀ, ਮੈਂ ਆਂ ਜੋਗਿੰਦਰ!..."

ਖੜ੍ਹਵੀਆਂ ਮੁੱਛਾਂ ਵਾਲੇ ਅਫ਼ਸਰ ਨੇ ਉੱਚੀ ਲਲਕਾਰ ਕੇ ਇਸ਼ਾਰੇ ਕੀਤੇ ਤੇ ਸਾਰੀ ਫੋਰਸ ਨੇ ਦੋਹਾਂ ਬਹਿਕਾਂ ਨੂੰ ਘੇਰ ਲਿਆ।

"ਹੂੰਅ... ਤੋ ਤੇਰੇ ਪਾਸ ਆ ਕੇ ਅੱਤਵਾਦੀ ਠਹਿਰਤੇ ਹੈਂ?" ਅਫ਼ਸਰ ਦੀਆਂ ਖੜ੍ਹਵੀਆਂ ਮੁੱਛਾਂ ਹੇਠਾਂ ਪਤਲੇ ਬੁੱਲ੍ਹ ਗੁੱਸੇ ਵਿਚ ਫ਼ਰਕ ਰਹੇ ਸਨ ਤੇ ਨਾਸਾਂ ਚੌੜੀਆਂ ਹੋ ਗਈਆਂ ਸਨ, "ਸਾਲੇ। ਦੇਸ ਕਾ ਖਾਤੇ ਭੀ ਹੋ... ਔਰ ਇਸ ਕੇ ਵਿਰੁੱਧ ਸਾਜ਼ਸ਼ੇਂ ਭੀ ਕਰਤੇ ਹੋ..."

ਉਹਦੀਆਂ ਕਹਿਰੀਆਂ ਅੱਖਾਂ ਚੰਗਿਆੜੇ ਛੱਡ ਰਹੀਆਂ ਸਨ।

"ਮੋਤੀਆਂ ਆਲਿਆ। ਅਸੀਂ ਕਾਹਦੀਆਂ ਸਾਜ਼ਸ਼ਾਂ ਕਰਨੀਆਂ.... ਗਰੀਬ ਜੱਟਾਂ ਨੇ... ਦਿਨ-ਰਾਤ ਇਕ ਕਰਕੇ ਮਸਾਂ ਦੋ ਡੰਗ ਦੀ ਰੋਟੀ ਨਸੀਬ ਹੋ ਜੇ... ਏਨਾ ਈ ਬੜਾ..."

ਹੁਣੇ ਹੀ ਆ ਪਹੁੰਚੇ ਜੋਗਿੰਦਰ ਦੇ ਚਾਚੇ ਨੇ ਸਪੱਸ਼ਟੀਕਰਨ ਵਜੋਂ ਇਹ ਸ਼ਬਦ



ਕਹੇ ਹੀ ਸਨ ਕਿ ਖੜ੍ਹਵੀਆਂ ਮੁੱਛਾਂ ਵਾਲਾ ਅਫ਼ਸਰ ਚੀਕ ਉੱਠਿਆ, "ਅਰੇ ਸਾਲੇ ਬੁੱਢੇ! ਬਕਵਾਸ ਬੰਦ ਕਰੋ। ਤੁਮ ਬੀਚ ਮੇਂ ਕਿਉਂ ਬੋਲਤਾ ਹੈ? ਮੈਨੇ ਤੇਰੇ ਕੋ ਬੋਲਨੇ ਕੋ ਕਹਾ?"

"ਜੀ ਮੋਤੀਆਂ ਆਲਿਆ!" ਕਰਮ ਸਿੰਘ ਨੇ ਹੱਥ ਜੋੜ ਕੇ ਧੌਣ ਨੀਵੀਂ ਸੁੱਟ ਦਿੱਤੀ।

ਜੋਗਿੰਦਰ ਨੇ ਆਪਣੇ ਬੋਲਾਂ ਵਿਚ ਪੂਰੀ ਆਜਜ਼ੀ ਭਰਦਿਆਂ ਤਸੱਲੀ ਦਿਵਾਈ, "ਸਾਹਿਬ ਜੀ, ਸਾਡਾ ਕਿਸੇ ਨਾਲ ਕੋਈ ਲਾਗਾ-ਦੇਗਾ ਨਹੀਂ। ਆਪਣੀ ਕਮੋਨੇ ਆਂ... ਖਾਨੇ ਆਂ.... ਸਾਨੂੰ ਕੀ ਲੋੜ ਇਹਨਾਂ ਕੰਮਾਂ 'ਚ ਆਉਣ ਦੀ। ਨਾ ਸਾਡੇ ਕੋਲ ਕਦੀ ਕੋਈ ਆਇਆ ਨਾ ਕਦੀ ਕੋਈ ਰਾਤ ਰਿਹਾ। ਧਾਨੂੰ ਗ਼ਲਤ 'ਤਲਾਹ ਮਿਲੀ ਆ ਸਾਅਬ ਜੀ..."

"ਹਾਂਅ ਹਾਂ....ਹਮੇਂ ਤੋ ਗ਼ਲਤ ਇਤਲਾਹ ਮਿਲੀ ਹੈ। ਤੈਂ ਚੋ.... ਤੁਮ ਉਨ ਕੇ ਸਾਥ ਮਿਲ ਕੇ ਰਾਤ ਕੋ ਫ਼ਾਇਰ ਕਰੋ। ਹਮੇਂ ਲਲਕਾਰੋ। ਔਰ ਯੇਹ ਭੀ ਕਹੋ ਕਿ ਹਮਾਰੇ ਪਾਸ ਆਤਾ ਕੋਈ ਨਹੀਂ। ...ਪਕੜੋ ਇਸ ਕੋ....ਔਰ ਘਰ ਦੀ ਕਲਾਸ਼ੀ ਲੋ... ਬੜਾ ਅੱਤਵਾਦੀ..." ਉਸਨੇ ਅੱਗੇ ਵਧ ਕੇ ਜੋਗਿੰਦਰ ਦੇ ਚਪੇੜ ਮਾਰਨੀ ਚਾਹੀ, ਪਰ ਉਹ ਧੌਣ ਨਿਵਾ ਕੇ ਬਚਾਅ ਕਰ ਗਿਆ ਤੇ ਹੱਥ ਪੱਗ 'ਤੇ ਵੱਜ ਕੇ ਪੱਗ ਨੂੰ ਟੇਢੀ ਕਰ ਗਿਆ।

ਜੋਗਿੰਦਰ ਅਜੇ ਸੰਭਲਿਆ ਹੀ ਸੀ ਕਿ ਲਾਗੇ ਖਲੋਤਾ ਸਿਪਾਹੀ ਅੱਗੇ ਵਧਿਆ ਤੇ ਉਸ ਨੇ ਰਾਤ ਵਾਲੇ ਥਾਂ ਤੋਂ ਜੋਗਿੰਦਰ ਦੇ ਗਲਮੇ ਨੂੰ ਫੜ ਕੇ ਝੰਜੋੜਿਆ ਤੇ ਗੱਡੀਆਂ ਵੱਲ ਤੋਰਨ ਲਈ ਝਟਕਾ ਮਾਰਿਆ। ਗਲੇ ਰਾਹੀਂ ਰਾਤ ਦੇ ਰੂਹ ਤਕ ਲੱਗੇ ਡੂੰਘੇ ਤੇ ਅੱਲ੍ਹੇ ਜ਼ਖ਼ਮ ਦੇ ਏਡੀ ਛੇਤੀ ਦੁਖ ਜਾਣ 'ਤੇ ਅਜੇ ਜੋਗਿੰਦਰ ਨੇ ਕਸੀਸ ਵੀ ਪੂਰੀ ਤਰ੍ਹਾਂ ਨਹੀਂ ਸੀ ਵੱਟੀ ਕਿ ਅਜਬ ਕੌਤਕ ਵਾਪਰ ਗਿਆ। ਬਿਜਲੀ ਦੀ ਫੁਰਤੀ ਨਾਲ ਟੌਮੀ ਪਤਾ ਨਹੀਂ ਕਦੋਂ ਆ ਗਿਆ ਤੇ ਸ਼ੇਰ ਵਾਂਗ ਗਰਜਦਾ ਹੋਇਆ ਜੋਗਿੰਦਰ ਨੂੰ ਫੜਨ ਵਾਲੇ ਜਵਾਨ 'ਤੇ ਝਪਟ ਪਿਆ। ਉਹਦੀ ਹਿੱਕ ਉੱਤੇ ਪੈਰ ਰੱਖ ਕੇ, ਚਿਹਰੇ ਵੱਲ ਲਪਕਦਿਆਂ, ਉਹਦੇ ਕਾਲਰ ਨੂੰ ਚੱਕ ਭਰ ਕੇ ਵਰਦੀ ਨੂੰ ਲੀਰੋ-ਲੀਰ ਕਰ ਦਿੱਤਾ। ਰਾਈਫਲ ਇਕ ਪਾਸੇ ਡਿੱਗ ਪਈ ਸੀ। ਤੇ ਉਹ ਚੀਕਾਂ ਮਾਰਦਾ ਪਿਛਲੇ ਕਦਮੀਂ ਦੌੜ ਉੱਠਿਆ ਸੀ। ਉਹਦੇ ਗਲੇ ਅਤੇ ਹਿੱਕ 'ਤੇ ਖੁੱਭੇ ਦੰਦਾਂ ਅਤੇ ਨਹੁੰਆਂ ਦੇ ਜ਼ਖ਼ਮਾਂ ਵਿਚੋਂ ਲਹੂ ਦੀਆਂ ਬੂੰਦਾਂ ਸਿੰਮ ਆਈਆਂ ਸਨ। ਅਫ਼ਸਰ ਸਮੇਤ ਸਾਰੇ ਵਰਦੀਧਾਰੀ ਟੌਮੀ ਤੋਂ ਡਰਦੇ ਦਸ-ਦਸ ਕਦਮਾਂ ਪਿਛੇ ਵੱਲ ਭੱਜ ਉੱਠੇ ਸਨ।

ਜੋਗਿੰਦਰ ਨੇ ਆਪਣੇ ਕੁੜਤੇ ਦੇ ਗਲਮੇ ਨੂੰ ਠੀਕ ਕੀਤਾ ਅਤੇ ਆਪਣੀ ਧੌਣ ਉੱਪਰ ਹੱਥ ਫੇਰਿਆ। ਟੌਮੀ ਪੂਛ ਹਿਲਾਉਂਦਾ ਜੋਗਿੰਦਰ ਵੱਲ ਮੁੜਿਆ ਤਾਂ ਹਰਬੰਸ ਕੌਰ ਨੇ ਨੇੜੇ ਪਈ ਇੱਟ ਟੌਮੀ ਵੱਲ ਵਗਾਹ ਮਾਰੀ ਤੇ ਦਬਕਾ ਮਾਰ ਕੇ ਦੌੜ ਜਾਣ ਲਈ ਕਿਹਾ। ਲੱਤ 'ਤੇ ਸੱਟ ਲੱਗਣ ਨਾਲ ਟੌਮੀ 'ਚਊਂ ਚਊਂ' ਕਰਦਾ ਖੇਤਾਂ ਵੱਲ ਦੌੜ ਗਿਆ।

ਪਲਾਂ-ਛਿਣਾਂ ਵਿਚ ਟੌਮੀ ਨੇ ਫੋਰਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਸੀ। ਟੌਮੀ ਦੇ ਜਾਣ 'ਤੇ ਉਹ ਪੈਰਾਂ ਸਿਰ ਹੋਏ ਤਾਂ ਸਾਹਿਬ ਦਾ ਇਸ਼ਾਰਾ ਪਾ ਕੇ ਕਈ

ਜਣੇ ਭੁੱਖੇ ਬਘਿਆੜਾਂ ਵਾਂਗ ਜੋਗਿੰਦਰ 'ਤੇ ਟੁੱਟ ਕੇ ਪੈ ਗਏ। ਉਹ ਚਪੇੜਾਂ, ਘਸੁੰਨ ਅਤੇ ਬੰਦੂਕਾਂ ਦੇ ਬੱਟ ਮਾਰਦੇ ਹੋਏ, ਉਹਨੂੰ ਕੇਸਾਂ ਤੋਂ ਫੜ ਕੇ ਧੂੰਹਦੇ ਹੋਏ ਗੱਡੀਆਂ ਵੱਲ ਲੈ ਤੁਰੇ। ਹਰਬੰਸ ਕੌਰ ਬਥੇਰਾ ਕਹਿੰਦੀ ਰਹੀ, "ਵੇ ਵੀਰਾ! ਆਏ ਸਨ ਉਹ। ਸਾਨੂੰ ਆਂਹਦੇ ਸਨ ਕੁੱਤਾ ਕਿਉਂ ਰੱਖਿਆ? ਉਹਨਾਂ ਤਾਂ ਜਾਣੀਦਾ ਸਾਡੇ 'ਤੇ ਵੈਰ ਵੀ ਕੀਤਾ। ਸਾਨੂੰ ਨੀ ਪਤਾ ਕੌਣ ਸਨ... ਤੇ ਕਿਧਰ ਗਏ? .... ਤੇ ਤੁਸੀਂ ਵੀ ਸਾਨੂੰ..."

ਪਰ ਉਹਨਾਂ ਦੀਆਂ ਗਾਲ੍ਹਾਂ ਤੇ ਚੀਕਾਂ ਦੇ ਸ਼ੋਰ ਵਿਚ ਉਹਦੀ ਕਿਸੇ ਨਹੀਂ ਸੁਣੀ ਤੇ ਇਸ ਵਹਿਸ਼ੀ ਸ਼ੋਰ ਵਿਚ ਹੀ ਪਿੱਛੇ ਤੁਰੇ ਆਉਂਦੇ ਪਰਿਵਾਰ ਦੀਆਂ ਲਿਲਕੜੀਆਂ ਤੇ ਤਰਲਿਆਂ ਵੱਲ ਕਿਸੇ ਧਿਆਨ ਨਾ ਦਿੱਤਾ। ਉਹਨਾਂ ਦੇ ਜੁੜੇ ਹੋਏ ਹੱਥ ਕਿਸੇ ਨਾ ਵੇਖੇ।

ਦੌੜਦਾ ਹੋਇਆ ਟੌਮੀ ਫੇਰ ਆਇਆ। ਅਫ਼ਸਰ ਚੀਕਿਆ, "ਕੁੱਤੇ ਕੋ ਮਾਰ ਡਾਲੋ..."

ਇਕਦਮ ਇਕ ਜਵਾਨ ਨੇ ਬੰਦੂਕ ਸੇਧ ਕੇ ਫ਼ਾਇਰ ਕੀਤਾ, ਪਰ ਟੌਮੀ ਖੜਾਕ ਸੁਣ ਕੇ ਪਾਸੇ ਨੂੰ ਦੌੜ ਗਿਆ ਤੇ ਬਚ ਗਿਆ। ਉਹ ਦੂਜਾ ਫ਼ਾਇਰ ਕਰਨ ਹੀ ਲੱਗਾ ਸੀ ਕਿ ਅਫ਼ਸਰ ਨੇ ਡਾਂਟਿਆ, "ਰਹਨੇ ਦੋ... ਛੋੜੋ ਇਸਕੋ..."

ਸ਼ਾਇਦ ਉਸ ਨੂੰ ਹਰਬੰਸ ਕੌਰ ਦੀ ਗੱਲ ਸੁਣਾਈ ਦੇ ਗਈ ਸੀ ਤੇ ਉਸ ਨੇ ਸੋਚ ਲਿਆ ਸੀ ਕਿ ਜੇ ਕੁੱਤਾ ਮਾਰ ਦਿੱਤਾ ਤਾਂ ਫਿਰ ਉਸ ਦੀ ਥਾਂ 'ਤੇ ਹੁਕਮ ਤਾਂ ਉਹਨਾਂ ਦਾ ਚੱਲ ਜਾਣਾ ਸੀ।

ਥੋੜ੍ਹੇ ਚਿਰ ਵਿਚ ਹੀ ਘਰਾਂ ਅਤੇ ਖੇਤਾਂ ਨੂੰ ਛਾਨਣ ਪਿੱਛੋਂ ਉਹ ਜੋਗਿੰਦਰ, ਉਸ ਦੇ ਚਾਚੇ ਅਤੇ ਉਸ ਦੇ ਚਾਚੇ ਦੇ ਪੁੱਤ ਨੂੰ ਗੱਡੀਆਂ ਵਿਚ ਬਿਠਾ ਕੇ, ਪਿੱਛੇ ਰਹਿ ਗਏ ਜੀਆਂ ਦੀਆਂ ਅੱਖਾਂ ਵਿਚ ਗੱਡੀਆਂ ਵੱਲੋਂ ਉਡਾਈ ਧੂੜ ਛੱਡ ਕੇ ਔਹ ਗਏ।

ਪਲਾਂ-ਛਿਣਾਂ ਵਿਚ ਹੀ ਸਾਰੀਆਂ ਬਹਿਕਾਂ ਵਾਲੇ ਇਕੱਠੇ ਹੋ ਗਏ ਸਨ। ਕੁੰਢੂ ਡੋਜੀ ਦਾ ਮੁੰਡਾ ਸਾਈਕਲ 'ਤੇ ਸਰਪੰਚ ਨੂੰ ਲੈਣ ਦੌੜ ਗਿਆ ਸੀ। ਬਾਬਾ ਸੋਹਣ ਸਿੰਘ ਹਰਬੰਸ ਕੌਰ ਨੂੰ ਜੇਰਾ ਕਰਨ ਅਤੇ ਨੂੰਹ ਤੇ ਬੱਚਿਆਂ ਨੂੰ ਚੁੱਪ ਕਰਾਉਣ ਲਈ ਕਹਿ ਰਿਹਾ ਸੀ। ਕਰਮ ਸਿੰਘ ਦਾ ਵੱਡਾ ਮੁੰਡਾ ਗੁੰਮ-ਸੁੰਮ ਹੋਇਆ ਭੀੜ ਵੱਲ ਵੇਖਦਾ ਪੁੱਛ ਰਿਹਾ ਸੀ, "ਹੁਣ ਕੀ ਹੋਊ...ਉਹ ਕਿਤੇ ਉਹਨਾਂ ਨੂੰ ਗੋਲੀ ਨਾ ਮਾਰ ਦਿੰਦੇ ਹੋਣ।"

"ਲੈ ਏਨਾ ਹਨੇਰ ਪੈ ਗਿਆ ਕਿਧਰੇ..." ਸਾਧਾ ਸੀਤਲ ਇਹ ਜਾਣਦਾ ਹੋਇਆ ਵੀ ਕਿ ਹਨੇਰ ਤਾਂ ਇਸ ਤੋਂ ਵੀ ਕਿਧਰੇ ਜ਼ਿਆਦਾ ਸੀ, ਸਿਰਫ਼ ਹੌਸਲਾ ਦੇਣ ਲਈ ਕਹਿ ਰਿਹਾ ਸੀ, "ਲੈ ਸਾਰਾ ਪਿੰਡ ਹੁਣੇ 'ਕੱਠਾ ਹੋ ਕੇ ਮਗਰ ਜਾਂਦੇ ਆਂ। ਗਵਰਨਰ ਤਕ ਤਾਰਾਂ ਖੜਕਾਉਂਦੇ ਆਂ। ਸਾਰਾ ਟਿੱਲ ਲਾ ਦਿਆਂਗੇ... ਜਾਂ ਤੇ ਹੋਵੇ ਨਾ ਕੋਈ ਕਸੂਰ ਬੰਦੇ ਦਾ! ਅਨਿਆ! ਨਿਰਾ ਨਾਹੱਕ... ਗਊਆਂ ਨੂੰ ਬੰਨ੍ਹ ਕੇ ਲੈ ਤੁਰੇ.... ਸੱਚਿਆ ਪਾਂਤਸ਼ਾਹ... ਇਹ ਵੇਖ ਕੇ ਤੈਨੂੰ ਦਰਦ ਨਹੀਂ ਆਇਆ? ... ਮੈਂ ਆਹਨਾਂ ਸਾਡਾ ਹੱਜ ਆ ਕੋਈ ਜਿਉਣਾ ਦਾ? ...ਕੋਈ ਨਹੀਂ... ਊਂ ਹੂੰਅ... ਕੋਈ ਨਹੀਂ..." ਉਹਨੇ ਨਾਂਹ ਵਿਚ ਸਿਰ ਫੇਰਿਆ। ਫਿਰ ਗੱਜੂ ਨੂੰ ਵੇਖ ਕੇ ਕਹਿਣ ਲੱਗਾ, "ਗੱਜਣ ਸਿਆਂ! ਤੂੰ ਵੀ ਟਰਾਲੀ ਤਿਆਰ ਕਰ...ਇਕ ਮੈਂ ਲਿਆਉਨਾਂ। ਤੁਸੀਂ ਪਰਿਓਂ ਜੀਤੇ ਤੇ ਦਿਆਲੇ ਹੁਰਾਂ



ਨੂੰ 'ਵਾਜ ਮਾਰੋ। ਮੈਂ ਐਧਰੋਂ ਪੂਰਨ ਤੇ ਸੂਬੇਦਾਰ ਨੂੰ ਲੈ ਕੇ ਆਇਆ। ਸਰਪੰਚ ਨੂੰ ਰਾਹ 'ਚੋਂ ਲੈ ਲਾਂਗੇ। ਪਿੰਡੋਂ ਵੀ ਨਾਲ ਬੰਦੇ ਖੜਨੇ ਪੈਣੇ ਨੇ....ਸ਼ਾਵਾ ਮੇਰੇ ਵੀਰ! ਇਜ ਖਲੋਤਿਆਂ ਗੱਲ ਨਹੀਂ ਬਣਨੀ...ਇਹ ਤਾਂ ਡੋਗੀ ਪੈਰਵੀ ਕਰਨੀ ਪਊ....ਨਹੀਂ ਤਾਂ...."

ਦਫ਼ਦਾਰ ਸੂਬਾ ਸਿੰਘ ਦੇ ਪਰਿਵਾਰ ਦੇ ਸਾਰੇ ਮਰਦ ਮੈਂਬਰਾਂ ਦੀਆਂ ਨਿਰਦੋਸ਼ ਲਾਸ਼ਾਂ ਉਹਦੀਆਂ ਅੱਖਾਂ ਅੱਗੋਂ ਗੁਜ਼ਰ ਗਈਆਂ ਸਨ ਤੇ ਉਹਨੂੰ ਹਰ ਕਿਸਮ ਦੀ ਦੁਰਘਟਨਾ ਵਾਪਰ ਜਾਣ ਦਾ ਖ਼ਦਸ਼ਾ ਵੀ ਅੰਦਰੇ ਅੰਦਰ ਖਾਈ ਜਾ ਰਿਹਾ ਸੀ।

ਤੇ ਸਾਰੀ ਦਿਹਾੜੀ ਦੀ ਖੱਜਲ-ਖੁਆਰੀ ਤੋਂ ਬਾਅਦ ਜਦੋਂ ਉਹ ਧੌਣਾਂ ਲਟਕਾਈ ਵਾਪਸ ਆਏ ਸਨ ਤਾਂ ਸੁਰੱਖਿਆ ਅਧਿਕਾਰੀਆਂ ਦੇ ਤਿੱਖੇ ਬੋਲ ਹੀ ਉਹਨਾਂ ਦੇ ਕੰਨਾਂ ਵਿਚ ਗੂੰਜ ਰਹੇ ਸਨ।

"ਇਹ ਅੱਤਵਾਦੀਆਂ ਨੂੰ ਪਨਾਹ ਹੀ ਨਹੀਂ ਦਿੰਦੇ, ਇਹ ਆਪ ਹੀ ਅੱਤਵਾਦੀ ਨੇ। ਰਾਤੀਂ ਇਹਨਾਂ ਨੇ ਫ਼ਾਇਰ ਕੀਤੇ...ਲਲਕਾਰੇ ਮਾਰੇ..." ਤੇ ਪਿੱਛੇ ਆਉਣ ਵਾਲਿਆਂ ਨੂੰ ਉਹਨਾਂ ਇਹ ਵੀ ਕਿਹਾ ਕਿ ਉਹ ਕਿਹੜੇ ਮੂੰਹ ਨਾਲ ਪਿੱਛੇ ਆਉਂਦੇ ਨੇ... ਅਜੇ ਤਾਂ ਕੁਝ ਮਹੀਨੇ ਹੋਏ ਉਹਨਾਂ ਦੇ ਖੇਤਾਂ ਵਿਚ ਹੀ ਏਡਾ ਵੱਡਾ 'ਮੁਕਾਬਲਾ' ਹੋਇਆ ਸੀ।

"ਆਪ ਤੋ ਯੇਹ ਭੀ ਕਹੋਗੇ ਉਹ ਭੀ ਅੱਤਵਾਦੀ ਨਹੀਂ ਥੇ। ਤੁਮ ਦੇਖਨਾ ਇਨਸੇ ਹਥਿਆਰ ਬਰਾਮਦ ਕਰੇਂਗੇ.... ਕਈ ਕਤਲੋਂ ਮੇਂ ਇਨਕਾ ਹਾਥ ਹੈ..." ਖੜ੍ਹਵੀਆਂ ਮੁੱਛਾਂ ਵਾਲਾ ਅਫ਼ਸਰ ਨਾਸਾਂ ਫ਼ਰਕਾ ਰਿਹਾ ਸੀ।

ਸਿਰਫ਼ ਵਾਪਸ ਆਉਂਦਿਆਂ ਉਹਨਾਂ ਨੂੰ ਇਕ ਧਾਰਸ ਬੱਝੀ ਸੀ, ਜਦੋਂ ਸਰਪੰਚ ਦਾ ਸਾਲਾ ਮਿਲਿਆ ਸੀ। ਉਸ ਕਿਹਾ ਸੀ ਕਿ ਇਥੋਂ ਦਾ ਡੀ.ਐੱਸ.ਪੀ. ਉਸਦਾ ਜਮਾਤੀ ਸੀ। ਉਹ ਸਵੇਰੇ ਉਹਨਾਂ ਨਾਲ ਜਾਵੇਗਾ ਅਤੇ ਡੀ.ਐੱਸ.ਪੀ. ਨੂੰ ਆਖੇਗਾ।

ਅਗਲੇ ਦਿਨ ਫੇਰ ਲੋਕ ਟਰਾਲੀਆਂ ਭਰ ਕੇ ਗਏ ਤੇ ਸ਼ਾਮ ਨੂੰ ਤਰਲਿਆਂ-ਮਿੰਨਤਾਂ ਪਿੱਛੋਂ, ਪਿੰਡ ਅਤੇ ਇਲਾਕੇ ਦੇ ਮੋਅਤਬਰਾਂ ਵੱਲੋਂ ਉਹਨਾਂ ਤਿੰਨਾਂ ਦੀ ਸਫ਼ਾਈ ਦੇ ਕੇ ਉਹਨਾਂ ਨੂੰ ਛੁਡਵਾ ਕੇ ਲਿਆਏ ਤਾਂ ਕੁੱਟ ਨਾਲ ਉਹਨਾਂ ਦੇ ਪਾਸੇ ਢਿੱਲੇ ਹੋਏ ਸਨ। ਪੈਰ ਮਸਾਂ ਪੁੱਟੀਦੇ ਸਨ....ਪਾਤਲੀਆਂ ਸੁੱਜੀਆਂ ਹੋਈਆਂ ਸਨ। ਅਰਕਾਂ ਤੇ ਮੱਥਿਆਂ ਤੋਂ ਚਿੱਠੀਆਂ ਲੱਥੀਆਂ ਹੋਈਆਂ ਸਨ। ਜੋਗਿੰਦਰ ਅਤੇ ਕਰਮ ਸਿੰਘ ਤਾਂ ਚੁੱਪ ਸਨ ਪਰ ਸੁਰਜੀਤ ਵਾਰ ਵਾਰ ਕਹਿ ਰਿਹਾ ਸੀ, "ਮੈਂ ਆਹਨਾਂ... ਬੰਦੇ ਦਾ ਪੁੱਤ ਨਹੀਂ...ਜੇ ਸਿੰਘਾਂ ਨਾਲ ਨਾ ਤੁਰਿਆ ਤਾਂ...ਕੋਈ ਇਹ ਜਿਉਣ ਆ। ...ਐਦੂੰ ਤਾਂ ਮਰ ਗਏ ਚੰਗੇ..."

"ਉਏ ਭੌਂਕ ਨਾ ਕੁੱਤਿਆ.... ਭੌਂਕ ਨਾ ...ਲਗਾਮ ਦੇਹ ਜ਼ਬਾਨ ਨੂੰ...", ਕਰਮ ਸਿੰਘ ਵਰਜ ਰਿਹਾ ਸੀ।

"ਚੱਲ ਚੱਲ ਘਰ ਨੂੰ ਵੱਡਾ.... ਸੂਰਮਾ ਆ ਗਿਆ..."

"ਸੂਰਮੇ ਨੂੰ ਸਾਨੂੰ ਕੀ ਹੋਇਆ। ਨਹੱਥੇ ਬੇਕਸੂਰਿਆਂ ਨੂੰ ਵਰਦੀਆਂ ਪਾ ਕੇ ਮਾਰਨਾ-ਕੁੱਟਣਾ ਬੜਾ ਸੌਖਾ.... ਕਿਤੇ ਰੱਖਣ ਖਾਂ ਹਥਿਆਰ ਪਾਸੇ.... ਤੇ 'ਕੱਲੇ ਨਾਲ 'ਕੱਲੇ ਆਉਣ... ਜੇ ਘੀਸੀਆਂ ਨਾ ਕਰਾ ਦੀਏ ਤਾਂ ਆਖੀਂ.... ਤੇ ਜਾਂ ਫਿਰ ਸਾਨੂੰ ਵੀ ਹਥਿਆਰ ਫੜਾ ਦੇਣ... ਫੇਰ ਵੇਖੀਂ ਕਿਹੜੇ ਭਾਅ ਤੁੱਲਦੀ ਐ..." ਤੇ ਐਤਕੀਂ ਉਹਨੇ

ਪਹਿਲਾਂ ਨਾਲੋਂ ਘੱਟ ਵੇਗ ਵਿਚ ਆਪਣੇ ਆਪ ਨਾਲ ਗੱਲਾਂ ਕਰਨ ਦੇ ਅੰਦਾਜ਼ 'ਚ ਆਖਿਆ, "ਖੌਰੇ ਫੜਨੇ ਈ ਪੈਣੇ ਆਂ..."

ਉਹ ਬੋਲੀ ਜਾ ਰਿਹਾ ਸੀ ਤੇ ਜੋਗਿੰਦਰ ਸੋਚੀ ਜਾ ਰਿਹਾ ਸੀ, 'ਕੱਲੇ ਨਾਲ ਕੱਲੇ ਦੇ ਜ਼ਮਾਨੇ ਕਿੱਥੇ! ਹੁਣ ਤਾਂ ਕੌਡੀ ਵਿਚ ਵੀ 'ਕੱਲੇ ਨਾਲ 'ਕੱਲੇ ਦੀ ਖੇਡ ਮੁੱਕ ਗਈ ਸੀ। ਛੋਟੀ ਜਿਹੀ ਡੱਬੀ 'ਚ ਕੌਡੀ ਪਾਉਣ ਵਾਲੇ ਉੱਤੇ ਸਾਰੀ ਵਿਰੋਧੀ ਟੀਮ ਟੁੱਟ ਪੈਂਦੀ ਸੀ ਫੜਨ ਲਈ। ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਇਕੱਲਾ ਵਿਰੋਧੀਆਂ ਦੇ ਜੱਫ਼ਿਆਂ ਵਿਚ ਜਕੜਿਆ ਗਿਆ ਸੀ ਤੇ ਉਹਦਾ ਅੰਗ-ਅੰਗ ਉਸ ਕੱਸ ਵਿਚ ਪੀੜ ਕਰ ਰਿਹਾ ਸੀ। ਉਹਦੇ ਜਿਸਮ ਉੱਪਰ ਡੇਡਿਆਂ, ਮੁੱਕਿਆਂ ਅਤੇ ਝੱਟਾਂ ਦੀ ਪੀੜ ਰੜਕ ਰਹੀ ਸੀ।

ਅਚਨਚੇਤ ਕਿਧਰੋਂ ਟੌਮੀ ਆ ਟਪਕਿਆ ਤੇ ਜੋਗਿੰਦਰ ਦੇ ਹੱਥਾਂ ਨੂੰ ਚੱਟਣ ਲੱਗਾ।

"ਬੱਲੇ ਉਏ ਸ਼ੇਰਾ! ਨਹੀਂ ਉਏ ਰੀਸਾਂ ਤੇਰੀਆਂ" ਜੋਗਿੰਦਰ ਨੇ ਵੇਗ ਵਿਚ ਆ ਕੇ ਨਿਆਣਿਆਂ ਵਾਂਗ ਟੌਮੀ ਨੂੰ ਗਲ ਨਾਲ ਘੁੱਟ ਲਿਆ। ਉਹਦੇ ਸਿਰ ਅਤੇ ਕੰਨਾਂ ਨੂੰ ਪਲੋਸਣ ਲੱਗਾ। ਟੌਮੀ ਨੇ ਮੋਹ ਵਿਚ ਭਿੱਜ ਕੇ ਅੱਖਾਂ ਮੀਟ ਲਈਆਂ। ਕੰਨ ਢਿੱਲੇ ਛੱਡ ਦਿੱਤੇ ਤੇ ਲੱਤਾਂ ਖਿਲਾਰ ਲਈਆਂ। ਉਹ ਮੋਹ ਦੀ ਡੂੰਘੀ ਅਵਸਥਾ ਵਿਚ ਡੁੱਬ ਗਿਆ।

ਜੋਗਿੰਦਰ ਨੂੰ ਲੱਗਾ ਕੁਝ ਪਲਾਂ ਲਈ ਉਹਦੇ ਜਿਸਮ ਦੀਆਂ ਸੱਟਾਂ ਦੀ ਪੀੜ ਚੂਸੀ ਗਈ ਸੀ। ਮਨ ਦੀ ਨਮੋਸ਼ੀ ਧੋਤੀ ਗਈ ਸੀ। ਉਹਨੂੰ ਇਕ ਛਿਣ ਇਸ ਤਰ੍ਹਾਂ ਵੀ ਲੱਗਾ ਜਿਵੇਂ ਉਹਦੇ ਪਿਉ ਸਾਹਵੇਂ ਢਾਲ ਆ ਬਣੇ ਉਹਦੇ ਚਾਚੇ ਵਾਂਗ ਕੱਲੂ ਟੌਮੀ ਉਹਦਾ ਭਰਾ ਬਣ ਕੇ ਉਸ ਤੋਂ ਅੱਗੇ ਆਣ ਹੋਇਆ ਸੀ। ਉਸ ਵੱਲੋਂ ਟੌਮੀ ਨੂੰ ਲਾਡ ਲਡਾਇਆ ਜਾਂਦਾ ਵੇਖ ਸਾਧਾ ਸੀਤਲ ਕਹਿਣ ਲੱਗਾ, "ਐਵੇਂ ਤਾਂ ਨਹੀਂ ਸਿਆਣੇ ਆਂਹਦੇ ਬਈ ਕੁੱਤਾ ਬੰਦੇ ਤੋਂ ਵੀ ਬਹੁਤਾ ਵਫ਼ਾਦਾਰ ਹੁੰਦਾ ਐ। ਕੁੱਤਿਆਂ ਦੀ ਭਗਤੀ ਵੇਖ ਕੇ ਈ ਤਾਂ ਬਾਬੇ ਬੁੱਲ੍ਹੇ ਸ਼ਾਹ ਨੇ ਆਖਿਆ ਸੀ, "ਓ ਉੱਠ ਬੁੱਲ੍ਹਿਆ! ਉੱਠ ਪੀਰ ਮਨਾ ਲੈ... ਨਹੀਂ ਤਾਂ ਬਾਜ਼ੀ ਲੈ ਗਏ ਕੁੱਤੇ... ਇਹਨੇ ਤਾਂ ਕੱਲੂ ਮਰਦਾਂ ਵਾਲੀ ਕਰ ਵਿਖਾਈ ਭਾਈ..."

ਸਭ ਨੂੰ ਲੱਗਾ, ਉਹਨਾਂ ਦੀ ਧੁਰ ਪਿੱਛੇ ਜਾ ਲੁਕੀ ਮਰਦਾਨਗੀ ਕੱਲੂ ਟੌਮੀ ਦੇ ਰੂਪ ਵਿਚ ਭਬਕ ਉੱਠੀ ਸੀ।

ਟੌਮੀ ਨੇ ਜੋਗਿੰਦਰ ਦੀ ਗੋਦੀ ਵਿਚ ਸਿਰ ਰਖਿਆ ਹੋਇਆ ਸੀ ਤੇ ਉਸ ਨੂੰ ਪੁਚਕਾਰਦਾ ਹੋਇਆ ਜੋਗਿੰਦਰ ਮਨ ਹੀ ਮਨ ਉਹਨੂੰ ਦਵਾਈ ਪਾਉਣ 'ਤੇ ਵੀ ਉਸ ਦੇ ਬਚ ਜਾਣ ਬਾਰੇ ਸੋਚੀ ਜਾ ਰਿਹਾ ਸੀ। ਪਤਾ ਲੱਗਾ ਕਿ ਕੱਲੂ ਜਿਉਂ ਹੀ ਉਹ ਸੀ.ਆਰ.ਪੀ.ਐੱਫ. ਦੀਆਂ ਗੱਡੀਆਂ ਵੇਖ ਕੇ ਬਾਹਰ ਨੂੰ ਹੋਈਆਂ ਸੀ, ਸੁਖਦੇਵ ਨੇ ਛੇਤੀ ਨਾਲ ਦਹੀਂ ਡੋਲ੍ਹ ਕੇ ਉਪਰ ਬਾਲਟਾ ਮੂਧਾ ਮਾਰ ਦਿੱਤਾ ਸੀ।

ਸੁਖ ਦਾ ਲੰਮਾ ਸਾਹ ਲੈ ਕੇ ਜੋਗਿੰਦਰ ਨੇ ਸੁਖਦੇਵ ਨੂੰ ਕੋਲ ਬੁਲਾ ਕੇ ਗਲ ਨਾਲ ਲਾਲਿਆ। ਉਸ ਨੇ ਉਹਦੇ ਹੱਥੋਂ ਪਾਪ ਹੁੰਦਾ ਬਚਾ ਲਿਆ ਸੀ।

ਪਰ ਇਸ ਪਾਪ ਤੋਂ ਕਿੰਨਾ ਕੁ ਚਿਰ ਬਚਿਆ ਜਾ ਸਕਦਾ ਸੀ। ਉਹਨੂੰ



ਆਪਣੀਆਂ ਪੱਸਲੀਆਂ ਵਿਚ ਸਟੇਨ ਦੀ ਨਾਲੀ ਖੁਭੀ ਜਾਪੀ। ਗਲਮੇ ਨੂੰ ਪਿਆ ਹੱਥ ਮਹਿਸੂਸ ਹੋਇਆ। ਤੇ ਉਹਦਾ ਜਿਸਮ ਇਕਵਾਰਗੀ ਤ੍ਰੇਲੋ-ਤ੍ਰੇਲੀ ਹੋ ਗਿਆ।

ਸਾਰੀ ਰਾਤ ਉਸ ਨੂੰ ਅਜੀਬੋ-ਗਰੀਬ ਸੁਪਨੇ ਆਉਂਦੇ ਰਹੇ। ਉਹਨੂੰ ਜਾਪਦਾ ਬਿਲਕੁਲ ਨਿੱਕਾ ਜਿਹਾ ਇਕ ਉੱਡਣਾ ਸੱਪ ਸਿੱਧਾ ਉਹਦੀ ਸ਼ਾਹ-ਰਗ ਉੱਤੇ ਆ ਕੇ ਵੱਜਾ ਤੇ ਤੇਜ਼ ਜ਼ਹਿਰੀ ਡੰਗ ਨਾਲ ਉਹਨੂੰ ਲੂਹ ਕੇ ਰੱਖ ਦਿਤਾ ਸੀ। ਜ਼ਹਿਰ ਨਾਲ ਉਹਦੇ ਗਲੇ ਦੀਆਂ ਨਾੜਾਂ ਫੁੱਲੀਆਂ, ਫਿਰ ਸਾਰਾ ਸਰੀਰ ਹੀ ਫੁਕਾਨੇ ਵਾਂਗ ਫੁੱਲਣ ਲੱਗਾ। ਫੁੱਲਦਾ ਗਿਆ, ਫੁੱਲਦਾ ਗਿਆ ਤੇ 'ਪਟਾਕ' ਕਰਕੇ ਫਟ ਗਿਆ ਤੇ ਉਹਦੇ ਬੁਗਦਰ ਵਰਗੇ ਡੌਲਿਆਂ ਵਾਲੀਆਂ ਜਾਨਦਾਰ ਬਾਹਾਂ ਉਹਦੇ ਸਰੀਰ ਨਾਲੋਂ ਝੜ ਕੇ ਦੂਰ ਤਕ ਖਿਲਰ ਗਈਆਂ। ਪਰ ਉਸਦੀ ਧੌਣ ਤੇ ਤਾਂ ਅਜੇ ਵੀ ਸਰਸਰਾਹਟ ਹੋ ਰਹੀ ਸੀ। ਉਹ ਸੱਪ ਖ਼ਬਰੇ ਇਕ ਕੂਲੀ ਚਿਪਚਿਪੀ ਰੱਸੀ ਵਿਚ ਵਟ ਗਿਆ ਸੀ ਜੋ ਉਹਦੇ ਗਲ ਦੁਆਲੇ ਲਿਪਟਦੀ ਹੋਈ ਆਪਣੀ ਕੱਸ ਮਜ਼ਬੂਤ ਕਰੀ ਜਾ ਰਹੀ ਸੀ। ਗਲ ਵੱਲ ਹੱਥ ਵਧਾ ਕੇ ਉਹ ਰੱਸੀ ਨੂੰ ਤੋੜ ਕੇ ਪਰ੍ਹੇ ਵਗਾਹ ਮਾਰਨਾ ਚਾਹੁੰਦਾ ਸੀ, ਪਰ ਉਸ ਦੇ ਤਾਂ ਹੱਥ ਹੀ ਨਹੀਂ ਸਨ ਉੱਠ ਰਹੇ। ਅੰਦਰੋ-ਅੰਦਰੀ ਮਨ ਵਿਚ ਉਹ ਹੱਥਾਂ ਨੂੰ ਚੁੱਕ ਕੇ ਗਲ ਤਕ ਲਿਆਉਣ ਦਾ ਪੂਰਾ ਯਤਨ ਕਰ ਰਿਹਾ ਸੀ। ਪਰ ਉਹਨਾਂ ਵਿਚੋਂ ਤਾਂ ਜਿਵੇਂ ਜਾਨ ਹੀ ਨਿਕਲ ਗਈ ਸੀ। ਤਦੇ ਅਚਨਚੇਤ ਟੌਮੀ ਆ ਨਿਕਲਿਆ, ਜੋਗਿੰਦਰ ਨੂੰ ਢਾਰਸ ਬੱਝੀ ਕਿ ਉਹ ਹੁਣੇ ਆਪਣੇ ਦੰਦਾਂ ਨਾਲ ਜੋਗਿੰਦਰ ਦੇ ਗਲੇ ਵਿਚ ਪਈ ਰੱਸੀ ਨੂੰ ਟੁੱਕ ਦੇਵੇਗਾ। ਪਰ ਟੌਮੀ ਤਾਂ ਉਹਦੀ ਹਿੱਕ ਉੱਤੇ ਆ ਚੜ੍ਹਿਆ ਸੀ। ਗੁਰਰਾਉਂਦਾ ਹੋਇਆ, ਭੌਂਗੋ-ਭੌਂਗ ਭੌਂਕਦਾ ਹੋਇਆ....ਉਸ ਨੂੰ ਪਾੜ ਖਾਣ ਲਈ ਕਾਹਲਾ ਸੀ।

ਉਹ ਤ੍ਰਭਕ ਕੇ ਉੱਠਿਆ। ਜਿਸਮ ਪਸੀਨੋ-ਪਸੀਨੀ ਹੋ ਗਿਆ। ਟੌਮੀ ਬਾਹਰ ਵਿਹੜੇ ਵਿਚ ਬੰਝਾ ਭੌਂਕ ਰਿਹਾ ਸੀ। ਅੱਜ ਰਾਤੀਂ ਉਸ ਨੇ ਇਕ ਪਾਸੇ ਕਿੱਲੀ ਗੱਡ ਕੇ ਉਸ ਨੂੰ ਵਿਹੜੇ ਵਿਚ ਬੰਨ੍ਹ ਦਿੱਤਾ ਸੀ। ਪਤਾ ਨਹੀਂ ਉਹ ਕਿਉਂ ਭੌਂਕੀ ਜਾ ਰਿਹਾ ਸੀ। ਕਿਤੇ...?

ਦਹਿਸ਼ਤ ਦੀ ਕੰਬਣੀ ਉਹਦੀ ਕੰਗਰੋੜ ਵਿਚੋਂ ਗੁਜ਼ਰਦੀ ਸਾਰੇ ਸਰੀਰ ਨੂੰ ਝਰਨਾਹਟ ਛੇੜ ਗਈ। ਭੌਂਕਦਾ ਹੋਇਆ ਟੌਮੀ ਉਹਨੂੰ ਉਸ ਦੀ ਮੌਤ ਨੂੰ ਆਵਾਜ਼ਾਂ ਦੇਂਦਾ ਜਾਪਦਾ। ਉਹ ਉੱਠਿਆ ਤੇ ਟੌਮੀ ਨੂੰ ਸੰਗਲੀਓਂ ਫੜ ਕੇ ਅੰਦਰ ਲੈ ਆਂਦਾ ਅਤੇ ਆਪਣੇ ਮੰਜੇ ਦੀ ਪੁਆਂਦੀ ਪਾਵੇ ਨਾਲ ਬੰਨ੍ਹ ਦਿੱਤਾ। ਟੌਮੀ ਉਹਦੀ ਬੁੱਕਲ ਵਿਚ ਮੂੰਹ ਪਾ ਕੇ ਲਾਡ ਲਡਾ ਰਿਹਾ ਸੀ। ਉਹ ਟੌਮੀ ਪ੍ਰਤੀ ਇਕ ਪਲ ਪਿਆਰ ਦੇ ਜਜ਼ਬੇ ਨਾਲ ਭਰ ਗਿਆ। ਪਰ ਦੂਜੇ ਹੀ ਪਲ ਉਸ ਨੂੰ ਟੌਮੀ ਤੋਂ ਡਰ ਆਉਣ ਲੱਗਾ।

"ਚੱਲ ਟੌਮੀ 'ਰਾਮ ਨਾਲ ਬਹਿ ਔਥੇ..." ਉਹਨੇ ਪਾਵੇ ਦੇ ਕੋਲ ਧਰਤੀ ਵੱਲ ਇਸ਼ਾਰਾ ਕੀਤਾ। ਟੌਮੀ ਉਸ ਦਾ ਹੁਕਮ ਮੰਨ ਕੇ ਪੂਛ ਹਿਲਾਉਂਦਾ, ਉੱਥੇ ਜਾ ਖੜ੍ਹਾ ਹੋਇਆ ਤੇ ਫਿਰ ਸਵਾਲੀਆ ਨਜ਼ਰਾਂ ਨਾਲ ਜੋਗਿੰਦਰ ਵੱਲ ਵੇਖਣ ਲੱਗਾ। ਕਮਰੇ ਦੇ ਜਗਦੇ ਬਲਬ ਵੱਲ ਵੇਖ ਕੇ ਜੋਗਿੰਦਰ ਨੂੰ ਖ਼ਿਆਲ ਆਇਆ ਕਿ ਕਿਤੇ ਬਾਹਰਲਾ ਬਲਬ ਰਾਤੀਂ ਜਗਦਾ ਹੀ ਨਾ ਰਹਿ ਗਿਆ ਹੋਵੇ। ਉਹਦਾ ਦਿਲ-ਦਿਮਾਗ਼ ਅਜੀਬੋ-ਗਰੀਬ ਗਲਤ-ਮਲਤ ਕਾਟਿਆਂ ਨਾਲ ਇੰਜ ਕੱਟਿਆ ਹੋਇਆ ਸੀ ਕਿ ਉਸ ਨੂੰ ਯਾਦ ਹੀ ਨਹੀਂ

ਸੀ ਰਿਹਾ ਕਿ ਬਾਹਰਲਾ ਬਲਬ ਉਹਨੇ ਹੁਣੇ ਆਪ ਹੀ ਤਾਂ ਬੁਝਾਇਆ ਸੀ। ਯਕੀਨ ਕਰਨ ਲਈ ਉਹ ਦਰਵਾਜ਼ਿਉਂ ਬਾਹਰ ਹੋਇਆ। ਬਲਬ ਬੁਝਿਆ ਹੋਇਆ ਸੀ ਅਤੇ ਬਾਹਰ ਘੁੱਪ ਹਨੇਰਾ ਸੀ।

"ਬਾਹਰ ਹਨੇਰਾ ਹੈ। ਅੰਦਰ ਵੀ ਹਨੇਰਾ ਈ ਕਰ ਲਈਏ" ਉਸ ਨੇ ਸੋਚਿਆ ਤੇ ਅੰਦਰ ਦੀ ਬੱਤੀ ਵੀ ਬੁਝਾ ਦਿੱਤੀ।

ਚਿੰਤਾ, ਫ਼ਿਕਰ ਤੇ ਗਿਣਤੀਆਂ-ਮਿਣਤੀਆਂ 'ਚ ਪਿਆਂ ਪਿਛਲੀ ਰਾਤੇ ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ, ਜਦੋਂ ਉਸ ਦੀ ਅੱਖ ਖੁੱਲ੍ਹੀ ਟੌਮੀ 'ਚਊਂ ਚਊਂ' ਕਰਕੇ ਉਹਦੀ ਰਜਾਈ ਪੈਰਾਂ ਵੱਲੋਂ ਖਿੱਚਦਾ ਹੋਇਆ ਉਸ ਨੂੰ ਸੈਮਨ ਹੋਣ ਲਈ ਕਹਿ ਰਿਹਾ ਸੀ। ਉੱਠ ਕੇ ਉਸ ਨੇ ਟੌਮੀ ਨੂੰ ਖੋਲ੍ਹਿਆ ਤੇ ਲਾਡ-ਲਡਾਂਦਾ ਖੇਤਾਂ ਨੂੰ ਨਿਕਲ ਤੁਰਿਆ।

ਵਾਪਸ ਮੁੜਿਆ ਤਾਂ ਬੀਰੋ ਆਖਣ ਲੱਗੀ, "ਜੀ...ਜੀਅ ਤਾਂ ਨਹੀਂ ਕਰਦਾ... ਜਾਂ ਤਾਂ ਟੌਮੀ ਨੂੰ ਕਿਧਰੇ ਛੱਡ ਆਵੋ ਜਾਂ ਇਹਨੂੰ ਕੁਝ ਦੇ-ਦਵਾ ਦਿਓ...ਕਿਤੇ ਫੇਰ ਨਾ...ਸੱਚੀ...ਮੈਨੂੰ ਤਾਂ ਸਾਰੀ ਰਾਤ ਬੜੇ ਚੰਦਰੇ ਸੁਪਨੇ ਆਉਂਦੇ ਰਹੇ ਨੇ..." ਉਹ ਸਹਿਮ ਅਤੇ ਚਿੰਤਾ ਦੀ ਮੂਰਤੀ ਬਣੀ ਪਈ ਸੀ।

ਅਣਮੰਨੇ ਮਨ ਨਾਲ ਜੋਗਿੰਦਰ ਕਣਕ 'ਚ ਪਾਈ ਜਾਣ ਵਾਲੀ ਦਵਾਈ ਦੇ ਖ਼ਾਲੀ ਡੱਬਿਆਂ ਨੂੰ ਵੇਖਣ ਲੱਗਾ। ਪਰ ਉੱਥੇ ਤਾਂ ਜੋ ਥੋੜ੍ਹੀ-ਬਹੁਤ ਬਚੀ ਸੀ, ਉਹ ਪਰਸੋਂ ਹੀ ਵਰਤ ਬੈਠਾ ਸੀ।

"ਰਾਤੀਂ ਸਾਰੀ ਰਾਤ ਸੁੱਤੇ ਨਹੀਂ ਜੇ... ਪੀੜ ਨਾਲ ਸਰੀਰ ਟੁੱਟਦਾ ਰਿਹਾ ਹੋਣਾ...ਇਹਨਾਂ ਔਤਰਿਆਂ ਦਾ ਕੱਖ ਨਾ ਰਹੇ...ਸ਼ੁਕਰ ਰੱਬ ਦਾ ਗੁਰਦੇਵ ਘਰ ਨਹੀਂ ਸੀ..." ਬੀਰੋ ਨੇ ਹੱਥ ਜੋੜੇ ਤੇ ਫਿਰ ਉਸ ਨੂੰ ਕਹਿਣ ਲੱਗੀ, "ਪਿੰਡ ਜਾਓ ਤੇ ਨਾਲੇ ਆਪਣੀ ਪੀੜ ਦੀ ਕੋਈ ਦਵਾਈ ਲੈ ਆਓ... ਨਾਲੇ ਮੁੱਖੇ ਨੂੰ ਪੁੱਛ ਕੇ..." ਬੀਰੋ ਫੇਰ ਜ਼ੋਰ ਦੇਣ ਲੱਗੀ।

ਸਾਧਾ ਸੀਤਲ ਤੇ ਜੋਗਿੰਦਰ ਜਦੋਂ ਪ੍ਰਾਇਮਰੀ ਹੈਲਥ ਸੈਂਟਰ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਹਨਾਂ ਕਿਸੇ ਕੋਲੋਂ 'ਮੁੱਖੇ ਨਿਹੰਗ' ਬਾਰੇ ਪੁੱਛਿਆ। ਪਰ ਉਸ ਨੂੰ ਪਤਾ ਨਹੀਂ ਸੀ। ਸਾਧੇ ਸੀਤਲ ਨੇ ਕਿਹਾ, "ਪਹਿਲਾਂ ਡਾਕਟਰ ਨੂੰ ਮਿਲ ਕੇ ਤੇਰੀ ਦਵਾਈ ਲਈਏ ਤੇ ਫੇਰ ਉਹਨੂੰ ਹੀ ਆਖਾਂਗੇ ਆਪੇ ਟੌਮੀ ਲਈ ਦਵਾਈ ਦਊ ਜਾਂ ਮੁੱਖੇ ਨੂੰ ਲਭਾ ਦਊ..."

ਉਹ ਪਰਚੀ ਕਟਾ ਕੇ ਅੰਦਰ ਗਏ ਤਾਂ ਡਾਕਟਰ ਨੇ ਜਾਂਦਿਆਂ ਹੀ ਪੁੱਛਿਆ "ਆਓ ਜਥੇਦਾਰ ਜੀ!"

"ਆਹ ਸਾਡੇ ਭਲਵਾਨ ਲਈ ਕੋਈ ਗੋਲੀਆਂ-ਗਾਲੀਆਂ ਦਓ...." ਸਾਧੇ ਸੀਤਲ ਨੇ ਜੋਗਿੰਦਰ ਦੇ ਛਿੱਲੇ ਹੋਏ ਮੂੰਹ-ਮੱਥੇ ਵੱਲ ਵੇਖ ਕੇ ਆਖਿਆ।

"ਕੀ ਗੱਲ ਹੋ ਗਈ?" ਡਾਕਟਰ ਨੇ ਉਤਸੁਕਤਾ ਵੱਸ ਪੁੱਛਿਆ।

"ਬੱਸ ਜੀ ਚੱਕੀ ਦੇ ਪੁੜਾਂ 'ਚ ਆ ਗਿਆ... ਪਿਸਦਾ-ਪਿਸਦਾ ਮਸਾਂ ਬਚਿਆਂ..."



ਤੇ ਸਾਧੇ ਸੀਤਲ ਦੇ ਫ਼ਲਸਫ਼ੇ ਦੀ ਜਦੋਂ ਡਾਕਟਰ ਨੇ ਵਿਆਖਿਆ ਸੁਣੀ ਤਾਂ ਉਹ ਕਲਮ ਮੇਜ਼ 'ਤੇ ਰੱਖ ਕੇ ਤੇ ਕੁਰਸੀ ਨਾਲ ਢੋਅ ਲਾ ਕੇ ਹੋਰ ਵੀ ਗਹਿਰ-ਗੰਭੀਰ ਹੋ ਗਿਆ। ਉਹਦੇ ਮੱਥੇ 'ਤੇ ਸੋਚਵਾਨ ਵੱਟ ਉੱਭਰੇ। ਉਹਨੇ ਫ਼ੌਰਨ ਘੰਟੀ ਦੇ ਬਟਨ 'ਤੇ ਉਂਗਲ ਟਿਕਾਈ।

ਚੰਨਣ ਚੌਕੀਦਾਰ ਅੰਦਰ ਆਇਆ।

"ਚੰਨਣਾ! ਦਿਲਬਾਗ ਹੁਰਾਂ ਨੂੰ ਪੁੱਛਣਾ ਸੀ, ਤੁਰੇ ਨੇ ਅਜੇ ਕਿ ਸਲਾਹਾਂ ਹੀ ਕਰਦੇ ਫਿਰਦੇ ਨੇ.... ਜੇ ਨਹੀਂ ਗਏ ਤਾਂ ਅਮਰਨਾਥ ਤੇ ਦਿਲਬਾਗ ਨੂੰ ਮੇਰੇ ਵੱਲ ਭੇਜ ਛੇਤੀ..."

ਚੰਨਣ ਜਾਣ ਦੀ ਥਾਂ ਖਲੋਤਾ ਰਿਹਾ ਤੇ ਮੁੱਛਾਂ 'ਚ ਮੁਸਕਰਾਉਂਦਾ ਜੀਭ ਮਲਦਾ ਹੌਲੀ-ਹੌਲੀ ਬੋਲਣ ਲੱਗਾ, "ਓ ਜੀ! ਡਾਕਟਰ ਸਾਹਿਬ!... ਮੁੱਖਾ ਨਹੀਂ ਮੰਨਦਾ ਨਾਲ ਜਾਣ ਨੂੰ...."

ਜਦੋਂ ਦਾ ਪ੍ਰਾਇਮਰੀ ਹੈਲਥ ਸੈਂਟਰ ਬਣਿਆ ਸੀ, ਲਗਭਗ ਉਦੋਂ ਤੋਂ ਹੀ ਮੁੱਖਾ ਏਥੇ ਸੇਵਾਦਾਰ ਸੀ। ਉਹਦੀ ਡਿਊਟੀ ਇਲਾਕੇ ਦੇ ਆਵਾਰਾ ਕੁੱਤਿਆਂ ਨੂੰ ਮਾਰਨ ਦੀ ਸੀ। ਗਰਮੀਆਂ ਵਿਚ ਕੁਝ ਖ਼ਾਸ ਨਿਸ਼ਚਿਤ ਦਿਨਾਂ ਵਿਚ ਉਹ ਗੁੜ ਦਾ ਕੜਾਹ ਬਣਾ ਕੇ ਉਹਦੇ ਵਿਚ ਦਵਾਈ ਮਿਲਾ ਕੇ ਗੋਲੀਆਂ ਵੱਟੀ ਕਦੀ ਪਿੰਡ ਦੀ ਇਸ ਪੱਤੀ, ਕਦੀ ਔਸ ਪੱਤੀ, ਕਦੀ ਔਸ ਪਿੰਡ, ਕਦੀ ਔਸ ਪਿੰਡ ਕੁੱਤਿਆਂ ਨੂੰ ਗੋਲੀਆਂ ਪਾਈ ਜਾਂਦਾ ਤੇ ਜਿਧਰੋਂ ਦੀ ਲੰਘਦਾ ਗਲੀਆਂ ਅਤੇ ਰੋੜਾਂ ਸ਼ਾਮ ਤਕ ਕੁੱਤਿਆਂ ਦੀਆਂ ਲਾਸ਼ਾਂ ਨਾਲ ਭਰੀਆਂ ਹੁੰਦੀਆਂ। ਉਹਨੂੰ ਵੇਖਦਿਆਂ ਹੀ ਜਿਨ੍ਹਾਂ ਨੇ ਪਾਲਤੂ ਕੁੱਤੇ ਰੱਖੇ ਹੁੰਦੇ, ਭੱਜ ਉੱਠਦੇ ਤੇ ਗਲੀਆਂ 'ਚੋਂ ਆਪਣੇ ਕੁੱਤਿਆਂ ਨੂੰ ਲੱਭਦੇ ਤੇ ਉਹਨਾਂ ਦੇ ਗਲ ਪਟੇ ਅਤੇ ਸੰਗਲੀਆਂ ਪਾਉਂਦੇ ਫਿਰਦੇ ਤੇ ਦੂਜਿਆਂ ਨੂੰ ਚੇਤਾਵਨੀ ਦਿੰਦਿਆਂ ਆਖਦੇ, "ਮੁੱਖਾ ਜਮ ਆ ਗਿਆ ਜੇ। ਆਪਣੇ ਆਪਣੇ ਕੁੱਤੇ ਬੰਨ੍ਹ ਲੌ..." ਕਈ ਸਾਲ ਮੁੱਖਾਂ ਢੇਰਾਂ ਦੇ ਢੇਰ ਕੁੱਤੇ ਮਾਰਦਾ ਰਿਹਾ ਸੀ ਤੇ ਉਹਨਾਂ ਦੀਆਂ ਵਿਛੀਆਂ ਲਾਸ਼ਾਂ ਵੇਖ ਕੇ ਮਨ ਹੀ ਮਨ ਵਿਚ ਸੰਤੁਸ਼ਟੀ ਅਨੁਭਵ ਕਰਦਾ ਰਿਹਾ ਸੀ। ਪਿੱਛੋਂ 'ਮੁੱਖਾ ਜਮ' ਆਖਣ ਵਾਲੇ ਉਹਨੂੰ ਕਈ ਵਾਰ ਹੱਸਦਿਆਂ ਪੁੱਛਦੇ, "ਡਾਕਦਾਰਾ। ਤੈਨੂੰ ਰਾਤੀਂ ਸੁੱਤਿਆਂ ਵੀ ਕੁੱਤੇ ਮਾਰਨ ਦੇ ਸੁਪਨੇ ਈ ਆਉਂਦੇ ਹੋਣੇ ਆਂ..."

ਮੁੱਖਾ ਹੱਸ ਛੱਡਦਾ, "ਸਰਕਾਰੀ ਡਿਊਟੀ ਵਜਾਈਦੀ ਆ... ਭਾਈ ਸਰਕਾਰੀ ਡਿਊਟੀ"

ਡਾਕਟਰ ਨੇ ਚੰਨਣ ਨੂੰ ਆਖਿਆ, "ਜਾਹ ਮੁੱਖੇ ਨੂੰ ਵੀ ਬੁਲਾ ਕੇ ਲਿਆ ਨਾਲ ਈ। ਸਰਕਾਰੀ ਡਿਊਟੀ ਆ... ਉਹ ਨਾਂਹ ਕਿਵੇਂ ਕਰ ਸਕਦਾ.."

ਕੱਲ੍ਹ ਦੁਪਹਿਰ ਬਾਅਦ ਹੀ ਡਾਕ ਵਿਚ ਡਾਕਟਰ ਨੂੰ ਚਿੱਠੀ ਮਿਲੀ ਸੀ। ਛਪੇ ਲੈਟਰ ਪੈਡ 'ਤੇ ਗੁਰਮੁਖੀ ਅੱਖਰਾਂ ਵਿਚ ਚੇਤਾਵਨੀ ਦਿੰਦਿਆਂ ਕਿਹਾ ਗਿਆ ਸੀ ਕਿ ਜੇ ਇਕ ਹਫ਼ਤੇ ਦੇ ਅੰਦਰ ਅੰਦਰ ਇਲਾਕੇ ਦੇ ਸਾਰੇ ਆਵਾਰਾ ਕੁੱਤੇ ਨਾ ਮਾਰੇ ਗਏ ਤਾਂ ਹਸਪਤਾਲ ਦੇ ਸਾਰੇ ਕਰਮਚਾਰੀਆਂ ਨੂੰ ਸੋਧ ਦਿੱਤਾ ਜਾਵੇਗਾ। ਚਿੱਠੀ ਦੇ ਹੇਠਾਂ ਇਲਾਕੇ ਦੇ ਤਿਨ ਖਾੜਕੂ ਜਰਨੈਲਾਂ ਦੇ ਦਸਤਖ਼ਤ ਸਨ। ਡਾਕਟਰ ਘਬਰਾ ਗਿਆ ਸੀ

ਤੇ ਉਸ ਨੇ ਸਵੇਰੇ ਆਉਂਦਿਆਂ ਹੀ ਮੀਟਿੰਗ ਕਰਕੇ ਸੰਬੰਧਤ ਕਰਮਚਾਰੀਆਂ ਦੀ ਕੁੱਤੇ ਮਾਰਨ ਦੀ ਲਿਖਤੀ ਡਿਊਟੀ ਲਾ ਦਿੱਛੀ ਸੀ ਤੇ ਨਾਲ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਅੱਜ ਤੋਂ ਹੀ ਇਹ ਕੰਮ ਸ਼ੁਰੂ ਕਰ ਦਿੱਤਾ ਜਾਵੇ। ਦਿਲਬਾਗ ਸਿੰਘ ਤੇ ਅਮਰਨਾਥ ਨੂੰ ਕਿਹਾ ਸੀ ਕਿ ਉਹ ਲੋੜ ਜੋਗੇ ਹੋਰ ਬੰਦੇ ਲੈ ਕੇ 'ਫੀਲਡ' ਵਿਚ ਤੁਰ ਪੈਣ।

ਚੰਨਣ ਤੁਰ ਗਿਆ ਤਾਂ ਡਾਕਟਰ ਜੋਗਿੰਦਰ ਤੇ ਸੀਤਲ ਹੁਰਾਂ ਵੱਲ ਵੇਖ ਕੇ ਕਹਿਣ ਲੱਗਾ, "ਵੇਖੋ! ਸੱਚੀ ਸਰਕਾਰ ਦਾ ਹੁਕਮ ਵੀ ਮੰਨਣ ਨੂੰ ਤਿਆਰ ਨਹੀਂ। ਸਾਡਾ ਤਾਂ ਭਾਵੇਂ ਕੋਈ ਨਾ ਹੀ ਮੰਨੇ..."

ਮੁਸਕਰਾਉਂਦੇ ਹੋਏ ਡਾਕਟਰ ਦਾ ਇਸ਼ਾਰਾ ਮੁੱਖੇ ਵੱਲ ਸੀ ਕਿ ਦਿਲਬਾਗ ਅਤੇ ਅਮਰਨਾਥ ਤੋਂ ਵੀ ਪਹਿਲਾਂ ਮੁੱਖਾ ਕਮਰੇ 'ਚ ਵੜ ਆਇਆ ਤੇ ਬਿਨਾਂ ਹੀ ਕਿਸੇ ਦੇ ਪੁੱਛਣ ਦੱਸਣ ਤੇ ਦਿਲਬਾਗ, ਅਮਰਨਾਥ ਵੱਲ ਵੇਖਦਾ ਆਖਣ ਲੱਗਾ, "ਲੈ ਏਥੇ ਕੀ ਆ, ਏਥੇ ਆਖ ਦੇਨਾਂ, ਜਾਓ! ਮੈਂ ਨਹੀਂ ਜੇ ਜਾਂਦਾ।"

ਉਹ ਕੁੱਤੇ ਮਾਰਨ ਵਾਸਤੇ ਉਹਨਾਂ ਨਾਲ ਜਾਣ ਨੂੰ ਤਿਆਰ ਨਹੀਂ ਸੀ।

"ਕਿਉਂ ਮੁੱਖਾ ਸਿਆਂ! ਤੇਰਾ ਏਨੇ ਸਾਲਾਂ ਦਾ ਤਜਰਬਾ..." ਡਾਕਟਰ ਨੇ ਮੁਸਕਰਾਉਂਦਿਆਂ ਉਹਨੂੰ ਗੱਲਾਂ 'ਚ ਵਲਣਾ ਚਾਹਿਆ।

"ਡਾਕਟਰ ਸਾਹਿਬ! ਡਾਕਟਰ ਗਿੱਲ ਹੁਣਾਂ ਨੂੰ ਸਾਰਾ ਪਤਾ ਸੀ ਜੀ! ਮੈਂ ਉਹਨਾਂ ਨੂੰ ਸਾਫ਼ ਆਖ ਦਿੱਤਾ ਸੀ-ਤੁਸੀਂ ਤਾਂ ਚਲੋ ਨਵੇਂ ਆਏ ਓਂ...ਇਹਨਾਂ ਨੂੰ ਕਿਹੜਾ ਪਤਾ ਨਹੀਂ..." ਉਹ ਅਮਰਨਾਥ ਵੱਲ ਮੂੰਹ ਕਰਕੇ ਆਪਣੀ ਕਰੜ-ਬਰੜ ਦਾੜ੍ਹੀ 'ਤੇ ਹੱਥ ਫੇਰਨ ਲੱਗਾ ਤਾਂ ਉਹਦੇ ਗੁੱਟ ਉੱਪਰ ਪਏ ਸਟੀਲ ਦੇ ਮੋਟੇ ਕੜੇ ਛਣਕ ਉੱਠੇ।

"ਆਪਾਂ ਤਾਂ ਪਹਿਲਾਂ ਈ ਜੀ ਮਹਾਰਾਜ ਅੱਗੇ ਬੜੇ ਦੇਣਦਾਰ ਆਂ...!" ਉਸ ਅੱਖਾਂ ਮੀਟੀਆਂ ਤੇ ਕੜੇ ਛਣਕਾਉਂਦਿਆਂ ਨੱਕ ਤਕ ਕਰਕੇ ਦੋਵੇਂ ਹੱਥ ਜੋੜ ਕੇ ਮਨ ਦੀ ਹਾਲਤ ਦੱਸੀ।

ਤੇ ਉਸਦੀਆਂ ਅੱਖਾਂ ਅੱਗੇ ਕਲਪਨਾ ਹੀ ਕਲਪਨਾ ਵਿਚ ਪਰਿਕਰਮਾ ਵਿਚ ਪਈਆਂ ਬੇਦੋਸ਼ੇ ਲੋਕਾਂ ਦੀਆਂ ਲਾਸ਼ਾਂ ਫਿਰਨ ਲੱਗੀਆਂ। ਡਾਕਟਰ ਗਿੱਲ ਦੇ ਯਾਰ ਇਕ ਫ਼ੌਜੀ ਕਰਨਲ ਨਾਲ ਉਹ ਲੋਕਾਂ ਲਈ ਦਰਬਾਰ ਸਾਹਿਬ ਖੁੱਲ੍ਹਣ ਤੋਂ ਪਹਿਲਾਂ ਹੀ ਡਾਕਟਰ ਨਾਲ ਜਾ ਕੇ 'ਬਲੂ ਸਟਾਰ ਅਪ੍ਰੇਸ਼ਨ' ਤੋਂ ਪਿੱਛੋਂ ਦੀ ਸਥਿਤੀ ਵੇਖ ਆਇਆ ਸੀ। ਪਰਿਕਰਮਾ ਵਿਚ ਜੰਮੇ ਖ਼ੂਨ ਦੀ ਰਗੜ-ਰਗੜ ਕੇ ਸਫ਼ਾਈ ਕੀਤੀ ਜਾ ਰਹੀ ਸੀ। ਪਰਿਕਰਮਾ ਨਾਲ ਲੱਗਦੇ ਕਮਰਿਆਂ ਵਿਚੋਂ ਅਜੇ ਵੀ ਸੜੇ-ਜਲੇ ਤੇ ਮਰੇ ਹੋਏ ਮਾਸ ਦੀ ਬੂਅ ਆ ਰਹੀ ਸੀ। ਗੁਰੂ ਰਾਮਦਾਸ ਸਰਾਂ ਤੇ ਗੁਰੂ ਨਾਨਕ ਨਿਵਾਸ ਦੇ ਕਮਰੇ ਤੇ ਕੰਧਾਂ ਗੋਲੇ ਵੱਜ-ਵੱਜ ਕੇ ਥਾਂ ਥਾਂ 'ਤੇ ਛਲਣੀ ਪਏ ਹੋਏ ਸਨ, ਸੜੇ ਤੇ ਧੁਆਂਖੇ ਪਏ ਸਨ। ਦਰਬਾਰ ਸਾਹਿਬ ਦਾ ਜਿਸਮ ਗੋਲੀਆਂ ਨਾਲ ਵਿੰਨ੍ਹਿਆ ਪਿਆ ਸੀ। ਲੋਕ ਗੱਲਾਂ ਕਰ ਰਹੇ ਸਨ, ਸਿੰਘਾਂ ਨੇ ਕਿਵੇਂ ਫ਼ੌਜ ਦਾ ਮੁਕਾਬਲਾ ਕੀਤਾ ਸੀ। ਕਿਵੇਂ ਸ਼ਹੀਦੀ ਪੁਰਬ ਵੇਖਣ ਆਈਆਂ ਸੰਗਤਾਂ ਸੈਂਕੜਿਆਂ ਦੀ ਗਿਣਤੀ ਵਿਚ ਭੁੰਨ ਦਿੱਤੀਆਂ ਗਈਆਂ ਸਨ। ਕਿਵੇਂ ਸ਼ਰਾਬ ਪੀ-ਪੀ ਕੇ ਢੇਰਾਂ ਦੇ ਢੇਰ ਲਾਸ਼ਾਂ ਦੇ ਗੱਡੀਆਂ 'ਚ ਅਗਲਿਆਂ ਢੋਏ



ਸਨ।

ਛਨਵਾੜ, ਖ਼ੂਨ, ਲਾਸ਼ਾਂ, ਸੜੇ ਮਰੇ ਮਾਸ ਦੀ ਬੂ....

ਮੁੱਖਾ ਸੁਣਦਾ, ਮਹਿਸੂਸ ਕਰਦਾ ਤੇ ਅੰਦਰੋਂ-ਅੰਦਰ ਰੋਈ ਜਾਂਦਾ। ਕਿਸੇ ਨੇ ਇਹ ਵੀ ਗੱਲ ਕੀਤੀ ਕਿ ਹਮਲਾ ਕਰਨ ਵਾਲਾ ਜਰਨੈਲ ਇੰਦਰਾ ਨੇ ਸਿੱਖ ਹੀ ਚੁਣ ਕੇ ਲਾਇਆ ਸੀ। ਹਮਲਾਵਰਾਂ ਵਿਚ ਸਿੱਖ ਫ਼ੌਜੀ ਵੀ ਸਨ।

"ਉਹਨਾਂ ਦੀਆਂ ਬੰਦੂਕਾਂ ਤੇ ਤੋਪਾਂ ਕਿਵੇਂ ਉੱਠੀਆਂ ਹੋਣਗੀਆਂ ਗੁਰੂ ਘਰ ਵੱਲੇ ਜੇ ਉਹ ਸਿੱਖ ਸਨ ਤਾਂ?" ਕਿਸੇ ਨੇ ਆਖਿਆ।

"ਉਹਨਾਂ ਤਾਂ ਆਪਣੀ ਡਿਊਟੀ ਵਜਾਉਣੀ ਸੀ ਭਾਈ..." ਕਿਸੇ ਹੋਰ ਨੇ ਆਖਿਆ।

ਮੁੱਖੇ ਨੇ ਸੁਣਿਆ ਤਾਂ ਅੰਦਰੋ-ਅੰਦਰ ਕੰਬ ਕੇ ਰਹਿ ਗਿਆ। 'ਡਿਊਟੀ' ਵਾਲੀ ਗੱਲ ਜਿਵੇਂ ਕਿਸੇ ਨੇ ਉਸ ਨੂੰ ਸੁਣਾ ਕੇ ਕਹੀ ਹੋਵੇ... ਤੇ ਉਹਨੇ ਆਪਣੇ ਆਸੇ-ਪਾਸੇ ਵੇਖਿਆ...ਉਹਦਾ ਕੋਈ ਵੀ ਜਾਣੂ ਨੇੜੇ-ਤੇੜੇ ਨਹੀਂ ਸੀ। ਫਿਰ ਉਸ ਦੇ ਆਪਣੇ ਬੋਲ ਹੀ ਉਸ ਅੰਦਰ ਧਮੱਚੜ ਪਾਉਣ ਲੱਗੇ, "ਸਰਕਾਰੀ ਡਿਊਟੀ ਵਜਾਈਦੀ ਆ ਭਾਈ... ਸਰਕਾਰੀ ਡਿਊਟੀ..."

....ਤੇ ਉਸਨੂੰ ਪਰਿਕਰਮਾ ਵਿਚ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਨਜ਼ਰ ਆ ਰਹੀਆਂ ਸਨ। ਉਹ ਕੰਬ ਗਿਆ....ਅਪਰਾਧ-ਭਾਵਨਾ ਨਾਲ। ਇਹਨਾਂ ਨੂੰ ਉਸ ਨੇ ਤਾਂ ਨਹੀਂ ਸੀ ਮਾਰਿਆ।

ਜਦੋਂ ਵੀ ਕੋਈ ਉਸ ਨਾਲ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਗੱਲ ਕਰਦਾ ਉਹ ਸਿਰ ਦੇ ਉੱਘੜ-ਦੁੱਘੜ ਕੱਟੇ ਖ਼ੁਸ਼ਕ ਵਾਲਾਂ ਵਿਚ ਹੱਥ ਫੇਰਦਾ ਤੇ ਅਕਸਰ ਆਖਦਾ, ਇੰਜ ਬੇਦੋਸ਼ਿਆਂ ਨੂੰ ਮਾਰ ਸੁੱਟਣਾ...ਬੇਕਸੂਰਿਆਂ ਨੂੰ... ਲਾਸ਼ਾਂ ਦੇ ਢੇਰ ਲਾ ਦੇਣੇ...ਇਹ ਕਿਹੜੇ ਗੁਰੂ ਮਹਾਰਾਜ 'ਚ ਲਿਖਿਆ ਭਾਈ...."

ਉਸ ਨੇ ਡਾਕਟਰ ਗਿੱਲ ਦੇ ਕਮਰੇ ਦੇ ਬਾਹਰਵਾਰ ਗੇਟ 'ਤੇ ਬੈਠਣ ਦੀ ਡਿਊਟੀ ਸਾਂਭ ਲਈ ਸੀ। ਮਰੀਜ਼ਾਂ ਨੂੰ ਵਾਰੀ-ਵਾਰੀ ਅੰਦਰ ਭੇਜੀ ਜਾਂਦਾ ਤੇ 'ਵਾਹਿਗੁਰੂ! ਵਾਹਿਗੁਰੂ!' ਕਰੀ ਜਾਂਦਾ। ਕਦੀ-ਕਦੀ ਜ਼ਖ਼ਮੀਆਂ ਨੂੰ ਪੱਟੀ ਕਰਨ ਵਿਚ ਕੰਪਾਊਂਡਰ ਦੀ ਮਦਦ ਕਰਦਾ। ਫਿਰ ਉਸ ਨੇ ਆਪ ਹੀ ਹੌਲੀ-ਹੌਲੀ ਪੱਟੀ ਕਰਨ ਦੀ ਜਾਚ ਸਿੱਖ ਲਈ ਤੇ ਇਕ ਤਰ੍ਹਾਂ ਇਹ ਕੰਮ ਸਾਂਭ ਹੀ ਲਿਆ। ਉਹ ਜ਼ਖ਼ਮ ਸਾਫ਼ ਕਰਦਾ, ਮਲ੍ਹਮ ਲਾਉਂਦਾ ਤੇ ਰੂੰ ਰੱਖ ਕੇ ਪੱਟੀ ਕਰਦਾ। ਉੱਧਰ ਮਰੀਜ਼ ਆਰਾਮ ਮਹਿਸੂਸ ਕਰਦਾ, ਇਧਰ ਮੁੱਖੇ ਦਾ ਮਨ ਸਕੂਨ ਨਾਲ ਭਰ ਜਾਂਦਾ।

"ਮੁੱਖਾ ਸਿਆਂ! ਤੂੰ ਤਾਂ ਮੇਥੋਂ ਵੀ ਵਧੀਆ ਪੱਟੀ ਕਰਨ ਲੱਗ ਪਿਐਂ..." ਬਾਊ ਆਖਦਾ ਤਾਂ ਮੁੱਖਾ ਦੋਵੇਂ ਹੱਥ ਜੋੜ ਅੱਖਾਂ ਮੀਚ ਲੈਂਦਾ, 'ਸੱਚਾ ਪਾਤਸ਼ਾਹ! ਪਾਪ ਬਖ਼ਸ਼ ਦੇਵੇ... ਮੇਰਾ ਗੁਰੂ ਮਹਾਰਾਜ...'

ਤੇ ਫਿਰ ਇਕ ਦਿਨ ਬੱਸ ਵਿਚੋਂ ਇਕ ਫ਼ਿਰਕੇ ਦੇ ਕੁਝ ਬੰਦਿਆਂ ਨੂੰ ਕੱਢ ਕੇ ਮਾਰਨ ਦੀ ਖ਼ਬਰ ਆਈ ਤਾਂ ਉਹ ਡੌਰ-ਭੌਰ ਹੋਇਆ ਅਖ਼ਬਾਰ ਵਿਚ ਉਹਨਾਂ ਦੀਆਂ ਤਸਵੀਰਾਂ ਵੇਖਦਾ ਰਿਹਾ, ਜਿੱਥੇ ਜ਼ਖ਼ਮੀ ਹੋਈ ਬੱਸ ਸੀ, ਟੁੱਟੇ ਸ਼ੀਸ਼ੇ ਸਨ। ਡੁੱਲ੍ਹਾ ਹੋਇਆ

ਕਾਲਾ ਲਹੂ ਸੀ ਤੇ ਬਾਹਵਾਂ ਅੱਡੀ, ਟੇਢੇ ਸਿਰਾਂ 'ਤੇ ਖੁੱਲ੍ਹੇ ਮੂੰਹਾਂ ਵਾਲੀਆਂ ਲਾਸ਼ਾਂ ਸਨ। ਇਕ ਪਾਸੇ ਪਰਿਵਾਰ ਦੇ ਜੀਆਂ ਦੇ ਖੁੱਲ੍ਹੇ ਹੋਏ ਵਾਲ ਸਨ। ਰੋਂਦੇ ਅਤੇ ਵਿਲਕਦੇ ਚਿਹਰੇ ਸਨ। ਉਹ ਪਰੇਸ਼ਾਨ ਹੋਇਆ ਕਦੀ ਇਧਰ ਤੇ ਕਦੀ ਉਧਰ ਜਾਂਦਾ ਹੋਇਆ, ਇਕ ਨੁੱਕਰ ਵਿਚ ਛਪੀ ਇਕ ਨਿਹੰਗ ਦੀ ਤਸਵੀਰ ਵੇਖ ਰਿਹਾ ਸੀ, ਜਿਸਨੇ ਇਕ ਮੋਨੇ ਨੌਜਵਾਨ ਨੂੰ ਆਪਣੀ ਬੁੱਕਲ ਵਿਚ ਲੈ ਕੇ, ਆਪਣਾ ਪੁੱਤ ਆਖ ਕੇ ਬਚਾ ਲਿਆ ਸੀ। ਆਪਣੀ ਜਾਨ ਖ਼ਤਰੇ ਵਿਚ ਪਾ ਲਈ ਸੀ ਤੇ ਉਸ ਨੂੰ ਬਚਾ ਲਿਆ ਸੀ। ਉਹ ਵਾਰ-ਵਾਰ ਅਖ਼ਬਾਰ ਵੇਖਦਾ ਤੇ ਵਾਰ-ਵਾਰ ਆਪਣੇ ਉਲਝੇ ਕੱਟੇ ਸਿਰ ਦੇ ਵਾਲਾਂ ਵਿਚ ਹੱਥ ਫੇਰਦਾ।

ਤੇ ਅਗਲੇ ਦਿਨ ਲੋਕਾਂ ਨੇ ਵੇਖਿਆ, ਮੁੱਖੇ ਤਾਂ ਰੂਪ ਹੀ ਬਦਲ ਗਿਆ ਸੀ। ਉਹ ਬਾਬੇ ਬਿਧੀ ਚੰਦੀਆਂ ਤੋਂ ਅੰਮ੍ਰਿਤ ਛਕ ਆਇਆ ਸੀ। ਸਿਰ ਉੱਤੇ ਵੱਡੀ ਭਾਰੀ ਨੀਲੀ ਦਸਤਾਰ, ਗਲ ਲੰਮਾ ਚੋਲਾ ਤੇ ਹੱਥਾਂ ਵਿਚ ਮੋਟੇ-ਮੋਟੇ ਸਟੀਲ ਦੇ ਕੜੇ। ਆਇਆ ਤੇ ਸਿੱਧਾ ਡਾਕਟਰ ਦੇ ਕਮਰੇ 'ਚ ਜਾ ਕੇ ਆਖਣ ਲੱਗਾ, "ਡਾਕਟਰ ਸਾਬ੍ਹ! ਮੈਂ ਨਹੀਂ ਜੇ ਅੱਗੇ ਤੋਂ ਕੁੱਤੇ ਮਾਰਨ ਜਾਣਾ....ਕਦੰਤ ਨਹੀਂ ਜੇ ਜਾਣਾ.... ਹੋਰ, ਜਿਹੜੀ ਡਿਊਟੀ ਮਰਜ਼ੀ ਦੇ ਦਿਉ....ਖ਼ੁਸ਼ੀ ਨਾਲ ਵਜਾਵਾਂਗੇ..." ਉਹਦੇ ਹੱਥ ਵਿਚ ਕੱਲ੍ਹ ਦੀ ਅਖ਼ਬਾਰ ਖੁੱਲ੍ਹੀ ਹੋਈ ਸੀ।

ਡਾਕਟਰ ਗਿੱਲ ਨੇ ਐਨਕ ਲਾਹ ਕੇ ਮੇਜ਼ ਉੱਪਰ ਰੱਖੀ ਤੇ ਮੁਸਕਰਾਉਂਦਾ ਹੋਇਆ ਉਹਦੀ ਭਾਵਨਾ ਸਮਝ ਕੇ ਬੋਲਿਆ, "ਮੁੱਖਾ ਸਿਆਂ ਨਹੀਂ ਡਿਊਟੀ ਲਾਉਂਦੇ ਤੇਰੀ, ਹੋਰ ਦੱਸ..."

"ਸਤਿ ਬਚਨ ਜੀ" ਉਸ ਨੇ ਦੋਵੇਂ ਹੱਥ ਜੋੜੇ। ਅਖ਼ਬਾਰ ਚੌਂਕੀ ਤੇ ਉਸ ਉੱਪਰ ਖਿੱਲਰੀਆਂ ਪਈਆਂ ਲਾਸ਼ਾਂ ਦੀਆਂ ਤਸਵੀਰਾਂ ਵੇਖਦਾ ਕਮਰੇ 'ਚੋਂ ਬਾਹਰ ਆ ਗਿਆ।

ਹੁਣ ਉਹ ਹਰ ਰੋਜ਼ ਜ਼ਖ਼ਮੀਆਂ ਦੀ ਪੱਟੀ ਕਰਦਾ। ਵਿਹਲਾ ਹੁੰਦਾ ਤਾਂ ਲੋਹੇ ਦੇ ਮੋਟੇ ਮਣਕਿਆਂ ਦੀ ਮਾਲਾ ਫੇਰਦਾ 'ਵਾਹਿਗੁਰੂ-ਵਾਹਿਗੁਰੂ' ਕਰਦਾ ਰਹਿੰਦਾ। ਇਜ ਉਹ ਆਪਣੀਆਂ ਅੱਖਾਂ ਅੱਗੇ ਵਾਰ-ਵਾਰ ਆ ਰਹੇ ਲਾਸ਼ਾਂ ਦੇ ਢੇਰ ਤੋਂ ਮਨ ਨੂੰ ਪਾਸੇ ਮੋੜਨ ਦਾ ਯਤਨ ਕਰਦਾ। ਲੋਕਾਂ ਨੇ ਉਸ ਦਾ ਨਾਮ 'ਮੁੱਖਾ ਜਮ' ਦੀ ਥਾਂ 'ਮੁੱਖਾ ਨਿਹੰਗ' ਪਾ ਦਿੱਤਾ ਸੀ।

ਤੇ ਹੁਣ ਨਵਾਂ ਐੱਸ.ਐੱਮ.ਓ. ਉਸ ਨੂੰ ਕਹਿ ਰਿਹਾ ਸੀ ਕਿ ਉਹ ਉਹਨਾਂ ਦੇ ਨਾਲ ਜਾਵੇ।

"ਮੈਂ ਨਹੀਂ ਜਾਣਾ ਜੀ..."

"ਕਿਉਂ?"

"ਮੈਂ ਨਹੀਂ ਬੇਜ਼ਬਾਨਾਂ ਬੇਦੋਸ਼ਿਆਂ ਨੂੰ ਮਾਰਨਾ..."

ਦਿਲਬਾਗ ਨੇ ਧਮਕਾਇਆ, "ਏਨੇ ਸਾਲ ਤੂੰ ਹੀ ਕੁੱਤੇ ਮਾਰਦਾ ਰਿਹੈਂ...ਅਗਲਿਆਂ ਸਭ ਤੋਂ ਪਹਿਲਾਂ ਤੈਨੂੰ ਹੀ ਪੁੱਛਣਾ... ਅਸੀਂ ਤਾਂ ਭਾਵੇਂ..."

"ਪੁੱਛ ਲੈਣ ਦਿਓ..."



"ਗੋਲੀ ਖਾਵੇਂਗਾ?"

"ਖਾ ਲਊਂਗਾ..."

ਡਾਕਟਰ ਨੇ ਹੱਥ ਦੇ ਇਸ਼ਾਰੇ ਨਾਲ ਦਿਲਬਾਗ ਨੂੰ ਰੋਕਿਆ। ਉਹ ਅੰਦਰੋ ਹੀ ਅੰਦਰ ਬਾਹਰਲੇ ਬੰਦਿਆਂ ਸਾਹਮਣੇ ਆਪਣੇ ਦਰਜਾ ਚਾਰ ਕਰਮਚਾਰੀ ਨੂੰ ਇਸ ਤਰ੍ਹਾਂ ਹੁਕਮ-ਅਦੂਲੀ ਕਰਦਿਆਂ ਵੇਖ ਪਰੇਸ਼ਾਨ ਹੋ ਰਿਹਾ ਸੀ। ਇਸ ਲਈ ਉਹਨੇ ਪਰਚੀ 'ਤੇ ਦਵਾਈ ਲਿਖਦਿਆਂ ਜੋਗਿੰਦਰ ਤੇ ਸੀਤਲ ਨੂੰ ਕਿਹਾ:

"ਔਹ ਗੋਲੀਆਂ, ਕੈਪਸੂਲ ਤੇ ਮਲ੍ਹਮ ਵਾਲੀ ਟਿਊਬ ਨਾਲ ਦੇ ਕਮਰੇ 'ਚੋਂ ਬਾਊ ਹੁਰਾਂ ਤੋਂ ਲੈ ਲਓ....ਹੋਰ ਕੋਈ ਸੇਵਾ...."

"ਸੇਵਾ ਤਾਂ ਜੀ ਦੱਸੀ ਐ... ਕੁੱਤੇ ਨੂੰ ਮਾਰਨ ਦੀ ਦਵਾਈ ਦੇ ਦਿਓ ਜਾਂ...."

"ਕੋਈ ਨਹੀਂ... ਅਸੀਂ ਇਕ ਗਰੁੱਪ ਸਭ ਬਾਹਰਲੀਆਂ ਬਹਿਕਾਂ ਵਿਚ ਵੀ ਭੇਜਾਂਗੇ। ਤੁਸੀਂ ਦਿਲਬਾਗ ਨੂੰ ਬਹਿਕ ਸਮਝਾ ਦਿਓ... ਇਹ ਅੱਜ ਸ਼ਾਮ ਜਾਂ ਕੱਲ੍ਹ ਸਵੇਰ ਤਕ ਆ ਕੇ ਦਵਾਈ ਪਾ ਜਾਣਗੇ...."

ਡਾਕਟਰ ਛੇਤੀ ਗੱਲ ਮੁਕਾ ਕੇ ਉਹਨਾਂ ਨੂੰ ਤੋਰਨਾ ਚਾਹੁੰਦਾ ਸੀ ਤੇ ਮੁੱਖੇ ਨਿਹੰਗ ਨਾਲ ਨਿਪਟਣਾ ਲੋੜਦਾ ਸੀ। ਇਕ ਗੁਸਤਾਖ਼ ਕਰਮਚਾਰੀ। ਸਰਕਾਰੀ ਡਿਊਟੀ ਦੇਣੋਂ ਨਾਂਹ ਕਰ ਰਿਹਾ ਸੀ।

ਜੋਗਿੰਦਰ ਸ਼ਾਮ ਤਕ ਉਹਨਾਂ ਨੂੰ ਉਡੀਕਦਾ ਰਿਹਾ। ਵਾਰ-ਵਾਰ ਨਜ਼ਰਾਂ ਉਠਾ ਕੇ ਪਿੰਡ ਵੱਲ ਵੇਖਦਾ ਰਿਹਾ। ਪਰ ਕੋਈ ਵੀ ਨਹੀਂ ਆਇਆ। ਟੌਮੀ ਪਰ੍ਹੇ ਵਿਹੜੇ ਵਿਚ ਢਲਦੇ ਸੂਰਜ ਦੀ ਧੁੱਪੇ ਆਰਾਮ ਕਰ ਰਿਹਾ ਸੀ। ਜੋਗਿੰਦਰ ਨੇ ਚਾਹਿਆ, ਟੌਮੀ ਇਜ ਹੀ ਸੁੱਤਾ ਰਹੇ ਤੇ ਫਿਰ ਕਦੀ ਨਾ ਉੱਠੇ। ਫਿਰ ਉਹ ਉਹਦੀ ਮੌਤ ਦੀ ਕਲਪਨਾ ਕਰਕੇ ਪਰੇਸ਼ਾਨ ਹੋ ਉੱਠਿਆ। ਉਦਾਸੀ ਦੇ ਆਲਮ ਵਿਚ ਗਰਕ ਗਿਆ। ਅਚਨਚੇਤ ਉਹਦੇ ਦੋਵੇਂ ਹੱਥ ਉੱਠ ਕੇ ਉਹਦੇ ਗਲਮੇ ਤਕ ਪਹੁੰਚ ਗਏ। ਜਿਥੇ ਉਸ ਨੂੰ ਦੂਹਰੇ ਜ਼ਖ਼ਮ ਹੋਏ ਸਨ। ਜਿਥੇ ਅਜੇ ਵੀ ਸਰਸਰਾਹਟ ਹੋ ਰਹੀ ਸੀ ਤੇ ਲਿਜਲਿਜਾ ਸੱਪ ਚੰਬੜਿਆ ਹੋਇਆ ਸੀ। ਉਹ ਉੱਠਿਆ ਤੇ ਸਹਿਜੇ-ਸਹਿਜੇ ਤੁਰਦਾ ਟੌਮੀ ਕੋਲ ਪਹੁੰਚ ਗਿਆ। ਪਿੱਛੇ-ਪਿੱਛੇ ਸੁਖਦੇਵ ਵੀ ਆ ਖੜ੍ਹਾ ਹੋਇਆ। ਪੈਰਾਂ ਦਾ ਖੜਾਕ ਸੁਣ ਕੇ ਟੌਮੀ ਬੈਠ ਗਿਆ ਤੇ ਜ਼ਮੀਨ 'ਤੇ ਪੂਛ ਫੇਰਨ ਲੱਗਾ। ਫਿਰ ਜੋਗਿੰਦਰ ਦੇ ਪੈਰਾਂ ਵੱਲ ਮੂੰਹ ਵਧਾ ਕੇ, ਆਪਣੇ ਕੰਨ ਪਿੱਛੇ ਨੂੰ ਢਿੱਲੇ ਛੱਡ ਕੇ ਪੂਰੇ ਪਿਆਰ ਦੀ ਮੁਦਰਾ ਵਿਚ ਝਿਜ ਗਿਆ। ਜੋਗਿੰਦਰ ਨੇ ਬੈਠ ਕੇ ਉਹਦੇ ਸਿਰ 'ਤੇ ਹੱਥ ਫੇਰਿਆ। ਟੌਮੀ ਨੇ ਮੁਹੱਬਤੀ ਭਾਵ ਨਾਲ ਅੱਖਾਂ ਮੀਚ ਲਈਆਂ ਤੇ ਲੰਮੀ ਪੂਛ ਜ਼ੋਰ-ਜ਼ੋਰ ਦੀ ਧਰਤੀ 'ਤੇ ਮਾਰਨ ਲੱਗਾ।

"ਭਾਅ! ਹੁਣ ਨਹੀਂ ਨਾ ਆਪਾਂ ਟੌਮੀ ਨੂੰ ਮਾਰਨਾ?" ਸੁਖਦੇਵ ਦਾ ਭੋਲਾ-ਭਾਲਾ ਪ੍ਰਸ਼ਨ ਸੀ।

"ਨਹੀਂ ਆਪਾਂ ਨਹੀਂ ਕਦੀ ਵੀ ਮਾਰਦੇ, ਆਪਣੇ ਟੌਮੀ ਪੁੱਤ ਨੂੰ...ਆਪਾਂ ਰਾਤ ਨੂੰ ਇਹਨੂੰ ਸੰਗਲੀ ਪਾ ਕੇ ਬੰਨ੍ਹ ਦਿਆਂ ਕਰਨਾਂ... ਤੇ ਬੱਸ... " ਤੇ ਜੋਗਿੰਦਰ ਨੇ ਉੱਠ ਖੜੋਤੇ ਟੌਮੀ ਦੀਆਂ ਅਗਲੀਆਂ ਲੱਤਾਂ ਚੁੱਕ ਕੇ ਆਪਣੇ ਮੋਢਿਆਂ 'ਤੇ ਰੱਖ ਲਈਆਂ, ਜਿਵੇਂ ਉਹਨੂੰ ਗਲਵਕੜੀ ਪਾਉਣੀ ਚਾਹੁੰਦਾ ਹੋਵੇ। ਫਿਰ ਉਸ ਨੇ ਸੰਗਲੀ ਲਈ ਤੇ

ਟੋਮੀ ਨੂੰ ਰਾਤ ਵਾਲੀ ਕਿੱਲੀ ਨਾਲ ਬੰਨ੍ਹ ਦਿੱਤਾ। ਸੁਖਦੇਵ ਖਾਦ ਵਾਲੇ ਖ਼ਾਲੀ ਤੋੜੇ ਚੁੱਕ ਕੇ ਲੈ ਆਇਆ ਤੇ ਟੋਮੀ ਦੇ ਬੈਠਣ ਲਈ ਵਿਛਾ ਦਿੱਤੇ।

"ਮੇਰੇ ਟੋਮੀ ਨੂੰ ਰਾਤੀਂ ਠੰਢ ਨਾ ਲੱਗੂ ਬੱਲਿਓ..."

ਜਿਉਂ-ਜਿਉਂ ਰਾਤ ਨੇੜੇ ਆ ਰਹੀ ਸੀ, ਜੋਗਿੰਦਰ ਦੇ ਜੀਅ ਨੂੰ ਕੁਝ-ਕੁਝ ਹੋਣਾ ਸ਼ੁਰੂ ਹੋ ਗਿਆ ਸੀ। ਰੋਟੀ ਖਾਂਦਿਆਂ ਵੀ ਉਹਨੂੰ ਧੁੜਕੂ ਲੱਗਾ ਹੋਇਆ ਸੀ ਤੇ ਚੱਜ ਨਾਲ ਬੁਰਕੀ ਸੰਘੋਂ ਥੱਲੇ ਨਹੀਂ ਸੀ ਲੱਥ ਰਹੀ।

"ਜੇ ਕਿਧਰੇ ਉਹ ਅੱਜੇ ਈ ਆ ਗਏ ਤਾਂ!"

ਤੇ ਉਹ ਵਾਰ-ਵਾਰ ਕਰਮਚਾਰੀਆਂ ਦੀ ਗ਼ੈਰ-ਜਿੰਮੇਵਾਰੀ ਨੂੰ ਮਨ ਹੀ ਮਨ ਕੋਸਣ ਲੱਗਾ। ਜੇ ਅੱਜ ਸ਼ਾਮੀਂ ਆ ਜਾਂਦੇ ਤਾਂ ਦੋ ਘੜੀਆਂ ਦੀ ਤਾਂ ਗੱਲ ਸੀ। ਉਹ ਉਹਨਾਂ ਨੂੰ ਓਦੋਂ ਹੀ ਨਾਲ ਲੈ ਆਉਂਦਾ ਤਾਂ ਚੰਗਾ ਸੀ। ਉਸ ਨੂੰ ਮੁੱਖੇ ਨਿਹੰਗ 'ਤੇ ਬੜਾ ਗੁੱਸਾ ਆਇਆ। ਕਿੱਡਾ ਮਹਾਂਪੁਰਖ ਬਣਦਾ ਸੀ। ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ! ਜੇ ਨਾਲ ਤੁਰ ਪੈਂਦਾ ਤਾਂ ਕੀ ਆਫ਼ਰ ਆ ਜਾਣੀ ਸੀ। ... ਮੁੱਖੇ ਨਿਹੰਗ ਬਾਰੇ ਸੋਚਦਾ-ਸੋਚਦਾ ਹੀ ਉਹ ਸੌਂ ਗਿਆ।

ਮੁੱਖਾ ਨਿਹੰਗ ਸੁਪਨੇ ਵਿਚ ਵੀ ਹਾਜ਼ਰ ਸੀ। ਵੱਡੀ ਸਾਰੀ ਬਾਟੀ ਫੜੀ ਕੜਾਹ ਦੀਆਂ ਗੋਲੀਆਂ ਵੱਟ ਰਿਹਾ ਸੀ ਕਿ ਦਗੜ-ਦਗੜ ਕਰਦੀ ਕੁੱਤਿਆਂ ਦੀ ਧਾੜ ਪਤਾ ਨਹੀਂ ਕਿਧਰੋਂ ਆ ਗਈ ਸੀ। ਉਸ ਨੇ ਨਜ਼ਰ ਘੁਮਾ ਕੇ ਵੇਖਿਆ, ਗਲੀਆਂ ਤੇ ਰੋੜਾਂ ਵਿਚ ਪਈਆਂ ਕੁੱਤਿਆਂ ਦੀਆਂ ਲਾਸ਼ਾਂ ਉੱਠ ਉੱਠ ਦੌੜ ਰਹੀਆਂ ਸਨ ਤੇ ਉਹਨਾਂ ਨੇ ਆ ਕੇ ਮੁੱਖੇ ਨਿਹੰਗ ਨੂੰ ਘੇਰ ਲਿਆ ਸੀ। ਉਹਨਾਂ ਦੇ ਲੰਮੇ-ਲੰਮੇ ਤਿੱਖੇ ਚਿੱਟੇ ਦੰਦ, ਲਮਕਦੀਆਂ ਲਾਲ ਜੀਭਾਂ, ਵਰਾਛਾਂ ਵਿਚੋਂ ਡਿੱਗਦੀ ਝੱਗ। ਭੌਂਕਣ ਨਾਲ ਉਹਨਾਂ ਅਸਮਾਨ ਸਿਰ 'ਤੇ ਚੁੱਕਿਆ ਹੋਇਆ ਸੀ। ਉਹ ਵਧ-ਵਧ ਕੇ ਲਪਕਦੇ ਸਨ। ਉਹਨਾਂ ਨੇ ਮੁੱਖੇ ਦੇ ਕੱਪੜੇ ਲੀਰੋ-ਲੀਰ ਕਰ ਦਿੱਤੇ ਸਨ। ਪਾਟੇ ਹੋਏ ਲੰਮੇ ਚੋਲੇ ਹੇਠੋਂ ਪਿੰਡੇ ਉੱਪਰੋਂ ਲਹੂ ਦੀਆਂ ਘਰਾਲਾਂ ਵਹਿ ਰਹੀਆਂ ਸਨ। ਦੋਹਾਂ ਹੱਥਾਂ ਨਾਲ ਮੂੰਹ ਢਕ ਕੇ ਚਿਹਰੇ ਨੂੰ ਬਚਾਉਂਦਾ ਹੋਇਆ, ਚੀਕਾਂ ਮਾਰਦਾ ਮੁੱਖਾ ਇਧਰ ਉਧਰ ਦੌੜ ਰਿਹਾ ਸੀ। ਕੁੱਤਿਆਂ ਨੂੰ ਝਕਾਨੀ ਦੇ ਕੇ ਜਦੋਂ ਉਹ ਪੂਰੇ ਤਾਣ ਨਾਲ ਜੋਗਿੰਦਰ ਵੱਲ ਸਹਾਇਤਾ ਲਈ ਦੌੜਦਾ ਆਇਆ ਤਾਂ ਜੋਗਿੰਦਰ ਨੇ ਵੇਖਿਆ ਉਹ ਤਾਂ ਉਸਦਾ ਆਪਣਾ ਹੀ ਬਾਬਾ ਸੀ। ਜਿਸ ਦੀ ਸੱਜੀ ਬਾਂਹ ਅਰਕ ਤੋਂ ਟੁੱਟ ਕੇ ਹੇਠਾਂ ਨੂੰ ਤੋਰੀ ਵਾਂਗ ਲਮਕੀ ਹੋਈ ਸੀ ਤੇ ਖੱਬੇ ਹੱਥ ਨਾਲ ਉਸ ਬਾਂਹ ਨੂੰ ਸੰਭਾਲੀ ਸਹਿਮਿਆ ਅਤੇ ਘਬਰਾਇਆ ਹੋਇਆ ਲੜਾਈ ਦੇ ਮੈਦਾਨ ਵਿਚੋਂ ਹਾਰ ਕੇ ਆਏ ਜਵਾਨ ਵਾਂਗ ਲੰਗੜਾਉਂਦਾ ਹੋਇਆ ਭੱਜਾ ਆਉਂਦਾ ਸੀ। ਕੁੱਤੇ ਕਿਧਰੇ ਦੂਰ ਪਿੱਛੇ ਰਹਿ ਗਏ ਸਨ, ਪਰ ਉਹਨਾਂ ਦੇ ਭੌਂਕਣ ਦੀ ਆਵਾਜ਼ ਅਜੇ ਵੀ ਆ ਰਹੀ ਸੀ ਤੇ ਨਾਲ ਹੀ ਜ਼ੋਰ ਜ਼ੋਰ ਦੀ 'ਦਗੜ ਦਗੜ' ਦੌੜਨ ਦੀ ਆਵਾਜ਼।

ਉਹ ਜਾਗਿਆ ਤਾਂ ਬੀਰੋ ਪਹਿਲਾਂ ਹੀ ਉੱਠ ਕੇ ਉਸ ਦੀ ਬਾਂਹ ਹਿਲਾ ਰਹੀ ਸੀ, "ਮੈਂ ਆਖਿਆ ਦੇਬ ਦੇ ਭਾਅ... ਉੱਠੋ...ਟੋਮੀ ਫੇਰ ਭੌਂਕਦਾ। ਨਾਲੇ ਖੁੱਲ੍ਹ ਗਿਆ ਲੱਗਦਾ..."



ਟੋਮੀ ਭੌਂਕੀ ਜਾ ਰਿਹਾ ਸੀ, ਜ਼ੋਰ-ਸ਼ੋਰ ਨਾਲ। ਕਦੀ ਬਾਹਰ ਜਾਂਦਾ ਤੇ ਕਦੀ ਦਗੜ-ਦਗੜ ਕਰਦਾ ਅੰਦਰ ਸੁਨੇਹਾ ਦੇਣ ਆਉਂਦਾ। ਬਿਲਕੁਲ ਉਸ ਦਿਨ ਵਾਂਗ।

ਜੋਗਿੰਦਰ ਸਿਰ ਤੋਂ ਪੈਰਾਂ ਤਕ ਕੰਬ ਗਿਆ। ਦਿਮਾਗ਼ ਸੁੰਨ ਹੋ ਗਿਆ। ਅੱਖਾਂ ਅੱਗੇ ਲਾਲ, ਨੀਲੇ, ਪੀਲੇ, ਧੱਬੇ ਫਿਰਨ ਲੱਗੇ।

"ਇਹ ਕੁੱਤਾ ਹਟਦਾ ਕਿਉਂ ਨਹੀਂ ਭੌਂਕਣੋਂ।" ਉਹ ਮਨ ਹੀ ਮਨ ਖਿਝਿਆ। ਫਿਰ ਉਸ ਦੇ ਸਿਰ ਨੂੰ ਜਿਵੇਂ ਖ਼ੂਨ ਚੜ੍ਹ ਗਿਆ। ਗੁੱਸੇ ਵਿਚ ਘਰਕਦਾ ਹੋਇਆ ਉਹ ਕਮਰੇ ਦੀ ਨੁੱਕਰ ਵਿਚ ਪਈ ਟੁੱਟੇ ਮੰਜੇ ਦੀ ਭਾਰੀ ਹੀਅ ਚੁੱਕ ਕੇ ਬਾਹਰ ਨਿਕਲਿਆ। "ਇਹਨੂੰ ਤਾਂ ਬੱਧਾ ਵੀ ਸੀ ਤੂੰ.... ਖ਼ੌਰੇ ਸੰਗਲੀ ਤੁੜਾ ਗਿਆ।" ਨਾਗਲੇ ਕਮਰੇ ਵਿਚੋਂ ਭੈਅ, ਚਿੰਤਾ ਅਤੇ ਖ਼ਤਰੇ ਨਾਲ ਕੰਬਦੀ ਆਵਾਜ਼ ਵਿਚ ਹਰਬੰਸ ਕੌਰ ਏਨਾ ਕੁਝ ਹੀ ਕਹਿ ਸਕੀ।

ਸੂਚਨਾ ਦੇਣ ਦੇ ਮਾਣ ਨਾਲ ਮੱਤਾ ਮੁਹੱਬਤ ਪ੍ਰਗਟਾਉਣ ਦੇ ਲਈ ਟੋਮੀ ਹਨੇਰੇ ਵਿਚ ਹੀ ਜੋਗਿੰਦਰ ਵੱਲ ਵਧਿਆ।

ਬਾਹਰ ਵੀ ਹਨੇਰਾ ਸੀ ਤੇ ਅੰਦਰ ਵੀ ਪਰ ਜੋਗਿੰਦਰ ਦੀ ਸਿਰ ਤਕ ਉੱਠੀ ਹੋਈ ਹੀਅ ਨੂੰ ਜਿਵੇਂ ਸਭ ਕੁਝ ਦਿਸਦਾ ਸੀ। ਲੱਤਾਂ ਜੋੜ ਕੇ, ਛਾਤੀ ਤੇ ਬਾਹਵਾਂ ਦਾ ਸਾਰਾ ਜ਼ੋਰ ਕੇਂਦਰਿਤ ਕਰਕੇ ਪੂਰੇ ਜ਼ੋਰ ਨਾਲ ਉਹਨੇ ਹੀਅ ਦਾ ਵਾਰ ਕੀਤਾ, ਜਿਵੇਂ ਪਟਵਾਰੀਆਂ ਦੇ ਮੁੰਡੇ ਦੇ ਗੰਡਾਸੀ ਮਾਰਨ ਲੱਗਾ ਹੋਵੇ।

ਕੁੱਤੇ ਦੀ ਲੰਮੀ ਚੀਕ ਨਿਕਲੀ ਤੇ ਉਹ ਧਰਤੀ 'ਤੇ ਲੁੜ੍ਹਕ ਕੇ ਚੀਕਣ-ਚਿਲਾਉਣ ਲੱਗਾ ਜਿਵੇਂ ਤਰਲੇ ਲੈਂਦਾ ਰੋਂਦਾ ਹੋਇਆ ਕਹਿ ਰਿਹਾ ਹੋਵੇ, "ਬਹੁੜੀਂ ਓਏ ਮੇਰੇ ਮਾਲਕਾ! ਇਹ ਕੀ ਕੀਤਾ ਈ ਮੇਰੇ ਨਾਲ..."

ਪਰ ਜੋਗਿੰਦਰ ਨੂੰ ਕੁਝ ਨਹੀਂ ਸੁਣਿਆ। ਉਸਨੇ ਓਨੇ ਹੀ ਜ਼ੋਰ ਦੀ ਇਕ ਹੋਰ ਵਾਰ ਡਿੱਗੇ ਪਈ ਟੋਮੀ 'ਤੇ ਕੀਤਾ। ... ਤੇ ਫਿਰ ਇਕ ਹੋਰ...

ਕੁੱਤਾ ਚੀਕੀ ਗਿਆ, ਕਰਾਹੀ ਗਿਆ ਪਰ ਉਠਿਆ ਨਹੀਂ। ਉਸ ਨੂੰ ਕਿੰਨੀ ਕੁ ਸੱਟ ਲੱਗੀ ਹੈ? ਕੀ ਹੋਇਆ ਹੈ? ਇਸ ਦੀ ਚਿੰਤਾ ਕੀਤੇ ਬਗ਼ੈਰ ਹੀ ਬਾਹਰਲਾ ਗੇਟ ਖੋਲ੍ਹ ਕੇ ਉਹ ਬਾਹਰ ਆਇਆ। ਉਹ ਆਉਣ ਵਾਲਿਆਂ ਨੂੰ ਅਗਲਵਾਂਢੀ ਮਿਲਣ ਲਈ ਤਿਆਰ ਸੀ। ਹੁਣ ਤਾਂ ਉਸ ਕੋਲ ਕੁੱਤੇ ਬਾਰੇ ਕਹਿਣ ਜੋਗਾ ਕਾਫ਼ੀ ਕੁਝ ਸੀ। ਦਵਾਈ ਪਾਉਣ ਦਾ, ਹਸਪਤਾਲ ਜਾਣ ਦਾ ਸਾਰਾ ਵੇਰਵਾ ਮੌਜੂਦ ਸੀ।

ਬਾਹਰ ਆ ਕੇ ਹਨੇਰੇ ਵਿਚ ਉਸਨੇ ਅੱਖਾਂ ਵੇਲਾ ਕੇ ਵੇਖਿਆ। ਸੱਜੇ ਪਾਸੇ ਵਾਲੇ ਕਣਕ ਦੇ ਖੇਤ ਵਿਚ ਕੋਈ ਤੁਰ ਰਿਹਾ ਸੀ। ਧੜਕਦੇ ਦਿਲ ਨਾਲ, ਖ਼ੁਸ਼ਕ ਹੋਏ ਗਲੇ ਨਾਲ ਉਹ ਖੜੋਤਾ ਵੇਖਦਾ ਰਿਹਾ। ਪਰ ਨਾ ਹੀ ਕੋਈ ਬੋਲਿਆ ਤੇ ਨਾ ਹੀ ਹਵੇਲੀ ਵੱਲ ਆਇਆ।

"ਕਿਹੜੇ ਬਈ?"

ਮੂੰਹੋਂ ਕੋਈ ਆਵਾਜ਼ ਨਹੀਂ। ਉਂਜ ਹੀ ਪੈਰਾਂ ਦਾ ਖੜਾਕ, ਉਂਜ ਹੀ ਬੂਟਿਆਂ ਦੀ ਸਰਸਰਾਹਟ। ਹੌਸਲਾ ਕਰਕੇ ਉਹ ਅੱਗੇ ਵਧਿਆ ਤਾਂ ਕਣਕ ਵਿਚ ਕੋਈ ਬੰਦਾ ਨਹੀਂ ਸੀ, ਕੋਈ ਪਸ਼ੂ ਚਰ ਰਿਹਾ ਸੀ। ਉਸ ਨੇ ਅੱਗੇ ਹੋ ਕੇ ਵੇਖਿਆ ਉਹ ਦੋ ਚਾਚੇ ਕਰਮ

ਸਿੰਘ ਦੀ ਟੁੱਟੇ ਸਿੰਗ ਵਾਲੀ ਬੂਰੀ ਮੱਝ ਸੀ ਜੋ ਪਤਾ ਨਹੀਂ ਕਿਵੇਂ ਖੁੱਲ੍ਹ ਕੇ ਬਾਹਰ ਆ ਗਈ ਸੀ।

ਮੱਝ ਨੂੰ ਵੇਖ ਕੇ ਜੋਗਿੰਦਰ ਦੀ ਛਾਤੀ ਤੋਂ ਹਿਮਾਲਾ ਜਿੰਨਾ ਬੋਝ ਉਤਰ ਗਿਆ। ਹੌਲਾ ਫੁੱਲ ਹੁੰਦਿਆਂ ਉਸ ਘਰ ਆਵਾਜ਼ ਦਿੱਤੀ।

"ਚਾਚੇ ਕੀ ਮੱਝ ਆ..."

ਮੱਝ ਦਾ ਸੰਗਲ ਫੜ ਕੇ ਜੇਤੂ ਅੰਦਾਜ਼ ਵਿਚ ਉਹ ਚਾਚੇ ਦੀ ਹਵੇਲੀ ਵੱਲ ਤੁਰ ਪਿਆ। ਵਾਪਸ ਆਇਆ ਤਾਂ ਬਾਹਰਲਾ ਬਲਬ ਜਗਦਾ ਪਿਆ ਸੀ। 'ਚਊਂ ਚਊਂ' ਕਰਦੇ ਕੁੱਤੇ ਕੋਲ ਬੀਰੂ, ਖੜੋਤੀ ਹੋਈ ਸੀ ਤੇ ਹਰਬੰਸ ਕੌਰ ਉਹਦੇ ਮੂੰਹ ਵਿਚ ਪਾਣੀ ਪਾਉਣ ਦਾ ਯਤਨ ਕਰ ਰਹੀ ਸੀ।

"ਵੇ ਜਿਦਿਆ! ਕੁੱਤੇ ਦਾ ਤਾਂ ਵਿਚਾਰੇ ਦਾ ਲੱਕ ਟੁੱਟ ਗਿਆ ਜਾਪਦਾ!"

ਜੋਗਿੰਦਰ ਨੇ ਵੇਖਿਆ ਕੁੱਤੇ ਦੀ ਰੀੜ੍ਹ ਦੀ ਹੱਡੀ ਅੱਧ ਵਿਚਕਾਰੋਂ ਟੁੱਟ ਗਈ ਜਾਪਦੀ ਸੀ ਤੇ ਪਿਛਲਾ ਧੜ ਧਰਤੀ 'ਤੇ ਲੁੜਕ ਗਿਆ ਸੀ, ਕਦੀ ਕਦੀ ਟੌਮੀ ਅਗਲੀਆਂ ਲੱਤਾਂ ਦੇ ਆਸਰੇ ਹਿੱਲਣ ਦੀ ਕੋਸ਼ਿਸ਼ ਕਰਦਾ, ਪਰ ਫਿਰ ਲੁੜਕ ਜਾਂਦਾ।

ਜੋਗਿੰਦਰ ਦੇ ਅੰਦਰੋਂ ਅਜੇ ਗੁੱਸਾ ਸ਼ਾਇਦ ਖ਼ਤਮ ਨਹੀਂ ਸੀ ਹੋਇਆ। ਉਹ ਝਿੜਕ ਕੇ ਪਿਆ, "ਚੱਲੋ ਚੱਲੋ ਅੰਦਰ ਤੁਸੀਂ, ਕੁਝ ਨਹੀਂ ਹੋਇਆ ਇਹਨੂੰ... ਬੱਤੀ ਬੁਝਾਓ ਜਾ ਕੇ..."

ਹੱਥ ਵਿਚ ਫੜੀ ਹੀਅ ਵਿਹੜੇ ਵਿਚ ਸੁੱਟ ਕੇ ਉਹ ਮੰਜੇ ਤੇ ਜਾ ਡਿੱਗਾ। ਬੀਰੂ ਤੇ ਹਰਬੰਸ ਕੌਰ ਵੀ ਉਹਦੇ ਬੋਲਾਂ ਦੀ ਸਖ਼ਤੀ ਤੋਂ ਘਬਰਾ ਕੇ ਜਾ ਲੇਟੀਆਂ।

ਹੁਣ ਕੋਈ ਨਹੀਂ ਸੀ ਬੋਲ ਰਿਹਾ। ਟੌਮੀ ਵੀ ਨਹੀਂ ਸੀ ਭੌਂਕ ਰਿਹਾ। ਪਰ ਜੋਗਿੰਦਰ ਦੇ ਮਨ ਵਿਚ ਸ਼ੋਰ ਹੀ ਸ਼ੋਰ ਸੀ। ਉਹਦੀਆਂ ਅੱਖਾਂ ਅੱਗੇ ਧੜ ਟੁੱਟਾ ਟੌਮੀ ਅਗਲੀਆਂ ਲੱਤਾਂ ਦੇ ਸਹਾਰੇ ਪਿਛਲੇ ਧੜ ਨੂੰ ਧੂਹਣ ਦੀ ਅਸਫਲ ਕੋਸ਼ਿਸ਼ ਕਰਦਾ ਦਿਸ ਰਿਹਾ ਸੀ। ਫਿਰ ਉਸ ਨੂੰ ਮਹਿਸੂਸ ਹੋਇਆ ਰੂੰ ਦਾ ਗੋਹੜਾ ਜਿਹਾ ਨਿੱਕਾ ਟੌਮੀ ਉਹਦੀ ਪੈਂਦ ਵੱਲ ਰਜਾਈ ਵਿਚ ਦੁਬਕ ਕੇ ਬੈਠਾ ਹੈ ਤੇ ਹੌਲੀ-ਹੌਲੀ ਸਰਕਦਾ ਉਹਦੇ ਪੈਰਾਂ ਕੋਲ ਆ ਕੇ ਸਿੱਲ੍ਹੀ ਬੂਥਣੀ ਨਾਲ ਛੂਹ ਕੇ ਉਹਦੇ ਜਿਸਮ ਵਿਚ ਝਰਨਾਹਟ ਛੇੜ ਰਿਹਾ ਹੈ। ਦੂਜੇ ਪਲ ਉਹਦੀ ਰਜਾਈ ਖਿੱਚ ਕੇ 'ਚਊਂ ਚਊਂ' ਕਰਦਾ ਉਹਨੂੰ ਸੁੱਤੇ ਨੂੰ ਉਠਾ ਰਿਹਾ ਸੀ ਤੇ ਬਾਹਰ ਜਾ ਕੇ ਕੰਮ-ਧੰਦੇ ਲੱਗਣ ਦੀ ਪ੍ਰੇਰਨਾ ਦੇ ਰਿਹਾ ਸੀ। ਤੇ ਫੇਰ ਬੱਬਰ ਸ਼ੇਰ ਵਾਂਗ ਵਰਦੀਧਾਰੀ ਸਿਪਾਹੀ ਦੀ ਹਿੱਕ ਉੱਤੇ ਝਪਟਦਾ ਆਪਣਾ ਛੋਟਾ ਭਰਾ ਲੱਗ ਰਿਹਾ ਸੀ।

ਕੁੱਤੇ ਨੇ ਤੇਜ਼-ਤੇਜ਼ ਚੀਕਣਾ ਅਤੇ ਕਰਾਹੁਣਾ ਬੰਦ ਕਰ ਦਿੱਤਾ ਸੀ। ਹੁਣ ਕਦੀ-ਕਦੀ ਉਹ ਲੰਮੀ ਸਾਰੀ 'ਹੂੰਅ' ਦੀ ਆਵਾਜ਼ ਕਰਦਾ ਤੇ ਚੁੱਪ ਕਰ ਜਾਂਦਾ। ਜਿਵੇਂ ਕਹਿ ਰਿਹਾ ਹੋਵੇ, "ਹਾਇ ਮਾਂ...!"

ਜੋਗਿੰਦਰ ਤੋਂ ਰਿਹਾ ਨਾ ਗਿਆ। ਉਹ ਪੈਰੀਂ ਜੁੱਤੀ ਅੜਾ ਕੇ ਭਾਵੁਕ ਹੋਇਆ ਉਠ ਕੇ ਬਾਹਰ ਨੂੰ ਤੁਰਿਆ ਤਾਂ ਬੀਰੂ ਨੇ ਆਵਾਜ਼ ਦਿੱਤੀ, "ਕਿੱਧਰ ਚੱਲੇ ਓ?"

ਉਹ ਬਿਨਾਂ ਕੋਈ ਜੁਆਬ ਦਿੱਤਿਆਂ ਬਾਹਰਲੀ ਬੱਤੀ ਜਗਾ ਕੇ ਟੌਮੀ ਕੋਲ



ਗਿਆ। ਟੌਮੀ ਨੇ ਮਾੜਾ ਜਿਹਾ ਸਿਰ ਚੁੱਕਿਆ ਤੇ ਜੋਗਿੰਦਰ ਵੱਲ ਵੇਖ ਕੇ ਅੱਖਾਂ ਮੀਟ ਲਈਆਂ ਤੇ ਕੰਨ ਢਿੱਲੇ ਛੱਡ ਦਿੱਤੇ, ਬਿਲਕੁਲ ਉਂਜ ਹੀ ਜਦੋਂ ਉਹ ਅੰਤਾਂ ਦੇ ਪਿਆਰ ਵਿਚ ਸਰਸ਼ਾਰ ਹੋਇਆ, ਮਾਲਕ ਪ੍ਰਤੀ ਸ਼ੁਕਰਾਨੇ ਦੇ ਅਹਿਸਾਸ ਨਾਲ ਭਰਿਆ ਜਾਪਦਾ ਹੁੰਦਾ ਸੀ। ਜੋਗਿੰਦਰ ਨੇ ਉਹਦੇ ਸਿਰ, ਮੂੰਹ ਅਤੇ ਕੰਨਾਂ ਉੱਪਰ ਮੁਹੱਬਤ ਦੇ ਅਹਿਸਾਸ ਵਿਚ ਭਿੱਜ ਕੇ ਹੱਥ ਫੇਰੇ। ਮੂੰਹ 'ਤੇ ਹੱਥ ਫੇਰਦਿਆਂ ਉਹਦਾ ਹੱਥ ਲਹੂ ਨਾਲ ਲਿੱਬੜ ਗਿਆ। ਸੱਟ ਸ਼ਾਇਦ ਸਿਰ ਵਿਚ ਵੀ ਲੱਗੀ ਸੀ।

"ਟੌਮੀ! ਸ਼ੇਰ ਬੱਚਿਆ!! ਕੈਮ ਹੈ!"

ਪਰ ਟੌਮੀ ਨੇ ਧੌਣ ਧਰਤੀ 'ਤੇ ਟਿਕਾਈ ਹੋਈ ਸੀ ਤੇ ਮਾਸੂਮ, ਭੋਲੀਆਂ-ਭਾਲੀਆਂ ਤਰਸ ਮੰਗਦੀਆਂ ਅੱਖਾਂ ਨਾਲ ਜੋਗਿੰਦਰ ਵੱਲ ਵੇਖੀ ਜਾ ਰਿਹਾ ਸੀ, ਜਿਵੇਂ ਕਹਿਣਾ ਚਾਹੁੰਦਾ ਸੀ, "ਮੈਂ ਹੁਣ ਠੀਕ-ਠਾਕ ਹਾਂ....ਤੁਸੀਂ ਜਾ ਕੇ ਆਰਾਮ ਕਰੋ..."

ਜੋਗਿੰਦਰ ਨੇ ਉਹਦੇ ਗਲ ਵਿਚ ਪਈ ਸੰਗਲੀ ਖੋਲ੍ਹੀ, ਜਿਸ ਨਾਲ ਪੁੱਟੀ ਹੋਈ ਕਿੱਲੀ ਬੱਝੀ ਹੋਈ ਸੀ। ਦੋ ਬੋਰੀਆਂ ਚੁੱਕ ਕੇ ਪਾਲੇ ਤੋਂ ਬਚਾਅ ਕਰਨ ਲਈ ਟੌਮੀ ਉੱਤੇ ਪਾਈਆਂ ਅਤੇ ਆਸਿਓਂ-ਪਾਸਿਓਂ ਇਸ ਤਰ੍ਹਾਂ ਠੀਕ ਕੀਤਿਆਂ ਕਿ ਠੰਢ ਅੰਦਰ ਨਾ ਜਾ ਸਕੇ। ਤੇ ਫਿਰ ਉਸ ਦੇ ਸਿਰ 'ਤੇ ਹੱਥ ਫੇਰ ਕੇ ਇਹ ਕਹਿੰਦਾ ਹੋਇਆ, "ਤਕੜਾ ਹੋ ਦਿਲ ਨਾ ਛੱਡ" ਅੰਦਰ ਨੂੰ ਤੁਰ ਪਿਆ। ਜਾਂਦੇ ਹੋਏ ਉਹਨੇ ਬਾਹਰਲੀ ਬੱਤੀ ਬੁਝਾਉਣ ਲਈ ਹੱਥ ਵਧਾਇਆ। ਸਵਿੱਚ ਨੂੰ ਹੱਥ ਲਾਇਆ ਤੇ ਫਿਰ ਸਵਿੱਚ ਨੂੰ ਉੱਪਰ ਕਰਨ ਤੋਂ ਪਹਿਲਾਂ ਹੀ ਹੱਥ ਪਿੱਛੇ ਖਿੱਚ ਲਿਆ ਤੇ ਬੱਤੀ ਉਂਜ ਹੀ ਜਗਦੀ ਛੱਡ ਕੇ ਅੰਦਰ ਚਲੇ ਗਿਆ।

ਟੌਮੀ ਪ੍ਰਤੀ ਮੋਹ, ਗ਼ਮ ਅਤੇ ਪਛਤਾਵੇ ਦੇ ਅਹਿਸਾਸ ਨਾਲ ਭਰਿਆ ਉਹ ਮੰਜੀ 'ਤੇ ਜਾ ਕੇ ਲੇਟ ਗਿਆ ਤੇ ਛਾਤੀ ਤਕ ਰਜਾਈ ਖਿੱਚ ਲਈ। ਬੜੀ ਦੇਰ ਤਕ ਉਹ ਸੋਚਦਾ ਰਿਹਾ। ਬੜੀ ਦੇਰ ਤਕ ਉਹ ਜਾਗਦਾ ਰਿਹਾ। ਤੇ ਫਿਰ ਪਤਾ ਨਹੀਂ ਕਦੋਂ ਨੀਂਦ ਨੇ ਉਸ ਨੂੰ ਆ ਘੇਰਿਆ। ਜਦੋਂ ਉਸ ਨੂੰ ਜਾਗ ਆਈ, ਵਿਹੜੇ ਵਿਚਲੀ ਨਿੰਮ 'ਤੇ ਬੈਠੀਆਂ ਚਿੜੀਆਂ 'ਚੂੰ-ਚੂੰ' ਕਰ ਰਹੀਆਂ ਸਨ। ਪਰ ਅੱਜ ਉਹਦੀ ਪੈਂਦ ਵੱਲੋਂ ਸਦਾ ਵਾਂਗ ਟੌਮੀ ਦੀ 'ਚਊਂ-ਚਊਂ' ਦੀ ਉਤਸੁਕਤਾ ਭਰੀ ਤੇ ਚੇਤਾਵਨੀ ਦਿੰਦੀ ਆਵਾਜ਼ ਨਹੀਂ ਸੀ ਆਈ।

ਹਰਬੰਸ ਕੌਰ ਨਲਕੇ ਤੋਂ ਚੂਲੀ ਕਰਕੇ ਵਾਪਸ ਆਉਂਦੀ ਜੋਗਿੰਦਰ ਦੇ ਮੰਜੇ ਕੋਲ ਹੋ ਕੇ ਬੋਲੀ, "ਜੋਗਿੰਦਰਾ! ਲੱਗਦਾ ਟੌਮੀ ਤਾਂ ਆਪਣਾ ਵਿਚਾਰਾ ਰੱਬ ਨੂੰ ਪਿਆਰਾ ਹੋ ਗਿਆ...."

ਸੁਣਦਿਆਂ ਸਾਰ ਜੋਗਿੰਦਰ ਨੇ ਰਜਾਈ ਵਗਾਹ ਕੇ ਮਾਰੀ ਤੇ ਨੰਗੇ ਪੈਰੀਂ ਦੌੜਦਾ ਹੋਇਆ ਬਾਹਰ ਆ ਕੇ ਟੌਮੀ ਦੇ ਸਿਰਹਾਣੇ ਬੈਠ ਗਿਆ। ਬਘਿਆੜ ਵਰਗੀ ਟੌਮੀ ਦੀ ਭਾਰੀ ਦੇਹ ਧਰਤੀ 'ਤੇ ਵਿਛੀ ਪਈ ਸੀ। ਉਹਦੀ ਧੌਣ ਟੇਢੀ ਹੋਈ ਪਈ ਸੀ। ਗੂੜ੍ਹਾ ਲਾਲ ਲਹੂ ਮੂੰਹ ਵਿਚੋਂ ਚੋਅ ਕੇ ਧਰਤੀ 'ਤੇ ਫੈਲਿਆ ਹੋਇਆ ਸੀ ਅਤੇ ਇਹਦੀ ਇਕ ਪਾਸਿਓਂ ਦਿਸਦੀ ਖੁੱਲ੍ਹੀ ਹੋਈ ਅੱਖ ਅਜੇ ਵੀ ਕਹਿੰਦੀ ਜਾਪਦੀ ਸੀ, "ਮੈਂ ਹੁਣ ਠੀਕ-ਠਾਕ ਹਾਂ... ਤੁਸੀਂ ਜਾ ਕੇ ਆਰਾਮ ਕਰੋ।"

ਜੋਗਿੰਦਰ ਪੂਰੇ ਜ਼ਬਤ ਵਿਚ ਸੀ। ਸਦਾ ਵਾਂਗ ਉਹਨੇ ਟੌਮੀ ਦੇ ਸਿਰ 'ਤੇ ਹੱਥ ਫੇਰਿਆ।

"ਇਹ ਤਾਂ ਔਤਰਾ ਸਾਡੇ ਤੋਂ ਪੁੱਤਾਂ ਵਰਗਾ ਮੋਹ ਲੈਂਦਾ ਰਿਹਾ। ... ਕੁੱਤਾ ਕਾਹਦਾ ਸੀ... ਬੰਦਾ ਸੀ... ਸਾਡੇ ਘਰ ਦਾ ਇਕ ਜੀਅ..."

ਹਰਬੰਸ ਕੌਰ ਨੇ ਭਰੇ ਮਨ ਨਾਲ ਆਖਿਆ ਤਾਂ ਜੋਗਿੰਦਰ ਦੇ ਸਾਰੇ ਜਿਸਮ ਵਿਚ ਅਜੀਬ ਥਰਥਰਾਹਟ ਹੋਈ। ਉਹਦੇ ਅੰਦਰ ਗਿੜਗਿੜਾ ਕੇ ਕੋਈ ਪਹਾੜ ਡਿੱਗ ਪਿਆ ਤੇ ਫਿਰ ਠਾਠਾਂ ਮਾਰਦੇ ਤੇਜ਼ ਵਹਿਣ ਵਿਚ ਰੁੜ੍ਹਨ ਲੱਗਾ।

"ਉੱਠ ਪੁੱਤ। ਤੇ ਟੋਇਆ ਕੱਢ ਕੇ ਨੱਪ ਦੇ ਹਵੇਲੀ ਦੀ ਕਿਸੇ ਨੁੱਕਰੇ ਵਿਚਾਰੇ ਬੇਜ਼ਬਾਨ ਨੂੰ..."

"ਉੱਠ ਟੌਮੀ! ਕੰਜਰਾ ਵੇਖ ਕਿੰਨਾ ਦਿਨ ਚੜ੍ਹ ਆਇਆ... ਉੱਠ ਬਾਹਰ ਚੱਲੀਏ... ਮੈਨੂੰ ਉਠਾਉਣ ਦੀ ਥਾਂ ਆਪ ਈ ਸੁੱਤਾ ਪਿਐਂ..."

ਜੋਗਿੰਦਰ ਨੇ ਆਖਿਆ ਤੇ ਫਿਰ ਗੋਡਿਆਂ 'ਤੇ ਹੱਥ ਰੱਖ ਕੇ ਸਿੱਧਾ ਖੜ੍ਹਾ ਹੋਇਆ ਤਾਂ ਉਹਦੀਆਂ ਅੱਖਾਂ ਵਿਚੋਂ ਪਰਲ-ਪਰਲ ਅੱਥਰੂ ਕਿਰ ਰਹੇ ਸਨ ਤੇ ਉਹਦੀਆਂ ਭਾਰੀ ਮੁੱਛਾਂ ਵਿਚ ਮੋਤੀਆਂ ਵਾਂਗ ਅਟਕ ਰਹੇ ਸਨ। "ਇਸ ਨਾਲੋਂ ਤਾਂ ਭਾਵੇਂ ਉਹ ਮੈਨੂੰ ਮਾਰ ਦੇਂਦੇ ਤਾਂ ਚੰਗਾ ਸੀ।" ਉਹਨੇ ਧਾਹ ਮਾਰਨ ਵਾਂਗ ਆਖਿਆ।

ਸਾਰੇ ਟੱਬਰ ਨੇ ਦਹੀਂ ਨਾਲ ਨਹਾ ਕੇ, ਚਿੱਟੇ ਖੱਦਰ ਦੇ ਰੇਜੇ ਵਿਚ ਲਪੇਟ ਕੇ ਹਵੇਲੀ ਦੀ ਇਕ ਨੁੱਕਰੇ ਡੂੰਘਾ ਟੋਆ ਪੁੱਟ ਕੇ ਉਸ ਵਿਚ ਟੌਮੀ ਨੂੰ ਦਫ਼ਨਾ ਦਿੱਤਾ ਅਤੇ ਉਹਦੀ ਕਬਰ 'ਤੇ ਮਿੱਟੀ ਦੀ ਇਕ ਉੱਚੀ ਢੇਰੀ ਲਾ ਦਿੱਤੀ।

"ਇਸ ਥਾਂ 'ਤੇ ਆਪਾਂ ਟੌਮੀ ਦੀ ਯਾਦ ਵਿਚ ਰੁੱਖ ਲਾਵਾਂਗੇ..." ਜੋਗਿੰਦਰ ਆਖਦਾ।

ਟੌਮੀ ਮਰੇ ਦੀ ਖ਼ਬਰ ਆਸੇ-ਪਾਸੇ ਦੀਆਂ ਬਹਿਕਾਂ ਵਿਚ ਪਹੁੰਚ ਗਈ ਸੀ। ਲੋਕ ਅਫ਼ਸੋਸ ਵੀ ਕਰ ਗਏ ਸਨ ਤੇ ਤਸੱਲੀ ਵੀ ਪ੍ਰਗਟਾ ਗਏ ਸਨ ਕਿ ਚਲੋ ਚੰਗਾ ਈ ਹੋਇਆ...ਕਿਤੇ...

ਜੋਗਿੰਦਰ ਹਰ ਵੇਲੇ ਗੁਨਾਹ ਦੇ ਅਹਿਸਾਸ ਨਾਲ ਭਰਿਆ ਉਦਾਸ-ਉਦਾਸ ਫਿਰਦਾ ਰਹਿੰਦਾ। ਜਦੋਂ ਵੀ ਹਵੇਲੀ ਦੀ ਨੁੱਕਰੇ ਵੇਖਦਾ ਮਿੱਟੀ ਦੀ ਉੱਚੀ ਢੇਰੀ ਉਸ ਨੂੰ ਜਿਸਮ 'ਤੇ ਉੱਗੇ ਉਸ ਫੋੜੇ ਵਾਂਗ ਜਾਪਦੀ ਜੋ ਭਰ ਕੇ ਫਿੱਸ ਗਿਆ ਸੀ ਤੇ ਜਿਸ ਵਿਚੋਂ ਅਜੀਬ ਕਿਸਮ ਦੀ ਹੁਮਕ ਆ ਰਹੀ ਸੀ। ਤੇ ਇਹ ਹੁਮਕ ਕਦੀ-ਕਦੀ ਤੇਜ਼ ਤਿੱਖੀ ਬੂ ਵਿਚ ਵਟ ਜਾਂਦੀ ਸੀ, ਜਿਸ ਤੋਂ ਬਚਣ ਲਈ ਕਈ ਵਾਰ ਉਹ ਨੱਕ ਅੱਗੇ ਕੱਪੜਾ ਵੀ ਲੈ ਲੈਂਦਾ। ਪਰ ਬੂਅ ਸੀ ਕਿ ਫਿਰ ਵੀ ਆਈ ਜਾਂਦੀ ਸੀ। ਇਹ ਬੂਅ ਰਿਸਦੇ ਜ਼ਖਮ ਦੀ ਸੀ ਜਾਂ ਸੜੇ ਮਰੇ ਮਨੁੱਖੀ ਮਾਸ ਦੀ ਜਾਂ ਕੁੱਤੇ ਦੀ ਲਾਸ਼ ਦੀ। ਉਸਨੂੰ ਪਤਾ ਨਾ ਲੱਗਦਾ। ਪਰ ਤੇਜ਼ ਖ਼ਿਆਲ ਦੇ ਬੁੱਲੇ ਨਾਲ ਬੂ ਆਉਂਦੀ ਤੇ ਉਸ ਦੇ ਸਿਰ ਨੂੰ ਚੜ੍ਹ ਜਾਂਦੀ।

"ਲੈ ਕਿੱਥੇ ?... ਸਾਨੂੰ ਤੇ ਕੋਈ ਬੋਅ ਨਹੀਂ ਆਉਂਦੀ...ਤੈਨੂੰ ਵੱਖਰੇ ਕੀ ਹੋ ਗਿਆ ?" ਬੀਰੋ ਲੰਮਾ ਸਾਹ ਨੱਕ ਰਾਹੀਂ ਖਿੱਚ ਕੇ ਆਖਦੀ ਤੇ ਉਹਦੀ ਭੋਲ-ਵਲੱਲੀ 'ਤੇ ਹੱਸ ਛੱਡਦੀ। ਘਰ ਦੇ ਹੋਰ ਜੀਆਂ ਨੇ ਵੀ ਉਸ ਹੁਮਕ ਨੂੰ ਸੁੰਘਣ ਤੇ ਮਹਿਸੂਸਣ ਦਾ



ਯਤਨ ਕੀਤਾ। ਉਹ ਉਸ ਨੂੰ ਸਮਝਾਉਂਦੇ ਵੀ ਕਿ ਬੂਅ ਤਾਂ ਕਿਧਰੇ ਵੀ ਨਹੀਂ। ਪਰ ਜੋਗਿੰਦਰ ਨੂੰ ਦਿਹਾੜੀ 'ਚ ਕਈ ਵਾਰ ਇਸ ਤਰ੍ਹਾਂ ਮਹਿਸੂਸ ਹੁੰਦਾ ਜਿਵੇਂ ਉਹ ਹੁਮਕ ਹਵਾ ਵਿਚ ਰਚ ਗਈ ਸੀ। ਕਦੀ ਉਹ ਉਸ ਨੂੰ ਮਰੇ ਹੋਏ ਬੰਦੇ ਦੇ ਸੜੇ ਮਾਸ ਦੀ ਬੂਅ ਵਰਗੀ ਲੱਗਦੀ ਤੇ ਕਦੀ ਰਿਸਦੇ ਪੁਰਾਣੇ ਜ਼ਖ਼ਮ ਵਰਗੀ। ਤੇ ਫਿਰ ਆਪ ਹੀ ਹੌਲੀ-ਹੌਲੀ ਉਸ ਨੂੰ ਸਾਫ਼ ਅਤੇ ਸੌਖਾ ਸਾਹ ਆਉਣ ਲੱਗ ਪੈਂਦਾ।

ਉਹ ਆਪ ਹੈਰਾਨ ਸੀ। ਘਰ ਦੇ ਸਾਰੇ ਜੀਅ ਹੈਰਾਨ ਸਨ। ਬੋਅ ਤਾਂ ਕਿਧਰੇ ਵੀ ਨਹੀਂ ਸੀ। ਬਾਹਰ ਲਹਿਰਾਉਂਦੀਆਂ ਹਰੀਆਂ ਕਚੂਰ ਫ਼ਸਲਾਂ ਸਨ। ਹਾਰੇ ਵਿਚ ਪਾਥੀਆਂ ਦੇ ਮੱਠੇ ਸੇਕ 'ਤੇ ਕੜ੍ਹਦੇ ਦੁੱਧ ਦੀ ਕੇਸਰੀ ਸੁਗੰਧ ਸੀ। ਜੱਟ ਦੀਆਂ ਨਾਸਾਂ 'ਚ ਜਲੂਣ ਛੇੜਨ ਵਾਲੀ ਡੰਗਰਾਂ ਦੇ ਪਿੱਛਿਆਂ 'ਚੋਂ ਉੱਠਦੀ ਭਾਫ਼ ਦੀ ਆਪਣੀ ਤਰ੍ਹਾਂ ਦੀ ਲੁਭਾਉਣੀ ਗੰਧ ਸੀ। ਪਰ ਕਦੀ-ਕਦੀ ਹਵਾ ਦਾ ਅਜਿਹਾ ਬੁੱਲਾ ਆਉਂਦਾ ਤੇ ਜੋਗਿੰਦਰ ਆਪਣੇ ਨੱਕ ਅੱਗੇ ਕੱਪੜਾ ਲੈਣ 'ਤੇ ਮਜਬੂਰ ਹੋ ਜਾਂਦਾ। ਘਰ ਦੇ ਉਸ ਨੂੰ ਬਥੇਰਾ ਸਮਝਾਉਂਦੇ ਕਿ ਇਹ ਨਿਪਟ ਉਸ ਦਾ ਵਹਿਮ ਸੀ। ਹੋਰ ਕਝ ਵੀ ਨਹੀਂ ਸੀ। ਬੀਰੋ ਨੇ ਟੌਮੀ ਦੀ ਕਬਰ 'ਤੇ ਵੀ ਪੋਚਾ ਫੇਰ ਕੇ ਉਸ ਨੂੰ ਚੌਕੇ ਵਾਂਗ ਸਾਫ਼ ਕਰ ਦਿੱਤਾ ਸੀ। ਪਰ ਸੋਚਦੇ-ਸੋਚਦੇ, ਡੂੰਘਾ ਲੱਥੇ ਜੋਗਿੰਦਰ ਨੂੰ ਸੜੇ ਮਰੇ ਮਾਸ ਦਾ ਮੁਸ਼ਕ ਆ ਘੇਰਦਾ।

ਟੌਮੀ ਮਰੇ ਨੂੰ ਪੰਜ ਦਿਨ ਹੋ ਗਏ ਸਨ। ਜੋਗਿੰਦਰ ਵਿਹੜੇ ਵਿਚ ਮੰਜੀ 'ਤੇ ਬੈਠਾ ਸਣ ਕੱਢ ਰਿਹਾ ਸੀ।

"ਜਿੰਦਾ ਸਿਆਂ! ਆਹ ਤੇਰੇ ਪ੍ਰਾਹੁਣੇ ਆਏ ਈ ਭਾਈ," ਸਾਧਾ ਸੀਤਲ ਅੰਦਰ ਆਉਂਦਾ ਬੋਲਿਆ, "ਤੇਰੀ ਬਹਿਕ ਲੱਭਦੇ ਫਿਰਦੇ ਸਨ। ਮੈਂ ਵੇਖ ਲਿਆ। ਮੈਂ ਆਖਿਆ ਜਾਪਦੇ ਤਾਂ ਆਪਣੇ ਡਾਕਟਰ ਈ ਨੇ....। ਮੈਂ ਦੱਸ ਦਿੱਤਾ ਇਹਨਾਂ ਨੂੰ ਪਈ ਤੁਹਾਡਾ ਕੰਮ ਤਾਂ ਜਿੰਦਾ ਸੁੰਹ ਨੇ ਆਪ ਹੀ ਕਰ ਦਿੱਤਾ। ਅਖੇ; ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ...." ਸਾਧਾ ਸੀਤਲ ਹੱਸਿਆ ਤੇ ਕੰਧ ਨਾਲ ਲੱਗੀ ਮੰਜੀ ਡਾਹ ਕੇ ਕੁੱਤਾ ਮਾਰਨ ਲਈ ਆਏ ਹਸਪਤਾਲ ਦੇ ਕਰਮਚਾਰੀਆਂ ਨੂੰ ਬੈਠਣ ਲਈ ਆਖਿਆ।

ਜੋਗਿੰਦਰ ਨੇ ਆਉਣ ਵਾਲਿਆਂ ਨੂੰ ਸਣ ਵਾਲਾ ਹੱਥ ਉੱਪਰ ਚੁੱਕ ਕੇ ਫ਼ਤਹਿ ਆਖੀ ਤੇ ਫਿਰ ਬੀਰੋ ਨੂੰ ਚਾਹ ਬਣਾਉਣ ਲਈ ਆਵਾਜ਼ ਦਿੱਤੀ। ਸਾਧੇ ਨੇ ਟੌਮੀ ਦੇ ਮਰਨ ਵਾਲੀ ਸਾਰੀ ਕਹਾਣੀ ਇਕ ਵਾਰ ਫੇਰ ਸੁਣਾ ਦਿੱਤੀ।

"ਅਸੀਂ ਤਾਂ ਵੇਖ ਲਓ ਆ ਗਏ ਆਂ। ...ਲੇਟ ਜ਼ਰੂਰ ਹੋ ਗਏ ਆਂ, ਪਰ ਅਲਟੀਮੇਟਮ 'ਚ ਅਜੇ ਇਕ ਦਿਨ ਰਹਿੰਦਾ..." ਦਿਲਬਾਗ ਨੇ ਹੱਸਦਿਆਂ ਆਖਿਆ ਤੇ ਫਿਰ ਸਫ਼ਾਈ ਦੇਣ ਲੱਗਾ, "ਓਦਣ ਤਾਂ ਮੁੱਖੇ ਨੇ ਈ ਪੰਗਾ ਪਾ ਲਿਆ। ਆਉਣਾ ਫਿਰ ਕੀ ਸੀ ?"

ਜੋਗਿੰਦਰ ਅਤੇ ਸਾਧੇ ਨੇ ਉਤਸੁਕਤਾ ਨਾਲ ਵੇਖਿਆ। ਭਾਵੇਂ ਕੁਝ ਗੱਲ ਤਾਂ ਉਸ ਦਿਨ ਉਹਨਾਂ ਦੇ ਸਾਹਮਣੇ ਈ ਹੋਈ ਸੀ, ਪਰ ਹੋਰ ਜਾਨਣ ਲਈ ਸਾਧੇ ਨੇ ਸੁਆਲ ਕੀਤਾ, "ਕੀ ਗੱਲ ਹੋ ਗਈ ?"

"ਹੋਣਾ ਕੀ ਸੀ ?... ਉਹ ਤਾਂ ਵਿਗੜ ਗਿਆ ਅਸਲੋਂ ਈ। ...ਪਾਗਲ ਆਦਮੀ...

ਅਸੀਂ ਵੀ ਉਸਨੂੰ ਲਿਜਾਣ ਦੀ ਜਿਦ ਕਰਦੇ ਸਾਂ। ਡਾਕਟਰ ਵੀ ਅੜ ਗਿਆ। ਪਰ ਉਹ ਧਰੀ ਜਿੱਡਾ ਸਿਰ ਹਿਲਾਈ ਜਾਵੇ ਤੇ ਆਖੀ ਜਾਵੇ, "ਸੱਚੇ ਗੁਰੂ ਮਹਾਰਾਜ ਦਾ ਸਿੱਖ ਹੋ ਕੇ ਮੈਂ ਨਹੀਂ ਬਦੇਸ਼ਿਆਂ? ਬੇਜ਼ਬਾਨਾਂ ਨੂੰ ਮਾਰਨਾ.." ਡਾਕਟਰ ਨੇ ਆਖਿਆ, "ਤੈਨੂੰ ਪਤਾ ਸਰਕਾਰੀ ਡਿਊਟੀ ਤੋਂ ਨਾਂਹ ਕਰਨ ਦਾ ਕੀ ਮਤਲਬ ਐ।" ਕਹਿਣ ਲੱਗਾ, "ਮੈਂ ਨਹੀਂ ਮੰਨਦਾ ਇਹੋ ਜਿਹੀ ਝੂਠੀ ਸਰਕਾਰ ਦਾ ਹੁਕਮ...। ਹੁਕਮ ਮੰਨੂੰ ਤਾਂ ਸੱਚੀ ਸਰਕਾਰ ਦਾ... ਸੱਚੇ ਗੁਰੂ ਮਹਾਰਾਜ ਦਾ... ਜਾਓ ਲਾ ਲੋ ਜ਼ੋਰ ਵਜਾ ਲੋ ਢੋਲ..." ਤੇ ਉਹ ਜੀ ਬਾਹਵਾਂ ਵਿਚ ਪਏ ਕੜੇ ਖੜਕਾਉਂਦਾ ਭੂੰ-ਭੂੰ ਕਰਦਾ ਬਾਹਰ ਨਿਕਲ ਗਿਆ ਤੇ ਅੱਧੇ ਘੰਟੇ ਬਾਅਦ ਐਡੇ ਲੰਮੇ ਕਾਗਜ਼ 'ਤੇ ਅਸਤੀਫਾ ਨਾ ਲਿਖਵਾ ਲਿਆਇਆ!... ਮੂਰਖ ਆਦਮੀ... ਪਾਗਲ ਕਿਸੇ ਥਾਂ ਦਾ... ਅਖੇ ਨੌਕਰੀ ਛੱਡ ਦਊਂ.. ਪਰ..." ਦਿਲਬਾਗ ਇੱਕੋ ਸਾਹ ਬੋਲੀ ਗਿਆ।

ਜੋਗਿੰਦਰ ਦੀਆਂ ਅੱਖਾਂ ਵਿਚ ਪਲ ਭਰੀ ਲਈ ਚਮਕ ਆਈ।

"ਹਲਾ ਜੀ"

ਜੋਗਿੰਦਰ ਨੇ ਛਾਤੀ ਫੁਲਾ ਕੇ ਆਖਿਆ। ਉਹਨੂੰ ਲੱਗਾ ਤਾਜ਼ਾ ਤੇ ਸਾਫ ਹਵਾ ਦਾ ਇਕ ਬੁੱਲਾ ਆਇਆ ਸੀ। ਹਵਾ ਵਿਚਲੀ ਬੂਅ ਦੀ ਥਾਂ ਇਕ ਛਿਣ ਲਈ ਆਈ ਮਹਿਕ ਨੂੰ ਉਹਨੇ ਫੇਫੜਿਆਂ ਵਿਚ ਭਰ ਲੈਣਾ ਚਾਹਿਆ।

ਹਰਬੰਸ ਕੌਰ ਗਲਾਸੀਆਂ 'ਚ ਚਾਹ ਪਾ ਕੇ ਲਿਆਈ ਅਤੇ ਸਾਰਿਆਂ ਨੂੰ ਗਲਾਸੀਆਂ ਫੜਾਉਂਦੀ ਸਾਧੇ ਵੱਲ ਵੇਖਦੀ ਹੋਈ ਕਰਮਚਾਰੀਆਂ ਨੂੰ ਕਹਿਣ ਲੱਗੀ, "ਲੈ ਸਾਧਾ ਸਿਆਂ! ਤੂੰ ਚੁੱਪ ਰਹੀਂ!... ਕੁਛ ਨਾ ਬੋਲੀਂ ... ਹੱਛਾ ਵੀਰੋ! ਤੁਸੀਂ ਦੱਸੋ ਜ਼ਰਾ...ਐਥੇ ਕਿਸੇ ਤਰ੍ਹਾਂ ਦੀ ਸੜੇ ਜਾਂ ਮਰੇ ਮਾਸ ਦੀ ਬੂ ਜਾਂ ਮੁਸ਼ਕ ਆਉਂਦੀ ਤੁਹਾਨੂੰ? .. ਸਾਡੇ ਜਵਾਨ ਨੂੰ ਤਾਂ..." ਉਹਨੇ ਜੋਗਿੰਦਰ ਵੱਲ ਮੁਸਕਰਾ ਕੇ ਵੇਖਿਆ ਤੇ ਗੱਲ ਅਧੂਰੀ ਛੱਡ ਦਿੱਤੀ।

"ਓ ਜਾਹ ਬੁੱਢੜੀਏ!... ਐਵੇਂ ਕਮਲ ਨਾ ਮਾਰ..." ਜੋਗਿੰਦਰ ਨੇ ਉਸ ਨੂੰ ਹਟਕਿਆ, "ਕੁਛ ਨਹੀਂ ਹੋਇਆ ਮੈਨੂੰ...ਮੈਂ ਹੁਣ ਠੀਕ ਠਾਕ ਹਾਂ..."

"ਨਹੀਂ ਤੂੰ ਖਲੋ ਹੁਣ... ਇਹ ਭਾਊ ਆਪੇ ਸੱਚੋ-ਸੱਚ ਨਤਾਰਾ ਕਰਕੇ ਫ਼ੈਸਲਾ ਦੇਣਗੇ... ਸਾਡੀ ਤਾਂ ਤੂੰ ਮੰਨਦਾ ਨਹੀਂ..."

ਕਰਮਚਾਰੀ ਥੋੜ੍ਹਾ ਹੈਰਾਨ ਜ਼ਰੂਰ ਹੋਏ। ਪਰ ਉਹਨਾਂ ਨੇ ਚਾਹ ਵਾਲੀਆਂ ਗਲਾਸੀਆਂ ਮੂੰਹ ਤੋਂ ਥੋੜ੍ਹਾ ਦੂਰ ਕੀਤੀਆਂ। ਛਾਤੀ ਭਰਕੇ ਲੰਮਾ ਸਾਹ ਲਿਆ ਤੇ ਨਾਂਹ ਵਿਚ ਸਿਰ ਹਿਲਾਉਂਦਿਆਂ ਕਿਹਾ, "ਨਹੀਂ ਸਾਨੂੰ ਤਾਂ ਕੋਈ ਮੁਸ਼ਕ ਨਹੀਂ ਆਉਂਦਾ...ਬੀਬੀ..."

'ਮੁਸ਼ਕ' ਦਾ ਜ਼ਿਕਰ ਸੁਣ ਕੇ ਜੋਗਿੰਦਰ ਨੇ ਨੱਕ ਸੁਗੇੜ ਕੇ ਧੁਣਧੁਣੀ ਲਈ ਤੇ ਵਿਹੜੇ ਦੀ ਇਕ ਨੁੱਕਰੇ ਬਣੀ ਟੌਮੀ ਦੀ ਕਬਰ ਵੱਲ ਵੇਖਣ ਲੱਗਾ। ਧਰਤੀ ਦੀ ਪਿੱਠ 'ਤੇ ਉੱਭਰੀ ਹੋਈ ਕਬਰ ਉਸ ਨੂੰ ਸੀ.ਆਰ.ਪੀ.ਐੱਫ. ਦੀਆਂ ਸੱਟਾਂ ਨਾਲ ਮੱਥੇ 'ਤੇ ਉਭਰੇ ਰੋਬੂੜੇ ਵਰਗੀ ਲੱਗੀ। ਉਹਦਾ ਹੱਥ ਆਪਮੁਹਾਰੇ ਮੱਥੇ ਤਕ ਗਿਆ ਤੇ ਉੱਭਰੇ ਹੋਏ ਮਾਸ ਨੂੰ ਟਟੋਲਣ ਲੱਗਾ।



ਸਾਧਾ ਸੀਤਲ ਜੋ ਕਾਫ਼ੀ ਚਿਰ ਦਾ ਚੁੱਪ-ਚਾਪ ਬੈਠਾ ਹੋਇਆ ਸੀ, ਬੜਾ ਗਹਿਰ-ਗੰਭੀਰ ਹੋ ਕੇ ਫ਼ਲਸਫ਼ੀ ਅੰਦਾਜ਼ ਵਿਚ ਕਹਿਣ ਲੱਗਾ, "ਮਾੜਾ! ਹੈਗੀ ਆ ਮੁਸ਼ਕ। ਹੈ ਕਿਉਂ ਨਹੀਂ...?...ਰਤਾ ਅੱਖਾਂ ਮੀਟ ਕੇ ਧਿਆਨ ਨਾਲ ਵੇਖੋ ਖਾਂ ਆਪਣੇ ਅੰਦਰ...ਸੁੰਘੋ ਖਾਂ ਆਪਣੇ ਆਪ ਨੂੰ। ਆਪਣੇ ਅੰਦਰ ਨੂੰ...ਉਥੋਂ ਆਉਂਦੀ ਆ ਇਹ ਮੁਸ਼ਕ। ਹੋਰ ਕਿਧਰੋਂ ਨਹੀਂ...ਆਪਣੇ ਅੰਦਰੋਂ...."

ਪਤਾ ਨਹੀਂ ਜੋਗਿੰਦਰ ਨੇ ਉਸ ਦੀ ਗੱਲ ਸੁਣੀ ਸੀ ਜਾਂ ਨਹੀਂ। ਉਹ ਕੁਝ ਨਹੀਂ ਬੋਲਿਆ। ਬੱਸ ਚੁੱਪ-ਚਾਪ ਟੌਮੀ ਦੀ ਕਬਰ ਵੱਲ ਵੇਖੀ ਗਿਆ। ਜਿਸ ਦੇ ਸਿਰ 'ਤੇ ਕਾਨੇ ਨੂੰ ਟਾਕੀ ਬੰਨ੍ਹ ਕੇ ਸੁਖਦੇਵ ਨੇ ਇਕ ਝੰਡਾ ਜਿਹਾ ਗੱਡਿਆ ਹੋਇਆ ਸੀ। ਹਵਾ ਰੁਕੀ ਹੋਣ ਕਰਕੇ ਝੰਡਾ ਹਿੱਲਣ ਦੀ ਥਾਂ ਕਾਨੇ ਦੇ ਸਿਰੇ ਨਾਲ ਹੇਠਾਂ ਨੂੰ ਟੇਢਾ ਹੋਇਆ ਪਿਆ ਸੀ ਤੇ ਜੋਗਿੰਦਰ ਮੱਥੇ ਉਤਲੇ ਰੋਬੂੜੇ ਨੂੰ ਪਲੋਸਦਾ ਹੋਇਆ ਇਹ ਸਮਝਣ ਦਾ ਯਤਨ ਕਰ ਰਿਹਾ ਸੀ ਕਿ ਕਾਨੇ ਨਾਲ ਹੇਠਾਂ ਨੂੰ ਲਮਕਿਆ ਉਹ ਕਾਲਾ ਜਿਹਾ ਝੰਡੇ ਦਾ ਕੱਪੜਾ ਸੀ ਜਾਂ ਉਹ ਰਾਤ ਸੁਪਨੇ 'ਚ ਦਿਸਦੇ ਆਪਣੇ ਬਾਬੇ ਦੀ ਅਰਕੋਂ ਟੁੱਟ ਕੇ ਤੋਰੀ ਵਾਂਗ ਹੇਠਾਂ ਨੂੰ ਲਮਕੀ ਬਾਂਹ ਸੀ?

ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਤੇ ਉਹ ਅਜੇ ਜ਼ਖ਼ਮੀ ਮੱਥੇ ਨੂੰ ਪਲੋਸੀ ਜਾ ਰਿਹਾ ਸੀ।

## ਭਾਗ ਦੂਜਾ

# ਗਿਰਝਾਂ

ਗੁਰਪਾਲ ਸਿੰਘ ਲਿੱਟ

ਜਪੀ ਦੀ ਨੀਂਦ ਟੁੱਟਦੀ ਹੈ ਤਾਂ ਪੇਟ ਦਾ ਦਰਦ ਜਿਵੇਂ ਸਰੀਰ ਦੀਆਂ ਸਾਰੀਆਂ ਨਾੜਾਂ ਵਿਚੀਂ ਲੰਘ ਜਾਂਦਾ ਹੈ। ਸ਼ਾਇਦ ਦਰਦ ਕਾਰਨ ਹੀ ਨੀਂਦ ਟੁੱਟੀ ਹੈ ਜਪੀ ਦੀ। ਉਹ ਦੋਵੇਂ ਹੱਥਾਂ ਵਿਚ ਢਿੱਡ ਨੂੰ ਘੁੱਟਦੀ ਹੈ, ਜਿਵੇਂ ਦਰਦ ਨੂੰ ਹੱਥਾਂ ਵਿਚ ਸਮੇਟ ਲੈਣਾ ਚਾਹੁੰਦੀ ਹੋਵੇ। ਪਰ ਇਹ ਦਰਦ ਉੱਫ਼! ਬਾਹਰ ਪਹੁ-ਫੁਟਾਲੇ ਦਾ ਚਾਨਣ ਫੈਲ ਰਿਹਾ ਹੈ ਅਤੇ ਜਪੀ ਦੀਆਂ ਅੱਖਾਂ ਅੱਗੇ ਸਰੀਰਕ ਤਕਲੀਫ਼ ਦਾ ਹਨੇਰਾ। ਰਸੋਈ ਵਿਚ ਬਲਬ ਦੀ ਰੋਸ਼ਨੀ ਹੈ ਅਤੇ ਸਟੋਵ ਦੀ ਆਵਾਜ਼ ਕਮਰੇ ਤਕ ਆ ਰਹੀ ਹੈ। ਉਸ ਦੀ ਸੱਸ ਰੋਟੀਆਂ ਪਕਾ ਰਹੀ ਹੋਣੀ ਹੈ।

ਉਹ ਆਪਣੀ ਸੱਸ ਪ੍ਰਤੀ ਨਫ਼ਰਤ ਨਾਲ ਭਰ ਉੱਠਦੀ ਹੈ।

ਅਗਲੇ ਹੀ ਪਲ ਉਹ ਸੋਚ ਜਾਂਦੀ ਹੈ ਕਿ ਹੋ ਸਕਦਾ ਹੈ, ਇਹ ਉਸਦਾ ਭਰਮ ਹੀ ਹੋਵੇ। ਉਸਦੀ ਨਫ਼ਰਤ ਨਿਰਮੂਲ ਹੀ ਹੋਵੇ। ਇਨ੍ਹਾਂ ਦਿਨਾਂ ਵਿਚ ਬੇਜੀ ਦਾ ਵਰਤਾਓ ਵੀ ਤਾਂ ਉਸ ਪ੍ਰਤੀ ਕਿੰਨਾ ਕੋਮਲ ਰਿਹਾ ਹੈ। ਉਸ ਦੇ ਉੱਠ ਕੇ ਤਿਆਰ ਹੋਣ ਤੱਕ ਉਸਦੇ ਖਾਣ ਅਤੇ ਨਾਲ ਲੈ ਜਾਣ ਲਈ ਰੋਟੀ ਆਪ ਤਿਆਰ ਕਰ ਦਿੰਦੀ ਰਹੀ ਹੈ। ਅੱਗੇ ਤਾਂ ਜਦੋਂ ਕਦੀ ਵੀ ਉਨ੍ਹਾਂ ਕੋਲ ਰਹਿਣ ਆਉਂਦੀ ਸੀ ਤਾਂ ਡੱਕਾ ਤੋੜ ਕੇ ਦੂਹਰਾ ਨਹੀਂ ਸੀ ਕਰਦੀ ਹੁੰਦੀ। ਉਸ ਦੀ ਜੂਠੀ ਥਾਲੀ ਵੀ ਜਪੀ ਨੂੰ ਸ਼ਾਮੀਂ ਸਕੂਲੋਂ ਪਰਤ ਕੇ ਮੰਜੇ ਹੇਠੋਂ ਚੁੱਕਣੀ ਪੈਂਦੀ ਸੀ।

ਜਪੀ ਨੂੰ ਲਗਦਾ ਹੈ, ਉਸਦਾ ਸ਼ੱਕ ਗਲਤ ਨਹੀਂ ਹੋ ਸਕਦਾ। ਬੇਜੀ ਦੀ ਕੋਮਲਤਾ ਪਿੱਛੇ ਵੀ ਜ਼ਰੂਰ ਕੋਈ ਭੇਤ ਹੈ। ਦਰਦ ਦੀ ਲਹਿਰ ਇਕ ਵਾਰ ਫਿਰ ਸਰੀਰ ਵਿਚ ਤਰ ਜਾਂਦੀ ਹੈ। ਜਪੀ ਦੀ ਨਜ਼ਰ ਅਚਾਨਕ ਘੜੀ ਉੱਤੇ ਪੈਂਦੀ ਹੈ ਤਾਂ ਉਹ ਹੜਬੜਾ ਕੇ ਉੱਠ ਖਲੋਂਦੀ ਹੈ। ਦਰਦ ਦੀ ਲਹਿਰ ਅਤੇ ਸੱਸ ਪ੍ਰਤੀ ਨਫ਼ਰਤ ਸਭ ਕੁਝ ਜਿਵੇਂ ਉਹ ਹੜਬੜਾਹਟ ਵਿਚ ਡੁੱਬ ਜਾਂਦਾ ਹੈ। ਜੇ ਸਾਢੇ ਛੇ ਵਾਲੀ ਲੋਕਲ ਲੰਘ ਗਈ ਤਾਂ?

ਉਹ ਕਾਹਲੀ ਨਾਲ ਸਭ ਨਿਪਟਾਉਂਦੀ ਹੈ। ਕਾਹਲੀ ਨਾਲ ਤਿਆਰ ਹੁੰਦੀ ਹੈ। ਪਲੰਘ ਉੱਤੇ ਪਏ ਡੇਢ ਸਾਲ ਦੇ ਆਪਣੇ ਬੱਚੇ ਨੂੰ ਜਗਾਉਣ ਲੱਗੀ ਠਿਠਕ ਜਾਂਦੀ ਹੈ, ਜਗਾਉਣ, ਨਾ ਜਗਾਉਣ ਦੀ ਦੋ-ਚਿੱਤੀ ਦੇ ਪਲ ਦੀ ਗਰਿਫ਼ਤ ਵਿਚ ਜਕੜੀ ਹੋਈ। ਗੂੜ੍ਹੀ ਨੀਂਦ ਵਿਚ ਡੁੱਬੇ ਸੋਨੂੰ ਦਾ ਚਿਹਰਾ ਕਿੰਨਾ ਮਾਸੂਮ ਲੱਗ ਰਿਹਾ ਹੈ। ਬੁਲ੍ਹਾਂ ਉੱਤੇ ਬੇਮਾਲੂਮ ਮੁਸਕਾਨ ਦਾ ਭਾਵ ਹੈ। ਸ਼ਾਇਦ ਨੀਂਦ ਵਿਚਲੇ ਕਿਸੇ ਮਿੱਠੇ ਸੁਫ਼ਨੇ ਦੇ ਕੂਲੇਪਣ ਦੇ ਅਸਰ ਦੇ ਅਧੀਨ। ਜਪੀ ਦਾ ਮਨ ਕਰਦਾ ਹੈ। ਉਹ ਬੱਚੇ ਨੂੰ ਕੋਮਲ ਨੀਂਦ



ਵਿਚੋਂ ਨਾ ਧਰੂਹੇ। ਪਰ ਨਹੀਂ, ਇਹ ਫ਼ੈਸਲਾ ਤਾਂ ਉਹ ਰਾਤੀਂ ਹੀ ਕਰ ਚੁੱਕੀ ਹੈ ਕਿ ਸੋਨੂੰ ਨੂੰ ਹੁਣ ਕਰੈੱਚ ਵਿਚ ਹੀ ਛੱਡ ਕੇ ਜਾਇਆ ਕਰੇਗੀ, ਜਿਵੇਂ ਬੇਜੀ ਦੇ ਇਥੇ ਆਉਣ ਤੋਂ ਪਹਿਲਾਂ ਹਰ ਰੋਜ਼ ਛੱਡ ਕੇ ਜਾਇਆ ਕਰਦੀ ਸੀ। ਆਪਣੇ ਬੱਚੇ ਨੂੰ ਸੱਸ ਕੋਲ ਤਾਂ ਹਰਗਿਜ਼-ਹਰਗਿਜ਼ ਨਹੀਂ ਰਹਿਣ ਦੇਵੇਗੀ। ਜੇ ਉਸ ਦਾ ਸ਼ੱਕ ਠੀਕ ਨਿਕਲਿਆ ਤਾਂ ਕੀ ਪਤਾ ਬੇ ਜੀ ਸੋਨੂੰ ਨੂੰ ਕੁਝ....

ਬੱਚੇ ਨੂੰ ਮੋਢੇ ਲਾਈਂ ਤਿੰਨ ਮੰਜ਼ਿਲਾਂ ਦੀਆਂ ਪੌੜੀਆਂ ਉਤਰਦਿਆਂ ਜਪੀ ਹਫ਼ ਜਿਹੀ ਗਈ ਹੈ। ਚੰਚਲ ਸੋਨੂੰ ਵੱਲੋਂ ਅਚਾਨਕ ਸਾਧੀ ਚੁੱਪੀ ਉਸ ਨੂੰ ਅੰਦਰ ਕਿਤੇ ਛੂੰਹਦੀ ਹੈ। ਭੋਰਾ-ਭਰ ਮਾਸੂਮ ਵੀ ਸ਼ਾਇਦ ਭਾਂਪ ਗਿਆ ਹੈ ਕਿ ਕੁਝ ਦਿਨਾਂ ਲਈ ਮਿਲੇ ਦਾਦੀ ਦੀ ਗੋਦ ਦੇ ਨਿੱਘ ਦੀ ਥਾਂ ਕਰੈੱਚ ਦੀ ਟੀਚਰ ਦੀਆਂ ਅੱਖਾਂ ਦੀ ਘੂਰੀ ਫਿਰ ਉਸ ਦੇ ਜੀਵਨ ਦਾ ਹਿੱਸਾ ਬਣਨ ਜਾ ਰਹੀ ਹੈ। ਜਪੀ ਅਚੇਤ ਹੀ ਬੱਚੇ ਨੂੰ ਦੋ ਵਾਰ ਚੁੰਮ ਜਾਂਦੀ ਹੈ। ਕਰੈੱਚ ਦੇ ਗੇਟ ਦੇ ਅੰਦਰ ਛੱਡ ਪਰਤਦੀ ਜਪੀ ਦੀ ਕਮੀਜ਼ ਦਾ ਲੜ ਸੋਨੂੰ ਦੀ ਮੁੱਠੀ ਵਿਚ ਹੈ। ਸੋਨੂੰ ਦੇ ਰੋਣ ਲਈ ਫਿਲਕਦੇ ਬੁੱਲ੍ਹਾਂ ਨੂੰ ਵੇਖ ਆਪਣੇ ਆਪ ਨੂੰ ਭਿੱਜਣ ਤੋਂ ਜਬਰੀ ਵਰਜਦੀ ਹੈ। ਬਸ ਆਉਣ ਵਿਚ ਬੱਸ ਕੁਝ ਹੀ ਮਿੰਟ ਬਾਕੀ ਹੈ।

"ਨਾ ਬੇਟੇ, ਰੋਣਾ ਨਹੀਂ। ਅੱਛੇ ਬੱਚੇ ਰੋਂਦੇ ਨਹੀਂ। ਆਉਂਦੀ ਹੋਈ ਤੇਰੇ ਲਈ ਬਹੁਤ ਸਾਰੀਆਂ ਟਾਫ਼ੀਆਂ ਲੈ ਕੇ ਆਵਾਂਗੀ।"

"ਕਈ ਦਿਨਾਂ ਪਿੱਛੋਂ ਸਕੂਲ ਆਇਆ ਹੈ ਨਾ ਮੈਡਮ ਬੱਚਾ। ਸ਼ਾਇਦ ਇਸੇ ਲਈ ਕੁਝ....", ਕਰੈੱਚ ਦੀ ਮਾਲਕਣ ਕਹਿੰਦੀ ਹੈ। ਪਤਾ ਨਹੀਂ ਜਪੀ ਨੂੰ ਧਰਵਾਸ ਦੇ ਰਹੀ ਹੈ ਜਾਂ ਆਪਣੀ ਸੰਸਥਾ ਅੰਦਰਲੇ ਮਾਹੌਲ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੀ ਹੈ।

ਬੱਚਾ ਜਿਵੇਂ ਬੱਸ ਇਕ ਯੰਤਰ ਹੋਵੇ। ਮਾਂ ਵੱਲ ਇਕ ਨਜ਼ਰ ਝਾਕ ਕੇ ਯੰਤਰਬਧ ਜਿਹਾ ਪਿੱਛੇ ਪਰਤਦਾ ਹੈ ਅਤੇ ਮੈਡਮ ਦੀ ਉਂਗਲ ਫੜ ਅੰਦਰ ਵੱਲ ਚੱਲ ਪੈਂਦਾ ਹੈ। ਜਪੀ ਪਲਟਦੀ ਹੈ। ਅੱਖਾਂ ਵਿਚ ਉੱਤਰੀ ਸਿਲ੍ਹ ਲਈ ਹਉਕਾ ਭਰਨ ਜੋਗਾ ਸਮਾਂ ਨਹੀਂ ਹੈ ਉਸ ਕੋਲ। ਤੇਜ਼ੀ ਨਾਲ ਬਸ ਸਟਾਪ ਵੱਲ ਵਧਦੀ ਹੈ ਅਤੇ ਭੱਜ ਕੇ ਲੋਕਲ ਬਸ ਫੜਦੀ ਹੈ। ਬਸ ਵਿਚ ਬੈਠ ਕੇ ਜਪੀ ਸੋਚਦੀ ਹੈ ਕਿ ਉਹ ਬੱਸ ਭੱਜ ਰਹੀ ਹੈ। ਲਗਾਤਾਰ ਭੱਜਦੀ ਆ ਰਹੀ ਹੈ। ਪਤਾ ਨਹੀਂ ਕਿੰਨੇ ਵਰ੍ਹਿਆਂ ਤੋਂ। ਬਸ ਦੌੜ ਹੀ ਤਾਂ ਰਹੀ ਹੈ, ਇਕ ਨਿਰਰਥਕ ਦੌੜ...।

ਤੌਤ-ਭੜੱਥੀ ਨਾਲ ਰੋਜ਼ ਸਵੇਰੇ ਤਿਆਰ ਹੋਣਾ, ਬੱਚੇ ਨੂੰ ਕਰੈੱਚ ਵਿਖੇ ਛੱਡ ਕੇ ਲੋਕਲ ਬਸ ਰਾਹੀਂ ਮੁੱਖ ਬਸ ਅੱਡੇ ਪਹੁੰਚਣਾ, ਫਿਰ ਇਕ ਹੋਰ ਲੋਕਲ ਬਸ ਰਾਹੀਂ ਪੰਚਕੂਲੇ ਦੇ ਰਾਹ ਉੱਤੇ ਇਕ ਸਟਾਪੇਜ ਉੱਤੇ ਉਤਰਨਾ, ਉਥੋਂ ਲਗਾਤਾਰ ਚਾਰ ਕਿਲੋਮੀਟਰ ਪੈਦਲ ਸਫ਼ਰ, ਪੇਂਡੂ ਸਕੂਲ ਤੱਕ। ਉਹ ਪੈਦਲ ਹੀ ਜਾਂਦੀ ਹੈ। ਰਿਕਸ਼ੇ ਵਾਲਾ ਦਸ-ਬਾਰਾਂ ਰੁਪੈ ਤੋਂ ਘੱਟ ਨਹੀਂ ਤੁਰਦਾ। ਤੇ ਏਨੀ ਪਹੁੰਚ ਕਿੱਥੇ ਹੈ ਉਸ ਵਿਚ। ਫਿਰ ਇਸੇ ਤਰ੍ਹਾਂ ਦੀ ਭੱਜ-ਨੱਠ ਕਰਦਿਆਂ ਵਾਪਸੀ। ਥੱਕ ਕੇ ਚੂਰ ਹੋ ਜਾਂਦੀ ਹੈ ਜਪੀ ਸ਼ਾਮ ਤੱਕ। ਕਿਤੇ ਕੋਈ ਸਹਾਰਾ ਵੀ ਤਾਂ ਨਹੀਂ ਦਿਸਦਾ। ਪਤੀ ਪਵਨ, ਮਹੀਨੇ ਵਿਚੋਂ ਵੀਹ ਦਿਨ ਘਰੋਂ ਗਾਇਬ ਰਹਿੰਦਾ ਹੈ। ਟੀਵੀ ਸੀਰੀਅਲ ਵਿਚ ਰੋਲ ਮਿਲਣ ਦੀ ਕੁੱਤੇ-ਝਾਕ ਵਿਚ ਕਦੀ ਦਿੱਲੀ, ਕਦੀ ਕਿਤੇ ਹੋਰ।

ਇਹ ਤਾਂ ਹੁਣ ਦੀ ਗੱਲ ਹੈ, ਪਰ ਉਸ ਦੀ ਦੌੜ ਤਾਂ ਪਤਾ ਨਹੀਂ ਕਿੰਨੇ ਵਰ੍ਹੇ ਪਹਿਲਾਂ ਤੋਂ ਉਸਦੇ ਜੀਵਨ ਦੀ ਹੋਣੀ ਬਣੀ ਹੋਈ ਸੀ। ਅਚਾਨਕ ਉਸ ਨੂੰ ਪਾਪਾ ਯਾਦ ਆਉਂਦੇ ਨੇ। ਉਸ ਦੇ ਅੰਦਰ ਇਕ ਧੁਰਧੁਰੀ ਉੱਠਦੀ ਹੈ ਅਤੇ ਸਾਰਾ ਸਰੀਰ ਕੰਬ ਜਾਂਦਾ ਹੈ। ਦਹਿਸ਼ਤ ਦੇ ਪ੍ਰਛਾਵੇਂ ਉਸ ਦੇ ਅੰਦਰ ਉਭਰਦੇ ਨੇ। ਉਹ ਵੇਖਦੀ ਹੈ, ਸਾਹਮਣੇ ਸੀਟ ਦੀ ਪਿੱਠ ਉੱਤੇ ਟਿਕਾਈ ਉਸ ਦੀ ਬਾਂਹ ਉਪਰਲੇ ਰੋਮ ਕੰਡਿਆਂ ਦੇ ਸਤੌਰ ਖੜ੍ਹੇ ਹੋ ਗਏ ਨੇ।

ਸਭ ਨੇ ਪਾਪਾ ਨੂੰ ਗਲਤ ਕਿਹਾ ਸੀ। ਸਭ ਨੇ। ਪਿੰਡਾਂ ਦੇ ਲੋਕਾਂ ਨੇ। ਪੂਰੀ ਪੰਚਾਇਤ ਨੇ। ਮੰਮੀ ਅਤੇ ਵੀਰੇ ਨੇ ਵੀ। ਰਿਸ਼ਤੇਦਾਰ ਵੀ ਪਾਪਾ ਨੂੰ ਹੀ ਗਲਤ ਕਹਿ ਰਹੇ ਸਨ। ਸਰਪੰਚ ਨੇ ਤਾਂ ਉਨ੍ਹਾਂ ਦੇ ਘਰ ਜੁੜੇ ਭਰੇ ਇਕੱਠ ਵਿਚ ਪਾਪਾ ਨੂੰ ਫਿਟਕਾਰ ਪਾਈ ਸੀ, "ਤੇਰੀ ਇਸ ਹਰਕਤ ਨੇ ਸਾਰੇ ਪਿੰਡ ਵਾਲਿਆਂ ਦੇ ਸਿਰ ਉੱਤੇ ਮੌਤ ਦੀ ਤਲਵਾਰ ਲਟਕਾ ਕੇ ਰੱਖ ਦਿੱਤੀ ਹੈ, ਮੇਜਰਾ। ਤੈਂ ਚੰਗਾ ਨਹੀਂ ਕੀਤਾ।"

ਪਾਪਾ ਆਪਣੇ ਅੰਦਰਲੇ ਰੋਗ, ਗੁੱਸੇ, ਬੇਵੱਸੀ ਦੇ ਰਲਵੇਂ-ਮਿਲਵੇਂ ਭਾਵਾਂ ਨਾਲ ਕੰਬ ਰਹੇ ਸੀ, "ਉਹ ਦੋ ਜਾਣਿਆਂ ਨੂੰ ਮਾਰ ਕੇ ਗਏ ਨੇ, ਤੁਹਾਡੇ ਆਪਣੇ ਦੋ। ਤੁਸੀਂ... ਤੁਸੀਂ ਸਾਰੇ ਨਿਪੁੰਸਕ ਹੋ, ਨਿਪੁੰਸਕ। ਆਖਰ ਉਹ ਦੇਸ਼ ਦੇ ਟੁਕੜੇ ਕਰਨ ਉੱਤੇ ਤੁਲੇ ਹੋਏ ਨੇ। ਸਾਡੇ ਦੁਸ਼ਮਣ ਨੇ। ਜੇ ਅਸੀਂ ਹਿੰਮਤ ਨਹੀਂ..."

"ਉਇ ਰਹਿਣ ਦੇ ਆਪਣੀ ਫ਼ਿਲਾਸਫ਼ੀ", ਸਰਪੰਚ ਨੇ ਪਾਪਾ ਦੀ ਗੱਲ ਵਿਚੋ ਟੋਕ ਦਿੱਤੀ ਸੀ, "ਤੂੰ ਤਾਂ ਛੁੱਟੀ ਕੱਟ ਕੇ ਚਲਿਆ ਜਾਏਂਗਾ, ਹਫ਼ਤੇ ਦਸ ਦਿਨਾਂ ਵਿਚ। ਪਿੱਛੋਂ ਭੁਗਤਾਂਗੇ ਤਾਂ ਅਸੀਂ, ਪਿੰਡ ਵਾਲੇ ਹੀ ਨਾ।"

ਪਿੰਡ ਵਾਲੇ ਹਰਖੇ ਹੋਏ ਉਨ੍ਹਾਂ ਦੇ ਘਰੋਂ ਉੱਠ ਕੇ ਚਲੇ ਗਏ ਤਾਂ ਪਾਪਾ ਔਂਚਵੀ ਨਾਲ ਵਿਹੜੇ ਵਿਚ ਇਧਰੋਂ-ਉੱਧਰ ਘੁੰਮਣ ਲੱਗ ਪਏ। ਉਹ ਰਹਿ-ਰਹਿ ਕੇ ਸੱਜੇ ਹੱਥ ਦੀ ਮੁੱਠੀ ਖੱਬੇ ਹੱਥ ਦੀ ਹਥੇਲੀ ਉੱਤੇ ਮਾਰ ਰਹੇ ਸਨ। ਫਿਰ ਉਨ੍ਹਾਂ ਨੇ ਦੋਵੇਂ ਮੁੱਠੀਆਂ ਮੀਚ ਲਈਆਂ, "ਕਾਵਰਡ....ਸਭ ਦੇ ਸਭ..."

ਜਪੀ ਨੇ ਵੇਖਿਆ, ਪਾਪਾ ਦੇ ਹੱਥਾਂ ਦੇ ਪਿਛਲੇ ਪਾਸੇ ਮੋਟੀਆਂ-ਮੋਟੀਆਂ ਨਾੜਾਂ ਉਭਰ ਆਈਆਂ ਸਨ। ਜਦੋਂ ਉਹ ਅੰਤਾਂ ਦੇ ਜੋਸ਼ ਜਾਂ ਗੁੱਸੇ ਨਾਲ ਮੁੱਠੀਆਂ ਭੀਚ ਲੈਂਦੇ ਨੇ ਤਾਂ ਇਸੇ ਤਰ੍ਹਾਂ ਨਾੜਾਂ ਉੱਭਰ ਆਉਂਦੀਆਂ ਨੇ।

ਉਸ ਦਿਨ ਵੀ ਤਾਂ ਨਾੜਾਂ ਇਸੇ ਤਰ੍ਹਾਂ ਉੱਭਰੀਆਂ ਸਨ।

ਪਹਿਲਾਂ ਪਿੰਡ ਦੇ ਐਨ ਵਿਚਕਾਰ ਗੋਲੀਆਂ ਦੀ ਆਵਾਜ਼ ਉੱਭਰੀ ਸੀ। ਫਿਰ ਪਿੰਡ ਦੇ ਬਾਹਰ ਬਣੀ ਅਸਥਾਈ ਪੁਲਿਸ ਚੌਕੀ ਵੱਲੋਂ ਫਾਇਰਾਂ ਦੀ ਆਵਾਜ਼ ਆਈ ਸੀ। ਪਿੰਡ ਦੇ ਗੋਰੇ ਵਿਚ ਗੁੜ੍ਹੇ ਬੁੱਢੇ ਬੋਹੜ ਉੱਤੋਂ ਕਿੰਨੇ ਹੀ ਕਾਂ ਚੀਕ-ਚਿਹਾੜਾ ਪਾਉਂਦੇ ਆਕਾਸ਼ ਵੱਲ ਉੱਡ ਗਏ ਸਨ। ਅਚਾਨਕ ਹੀ ਗਲੀ ਦੇ ਉਸ ਪਾਰ ਦੇ ਘਰ ਵਿਚੋਂ ਰੋਣ ਕੁਰਲਾਉਣ ਦੀਆਂ ਆਵਾਜ਼ਾਂ ਉੱਚੀਆਂ ਹੋ ਉੱਠੀਆਂ ਸਨ।

ਬਾਹਰ ਜਾਣ ਲਈ ਤਿਆਰ ਹੋ ਰਹੇ, ਵਰਦੀ ਪਾ ਰਹੇ ਪਾਪਾ ਇਕਦਮ ਸੁਚੇਤ ਹੋ ਗਏ ਸਨ। ਉਨ੍ਹਾਂ ਨੇ ਆਪਣਾ ਰਿਵਾਲਵਰ ਸਾਂਭ ਲਿਆ। ਉਦੋਂ ਹੀ ਗਲੀ ਦੇ ਉਸ ਪਾਰ, ਸਾਮ੍ਹਣੇ ਘਰ ਦੀ ਉੱਚੀ ਕੰਧ ਤੋਂ ਨੌਜਵਾਨ ਮੁੰਡਾ ਗਲੀ ਵਿਚ ਕੁੱਦਿਆ ਸੀ।



ਉਸ ਦਾ ਹਥਿਆਰ ਕੰਧ ਦੇ ਉਪਰਲੇ ਸਿਰੇ ਨਾਲ ਟਕਰਾ ਕੇ ਘਰ ਦੇ ਅੰਦਰ ਵੱਲ ਡਿੱਗ ਪਿਆ। ਮੁੰਡਾ ਨਿਹੱਥਾ ਹੁੰਦੇ ਸਾਰ ਸ਼ਾਇਦ ਘਬਰਾ ਉੱਠਿਆ ਸੀ। ਸੱਜੇ ਪਾਸੇ ਨੂੰ ਭੱਜਿਆ, ਪਰ ਸਾਮ੍ਹਣੇ ਗਲੀ ਬੰਦ ਵੇਖ ਕੇ ਪਿੱਛੇ ਮੁੜਿਆ। ਉਦੋਂ ਤੱਕ ਪਾਪਾ ਫੁਰਤੀ ਵਿਖਾ ਚੁੱਕੇ ਸਨ। ਮੁੰਡਾ ਉਨ੍ਹਾਂ ਦੇ ਕਾਬੂ ਵਿਚ ਸੀ। ਮੁੰਡੇ ਨੇ ਹੈਰਾਨ ਹੋ ਕੇ ਪਹਿਲਾਂ ਪਾਪਾ ਵੱਲ ਵੇਖਿਆ, ਜਿਵੇਂ ਕਿਸੇ ਅਜੂਬੇ ਨੂੰ ਵੇਖ ਰਿਹਾ ਹੋਵੇ। ਫਿਰ ਰੋਹਬ ਨਾਲ ਰਾਹ ਛੱਡਣ ਲਈ ਕਿਹਾ। ਪਾਪਾ ਨਾ ਮੰਨੇ। ਮੁੰਡੇ ਦੀ ਆਵਾਜ਼ ਇਕਦਮ ਨਰਮ ਹੋ ਗਈ ਅਤੇ ਲਹਿਜਾ ਸਮਝਾਉਣ ਵਾਲਾ ਹੋ ਗਿਆ। ਪਰ ਪਾਪਾ ਉੱਤੇ ਕੋਈ ਅਸਰ ਨਹੀਂ ਸੀ ਹੋਇਆ। ਮੁੰਡਾ ਛੁਡਾਉਣ ਲਈ ਜ਼ੋਰ ਅਜਮਾਈ ਉੱਤੇ ਉਤਰਿਆ ਤਾਂ ਸਵਾ ਛੇ ਫੁੱਟ ਉੱਚੇ, ਥਮਲੇ ਵਰਗੇ ਪਾਪਾ ਨੇ ਮੁੰਡੇ ਦਾ ਗੁੱਟ ਫੜ ਕੇ ਹਵਾ ਵਿਚ ਤੋਲ ਕੇ ਰੱਖ ਦਿੱਤਾ। ਉਨ੍ਹਾਂ ਦੇ ਹੱਥਾਂ ਦੀਆਂ ਨਾੜਾਂ ਫੜਕ ਉੱਠੀਆਂ, "ਇਹ ਫ਼ੌਜੀ ਮੇਜਰ ਦੇ ਹੱਥ ਨੇ ਛੋਕਰੇ?"

ਪਾਪਾ ਨੇ ਖੁਦ ਜਾ ਕੇ ਮੁੰਡੇ ਨੂੰ ਪੁਲਸ ਵਾਲਿਆਂ ਦੇ ਹਵਾਲੇ ਕੀਤਾ ਸੀ। ਮੁੰਡੇ ਦੇ ਡਰਾਵਿਆਂ ਦੀ ਉਨ੍ਹਾਂ ਉੱਕਾ ਪ੍ਰਵਾਹ ਨਹੀਂ ਸੀ ਕੀਤੀ। ਉਹ ਸੋਚਦੇ ਸਨ, ਉਨ੍ਹਾਂ ਦੀ ਹਿੰਮਤ ਨੂੰ ਪਿੰਡ ਵਾਲਿਆਂ ਵੱਲੋਂ ਸ਼ਾਬਾਸ਼ ਮਿਲੇਗੀ। ਪਰ ਪਿੰਡ ਉੱਤੇ ਛਾਏ ਸਹਿਮ ਦੀ ਉਨ੍ਹਾਂ ਨੂੰ ਸਮਝ ਨਹੀਂ ਸੀ ਪੈ ਰਹੀ।

ਜਪੀ ਘਰੋਂ ਕਾਲਿਜ ਆਈ ਤਾਂ ਉਸ ਨੂੰ ਲੱਗਿਆ ਸੀ ਕਿ ਆਪਣੇ ਅੰਦਰ ਉਹ ਵੀ ਇਕ ਸਹਿਮ ਜਿਹੇ ਦਾ ਭਾਵ ਲੈ ਕੇ ਆਈ ਸੀ। ਉਸ ਨੇ ਆਪਣੇ ਅੰਦਰ ਦੇ ਸਹਿਮ ਨੂੰ ਘੱਟ ਕਰਨ ਲਈ ਆਪਣੀ ਰੂਮ-ਮੇਟ ਕੁੜੀ ਨਾਲ ਗੱਲ ਤੋਰੀ ਤਾਂ ਉਹ ਕਿੰਨਾ ਹੀ ਚਿਰ ਖਿੜਕੀ ਤੋਂ ਬਾਹਰ ਝਾਕਦੀ ਰਹਿ ਗਈ ਸੀ, "ਤੇਰੀ ਆਪਣੀ ਕੀ ਰਾਏ ਹੈ ਇਸ ਘਟਨਾ ਬਾਰੇ, ਜਪੀ?"

"ਪਤਾ ਨਹੀਂ। ਮੈਨੂੰ ਪਾਪਾ ਕਦੇ ਗਲਤ ਨਹੀਂ ਲੱਗੇ। ਪਰ ਆਪਣੇ ਅੰਦਰ ਘਰ ਕਰ ਗਏ ਇਸ ਡਰ ਦਾ ਕੀ ਕਰਾਂ।"

"ਹਾਂ, ਜਪੀ ਤੇਰੇ ਪਾਪਾ ਜਿਹੇ ਇਨਸਾਨਾਂ ਦੀ ਹਮੇਸ਼ਾਂ ਬੜੀ ਲੋੜ ਰਹੀ ਹੈ। ਪਰ ਇਹ ਤਾਣਾ-ਪੇਟਾ ਏਨਾ ਉਲਝ ਗਿਆ ਹੈ ਕਿ ਇਹੋ ਜਿਹੀਆਂ ਇਕੱਲੀਆਂ-ਇਕਹਿਰੀਆਂ ਕੋਸ਼ਿਸ਼ਾਂ, ਇਹੋ ਜਿਹੇ ਆਦਰਸ਼ ਨਿਰਾਰਥਕ ਜਿਹੇ ਹੋ ਚੁੱਕੇ ਨੇ। ਕੋਈ ਈਮਾਨਦਾਰ ਹੈ ਇਸ ਪੰਜਾਬ ਪ੍ਰਤੀ? ਇਸ ਦੀ ਸਮੱਸਿਆ ਪ੍ਰਤੀ? ਪਤੈ, ਮੈਨੂੰ ਕੀ ਲੱਗਦਾ ਹੈ? ਜਿਵੇਂ ਚਾਰੇ ਪਾਸੇ ਗਿਰਝਾਂ ਨੇ ਬੱਸ। ਇਸ ਜਿਉਂਦੇ ਜਿਸਮ ਵਿਚੋਂ ਆਪਣੀ ਲੋੜ ਅਤੇ ਮਤਲਬ ਅਨੁਸਾਰ ਮਾਸ ਨੋਚ-ਨੋਚ ਕੇ ਖਾ ਰਹੀਆਂ ਗਿਰਝਾਂ..."

ਬਹੁਤ ਦੇਰੀ ਨਾਲ ਸੁੱਤੀਆਂ ਸਨ ਉਹ ਦੋਵੇਂ ਉਸ ਰਾਤ।

ਦੋ ਹੀ ਤਾਂ ਰਾਤਾਂ ਹੋਰ ਲੰਘ ਸਕੀਆਂ ਸਨ ਬੱਸ।

ਜਪੀ ਦੀ ਰੂਮ-ਮੇਟ ਨੇ ਝੰਜੋੜ-ਝੰਜੋੜ ਕੇ ਜਗਾਇਆ ਸੀ ਉਸ ਨੂੰ।

ਉਹ ਉਭੜਵਾਹੇ ਉੱਠ ਕੇ ਰੂਮ-ਮੇਟ ਦੇ ਘਬਰਾਏ ਹੋਏ ਚਿਹਰੇ ਵੱਲ ਵੇਖਣ ਲੱਗ ਪਈ ਸੀ। ਚਿਹਰੇ ਉੱਤੇ ਬੁਰੀ ਤਰ੍ਹਾਂ ਹਵਾਈਆਂ ਉੱਡ ਰਹੀਆਂ ਸਨ। ਉਸ ਦੇ ਹੱਥ ਵਿਚਲਾ ਅਖ਼ਬਾਰ ਜਪੀ ਨੇ ਝਪਟ ਹੀ ਤਾਂ ਲਿਆ ਸੀ। ਫਿਰ ਜਿਵੇਂ ਸਭ ਕੁਝ ਘੁੰਮਣ

ਲੱਗ ਪਿਆ ਸੀ। ਪਿੰਡ ਦੇ ਬਰੋਟੇ ਉੱਪਰੋਂ ਉੱਡੇ ਕਾਵਾਂ ਦਾ ਚੀਕ-ਚਿਹਾੜਾ ਜਿਵੇਂ ਉਸ ਦੇ ਦਿਮਾਗ ਵਿਚ ਆ ਭਰਿਆ ਸੀ।

ਅਖ਼ਬਾਰ ਵਿਚ ਇਕੋ ਪਰਿਵਾਰ ਦੇ ਪੰਜ ਜੀਆਂ ਦੇ ਕਤਲ ਦੀ ਖ਼ਬਰ ਸੀ। ਤਸਵੀਰ ਵਿਚ ਪਾਪਾ ਅਤੇ ਵੀਰ ਦੇ ਲਹੂ-ਲੁਹਾਣ ਚਿਹਰੇ ਮਸਾਂ ਪਛਾਣੇ ਜਾ ਰਹੇ ਸਨ। ਨਿੱਕੀ ਮੰਜੂ ਅਤੇ ਅੰਜੂ ਦੀਆਂ ਮੁਰਦਾ ਤਸਵੀਰਾਂ ਵਿਚ ਜੁੜੇ ਹੋਏ ਹੱਥ ਸਾਫ਼ ਨਜ਼ਰ ਆ ਰਹੇ ਸਨ। ਭੌਰ-ਭੌਰ ਹੋਈ ਜਪੀ ਦੀ ਨਜ਼ਰ ਮੰਜੂ ਦੀ ਤਸਵੀਰ ਉੱਤੇ ਟਿਕ ਗਈ ਸੀ। ਜ਼ਿੱਦੀ ਅਤੇ ਹਿੰਡ ਦੀ ਪੱਕੀ ਮੰਜੂ, ਜੋ ਗ਼ਲਤੀ ਕਰ ਕੇ ਲੱਖ ਵਾਰ ਕਹਿਣ ਉੱਤੇ ਵੀ ਕਦੀ ਗ਼ਲਤੀ ਸਵੀਕਾਰ ਨਹੀਂ ਸੀ ਕਰਦੀ, ਹੱਥ ਜੋੜ ਕੇ ਕਿਵੇਂ ਗਿੜਗਿੜਾਈ ਹੋਵੇਗੀ। ਜੀਣ ਦੀ ਭੀਖ ਮੰਗੀ ਹੋਵੇਗੀ। ਤਸਵੀਰ ਵਿਚ ਪਾਪਾ ਦੀ ਕੱਟੀ ਹੋਈ ਬਾਂਹ ਸੀ ਅਤੇ ਹੱਥ ਉੱਪਰ ਉਭਰੀਆਂ ਨਾੜਾਂ ਬੜੀਆਂ ਸਪੱਸ਼ਟ ਸਨ।

"ਮੈਡਮ, ਮੈਡਮ, ਪਲੀਜ਼....!"

ਜਪੀ ਦੀ ਹੋਸ਼ ਝਟਕੇ ਨਾਲ ਪਰਤਦੀ ਹੈ। ਨਾਲ ਬੈਠੀ ਸਵਾਰੀ ਦੀ ਬਾਂਹ ਉੱਤੇ ਉਸ ਦੀ ਕਸੀ ਹੋਈ ਮੁੱਠੀ ਦੀ ਪੀਡੀ ਪਕੜ ਹੈ। ਜਪੀ ਸ਼ਰਮਿੰਦੀ ਜਿਹੀ ਹੋ ਕੇ ਹੱਥ ਹਟਾਉਂਦੀ ਹੈ। ਬਾਂਹ ਉੱਤੇ ਡੂੰਘੇ ਹੋ ਗਏ ਨਿਸ਼ਾਨਾਂ ਨੂੰ ਸਵਾਰੀ ਆਪਣੇ ਦੂਜੇ ਹੱਥ ਨਾਲ ਪਲੋਸ ਰਹੀ ਹੈ। "ਤੁਹਾਡੀ ਤਬੀਅਤ ਠੀਕ ਨਹੀਂ ਲੱਗਦੀ ਮੈਡਮ!"

"ਆਈ ਐਮ ਸੌਰੀ, ਰੀਅਲੀ ਸੌਰੀ", ਜਪੀ ਮੱਥੇ ਦਾ ਪਸੀਨਾ ਪੂੰਝਦੀ ਹੋਈ ਸਿਰ ਖਿੜਕੀ ਨਾਲ ਟੇਕ ਦਿੰਦੀ ਹੈ।

ਬਸ ਲੈਬੋਰੇਟਰੀ ਦੀ ਇਮਾਰਤ ਕੋਲੋਂ ਲੰਘ ਰਹੀ ਹੈ। ਮੇਨ ਗੇਟ ਬੰਦ ਹੈ। ਜੇ ਲੈਬੋਰੇਟਰੀ ਖੁੱਲ੍ਹੀ ਹੁੰਦੀ ਤਾਂ ਮੈਂ ਹੁਣੇ ਉਤਰ ਜਾਂਦੀ ਤੇ ਫਿਰ...

ਇਕ ਵਾਰ ਫਿਰ ਉਸ ਦੇ ਅੰਦਰ ਬੇਜੀ ਲਈ ਨਫ਼ਰਤ ਦਾ ਅਹਿਸਾਸ ਜਾਗ ਉੱਠਦਾ ਹੈ। ਕੋਈ ਇਸ ਹੱਦ ਤੱਕ ਵੀ ਘਟੀਆਪਣ ਉੱਤੇ ਉਤਰ ਸਕਦਾ ਹੈ?

ਉਹ ਸਕੂਲ ਵੱਲ ਪੈਦਲ ਨਹੀਂ ਤੁਰਦੀ। ਅੱਜ ਸਰੀਰ ਸਾਥ ਨਹੀਂ ਦੇ ਰਿਹਾ। ਰਿਕਸ਼ਾ ਲੈ ਕੇ ਸਕੂਲ ਪਹੁੰਚਦੀ ਹੈ ਤਾਂ ਸਕੂਲ ਖਾਲੀ ਹੈ। ਉਸ ਦੀ ਸਾਥਣ ਇਕ ਅਧਿਆਪਕਾ ਹਾਜ਼ਰ ਹੈ ਬੱਸ। ਦੂਸਰੀ ਪਹਿਲਾਂ ਹੀ ਛੁੱਟੀ ਉੱਤੇ ਹੈ। ਸਟਾਫ਼ ਵਿਚ ਕੁਲ ਤਿੰਨ ਹੀ ਤਾਂ ਮੈਂਬਰ ਨੇ ਉਹ। ਭਾਦੋਂ ਦੇ ਬੱਦਲਾਂ ਦਾ ਸ਼ਰਾਟਾ ਹੁਣੇ ਵਰ੍ਹ ਕੇ ਹਟਿਆ ਹੈ। ਸਕੂਲ ਦੀਆਂ ਚੋਂਦੀਆਂ ਛੱਤਾਂ ਏਨੇ ਕੁ ਮੀਂਹ ਨਾਲ ਹੀ ਛੁੱਟੀ ਕਰ ਦੇਣ ਦਾ ਬੜਾ ਖ਼ੂਬਸੂਰਤ ਬਹਾਨਾ ਹਨ। ਸਾਥਣ ਅਧਿਆਪਕਾ ਵੀ ਫਰਲੋ ਦੇ ਮੂਡ ਵਿਚ ਹੈ। ਅਰਜ਼ੀ ਰੱਖ ਕੇ ਤੁਰ ਜਾਂਦੀ ਹੈ। ਜੇ ਛੁੱਟੀ ਦੇ ਸਮੇਂ ਤੱਕ ਕੋਈ ਅਫ਼ਸਰ ਚੈਕਿੰਗ ਦੇ ਚੱਕਰ ਵਿਚ ਨਾ ਆਇਆ ਤਾਂ ਸਵੇਰੇ ਅਰਜ਼ੀ ਪਾੜ ਦਿੱਤੀ ਜਾਵੇਗੀ। ਸਕੂਲ ਵਿਚ ਜਪੀ ਹੁਣ ਇਕੱਲੀ ਰਹਿ ਗਈ ਹੈ। ਛੁੱਟੀ ਦੇ ਸਮੇਂ ਤੱਕ ਬੈਠਣਾ ਤਾਂ ਪੈਣਾ ਹੀ ਹੈ।

ਕਿੰਨਾ ਔਖਾ ਹੁੰਦਾ ਹੈ ਇਕੱਲਿਆਂ ਰਹਿਣਾ।

ਸੱਚ-ਮੁੱਚ ਕਿੰਨਾ ਔਖਾ ਲੱਗਿਆ ਸੀ ਉਦੋਂ ਇਕੱਲਿਆਂ ਰਹਿਣਾ।

ਸਭ ਕੁਝ ਕਿੰਨਾ ਭਿਆਨਕ ਸੀ, ਕਿੰਨਾ ਅਸਹਿ। ਬੜੇ ਨਿਗੂਣੇ ਜਿਹੇ ਨੇ ਸਾਰੇ ਸ਼ਬਦ। ਉਸ ਮਾਹੌਲ ਦਾ ਚਿਤਰਨ ਕਰਨ ਤੋਂ ਕਿੰਨੇ ਅਸਮਰਥ। ਇਕ ਪਰਿਵਾਰ ਦੇ



ਪੰਜ ਜੀਆਂ ਦੀਆਂ ਅਰਥੀਆਂ। ਪਿੰਡ ਦੀਆਂ ਮੜ੍ਹੀਆਂ ਵਿਚੋਂ ਉੱਠ ਰਹੀਆਂ ਪੰਜ ਸਿਵਿਆਂ ਦੀਆਂ ਲਾਟਾਂ। ਹਵਾ ਦੇ ਰੁਖ ਕਾਰਨ ਘਮੇਟਣੀਆਂ ਖਾ-ਖਾ ਇਕ ਦੂਜੇ ਵਿਚ ਰਲ-ਗੱਡ ਹੋ ਰਹੀਆਂ ਸਨ ਉਹ ਲਪਟਾਂ। ਜਿਵੇਂ ਮਰਨ ਉਪਰੰਤ ਵੀ ਪਰਿਵਾਰ ਦੇ ਜੀਅ ਇਕ ਦੂਜੇ ਦੇ ਗਲ ਲੱਗਣ-ਲੱਗਣ ਕਰ ਰਹੇ ਹੋਣ।

ਪਰ ਲੋਕਾਂ ਨੂੰ ਕੀ ਹੋ ਗਿਆ ਸੀ? ਲੋਕ ਇੰਜ ਕੰਨੀ ਕਿਉਂ ਕਤਰਾ ਰਹੇ ਸਨ? ਸਭ ਕੁਝ ਬੜੀ ਕਾਹਲੀ-ਕਾਹਲੀ ਨਿਪਟਾਇਆ ਗਿਆ। ਭੋਗ ਪੈਣ ਤੱਕ ਇਹੋ ਕੁਝ ਚਲਦਾ ਰਿਹਾ ਸੀ। ਜੱਕਦੇ, ਡਰਦੇ ਮੌਕਾ ਤਕਾ ਕੇ ਆਉਣਾ, ਕੁਝ ਪਲ ਬੈਠਣਾ, ਇਕ-ਅੱਧੀ ਹਮਦਰਦੀ ਦਾ ਬੋਲ। "ਬੇਚਾਰੀ ਕੱਲੀਓ ਬਚੀ ਹੈ ਬਸ।" ਸਿਵਿਆਂ ਦੀ ਖ਼ਾਮੋਸ਼ੀ ਵਿਹੜੇ ਵਿਚ ਇੰਜ ਪਸਰ ਕੇ ਕਿਉਂ ਬੈਠ ਗਈ ਸੀ? ਵਿਹੜਾ ਜਿਵੇਂ ਪੱਥਰ ਪੰਘਰਾ ਦੇਣ ਵਾਲਾ ਵਿਰਲਾਪ ਅਤੇ ਦਿਲ-ਵਿੰਨ੍ਹਵੇਂ ਕੀਰਨਿਆਂ ਤੱਕ ਨੂੰ ਤਰਸ ਕੇ ਰਹਿ ਗਿਆ ਸੀ। ਰਿਸ਼ਤੇਦਾਰਾਂ ਨੂੰ ਵੀ ਕੀ ਹੋ ਗਿਆ ਸੀ? ਨੇੜੇ ਦੇ ਰਿਸ਼ਤੇਦਾਰ ਇੰਜ ਦੂਰ ਦੇ ਕਿਵੇਂ ਬਣ ਗਏ ਸਨ?

"ਬੇਚਾਰੀ ਕੱਲਓ ਬਚੀ ਹੈ ਬੱਸ," ਹਮਦਰਦੀ ਦੇ ਇਨ੍ਹਾਂ ਬੋਲਾਂ ਨਾਲ ਰਲਦੇ-ਮਿਲਦੇ ਬੋਲ ਭੋਗ ਵਾਲੇ ਦਿਨ ਲੋਕਾਂ ਵਿਚ ਘੁਸਰ-ਮੁਸਰ ਬਣ ਗਏ ਸਨ, "ਉਹ ਕਹਿੰਦੇ ਨੇ, ਇਕ ਬਚੀ ਰਹਿ ਗਈ ਹੈ ਅਜੇ!"

ਉਹ ਘੁਸਰ-ਮੁਸਰ ਇਕ ਨਵਾਂ ਸਹਿਮ ਸਿਰਜ ਗਈ।

ਜਪੀ ਨੂੰ ਇਕਦਮ ਅਲੋਪ ਕਰ ਦੇਣਾ ਪਿਆ। ਉਸਦਾ ਹੋਸਟਲ ਤੱਕ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਉਸ ਦੀ ਸਭ ਤੋਂ ਵੱਡੀ ਵਿਆਹੀ-ਵਰੀ ਭੈਣ ਦੀਸ਼ ਨੇ ਯੂ.ਪੀ. ਵਿਚ ਆਪਣੇ ਪਤੀ ਦੇ ਰਿਸ਼ਤੇਦਾਰਾਂ ਦੇ ਫਾਰਮ ਵਿਖੇ ਪਹੁੰਚਾ ਦਿੱਤਾ ਸੀ ਉਸ ਨੂੰ। ਭੈਣ ਉਸ ਨੂੰ ਆਪਣੇ ਕੋਲ ਰੱਖਣ ਦਾ ਹੀਆ ਨਹੀਂ ਸੀ ਕਰ ਸਕੀ।

ਇਕੱਲਤਾ ਕਿਸ ਨੂੰ ਕਹਿੰਦੇ 'ਨੇ, ਉਥੇ ਜਾ ਕੇ ਜਾਣਿਆ ਸੀ ਜਪੀ ਨੇ। ਵਿਸ਼ਾਲ ਮਕਾਨ ਦੇ ਪਿੱਛੇ ਛੋਟਾ ਜਿਹਾ ਵਿਹੜਾ। ਨਾਲ ਲੱਗਦਾ ਇਕ ਕਮਰਾ। ਛੇ ਮਹੀਨੇ, ਛੇ ਯੁਗਾਂ ਤੋਂ ਵੀ ਵੱਡੇ ਹੋ ਕੇ ਰਹਿ ਗਏ ਸਨ। ਕਿਸੇ ਨਾਲ ਵੀ ਗੱਲ ਤੱਕ ਕਰਨ ਨੂੰ ਤਰਸ ਉੱਠਦੀ ਸੀ ਜਪੀ। ਬੱਸ ਕਦੀ-ਕਦਾਈਂ ਪਰਿਵਾਰ ਦੀ ਦਾਦੀ ਮਾਂ ਉਸ ਕੋਲ ਆ ਬੈਠਦੀ ਸੀ। ਪਰ ਉਹ ਵੀ ਕੁਝ ਪਲਾਂ ਲਈ ਹੀ।

ਉੱਫ, ਇਹ ਕੇਹੀ ਮੌਤ ਜੀਅ ਰਹੀ ਸੀ ਉਹ।

ਛੇ ਮਹੀਨੇ ਪਿੱਛੋਂ ਜੀਜਾ ਜੀ ਅਤੇ ਭੈਣ ਹੋਰੀਂ ਆਏ ਤਾਂ ਜਪੀ ਡਡਿਆ ਕੇ ਉਨ੍ਹਾਂ ਦੇ ਗਲ ਲੱਗ ਕੇ ਡੁੱਬੀ ਰੋ ਪਈ ਸੀ। ਭੈਣ ਅੱਗੋ ਤਰਲਿਆਂ ਉੱਤੇ ਉਤਰ ਆਈ ਸੀ ਕਿ ਉਹ ਉਸ ਨੂੰ ਨਾਲ ਲੈ ਚੱਲਣ। ਇਸ ਰੋਜ਼ ਦੇ ਮਰਨ ਨਾਲੋਂ ਇਕ ਵਾਰ ਦੀ ਮੌਤ ਕਿਤੇ ਸੌਖੀ ਹੋਵੇਗੀ। ਜਦੋਂ ਭੈਣ ਨੇ ਉਸ ਨੂੰ ਦੱਸਿਆ ਕਿ ਉਹ ਉਸ ਨਾਲ ਲੈ ਜਾਣ ਲਈ ਹੀ ਤਾਂ ਆਏ ਸਨ ਤਾਂ ਜਪੀ ਦੇ ਮਨ ਵਿਚ ਭੈਣ ਲਈ ਕਿੰਨਾ ਮੋਹ ਭਰ ਆਇਆ ਸੀ। ਆਉਣ ਤੋਂ ਪਹਿਲਾਂ ਉਹ ਮਾਮਾ ਜੀ ਹੋਰਾਂ ਨਾਲ ਵੀ ਚੰਗੀ ਤਰ੍ਹਾਂ ਵਿਚਾਰ-ਵਟਾਂਦਰਾ ਕਰ ਆਏ ਸਨ। ਮਾਮਾ ਜੀ ਨੇ ਹੀ ਤਾਂ ਜ਼ੋਰ ਦਿੱਤਾ ਸੀ ਕਿ ਜਪੀ ਨੂੰ ਵਾਪਸ ਲੈ ਆਇਆ ਜਾਵੇ। ਉਹ ਰਿਟਾਇਰਮੈਂਟ ਦੇ ਨੇੜੇ ਸਨ ਅਤੇ ਚੰਡੀਗੜ੍ਹ ਨੇੜੇ ਮਨੀਮਾਜਰੇ

ਉਨ੍ਹਾਂ ਦੀ ਕੋਠੀ ਲਗਭਗ ਤਿਆਰ ਹੋ ਚੁੱਕੀ ਸੀ। ਭੈਣ ਹੋਰੀਂ ਖੁਦ ਮੁਹਾਲੀ ਨੇੜੇ ਰਹਿ ਰਹੇ ਸਨ। ਉਹ ਦੋਵੇਂ ਪਰਿਵਾਰ ਜਪੀ ਨੂੰ ਆਪਣੇ ਖੰਭਾਂ ਦੀ ਛਾਂ ਹੇਠਾਂ ਛੁਪਾ ਲੈਣਗੇ। ਉਨ੍ਹਾਂ ਦੇ ਪਰਿਵਾਰ ਨੂੰ ਕਤਲ ਕਰਨ ਵਾਲੇ ਗਰੁੱਪ ਦੇ ਦੋ ਸਿਰਕੱਢ ਮੈਂਬਰ ਵੀ ਤਾਂ ਹਾਲ ਹੀ ਵਿਚ ਮੁਕਾਬਲੇ ਵਿਚ ਮਾਰੇ ਜਾ ਚੁੱਕੇ ਸਨ। ਉਹ ਤਾਂ ਹੁਣ ਆਪਣੀ ਹੋਂਦ ਦੀ ਲੜਾਈ ਵਿਚ ਰੁੱਝੇ ਹੋਏ ਹੋਣਗੇ।

ਜਪੀ ਨੂੰ ਨਾਲ ਲੈ ਕੇ ਜੀਜਾ ਜੀ ਹੋਰੀਂ ਮੁਹਾਲੀ ਦੀ ਥਾਂ ਪਹਿਲਾਂ ਆਪਣੇ ਪਿੰਡ ਪਹੁੰਚੇ ਸਨ। ਉਨ੍ਹਾਂ ਦੀਆਂ ਕੁਝ ਛੁੱਟੀਆਂ ਅਜੇ ਬਾਕੀ ਸਨ ਸ਼ਾਇਦ। ਜੀਜਾ ਜੀ ਸਵੇਰੇ ਹੀ ਘਰੋਂ ਚਲੇ ਜਾਂਦੇ ਅਤੇ ਸ਼ਾਮੀਂ ਪਰਤਦੇ ਸਨ। ਲੱਗਦਾ ਸੀ, ਉਹ ਕਿਸੇ ਨੱਠ-ਭੱਜ ਵਿਚ ਸਨ ਜਿਵੇਂ। ਕਈ ਦਿਨਾਂ ਪਿਛੋਂ ਜਪੀ ਨੂੰ ਉਸ ਨੱਠ-ਭੱਜ ਬਾਰੇ ਥੋੜ੍ਹਾ ਜਿੰਨਾ ਸਪੱਸ਼ਟ ਹੋਇਆ ਤਾਂ ਉਹ ਸ਼ਸ਼ੋਪੰਜ ਵਿਚ ਫਸ ਕੇ ਰਹਿ ਗਈ। ਜੀਜਾ ਜੀ ਨੇ ਕੁਝ ਕਾਗਜ਼ ਉਸ ਦੇ ਸਾਮ੍ਹਣੇ ਰੱਖ ਕੇ ਦਸਖਤ ਕਰਨ ਲਈ ਕਿਹਾ ਸੀ। ਉਸ ਨੇ ਸਵਾਲੀਆ ਨਜ਼ਰਾਂ ਚੁੱਕੀਆਂ ਤਾਂ ਭੈਣ ਨੇ ਕਿਹਾ, "ਕੁਝ ਨਹੀਂ, ਬੱਸ ਤੇਰੇ ਵੱਲੋਂ ਸਾਨੂੰ ਗਾਰਡੀਅਨ ਮੰਨੇ ਜਾਣ ਬਾਰੇ ਤੇਰੇ ਹਲਫ਼ੀਆ ਬਿਆਨਾਂ ਦੇ ਕਾਗਜ਼ ਨੇ। ਕੁਝ ਕਾਗਜ਼ ਹੋਰ ਵੀ ਨੇ। ਸ਼ਾਇਦ ਸਰਕਾਰ ਵੱਲੋਂ ਕੁਝ ਮਦਦ ਮਿਲ ਜਾਵੇ।"

ਜਪੀ ਨੂੰ ਅਚਾਨਕ ਇਹ ਸਭ ਸ਼ੱਕੀ ਜਿਹਾ ਲੱਗਿਆ। ਦਾਲ ਵਿਚ ਕੁਝ ਕਾਲਾ ਸੀ ਜ਼ਰੂਰ। ਪਰ ਕੀ? ਇਸ ਦੀ ਕੋਈ ਸਪੱਸ਼ਟ ਸਮਝ ਉਸ ਨੂੰ ਨਹੀਂ ਸੀ ਪੈ ਰਹੀ।

ਜਪੀ ਨੂੰ ਸਿੱਧਾ ਮੁਹਾਲੀ ਦੀ ਥਾਂ ਇਥੇ ਲੈ ਕੇ ਆਉਣਾ। ਏਨੇ ਦਿਨ ਇਥੇ ਹੀ ਡੱਕੀ ਰੱਖਣਾ। ਤੇ ਹੁਣ ਉਹ ਕਾਗਜ਼? ਕੋਈ ਰਹੱਸ ਸੀ ਜ਼ਰੂਰ। ਜਪੀ ਹੁਣ ਕੀ ਕਰੇ? ਉਸ ਨੇ ਸੋਚਣ ਦੀ ਮੁਹਲਤ ਮੰਗ ਲਈ। ਦੋ ਦਿਨ ਲੰਘ ਗਏ। ਭੈਣ ਅਤੇ ਜੀਜਾ ਜੀ ਉਸ ਨੂੰ ਕਈ ਢੰਗਾਂ ਨਾਲ ਸਮਝਾਉਂਦੇ ਰਹੇ। ਇੰਝ ਹੀ ਯੂ.ਪੀ. ਦੁਬਾਰਾ ਛੱਡ ਆਉਣ ਦੀ ਧਮਕੀ ਵੀ ਦੇ ਦਿੱਤੀ ਗਈ ਸੀ।

ਜਪੀ ਦੇ ਦਿਮਾਗ ਵਿਚ ਇਕੋ-ਇਕ ਰੌਸ਼ਨੀ ਦੀ ਕਿਰਨ ਜਾਗੀ। ਮਾਮਾ ਜੀ। ਉਨ੍ਹਾਂ ਨੂੰ ਮਿਲਣ ਦੀ ਲੋੜ ਹੋਈ। ਪਰ ਮਿਲੇ ਕਿਵੇਂ? ਉਸ ਭੈਣ ਕੋਲੋਂ ਐਫ਼ੀਡੇਵਿਟ ਅਤੇ ਕਾਗਜ਼-ਪੱਤਰ ਪੜ੍ਹਨ ਲਈ ਮੰਗ ਲਏ। ਮਿੱਠੀ-ਮੁਹਾਰੀ ਜਿਹੀ ਹੋ ਗਈ। ਫਿਰ ਅਗਲੇ ਹੀ ਦਿਨ ਭੈਣ ਹੋਰਾਂ ਨੂੰ ਚੋਰ-ਘਚਾਨੀ ਦੇ ਕੇ ਗਲ ਪਹਿਨੇ ਜਾਂਦੇ ਕਪੜਿਆਂ ਵਿਚ ਹੀ ਮਾਮਾ ਜੀ ਕੋਲ ਪਹੁੰਚਣ ਲਈ ਬਸ ਫੜ ਲਈ।

ਜਪੀ ਨੂੰ ਕੁਵੇਲੇ ਅਤੇ ਰੁਲੀ ਜਿਹੀ ਹਾਲਤ ਵਿਚ ਇਕੱਲਿਆਂ ਆਇਆਂ ਵੇਖ ਮਾਮਾ-ਮਾਮੀ ਜੀ ਘਬਰਾ ਉੱਠੇ ਸਨ। ਉਸ ਕੋਲੋਂ ਸਾਰੀ ਗੱਲ ਸੁਣਨ ਅਤੇ ਕਾਗਜ਼ ਪੜ੍ਹਨ ਉਪਰੰਤ ਉਹ ਦੋਵੇਂ ਇਕਦਮ ਚੁੱਪ ਕਰ ਰਹੇ ਸਨ। ਚੁੱਪ ਕਮਰੇ ਵਿਚ ਪਸਰ ਗਈ ਸੀ, ਪਸਰੀ ਰਹੀ ਸੀ। ਤੇ ਚੁੱਪ ਦੇ ਉਸ ਮਾਹੌਲ ਵਿਚ ਜਪੀ ਨੂੰ ਗੱਲ ਦਾ ਰਹੱਸ ਹੋਰ ਵੀ ਡੂੰਘਾ ਹੋ ਗਿਆ ਲੱਗਿਆ।

ਮਾਮਾ ਜੀ ਦਾ ਚਿਹਰਾ ਅਚਾਨਕ ਸਖ਼ਤ ਹੋ ਗਿਆ ਸੀ। ਬੁਲ੍ਹ ਕੰਬਣ ਲੱਗ ਪਏ ਸਨ, "ਕਮੀਨੇ...ਨੀਚ..."

ਫਿਰ ਸ਼ਾਇਦ ਉਹ ਜਪੀ ਦੀ ਮਨੋ-ਅਵਸਥਾ ਭਾਂਪ ਗਏ ਸਨ, "ਚੰਗਾ ਕੀਤਾ



ਬੇਟੇ, ਤੂੰ ਸਾਈਨ ਨਹੀਂ ਕੀਤੇ। ਅਸੀਂ ਫ਼ਿਕਰ ਵਿਚ ਸੀ ਬਈ ਏਨੇ ਦਿਨ ਯੂ.ਪੀ. ਹੀ ਕਿਉਂ ਲਾ ਦਿੱਤੇ ਨੇ। ਪਰ ਸਾਨੂੰ ਕੀ ਪਤਾ ਸੀ। ਹੁਣ ਤੂੰ ਫ਼ਿਕਰ ਨਾ ਕਰ। ਅਸੀਂ ਹੈਗੇ ਆਂ..."

ਮਾਮਾ ਜੀ ਵੱਲੋਂ ਦੱਸੀਆਂ ਗੱਲਾਂ ਨੇ ਜਪੀ ਸਾਹਵੇਂ ਭੈਣ ਹੋਰਾਂ ਦਾ ਹੇਜ ਨੰਗਾ ਕਰ ਕੇ ਰੱਖ ਦਿੱਤਾ। ਫ਼ੌਜ ਅਤੇ ਸਰਕਾਰ ਵੱਲੋਂ ਮਿਲਣ ਵਾਲੀ ਆਰਥਿਕ ਮੱਦਦ ਦੋ ਲੱਖ ਤੋਂ ਉਪਰ ਬਣਦੀ ਸੀ। ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਮਿਲਣੀ ਸੀ। ਉਸ ਦੀ ਹੱਕਦਾਰ ਸਿਰਫ਼ ਜਪੀ ਸੀ। ਜਪੀ ਦੀ ਗਾਰਡੀਅਨ ਬਣ ਕੇ ਭੈਣ ਨੌਕਰੀ ਵੀ ਹਥਿਆ ਸਕਦੀ ਸੀ ਅਤੇ ਪੈਸਾ ਵੀ।

ਅਗਲੀ ਸਵੇਰ ਭੈਣ-ਜੀਜਾ ਆ ਧਮਕੇ। ਮਾਮਾ ਜੀ ਅਤੇ ਉਨ੍ਹਾਂ ਵਿਚਕਾਰ ਬੜੀ ਤਿੱਖੀ ਝੜੱਪ ਹੋਈ। ਮਾਮਾ ਜੀ ਅੰਦਰ ਸ਼ਾਇਦ ਨਫ਼ਰਤ ਦਾ ਇਕ ਲਾਵਾ ਸੀ ਕਿ ਉਨ੍ਹਾਂ ਨੇ ਦੋਵਾਂ ਨੂੰ ਦਰੋਂ ਬਾਹਰ ਹੋ ਜਾਣ ਲਈ ਕਹਿ ਦਿੱਤਾ। ਭੈਣ ਉਨ੍ਹਾਂ ਦੇ ਘਰ ਕਦੀ ਵੀ ਪੈਰ ਨਾ ਪਾਉਣ ਦੀ ਸਹੁੰ ਚੁੱਕ ਗਈ ਸੀ ਤੇ ਜੀਜਾ ਜਾਂਦਾ-ਜਾਂਦਾ ਧਮਕੀ ਦੇ ਗਿਆ ਸੀ ਕਿ ਉਹ ਇਸ ਬੇਇੱਜ਼ਤੀ ਦਾ ਅਜਿਹਾ ਬਦਲਾ ਲਵੇਗਾ ਕਿ ਵੇਖਣ ਅਤੇ ਸੁਣਨ ਵਾਲੇ ਦੀ ਰੂਹ ਕੰਬ ਉੱਠੇਗੀ।

ਜਪੀ ਕਿੰਨਾ ਹੀ ਚਿਰ ਅਜੀਬ ਜਿਹੀ ਪੀੜ-ਪਰੋਤੀ ਮਾਨਸਿਕ ਅਵਸਥਾ ਵਿਚ ਘਿਰੀ ਬੈਠੀ ਰਹੀ। ਭੈਣ ਨਾਲ ਐਨੇ ਨੇੜੇ ਦੇ ਰਿਸ਼ਤੇ ਦੇ ਰੂਪ ਵਿਚ ਨਿਰਾਰਥਕਤਾ ਬਾਰੇ ਸੋਚਦੀ ਰਹੀ।

ਭੈਣ ਹੋਰੀਂ ਚਲੇ ਗਏ। ਪਰ ਜੀਜੇ ਵੱਲੋਂ ਪਿੱਛੇ ਛੱਡੀ ਧਮਕੀ ਸਾਰੇ ਘਰ ਦੀਆਂ ਅਤੇ ਸਾਰੇ ਜੀਆਂ ਦੇ ਮਨਾਂ ਦੀਆਂ ਕੰਧਾਂ ਨਾਲ ਚਿਪਕ ਕੇ ਰਹਿ ਗਈ। ਮਾਮਾ ਜੀ ਜਪੀ ਨੂੰ ਬਹੁਤ ਧਰਵਾਸ ਦਿੰਦੇ। ਇਹ ਬਹੁਤ ਧਰਵਾਸ ਦੇਣਾ ਦੱਸ ਰਿਹਾ ਸੀ ਕਿ ਉਹ ਖੁਦ ਵੀ ਅੰਦਰੋਂ ਡੋਲੇ ਪਏ ਸਨ। ਜੀਜੇ ਦੇ ਸੁਭਾਅ ਦੇ ਕਮੀਨੇਪਣ ਬਾਰੇ ਸਾਰੇ ਰਿਸ਼ਤੇਦਾਰ ਬਹੁਤ ਪਹਿਲਾਂ ਤੋਂ ਜਾਣੂ ਸਨ। ਹੁਣ ਪਤਾ ਨਹੀਂ ਉਹ ਕਿਸ ਹੱਦ ਤੱਕ ਕਮੀਨਾਪੁਣ ਕਰ ਜਾਵੇ।

ਉਸ ਦਿਨ ਜਿਵੇਂ ਸਾਰੇ ਪਰਿਵਾਰ ਦੇ ਮਨਾਂ ਦੀਆਂ ਕੰਧਾਂ ਕੰਬ ਕੇ ਪਥਰਾ ਗਈਆਂ ਸਨ।

ਚੰਡੀਗੜ੍ਹ ਵਿਚ ਬਹੁਤ ਵੱਡੀ ਵਾਰਦਾਤ ਹੋਈ ਸੀ।

ਕਈ ਜਾਨਾਂ ਪਲਕ-ਝਪਕਾਰੇ ਵਿਚ ਬੇਜਾਨ ਹੋ ਗਈਆਂ ਸਨ। ਘਟਨਾ ਦੀ ਜ਼ਿੰਮੇਵਾਰੀ ਉਸੇ ਗਰੁੱਪ ਨੇ ਚੁੱਕੀ ਸੀ ਜਿਸ ਗਰੁੱਪ ਨੇ ਜਪੀ ਦੇ ਪਰਿਵਾਰ ਦੇ ਪੰਜ ਜੀਆਂ ਨੂੰ ਖ਼ੱਤਮ ਕੀਤਾ ਸੀ।

ਖ਼ਬਰ ਸੁਣਦੇ ਸਾਰ ਸਾਰਾ ਪਰਿਵਾਰ ਸੁੰਨ ਅਵਸਥਾ ਵਿਚ ਘਿਰ ਗਿਆ ਸੀ। ਮਾਮਾ-ਮਾਮੀ ਜੀ ਇਕਦਮ ਚੁੱਪ ਸਾਧ ਗਏ ਸਨ। ਜਪੀ ਉਸ ਚੁੱਪ ਵਿਚ ਘਿਰੀ ਪਤਾ ਨਹੀਂ ਕਿਉਂ ਆਪਣੇ ਆਪ ਕੋਲੋਂ ਲੁਕ ਰਹੀ ਸੀ। ਉਸ ਨੂੰ ਲੱਗ ਰਿਹਾ ਸੀ, ਉਸ ਘਰ ਉੱਤੇ ਛਾਏ ਸਹਿਮ ਦੀ ਜ਼ਿੰਮੇਵਾਰ ਕਿਵੇਂ-ਨਾ-ਕਿਵੇਂ ਉਹੀ ਸੀ। ਰਾਤੀਂ ਉਹ ਰਹੀ ਰਾਤ ਤੱਕ ਸੌਂ ਨਹੀਂ ਸੀ ਸਕੀ। ਮੰਜੇ ਉੱਤੇ ਪਾਸੇ ਬਦਲਦੀ ਰਹੀ।

ਅੱਧੀ ਰਾਤ ਦਾ ਸਮਾਂ ਹੋਵੇਗਾ ਕਿ ਉਹ ਤ੍ਰਭਕ ਕੇ ਉੱਠ ਬੈਠੀ।

ਨਾਲ ਦੇ ਕਮਰੇ ਦੀ ਬੱਤੀ ਜਗੀ ਸੀ। ਉਹ ਮਲਕੜੇ ਜਿਹੇ ਖਿੜਕੀ ਲਾਗੇ ਸਰਕ ਆਈ ਸੀ। ਮਾਮਾ ਜੀ ਬੱਚਿਆਂ ਵਾਲੇ ਕਮਰੇ ਵਿਚ ਆਏ ਸੀ। ਉਹ ਸੁੱਤੇ ਪਏ ਦੋਵੇਂ ਬੱਚਿਆਂ ਵੱਲ ਇਕ-ਟੱਕ ਵੇਖ ਰਹੇ ਸਨ। ਉਨ੍ਹਾਂ ਦੇ ਚਿਹਰੇ ਉੱਤੇ ਥਕਾਵਟ ਦੇ ਭਾਵ ਸਨ। ਜਪੀ ਮਾਮਾ ਜੀ ਦੇ ਚਿਹਰੇ ਦੇ ਭਾਵਾਂ ਵਿਚੋਂ ਅਰਥਾਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਕਿ ਮਾਮਾ ਜੀ ਇਕਦਮ ਬੱਚਿਆਂ ਦੇ ਸਿਰਹਾਣੇ ਬੈਠ ਗਏ। ਸੱਤ ਸਾਲ ਦੀ ਬੱਚੀ ਦੇ ਸਿਰ ਦੁਆਲੇ ਬਾਂਹ ਵਲ ਲਈ ਅਤੇ ਬੇਤਹਾਸ਼ਾ ਉਸ ਦੇ ਮੱਥੇ ਅਤੇ ਗੱਲ੍ਹਾਂ ਨੂੰ ਚੁੰਮਣ ਲੱਗ ਪਏ। ਗੂੜ੍ਹੀ ਨੀਂਦ ਵਿਚੋਂ ਬੱਚੀ ਨੇ ਕਸਮਸਾ ਕੇ ਪਾਸਾ ਪਰਤ ਲਿਆ ਤਾਂ ਮਾਮਾ ਜੀ ਇਕਦਮ ਖੜ੍ਹੇ ਹੋ ਗਏ। ਮਾਮਾ ਜੀ ਦੀਆਂ ਪਲਕਾਂ ਵਿਚੋਂ ਹੰਝੂ ਚਮਕ ਕੇ ਢਲਕੇ ਸਨ ਅਤੇ ਗੱਲ੍ਹਾਂ ਉੱਤੇ ਵਹਿ ਕੇ ਦਾੜ੍ਹੀ ਵਿਚ ਸਮਾ ਗਏ ਸਨ। ਉਦੋਂ ਹੀ ਦਰਾਂ ਵਿਚ ਮਾਮੀ ਜੀ ਵਿਖਾਈ ਦਿੱਤੇ। ਉਨ੍ਹਾਂ ਨੇ ਮਾਮਾ ਜੀ ਦੀ ਪਿੱਠ ਪਲੋਸੀ ਤਾਂ ਮਾਮਾ ਜੀ ਸਿਰ ਉਨ੍ਹਾਂ ਦੇ ਮੋਢੇ ਨਾਲ ਟੇਕ ਕੇ ਇਜ ਉਨ੍ਹਾਂ ਦੇ ਨਾਲ ਲੱਗੇ ਆਪਣੇ ਕਮਰੇ ਵੱਲ ਚਲੇ ਗਏ ਸਨ ਜਿਵੇਂ ਕੋਈ ਚਿਰਾਂ ਦਾ ਬਿਮਾਰ ਸਹਾਰਾ ਲੈ ਕੇ ਤੁਰਦਾ ਜਾ ਰਿਹਾ ਹੋਵੇ।

ਸਵੇਰੇ ਨਾਸ਼ਤੇ ਸਮੇਂ ਖਾਣੇ ਦੀ ਮੇਜ਼ ਉੱਤੇ ਉਹ ਮਾਮਾ ਜੀ ਦੇ ਸਰਹਾਣੇ ਵਾਲੀ ਕੁਰਸੀ ਉੱਤੇ ਆ ਬੈਠੀ। ਉਹ ਨੀਵੀਂ ਪਾਈ ਨਾਸ਼ਤਾ ਕਰ ਰਹੇ ਸਨ। ਉਨ੍ਹਾਂ ਦੇ ਹੱਥ ਵਿਚ ਪਰੌਂਠੇ ਦੀ ਬੁਰਕੀ ਸੀ ਅਤੇ ਜਪੀ ਦੇ ਮਨ ਵਿਚ ਰਾਤ-ਭਰ ਜਾਗ ਕੇ ਪੱਕਾ ਕੀਤਾ ਫ਼ੈਸਲਾ ਸੀ।

"ਮਾਮਾ ਜੀ," ਉਹ ਕੋਲ ਪਈ ਕਾਪੀ ਉੱਤੇ ਕੁਝ ਝਰੀਟਣ ਲੱਗ ਪਈ।

"ਆਂ...ਹਾਂ....ਦੱਸ ਬੇਟੇ...."

"ਮੈਂ ਐਮ.ਏ. ਦੀ ਅਧੂਰੀ ਪੜ੍ਹਾਈ ਪੂਰੀ ਕਰਨੀ ਚਾਹੁੰਦੀ ਹਾਂ। ਹੁਣੇ ਤੋਂ"

"ਮਤਲਬ?" ਉਹ ਇਜ ਤ੍ਰਭਕੇ ਸੀ ਜਿਵੇਂ ਨੀਂਦ ਵਿਚੋਂ ਜਾਗੇ ਹੋਣ।

"ਤੇ ਪੜ੍ਹਾਂਗੀ ਵੀ ਹੋਸਟਲ ਵਿਚ ਰਹਿ ਕੇ।"

ਮਾਮਾ-ਮਾਮੀ ਜੀ ਨੇ ਆਪਸ ਵਿਚ ਨਜ਼ਰ ਮਿਲਾਈ ਸੀ ਜਿਵੇਂ ਉਸ ਦੀ ਗੱਲ ਸਮਝਣ ਦੀ ਕੋਸ਼ਿਸ਼ ਵਿਚ ਹੋਣ, "ਤੈਨੂੰ... ਇੱਥੇ ਕੋਈ ਤਕਲੀਫ਼...? ਮੇਰਾ ਭਾਵ...ਕਿਸੇ ਕਿਸਮ ਦੀ ਕੋਈ ਤੰਗੀ? ....ਬੇਟੇ..."

"ਮਾਮਾ ਜੀ...," ਤੇ ਉਹ ਕੁਝ ਪਲਾਂ ਲਈ ਰੁਕੀ ਜਿਵੇਂ ਆਪਣੀ ਗੱਲ ਨੂੰ ਤੋਲ ਰਹੀ ਹੋਵੇ, "ਮਾਮਾ ਜੀ... ਮੈਂ ਤੁਹਾਨੂੰ, ਰਾਤੀਂ, ਮੁੰਨੀ ਨੂੰ ਬੇਤਹਾਸ਼ਾ ਚੁੰਮਦੇ ਵੇਖਿਆ ਹੈ...."

ਮਾਮਾ ਜੀ ਕੁਝ ਪਲ ਉਸ ਦੇ ਚਿਹਰੇ ਵੱਲ ਵੇਖਦੇ ਰਹੇ। ਇਕ-ਟਕ ਤੇ ਫਿਰ ਠੰਢਾ ਸਾਹ ਭਰਿਆ ਸੀ, "ਦੇਖ ਬੇਟੇ, ਜੇ ਮੈਂ ਕਹਾਂ, ਮੈਂ ਇਕਦਮ ਵੀ ਨਹੀਂ ਡਰਿਆ, ਤਾਂ ਇਹ ਆਪਣੇ ਆਪ ਸਾਮ੍ਹਣੇ ਝੂਠ ਬੋਲਣ ਜਿਹਾ ਹੋਵੇਗਾ। ਇਹ ਸੱਚ ਹੈ ਕਿ ਅਸੀਂ ਸਾਰੇ ਡਰੇ ਹੋਏ ਹਾਂ। ਪਰ ਇਸ ਵਿਚ ਤੂੰ ਜ਼ਿੰਮੇਵਾਰ ਕਿਵੇਂ ਹੈ? ਨਾਲੇ ਇਹ ਸੰਤਾਪ ਇਕੱਲੇ ਆਪਣੇ ਹੀ ਪਰਿਵਾਰ ਦਾ ਤਾਂ ਨਹੀਂ ਨਾ ਬੇਟੇ। ਪਤਾ ਨਹੀਂ ਹੋਰ ਕਿੰਨੇ ਕੁ ਪਰਿਵਾਰਾਂ ਦਾ



ਇਹੋ ਸੰਤਾਪ ਹੈ। ਆਪਾਂ ਇਕੱਠੇ ਝੱਲਾਂਗੇ... ਇਜ ਡੋਲਣ ਨਾਲ ਤਾਂ..."

ਜਪੀ ਕੁਝ ਨਹੀਂ ਬੋਲੀ। ਨੀਵੀਂ ਪਾਈ ਬੇਧਿਆਨੇ ਬੈਠੀ ਕਾਪੀ ਉੱਤੇ ਕੁਝ ਝਰੀਟਦੀ ਰਹੀ। ਕੁਰਸੀ ਹਿੱਲਣ ਤੋਂ ਉਸ ਅੰਦਾਜ਼ਾ ਲਾਇਆ ਕਿ ਮਾਮੀ ਜੀ ਉੱਠੇ ਹੋਣੇ ਨੇ। ਹੁਣ ਮਾਮੀ ਜੀ ਦਾ ਹੱਥ ਉਸ ਦੇ ਵਾਲਾਂ ਨੂੰ ਪੋਲੇ-ਪੋਲੇ ਪਲੋਸ ਰਿਹਾ ਸੀ। ਉਸ ਦੇ ਸਰੀਰ ਨੂੰ ਇਕ ਡੂੰਘਾ ਹਉਕਾ ਅਚਾਨਕ ਝੰਜੋੜ ਗਿਆ ਅਤੇ ਅੱਖਾਂ ਵਿਚੋਂ ਦੋ ਹੰਝੂ ਟਪਕ ਕੇ ਕਾਗਜ਼ ਉੱਪਰ ਜਾ ਡਿੱਗੇ। ਮਾਮੀ ਜੀ ਨੇ ਉਸ ਦਾ ਸਿਰ ਆਪਣੀ ਬੁੱਕਲ ਵਿਚ ਭਰ ਲਿਆ ਸੀ। ਇਬਾਰਤ ਉੱਤੇ ਨਜ਼ਰ ਪਈ ਹੋਣੀ ਹੈ ਸ਼ਾਇਦ ਕਿ ਮਾਮੀ ਜੀ ਨੇ ਕਾਹਲੀ ਨਾਲ ਕਾਪੀ ਜਿਵੇਂ ਧਰੂਹ ਜਿਹੀ ਲਈ। ਕੁਝ ਪਲ ਕਦੀ ਕਾਪੀ, ਕਦੀ ਜਪੀ ਵੱਲ ਵੇਖਦੀ ਰਹੀ। ਫਿਰ ਕਾਪੀ ਮਾਮਾ ਜੀ ਵੱਲ ਵਧਾ ਦਿੱਤੀ। ਮਾਮਾ ਜੀ ਦੀਆਂ ਨਜ਼ਰਾਂ ਜਪੀ ਉੱਤੇ ਗੱਡੀਆਂ ਗਈਆਂ। ਪਰੇਸ਼ਾਨੀ ਅਤੇ ਡੂੰਘੀ ਸੋਚ ਦੇ ਭਾਵ ਉਨ੍ਹਾਂ ਦੀਆਂ ਅੱਖਾਂ ਵਿਚ ਤੈਰ ਰਹੇ ਸਨ। ਉਹ ਝਟਕੇ ਨਾਲ ਉੱਠ ਕੇ ਜਪੀ ਦੇ ਲਾਗੇ ਪਹੁੰਚੇ ਸਨ। ਉਸ ਨੂੰ ਦੋਵੇਂ ਮੋਢਿਆਂ ਤੋਂ ਫੜ ਖੜ੍ਹਿਆਂ ਕੀਤਾ। ਲਾਗੇ ਪਏ ਸੋਫ਼ੇ ਉਪਰ ਜਾ ਬੈਠੇ ਸਨ, ਉਸ ਨੂੰ ਆਪਣੀ ਝੋਲੀ ਵਿਚ ਸਮੇਟੀ। ਉਸ ਦਾ ਮੱਥਾ ਚੁੰਮ ਕਿੰਨਾ ਹੀ ਚਿਰ ਉਸ ਨੂੰ ਆਪਣੇ ਨਾਲ ਘੁੱਟੀ ਬੈਠੇ ਰਹੇ ਸਨ।

ਜਪੀ ਨੇ ਸੋਚਿਆ, ਬੇਧਿਆਨੇ ਉਹ ਅਜਿਹਾ ਕੀ ਲਿਖ ਗਈ ਸੀ?

ਉਹ ਸੰਭਲ ਕੇ ਬੈਠ ਗਈ ਅਤੇ ਲਾਗੇ ਪਈ ਕਾਪੀ ਚੁੱਕ ਲਈ। ਕਾਪੀ ਦੇ ਅੱਧੇ ਤੋਂ ਵੱਧ ਸਫ਼ੇ ਉੱਤੇ ਇਕੋ ਗੱਲ ਵਾਰ-ਵਾਰ ਝਰੀਟੀ ਹੋਈ ਸੀ, "ਸ਼ਹੀਦ ਮੇਜਰ ਹਰਜੀਤ ਸਿੰਘ ਦੀ ਧੀ ਜਪੀ...ਸ਼ਹੀਦ ਮੇਜਰ ਅਰਜੀਤ ਸਿੰਘ ਦੀ ਧੀ ਜਪੀ...ਸ਼ਹੀਦ ਮੇਜਰ...।" ਤੇ ਸਫ਼ੇ ਦੇ ਅਖ਼ੀਰ ਵਿਚ ਕਈ ਵਾਰ ਉਲੀਕਿਆ ਹੋਇਆ ਸੀ, "ਜਪੀ ਕਿਸੇ ਤੋਂ ਨਹੀਂ ਡਰੇਗੀ...ਜਪੀ ਕਿਸੇ ਤੋਂ ਨਹੀਂ ਡਰਦੀ...ਜਪੀ ਕਿਸੇ ਤੋਂ..."

ਉਦੋਂ ਹੀ ਮਾਮਾ ਜੀ ਦੀ ਇਕ ਦ੍ਰਿੜ ਆਵਾਜ਼ ਉਭਰੀ ਸੀ, "ਠੀਕ ਹੈ ਜਪੀ, ਤੂੰ ਪੜ੍ਹੇਂਗੀ। ਮੈਂ ਕੱਲ੍ਹ ਹੀ ਪ੍ਰਾਸਪੈਕਟਸ ਮੰਗਵਾ ਲਵਾਂਗਾ। ਪਰ ਪੜ੍ਹੇਂਗੀ ਘਰ ਵਿਚ, ਸਾਡੇ ਕੋਲ। ਇੱਥੋਂ ਹੀ ਪੜ੍ਹਨ ਜਾਇਆ ਕਰੇਂਗੀ।" ਫਿਰ ਕੁਝ ਪਲ ਰੁਕ ਕੇ ਕਿਹਾ, "ਆਪਾਂ ਸਾਰੇ ਅੰਦਰੋਂ ਛਟਪਟਾ ਰਹੇ ਹਾਂ। ਇਸ ਡਰ ਵਿਚੋਂ ਉਭਰਨਾ ਚਾਹੁੰਦੇ ਹਾਂ। ਪਰ ਬੇਟੇ, ਆਪਣੇ ਆਪ ਨੂੰ ਇਸ ਤਰ੍ਹਾਂ ਉਜਾਗਰ ਨਹੀਂ ਕਰਨਾ। ਇਸ ਤਰ੍ਹਾਂ ਦੀ ਦਲੇਰੀ ਦਾ ਵਿਖਾਲਾ ਕਈ ਵਾਰ ਬੜਾ ਘਾਤਕ ਸਿੱਧ ਹੋ ਸਕਦਾ ਹੈ।"

ਜਪੀ ਦੀ ਪੜ੍ਹਾਈ ਸ਼ੁਰੂ ਹੋ ਗਈ ਸੀ। ਸ਼ੁਰੂ ਵੀ ਹੋਈ ਸੀ ਅਤੇ ਪੂਰੀ ਵੀ।

ਉਹ ਅੰਦਰਲੇ ਡਰ ਵਿਚੋਂ ਉਭਰ ਆਏ ਸਨ ਹੌਲੀ-ਹੌਲੀ। ਲਗਾਤਾਰ ਡਰ ਨੂੰ ਝੱਲਦਾ ਬੰਦਾ ਕਿਵੇਂ ਡਰ ਤੋਂ ਮੁਕਤ ਹੁੰਦਾ ਜਾਂਦਾ ਹੈ, ਇਹ ਜਪੀ ਨੇ ਉਨ੍ਹਾਂ ਦਿਨਾਂ ਵਿਚ ਮਹਿਸੂਸ ਕੀਤਾ ਸੀ। ਉਹ ਤਾਂ ਡਰ ਤੋਂ ਮੁਕਤ ਹੋ ਗਏ ਸੀ, ਪਰ ਲੋਕ? ਦੁਆਲੇ ਦੀ ਦੁਨੀਆਂ?

"ਚਾਹ ਪੁੱਛਣ ਆਇਆਂ, ਭੈਣ ਜੀ" ਸਾਮ੍ਹਣੇ ਚਾਹ ਵਾਲਾ ਹੈ। ਰੋਜ਼ਾਨਾ ਅੱਧੀ ਛੁੱਟੀ ਵੇਲੇ ਚਾਹ ਆਪਣੇ ਆਪ ਬਣਾ ਕੇ ਦੇ ਜਾਂਦਾ ਹੈ। ਅੱਜ ਸਕੂਲ ਛੁੱਟੀ ਹੋ ਜਾਣ ਕਾਰਨ ਪੁੱਛਣ ਆ ਗਿਆ ਹੈ ਸ਼ਾਇਦ। ਜਪੀ ਨੂੰ ਆਪਣੇ ਅੰਦਰ ਭੁੱਖ ਜਾਗੀ

ਮਹਿਸੂਸ ਹੁੰਦੀ ਹੈ। ਉਹ ਰੋਟੀ ਦੇ ਡੱਬੇ ਵੱਲ ਵੇਖਦੀ ਹੈ। ਨਹੀਂ, ਇਹ ਫੈਸਲਾ ਤਾਂ ਉਹ ਸਵੇਰੇ ਹੀ ਲੈ ਚੁੱਕੀ ਹੈ ਕਿ ਅੱਜ ਉਹ ਡੱਬੇ ਵਾਲੀ ਰੋਟੀ ਨਹੀਂ ਖਾਵੇਗੀ। ਜੇ ਉਸ ਦਾ ਸ਼ੱਕ ਸਹੀ ਸਿੱਧ ਹੋ ਗਿਆ ਫਿਰ ਇਹੀ ਰੋਟੀਆਂ ਤਾਂ...

"ਲੈ ਆ ਇਕ ਕੱਪ, ਨਾਲ ਦੋ ਮੱਠੀਆਂ ਲੈਂਦਾ ਆਈਂ।"

ਉਹ ਫਿਰ ਰੋਟੀ ਵਾਲੇ ਡੱਬੇ ਵੱਲ ਵੇਖਦੀ ਹੈ। ਡੱਬੇ ਤੋਂ ਉਸ ਨੂੰ ਡਰ ਆਉਂਦਾ ਹੈ। ਉਹ ਅੰਦਰ ਹੀ ਅੰਦਰ ਛਟਪਟਾਉਂਦੀ ਹੈ।

ਇਹ ਛਟਪਟਾਹਟ ਵੀ ਕਿਵੇਂ ਵਾਰ-ਵਾਰ ਆ ਪ੍ਰਵੇਸ਼ ਕਰਦੀ ਹੈ ਉਸ ਦੇ ਜੀਵਨ ਵਿਚ।

ਤੇ ਕੀਰਤੀ ਭੂਆ ਦੀ ਛਟਪਟਾਹਟ?

ਉਸ ਤੋਂ ਪਹਿਲਾਂ ਜਪੀ ਨੇ ਕੀਰਤੀ ਭੂਜੀ ਨੂੰ ਕਦੀ ਇਸ ਛਟਪਟਾਉਂਦੇ ਨਹੀਂ ਸੀ ਵੇਖਿਆ। ਸਾਦੇ-ਪਣ ਦੀ ਮੂਰਤ ਕੀਰਤੀ ਭੂਆ ਜੀ, ਮਾਮਾ ਜੀ ਦੇ ਪਰਿਵਾਰ ਦੀ ਮਿੱਤਰ। ਉਨ੍ਹਾਂ ਜਿਹੇ ਕਿੰਨੇ ਹੀ ਅਦਬੀ ਪਰਿਵਾਰਾਂ ਲਈ ਉਹ ਜਗਤ ਦੀਦੀ ਸਨ ਅਤੇ ਬੱਚਿਆਂ ਲਈ ਜਗਤ ਭੂਜੀ। ਉਸ ਸਾਦੇ ਵਿਅਕਤੀਤਵ ਦੇ ਅੰਦਰ ਜੀਵਨ ਦੀ ਡੂੰਘੀ ਸਮਝ ਅਤੇ ਜੀਵਨ ਕੀਮਤਾਂ ਦੀ ਉੱਚਾਈ ਨੂੰ ਉਨ੍ਹਾਂ ਦੇ ਨੇੜੇ ਰਹਿ ਕੇ ਹੀ ਜਾਣਿਆ ਸੀ ਜਪੀ ਨੇ। ਐਮ.ਏ. ਕਰਨ ਦੇ ਦੌਰਾਨ ਜਪੀ ਬਹੁਤਾ ਸਮਾਂ ਕੀਰਤੀ ਭੂਜੀ ਦੀ ਸਰਪ੍ਰਸਤੀ ਵਿਚ ਹੀ ਤਾਂ ਵਿਚਰੀ ਸੀ।

ਤੇ ਉਸ ਦਿਨ ਕੀਰਤੀ ਭੂਜੀ ਦੀ ਛਟਪਟਾਹਟ।

ਉਸ ਦਿਨ ਜਪੀ ਜਦੋਂ ਕੀਰਤੀ ਭੂਜੀ ਦੀ ਕੋਠੀ ਪਹੁੰਚੀ ਤਾਂ ਹਨੇਰਾ ਸੰਘਣਾ ਹੋ ਚੁੱਕਿਆ ਸੀ। ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚੋਂ ਕੁਝ ਕਿਤਾਬਾਂ ਲੈਣ ਲਈ ਆਈ ਸੀ ਜਪੀ। ਕਮਰੇ ਦੇ ਚਾਨਣ ਵਿਚ ਤਿੰਨੇ ਸਾਫ਼ ਵਿਖਾਈ ਦੇ ਰਹੇ ਸਨ। ਮਾਮਾ-ਮਾਮੀ ਅਤੇ ਭੂਜੀ। ਭੂਜੀ ਬਹੁਤ ਬੇਚੈਨੀ ਨਾਲ ਇੱਧਰੋਂ ਉਧਰ ਤੁਰ ਰਹੇ ਸਨ। ਜਪੀ ਅੰਦਰ ਜਾਣੋਂ ਝਿਜਕੀ। ਜ਼ਰੂਰ ਕੁਝ-ਕੁਝ ਗੰਭੀਰ ਵਾਪਰਿਆ ਸੀ। ਨਹੀਂ ਫਿਰ ਭੂਜੀ ਦੀ ਇਹ ਛਟਪਟਾਹਟ? ਉਹ ਨ੍ਹੇਰੇ ਦੀ ਓਟ ਵਿਚ ਖਿੜਕੀ ਦੇ ਨੇੜੇ ਹੋ ਗਈ।

"ਚਲੋ ਛੱਡੋ ਦੀਦੀ, ਤਾਂ ਕੀ ਹੋਇਆ।"

"ਹੂੰਹ, ਫੋਕੇ ਆਦਰਸ਼, ਵੱਡੇ ਹੋਣ ਦਾ ਵੇਤ। ਕਿਉਂ ਕਰਦੇ ਨੇ ਲੋਕੀ ਸਵਾਂਗ?" ਭੂਜੀ ਦਾ ਚਿਹਰਾ ਤਪ ਰਿਹਾ ਸੀ, "ਕੀ ਹੈ ਉਹ ਮੁੰਡਾ ਜਪੀ ਦੇ ਸਾਮ੍ਹਣੇ? ਕਿਸ ਗੱਲ ਵਿਚ ਬਰਾਬਰ ਹੈ? ਕੁਆਲੀਫੀਕੇਸ਼ਨ? ਰੰਗ-ਰੂਪ? ਆਚਾਰ-ਵਿਹਾਰ? ਕਿਸ ਗੱਲ ਵਿਚ ਬਰਾਬਰ ਹੈ? ਜੀਵਨ ਖਾਤਰ ਮੌਤ ਨਾਲ ਟਕਰਾਉਣ ਦੀ ਫਿਲਾਸਫੀ ਦੀਆਂ ਫੜ੍ਹਾਂ ਮਾਰਦਾ ਫਿਰਦਾ ਸੀ ਉਸਦਾ ਬਾਪ ਮਿਸਟਰ ਗਿੱਲ। ਜਪੀ ਹੋਰਾਂ ਦੇ ਪਰਿਵਾਰਕ ਹਾਦਸੇ ਦਾ ਥੋੜ੍ਹਾ ਜਿਨਾ ਦੱਸਿਆ ਕਿ ਬੱਸ। ਡਰਪੋਕ ਨੇ ਸਭ ਦੇ ਸਭ। ਮੇਰੇ ਵਿਸ਼ਵਾਸ ਨੂੰ ਏਡੀ ਠੇਸ!"

"ਚਲੋ ਜਾਣ ਦਿਓ ਦੀਦੀ। ਕਿੰਨੀ ਥਾਂ ਤਾਂ ਕੋਸ਼ਿਸ਼ ਕਰ ਚੁੱਕੇ ਹਾਂ। ਇਹ ਸ਼ਹਿਰੀ ਸਭਿਅਤਾ.... ਰਿਸਕ ਦਾ ਭੋਰਾ ਅੰਸ਼ ਨਹੀਂ ਆਉਣ ਦੇਣਾ ਚਾਹੁੰਦੇ ਜੀਵਨ ਵਿਚ...."



ਜਪੀ ਉੱਥੇ ਹੋਰ ਨਹੀਂ ਸੀ ਖੜ੍ਹੀ ਰਹਿ ਸਕੀ। ਅੰਦਰ ਵੀ ਨਹੀਂ ਸੀ ਜਾ ਸਕੀ। ਪੋਲੇ ਪੈਰੀਂ ਪਰਤ ਆਈ ਸੀ। ਪਰ ਉਹ ਪੋਲੇ ਪੈਰ ਉਸ ਦੇ ਮਨ ਉੱਤੇ ਕਿੰਨੀਆਂ ਡੂੰਘੀਆਂ ਪੈੜਾਂ ਉੱਕਰ ਗਏ ਸਨ। ਤਾਂ ਮਾਮਾ ਜੀ ਪਿਛਲੇ ਅਰਸੇ ਦੌਰਾਨ ਜਪੀ ਦੇ ਚਿਹਰੇ ਵੱਲ ਵੇਖਦੇ-ਵੇਖਦੇ ਇਸੇ ਕਾਰਨ ਉਦਾਸ ਹੋ ਜਾਇਆ ਕਰਦੇ ਸਨ। ਅਕਸਰ ਚੁੱਪ, ਗੁੰਮਸੁੰਮ ਜਿਹੇ ਹੋ ਜਾਂਦੇ ਸਨ। ਸੋਚਾਂ ਵਿਚ ਡੂੰਘੇ ਉਤਰ ਜਾਂਦੇ ਰਹੇ ਸਨ। ਜਪੀ ਨੂੰ ਆਪਣੀ ਹੋਂਦ ਬੋਝ ਲੱਗਣ ਲੱਗ ਪਈ।

ਉਸਦਾ ਮਨ ਰਹਿ-ਰਹਿ ਕੇ ਮਾਮਾ ਜੀ ਲਈ ਮੋਹ ਨਾਲ ਭਰ ਉੱਠਦਾ ਅਤੇ ਉਸ ਨੂੰ ਅੰਦਰ ਹੀ ਅੰਦਰ ਗਹਿਰਾਈ ਤੱਕ ਭਿਉਂ ਜਾਂਦਾ। ਮਾਮਾ ਜੀ ਕਿੰਨੀ ਕੋਸ਼ਿਸ਼ ਕਰ ਰਹੇ ਸਨ ਉਸ ਲਈ, ਪਰ ਆਪਣੀਆਂ ਕੋਸ਼ਿਸ਼ਾਂ ਦੀ ਸੋਅ ਵੀ ਉਸ ਤੱਕ ਨਹੀਂ ਸਨ ਪਹੁੰਚਣ ਦੇ ਰਹੇ। ਜਪੀ ਪ੍ਰੇਸ਼ਾਨ ਸੀ ਕਿ ਇਕ ਹਾਦਸੇ ਦੇ ਕਾਲੇ ਪ੍ਰਛਾਵੇਂ ਕਿਸੇ ਦੇ ਜੀਵਨ ਨੂੰ ਕਿੰਨੀ ਦੂਰ ਤੱਕ ਧੁਆਂਖ ਜਾਂਦੇ ਨੇ। ਹਾਦਸੇ ਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਨੇ ਅਤੇ ਅਗਲੇ ਦਿਨ ਮਿਟ ਜਾਂਦੇ ਨੇ.... ਪਰ ਉਨ੍ਹਾਂ ਦੇ ਪ੍ਰਛਾਵੇਂ।..."

ਜਪੀ ਦੇ ਜੀਵਨ ਦੇ ਧੁਆਂਖਦੇ ਪ੍ਰਛਾਵੇਂ ਨੂੰ ਵੀ ਤਾਂ ਕੀਰਤੀ ਭੂਜੀ ਨੇ ਹੀ ਸਮੇਟਿਆ ਸੀ। ਸਮੇਟ ਸਕੀ ਸੀ ਭੂਜੀ? ਸ਼ਾਇਦ ਹਾਂ। ਉਦੋਂ ਤਾਂ ਇਹੀ ਲੱਗਿਆ ਸੀ ਜਪੀ ਨੂੰ।

ਭੂਜੀ ਉਸ ਦਿਨ ਬਹੁਤ ਉਤਸ਼ਾਹ ਵਿਚ ਸਨ। ਮਾਮਾ-ਮਾਮੀ ਜੀ ਵੀ। ਉਦੋਂ ਜਪੀ ਦੀ ਅਧਿਆਪਕ ਦੇ ਤੌਰ ਉੱਤੇ ਨਿਯੁਕਤੀ ਹੋਈ ਨੂੰ ਅਜੇ ਹਫ਼ਤਾ ਹੀ ਹੋਇਆ ਸੀ। ਉਹ ਸਕੂਲੋਂ ਘਰ ਪਹੁੰਚੀ ਤਾਂ ਮਾਹੌਲ ਸੱਚੀਂ ਬਹੁਤ ਉਤਸ਼ਾਹ-ਭਰਿਆ ਸੀ। ਘਰ ਵਿਚ ਹਾਜ਼ਰ ਇਕ ਓਪਰੀ ਔਰਤ ਦੀਆਂ ਨਜ਼ਰਾਂ ਜਪੀ ਨੂੰ ਬੜੇ ਹੁਲਾਸ ਨਾਲ ਰਹਿ-ਰਹਿ ਕੇ ਨਿਹਾਰ ਰਹੀਆਂ ਸਨ। ਚਾਹ ਪੀਣ ਪਿਛੋਂ ਮਾਮਾ-ਮਾਮੀ ਜਪੀ ਨੂੰ ਪਿਛਲੇ ਕਮਰੇ ਵਿਚ ਲੈ ਗਏ। ਕੁਝ ਚਿਰ ਪਿਛੋਂ ਕੀਰਤੀ ਭੂਜੀ ਵੀ ਉਥੇ ਆ ਗਏ।

ਗੱਲ ਕੀਰਤੀ ਭੂਜੀ ਨੇ ਤੋਰੀ ਸੀ, "ਪਵਨ ਕਿਹੋ ਜਿਹਾ ਲੜਕਾ ਹੈ ਤੇਰੇ ਖ਼ਿਆਲ ਵਿਚ?"

"ਪਵਨ!" ਜਪੀ ਬਹੁਤ ਚੰਗੀ ਤਰ੍ਹਾਂ ਤਾਂ ਭਾਵੇਂ ਉਸ ਨੂੰ ਨਹੀਂ ਸੀ ਜਾਣਦੀ, ਪਰ ਉਹ ਓਪਰਾ ਵੀ ਨਹੀਂ ਸੀ ਜਪੀ ਲਈ। ਭੂਜੀ ਦੀ ਸਰਪ੍ਰਸਤੀ ਹੇਠ ਕੰਮ ਕਰ ਰਹੀ ਨਾਟਕ-ਮੰਡਲੀ ਦਾ ਇਕ ਕਲਾਕਾਰ ਸੀ ਪਵਨ। ਸਗੋਂ ਜਪੀ ਦੀਆਂ ਨਜ਼ਰਾਂ ਵਿਚ ਇਕ ਬਹੁਤ ਵਧੀਆ ਕਲਾਕਾਰ। ਕੀਰਤੀ ਭੂਜੀ ਦਾ ਬਹੁਤ ਚਹੇਤਾ। ਭੂਜੀ ਦੇ ਹੀ ਦਫ਼ਤਰ ਵਿਚ ਕੰਮ ਕਰਦਾ ਸੀ।

"ਤੇਰੇ ਰਿਸ਼ਤੇ ਦੀ ਗੱਲ ਚਲਾਈ ਹੈ। ਪਰ ਜੇ ਤੇਰੀ ਹਾਂ ਹੋਵੇ, ਤਾਂ ਹੀ ਗੱਲ ਅੱਗੇ ਤੋਰਾਂਗੇ। ਉਨ੍ਹਾਂ ਵੱਲੋਂ ਤਾਂ ਪੂਰੀ ਤਰ੍ਹਾਂ 'ਹਾਂ' ਹੀ ਹੈ। ਸਗੋਂ ਪਵਨ ਨੇ ਖ਼ੁਦ ਹੀ ਕੁਝ ਦਿਨ ਹੋਏ ਇਸ ਰਿਸ਼ਤੇ ਦੀ ਮੰਗ ਕੀਤੀ ਸੀ ਸੰਗਦੇ ਜਿਹੇ। ਮਾਂ ਵੀ ਭਲੀ ਔਰਤ ਲੱਗੀ ਹੈ ਮੈਨੂੰ ਤਾਂ। ਹੁਣੇ ਤੈਨੂੰ ਵੇਖ ਕੇ ਪਤੈ ਕੀ ਕਹਿ ਰਹੀ ਸੀ? ਕਿੰਨੀ ਪਿਆਰੀ ਕੁੜੀ ਹੈ। ਮੈਂ ਤਾਂ ਤਿੰਨਾਂ ਕੱਪੜਿਆਂ ਵਿਚ ਹੀ ਲੈ ਕੇ ਜਾਊਂ ਧੀ-ਰਾਣੀ ਨੂੰ।" ਕੀਰਤੀ ਭੂਜੀ ਗੱਲ ਕਹਿੰਦੇ-ਕਹਿੰਦੇ ਰੁਕ ਗਏ। ਫਿਰ ਜਿਵੇਂ ਸ਼ਬਦਾਂ ਨੂੰ ਬੋਚ-ਬੋਚ ਕੇ ਬੋਲੇ, "ਬਾਕੀ ਬੇਟੇ,

ਆਪਣੇ ਪਰਿਵਾਰਕ ਦੁਖਾਂਤ ਬਾਰੇ ਵੀ ਸਭ ਕੁਝ ਪਤਾ ਹੈ ਇਨ੍ਹਾਂ ਨੂੰ। ਮੈਂ ਸਭ ਦੱਸ ਚੁੱਕੀ ਹਾਂ। ਦੇਖ ਬੇਟੇ, ਲੋਕ ਬਹੁਤ ਭਰੂ ਨੇ ਅੰਦਰੋਂ। ਪਿਛਲੇ ਦਿਨੀਂ ਇਸ ਗੱਲ ਨੂੰ ਅਸੀਂ ਚੰਗੀ ਤਰ੍ਹਾਂ ਜਾਣ...."

ਭੂਜੀ ਰੁੱਕ ਗਏ। ਸ਼ਾਇਦ ਮਾਮਾ ਜੀ ਨੇ ਚੁੱਪ ਕਰਨ ਦਾ ਇਸ਼ਾਰਾ ਕੀਤਾ ਸੀ।

ਜਪੀ ਨੂੰ ਲੱਗਿਆ, ਉਸ ਦਾ ਅੰਦਰ ਹਾਂ ਵਿਚ ਝੁਕ ਰਿਹਾ ਹੈ। ਉਸ ਦਾ ਮਨ ਇਹ ਵੀ ਸਵੀਕਾਰ ਰਿਹਾ ਸੀ ਕਿ ਮਾਮਾ ਜੀ ਹੋਰਾਂ ਵੱਲੋਂ ਇਸ ਪਾਸੇ ਵੱਲ ਕੀਤੇ ਗਏ ਲਗਾਤਾਰ ਅਸਫਲ ਉਪਰਾਲੇ ਇਸ ਦਾ ਇਕ ਕਾਰਨ ਸਨ। ਪਰ ਦੂਸਰਾ ਪੱਖ ਭਾਰੂ ਸੀ। ਪਵਨ ਦਾ ਕੱਦ ਅਚਾਨਕ ਜਪੀ ਦੀਆਂ ਨਜ਼ਰਾਂ ਵਿਚ ਉੱਚਾ ਉੱਠ ਗਿਆ ਸੀ। ਸਭ ਕੁਝ ਜਾਣਦੇ ਹੋਏ ਉਹ ਜਾਨ ਦੇ ਖ਼ਤਰੇ ਦੀ ਪ੍ਰਵਾਹ ਨਹੀਂ ਕਰ ਰਿਹਾ। ਇਹ ਠੀਕ ਹੈ ਕਿ ਖਾੜਕੂਆਂ ਦੇ ਉਸ ਗਰੁੱਪ ਦੇ ਕਈ ਮੈਂਬਰ ਪਿਛਲੇ ਦਿਨੀਂ ਇਕ ਲੰਮੇ ਮੁਕਾਬਲੇ ਵਿਚ ਘਿਰ ਕੇ ਨਹੀਂ ਸਨ ਬਚੇ। ਪਰ ਇਸ ਨਾਲ ਖ਼ਤਰਾ ਇਕਦਮ ਟਲ ਤਾਂ ਨਹੀਂ ਸੀ ਗਿਆ। ਗਰੁੱਪਾਂ ਦੀ ਤਾਕਤ ਤਾਂ ਵਧਦੀ-ਘਟਦੀ ਹੀ ਰਹਿੰਦੀ ਹੈ।

"ਦੇਖ ਬੇਟੇ, ਇਹ ਕੋਈ ਜ਼ਰੂਰੀ ਵੀ ਨਹੀਂ, ਜੇ ਤੈਨੂੰ ਇਹ ਪ੍ਰਪੋਜ਼ਲ ਠੀਕ ਨਹੀਂ ਲੱਗਦੀ ਤਾਂ...." ਮਾਮ ਜੀ ਨੇ ਗੱਲ ਜਾਣ ਬੁੱਝ ਕੇ ਅਧੂਰੀ ਛੱਡ ਦਿੱਤੀ।

"ਮਾਮ ਜੀ, ਜਿਵੇਂ ਤੁਸੀਂ ਠੀਕ...ਮੇਰੀ ਭਲਾਈ ਤੁਹਾਡੇ ਨਾਲੋਂ ਵੱਧ ਹੋਰ ਕੌਣ...,"

"ਹਾਂ" ਕਰ ਕੇ ਗੁਸਲਖ਼ਾਨੇ ਵੱਲ ਜਾ ਰਹੀ ਜਪੀ ਸੋਚ ਰਹੀ ਸੀ ਕਿ ਇਸ ਕੋਮਲ ਮਸਲੇ ਵਿਚ 'ਹਾਂ' ਸਮੇਂ ਕੋਈ ਵੀ ਕੁੜੀ ਸੰਗ ਦੇ ਭਾਵ ਤੋਂ ਇਕਦਮ ਸੁਰਖ਼ਰੂ ਤਾਂ ਨਹੀਂ ਹੋ ਸਕਦੀ।

ਸਭ ਕੁਝ ਉਸੇ ਦਿਨ ਤੈਅ ਹੋ ਗਿਆ ਸੀ। ਸਾਦਾ ਵਿਆਹ, ਵਿਖਾਵੇ-ਰਹਿਤ। ਉਹ ਵੀ ਕੀਰਤੀ ਭੂਜੀ ਦੇ ਘਰ। ਦੋਵੇਂ ਪਾਸਿਆਂ ਦੇ ਨੇੜੇ ਦੇ ਰਿਸ਼ਤੇਦਾਰ ਉੱਥੇ ਹੀ ਇਕੱਠੇ ਹੋ ਜਾਣਗੇ। ਪਵਨ ਹੋਰਾਂ ਦੇ ਘਰ ਦੇ ਕਿੱਥੇ ਏਨੀ ਦੂਰੋਂ ਜੰਞ ਲਿਆਉਂਦੇ ਫਿਰਨਗੇ। ਕੁਝ ਵੀ ਹੋਵੇ, ਲੁਕੋ ਬਹੁਤ ਜ਼ਰੂਰੀ ਹੈ। ਕੋਈ ਵੀ ਧੂਮ-ਧੜੱਕਾ ਕਿਤੇ ਉਨ੍ਹਾਂ ਦੇ ਜੀਵਨ ਲਈ ਸਰਾਪ ਨਾ ਬਣ ਜਾਵੇ।

ਜਪੀ ਨੇ ਪਵਨ ਨਾਲ ਦੁਨੀਆਂ ਸਿਰਜੀ ਤਾਂ ਉਸ ਨੂੰ ਲੱਗਿਆ ਜਿਵੇਂ ਉਹ ਫੁੱਲਾਂ ਦੀ ਕਿਸੇ ਵਾਦੀ ਵਿਚ ਪਹੁੰਚ ਗਈ ਹੋਵੇ। ਇਕ ਕਲਾਕਾਰ ਦੇ ਸਾਥ ਵਿਚਲੇ ਵੱਖਰੇਪਣ ਨੂੰ ਜਪੀ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ। ਮਹਿਕ ਫੁੱਲਾਂ ਵਿਚੋਂ ਹੀ ਨਹੀਂ, ਇਨਸਾਨੀ ਵਿਹਾਰ ਵਿਚੋਂ ਵੀ ਉਪਜਦੀ ਹੈ, ਇਹ ਉਸ ਨੇ ਪਵਨ ਦੇ ਨਾਲ ਰਹਿ ਕੇ ਜਾਣਿਆ ਸੀ।

ਚਾਹ ਵਾਲੇ ਨੇ ਜਪੀ ਦੀ ਸੋਚ ਦੀ ਤੰਦ ਤੋੜ ਦਿੱਤੀ ਹੈ।

ਉਹ ਚਾਹ ਦਾ ਕੱਪ ਅਤੇ ਮੱਠੀਆਂ ਦੀ ਪਲੇਟ ਮੇਜ਼ ਉੱਪਰ ਰੱਖ ਰਿਹਾ ਹੈ। ਜਪੀ ਨੂੰ ਚਾਹ, ਚਾਹ ਵਾਲੇ ਅਤੇ ਮੱਠੀਆਂ ਦੀ ਹੋਂਦ ਰੜਕਦੀ ਹੈ। ਉਹ ਕਲਪਨਾ ਵਿਚ ਜੀਵਨ ਦੇ ਜਿਸ ਹਿੱਸੇ ਵਿਚੀਂ ਵਿਚਰ ਰਹੀ ਸੀ, ਉਸ ਨਾਲੋਂ ਤੋੜਨ ਵਾਲੀ ਕੋਈ ਵੀ ਸ਼ੈਅ ਬੱਸ ਰੜਕ ਹੀ ਤਾਂ ਬਣ ਸਕਦੀ ਹੈ। ਖੁਸ਼ਬੋ ਨਾਲੋਂ ਟੁੱਟਣਾ ਸੁਖਾਵਾਂ ਥੋੜ੍ਹਾ ਹੀ ਹੋ



ਸਕਦਾ ਹੈ।

ਚਾਹ ਪੀਂਦੀ ਜਪੀ ਸੋਚਦੀ ਹੈ, ਫੁੱਲਾਂ ਦੀ ਉਮਰ ਏਨੀ ਥੋੜ੍ਹੀ ਕਿਉਂ ਹੁੰਦੀ ਹੈ?

ਜਪੀ ਚਾਹ ਪੀ ਕੇ ਵਿਹਲੀ ਹੋ ਗਈ ਹੈ। ਉਸ ਦਾ ਬੜਾ ਮਨ ਕਰ ਰਿਹਾ ਹੈ, ਫਿਰ ਕਿਸੇ ਸੁਖਾਵੀਂ ਕਲਪਨਾ ਵਿਚ ਤਾਰੀਆਂ ਲਾਵੇ। ਪਰ ਉਸ ਨੂੰ ਕੋਸ਼ਿਸ਼ ਕਰਨ ਉੱਤੇ ਵੀ ਮਹਿਕੇ ਪਾਣੀਆਂ ਦੀ ਕੋਈ ਹੋਰ ਝੀਲ ਆਪਣੇ ਜੀਵਨ ਵਿਚ ਵਿਖਾਈ ਨਹੀਂ ਦੇ ਰਹੀ।

ਜਪੀ ਨੂੰ ਯਾਦ ਆਉਂਦਾ ਹੈ।

ਉਦੋਂ ਤੱਕ ਤਾਂ ਅਜੇ ਉਹ ਉਸ ਸੁਪਨ-ਅਵਸਥਾ ਵਿਚੋਂ ਜਾਗੀ ਵੀ ਨਹੀਂ ਸੀ। ਅਜੇ ਤਾਂ ਉਸ ਨੂੰ ਪਵਨ ਦੀਆਂ ਬਾਹਵਾਂ ਦੇ ਹੋਮ ਦੁਨੀਆਂ ਦੇ ਕਿਸੇ ਵੀ ਕੂਲੀ ਸ਼ੈਅ ਨਾਲੋਂ ਵੱਧ ਕੂਲੇ ਜਾਪਦੇ ਸਨ। ਅਜੇ ਤਾਂ ਪਵਨ ਦੀਆਂ ਗੱਲਾਂ ਵਿਚ ਰਾਤਾਂ ਸਿਮਟ ਕੇ ਭੋਰਾ-ਭਰ ਦੀਆਂ ਰਹਿ ਜਾਂਦੀਆਂ ਹੁੰਦੀਆਂ ਸਨ। ਅਜੇ ਤਾਂ ਮਹਿਕਾਂ ਡੀਕ ਕੇ ਉਸ ਦੇ ਅੰਦਰਲਾ ਰੋਹ ਤੇਹ ਮਹਿਸੂਸ ਕਰਨ ਲੱਗ ਪੈਂਦਾ ਸੀ। ਅਜੇ ਤਾਂ ਉਸ ਦੇ ਜਿਸਮ ਦੇ ਕਿਸੇ ਹਿੱਸੇ ਦੀ ਜ਼ਰਖ਼ੇਜ਼ ਜ਼ਮੀਨ ਵਿਚ ਇਕ ਕਰੂੰਬਲ ਦੇ ਫੁੱਟਣ ਦਾ ਅਹਿਸਾਸ ਜਾਗਿਆ ਸੀ। ਕਿ ਸਾਰਾ ਕੂਲਾਪਣ ਜਿਵੇਂ ਸਿਮਟ ਕੇ ਰਹਿ ਗਿਆ। ਸੁਪਨ-ਅਵਸਥਾ ਜਿਵੇਂ ਕੜਕ ਕਰ ਕੇ ਟੁੱਟ ਗਈ।

ਪਵਨ ਆਪਣੇ ਪਿੰਡ ਦੋ ਦਿਨ ਕੱਟ ਕੇ ਮੁੜਿਆ ਸੀ। ਬੇਜੀ ਨਾਲ ਸਨ। ਸ਼ਾਮ ਦੀ ਰੋਟੀ ਤੋਂ ਵਿਹਲੇ ਹੋ ਕੇ ਉਹ ਕਮਰੇ ਵਿਚ ਆ ਬੈਠੀ ਸੀ। ਬੇਜੀ ਦਾ ਬਿਸਤਰ ਰਸੋਈ ਵਿਚ ਲਾ ਕੇ ਜਪੀ ਵਿਹਲੀ ਹੋ ਚੁੱਕੀ ਸੀ। ਇਕ ਕਮਰਾ-ਰਸੋਈ ਹੀ ਤਾਂ ਸੀ ਕਿਰਾਏ ਉੱਤੇ ਉਨ੍ਹਾਂ ਕੋਲ।

ਗੱਲ ਬੇਜੀ ਨੇ ਤੋਰੀ ਸੀ, "ਛੋਟੀ ਲਈ ਮੁੰਡਾ ਵੇਖ ਰਹੇ ਹਾਂ।"

"ਇਹ ਤਾਂ ਬਹੁਤ ਵਧੀਆ ਗੱਲ ਹੈ, ਬੇਜੀ। ਕੀ ਕਰਦਾ ਹੈ?"

"ਮੁੰਡਾ ਮਿਲਿਆ ਤਾਂ ਨਹੀਂ ਅਜੇ, ਬੱਸ ਕੋਸ਼ਿਸ਼ ਵਿਚ ਹਾਂ। ਤੇਰੇ ਨਾਲ ਗੱਲ ਕਰਨੀ ਸੀ। ਪਵਨ ਦਾ ਬਾਪੂ ਸਿਰ ਉੱਤੇ ਹੈ ਨਹੀਂ। ਹੁਣ ਆਪਾਂ ਹੀ ਕਰਨਾ ਐ ਸਭ ਕੁਝ। ਮੇਰਾ ਖ਼ਿਆਲ ਸੀ ਗਹਿਣੇ ਹੀ ਬਣਾ ਲੈਂਦੇ ਕੁਝ। ਸੋਨਾ ਮਹਿੰਗਾ ਹੁੰਦਾ ਜਾ ਰਿਹਾ ਹੈ।"

ਜਪੀ ਨੂੰ ਬੇਜੀ ਦੀ ਗੱਲ ਜਿਵੇਂ ਅਚਾਨਕ ਸਮਝ ਆਉਣ ਲੱਗ ਪਈ। ਉਸ ਨੇ ਪਵਨ ਵੱਲ ਵੇਖਿਆ। ਪਵਨ ਨੇ ਆਪਣੇ ਧਿਆਨ ਨੂੰ ਕਿਤਾਬ ਦੀ ਓਟ ਵਿਚ ਕਰ ਲਿਆ ਸੀ। ਉਸ ਦਾ ਕਿਤਾਬ ਦੀ ਓਟ ਵਿਚ ਚਿਹਰਾ ਛੁਪਾਉਣਾ ਜਪੀ ਨੂੰ ਹੋਰ ਵੀ ਕੁਝ ਸਮਝਾ ਰਿਹਾ ਸੀ। ਉਹ ਸੁਚੇਤ ਹੋਈ, "ਉੱਥੇ ਹੀ ਦੇ ਦੇਣਾ ਸੀ ਕਿਸੇ ਸੁਨਿਆਰੇ ਨੂੰ ਆਰਡਰ ਬੇਜੀ।"

"ਆਰਡਰ ਕਾਹਦੇ ਸਿਰ ਉੱਤੇ ਦਿੰਦੀ? ਤੈਨੂੰ ਤਾਂ ਪਤਾ ਹੀ ਹੈ..."

"ਕਿੰਨੇ ਕੁ ਦੇ ਗਹਿਣੇ ਬਣਾਉਣ ਦਾ ਇਰਾਦਾ ਹੈ?"

ਬੇਜੀ ਕੁਝ ਹੌਸਲੇ ਵਿਚ ਆ ਗਏ, "ਪੰਜਾਹ ਕੁ ਹਜ਼ਾਰ ਦੇ ਤਾਂ ਬਣਾ ਹੀ ਲਈਏ। ਕੱਲੀ ਧੀ ਹੈ। ਨਾਲੇ..."

"ਹਾਂ, ਏਨੇ ਕੁ ਦੇ ਤਾਂ ਚਾਹੀਦੇ ਹੀ ਨੇ, ਬੇਜੀ। ਹੋਰ ਤੁਸੀਂ ਕੀ ਕਹਿਣ ਲੱਗੇ ਸੀ?"

"ਮੈਂ ਸੋਚਦੀ ਸੀ ਕੋਠੀ ਦਾ ਮੂੰਹ-ਮੱਥਾ ਵੀ ਕੁਝ ਸੰਵਾਰ ਲੈਂਦੇ। ਕਲੂ-ਕਲੂਾਰ ਨੂੰ ਜਮਾਈ-ਭਾਈ ਦੇ ਬੈਠਣ ਲਈ ਵੀ ਤਾਂ ਚੱਜ ਦੀ ਥਾਂ... ਨਾਲੇ ਉਹ ਮਹੱਲੇ ਵਿਚ ਆਪਣੀ ਕੋਠੀ ਵੀ ਸਿਰ ਕੱਢ ਲੱਗੂ। ਸ਼ਹਿਰਾਂ ਵਿਚ ਘਰਾਂ ਦੇ ਸਿਰ ਉੱਤੇ ਰਿਸ਼ਤਾ ਵੀ ਕੁਝ ਚੰਗਾ ਮਿਲ ਜਾਂਦੈ।"

ਜਪੀ ਨੇ ਵੇਖਿਆ ਕਿ ਪਵਨ ਕਿਤਾਬ ਵਿਚ ਕੁਝ ਜਿਆਦਾ ਹੀ ਧਿਆਨ ਗੱਡ ਰਿਹਾ ਸੀ। ਸੱਸ ਨੂੰ ਜਵਾਬ ਦੇਣ ਦੀ ਥਾਂ ਉਹ ਪਤੀ ਨੂੰ ਮੁਖਾਤਿਬ ਹੋਈ, "ਤੁਹਾਡੀ ਕੀ ਰਾਏ ਹੈ?"

"ਤੇਰੀ ਮਰਜੀ ਹੈ ਜਪੀ। ਪੈਸੇ ਤਾਂ ਤੇਰੇ ਨਾਂ ਹਨ। ਬੇਜੀ ਆਪਣਾ ਭਲਾ ਹੀ....ਉਂਜ ਕੋਈ ਜਰੂਰੀ ਵੀ ਨਹੀਂ। ਬੱਸ ਜੇ ਤੇਰੀ ਮਰਜੀ ਹੋਵੇ ਤਾਂ..."

ਬੇਜੀ ਨੇ ਗੱਲ ਬੋਚ ਲਈ, "ਲੈ ਹੈ ਕਮਲਾ। ਮਰਜੀ ਦੀ ਇਸ ਵਿਚ ਕਿਹੜੀ ਗੱਲ ਹੈ। ਥੋੜਾ, ਭਰਾਵਾਂ ਦਾ ਕੁਝ ਵੰਡਿਆ ਹੈ ਕਿਤੇ। ਉਹ ਵੀ ਤਾਂ ਸਭ ਤੁਹਾਡਾ ਹੀ ਹੈ ਨਾ। ਨਾਲੇ ਪੈਸੇ ਦਾ ਪਏ ਦਾ ਮੁੱਲ ਘੱਟਦਾ ਹੈ। ਕੋਈ ਚੀਜ਼ ਬਣ ਜਾਊ ਸੁੱਖ ਨਾਲ..."

ਜਪੀ ਸੋਚਦੀ ਹੈ, ਕੁਝ ਲੋਕ ਕਿੰਨੀ ਛੇਤੀ ਨੰਗੇ-ਚਿੱਟੇ ਹੋ ਜਾਂਦੇ ਨੇ। ਉਸ ਨੇ ਸੋਚਿਆ, ਥੋੜ੍ਹਾ ਜਿਹਾ ਹੋਰ ਨੰਗਾ ਰੂਪ ਵੇਖ ਲਿਆ ਜਾਵੇ, "ਪਰ ਬੇਜੀ ਅਸੀਂ ਸੋਚਦੇ ਸੀ ਕੋਈ ਬਣਿਆ-ਬਣਾਇਆ ਫਲੈਟ ਇਥੇ ਹੀ ਲੈ ਲਈਏ। ਕਿਰਾਏ ਹੀ ਬਹੁਤ ਨੇ। ਤੁਸੀਂ ਵੀ ਭਾਵੇਂ ਸਾਡੇ ਕੋਲ ਹੀ..."

ਪਵਨ ਦਾ ਤ੍ਰਭਕਣਾ ਜਪੀ ਤੋਂ ਛੁਪਿਆ ਨਾ ਰਹਿ ਸਕਿਆ। ਪਰ ਉਦੋਂ ਤੱਕ ਬੇਜੀ ਬੋਲ ਪਏ, "ਜੱਦੀ ਥਾਂ ਜੱਦੀ ਹੁੰਦੀ ਹੈ।"

"ਪਰ ਬੇਜੀ, ਅਸੀਂ ਤਾਂ ਇਥੇ ਹੀ ਰਹਿਣਾ ਹੈ। ਸੋ ਅਸੀਂ ਤਾਂ ਇਥੇ ਹੀ ਕੋਈ ਫਲੈਟ..."

ਮਾਈ ਨੇ ਗੱਲ ਵਿਚੋਂ ਫੜ ਲਈ, "ਮੈਨੂੰ ਤਾਂ ਦੀਂਹਦੀ ਹੀ ਸੀ। ਮੈਂ ਕਿਹਾ ਨੀ ਸੀ ਤੈਨੂੰ, ਤਾਂ ਹੀ ਤਾਂ ਅਗਲਿਆਂ ਪੈਸਾ ਆਪਣੀ ਧੀ ਦੇ ਨਾਂ ਹੀ ਕਰਵਾ ਰੱਖਿਆ ਹੈ। ਬੜਾ ਚੌੜਾ ਹੋਇਆ ਫਿਰਦਾ ਸੀ ਤੂੰ ਬੁਝਲਾ ਜਿਹਿਆ।"

ਜਪੀ ਨੂੰ ਲੱਗਿਆ, ਉਸ ਨੂੰ ਗੁੱਸਾ ਆਉਣਾ ਚਾਹੀਦਾ ਸੀ। ਪਰ ਉਸ ਦੇ ਬੁੱਲ੍ਹਾਂ ਉੱਤੇ ਬੱਸ ਪਵਨ ਵੱਲ ਵੇਖ ਕੇ ਇਕ ਮੁਸਕਾਨ ਆਈ ਸੀ, ਫਿੱਕੀ ਜਿਹੀ। ਉਸ ਨੇ ਗੱਲ ਵਧਾਉਣ ਤੋਂ ਪ੍ਰਹੇਜ਼ ਕੀਤਾ, "ਕੋਈ ਨਾ ਬੇਜੀ, ਮਾਮਾ ਜੀ ਅਤੇ ਭੂਆ ਜੀ ਨਾਲ ਸਲਾਹ ਕਰ ਲੈਣੀ ਸਵੇਰੇ। ਵੱਡੇ ਜਿਵੇਂ ਸਲਾਹ ਕਰੋਗੇ, ਕਰ ਲਵਾਂਗੇ।"

ਬੇਜੀ ਬੁੜ-ਬੁੜ ਕਰਦੇ ਸੌਣ ਚਲੇ ਗਏ ਸਨ।

ਅਗਲਾ ਦਿਨ ਕਹਿਰ-ਭਰਿਆ ਸੀ।

ਕਿੰਨਾ ਕੁਝ ਕੜੱਕ-ਕੜੱਕ ਕਰ ਕੇ ਟੁੱਟਦਾ ਚਲਿਆ ਗਿਆ ਸੀ।

ਕੀਰਤੀ ਭੂਜੀ ਦਾ ਘਰ ਜਿਵੇਂ ਯੁੱਧਭੂਮੀ ਬਣ ਕੇ ਰਹਿ ਗਿਆ। ਪਵਨ ਦੀ



ਮਾਤਾ ਬਹੁਤ ਰੁੱਖੀ ਹੋਈ ਸੀ ਕਿ ਉਸ ਦੇ ਪੁੱਤ ਨੂੰ ਫਸਾਇਆ ਗਿਆ ਹੈ। ਮੌਤ ਦੇ ਮੂੰਹ ਵਿਚ ਖੜ੍ਹਾ ਕਰ ਦਿੱਤਾ ਹੈ। ਜਪੀ ਜਿਹੀ ਖ਼ਤਰੇ ਦੀ 'ਨਾਲ' ਉਸਦੇ ਆਪਣੇ ਘਰ ਲਿਜਾ ਕੇ ਕੀ ਕਰਨੀ ਸੀ ਜੇ ਉਸ ਦੇ ਪੈਸੇ ਦਾ ਉਨ੍ਹਾਂ ਨੂੰ ਕੋਈ ਭਾਅ ਨਹੀਂ ਸੀ।

ਸ਼ਾਂਤ-ਚਿੱਤ ਕੀਰਤੀ ਭੂਜੀ ਨੂੰ ਗੁੱਸੇ ਵਿਚ ਇਸ ਤਰ੍ਹਾਂ ਕੰਬਦੇ ਜਪੀ ਨੇ ਪਹਿਲੀ ਵਾਰ ਵੇਖਿਆ ਸੀ। ਉਨ੍ਹਾਂ ਦਾ ਸਾਰਾ ਗੁੱਸਾ ਪਵਨ ਉੱਤੇ ਸੀ। ਉਨ੍ਹਾਂ ਦੇ ਗੁੱਸੇ-ਭਰੇ ਸ਼ੰਕਿਆਂ ਵਿਚੋਂ ਪਵਨ ਦਾ ਜੋ ਰੂਪ ਸਪੱਸ਼ਟ ਹੋਇਆ, ਉਸ ਨਾਲ ਜਪੀ ਇਕਦਮ ਉਖੜ ਗਈ ਸੀ। ਉਖੜੇ ਮਾਮਾ-ਮਾਮੀ ਜੀ ਵੀ ਹੋਣੇ ਨੇ।

ਕੀਰਤੀ ਭੂਜੀ ਦਾ ਗੁੱਸਾ ਸੀ ਕਿ ਪਵਨ ਦੀ ਮਾਤਾ ਜੀ ਨੂੰ ਪੈਸਿਆਂ ਦਾ ਪਤਾ ਕਿਵੇਂ ਅਤੇ ਕਦੋਂ ਲੱਗਿਆ? ਹੋਰ ਇਹ ਕੀ ਜਪੀ ਦੇ ਮੁਆਵਜ਼ੇ ਦੇ ਕਾਗਜ਼ ਲੈ ਕੇ ਪਵਨ ਦੋ ਵਾਰ ਮਹਿਕਮੇ ਦੇ ਦਫ਼ਤਰ ਵਿਚ ਗਿਆ, ਤਾਂ ਜਪੀ ਨੂੰ ਮਿਲਣ ਵਾਲੀ ਰਕਮ ਦੇ ਲਾਲਚ ਅਧੀਨ ਹੀ ਪਵਨ ਨੇ ਉਸਦੇ ਰਿਸ਼ਤੇ ਦੀ ਮੰਗ ਕੀਤੀ ਸੀ। ਜਪੀ ਦੀ ਸਰਕਾਰੀ ਨੌਕਰੀ ਦੂਜਾ ਲਾਲਚ ਸੀ। ਤੇ ਖਾੜਕੂ ਗਰੁੱਪ ਦੇ ਮੋਢੀਆਂ ਦਾ ਸਫਾਇਆ ਤੀਜਾ ਕਾਰਨ। ਨਹੀਂ ਤਾਂ ਕੀਰਤੀ ਭੂਜੀ ਦੇ ਨੇੜੇ ਹੋਣ ਕਾਰਨ ਪਵਨ ਨੂੰ ਜਪੀ ਲਈ ਨਾਂਹ ਹੋਏ ਦੋ-ਤਿੰਨ ਰਿਸ਼ਤਿਆਂ ਬਾਰੇ ਕਦੋਂ ਦਾ ਪਤਾ ਸੀ। ਉਦੋਂ ਉਸ ਨੇ ਰਿਸ਼ਤੇ ਦੀ ਮੰਗ ਕਿਉਂ ਨਾ ਕੀਤੀ?

ਉਲਝੀ ਤਾਣੀ ਵੇਖ ਮਾਮਾ ਜੀ ਨੇ ਗੱਲ ਠੰਢੀ ਕਰਨ ਦੀ ਕਾਫੀ ਕੋਸ਼ਿਸ਼ ਕੀਤੀ। ਮਾਮੀ ਜੀ ਤਾਂ ਬੇਚਾਰੇ ਬੱਸ ਹੱਥ ਜੋੜੀ ਜਾ ਰਹੇ ਸਨ ਤੇ ਰੋਈ ਜਾ ਰਹੇ ਸਨ। ਰੋਈ ਜਾ ਰਹੇ ਸਨ ਅਤੇ ਜਪੀ ਦੀ ਸੱਸ ਦੇ ਪੈਰੀਂ ਚੁੰਨੀ ਧਰੀ ਜਾ ਰਹੇ ਸਨ। ਜਪੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ? ਪਵਨ ਦੀ ਹਾਲਤ ਉੱਤੇ ਉਸ ਨੂੰ ਗੁੱਸਾ ਵੀ ਆ ਰਿਹਾ ਸੀ ਅਤੇ ਤਰਸ ਵੀ।

ਉਸ ਦਿਨ ਤੋਂ ਪਿਛੋਂ ਮਾਮਾ ਜੀ ਅਤੇ ਕੀਰਤੀ ਭੂਜੀ ਵੱਲੋਂ ਸਾਰੀ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ। ਜਪੀ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਜਾਂਦਾ, ਪਰ ਪਵਨ ਨੂੰ ਦੂਰ ਰੱਖ ਕੇ। ਪਵਨ ਦਾ ਇੰਜ ਤੀਜੀ ਧਿਰ ਬਣ ਕੇ ਰਹਿ ਜਾਣਾ ਜਪੀ ਲਈ ਬਹੁਤ ਤਕਲੀਫਦੇਹ ਸੀ। ਸਭ ਮਹਿਸੂਸ ਕਰ ਰਹੇ ਸਨ ਕਿ ਜਪੀ ਨੂੰ ਮਿਲਿਆ ਧਨ ਬਹੁਤ ਅਹਿਮ ਬਣ ਗਿਆ ਸੀ। ਪਹਿਲਾਂ ਤਾਂ ਜਪੀ ਜੀ ਵੱਡੀ ਭੈਣ ਅਤੇ ਜੀਜੇ ਵੱਲੋਂ ਖੜ੍ਹੇ ਕੀਤੇ ਕਾਨੂੰਨੀ ਨੁਕਤਿਆਂ ਨੂੰ ਦੂਰ ਕਰਦੇ-ਕਰਦੇ ਹੀ ਕੇਸ ਏਨਾ ਲਮਕ ਗਿਆ ਸੀ। ਹੁਣ ਜਪੀ ਦੇ ਸਹੁਰਿਆਂ ਵੱਲੋਂ ਕਿਸੇ ਦਬਾਅ ਜਾਂ ਮਾਨਸਿਕ ਧੌਂਸ ਉੱਤੇ ਪੈਦਾ ਕੀਤੇ ਕਿਸੇ ਭਾਵੁਕ ਭੁਲਾਵੇ ਰਾਹੀਂ ਪੈਸੇ ਨੂੰ ਹੂੰਝਾ ਫਿਰ ਜਾਣ ਦਾ ਪੂਰਾ ਖ਼ਤਰਾ ਸੀ।

ਅਗਲੀ ਨੱਠ-ਭੱਜ ਅਤੇ ਕੋਸ਼ਿਸ਼ ਕੀਰਤੀ ਭੂਜੀ ਨੇ ਕੀਤੀ ਸੀ। ਦਲਾਲਾਂ, ਜ਼ਮੀਨ-ਮਾਲਕਾਂ ਅਤੇ ਮਹਿਕਮੇ ਦੀ ਨੱਠ-ਭੱਜ ਪੂਰੀ ਕਰ ਕੇ ਜਪੀ ਹੁਰਾਂ ਨੂੰ ਨਾਲ ਦੇ ਸੈਕਟਰ ਵਿਚ ਹਾਊਸਿੰਗ ਬੋਰਡ ਦਾ ਤੀਜੀ ਮੰਜ਼ਿਲ ਦਾ ਫਲੈਟ ਖਰੀਦ ਦਿੱਤਾ ਸੀ। ਇਕ ਹਿੱਸੇ ਵਿਚ ਉਹ ਆਪ ਰਹਿ ਸਕਣਗੇ। ਜੇ ਚਾਹੁਣ ਤਾਂ ਦੂਜਾ ਹਿੱਸਾ ਕਿਰਾਏ ਉੱਤੇ ਦੇ ਕੇ ਰਹਿੰਦੀਆਂ ਕਿਸ਼ਤਾਂ ਬੜੀ ਸੌਖ ਨਾਲ ਉਤਾਰੀਆਂ ਜਾ ਸਕਣਗੀਆਂ।

ਫਲੈਟ ਜਪੀ ਦੇ ਨਾਂ ਹੋਣ ਨੂੰ ਪਵਨ ਦੇ ਪਰਿਵਾਰ ਦੇ ਜੀਅ ਸ਼ਾਇਦ ਫਿਰ ਬਰਦਾਸ਼ਤ ਨਹੀਂ ਸਨ ਕਰ ਸਕੇ। ਮਾਈ ਭੁੱਖੀ ਹੋਈ ਆ ਕੇ ਇਕ ਤਕੜੀ ਝੂੰਟੀ ਲਾ ਗਈ ਸੀ ਅਤੇ ਜਪੀ ਲਈ ਕਾਲੀ-ਕਲੂਟੀ, ਮਨਹੂਸ ਆਦਿ ਕਈ ਵਿਸ਼ੇਸ਼ਣ ਝੋਲੀ ਪਾ ਗਈ ਸੀ।

ਜਪੀ ਕੋਲੋਂ ਹੋਰ ਬੈਠਿਆਂ ਨਹੀਂ ਸੀ ਜਾ ਰਿਹਾ। ਪੈਦਲ ਤੁਰਨਾ ਪੈਣਾ ਹੈ। ਕੋਈ ਰਿਕਸ਼ਾ ਵਿਖਾਈ ਨਹੀਂ ਦੇ ਰਿਹਾ ਨੇੜੇ-ਤੇੜੇ। ਉਸਦੇ ਅੰਗਾਂ ਵਿਚ ਥਕਾਵਟ ਭਰੀ ਪਈ ਹੈ। ਉੱਚੀ ਨੀਵੀਂ ਸੜਕ ਉੱਤੇ ਤੁਰਨਾ ਬਹੁਤ ਔਖਾ ਲੱਗ ਰਿਹਾ ਹੈ ਉਸ ਨੂੰ।

ਸੱਚੀਂ। ਬੜਾ ਔਖਾ ਹੁੰਦਾ ਹੈ, ਉਖੜ-ਦੁਖੜੇ ਰਾਹਾਂ ਉੱਤੇ ਤੁਰਨਾ।

ਉਦੋਂ ਤਾਂ ਹੋਰ ਵੀ ਔਖਾ ਜਦੋਂ ਕੋਈ ਸਹਾਰਾ ਕੋਲ ਨਾ ਹੋਵੇ।

ਪਵਨ ਨੇ ਉਭਰ ਕੇ ਕਦੀ ਕੁਝ ਨਹੀਂ ਸੀ ਕਿਹਾ ਪਰ ਇਕ ਬੇਗਾਨਗੀ ਆਉਂਦੀ ਗਈ ਸੀ ਉਸ ਦੇ ਵਿਆਹ ਅੰਦਰ। ਕੋਈ ਬੰਦਾ ਚੁੱਪ-ਚਪੀਤਾ ਕਿਸ ਹੱਦ ਤੱਕ ਅਗਲੇ ਨੂੰ ਟਾਰਚਰ ਕਰ ਸਕਦਾ ਹੈ, ਇਹ ਪਵਨ ਕੋਲੋਂ ਜਾਣਿਆ ਸੀ ਜਪੀ ਨੇ ਪਿਛਲੇ ਅਰਸੇ ਦੌਰਾਨ। ਪਵਨ ਦੇ ਨਾਟਕ ਦਾ ਕੋਈ ਸ਼ੋਅ ਹੁੰਦਾ ਤਾਂ ਕਿਤੇ ਜਪੀ ਨੂੰ ਕਿਸੇ ਬੇਗਾਨੇ ਕੋਲੋਂ ਪਤਾ ਲੱਗਦਾ। ਰਿਹਾੜ ਪਏ ਸੋਨੂੰ ਨੂੰ ਚੁੱਪ ਕਰਾਉਂਦੇ ਪਵਨ ਦੀ ਆਵਾਜ਼ ਰਸੋਈ ਤੱਕ ਪਹੁੰਚ ਜਾਂਦੀ, "ਚੁੱਪ ਕਰ ਪੁੱਤਰਾ, ਨਹੀਂ ਤਾਂ ਤੇਰੀ ਮੰਮੀ ਆਪਣੇ ਘਰ ਵਿਚੋਂ ਬਾਹਰ ਕੱਢ ਦੇਵੇਗੀ।" ਜ਼ੋਰ ਪਾ ਕੇ ਕਿਹਾ 'ਆਪਣੇ' ਸ਼ਬਦ ਜਪੀ ਦੇ ਅੰਦਰ ਜਿਵੇਂ ਸੂਲ ਬਣ ਕੇ ਲਹਿ ਜਾਂਦਾ। ਘਰ ਆਏ ਦੋਸਤਾਂ ਸਾਹਵੇਂ ਪਵਨ ਉਸ ਨੂੰ ਇੰਜ ਇਗਨੋਰ ਕਰਦਾ ਜਿਵੇਂ ਉਹ ਘਰ ਵਿਚ ਨਾ ਗੌਲਣਯੋਗ ਕੋਈ ਮਾਮੂਲੀ ਵਸਤੂ ਹੋਵੇ। ਇਕ-ਅੱਧ ਵਾਰ ਜਪੀ ਨੇ ਇਤਰਾਜ਼ ਕੀਤਾ ਤਾਂ ਬੜੇ ਠੰਢੇ ਲਹਿਜੇ ਵਿਚ ਪਵਨ ਦਾ ਉੱਤਰ ਸੀ, "ਮੇਰੇ ਕਲਾਕਾਰ ਦੋਸਤਾਂ ਦਾ ਤੈਨੂੰ ਜੇ 'ਤੇਰੇ' ਘਰ ਵਿਚ ਆਉਣਾ ਗਵਾਰਾ ਨਹੀਂ ਹੈ ਤਾਂ ਉਹ ਨਹੀਂ ਆਇਆ ਕਰਨਗੇ।"

ਉਫ਼। ਕੋਈ ਕਲਾਕਾਰ ਆਪਣੇ ਵਿਚ ਨੀਵੇਂ ਉਤਰਨ ਦੀ ਕਲਾ ਵਿਚ ਵੀ ਕਿਸ ਕਦਰ ਮਾਹਿਰ ਹੋ ਸਕਦਾ ਹੈ।

ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਪਵਨ ਇੰਜ ਹੌਲੀ-ਹੌਲੀ ਬੜੀ ਚਤੁਰਾਈ ਨਾਲ ਕਿਨਾਰਾ ਕਰਦਾ ਚਲਿਆ ਗਿਆ ਕਿ ਜਪੀ ਨੂੰ ਕੁਝ ਕਹਿਣ ਦਾ ਮੌਕਾ ਹੀ ਨਹੀਂ ਦਿੱਤਾ, "ਇਸ ਕਬੀਲਦਾਰੀ ਦੇ ਖਲਜਗਣ ਨੂੰ ਤੂੰ ਹੀ ਸਾਂਭ। ਇਕ ਕਲਾਕਾਰ ਦੀ ਕਰੀਏਟੀਵਿਟੀ ਨੂੰ ਖਾ ਜਾਂਦੇ ਨੇ ਇਹ ਸਭ ਝੰਜਟ।"

ਸਾਰਾ ਬੋਝ ਜਪੀ ਦੇ ਮੋਢਿਆਂ ਉੱਤੇ ਜਿਵੇਂ ਲੱਦ ਹੀ ਦਿੱਤਾ ਗਿਆ। ਉਹ ਥੱਕ ਕੇ ਚੂਰ ਹੋਈ ਰਹਿੰਦੀ। ਤੜਕੇ ਚਾਰ ਵਜੇ ਉੱਠਦੀ ਅਤੇ ਰਾਤੀਂ ਦਸ-ਗਿਆਰਾਂ ਤੋਂ ਪਹਿਲਾਂ ਮੰਜੇ ਉੱਤੇ ਪਿੱਠ ਨਾ ਲਾ ਹੁੰਦੀ। ਪਵਨ, ਘਰ, ਬੱਚੇ ਦੀ ਸੰਭਾਲ, ਸਕੂਲ, ਲੰਮਾ, ਸਫ਼ਰ, ਕੰਮ ਦੀ ਥਕਾਵਟ, ਫਿਰ ਸ਼ਾਮ ਨੂੰ ਘਰ ਦੇ ਕੰਮ। ਦਸ-ਦਸ ਵਜੇ ਤੱਕ ਤਾਂ ਪਵਨ ਦੇ ਦੋਸਤਾਂ ਦੀ ਮਹਿਫ਼ਲ ਜੰਮੀ ਰਹਿੰਦੀ ਘਰ ਵਿਚ। ਉੱਤੋਂ ਆਰਥਿਕ ਤੰਗੀ ਦਾ ਦੌਰ। ਟੀਵੀ ਸੀਰੀਅਲ ਪਿੱਛੇ ਲਾਈ ਦੌੜ ਕਾਰਨ ਦਫ਼ਤਰ ਵਿਚ ਪਵਨ ਦੀ ਗੈਰ-ਹਾਜ਼ਰੀ ਲਗਾਤਾਰ ਵਧਦੀ ਗਈ। ਕਿਸੇ ਮਹੀਨੇ ਪੰਦਰਾਂ ਦਿਨਾਂ ਦੀ ਤਨਖ਼ਾਹ ਮਿਲਦੀ,



ਕਦੇ ਦਸ ਦਿਨ ਦੀ। ਉੱਤੋਂ ਦਿਲੀ ਦੇ ਚੱਕਰ ਉੱਤੇ ਚੱਕਰ ਕਾਰਨ ਖ਼ਰਚੇ ਦਾ ਵਾਧੂ ਚੱਕਰ।

ਨਿੱਘਰ ਰਹੀ ਸਿਹਤ ਅਤੇ ਭਵਿੱਖ ਦੀ ਚਿੰਤਾ ਜਪੀ ਨੂੰ ਖਾ ਰਹੀ ਸੀ।

ਉਹ ਸਭ ਕੁਝ ਝੱਲ ਸਕਦੀ ਸੀ ਪਰ ਜੇ ਪਵਨ ਵੱਲੋਂ ਮਾਨਸਿਕ ਸਹਾਰਾ ਹੁੰਦਾ ਤਾਂ...

ਇਕ ਮਹੀਨਾ ਪਹਿਲਾਂ ਪਵਨ ਦੇ ਬੇਜੀ ਆਏ ਨੇ ਉਨ੍ਹਾਂ ਕੋਲ ਰਹਿਣ। ਬੇਜੀ ਦੇ ਖੁਲ੍ਹੇ ਵਿਹਾਰ ਕਾਰਨ ਜਪੀ ਘਬਰਾਹਟ ਵਿਚ ਹੈ। ਕਦੇ ਇਹ ਸਭ ਸੁਖਾਵਾਂ ਸੁਖਾਵਾਂ ਲੱਗਦਾ ਹੈ, ਕਦੇ ਸ਼ੱਕ ਵੀ ਉਪਜਾਉਂਦਾ ਹੈ....

ਜਪੀ ਲੈਬੋਰੇਟਰੀ ਦੇ ਅੰਦਰ ਪਹੁੰਚਦੀ ਹੈ ਤਾਂ ਦੀਵਾਰ ਘੜੀ ਦੀਆਂ ਸੂਈਆਂ ਢਾਈ ਦਾ ਸਮਾਂ ਦੱਸ ਰਹੀਆਂ ਨੇ। ਲੈਬੋਰੇਟਰੀ ਦੀ ਇੰਚਾਰਜ ਡਾਕਟਰ ਉਸ ਦੀ ਵਾਕਫ਼ ਹੈ। ਉਸ ਨੇ ਪਹਿਲਾਂ ਜਪੀ ਨੂੰ ਠੰਢੇ ਪਾਣੀ ਦਾ ਗਲਾਸ ਦਿੱਤਾ, ਫਿਰ ਰਿਪੋਰਟ ਉਸਦੇ ਹੱਥ ਵਿਚ ਫੜਾਈ। ਉਹ ਕਾਹਲੀ-ਕਾਹਲੀ ਰਿਪੋਰਟ ਪੜ੍ਹ ਜਾਂਦੀ ਹੈ। ਫਿਰ ਸਵਾਲੀਆ ਨਜ਼ਰਾਂ ਨਾਲ ਡਾਕਟਰ ਵੱਲ ਵੇਖਦੀ ਹੈ।

ਡਾਕਟਰ ਹਾਂ ਵਿਚ ਸਿਰ ਹਿਲਾਉਂਦੀ ਹੋਈ ਕਹਿੰਦੀ ਹੈ, "ਦਿਸ ਇਜ਼ ਟੂ ਮੱਚ। ਤੁਸੀਂ ਛੇਤੀ ਕਿਸੇ ਡਾਕਟਰ ਨੂੰ ਕੰਸਲਟ ਕਰੋ, ਜਪੀ।"

ਜਪੀ ਕੋਲੋਂ ਲੈਬੋਰੇਟਰੀ ਵਿਚੋਂ ਇਕਦਮ ਨਹੀਂ ਤੁਰ ਹੁੰਦਾ। ਪਹਿਲਾਂ ਉਤੇਜਨਾ ਨਾਲ ਤੇਜ਼ ਚੱਲਣ ਲੱਗ ਪਏ ਸਾਹਾਂ ਉੱਤੇ ਕਾਬੂ ਪਾਉਂਦੀ ਹੈ। ਉਸ ਦੇ ਅੰਦਰ ਜਜ਼ਬਾਤ ਦੀ ਇਕ ਹਨੇਰੀ ਝੁੱਲ ਰਹੀ ਹੈ। ਕੀ ਪਵਨ ਵੀ ਇਸ ਦਾ ਭਾਗੀਦਾਰ ਹੈ ਜਾਂ ਕੇਵਲ ਉਸਦੀ ਮਾਂ ਹੀ ਇਸ ਦੀ ਜ਼ਿੰਮੇਵਾਰ ਹੈ?

ਉਹ ਦੋਵੇਂ ਹੱਥਾਂ ਵਿਚ ਸਿਰ ਫੜ ਸੋਫ਼ੇ ਉੱਤੇ ਢਹਿ ਜਿਹੀ ਪਈ ਹੈ।

ਲੈਬੋਰੇਟਰੀ ਵਿਚੋਂ ਬਾਹਰ ਨਿਕਲ ਰਹੀ ਜਪੀ ਦਾ ਚਿਹਰਾ ਸ਼ਾਂਤ ਹੈ। ਪਰ ਅੰਦਰਲੇ ਕਿਸੇ ਫ਼ੈਸਲੇ ਦੀ ਦ੍ਰਿੜ੍ਹਤਾ ਚਿਹਰੇ ਉਪਰ ਸਾਫ਼ ਉੱਠਦੀ ਵਿਖਾਈ ਦੇ ਰਹੀ ਹੈ। ਇਹੋ ਜਿਹੀ ਸ਼ਾਂਤੀ ਨੂੰ ਵੇਖ ਹੀ ਡਰ ਲੱਗਣ ਲੱਗ ਪਿਆ ਕਰਦਾ ਹੈ। ਕਿਸੇ ਵੱਡੇ ਤੂਫ਼ਾਨ ਤੋਂ ਪਹਿਲਾਂ ਵਰਗੀ ਸ਼ਾਂਤੀ ਤੂਫ਼ਾਨ ਦਾ ਸੰਕੇਤ ਦਿੰਦੀ ਹੋਈ।

ਜਪੀ ਕਾਹਲੀ ਨਾਲ ਟੈਲੀਫ਼ੋਨ ਬੂਥ ਦੇ ਅੰਦਰ ਵੜ ਡਾਇਲ ਘੁਮਾਉਂਦੀ ਹੈ। ਮਾਮਾ ਜੀ ਘਰ ਹੀ ਨੇ, "ਤੁਸੀਂ ਛੇ ਵਜੇ ਸਾਡੇ ਵੱਲ ਪਹੁੰਚਣਾ ਹੈ, ਠੀਕ ਛੇ ਵਜੇ। ਮਾਮੀ ਜੀ ਨੂੰ ਵੀ ਲੈਂਦੇ ਆਉਣਾ। ਜੇ ਨਾ ਆਏ ਤਾਂ ਪਿੱਛੋਂ ਪਛਤਾਵਾ..."

ਉਹ ਇਕਦਮ ਫੋਨ ਰੱਖ ਕੁਝ ਪਲ ਸੋਚਦੀ ਹੈ। ਫਿਰ ਚੋਂਗਾ ਚੁੱਕਦੀ ਹੈ, "ਹੈਲੋ, ਕੀਰਤੀ ਭੂਜੀ। ਤੁਸੀਂ ਦਫ਼ਤਰੋਂ ਸਿੱਧਾ ਮੇਰੇ ਵੱਲ ਆ ਜਾਣਾ। ਪਲੀਜ਼। ਬੱਸ ਸਮਝ ਲਓ ਮੇਰੀ ਜ਼ਿੰਦਗੀ ਦਾ ਸਵਾਲ..."

ਜਪੀ ਭੂਜੀ ਨੂੰ ਕੋਈ ਗੱਲ ਕਰਨ ਦਾ ਮੌਕਾ ਦਿੱਤੇ ਬਿਨਾਂ ਰਸੀਵਰ ਰੱਖ ਦਿੰਦੀ ਹੈ।

ਤੀਜਾ ਫੋਨ ਉਹ ਪਵਨ ਨੂੰ ਕਰਦੀ ਹੈ। ਕਲ੍ਹ ਟੈਗੋਰ ਥੀਏਟਰ ਵਿਖੇ ਉਨ੍ਹਾਂ ਦਾ ਸ਼ੋਅ ਹੈ। ਜਾਣਦੀ ਹੈ, ਅੱਜ ਸਾਰੇ ਕਲਾਕਾਰ ਉੱਥੇ ਹੀ ਹੋਣਗੇ, ਡਰੈੱਸ ਰਿਹਰਸਲ ਵਿਚ

ਰੁੱਝੇ ਹੋਏ ਫੋਨ ਉੱਤੇ ਜਪੀ ਨੂੰ ਹੋਲਡ ਕਰਨ ਦੀ ਬੇਨਤੀ ਸੁਣਦੀ ਹੈ। ਉਹ ਆਪਣੀ ਆਵਾਜ਼ ਵਿਚ ਖੁਸ਼ੀ ਦਾ ਅੰਸ਼ ਭਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ।

"ਕੌਣ ? ਪਵਨ ? ਤੇਰੇ ਲਈ ਖੁਸ਼ਖਬਰੀ ਹੈ। ਸ਼ਰਮਾ ਜੀ ਦਾ ਆਦਮੀ ਮੈਸੇਜ ਦੇ ਗਿਆ ਹੈ। ਹਾਂ ਉਹੀ ਦਿੱਲੀ ਵਾਲੇ, ਜਿਨ੍ਹਾਂ ਕੋਲ ਪਿਛਲੀ ਵਾਰ ਤੁਸੀਂ ਸਕਰੀਨ ਟੈਸਟ ਦੇਣ ਗਏ ਸੀ। ਛੇ ਵਜੇ ਆ ਰਹੇ ਨੇ ਆਪਣੇ ਘਰ। ਬਾਕੀ ਚਾਰਾਂ ਕਲਾਕਾਰਾਂ ਨੂੰ ਵੀ ਮਿਲਣ ਲਈ ਸੱਦਿਆ ਹੈ। ਹਾਂ....ਹਾਂ, ਠੀਕ ਛੇ ਵਜੇ ਆਉਣਗੇ। ਕਹਾ ਭੇਜਿਆ ਹੈ ਕਿ ਜ਼ਿਆਦਾ ਸਮਾਂ ਨਹੀਂ ਹੋਏਗਾ ਉਨ੍ਹਾਂ ਕੋਲ। ਆ ਜਾਣਾ.....ਓ.ਕੇ. ਬਾਏ।"

ਟੈਲੀਫੋਨ ਬੂਥ ਵਿਚੋਂ ਨਿਕਲ ਰਹੀ ਜਪੀ ਨੂੰ ਲੱਗਦਾ ਹੈ ਜਿਵੇਂ ਉਹ ਹੁਣੇ ਹੀ, ਆਪਣੇ ਹੀ ਹੱਥੀਂ ਸਿਰਜੇ ਇਕ ਨਾਟਕੀ ਮਾਹੌਲ ਵਿਚੋਂ ਬਾਹਰ ਨਿਕਲ ਕੇ ਆਈ ਹੈ।

ਅੰਦਰ ਹੀ ਅੰਦਰ ਨਵੀਂ ਸਫ਼ਬੰਦੀ ਕਰਦੀ ਹੋਈ ਜਪੀ ਸੋਨੂੰ ਨੂੰ ਲੈਣ ਲਈ ਕਰੈੱਚ ਵੱਲ ਨੂੰ ਚੱਲ ਪੈਂਦੀ ਹੈ।

ਮਾਮਾ-ਮਾਮੀ ਅਤੇ ਕੀਰਤੀ ਭੂਜੀ ਅੱਗੜ-ਪਿੱਛੜ ਹੀ ਘਰ ਪਹੁੰਚੇ ਨੇ। ਤਿੰਨੇ ਕਾਫ਼ੀ ਘਬਰਾਏ ਹੋਏ ਨੇ। ਪਵਨ ਅਤੇ ਉਸ ਦੇ ਸਾਥੀਆਂ ਨੂੰ ਆਇਆਂ ਤਾਂ ਅੱਧੇ ਘੰਟੇ ਤੋਂ ਵੀ ਉੱਤੇ ਹੋ ਗਿਆ ਹੈ। ਜਪੀ ਜਾਣਦੀ ਸੀ, ਪਹਿਲਾਂ ਪਵਨ ਹੋਰੀਂ ਪਹੁੰਚਣਗੇ।

ਜਪੀ ਜਾਣਦੀ ਹੈ, ਸੰਭਾਵੀ ਸੀਨ ਦੀ ਸ਼ੁਰੂਆਤ ਕਦੇ ਵੀ ਹੋ ਸਕਦੀ ਹੈ। ਉਹ ਦੁਪਹਿਰ ਤੋਂ ਅੰਦਰ ਹੀ ਅੰਦਰ ਉਸ ਸੀਨ ਦੇ ਰੂਬਰੂ ਕਈ ਵਾਰ ਹੋ ਚੁੱਕੀ ਹੈ। ਏਨਾ ਇਕੱਠ ਵੇਖ ਮਾਮਾ-ਮਾਮੀ ਅਤੇ ਭੂਜੀ ਹੋਰਾਂ ਦੀ ਅੰਦਰਲੀ ਘਬਰਾਹਟ ਵੱਧ ਗਈ ਹੈ ਸ਼ਾਇਦ।

ਗੱਲ ਕੀਰਤੀ ਭੂਜੀ ਤੋਰਦੇ ਨੇ, "ਬੜਾ ਸਖ਼ਤ ਸੁਨੇਹਾ ਸੀ ? ਕੀ ਗੱਲ, ਸੁੱਖ ਤਾਂ ਹੈ ?"

ਪਵਨ ਤ੍ਰਭਕਦਾ ਹੈ, "ਸਖ਼ਤ ਸੁਨੇਹਾ ? ਮੈਨੂੰ ਤਾਂ ਕਹਿੰਦੀ ਸੀ ਸ਼ਰਮਾ ਜੀ ਆ ਰਹੇ ਨੇ।"

"ਹੋਰ ਕੀ ਕਹਿ ਕੇ ਸੱਦਦੀ ? ਮੇਰੇ ਵੱਲੋਂ ਸੁਨੇਹੇ ਉੱਤੇ ਤੁਸੀਂ ਘਰ ਆ ਜਾਂਦੇ ? ਆਪਣੇ ਆਪ ਤੋਂ ਪੁੱਛ ਕੇ ਵੇਖੋ ?"

"ਕੀ ਮਤਲਬ ਹੈ ਇਸ ਸਭ ਕਾਸੇ ਦਾ ?" ਪਵਨ ਪੁੱਛਦਾ ਹੈ।

"ਮਤਲਬ ਵੀ ਦੱਸਦੀ ਹਾਂ। ਮਤਲਬ ਦੱਸਣ ਲਈ ਹੀ ਤਾਂ ਸੱਦਿਆ ਹੈ ਸਭ ਨੂੰ," ਜਪੀ ਕਹਿੰਦੀ ਹੋਈ ਬੈੱਡ-ਰੂਮ ਵੱਲ ਜਾਂਦੀ ਹੈ, ਜਿੱਥੇ ਮਾਈ ਘੰਟੇ ਭਰ ਤੋਂ ਅਲੱਗ-ਥਲੱਗ ਬੈਠੀ ਹੈ, ਆਪਣੇ ਅੰਦਰਲੇ ਸ਼ੰਕੇ ਕਾਰਨ, "ਬੇਜੀ ਉੱਪਰ ਆਉਣਾ ਜ਼ਰਾ, ਤੁਹਾਡੀ ਲੋੜ ਹੈ।"

ਗੱਲ ਤੋਰਨ ਤੋਂ ਪਹਿਲਾਂ ਕਮਰੇ ਦੀ ਚੁੱਪ ਨੂੰ ਮਹਿਸੂਸ ਕਰਦੀ ਹੈ ਜਪੀ। ਪਵਨ ਦੇ ਚਿਹਰੇ ਨੂੰ ਧਿਆਨ ਨਾਲ ਘੋਖਦੀ ਹੈ, ਕੁਝ ਪੜ੍ਹ ਸਕਣ ਦੀ ਕੋਸ਼ਿਸ਼ ਵਿਚ, "ਤੈਨੂੰ ਪਤਾ ਹੈ ਪਵਨ ? ਘਰ ਵਿਚ ਇਕ ਮਹੀਨੇ ਤੋਂ ਮੇਰੇ ਲਈ ਵਖਰੀ ਰੋਟੀ ਬਣਦੀ ਆ ਰਹੀ ਹੈ ?"

"ਹਾਂ, ਪਤਾ ਹੈ।"



"ਕਿਉਂ ?"

"ਕਿਉਂਕਿ ਤੈਂ ਸਾਝਰੇ ਜਾਣਾ ਹੁੰਦਾ ਸੀ। ਏਸ ਲਈ ਬੇਜੀ ਰੋਟੀ ਪਕਾ ਦਿੰਦੇ ਸੀ। ਹੋਰ ਕਿਉਂ ?" ਪਵਨ ਦੀ ਆਵਾਜ਼ ਉੱਚੀ ਹੋ ਗਈ ਸੀ ਅਚਾਨਕ।

ਪਵਨ ਦੀ ਅਚਾਨਕ ਉੱਚੀ ਹੋਈ ਆਵਾਜ਼ ਵਿਚੋਂ ਅਰਥ ਤਲਾਸ਼ਦੀ ਜਪੀ ਸੱਸ ਨੂੰ ਮੁਖ਼ਾਤਿਬ ਹੁੰਦੀ ਹੈ, ਤੂੰ ਦੱਸੇਂਗੀ ਮਾਤਾ, ਕਿਉਂ ?"

"ਇਕ ਤਾਂ ਸਾਝਰੇ-ਸਾਝਰੇ ਰੋਟੀਆਂ ਥੱਪ ਕੇ ਦਿਓ ਮੇਰਨ ਲਈ। ਉੱਤੋਂ ਮੇਮ ਸਾਹਬ ਪੁੱਛਦੀ ਹੈ, ਕਿਉਂ", ਉਂਗਲਾਂ ਨਚਾਉਂਦੀ ਮਾਈ ਕਹਿੰਦੀ ਹੈ ਅਤੇ ਦੂਜੇ ਕਮਰੇ ਦਾ ਰੁੱਖ ਕਰ ਲੈਂਦੀ ਹੈ।

"ਰੁਕ ਮਾਈ। ਤੇਰੀ ਲੋੜ ਹੈ ਅਜੇ ਇੱਥੇ", ਜਪੀ ਡੱਬੇ ਵਿਚਲੀ ਰੋਟੀ ਦੀ ਪੂਣੀ ਕਰ ਕੇ ਮੁੱਠੀ ਵਿਚ ਘੁੱਟ ਖੜ੍ਹੀ ਹੈ, "ਲੈ, ਖਾ ਕੇ ਵਿਖਾ ਆਪਣੀ ਪਕਾਈ ਰੋਟੀ।"

"ਮੈਂ... ਮੈਂ...", ਮਾਈ ਨੂੰ ਜਿਵੇਂ ਕੁਝ ਸੁੱਝ ਨਹੀਂ ਰਿਹਾ।

"ਗੱਲ ਕੀ ਹੈ ਜਪੀ ? ਕੁਝ ਪਤਾ ਵੀ ਲੱਗੇ ?" ਮਾਮਾ ਜੀ ਪੁੱਛਦੇ ਨੇ।

"ਪੀਸਿਆ ਹੋਇਆ ਬਰੀਕ ਕੱਚ ਰੋਟੀਆਂ ਵਿਚ ਪਾ-ਪਾ ਕੇ ਖੁਆਉਂਦੀ ਰਹੀ ਹੈ ਇਹ ਮੈਨੂੰ, ਮਹੀਨੇ ਭਰ ਤੋਂ," ਜਪੀ ਰਿਪੋਰਟ ਮਾਮਾ ਜੀ ਅੱਗੇ ਸੁੱਟਦੀ ਹੈ।

ਮਾਮਾ ਜੀ ਕੰਬ ਕੇ ਰਹਿ ਜਾਂਦੇ ਨੇ। ਕੀਰਤੀ ਭੂਜੀ ਕਾਗਜ਼ ਝਪਟ ਲੈਂਦੇ ਨੇ।

"ਇਸੇ ਲਈ ਪੇਟ ਦਰਦ...ਉੱਫ਼...." ਕੀਰਤੀ ਭੂਜੀ ਸਕਤੇ ਦੀ ਅਵਸਥਾ ਵਿਚ ਆ ਜਾਂਦੇ ਨੇ।

"ਲੈ ਖਾਹ ਮਾਈ...ਖਾਹ...," ਜਪੀ ਰੋਟੀ ਉਸ ਦੇ ਮੂੰਹ ਵਿਚ ਤੁੰਨ ਰਹੀ ਹੈ।

"ਹੱਟ, ਕੀ ਕਰ ਰਹੀ ਹੈਂ ਤੂੰ ?" ਪਵਨ ਝਟਕੇ ਨਾਲ ਨੇੜੇ ਪਹੁੰਚਦਾ ਹੈ।

ਜਪੀ ਦੀਆਂ ਅੱਖਾਂ ਵਿਚ ਰੋਹ ਹੈ, "ਨੀਵੀਂ ਰੱਖ ਆਵਾਜ਼। ਤੇਰੀ ਆਵਾਜ਼ ਦਾ ਉੱਚਾਪਣ ਤੈਨੂੰ ਵੀ ਨੰਗਾ ਕਿਹਾ ਹੈ। ਇਨ੍ਹਾਂ ਚਾਰ ਇੱਟਾਂ ਦੀ ਖ਼ਾਤਰ ਤੁਸੀਂ ਮੇਰੀ ਜਾਨ ਤੱਕ..."

ਜਪੀ ਦੇ ਧੱਕੇ ਨਾਲ ਪਵਨ ਡਿੱਗਦਾ ਹੈ। ਫਿਰ ਝਪਟ ਕੇ ਜਪੀ ਦੇ ਗੁੱਟ ਨੂੰ ਹੱਥ ਪਾ ਲੈਂਦਾ ਹੈ। ਉਨ੍ਹਾਂ ਵਿਚ ਜਿਵੇਂ ਯੁੱਧ ਚੱਲ ਰਿਹਾ ਹੈ, "ਲੈ ਖਾਹ ਮਾਈ...ਖਾਹ"

ਮਾਈ ਦੇ ਸੰਘ ਵਿਚੋਂ ਬੱਸ ਘਰਰ-ਘਰਰ ਦੀ ਆਵਾਜ਼ ਆ ਰਹੀ ਹੈ। ਪਵਨ ਬਾਂਹ ਧਰੂਹ ਰਿਹਾ ਹੈ।

ਜਪੀ ਵਿਚ ਪਤਾ ਨਹੀਂ ਕਿੱਥੋਂ ਏਨਾ ਜ਼ੋਰ ਆ ਗਿਆ ਹੈ।

ਅਚਾਨਕ ਜਪੀ ਦਾ ਧਿਆਨ ਆਪਣੇ ਹੱਥ ਵੱਲ ਜਾਂਦਾ ਹੈ। ਹੱਥ ਵੱਲ ਨਹੀਂ, ਹੱਥ ਦੀਆਂ ਉੱਭਰੀਆਂ ਨਾੜਾਂ ਵੱਲ। ਉਸ ਨੂੰ ਲੱਗਦਾ ਹੈ ਇਨ੍ਹਾਂ ਨਾੜਾਂ ਨੂੰ ਤਾਂ ਉਸ ਨੇ ਕਿਤੇ ਵੇਖਿਆ ਹੈ। ਇਨ੍ਹਾਂ ਨਾੜਾਂ ਨੂੰ ਤਾਂ ਉਹ ਪਛਾਣਦੀ ਹੈ। ਚਿਰ ਤੋਂ ਮਨ ਹੀ ਮਨ ਵਿਚ ਇਹਨਾਂ ਉੱਭਰੀਆਂ ਨਾੜਾਂ ਵਾਲੇ ਹੱਥ ਨੂੰ ਪੂਜਦੀ ਆ ਰਹੀ ਹੈ।

ਜਪੀ ਦੀ ਪਕੜ ਹੋਰ ਪੀਡੀ ਹੋ ਜਾਂਦੀ ਹੈ। ਉਸ ਨੂੰ ਲੱਗਦਾ ਹੈ ਗਿਰਝਾਂ ਲਈ ਇਨ੍ਹਾਂ ਨਾੜਾਂ ਦੀ ਬਹੁਤ ਲੋੜ ਹੈ। ਬਹੁਤ-ਬਹੁਤ ਲੋੜ ਹੈ....।

# ਕੱਖ-ਕਾਨ

ਪ੍ਰੇਮ ਗੋਰਖੀ

ਫੌਜੀ ਦੀ 'ਵਾਜ ਸੁਣ ਕੇ ਮਾਸਟਰ ਚੂਹੜ ਸਿੰਘ ਨੇ ਤ੍ਰਬਕ ਕੇ ਨਿੰਮ ਹੇਠ ਦੇਖਿਆ। ਫੌਜੀ ਨੇ ਚੂਹੜ ਸਿੰਘ ਨੂੰ ਰੁਕਦੇ ਦੇਖ, ਹੁੱਕਾ ਇਕ ਪਾਸੇ ਨੂੰ ਕਰ ਦਿੱਤਾ। ਮੱਥੇ ਉੱਤੇ ਲਟਕਦੀਆਂ ਜਟੂਰੀਆਂ ਸਿਰ 'ਤੇ ਸੁਟਦਿਆਂ ਬੋਲਿਆ, "ਦੇਖ ਲਿਆ ਫੇਰ ਕੱਠ ਹੋਇਆ, ਰੱਬ ਦੇ ਨਾਂ ਨੂੰ।"

ਮਾਸਟਰ ਨੇ ਸਾਈਕਲ ਕੰਧ ਨਾਲ ਲਾਇਆ, ਫੇਰ ਘੜੀ 'ਤੇ ਟਾਈਮ ਦੇਖਿਆ ਤੇ ਫੌਜੀ ਦੇ ਕੋਲ ਆ ਗਿਆ। ਖਲੋ ਕੇ ਪਲ ਭਰ ਲਈ ਉਹ ਫੌਜੀ ਵੱਲ ਗਹੁ ਨਾਲ ਦੇਖਦਾ ਰਿਹਾ ਤੇ ਲੰਮਾ ਸਾਰਾ ਸਾਹ ਭਰ ਕੇ ਫੌਜੀ ਦੇ ਪੈਰਾਂ ਵੱਲ ਮੰਜੇ 'ਤੇ ਬਹਿ ਗਿਆ।

"ਓਏ ਆਹ ਡਰੈਵਰ ਮੋਹਰੇ ਹੋ ਕੇ ਗਿਆ ਸਾਧਾਂ ਦੀ ਵੱਧੀ ਆਂਗੂ...ਕੰਜਰ ਦੀ ਬੀ।" ਫੌਜੀ ਨੇ ਵਿਚੋਂ ਹੀ ਖੰਘਣਾ ਸ਼ੁਰੂ ਕਰ ਦਿੱਤਾ। ਉਹਦੀਆਂ ਪੁੜ-ਪੁੜੀਆਂ ਲਾਲ ਸੁਰਖ ਹੋ ਗਈਆਂ, ਜਟੂਰੀਆਂ ਨੇ ਅੱਖਾਂ ਨੂੰ ਲੁਕੋ ਲਿਆ। ਮਸਾਂ ਕਿਤੇ ਖੰਘ ਰੁਕੀ ਤਾਂ ਫੌਜੀ ਨੇ ਇਕ ਗਲਾਸ ਚੁੱਕ ਕੇ ਪਾਣੀ ਦਾ ਘੁੱਟ ਭਰਿਆ। ਦੋਹਾਂ ਹੱਥਾਂ ਨਾਲ ਵਾਲ ਪਿਛਾਂਹ ਹਟਾਉਂਦਾ ਬੋਲਿਆ, "ਇਹ ਹੱਥੂ ਵੀ ਜਾਨ ਲੈ ਕੇ ਰਹੂ, ਰੱਬ ਦੇ ਨਾਂ ਨੂੰ।" ਸਾਫੇ ਨਾਲ ਅੱਖਾਂ ਵਿਚਲਾ ਪਾਣੀ ਸਾਫ ਕਰਦਾ ਗੱਲਾਂ ਕਰੀ ਗਿਆ, "ਮੇਰੇ ਕੋਲ ਦਿਨ ਖੜ੍ਹੇ ਡਰੈਵਰ ਤੇ ਬਲੈਕੀਆਂ ਦਾ ਮੂੰਡਾ ਆਏ....ਘੰਟਾ ਭਰ ਬੈਠੇ, ਆਪਣੀਆਂ ਮਾਰ ਮੁੜ ਕੇ ਕਹਿੰਦੇ, "ਕਿਉਂ ਫੌਜੀਆ ਤੁਰੇਂਗਾ ਸਾਡੇ ਨਾਲ ਕਿ ਨਹੀਂ? ਮੈਂ ਕਿਹਾ ਨਾਂਹ ਬਈ। ਰੱਬ ਦੇ ਨਾਂ ਨੂੰ, ਪਿੰਡ ਵਸਿਆ ਰਹਿਣ ਦਿਓ, ਜਾ ਕੇ ਚੱਜ ਦਾ ਕੋਈ ਕੰਮ ਕਰੋ।"

"ਚਾਚਾ ਮੈਂ ਤਾਂ ਇਕ ਗੱਲ ਜਾਣਦਾਂ, ਪਈ ਸੋਟਾ ਮਾਰਿਆਂ ਪਾਣੀ ਕਦੇ ਦੋ ਨਹੀਂ ਹੋਣ ਲੱਗੇ।" ਚੂਹੜ ਸਿੰਘ ਫੌਜੀ ਵੱਲ ਮੂੰਹ ਕਰਕੇ ਬੋਲਿਆ।

"ਓਏ ਮਾਸਟਰਾ, ਤੂੰ ਸੋਟੇ ਦੀ ਗੱਲ ਕਰਦਾਂ....ਕਾਕਾ ਸੋਟਾ ਤੂੰ ਮਾਰੇਂਗਾ ਆਪਦੇ ਸਿਰ 'ਚ ਜੇ ਇਹ ਕੱਠਾ ਹੋਇਆ ਕੋੜਮਾ ਪਾਣੀ ਹੀ ਨਾ ਰਹਿਣ ਦੇਊ। ਲੈ ਹੁਣ ਗੱਲ ਸੁਣ...।" ਕਹਿ ਕੇ ਫੌਜੀ ਨੇ ਹੇਠੋਂ ਗਲਾਸ ਚੁੱਕ ਕੇ ਪਾਣੀ ਦਾ ਘੁੱਟ ਭਰਿਆ, ਮਤਾਂ ਗੱਲ ਕਰਦਿਆਂ ਖੰਘ ਫਿਰ ਨਾ ਛਿੜ ਪਏ। "ਤਪੇਰੇ ਅੱਡੇ 'ਚ ਰੋੜਿਆਂ ਦੀ ਛੀਥੋ ਟੱਕਰ ਪਈ, ਠਾਕਰ ਦੁਆਰੇ ਮੋਹਰੇ ਨੂੰ ਬਿਠਾ ਲਿਆ, ਕਹਿੰਦੀ ਦੇਖ ਲੈ ਪੁੱਤਾ ਆਹ ਬੀ ਦਿਨ ਦੇਖਣੇ ਸੀ...ਆਪਦੇ ਈ ਧੀਆਂ ਪੁੱਤ ਡਰਾਉਂਦੇ ਫਿਰਦੇ ਆ।.... ਇਨ੍ਹਾਂ ਘਰਾਂ 'ਚੋਂ ਜਿਹੜੇ ਹੁਣ ਤਕ ਸੈਂਕੜਿਆਂ ਦਾ ਲੈਣ ਦੇਣ ਕਰਦੇ ਰਹੇ ਆ, ਉਨ੍ਹਾਂ ਦੇ ਛੋਕਰੇ ਹੀ



ਬੀਹੀਆਂ 'ਚ ਲਲਕਾਰੇ ਮਾਰਦੇ ਡਰਾਉਂਦੇ ਫਿਰਦੇ ਆ... ਕਹਿੰਦੇ ਆ ਲਗਾ ਤੁਰਗਾ ਚੁੱਕ ਕੇ ਆਪੇ ਵਗ ਜਾਓ ਨਹੀਂ ਤਾਂ ਹੂੰਝਾ ਫੇਰ ਕੇ ਰਖ ਦਿਆਂਗੇ। ਦਸੋ ਤਾਂ ਭਲਾ ਅਸੀਂ ਏਸ ਪਿੰਡ 'ਚ ਕਿੰਨੇ ਕੁ ਦਿਨ ਲੁਕ ਲੁਕ ਕੱਟੀ ਜਾਵਾਂਗੇ।" ਫੌਜੀ ਚੁੱਪ ਕਰ ਗਿਆ। ਚੂਹੜ ਸਿੰਘ ਨੇ ਉਹਦੇ ਮੂੰਹ ਵਲ ਦੇਖਿਆ, ਅੱਖਾਂ 'ਚ ਪਾਣੀ ਸਿਮ ਆਇਆ ਸੀ। "ਚੂਹੜ ਸਿਆਂ ਉਹਨੀਂ ਤਾਂ ਡਰਦਿਆਂ ਨੇ ਨੂੰਹਾਂ-ਧੀਆਂ ਨੂੰ ਅੰਦਰੀਂ ਲੁਕੋ ਕੇ ਰਖਿਆ ਹੋਇਐ... ਰੱਬ ਦੇ ਨਾਂ ਨੂੰ।"

ਮਾਸਟਰ ਚੂਹੜ ਸਿੰਘ ਨੂੰ ਉਦਾਸ ਕਰ ਜਾਣ ਵਾਲੀ ਇਹ ਇਕ ਹੋਰ ਸੱਟ ਸੀ। ਅਜੇ ਤਾਂ ਦੋ ਘੜੀਆਂ ਪਹਿਲਾਂ ਜੋ ਕੁਝ ਹੋਇਆ ਵਾਪਰਿਆ ਸੀ, ਉਹਦੀ ਸੱਟ ਨੂੰ ਹੀ ਮਸਾਂ ਜਰ ਸਕਿਆ ਸੀ। ਉਹ ਸੋਚ ਰਿਹਾ ਸੀ ਉਹਨੂੰ ਸਕੂਲੋਂ ਆਉਂਦੇ ਨੂੰ ਮੈਡਮ ਕਮਲਾ ਦੇ ਘਰ ਨਹੀਂ ਸੀ ਜਾਣਾ ਚਾਹੀਦਾ। ਨਾ ਉਹ ਜਾਂਦਾ ਤੇ ਨਾ ਮਨ ਨੂੰ ਦੁਖੀ ਕਰਨ ਵਾਲਾ ਇਹ ਕੁਝ ਦੇਖ-ਸੁਣ ਹੀ ਸਕਦਾ।

ਮੈਡਮ ਕਮਲਾ। ਸਕੂਲ ਵਿਚ ਉਹਨੂੰ ਸਾਰੇ ਮੈਡਮ ਹੀ ਕਹਿੰਦੇ ਸਨ, ਸੋ ਚੂਹੜ ਸਿੰਘ ਵੀ ਮੈਡਮ ਕਹਿ ਕੇ ਹੀ ਬੁਲਾਉਂਦਾ। ਜਿਸ ਸਕੂਲ ਵਿਚ ਉਹ ਪੜ੍ਹਾਉਂਦਾ ਹੈ, ਮੈਡਮ ਕਮਲਾ ਚਾਰ ਕੁ ਮਹੀਨੇ ਹੋਏ ਉਥੇ ਹੈੱਡਮਿਸਟਰੈਸ ਆ ਕੇ ਲੱਗੀ ਹੈ। ਸ਼ਹਿਰੋਂ ਤਰੱਕੀ ਮਿਲਣ 'ਤੇ ਉਹ ਇਥੇ ਆਈ ਹੈ। ਸਕੂਲ 'ਚ ਬਾਕੀ ਸਟਾਫ ਮੈਂਬਰ ਦੁਆਲੇ ਦੇ ਪਿੰਡਾਂ 'ਚੋਂ ਹੀ ਆਉਂਦੇ ਹਨ। ਪਰ ਚੂਹੜ ਸਿੰਘ ਦਾ ਪਿੰਡ ਕਿਉਂਕਿ ਮੁੱਖ ਸੜਕ ਉੱਪਰ ਪੈਣ ਕਰਕੇ ਤੇ ਹੋਰ ਸਹੂਲਤਾਂ ਕਰਕੇ ਮੈਡਮ ਕਮਲਾ ਨੂੰ ਇਹ ਪਿੰਡ ਚੰਗਾ ਲੱਗਾ ਸੀ। ਚੂਹੜ ਸਿੰਘ ਨੂੰ ਕਿਰਾਏ 'ਤੇ ਮਕਾਨ ਲੈਣ ਲਈ ਕਿਹਾ ਤਾਂ ਉਹਨੇ ਇਕ ਚੰਗਾ ਮਕਾਨ ਲੱਭ ਦਿੱਤਾ ਸੀ।

"ਚੂਹੜ ਸਿੰਘ ਜੀ ਮਕਾਨ ਤਾਂ ਅੱਛਾ ਲੈ 'ਤਾ ਏ, ਹੁਣ ਆਉਂਦੇ ਜਾਂਦੇ ਵੀ ਰਹਿਣਾ। ਦੋਨੋਂ ਲੜਕੇ ਤਾਂ ਸ਼ਹਿਰ ਈ ਪੜ੍ਹਨਗੇ ਆਪਣੇ ਮਾਮਿਆਂ ਕੋਲ, ਸੋਮਾ ਮੇਰੇ ਨਾਲ ਈ ਸਕੂਲ ਜਾਇਆ ਕਰੇਗੀ। ਵਿਹਲੇ ਵੇਲੇ ਗੇੜਾ ਮਾਰੀ ਜਾਣਾ... ਨਵਾਂ ਨਵਾਂ ਓਪਰਾ ਲਗੇਗਾ ਹੀ।" ਸੋ ਚੂਹੜ ਸਿੰਘ ਤੀਜੇ ਚੌਥੇ ਗੇੜਾ ਮਾਰ ਆਉਂਦਾ ਤੇ ਸਕੂਲ ਗਿਆਂ ਵੀ ਪੁੱਛ-ਗਿੱਛ ਲੈਂਦਾ। ਪਰ ਜਿਉਂ ਹੀ ਅੰਮ੍ਰਿਤਸਰ ਤੇ ਗੁਰਦਾਸਪੁਰ ਵਲ ਬੱਸਾਂ ਵਿਚੋਂ ਆਦਮੀਆਂ ਨੂੰ ਲਾਹ ਕੇ ਮਾਰਨ ਦੀਆਂ ਘਟਨਾਵਾਂ ਤੇ ਫਿਰ ਪਿੰਡਾਂ ਵਿਚੋਂ ਪਰਿਵਾਰਾਂ ਦਾ ਘਰ ਛੱਡ ਕੇ ਤੁਰ ਪੈਣ ਜਿਹੀਆਂ ਗੱਲਾਂ ਸੁਣਨ ਵਿਚ ਆਈਆਂ ਤਾਂ ਮੈਡਮ ਕਮਲਾ ਵੀ ਘਬਰਾ ਗਈ। ਸ਼ਾਇਦ ਇਸੇ ਭੈਅ ਕਰਕੇ ਹੀ ਉਹ ਤਿੰਨ-ਚਾਰ ਦਿਨ ਤੋਂ ਸਕੂਲ ਵੀ ਨਹੀਂ ਸੀ ਆ ਰਹੀ। ਚੂਹੜ ਸਿੰਘ ਉਸਦੀ ਖ਼ਬਰਸਾਰ ਖਾਤਰ ਹੀ ਉਹਦੇ ਘਰ ਪਹੁੰਚਿਆ।

ਪੌੜੀਆਂ ਚੜ੍ਹ ਕੇ ਉਹ ਜਦੋਂ ਉਪਰ ਬੈਠਕ ਦੇ ਦਰਾਂ 'ਚ ਆਇਆ ਤਾਂ ਅੰਦਰ ਖਾਲੀ ਦੇਖ ਕੇ ਦਰਵਾਜ਼ਾ ਠਕੋਰਿਆ। ਸੋਮਾ ਦੂਸਰੇ ਕਮਰੇ 'ਚੋਂ ਆਈ। "ਮੈਡਮ ਕਿਧਰ ਆ।" ਕਹਿੰਦਾ ਚੂਹੜ ਸਿੰਘ ਅੱਗੇ ਵਧਿਆ ਤੇ ਦੂਸਰੇ ਦਰ 'ਚੋਂ ਛੱਤ ਉਪਰ ਨਿਗ੍ਹਾ ਮਾਰੀ—ਮੈਡਮ ਧੁੱਪੇ ਮੰਜੇ 'ਤੇ ਬੈਠੀ ਕੁਝ ਪੜ੍ਹ ਰਹੀ ਸੀ। ਉਹ ਅੱਗੇ ਨੂੰ ਆ ਗਿਆ। ਚੂਹੜ ਸਿੰਘ ਦੀ ਆਵਾਜ਼ ਸੁਣ ਕੇ ਮੈਡਮ ਤ੍ਰਬਕੀ ਤੇ ਕਾਹਲੀ ਨਾਲ ਕੋਈ ਚੀਜ਼

ਸਿਰਹਾਣੇ ਹੇਠ ਰੱਖ ਕੇ ਐਨਕ ਲਾਹੀ। ਰਜ਼ਾਈ ਦੀ ਬੁੱਕਲ ਖੋਲ੍ਹਦਿਆਂ ਝੂਠਾ ਜਿਹਾ ਮੁਸਕਰਾਈ ਵੀ।

"ਦੱਸੋ ਸਿਹਤ ਕਿਦਾਂ ? ਠੀਕ ਐ ਨਾ ?" ਕਹਿੰਦਾ ਚੂਹੜ ਸਿੰਘ ਮੰਜੇ ਦੇ ਕੋਲ ਪਈ ਕੁਰਸੀ ਉਪਰ ਬਹਿ ਗਿਆ।

"ਸਿਹਤ ਤਾਂ ਠੀਕ ਆ।" ਕਹਿ ਕੇ ਮੈਡਮ ਨੇ ਕੰਧ ਉਪਰ ਪਈ ਪਰਾਤ 'ਚ ਬੈਠੇ ਕਾਂ ਨੂੰ ਛਿਛਕਾਰਿਆ। ਫਿਰ ਸਿਰ ਦੇ ਵਾਲਾਂ 'ਚ ਉਂਗਲਾਂ ਨਾਲ ਕੰਘੀ ਕਰਨ ਲਗ ਪਈ। ਭਾਰੇ ਵਾਲਾਂ ਦਾ ਜੂੜਾ ਕੀਤਾ ਤੇ ਚੂਹੜ ਸਿੰਘ ਵੱਲ ਗਹੁ ਨਾਲ ਦੇਖ ਕੇ ਬੋਲੀ, "ਇਕ ਬੜੀ ਮਜ਼ੇਦਾਰ ਗੱਲ ਰਾਤੀਂ ਹੋਈ। ਗੁਆਂਢ 'ਚੋਂ ਦੋ ਚਾਰ ਔਰਤਾਂ ਆ ਬੈਠੀਆਂ..... ਐਵੇਂ ਗੱਲਾਂ ਗੱਲਾਂ 'ਚ ਮਜ਼ਾਕ ਨਾਲ ਕਹਿੰਦੀਆਂ, ਭੈਣ ਜੀ ਮੁੰਡਿਆਂ ਨੂੰ ਕਹੋ ਦਾੜ੍ਹੀਆਂ ਰੱਖ ਲੈਣ ਤੇ ਪੱਗਾਂ ਬੰਨ੍ਹਿਆਂ ਕਰਨ..." ਮੈਡਮ ਕਮਲਾ ਹੱਸੀ। ਫਿਰ ਇਕ ਦਮ ਚੁੱਪ ਹੋ ਗਈ ਤੇ ਫਲਕ ਫਲਕ ਉਹਦੀਆਂ ਅੱਖਾਂ 'ਚੋਂ ਅਥਰੂ ਛਲਕ ਪਏ।

ਦੇਖ ਕੇ ਚੂਹੜ ਸਿੰਘ ਦਾ ਆਪਣਾ ਰੰਗ ਫੱਕ ਹੋ ਗਿਆ। ਉਸ ਮਨ 'ਚ ਕਿਹਾ ਇਹ ਪੜ੍ਹੀ ਲਿਖੀ ਔਰਤ ਕੀ ਕਰ ਰਹੀ ਹੈ। ਇਹਨੂੰ ਕੀ ਹੋ ਗਿਆ ਹੈ। ... ਸੋਮਾ ਨੇ ਆ ਕੇ ਆਪਣੀ ਮਾਂ ਦੀਆਂ ਅੱਖਾਂ ਸਾਫ ਕੀਤੀਆਂ ਤੇ ਆਸਰਾ ਦੇ ਕੇ ਲੰਮੇ ਪੈ ਜਾਣ ਲਈ ਕਿਹਾ। ਸਰਾਹਣਾ ਚੁੱਕ ਕੇ ਠੀਕ ਕਰਨ ਲੱਗੀ ਤਾਂ ਗੁਟਕਾ ਪਟਾਕ ਕਰਕੇ ਕੁੜੀ ਦੇ ਪੈਰਾਂ 'ਚ ਆ ਡਿੱਗਾ। ਚੂਹੜ ਸਿੰਘ ਮੈਡਮ ਵਲੋਂ ਨਿਗ੍ਹਾ ਹਟਾ ਕੇ ਡੌਰ ਭੌਰ ਹੋਇਆ ਗੁਟਕੇ ਉੱਤੇ ਉਕਰੇ 'ਜਪੁਜੀ ਸਾਹਿਬ' ਵਲ ਦੇਖਣ ਲੱਗਾ। ਖੜਾਕ ਸੁਣ ਕੇ ਮੈਡਮ ਨੇ ਥੱਲੇ ਝੁਕ ਕੇ ਗੁਟਕਾ ਚੁੱਕਿਆ, ਮੱਥੇ ਨਾਲ ਛੁਹਾਇਆ। ਫਿਰ ਉਹ ਸਾਫ ਆਸਮਾਨ ਵਲ ਦੇਖਦੀ ਕਹਿਣ ਲਗੀ, "ਚੂਹੜ ਸਿੰਘ ਜੀ, ਤੁਹਾਡੇ ਪਿੰਡ ਦਾ ਗੁਰਦੁਆਰਾ ਬੜਾ ਸੋਹਣਾ.... ਪੂਰਾ ਫਰਸ਼ ਸੰਗਮਰਮਰ ਦਾ ਚਿੱਟਾ ਦੁੱਧ। ਅੱਜ ਸੰਗਰਾਂਦ ਸੀ ਨਾ....ਮੈਂ ਪ੍ਰਸ਼ਾਦ ਬਣਾਇਆ ਤੇ ਸੋਮਾ ਨੂੰ ਕਿਹਾ, ਆ ਚੱਲੀਏ। ਕੀਰਤਨ ਸੁਣ ਕੇ ਮਨ ਨੂੰ ਬੜਾ ਸਕੂਨ ਮਿਲਿਆ। ਇਹ ਮੋਹ-ਮਮਤਾ, ਇਹ ਸਾੜ ਫੂਕ, ਗੋਲੀਆਂ ਮਾਰਨਾ, ਇਹ ਸਭ ਮਨ ਦੀ ਭਟਕਣਾ ਹੈ...।" ਮੈਡਮ ਉਠ ਕੇ ਬੈਠ ਗਈ ਤੇ ਚੂਹੜ ਸਿੰਘ ਵਲ ਦੇਖ ਕੇ ਅੱਖਾਂ ਮੀਟ ਲਈਆਂ। ਫਿਰ ਪੋਲੇ ਜਿਹੇ ਅੱਖਾਂ ਖੋਲ੍ਹੀਆਂ ਤੇ ਬੋਲੀ, "ਦੇਖੋ ਇਹ ਬੰਦਾ ਕੀ ਸ਼ੈਅ ਏ...ਹਵਾ ਦਾ ਗੁਬਾਰ। ਪਰ ਫਿਰ ਵੀ ਉਹ ਇਕ ਦੂਜੇ ਦਾ ਕਤਲ ਕਰਦਾ ਹੈ, ਸਿਰਫ ਆਪਣੀ ਹੋਂਦ ਜਤਲਾਉਣ ਖਾਤਰ....ਕਿ ਨਹੀਂ ? ਮੇਰਾ ਖ਼ਿਆਲ ਏ ਦੇਖੋ ਨਾ ਕੋਈ ਹਿੰਦੂ ਐ ਨਾ ਸਿੱਖ...ਬਸ ਕੁਝ ਲੋੜਾਂ ਨੇ ਜੋ ਤੁਰੀਆਂ ਫਿਰਦੀਆਂ ਨੇ....। ਚੂਹੜ ਸਿੰਘ ਜੀ ਇਨ੍ਹਾਂ ਲੋੜਾਂ ਦਾ ਹੀ ਦੂਜਾ ਨਾਂ ਜ਼ਿੰਦਗੀ ਹੈ... ਕਿ ਨਹੀਂ ?" ਕਹਿ ਕੇ ਉਹਨੇ ਮੋਬਾ ਸਕੋੜ ਕੇ ਚੂਹੜ ਸਿੰਘ ਵਲ ਦੇਖਿਆ ਤੇ ਕਹਿਣ ਲੱਗੀ, "ਗੁਰਦੁਆਰੇ ਤੋਂ ਆਉਂਦੀ ਹੋਈ ਮੈਂ ਭਾਈ ਜੀ ਕੋਲੋਂ ਐਹ ਗੁਟਕਾ ਫੜ ਲਿਆਈ..."

ਕੁੜੀ ਨੇ ਚਾਹ ਦੇ ਗਲਾਸ ਲਿਆ ਕੇ ਫੜਾ ਦਿੱਤੇ। ਮੈਡਮ ਕਮਲਾ ਨੇ ਗਲਾਸ ਹੇਠਾਂ ਰੱਖ ਦਿੱਤਾ ਪਰ ਚੂਹੜ ਸਿੰਘ ਗਲਾਸ ਨੂੰ ਹੱਥਾਂ ਵਿਚ ਹੀ ਪਲੋਸਣ ਲੱਗ ਪਿਆ।

"ਤੁਸੀਂ ਮੈਨੂੰ ਇਕ ਸਲਾਹ ਦਿਓ...." ਕਹਿੰਦਿਆਂ ਮੈਡਮ ਨੇ ਅੱਖਾਂ ਸਾਫ ਕੀਤੀਆਂ। ਮੇਰਾ ਦਿਲ ਕਰਦਾ ਏ ਸੋਮਾ ਦੇ ਪਾਪਾ ਨਾਲ ਸਲਾਹ ਕਰ ਲਈ ਜਾਵੇ, ਮੇਰੇ



ਕੋਲੋਂ ਏਸ ਖ਼ੌਫ਼ਨਾਕ ਸਮੇਂ ਵਿਚ ਇਹ ਬੋਟ ਨਹੀਂ ਸੰਭਾਲੇ ਜਾਂਦੇ, ਸੋ ਉਸ ਦੇ ਦਰਵਾਜ਼ੇ 'ਤੇ ਜਾ ਬੈਠਾਂਗੀ... ਜੇ ਇਹ ਸੰਤਾਪ ਝਲਣਾ ਹੀ ਏ ਤਾਂ ਮੈਂ ਇਕੱਲੀ ਹੀ ਕਿਉਂ ਝੱਲਾਂ, ਕਿ ਨਹੀਂ ?

"ਤੁਸੀਂ ਇਹ ਗੱਲਾਂ ਕੀ ਕਰੀ ਜਾਂਦੇ ਆਂ... ਡਰ ਤਾਂ ਬੰਦੇ ਨੂੰ ਖੜ੍ਹੇ ਨੂੰ ਸਾੜ ਦਿੰਦਾ ਹੈ ?" ਚੂਹੜ ਸਿੰਘ ਹਰਖ ਕੇ ਬੋਲਿਆ। ਉਹਨੂੰ ਖ਼ਿਆਲ ਆਇਆ ਅਜੇ ਕੱਲ੍ਹ ਤਾਂ ਉਹ ਆਪਣੇ ਅਯਾਸ਼ ਤੇ ਜ਼ਾਲਮ ਪਤੀ ਨੂੰ ਸੌ ਸੌ ਗਾਲ੍ਹਾਂ ਕੱਢਦੀ ਹਟੀ ਸੀ, ਜਿਸ ਤੋਂ ਉਸ ਨੇ ਬੜੀ ਮੁਸ਼ਕਲ ਨਾਲ ਤਲਾਕ ਲੈ ਕੇ ਸੁੱਖ ਦਾ ਸਾਹ ਲਿਆ ਸੀ। ਚੂਹੜ ਸਿੰਘ ਇਨ੍ਹਾਂ ਸੋਚਾਂ 'ਚ ਉਲਝਿਆ ਹੀ ਉਠ ਕੇ ਤੁਰ ਆਇਆ ਸੀ। ਉਹ ਮੈਡਮ ਦੀਆਂ ਗੱਲਾਂ ਸੁਣ ਕੇ ਬਹੁਤ ਉਦਾਸ ਹੋ ਗਿਆ ਲੱਗਦਾ ਸੀ। "ਸ਼ਾਇਦ ਇਹ ਸਾਰਾ ਕੁਝ ਮੈਡਮ ਦੀ ਇਕੱਲਤਾ ਕਰਕੇ ਹੀ ਉਹਦੇ ਮਨ ਉਪਰ ਭਾਰੂ ਹੋ ਰਿਹਾ ਹੋਵੇ। ਪਰ ਇਹੋ ਜਿਹੀ ਵੀ ਕੀ ਗੱਲ ਹੈ। ਬੱਚੇ ਐ, ਸਕੂਲ ਐ, ਬਾਕੀ ਲੋਕ ਨੇ। ਨਹੀਂ। ਫਿਰ ਵੀ ਆਪਣੇ ਆਪ 'ਚ ਇਕ ਖ਼ਾਲੀਪਨ ਹੁੰਦਾ ਹੈ, ਮਨ ਦਾ ਖ਼ਲਾਅ, ਜਿਥੇ ਇਕ ਦੂਜੇ ਦੀ ਹੋਂਦ ਉਸ ਨੂੰ ਭਰਨ ਦਾ ਵਸੀਲਾ ਨਹੀਂ ਬਣਦੀ।" ਉਹ ਆਪਣੇ ਆਪ ਨਾਲ ਗੱਲ ਕਰਦਾ ਤੁਰਿਆ ਜਾ ਰਿਹਾ ਸੀ ਕਿ ਬੀਹੀ ਦੇ ਮੋੜ 'ਤੇ ਲਾਖੇ ਨੇ ਉਹਦਾ ਸਾਈਕਲ ਫੜ ਕੇ ਰੋਕ ਲਿਆ। ਝੁੰਝਲਾ ਕੇ ਚੂਹੜ ਸਿੰਘ ਨੇ ਲਾਖੇ ਦੇ ਚਿੱਟੇ ਦੁੱਧ ਡੋਲਿਆਂ ਵਲ ਘੂਰ ਕੇ ਦੇਖਿਆ।

"ਮਾਹਟਰਾ ਮੈਂ ਤੈਨੂੰ ਘਰੇ ਦੇਖ ਕੇ ਆਇਆਂ—ਤਕਾਲਾਂ ਪੈਂਗੀਆਂ ਤੈਨੂੰ ਲਭਦੇ ਨੂੰ—ਐਈਂ ਤੁਰ ਪੈ ਹੁਣ—ਲਿਆ ਛੱਡ ਸ਼ੈਕਲ, ਗੇਜਾ ਸਿਹੁੰ ਹੁਣੀਂ ਸੱਦਿਆ ਹਵੇਲੀ 'ਚ।" ਇਹ ਤੋਂ ਪਹਿਲਾਂ ਕਿ ਚੂਹੜ ਸਿੰਘ ਹਾਂ ਜਾਂ ਨਾਂਹ ਕਰਦਾ, ਕੋਈ ਗੱਲਬਾਤ ਪੁੱਛਦਾ, ਲਾਖਾ ਉਹਦਾ ਸਾਈਕਲ ਫੜੀ ਅੱਗੇ ਹੋ ਤੁਰਿਆ।

ਗੇਜਾ ਸਿੰਘ ਪਿਛਲੇ ਸਾਲ ਤੋਂ ਹੀ ਪਿੰਡ 'ਚ ਸਰਗਰਮ ਹੋਇਆ ਹੈ, ਜਦੋਂ ਤੋਂ ਉਹ ਸਰਪੰਚੀ ਦੀ ਚੋਣ ਹਾਰ ਗਿਆ ਸੀ। ਚੋਣ ਜਿੱਤਣ ਲਈ ਉਹਨੇ ਕਾਫੀ ਪੈਸਾ ਖ਼ਰਚਿਆ ਸੀ, ਹੋਰ ਵਥੇਰਾ ਹੇਠ-ਉੱਤੇ ਕੀਤਾ ਸੀ। ਸ਼ਾਇਦ ਉਸੇ ਹਾਰ ਤੋਂ ਚਿੜ ਕੇ ਹੀ ਉਹ ਆਏ ਦਿਨ ਨਵੇਂ ਤੋਂ ਨਵੇਂ ਛਲਿੱਦਰ ਛੇੜ ਰਿਹਾ ਸੀ। ਉਸਦੇ ਮਗਰ ਉਹਦੇ ਜਿਹੇ ਹੀ ਅੱਠ ਦੱਸ ਹੋਰ ਲੱਗੇ ਫਿਰਦੇ ਸਨ।

ਮਾਸਟਰ ਨੇ ਜੁੜੀ ਬੈਠੀ ਢਾਣੀ ਨੂੰ ਗਹੁ ਨਾਲ ਦੇਖਿਆ। ਸਾਰੇ ਮੂੰਹ ਨਿੱਤ ਉਹਦੇ ਮੱਥੇ ਲਗਦੇ ਸਨ। ਦੋ ਜਣੇ ਮਿਸਤਰੀਆਂ ਦੇ ਘਰਾਂ 'ਚੋਂ ਸਨ। ਇਕ ਅਜੇ ਦਸ ਦਿਨ ਪਹਿਲਾਂ ਹੀ ਕਿਸੇ ਕੇਸ 'ਚ ਸਜ਼ਾ ਕੱਟ ਕੇ ਮੁੜਿਆ ਸੀ। ਬਲੌਕੀਆਂ ਦੇ ਦੋਨੋਂ ਮੁੰਡੇ ਤੇ ਨਾਲ ਹੀ ਨੌਕਰ ਵੀ, ਡਰਾਈਵਰ ਤੇ ਉਹਦਾ ਛੋਟਾ ਭਾਈ ਜੋ ਗੇਜਾ ਸਿੰਘ ਦੀ ਸੇਵਾ ਕਰਦੇ ਸਨ, ਤੇ ਪਰਾਂ ਕੁਰਸੀ 'ਤੇ ਬੈਠਾ ਗੇਜਾ ਸਿੰਘ ਨੀਲੀ ਦਸਤਾਰ ਸਜਾਈ, ਮੱਖਣ ਰੰਗੀ ਬੋਸਕੀ ਦਾ ਸੂਟ, ਤੇਜ਼ ਅੱਖਾਂ ਦੀ ਚਮਕ, ਖੁਲ੍ਹਾ ਦਾਹੜਾ। ਉਹਨੇ ਮਾਸਟਰ ਨੂੰ ਆਪ ਦੇ ਕੋਲ ਬਿਠਾ ਲਿਆ ਤੇ ਮੋਢੇ 'ਤੇ ਹੱਥ ਰੱਖਦਾ ਬੋਲਿਆ,

"ਬਈ ਮਾਸਟਰਾ ਘੱਟੋ ਘੱਟ ਤਿੰਨ ਬੰਦੇ ਤੂੰ ਦੇ—ਬਸ ਬੰਦੇ ਆਪਾਂ ਤੀਹ ਕਰਨੇ ਆਂ, ਤੇਰੇ ਅਰਗੇ ਸ਼ੇਰਾਂ ਦੀ ਲੋੜ ਐ ਬਾਬਿਆਂ ਨੂੰ।"

"ਬੰਦੇ ? ਬੰਦੇ ਕੀ ਕਰਨੇ ਆ ਬਾਬਿਆਂ ਨੇ ? ਕਿਤੇ ਭਰਤੀ ਪਾਉਣੀ ਆਂ ਜਾਂ ਕੋਈ ਕੋਠਾ ਛੱਤਣ ਲੱਗੇ ਆ ਜੰਨ ਘਰ ਲਈ ?" ਚੂਹੜ ਸਿੰਘ ਤਨਜ਼ ਨਾਲ ਬੋਲਿਆ।

"ਬਸ ਕੁਝ ਸਮਝ ਲੈ, ਤੂੰ ਆਪ ਦੀ ਡੀਊਟੀ ਪੂਰੀ ਕਰ।"

"ਵਿਚੋਂ ਗੱਲ ਤਾਂ ਪਤਾ ਲਗੇ ?" ਚੂਹੜ ਸਿੰਘ ਨੇ ਸਭ ਦੇ ਚਿਹਰਿਆਂ ਵਲ ਨੀਝ ਨਾਲ ਦੇਖਿਆ।

"ਓਏ ਗੱਲ ਕੀ ਐ ਯਾਰ" ਡਰਾਈਵਰ ਧੌਣ ਉਪਰ ਨੂੰ ਚੁੱਕ ਕੇ ਬੋਲਿਆ, "ਤੈਨੂੰ ਕੀ ਪਤਾ ਕੌਮ 'ਤੇ ਕੀ ਭਾਰੀ ਬਣੀ ਹੋਈ ਆ—ਰਾਤੀ ਉਪਰ ਮੰਦਰ 'ਚ ਸ਼ਹਿਰੋਂ ਆ ਕੇ ਬੰਦਿਆਂ ਨੇ 'ਕੱਠ ਕੀਤੇ—ਪਸਤੌਲਾਂ ਵੰਡ ਕੇ ਗਏ ਆ—ਉਹ ਤਾਂ ਅੱਜ ਭਲਕ ਬੱਸ ਅੱਗ ਲਾਉਣ ਨੂੰ ਫਿਰਦੇ ਨੇ—ਤੁਸੀਂ ਵੀ ਕੋਈ ਹੀਲਾ ਕਰੋ—"

"ਓਏ ਐਵੇਂ ਉਡਦੀਆਂ ਨੀ ਪੋਲੇ ਬੰਨ੍ਹ ਕੇ ਤੁਰ ਪਈ ਦਾ—ਤੈਂ ਪਸਤੌਲ ਦੇਖੇ ਆ ?" ਚੂਹੜ ਸਿੰਘ ਝੂਠੀ ਗੱਲ ਤੋਂ ਵਟ ਖਾ ਗਿਆ।

ਗੇਜਾ ਸਿੰਘ ਤੇ ਬਾਕੀ ਸਾਰੇ ਮਾਸਟਰ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ। ਉਹਦੀ ਅੜੀ ਕਰਕੇ ਡਰਾਇਆ ਤੇ ਧਮਕਾਇਆ ਵੀ ਪਰ ਚੂਹੜ ਸਿੰਘ ਨੇ ਪੈਰ ਹੇਠਾਂ ਨਾ ਲਾਏ।

"ਬਈ ਮੇਰੀ ਸੁਣੋ ਗੱਲ—ਆਪਾਂ ਨੂੰ ਤਾਂ ਕਰੋ ਮਾਫ਼, ਮੈਂ ਏਸ ਕੰਮ ਲੀ ਨੀ ਤੁਰ ਸਕਦਾ"—ਕਹਿ ਕੇ ਉਹ ਉਠ ਕੇ ਖੜ੍ਹ ਗਿਆ।

"ਮੈਨੂੰ ਲਗਦਾ ਥੋਡੀ ਵਿਹੜੇ ਵਾਲਿਆਂ ਦੀ ਵੀ ਪਿੰਡ 'ਚ ਰਹਿਣ ਦੀ ਸਲਾਹ ਨੀ—ਠੀਕ ਐ ਨਾ ?" ਬਲੈਕੀਆਂ ਦਾ ਛੋਟ ਚਮਕ ਕੇ ਬੋਲਿਆ।

"ਓਏ ਮੈਂ ਜਾਣਦਾਂ ਤੈਨੂੰ ਵੱਡੇ ਸਿੰਘ ਸਜੀਏ ਨੂੰ...ਵਿਹੜੇ ਵਾਲੇ ਇਥੇ ਈ ਰਹਿਣਗੇ। ਕਿਸੇ ਹੋਰ ਨੂੰ ਦੇਈਂ ਇਹ ਗਿੱਦੜ ਧਮਕੀਆਂ" ਮਾਸਟਰ ਦਾ ਚਿਹਰਾ ਤਣ ਗਿਆ। ਅੱਖਾਂ 'ਚ ਲਹੂ ਉਤਰ ਆਇਆ ਤੇ ਹੱਥ ਕੰਬਣ ਲੱਗ ਪਏ। ਉਹ ਸਾਈਕਲ ਰੇੜ੍ਹੀ ਕਾਹਲੀ ਨਾਲ ਹਵੇਲੀ 'ਚੋਂ ਬਾਹਰ ਆ ਗਿਆ। ਉਹਦੇ ਸਿਰ ਵਿਚ ਹਨ੍ਹੇਰੀ ਝੁੱਲ ਰਹੀ ਸੀ। ਅੱਖਾਂ ਅੱਗੇ ਹਨ੍ਹੇਰ ਛਾਇਆ ਹੋਇਆ ਸੀ। ਤੇ ਫਿਰ ਉਹਨੂੰ ਫੌਜੀ ਦੀ, ਵਾਜ ਨੇ ਉਡਦੇ ਜਾਂਦੇ ਨੂੰ ਡੰਡੇ 'ਤੇ ਲਿਆ ਖੜ੍ਹਾ ਕੀਤਾ ਸੀ।

ਚੂਹੜ ਸਿੰਘ ਦੀ ਕੁੜੀ ਚਾਹ ਦੇ ਗਲਾਸ ਫੜਾ ਗਈ।

"ਬੱਲੇ ਬੱਲੇ! ਬਈ ਆਹ ਤਾਂ ਪੁੱਤਾਂ ਨੇ ਮੌਜਾਂ ਈ ਲਾ ਤੀਆਂ। ਓਏ ਧੀਏ ਤੈਂ ਤਾਂ ਰੜੇ 'ਚ ਤਾਰ 'ਤਾ, ਰੱਬ ਦੇ ਨਾਂ ਨੂੰ।" ਗਲਾਸ ਹੇਠਾਂ ਰੱਖਦਾ ਫੌਜੀ ਖਿੜ ਗਿਆ। ਉਹ ਕਿੰਨਾ ਚਿਰ ਹੀ ਕੁੜੀ ਨੂੰ ਤੇ ਚੂਹੜ ਸਿੰਘ ਦੀ ਬਹੂ ਨੂੰ ਅਸੀਸਾਂ ਦਿੰਦਾ ਰਿਹਾ।

ਫੌਜੀ ਚੂਹੜ ਸਿੰਘ ਦਾ ਚਾਚਾ ਹੀ ਲੱਗਦਾ ਹੈ। ਬਾਰਾਂ ਸਾਲ ਫੌਜ 'ਚ ਨੌਕਰੀ ਕੀਤੀ ਹੋਈ ਹੈ। ਇਕੋਤ੍ਰਰ ਦੀ ਲੜਾਈ 'ਚ ਉਹ ਜ਼ਖ਼ਮੀ ਹੋਇਆ ਕਈ ਹਸਪਤਾਲਾਂ 'ਚ ਅੱਡੀਆਂ ਰਗੜਦਾ ਰਿਹਾ। ਇਸੇ ਨਰਕ ਭੋਗਣ ਦੌਰਾਨ ਉਹਦਾ ਬਾਪ ਚਲਦਾ ਬਣਿਆ। ਠੀਕ ਹੋ ਕੇ ਉਹ ਹਮੇਸ਼ਾਂ ਲਈ ਘਰ ਜੋਗਾ ਹੀ ਰਹਿ ਗਿਆ। ਸਰੀਰ ਦੇ ਜਿਸ ਪਾਸੇ ਬੰਬ ਦੀਆਂ ਛਿਲਤਾਂ ਲੱਗੀਆਂ ਸਨ, ਉਧਰਲੀ ਵੱਖੀ ਮਾਰੀ ਗਈ ਸੀ। ਉਹ ਚੰਗੀ ਤਰ੍ਹਾਂ ਤੁਰ ਵੀ ਨਹੀਂ ਸੀ ਸਕਦਾ। ਇਸੇ ਦੌਰਾਨ ਉਹਦੀ ਬਹੂ, ਜਿਹਦੇ ਕੁੱਛੜ ਇਕ ਕੁੜੀ ਸੀ,



ਇਕ ਵਾਰੀ ਪੇਕੀਂ ਗਈ ਮੁੜ ਕੇ ਫੌਜੀ ਦੇ ਘਰ ਨਹੀਂ ਸੀ ਆਈ। ਬਹੂ ਦੇ ਪਿਓ ਨੇ ਲੈ ਦੇ ਕਰਕੇ ਉਹਨੂੰ ਕਿਤੇ ਹੋਰ ਬਿਠਾ ਦਿੱਤਾ ਸੀ। ਬਹੂ ਦੇ ਵਿਯੋਗ ਵਿਚ ਹੀ ਫੌਜੀ ਦੀ ਮਾਂ ਵੀ ਗੁਜ਼ਰ ਗਈ। ਮਾਂ ਦੇ ਗੁਜ਼ਰਨ ਬਾਅਦ ਫੌਜੀ ਨੇ ਹੁਣ ਤਕ ਇਕੱਲੇ ਰਹਿ ਕੇ ਦਿਨਾਂ ਨੂੰ ਧੱਕਾ ਦਿੱਤਾ ਹੈ। ਪੈਨਸ਼ਨ ਦੇ ਪੈਸਿਆਂ ਨਾਲ ਉਹਦਾ ਹੁੱਕਾ-ਪਾਣੀ ਚਲਦਾ ਹੈ। ਦੋਨੋਂ ਵੇਲੇ ਦੀ ਰੋਟੀ ਘਰਾਂ 'ਚੋਂ ਕੋਈ ਨਾ ਕੋਈ ਭੇਜ ਹੀ ਦਿੰਦਾ ਹੈ। ਜਾਂ ਫਿਰ ਉਹ ਆਪ ਹੀ ਕਿਸੇ ਨੂੰ ਕਹਿਣ ਲੱਗਾ ਝਿਜਕਦਾ ਨਹੀਂ, "ਆਹ ਦੋ ਮੰਨੀਆਂ ਦਰਵੇਸ਼ਾਂ ਲੀ ਵੀ ਭੇਜ ਦੇਈਂ ਬਈ, ਰੱਬ ਦੇ ਨਾਂ ਨੂੰ।" ਪਰ ਉਹਦੀ ਬੋਲ-ਚਾਲ ਉਹਦਾ ਵਰਤੋਂ-ਵਿਹਾਰ ਪੂਰਾ ਗੜ੍ਹਕੇ ਵਾਲਾ ਹੈ। ਆਖ਼ਰ ਫੌਜ ਵਿਚ ਨੌਕਰੀ ਕੀਤੀ ਹੈ। ਉਂਜ ਬਹੁਤ ਵਰ੍ਹੇ ਪਹਿਲਾਂ ਸਾਰਾ ਵਿਹੜਾ 'ਤੇ ਮਾਂ ਉਹਨੂੰ ਸਰੂਪ ਕਹਿ ਕੇ ਬੁਲਾਇਆ ਕਰਦੇ ਸਨ ਫਿਰ ਫੌਜੀ ਸਰੂਪ ਸਿਹੁੰ ਅਤੇ ਹੁਣ ਨਿਰਾ ਫੌਜੀ। ਜਿਵੇਂ ਕਹਿੰਦੇ ਨੇ ਗਰੀਬ ਦੀ ਕੋਈ ਮਾਂ ਨਹੀਂ ਹੁੰਦੀ ਤੇ ਉਵੇਂ ਹੀ ਫੌਜੀ ਸਿਰਫ਼ ਫੌਜੀ ਹੁੰਦਾ ਹੈ।

ਫੌਜੀ ਤੇ ਚੂਹੜ ਸਿੰਘ ਕੋਲ ਤਿੰਨ ਚਾਰ ਹੋਰ ਆਦਮੀ ਆ ਖੜ੍ਹੇ ਸਨ। ਅੱਗੇ ਤੋਂ ਅੱਗੇ ਗੱਲਾਂ ਚਲਦੀਆਂ ਨੂੰ ਸੂਰਜ ਛਿਪ ਗਿਆ ਸੀ ਤੇ ਹਲਕੀ ਜਿਹੀ ਸੁਰਮਈ ਕਾਲਖ ਪਸਰਨ ਹੀ ਲੱਗੀ ਸੀ ਜਦੋਂ ਲੰਮੇ ਲੰਮੇ ਕਦਮ ਭਰਦਾ ਇਕ ਆਦਮੀ ਆ ਕੇ ਚੀਖ ਜਿਹਾ ਪਿਆ, "ਓਏ ਰੱਬ ਦੇ ਰੱਖਣ ਦਿਓ, ਲਓ ਉੱਜੜ ਚਲਿਆ ਜੇ ਆਪਦਾ ਪਿੰਡ ਵੀ....ਤੁਸੀਂ ਪਾਈ ਚੱਲੋ ਆਪਦੀਆਂ ਬਾਤਾਂ।"

"ਓਏ ਕੀ ਹੋ ਗਿਆ ਓਏ ?" ਇਕ ਨੇ ਕਿਹਾ।

"ਓਏ ਬਾਹਮਣਾਂ ਦੇ ਸਾਰੇ ਘਰ ਟਰੱਕਾਂ ਟਰਾਲੀਆਂ ਲਦੀ ਖੜ੍ਹੇ ਆ। ਗੇਜਾ ਸਿਹੁੰ ਦੇ ਘਰ ਕੋਲ ਦੇਖੋ ਜਾ ਕੇ।" ਉਹ ਆਦਮੀ ਉਨ੍ਹੀ ਪੈਰੀਂ ਹੀ ਮੁੜ ਗਿਆ, ਜਿਵੇਂ ਉਹ ਇਹ ਗੱਲ ਹੀ ਦੱਸਣ ਲਈ ਸਾਹੋ ਸਾਹ ਹੋਇਆ ਫਿਰਦਾ ਸੀ।

"ਆਓ ਚਾਚਾ ਜੀ ਚਲੀਏ.... ਚਲੋ ਬਈ ਸਾਰੇ ਦੇਖੀਏ ਜ਼ਰਾ।" ਚੂਹੜ ਸਿੰਘ ਨੇ ਕਿਹਾ ਤਾਂ ਉਹ ਸਾਰੇ ਤੁਰ ਪਏ।

ਉਹ ਪੱਕੀ ਫਿਰਨੀ 'ਤੇ ਗੇਜਾ ਸਿੰਘ ਦੇ ਦੋ ਮੰਜ਼ਲੇ ਘਰ ਅੱਗੇ ਆਏ ਤਾਂ ਉਥੇ ਭੀੜ ਲੱਗੀ ਹੋਈ ਸੀ। ਪਹਿਲਾਂ ਤਾਂ ਉਹ ਸਾਰੇ ਜਣੇ ਉਰੇ ਹੀ ਖੜ੍ਹ ਗਏ, ਪਰ ਫੌਜੀ ਦੇ ਕਹਿਣ 'ਤੇ ਚੂਹੜ ਸਿੰਘ ਹੁੱਸ ਦੇ ਕੇ ਅਗਾਂਹ ਵਧਿਆ। ਮਗਰ ਹੀ ਫੌਜੀ ਵੀ। ਵਿਚਾਲੇ ਜਿਹੇ ਖੜ੍ਹੇ ਬੰਦਿਆਂ ਨੂੰ ਤੇ ਉਨ੍ਹਾਂ 'ਚ ਹੁੰਦੀ ਗੱਲ ਸੁਣ ਕੇ ਚੂਹੜ ਸਿੰਘ ਦੇ ਪੈਰ ਹੀ ਪੱਥਰ ਹੋ ਕੇ ਰਹਿ ਗਏ।

"ਚਾਚਾ ਅਸੀਂ ਤਾਂ ਕਿਤੇ ਨੀ ਜਾਣਾ....ਕਿਉਂ ਜਾਈਏ ਅਸੀਂ ? ਸਾਡੇ ਪਿਓ ਦਾਦੇ ਇਥੇ ਜੰਮੇ ਮਰੇ...ਹੁਣ ਅਸੀਂ ਇਥੇ ਜੰਮ ਕੇ ਮਰਨ ਲਈ ਕਿਥੇ ਜਾਈਏ ? ਦੱਸੋ ਸਾਨੂੰ ? ਬਸ ਇਨ੍ਹਾਂ ਹੱਥਾਂ ਨਾਲ ਮਾਰ ਦਿਓ।"

ਲੱਭੂ ਬਾਣੀਏ ਦਾ ਮੁੰਡਾ ਕਿਸ਼ੋਰੀ, ਗੇਜਾ ਸਿੰਘ ਦੇ ਹੱਥਾਂ ਨੂੰ ਫੜ ਕੇ ਆਪਣੀ ਧੌਣ ਦੁਆਲੇ ਨੂੰ ਕਰ ਰਿਹਾ ਸੀ। ਕਿਸ਼ੋਰੀ ਦੇ ਪਿਛੇ ਹੀ ਉਨ੍ਹਾਂ ਦੇ ਘਰ 'ਚੋਂ ਪੰਜ ਛੇ ਆਦਮੀ ਖੜ੍ਹੇ ਸਨ, ਡਰ ਹੋਏ, ਹਰਾਸੇ, ਸਹਿਮੇ ਤੇ ਸਹਿਕੇ ਹੋਏ।

"ਬਈ ਮੈਂ ਕੁਛ ਕਿਹਾ ਥੋਨੂੰ...ਬਈ ਹੱਦ ਹੋਗੀ, ਜਿਹੜਾ ਛੱਕਰ ਵਾਧਾ

ਕੌਠਾ ਹੋਈ ਫਿਰਦਾ ਉਨ੍ਹਾਂ ਨਾਲ ਈ ਗੱਲ ਕਰੋ—ਮੈਂ ਕੀ ਕਰਾਂ?" ਖਚਰੀਆਂ ਅੱਖਾਂ ਨਚਾਉਂਦਿਆਂ ਗੇਜਾ ਸਿੰਘ ਨੇ ਮਿਠੇ ਬੋਲੀਂ ਕਿਹਾ।

"ਬਈ ਭਰਾਵੋ, ਜਿਥੇ ਜਾ ਕੇ ਜਾਨ ਲੁਕਾ ਹੁੰਦੀ ਆ ਲੁਕਾ ਲੋ....ਸੱਚੀ ਗੱਲ ਐ।" ਜਾਗਰ ਬਲੈਕੀਏ ਨੇ ਉੱਚੀ 'ਵਾਜ 'ਚ ਆਖਿਆ ਤੇ ਫਿਰ ਹੱਸਣ ਲੱਗ ਪਿਆ।

ਚੂਹੜ ਸਿੰਘ ਕੋਲੋਂ ਰਿਹਾ ਨਾ ਗਿਆ। ਉਹ ਅੱਗੇ ਵਧਿਆ ਤੇ ਗੇਜਾ ਸਿੰਘ ਤੇ ਕਿਸ਼ੋਰੀ ਦੇ ਵਿਚਾਲੇ ਖੜ੍ਹਦਾ ਬੋਲਿਆ, "ਸਰਦਾਰ ਗੇਜਾ ਸਿੰਘ ਜੀ, ਇਹ ਜੋ ਕਰਨ ਲੱਗੇ ਆਂ ਚੰਗਾ ਕੰਮ ਨਹੀਂ।"

"ਲੈ ਪਹੁੰਚ ਗਿਆ ਤੂੰ ਵੀ...ਬਸ ਤੇਰੀ ਕਸਰ ਸੀ।" ਜਾਗਰ ਉੱਲਰ ਕੇ ਚੂਹੜ ਸਿੰਘ ਵਲ ਦੇਖਦਿਆਂ ਚਿੱਥ ਕੇ ਬੋਲਿਆ।

"ਅਸੀਂ ਤਾਂ ਭਰਾਵੋ ਥੋਡੇ ਘਰ ਈ ਆ ਗੇ ਆਂ... ਜੋ ਜੀ ਆਵੇ ਕਰ ਲਓ।" ਪਿਛੇ ਖੜਾ ਮੁਰਲੀ ਬੋਲਿਆ।

ਫੌਜੀ ਇਹ ਸਾਰਾ ਕੁਝ ਸੁਣਦਾ ਮੱਚੀ ਹੋਈ ਅੱਗ 'ਚ ਭੁੱਜ ਰਿਹਾ ਸੀ। ਉਹਦੇ ਪਿੰਡੇ 'ਤੇ ਅੱਗ ਦਾ ਦਰਿਆ ਵਹਿ ਤੁਰਿਆ ਸੀ ਤੇ ਹੱਥਾਂ 'ਚੋਂ ਚੰਗਿਆੜੇ ਨਿਕਲਣ ਲੱਗੇ ਸਨ। ਉਹਦੀ ਚੀਖ ਨਿਕਲਣ ਨੂੰ ਫਿਰਦੀ ਸੀ। ਉਹ ਹਿੱਲਿਆ ਤੇ ਮੂਹਰੇ ਖੜ੍ਹੇ ਚੂਹੜ ਸਿੰਘ ਨੂੰ ਮੋਢੇ ਤੋਂ ਫੜ ਕੇ ਇਕ ਪਾਸੇ ਨੂੰ ਧੱਕਿਆ ਤੇ ਕਿਸ਼ੋਰੀ ਦੇ ਬਰਾਬਰ ਹੋ ਕੇ ਰੋਹ 'ਚ ਬੋਲਿਆ, "ਓਏ ਕਿਹੜਾ ਥੋਡੇ ਵਲ ਉਂਗਲ ਵੀ ਕਰ ਜੂ। ਤੁਰੋ ਤੁਸੀਂ ਘਰਾਂ ਨੂੰ ਤੇ ਬੈਠੋ ਚੈਨ ਨਾਲ, ਮੈਂ ਦੇਖਦਾਂ ਕਿਹੜਾ ਸੂਰਮਾ ਥੋਡੀ ਹਵਾ ਵਲ ਵੀ ਦੇਖੂ, ਤੁਰੋ ਤੁਸੀਂ ਰੱਬ ਦੇ ਨਾਂ ਨੂੰ...." ਉਹਨੇ ਕਿਸ਼ੋਰੀ ਤੇ ਮੁਰਲੀ ਨੂੰ ਧੱਕ ਕੇ ਤੋਰ ਦਿੱਤਾ। ਜੁੜਿਆ ਇਕੱਠ ਟੁੱਟਿਆ। ਹਾਏ ਹਾਏ ਹੋ ਗਈ। ਹਨੇਰੇ ਦਾ ਗੁਬਾਰ ਚੀਰਿਆ ਗਿਆ।

"ਇਹ ਏਥੇ ਈ ਰਹਿਣਗੇ...ਏਥੇ ਪਿੰਡ 'ਚ ਈ" ਫੌਜੀ ਨੇ ਗੁੱਸੇ 'ਚ ਆਖਿਆ।

"ਨਾ ਗੱਲ ਬੀ ਠੀਕ ਐ, ਜਾਣ ਬੀ ਕਿਉਂ ਬਈ।" ਦੁਆਲੇ ਖੜ੍ਹੇ ਬੰਦਿਆਂ 'ਚੋਂ ਪੰਜ ਸੱਤ ਨੇ ਇਕੱਠਿਆਂ ਹੀ ਕਿਹਾ ਤੇ ਉਹ ਕਿਸ਼ੋਰੀ ਹੁਣਾਂ ਦੇ ਮਗਰ ਤੁਰੇ ਜਾਂਦੇ ਫੌਜੀ ਦੇ ਪਿਛੇ ਤੁਰ ਪਏ।



# ਆਤੰਕ

ਬਲਦੇਵ ਸਿੰਘ ਢੀਂਡਸਾ

ਥਾਣਾ ਮੁਖੀ ਐਸ.ਆਈ. ਹਰਬੰਸ ਆਪਣੇ ਦਫ਼ਤਰ 'ਚ ਬੈਠਾ ਜਾਲੀ ਵਾਲੇ ਦਰਵਾਜ਼ੇ ਰਾਹੀਂ ਬਾਹਰ ਦੇਖ ਰਿਹਾ ਹੈ। ਠੰਡ ਦਾ ਜ਼ੋਰ ਹੈ। ਉਸਦੀ ਕੁਰਸੀ ਦੇ ਖੱਬੇ ਪਾਸੇ ਮਘ ਰਿਹਾ ਹੀਟਰ ਉਸਨੂੰ ਨਿੱਘ ਪਹੁੰਚਾਉਣ ਲਈ ਆਪਣਾ ਜ਼ੋਰ ਲਾ ਰਿਹਾ ਹੈ। ਹਰਬੰਸ ਸਿੰਘ ਆਪਣੇ ਮਨ 'ਚ ਇਸ ਨਵੀਂ ਮਿਲੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਵਿਉਂਤਬੰਦੀ ਕਰਨ ਤੇ ਜ਼ੋਰ ਲਾ ਰਿਹਾ ਹੈ। ਦਰਅਸਲ ਐਸ.ਆਈ. ਬਣਕੇ ਫੀਲਡ ਵਿੱਚ ਇੱਕ ਥਾਣਾ ਮੁਖੀ ਲੱਗਕੇ ਕੰਮ ਕਰਨ ਦੇ ਉਸਦੇ ਪਹਿਲੇ ਅਨੁਭਵ ਦੀ ਸ਼ੁਰੂਆਤ ਹੈ। ਏ.ਐਸ.ਆਈ. ਭਰਤੀ ਹੋ ਕੇ ਟਰੇਨਿੰਗ ਤੋਂ ਬਾਅਦ ਕੁਝ ਚਿਰ ਉਹ ਜਿਲ੍ਹਾ ਹੈੱਡਕੁਆਟਰ ਤੇ ਤਾਇਨਾਤ ਰਿਹਾ। ਫਿਰ ਇੱਕ ਮੰਤਰੀ ਦੀ ਸੁਰੱਖਿਆ ਗਾਰਦ 'ਚ ਰਿਹਾ। ਹੁਣ ਕਾਫ਼ੀ ਸਮੇਂ ਤੋਂ ਕਿਲ੍ਹੇ ਵਿੱਚ ਹੈ। ਬਿਨਾਂ ਕਿਸੇ ਉਚੇਚ ਦੇ ਐਸ.ਆਈ. ਬਣਨਾ ਅਤੇ ਥਾਣਾ ਮੁਖੀ ਲੱਗਣਾ ਤਾਂ ਉਸਦੀ ਇੰਗਲੈਂਡ ਰਹਿੰਦੀ ਵੱਡੀ ਭੂਆ ਦੀ ਮਿਹਰਬਾਨੀ ਹੈ। ਭੂਆ ਦੀ ਰਿਸ਼ਤੇਦਾਰੀ ਇੰਗਲੈਂਡ ਦੇ ਧਨਾਢ ਵਪਾਰੀ ਆਰ.ਐਸ. ਕਲੇਰ ਨਾਲ ਹੈ। ਪੰਜਾਬ ਦੇ ਗ੍ਰਹਿ ਮੰਤਰੀ ਨਾਲ ਲੱਗੇ ਮੁੱਖ ਪਾਰਲੀਮਾਨੀ ਸਕੱਤਰ ਹਰਜਗਵੀਰ ਸਿੰਘ ਮਾਨ ਦੀ ਆਰ.ਐਸ. ਕਲੇਰ ਨਾਲ ਗੂੜ੍ਹੀ ਯਾਰੀ ਹੈ। ਉੱਥੇ ਹੀ ਭੂਆ ਨੇ ਇੱਕ ਭੇਂਟ ਵਾਰਤਾ ਸਮੇਂ ਮਾਨ ਸਾਹਿਬ ਨੂੰ ਆਖਿਆ ਸੀ, "ਦੇਖੋ ਸਾਡੇ ਪਰਿਵਾਰ ਦੀ ਕੁਰਬਾਨੀ ਕਿਸੇ ਤੋਂ ਘੱਟ ਨਹੀਂ। ਸਾਡੇ ਬੱਚੇ ਨੂੰ ਤਰੱਕੀ ਦਿਓ, ਬਾਹਰ ਕਿਸੇ ਥਾਣੇ ਦਾ ਇੰਚਾਰਜ ਲਾਵੋ ! ਦੋ ਪੈਸੇ ਉਹ ਵੀ ਬਣਾ ਲਵੇ। ਕੀ ਉਸਨੂੰ ਸਾਰੀ ਉਮਰ ਕਿਲ੍ਹੇ 'ਚ ਹੀ ਰੱਖੋਗੇ?"

ਅਸਲ ਵਿੱਚ ਹਰਬੰਸ ਸਿੰਘ ਦਾ ਸਾਊ ਸੁਭਾਅ ਪੰਜਾਬ ਪੁਲਿਸ ਦੀ ਨੌਕਰੀ ਦੇ ਅਨੁਕੂਲ ਨਹੀਂ। ਇਸੇ ਕਰਕੇ ਭੂੰਗੇ 'ਚ ਮਿਲੀ ਥਾਣਾ ਇੰਚਾਰਜੀ ਦਾ ਉਸਨੂੰ ਬਹੁਤਾ ਚਾਅ ਨਹੀਂ। ਉਸ ਤਰ੍ਹਾਂ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਥਾਣਾ ਮੁਖੀ ਲੱਗਣ ਲਈ ਕੀ ਕੀ ਪਾਪੜ ਵੇਲਣੇ ਪੈਂਦੇ ਹਨ। ਵਧਾਈ ਤਾਂ ਉਸਨੂੰ ਐਸ.ਆਈ. ਦਾ ਸਟਾਰ ਲਗਾਉਣ ਉਪਰੰਤ ਥਾਣਾ ਮੁਖੀ ਦੇ ਆਰਡਰ ਦਿੰਦੇ ਹੋਏ ਐੱਸ.ਐੱਸ.ਪੀ. ਸ਼੍ਰੀਮਤੀ ਸਲੂਜਾ ਨੇ ਵੀ ਦਿੱਤੀ ਸੀ ਤੇ ਉਸਦੀ ਪਿੱਠ ਥਾਪੜਦਿਆ ਕਿਹਾ ਸੀ, "ਜਾਓ ਹਰਬੰਸ ਨਿਯਮਾਂ ਅਨੁਸਾਰ ਕੰਮ ਕਰਨਾ।"

ਪੁਲਿਸ ਫ਼ੋਰਸ ਦੀ ਨਿਯਮਾਂਵਲੀ ਤੋਂ ਤਾਂ ਹਰਬੰਸ ਸਿੰਘ ਜਾਣੂੰ ਹੈ। ਪਰ ਆਪਣੀ ਤਾਇਨਾਤੀ ਵਾਲਾ ਥਾਣਾ ਉਸ ਤੋਂ ਪਹਿਲਾਂ ਕਿਹੜੇ ਨਿਯਮਾਂ ਦੀ ਪਾਲਣਾ ਕਰਦਾ ਆ ਰਿਹਾ ਹੈ, ਉਹ ਜਾਨਣ ਵਿੱਚ ਪਰਸੋਂ ਤੋਂ ਹੀ ਲੱਗਾ ਹੋਇਆ ਹੈ। ਥਾਣੇ ਦਾ ਮੁੱਖ ਮੁਨਸ਼ੀ ਪਵਨ ਕੁਮਾਰ ਉਸਦੇ ਚਾਰਜ ਲੈਣ ਸਮੇਂ ਛੁੱਟੀ 'ਤੇ ਸੀ। ਅੱਜ ਉਸਦੇ

ਆਉਣ ਦੀ ਉਮੀਦ ਹੈ। ਬਾਕੀ ਸਟਾਫ਼ ਤੋਂ ਉਹ ਕਾਫ਼ੀ ਜਾਣਕਾਰੀ ਲੈ ਚੁੱਕਾ ਹੈ। ਹੌਲਦਾਰ ਰੇਸ਼ਮ ਸਿੰਘ ਨੇ ਜਦੋਂ ਕਿਹਾ ਸੀ, "ਸਰ ਮਾਈਂਡ ਨਾ ਕਰਨਾ ਇੱਥੇ ਥਾਣਾ ਮੁਖੀ ਕੋਈ ਵੀ ਆ ਜਾਏ ਪਰ ਇੱਥੇ ਚਲਦੀ 'ਬੇਬੇ' ਦੀ ਹੀ ਹੈ।" ਤਾਂ ਹਰਬੰਸ ਸਿੰਘ ਇਕਦਮ ਹੈਰਾਨ ਹੋ ਗਿਆ ਸੀ। ਹੈਰਾਨੀ ਵਿੱਚ ਹੀ ਉਸ ਪੁੱਛਿਆ ਸੀ, "ਇਹ ਬੇਬੇ ਕੌਣ ਹੈ?"

"ਥਾਣੇ ਦਾ ਮੁੱਖ ਮੁਨਸ਼ੀ ਪਵਨ ਕੁਮਾਰ, ਉਸਨੂੰ ਪਿੱਛੋ ਸਾਰੇ 'ਬੇਬੇ' ਹੀ ਸੱਦਦੇ ਨੇ। ਬੜੀ ਚਾਲੂ ਚੀਜ਼ ਹੈ। ਉਸ ਨਾਲ ਸੁਰ ਮਿਲਾਉਣਾ ਹਰ ਮੁਖੀ ਦੀ ਮਜਬੂਰੀ ਬਣ ਜਾਂਦਾ ਹੈ। ਜ਼ਰਾ ਸਾਵਧਾਨ ਰਹਿ ਕੇ ਚਲਣਾ ਸਰ।"

ਰੇਸ਼ਮ ਦੀ ਗੱਲ ਦੀ ਪੁਸ਼ਟੀ ਇੱਕ ਦੋ ਹੋਰ ਮੁਲਾਜ਼ਮਾਂ ਦੀ ਗੱਲਬਾਤ ਤੋਂ ਵੀ ਹੁੰਦੀ ਸੀ। ਪਰ ਹਰਬੰਸ ਨੂੰ ਰੇਸ਼ਮ ਸਿੰਘ ਵਧੇਰੇ ਸਲੀਕੇ ਵਾਲਾ ਨੌਜਵਾਨ ਪ੍ਰਤੀਤ ਹੋਇਆ ਸੀ।

ਹੁਣ ਵੀ ਰੇਸ਼ਮ ਸਿੰਘ ਥਾਣੇ ਦੇ ਵਿਹੜੇ 'ਚ ਇੱਕ ਕੰਧ ਦੇ ਆਟਲੇ ਇਕ ਕੁਰਸੀ ਡਾਹਕੇ ਬੈਠਾ ਅਖ਼ਬਾਰ ਪੜ੍ਹ ਰਿਹਾ ਹੈ। ਧੁੰਦ ਪਤਲੀ ਪੈਂਦੀ ਜਾ ਰਹੀ ਹੈ। ਸੂਰਜ ਦੀਆਂ ਕਿਰਨਾਂ ਧੁੰਦ ਨਾਲ ਜ਼ੋਰ ਅਜ਼ਮਾਈ ਕਰਦੀਆਂ ਜਾਪ ਰਹੀਆਂ ਹਨ।

ਹਰਬੰਸ ਸਿੰਘ ਦਾ ਮਨ ਭੂਤ ਅਤੇ ਭਵਿੱਖ ਦੇ ਪੁੜਾਂ ਵਿਚਾਲੇ ਵਰਤਮਾਨ ਨੂੰ ਪੀਹ ਰਿਹਾ ਹੈ। ਉਸਦੀ ਨਜ਼ਰ ਥਾਣੇ ਦੇ ਗੇਟ ਵੱਲ ਲੱਗੀ ਹੋਈ ਹੈ।

ਗੇਟ 'ਚੋਂ 'ਬੇਬੇ' ਦਾਖਲ ਹੋ ਗਈ ਹੈ।

ਕਈ ਮੁਲਾਜ਼ਮਾਂ ਨੇ ਉਸ ਨੂੰ ਅੱਗੇ ਵਧ ਕੇ ਵਿਸ਼ ਕੀਤਾ ਹੈ।

ਬੇਬੇ ਆਪਣੇ ਦਫ਼ਤਰ 'ਚ ਗਈ ਹੈ।

ਕੁਝ ਚਿਰ ਬਾਅਦ ਥਾਣਾ ਮੁਖੀ ਦੇ ਦਫ਼ਤਰ ਵੱਲੀਂ ਹੋ ਤੁਰੀ ਹੈ।

ਦਫ਼ਤਰ ਪਹੁੰਚ ਦੇ ਉਸ ਥਾਣਾ ਮੁਖੀ ਨੂੰ ਨਮਸਤੇ ਕੀਤੀ ਹੈ।

ਹਰਬੰਸ ਸਿੰਘ ਨੇ ਉਸਨੂੰ ਬੈਠਣ ਲਈ ਕਿਹਾ ਹੈ।

"ਥੈਂਕਸ" ਆਖਦੇ ਪਵਨ ਕੁਮਾਰ ਨੇ ਆਪਣਾ ਥੁੱਲੜ ਜਿਹਾ ਸਰੀਰ ਇੱਕ ਕੁਰਸੀ ਵਿੱਚ ਫਸਾ ਦਿੱਤਾ ਹੈ।

ਗੱਲਬਾਤ ਸ਼ੁਰੂ ਹੋ ਗਈ ਹੈ।

ਬਾਹਰ ਧੁੱਪ ਨਿਕਲ ਆਈ ਹੈ। ਧੁੰਦ ਦੂਰ ਹੋ ਗਈ ਹੈ।

ਪਰ ਪਵਨ ਕੁਮਾਰ ਦੀ ਗੱਲ ਕਰਨ ਦੀ ਸ਼ੈਲੀ 'ਤੇ ਗੱਲਾਂ ਨਾਲ ਹਰਬੰਸ ਸਿੰਘ ਦੇ ਮਨ ਦੇ ਵਿਹੜੇ ਉਦਾਸੀ ਦੀ ਗਹਿਰੀ ਧੁੰਦ ਛਾਈ ਜਾ ਰਹੀ ਹੈ।

ਅਸਲ ਵਿੱਚ ਉਹ ਇਸ ਉਦਾਸੀ ਦੀ ਧੁੰਦ ਤੋਂ ਪੂਰਨ ਰੂਪ 'ਚ ਕਦੇ ਵੀ ਛੁਟਕਾਰਾ ਨਹੀਂ ਪਾ ਸਕਿਆ। ਇਹ ਖੁਸ਼ੀ ਦੇ ਦਿਨੀਂ ਵੀ ਉਸ ਦੇ ਮਨ ਅੰਦਰ ਕਿਤੇ ਨਾ ਕਿਤੇ ਸ਼ਹਿ ਲਾ ਕੇ ਬੈਠੀ ਰਹਿੰਦੀ ਹੈ। ਉਸਨੂੰ ਪਤਾ ਹੀ ਨਹੀਂ ਲਗਦਾ ਕਿ ਕਦ ਕਿਸੇ ਗੱਲ ਨੂੰ ਸੁਣਨ ਜਾਂ ਚੇਤੇ ਆਉਣ ਨਾਲ ਇਹ ਮਨ ਦੇ ਅੰਬਰੀ ਛਾ ਜਾਂਦੀ ਹੈ। ਇਹ ਵਰਤਾਰਾ ਲਗਪਗ ਪਿਛਲੇ ਵੀਹ ਵਰ੍ਹਿਆਂ ਤੋਂ ਜਾਰੀ ਹੈ। ਉਦੋਂ ਤੋਂ ਜਦ ਉਹ ਮਸੀਂ ਅੱਠ ਕੁ ਸਾਲ ਦਾ ਸੀ।

ਉਦੋਂ ਉਹ ਸਿਰਫ਼ 'ਬੰਸ' ਹੁੰਦਾ ਸੀ।



ਬੰਸ ਦਾ ਇੱਕ ਹੱਸਦਾ ਵੱਸਦਾ ਪਰਿਵਾਰ ਇੱਕ ਹੱਸਦੇ ਵੱਸਦੇ ਪਿੰਡ ਵਿੱਚ ਰਹਿ ਰਿਹਾ ਸੀ। ਬਾਬਾ-ਦਾਦੀ, ਮੰਮੀ-ਡੈਡੀ, ਇੱਕ ਛੋਟੀ ਭੈਣ। ਪੰਜ ਕੁ ਸਾਲ ਦੀ ਦਾਨਵੀਰ। ਜਿਸ ਨੂੰ ਸਾਰੇ ਪਿਆਰ ਨਾਲ ਦਾਨੋ ਕਹਿਕੇ ਬੁਲਾਉਂਦੇ। ਦੋ ਚਾਚੇ। ਮੁੱਖਾ ਅਤੇ ਜੋਰਾ। ਜੋਰਾ ਵਿਦੇਸ਼ ਜਾਣ ਦੀ ਕੋਸ਼ਿਸ਼ ਵਿੱਚ ਸੀ। ਮੁੱਖਾ ਚਾਰ ਕੁ ਸਾਲ ਫ਼ੌਜ ਵਿੱਚ ਲਾ ਕੇ ਆਇਆ ਸੀ। ਮਹੀਨਾ ਕੁ ਪਹਿਲੇ ਹੀ ਉਸਦੇ ਵਿਆਹ ਹੋਇਆ ਸੀ। ਦਾਨੋ ਤੇ ਬੰਸ ਉਸ ਨੂੰ ਫ਼ੌਜੀ ਚਾਚਾ ਕਹਿ ਦੇ ਬੁਲਾਉਂਦੇ। ਉਸਦੇ ਘਰ ਵਾਲੀ ਨੂੰ 'ਚੂੜੇ ਵਾਲੀ ਚਾਚੀ' ਕਹਿੰਦੇ। ਰੀਸੋ-ਰੀਸੀ ਉਸਦੇ ਪੱਟਾਂ 'ਚ ਵੜ੍ਹ-ਵੜ੍ਹ ਬੈਠਦੇ। ਉਸਦੇ ਬਾਹੀਂ ਪਾਏ ਚੂੜੇ ਨਾਲ ਖੇਡਦੇ। ਰਾਤ ਨੂੰ ਨਾਲ ਸੌਣ ਦੀ ਜਿੱਦ ਕਰਦੇ। ਦਾਨੋ ਤਾਂ ਹਨੇਰਾ ਹੋਏ ਤੇ ਆਪਣੀ ਮਾਂ ਨਾਲ ਜਾ ਕੇ ਪੈ ਜਾਂਦੀ ਪਰ ਬੰਸ ਨੂੰ ਸੁੱਤੇ ਪਏ ਨੂੰ ਕਈ ਵਾਰ ਉਸਦਾ ਚਾਚਾ ਹੀ ਚੁੱਕ ਕੇ ਉਸਦੀ ਮੰਜੀ ਤੇ ਪਾ ਕੇ ਜਾਂਦਾ।

ਬੰਸ ਦਾ ਪਰਿਵਾਰ ਅਮੀਰ ਤਾਂ ਨਹੀਂ ਸੀ ਪਰ ਗਰੀਬ ਵੀ ਨਹੀਂ ਸੀ ਆਖਿਆ ਜਾ ਸਕਦਾ। ਮਿਹਨਤੀ ਮੁਸ਼ੱਕਤੀ ਤੇ ਸਬਰ ਸੰਤੋਖ ਵਾਲਾ ਪਰਿਵਾਰ ਸੀ। ਘਰ ਵਿੱਚ ਹਾਸਿਆਂ ਦਾ ਕੇਂਦਰ ਬੰਸ ਤੇ ਦਾਨੋ ਸਨ। ਉਹ ਆਪਣੀਆਂ ਆਲੀਆਂ ਭੋਲੀਆਂ ਗੱਲਾਂ ਅਤੇ ਮੰਗਾਂ ਨਾਲ ਘਰ ਦੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਈ ਰੱਖਦੇ।

ਉਸ ਦਿਨ ਵੀ ਉਹ ਬਹੁਤ ਖੁਸ਼ ਸਨ। ਸ਼ਾਮ ਦਾ ਵਕਤ ਸੀ। ਬੰਸ ਦੇ ਨਾਨਾ-ਨਾਨੀ ਮਿਲ ਕੇ ਗਏ ਸਨ। ਉਨ੍ਹਾਂ ਨੂੰ ਤੋਰ ਕੇ ਸਾਰਾ ਟੱਬਰ ਵਿਹੜੇ 'ਚ ਹੀ ਬੈਠਾ ਸੀ। ਠੰਡ ਉੱਤਰ ਰਹੀ ਸੀ। ਦਾਨੋ ਤੇ ਬੰਸ ਦੀਆਂ ਗੱਲਾਂ ਸੁਣ ਸੁਣ ਅਤੇ ਇਲਤਾਂ ਕਰਦਿਆਂ ਨੂੰ ਵੇਖ-ਵੇਖ ਸਾਰਾ ਟੱਬਰ ਖੁਸ਼ੀ 'ਚ ਇੰਨਾ ਗੜੁੰਦ ਸੀ ਕਿ ਬਜ਼ੁਰਗ ਆਤਮਾ ਮੂੰਹ ਨੂੰ ਘਰ ਦੀਆਂ ਕੰਧਾਂ ਵੀ ਹੱਸ ਰਹੀਆਂ ਮਹਿਸੂਸ ਹੋ ਰਹੀਆਂ ਸਨ। ਜੋਰਾ ਅਜੇ ਸ਼ਹਿਰ ਤੋਂ ਨਹੀਂ ਸੀ ਮੁੜਿਆ। ਬੰਸ ਦੀ ਮਾਂ ਉਸਨੂੰ ਕੋਟੀ ਪਾਉਣ ਲਈ ਆਖ ਰਹੀ ਸੀ। ਉਹ ਅੰਦਰੋਂ ਕੋਟੀ ਲੈ ਕੇ ਆਈ ਤਾਂ ਬੰਸ 'ਮੰਮੀ ਆ ਕੇ ਪੌਨਾ' ਆਖ ਟਾਇਲਟ ਜਾ ਵੜਿਆ। ਆਤਮਾ ਸਿੰਘ ਉੱਠ ਕੇ ਹਵੇਲੀ ਨੂੰ ਤੁਰ ਪਿਆ। ਗੇਟ ਖੋਲ੍ਹ ਬਾਹਰ ਨਿਕਲਣ ਲੱਗਾ ਤਾਂ ਅੱਗੋਂ ਦੋ ਨੌਜੁਆਨ ਕਾਲੀਆਂ ਕੰਬਲੀਆਂ ਦੀਆਂ ਬੁੱਕਲਾਂ ਮਾਰੀ ਆਣ ਮਿਲੇ। ਉਨ੍ਹਾਂ ਦੀਆਂ ਦਾੜ੍ਹੀਆਂ ਖੁੱਲ੍ਹੀਆਂ ਅਤੇ ਸਿਰ ਕੇਸਰੀ ਦਸਤਾਰਾਂ ਸਨ।

"ਸ. ਆਤਮਾ ਸਿੰਘ ਦਾ ਘਰ ਇਹੀ ਹੈ?" ਇੱਕ ਨੌਜੁਆਨ ਨੇ ਪੁੱਛਿਆ।

"ਹਾਂ ਜੀ।"

"ਮਾਤਾ ਸਵਰਨ ਕੌਰ ਘਰੇ ਨੇ ? ਉਹਨਾਂ ਨੂੰ ਮਿਲਣਾ ਹੈ।"

"ਆ ਜੋ ਘਰੇ ਨੇ।" ਆਖ ਆਤਮਾ ਸਿੰਘ ਉਨ੍ਹਾਂ ਦੇ ਅੱਗੇ ਅੱਗੇ ਹੋ ਤੁਰਿਆ।

ਤਿੰਨੇ ਤੁਰਦੇ ਤੁਰਦੇ ਉੱਥੇ ਪਹੁੰਚ ਗਏ, ਜਿੱਥੇ ਬਾਕੀ ਟੱਬਰ ਬੈਠਾ ਸੀ।

ਨੌਜੁਆਨਾਂ ਨੇ ਸਾਰਿਆਂ ਨੂੰ ਸਾਂਝੀ ਫ਼ਤਿਹ ਬੁਲਾਈ।

ਆਤਮਾ ਸਿੰਘ ਨੇ ਬੈਠਣ ਲਈ ਮੰਜਾ ਰੁਕ ਸਿਰ ਕਰਦੇ ਨੇ ਜਲ ਪਾਣੀ ਪੁੱਛਿਆ।

"ਨਹੀਂ ਨਹੀਂ ਜਲਪਾਣੀ ਦੀ ਜ਼ਰੂਰਤ ਨਹੀਂ।" ਖੜ੍ਹੇ ਖੜ੍ਹੇ ਇੱਕ ਨੌਜੁਆਨ ਨੇ ਉੱਤਰ ਦਿੱਤਾ।

"ਤੁਸੀਂ ਮਾਤਾ ਸਵਰਨ ਕੌਰ ਹੋ?" ਦੂਸਰੇ ਨੇ ਬਜ਼ੁਰਗ ਔਰਤ ਵੱਲ ਮੂੰਹ ਕਰਦਿਆਂ ਪੁੱਛਿਆ।

"ਹਾਂ ਪੁੱਤ।" ਬੰਸ ਦੀ ਦਾਦੀ ਨੇ ਉੱਤਰ ਦਿੱਤਾ।

"ਰੋਪੜ ਲੱਗਾ ਐਸ.ਐਸ.ਪੀ ਸਵਰਨ ਸਿੰਘ ਕੰਗ ਤੁਹਾਡਾ ਭਰਾ ਹੈ?"

"ਹਾਂ ਪੁੱਤ।"

"ਤੁਹਾਡੇ ਛੋਟਾ ਹੈ?"

"ਮੇਰੇ ਤਾਂ ਵਾਹੇ ਐਣਾ ਪੰਦਰਾਂ ਸੋਲਾਂ ਸਾਲ ਛੋਟਾ ਏ।"

"ਸਰਕਾਰ ਨੇ ਉਸਦਾ ਸੇਵਾ ਕਾਲ ਜਾਣੀ ਨੌਕਰੀ ਦਾ ਸਮਾਂ ਪਿਛਲੇ ਮਹੀਨੇ ਦੋ ਸਾਲ ਹੋਰ ਵਧਾ ਦਿੱਤਾ ਹੈ। ਪਤਾ ਕਿਉਂ ਵਧਾਇਆ ਹੈ?"

"ਨਹੀਂ ਪੁੱਤ।"

"ਉਸਨੇ ਸਿੱਖ ਨੌਜਵਾਨਾਂ ਨੂੰ ਨਕਲੀ ਪੁਲਿਸ ਮੁਕਾਬਲਿਆਂ 'ਚ ਵੱਡੀ ਗਿਣਤੀ 'ਚ ਮਾਰਿਆ ਹੈ। ਤੁਹਾਨੂੰ ਪਤਾ ਹੈ?"

"ਨਾ-ਨਾ ਸਾਨੂੰ ਕਿੱਥੇ ਪਤਾ। ਸਾਡੇ ਨਾਲ ਮਰਜਾਣਾ ਕਿਹੜਾ ਮਿਲਦਾ ਵਰਤਦਾ। ਵੀਹ ਸਾਲ ਹੋ ਗਏ ਜੁਬਾਨ ਸਾਂਝੀ ਹੋਈ ਨੂੰ। ਬਾਪ ਮਰੇ ਤੇ ਵਿਗੜ ਬੈਠਾ। ਮੇਰੇ ਹਿੱਸੇ ਤਿੰਨ ਖੇਤ ਆਉਂਦੇ ਸੀ। ਗੋਲੀ ਲੱਗਣਾ ਮੁਫ਼ਤ 'ਚ ਦੱਬਣੇ ਚਾਹੁੰਦਾ ਸੀ। ਮੇਰੇ ਘਰ ਪੈਸਿਆਂ ਦੀ ਜ਼ਰੂਰਤ ਸੀ। ਮੈਂ ਕਿਹਾ ਤੂੰ ਅੱਧ ਮੁੱਲ 'ਚ ਤੇ ਰੱਖ ਲੈ। ਸੜ ਬਲ ਗਿਆ ਸੀ ਔਤਰਾਂ। ਪੈਸੇ ਵੀ ਅੱਧੇ ਦਿੱਤੇ ਤੇ ਟੁੱਟ ਕੇ ਵੀ ਬੈਠ ਗਿਆ। ਜੇ ਜਾਣਦੀ ਉਸ ਇੰਝ ਹੀ ਕਰਨੀ ਸੀ ਪੂਰੇ ਪੈਸੇ ਤਾਂ ਲੈ ਲੈਂਦੀ।"

"ਚੁਸਤੀ! ਆਖ਼ਿਰ ਐਸ.ਐਸ.ਪੀ ਦੀ ਭੈਣ ਹੈ।" ਇਕ ਜਣਾ ਦੂਜੇ ਨੂੰ ਸੰਬੋਧਿਤ ਹੋਇਆ।

"ਸੱਚ ਵੀ ਹੋ ਸਕਦਾ। ਕੀ ਸਲਾਹ ਹੈ?" ਦੂਜਾ ਬੋਲਿਆ।

ਸਾਰੇ ਟੱਬਰ ਦੇ ਸਾਹ ਸੂਤੇ ਜਾ ਚੁੱਕੇ ਸਨ। ਮੁੱਖੇ ਦੇ ਪੈਰਾਂ 'ਚ ਮਾੜੀ ਜਿਹੀ ਹਰਕਤ ਉੱਠੀ ਤਾਂ ਨੌਜੁਆਨਾਂ ਦੇ ਹਥਿਆਰ ਬੁੱਕਲਾਂ 'ਚ ਬਾਹਰ ਆ ਗਏ।

"ਨਾ-ਨਾ ਭੱਜਣਾ ਨੀ। ਬੈਠ ਜਾ। ਤੁਹਾਨੂੰ ਕਹਿਣਾ ਕੁਝ ਨਹੀਂ। ਦੋ-ਚਾਰ ਗੱਲਾਂ ਹੀ ਹੋਰ ਕਰਨੀਆਂ। ਜੇ ਹਿੱਲੇ ਤਾਂ ਸਭ ਮਾਰੇ ਜਾਓਗੇ।" ਵੱਡੇ ਕੱਦ ਵਾਲਾ ਬੋਲਿਆ ਤੇ ਇੱਕ ਕਾਗਜ਼ ਕੱਢ ਕੇ ਪੜ੍ਹ ਕੇ ਗਿਣਤੀ ਕਰਨ ਲੱਗਾ।

"ਦੋ ਮੈਂਬਰ ਘੱਟ ਨੇ। ਕਿਹੜੇ ਕਿਹੜੇ ਨੇ?" ਉਹ ਜਰ੍ਹਾਂ ਗੁਸੈਲੀ ਅਵਾਜ਼ 'ਚ ਬੋਲਿਆ।

ਸਾਰੇ ਟੱਬਰ ਦੇ ਦਿਲਾਂ ਦੀਆਂ ਧੜਕਨਾਂ ਵਧ ਚੁੱਕੀਆਂ ਸਨ। ਵਰਤਣ ਵਾਲੇ ਭਾਣੇ ਨੂੰ ਸਾਰੇ ਭਾਂਪ ਚੁੱਕੇ ਸਨ। ਏ.ਕੇ. ਸੰਤਾਲੀ ਮੂਹਰੇ ਭੱਜਣਾ ਅਤੇ ਵਿਲਕਣਾ ਬੇਅਰਥ ਸੀ।

"ਬੱਚਿਓ ਕਹਿਰ ਨਾ ਗੁਜ਼ਾਰੋ। ਐਸ.ਪੀ. ਕੰਗ ਨਾਲ ਸਾਡਾ ਕੋਈ ਲਾਗਾ ਦੇਗਾ ਨਹੀਂ। ਇੱਕ ਪੇਟੋਂ ਜੰਮੇ ਜ਼ਰੂਰ ਹਾਂ।" ਬੁੱਢੀ ਨੇ ਇੱਕ ਕਿਸਮ ਨਾਲ ਤਰਲਾ ਮਾਰਿਆ।



"ਮੈਂ ਪੁੱਛਿਆ ਦੋ ਮੈਂਬਰ ਘੱਟ ਨੇ, ਕਿਹੜੇ ਕਿਹੜੇ ਨੇ?" ਵੱਡਾ ਸਿੰਘ ਜ਼ਰਾ ਸਖ਼ਤ ਰੁੱਖ 'ਚ ਬੋਲਿਆ।

"ਕਾਕਾ ਜੋਰਾ ਸ਼ਹਿਰ ਗਿਆ ਹੋਇਆ ਹੈ। ਪੋਤਾ ਬੰਸ ਨਾਨਕੀ।" ਬੁੱਢੀ ਜ਼ਰਾ ਕੁ ਜੇਰਾ ਕਰਕੇ ਬੋਲੀ। ਉਸਦਾ ਧਿਆਨ ਤਾਂ ਟਾਇਲਟ ਦੇ ਦਰਵਾਜ਼ੇ ਵੱਲ ਸੀ, ਮਤੇ ਬੰਸ ਦਰਵਾਜ਼ਾ ਖੋਲ੍ਹ ਬਾਹਰ ਨਾ ਆ ਜਾਵੇ। ਕਦੇ ਉਹ ਗੇਟ ਵੱਲੀ ਝਾਕਦੀ ਕਿ ਕਿਤੇ ਜੋਰਾ ਸ਼ਹਿਰੋਂ ਨਾ ਆ ਜਾਵੇ।

"ਚੰਗੀ ਕਿਸਮਤ ਉਹਨਾਂ ਦੀ। ਦੇਖ ਮਾਤਾ ਤੇਰੇ ਭਰਾ ਕੰਗ ਨੇ ਸਾਡੇ ਜਨਰਲ ਸ਼ੇਰ ਸਿੰਘ ਆਜ਼ਮਗੜ੍ਹ ਦੇ ਭੈਣ, ਭਣੋਈਏ ਅਤੇ ਉਹਨਾਂ ਦੀ ਪੰਜ ਸਾਲ ਦੀ ਲੜਕੀ ਅਤੇ ਤਿੰਨ ਸਾਲ ਦੇ ਲੜਕੇ ਨੂੰ ਸ਼ਹੀਦ ਕਰ ਦਿੱਤਾ ਹੈ। ਅੱਜ ਸਿੰਘਾਂ ਨੂੰ ਇੱਕੀ ਥਾਂ 'ਚ ਕੱਤੀ ਪਾਉਣ ਦਾ ਹੁਕਮ ਹੋਇਆ ਹੈ।" ਵੱਡਾ ਸਿੰਘ ਸ਼ਬਦਾਂ 'ਤੇ ਜ਼ੋਰ ਦਿੰਦਾ ਬੋਲਿਆ।

"ਸਿੰਘ ਜੀ ਲਾਲ ਚੂੜੇ ਬਾਰੇ ਕੀ ਖ਼ਿਆਲ ਹੈ? ਮਨ ਕਰਦਾ ਹੈ ਜੇ ਆਗਿਆ ਹੋਵੇ... ਪੰਜ ਕੁ ਮਿੰਟ ਲਈ ਅੰਦਰ ਲੈ ਜਾਂ?" ਛੋਟੇ ਸਿੰਘ ਨੇ ਬੜੇ ਸਿੰਘ ਨੂੰ ਬੇਨਤੀ ਲਹਿਜੇ 'ਚ ਕਿਹਾ।

"ਸ਼ਰਮ ਕਰ ਸ਼ਰਮ! ਇਹ ਗੱਲਾਂ ਸਿੱਖੀ ਸਿਧਾਂਤਾਂ ਤੇ ਨੈਤਿਕਤਾ ਦੇ ਉਲਟ ਹਨ।" ਵੱਡਾ ਸਿੰਘ ਕੜਕਿਆ।

"ਆ ਜਿਹੜਾ ਹੁਕਮ ਵਜਾਉਣ ਆਏ ਹਾਂ ਇਹ ਕਿਹੜੇ ਸਿੱਖੀ ਸਿਧਾਂਤ ਦੇ ਅਨੁਕੂਲ ਹੈ? ਇਹ ਕਿਹੜੀ ਨੈਤਿਕਤਾ ਹੈ?" ਛੋਟਾ ਹਲਕੇ ਜਿਹੇ ਹਰਖ਼ 'ਚ ਬੋਲਿਆ।

"ਗੱਲ ਤਾਂ ਤੇਰੀ ਠੀਕ ਹੈ ਫਿਰ ਕੀਤਾ ਕੀ ਜਾਵੇ?" ਵੱਡੇ ਨੇ ਆਖਿਆ।

"ਕਰਨਾ ਕੀ ਏ। ਮੁੜ ਚੱਲਦੇ ਆ ਵਾਪਿਸ। ਹਥਿਆਰ ਸੁੱਟ ਕਿਤੇ ਦੂਰ ਦੁਰਾਡੇ ਨਿਕਲ ਚਲਦੇ ਹਾਂ। ਜੋ ਕੰਮ ਸਿੱਖੀ ਸਿਧਾਂਤ ਦੇ ਉਲਟ ਹੈ ਉਹ ਕਰਨਾ ਹੀ ਕਿਉਂ?" ਛੋਟਾ ਸਿੰਘ ਆਪਣਾ ਤਰਕ ਦੇ ਗਿਆ।

ਸਹਿਮੇ ਹੋਏ ਪਰਿਵਾਰ ਦੇ ਮਨਾਂ 'ਚ ਆਸ ਜਾਗੀ।

"ਅੱਗੇ 'ਕੱਲੀ ਸਰਕਾਰੀ ਗੋਲੀ ਭਾਲ 'ਚ ਹੈ। ਫਿਰ ਆਪਣਿਆਂ ਦੀ ਵੀ ਹੋ ਜਾਵੇਗੀ। ਗ਼ਦਾਰੀ ਦਾ ਠੱਪਾ ਝੂੰਗੇ 'ਚ। ਨਾਲੇ ਹਥਿਆਰ ਚੁੱਕਣ ਸਮੇਂ ਅਰਦਾਸ ਕੀਤੀ ਸੀ ਕਿ ਜਥੇਬੰਦੀ ਦਾ ਹਰ ਹੁਕਮ ਮੰਨਿਆ ਜਾਏਗਾ ਅਤੇ ਜਿੱਤ ਜਾਂ ਸ਼ਹੀਦੀ ਉਪਰੰਤ ਹੀ ਹਥਿਆਰ ਹੱਥਾਂ ਤੋਂ ਵੱਖ ਹੋਣਗੇ।" ਵੱਡਾ ਸਿੰਘ ਛੋਟੇ ਨੂੰ ਆਖ ਗਿਆ।

ਛੋਟਾ ਸਿੰਘ ਲਾਲ ਚੂੜੇ ਵਾਲੀ ਬੰਸ ਹੁਰਾਂ ਦੀ ਚਾਚੀ ਗੁਰਦੀਪ ਦੇ ਰੂਪ ਅਤੇ ਸਡੌਲ ਬਦਨ ਨੂੰ ਲਗਾਤਾਰ ਤਾੜ ਰਿਹਾ ਸੀ।

'ਐਕਸ਼ਨ ਤੇ ਗਏ ਹੋਏ ਕਦੇ ਆਪਣੇ ਸ਼ਿਕਾਰ ਨਾਲ ਗੱਲੀ ਨਾ ਪਵੋ। ਮਨ 'ਚ ਤਰਸ ਦੀ ਭਾਵਨਾ ਪੈਦਾ ਨਾ ਹੋਣ ਦਿਓ। ਸੋਹਣੀ ਔਰਤ ਦੇ ਰੂਪ 'ਤੇ ਨਾ ਡੁੱਲ੍ਹੋ। ਨਹੀਂ ਤਾਂ ਤੁਸੀਂ ਖ਼ੁਦ ਸ਼ਿਕਾਰ ਹੋ ਜਾਓਗੇ।' ਆਪਣੇ ਸੀਨੀਅਰ ਲੀਡਰ ਦੀਆਂ ਗੱਲਾਂ ਨੇ ਵੱਡੇ ਸਿੰਘ ਦੇ ਮਨ 'ਚ ਫੇਰੀ ਪਾਈ। ਉਸਨੂੰ ਲੱਗਾ ਕਿ ਅਸੀਂ ਤਰਕ-ਵਿਤਰਕ ਦੇ ਬੇਲੋੜੇ ਵਹਾਅ 'ਚ ਵਹਿ ਰਹੇ ਹਾਂ। ਉਸਦਾ ਹੱਥ ਆਪਣੀ ਏ.ਕੇ. ਸੰਤਾਲੀ ਤੇ ਜ਼ਰਾ ਕੁ ਘੁਟਿਆ ਗਿਆ।

ਜਦੋਂ ਗੁਰਦੀਪ ਦੇ ਗੋਰੇ ਹੱਥ ਜੁੜ ਗਏ। ਨਿੱਕਾ ਜਿਹਾ ਕਦਮ ਉਸਤੋਂ ਸਿੰਘਾਂ ਵੱਲ ਪੁੱਟਿਆ ਗਿਆ। ਤਰਲੇ ਭਰੇ ਬੋਲ ਉਸਦੇ ਮੂੰਹੋਂ ਝੜਨ ਲੱਗੇ।, "ਦੇਖੋ ਮੈਨੂੰ ਅੰਦਰ ਭਾਵੇਂ ਪੰਜ ਦੀ ਥਾਂ ਦਸ ਮਿੰਟ ਲਈ ਲੈ ਚੱਲੋ। ਅੱਵਲਾਂ ਤੇ ਮੈਂ ਤੁਹਾਡੇ ਨਾਲ ਹੀ ਚਲਦੀ ਹਾਂ। ਜਿੱਥੇ ਮਰਜ਼ੀ ਲੈ ਚੱਲੋ। ਤੁਹਾਡਾ ਹਰ ਆਖਾ ਮੰਨੂੰ। ਰਾਤ ਦਿਨ ਤੁਹਾਡੀ ਸੇਵਾ ਕਰੂੰ। ਪਰ ਮੇਰੇ ਟੱਬਰ ਨੂੰ ਕੁਝ ਨਾ ਆਖੋ।"

ਗੁਰਦੀਪ ਨੇ ਆਪਦੀ ਚੁੰਨੀ ਦਾ ਪੱਲਾ ਉਹਨਾਂ ਮੂਹਰੇ ਫੈਲਾਅ ਕੇ ਆਖਿਆ, "ਮੇਰੇ ਟੱਬਰ ਦੇ ਜੀਵਨ ਦੀ ਖ਼ੈਰ ਮੇਰੀ ਝੋਲੀ ਪਾ ਜਿਓ। ਨਹੀਂ ਨਾਲ ਲਿਜਾਣਾ ਤਾਂ ਆਜੋ ਮੈਂ ਅੰਦਰ ਚਲਦੀ ਹਾਂ।"

"ਗੁਰ..ਦੀ..ਪ!" ਮੁੱਖਾ ਚੀਕਿਆ।

ਵੱਡੇ ਸਿੰਘ ਦੀ ਅਸਲਾਟ ਨੇ ਅੱਗ ਉਗਲੀ। ਗੁਰਦੀਪ ਦੀ ਝੋਲੀ ਗੋਲੀਆਂ ਨਾਲ ਭਰ ਗਈ। ਰੂਪ ਅਤੇ ਜੁਆਨੀ ਦਾ ਮੁਜੱਸਮਾ, ਸਾਢੇ ਪੰਜ ਫੁੱਟ ਦਾ ਸਰੀਰ ਗੇੜਾ ਖਾ ਕੇ ਧਰਤੀ 'ਤੇ ਡਿੱਗ ਪਿਆ। ਬੁੱਢਾ ਆਤਮਾ ਸਿੰਘ ਹੱਥਲੀ ਖੂੰਡੀ ਉਲਾਰਦਾ ਹੋਇਆ ਉਨ੍ਹਾਂ ਵੱਲ ਵੱਧਦਾ ਹੋਇਆ ਬੋਲਿਆ, "ਆ ਤੁਹਾਡੀ ਭੈ...।"

ਛੋਟੇ ਸਿੰਘ ਦੀ ਅਸਲਾਟ ਨੇ ਆਤਮਾ ਸਿੰਘ ਦੀ ਛਾਤੀ ਛਲਣੀ ਕਰ ਦਿੱਤੀ। ਗੋਲੀ ਚਲਦੀ ਰਹੀ। ਇਕ ਇਕ ਕਰਕੇ ਸਰੀਰ ਧਰਤੀ ਤੇ ਡਿੱਗਦੇ ਰਹੇ। ਦਾਨੋ ਦੇ ਗੁਲਾਬੀ ਤੇ ਨਰਮ ਮਾਸ ਦੇ ਚੀਥੜੇ ਹਵਾ 'ਚ ਉੱਡ ਗਏ। ਬੁੱਢੀ ਸਵਰਨ ਕੌਰ ਗਸ਼ ਖਾ ਕੇ ਡਿੱਗ ਪਈ। ਖਾਲਸਤਾਨ ਦੇ ਨਾਅਰੇ ਗੂੰਜੇ। ਛੇ ਸਰੀਰਾਂ ਦਾ ਸਾਂਝਾ ਖੂਨ ਵਿਹੜੇ ਦੇ ਨਵੇਂ ਪਾਸੇ ਨੂੰ ਵਹਿ ਤੁਰਿਆ।

"ਲੈ ਹੁਣ ਆਊ ਤੇਰਾ ਐਸ.ਪੀ. ਬੜਾ ਕੰਗ। ਮਾਰੀ ਉਸਦੇ ਮੂੰਹ 'ਤੇ ਛਿੱਤਰ ਤੇ ਆਖੀ ਕਿ ਦੁਸ਼ਟਾ ਤੇਰੀਆਂ ਕਰਤੂਤਾਂ ਕਰਕੇ ਸਭ ਕੁਝ ਹੋਇਆ। ਤੈਨੂੰ ਏਸੇ ਕਰਕੇ ਜੀਂਦੀ ਛੱਡ ਚਲੇ ਹਾਂ।" ਬੇਹੋਸ਼ ਪਈ ਸਵਰਨ ਕੌਰ ਦੇ ਠੁੱਡਾ ਮਾਰਦਾ ਵੱਡਾ ਸਿੰਘ ਬੋਲਿਆ।

ਗੇਟੋਂ ਬਾਹਰ ਜਾ ਕੇ ਵੀ ਦੋ ਫਾਇਰ ਕੀਤੇ। ਖ਼ਾਲਸਤਾਨ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਹੋਇਆ। ਇਹ ਸ਼ਾਇਦ ਲੋਕਾਂ ਵਿੱਚ ਡਰ ਪੈਦਾ ਕਰਨ ਲਈ ਸੀ ਜਾਂ ਫਿਰ ਸਿੰਘਾਂ ਵਲੋਂ ਆਪਣੇ ਐਕਸ਼ਨ ਦੀ ਸਫ਼ਲਤਾ ਦਾ ਜਸ਼ਨ ਸੀ ਜਾਂ ਫਿਰ ਉਨ੍ਹਾਂ ਅੰਦਰ ਦੁਬਕੇ ਬੈਠੇ ਕਿਸੇ ਅਣਪਰਿਭਾਸ਼ਿਤ ਡਰ ਦਾ ਆਪ ਮੁਹਾਰਾ ਪ੍ਰਗਟਾਵਾ ਸੀ।

ਬੁਲਿਟ ਮੋਟਰ ਸਾਇਕਲ ਦੀ ਦੁੱਗ-ਦੁੱਗ ਨੇ ਆਪਣੀ ਦਹਿਸ਼ਤ ਫੈਲਾਈ ਅਤੇ ਅਖ਼ੀਰ ਹੌਲੀ ਹੌਲੀ ਪਿੰਡ ਦੀ ਫਿਜ਼ਾ 'ਚੋਂ ਮਨਫ਼ੀ ਹੋ ਗਈ।

ਸਹਿਮ ਮਾਰੇ ਘਰਾਂ ਵਿੱਚ ਦੜੇ ਬੈਠੇ ਲੋਕ ਹੌਲੀ ਹੌਲੀ ਘਰਾਂ 'ਚੋਂ ਬਾਰ ਨਿਕਲਣ ਲੱਗੇ। ਆਂਢੀਆਂ-ਗੁਆਂਢੀਆਂ ਨੂੰ ਵਰਤੇ ਭਾਣੇ ਦੀ ਭਿਣਕ ਪੈ ਚੁੱਕੀ ਸੀ। ਦੇਖਾ ਦੇਖੀ ਉਹ ਆਤਮਾ ਸਿੰਘ ਦੇ ਘਰ ਵੜਨ ਲੱਗੇ। ਵਾਪਰੇ ਕਹਿਰ ਦੀ ਖ਼ਬਰ ਪਿੰਡ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਧਾੜਾ ਧਾੜਾ ਕਰ ਉੱਠੇ। ਆਤਮਾ ਸਿੰਘ ਦੇ ਘਰ ਕਾਫ਼ੀ ਭੀੜ 'ਕੱਠੀ ਹੋ ਗਈ।

"ਬੇਬੇ ਦੇ ਸਾਹ ਚਲ ਰਹੇ ਨੇ।" ਕਿਸੇ ਹੈਰਾਨੀ ਨਾਲ ਕਿਹਾ।

"ਲਗਦਾ ਬੇਬੇ ਨੂੰ ਕੋਈ ਗੋਲੀ ਨੀ ਵੱਜੀ।" ਕਿਸੇ ਹੋਰ ਨੇ ਕਿਹਾ।



ਕਿਸੇ ਨੇ ਹਿੰਮਤ ਕਰਕੇ ਸਵਰਨ ਕੌਰ ਦੇ ਸਰੀਰ ਦਾ ਮੁਆਇਨਾ ਕੀਤਾ ਤੇ ਕਿਹਾ, "ਹਾਂ ਬੇਬੇ ਜਿੰਦਾ ਹੈ। ਇਹ ਬੇਹੋਸ਼ ਹੀ ਹੈ। ਪਾਣੀ ਲਿਆਓ। ਥੋੜ੍ਹਾ ਪਿੱਛੇ ਹਟੋ। ਹਵਾ ਆਉਣ ਦਿਓ।"

ਥੋੜ੍ਹੀ ਕੋਸ਼ਿਸ਼ ਮਗਰੋਂ ਸਵਰਨ ਕੌਰ ਨੂੰ ਹੋਸ਼ ਆ ਗਈ।

ਉਹ ਡੌਰ ਭੌਰ ਹੋਈ ਲੋਕਾਂ ਵੱਲ ਦੇਖ ਰਹੀ ਸੀ। ਉਸਨੂੰ ਕੁਝ ਯਾਦ ਆਇਆ।

ਉਹ ਇਕਦਮ ਬਾਥਰੂਮ ਵੱਲ ਵਧੀ। ਲੋਕਾਂ ਸਮਝਿਆ ਕਿ ਉਹ ਬਾਥਰੂਮ ਗਈ ਹੈ।

ਦੋ ਜਣੀਆਂ ਉਸਦੇ ਮਗਰ ਹੋ ਤੁਰੀਆਂ। ਉਸ ਨੇ ਕਾਹਲੀ ਨਾਲ ਟਾਇਲਟ ਦਾ ਦਰਵਾਜ਼ਾ ਖੋਲ੍ਹਿਆ। ਬੰਸ ਇੱਕ ਖੂੰਝੇ 'ਚ ਮੂੰਹ ਛੁਪਾਈ ਖੜ੍ਹਾ ਸੀ। ਉਸਨੇ ਘੁੱਟ ਕੇ ਅੱਖਾਂ ਬੰਦ ਕੀਤੀਆਂ ਹੋਈਆਂ ਸਨ। ਅਕਸਰ ਲੁਕਣਮੀਟੀ ਖੇਡਦਾ ਹੋਇਆ ਉਹ ਲੁਕਣ ਵੇਲੇ ਆਪਣੀਆਂ ਅੱਖਾਂ ਇੰਝ ਹੀ ਬੰਦ ਕਰ ਲਿਆ ਕਰਦਾ ਸੀ। ਉਸਨੂੰ ਲਗਦਾ ਕਿ ਇਸ ਤਰ੍ਹਾਂ ਕਰਨ ਨਾਲ ਉਹ ਦੂਸਰੇ ਨੂੰ ਦਿਸਦਾ ਨਹੀਂ।

ਸਵਰਨ ਕੌਰ ਨੇ ਉਸਨੂੰ ਡੌਲੇ ਤੋਂ ਫੜਿਆ ਤਾਂ ਉਹ ਚੀਕ ਉੱਠਿਆ, "ਨਾ... ਨਾ.. ਮੈਨੂੰ ਨਾ ਮਾਰੋ... ਨਾ ਮਾਰੋ ਨਾ...।"

ਸਵਰਨ ਕੌਰ ਨੇ ਕਿਹਾ, "ਬੰਸ-ਬੰਸ ਪੁੱਤ ਮੈਂ ਤੇਰੀ ਦਾਦੀ...।"

ਪਰ ਮੁੰਡਾ ਇੱਕੋ ਸਾਹੇ 'ਨਾ ਮਾਰੋ... ਨਾ ਮਾਰੋ' ਚੀਕੀ ਜਾਵੇ। ਹੱਥਾਂ 'ਚੋਂ ਛੁੱਟ ਛੁੱਟ ਜਾਵੇ। ਸਵਰਨ ਕੌਰ ਮਗਰ ਗਈਆਂ ਔਰਤਾਂ ਨੇ ਉਸਨੂੰ ਸਾਂਭਣਾ ਚਾਹਿਆ। ਪਰ ਕਿੱਥੇ। ਉਹ ਚੀਕਦਾ ਚੀਕਦਾ ਬੇਹੋਸ਼ ਹੋ ਗਿਆ। ਉਸ ਵੱਲ ਦੇਖ ਸਵਰਨ ਕੌਰ ਮੁੜ ਬੇਹੋਸ਼ ਹੋ ਗਈ।

ਸ਼ਾਇਦ ਟਾਇਲਟ ਦੇ ਦਰਵਾਜ਼ੇ ਦੀ ਵਿਰਲ ਥਾਣੀ ਬਾਹਰ ਵਾਪਰਦਾ ਭਾਣਾ ਬੰਸ ਨੇ ਦੇਖ ਲਿਆ ਸੀ।

ਕਿਸੇ ਸਿਆਣੇ ਦੀ ਸਲਾਹ ਨਾਲ ਦਾਦੀ ਪੋਤੇ ਨੂੰ ਹਸਪਤਾਲ ਲਿਜਾਇਆ ਗਿਆ।

ਬੰਸ ਦਾ ਘਰ ਮਰਦਾਂ ਤੇ ਔਰਤਾਂ ਨਾਲ ਭਰ ਗਿਆ।

ਜ਼ੋਰਾ ਵੀ ਸ਼ਹਿਰੋਂ ਆ ਗਿਆ।

ਉਹ ਵਿਲਕਦਾ 'ਕੱਲੀ 'ਕੱਲੀ ਲਾਸ਼ ਨੂੰ ਚਿੰਬੜਦਾ ਜਾਵੇ। ਨਿੱਕੀ ਦਾਨੋ ਕੋਲ ਬੈਠ ਤਾਂ ਉਸਨੂੰ ਚੁੱਕ ਆਪਣੀ ਬੁੱਕਲ 'ਚ ਹੀ ਲੈ ਲਿਆ। ਉਸਨੂੰ ਚੁੰਮਦੇ ਨੇ ਇੰਨੀਆਂ ਧਾਹਾਂ ਮਾਰੀਆਂ, ਉਸਨੇ ਇੰਨੇ ਵਿਰਲਾਪ ਕੀਤੇ ਕਿ ਸਾਰੇ ਲੋਕਾਂ ਦੀਆਂ ਅੱਖਾਂ ਵਹਿ ਤੁਰੀਆਂ।

ਪੁਲਿਸ ਦੀਆਂ ਗੱਡੀਆਂ ਗੂੰਜੀਆਂ। ਹੂਟਰ ਵੱਜੇ। ਮੀਡੀਏ ਵਾਲੇ ਆਣ ਪੁੱਜੇ। ਉਹ ਵੱਖ-ਵੱਖ ਐਂਗਲਾਂ ਤੋਂ ਲਾਸ਼ਾਂ ਦੀਆਂ ਤਸਵੀਰਾਂ ਉਤਾਰਨ ਲੱਗੇ। ਵੱਖ-ਵੱਖ ਲੋਕਾਂ ਤੋਂ ਪੁੱਛ-ਪੁੱਛ ਕਰਨ ਲੱਗੇ। ਆਪੋ ਆਪਣੇ ਚੈਨਲਾਂ ਲਈ ਅਖ਼ਬਾਰ ਲਈ ਵੱਧ ਤੋਂ ਵੱਧ ਸਮੱਗਰੀ 'ਕੱਠੀ ਕਰਨ ਦੀ ਉਨ੍ਹਾਂ 'ਚ ਦੌੜ ਲੱਗ ਗਈ।

ਜ਼ਿਲ੍ਹਾ ਮੁੱਖੀ ਐੱਸ.ਐੱਸ.ਪੀ. ਏ.ਐੱਸ. ਬਰਾੜ ਆਪਣੀ ਫ਼ੋਰਸ ਨਾਲ ਪਹੁੰਚ ਗਿਆ। ਉਸ ਛੋਟੇ ਅਫ਼ਸਰਾਂ ਤੋਂ ਜਾਣਕਾਰੀ ਲਈ। ਜੋਰੇ ਨੂੰ ਕਲਾਵੇ 'ਚ ਲੈ ਕੇ ਹਮਦਰਦੀ ਜਤਾਈ। ਚਾਰ ਨੌਜੁਆਨਾਂ ਨੂੰ ਹਸਪਤਾਲ ਹਰਬੰਸ ਅਤੇ ਸਵਰਨ ਕੌਰ ਦੀ ਰਾਖੀ ਲਈ ਭੇਜ ਦਿੱਤਾ। ਚਾਰ ਨੂੰ ਹਰਬੰਸ ਦੇ ਘਰ ਦੀ ਛੱਤ 'ਤੇ ਤਾਇਨਾਤ ਕਰ ਦਿੱਤਾ। ਲਾਸ਼ਾਂ ਨੂੰ ਪੋਸਟਮਾਰਟਮ ਲਈ ਸ਼ਹਿਰ ਸਿਵਲ ਹਸਪਤਾਲ ਭੇਜ ਦਿੱਤਾ।

ਟੀ.ਵੀ. ਚੈਨਲਾਂ ਨੇ ਇਸ ਸਨਸਨੀਖੇਜ਼ ਖ਼ਬਰ ਨੂੰ ਹੋਰ ਵੀ ਸਨਸਨੀਖੇਜ਼ ਬਣਾ ਕੇ ਪੇਸ਼ ਕੀਤਾ।

"ਪੁਲਿਸ ਅਫ਼ਸਰ ਦੇ ਰਿਸ਼ਤੇਦਾਰਾਂ ਦਾ ਕਤਲ, ਪੰਜਾਬ 'ਚ ਆਪਣੀ ਕਿਸਮ ਦਾ ਖਾੜਕੂ ਸਿੰਘਾਂ ਦਾ ਪਹਿਲਾ ਐਕਸ਼ਨ।" ਬਹੁਤੇ ਅਖ਼ਬਾਰਾਂ ਦੀ ਮੁੱਖ ਸੁਰਖੀ ਸੀ।

ਸਾਰੇ ਪੰਜਾਬ ਦੀ ਪੁਲਿਸ ਦੇ ਰਿਸ਼ਤੇਦਾਰਾਂ 'ਚ ਸਹਿਮ ਛਾ ਗਿਆ।

ਦੂਸਰੇ ਦਿਨ ਸਸਕਾਰ ਮੌਕੇ ਮਾਹੌਲ ਬਹੁਤ ਹੀ ਗ਼ਮਗੀਨ ਸੀ। ਛੇਆਂ ਸਰੀਰਾਂ ਨੂੰ ਸਾਂਝੀ ਚਿਖਾ 'ਤੇ ਲਿਟਾਇਆ ਗਿਆ। ਮਾਤਾ ਸਵਰਨ ਕੌਰ ਲਾਸ਼ਾਂ ਦੇ ਨਾਲ ਲੰਮੀ ਪੈਣ ਲਈ ਵਾਰ ਵਾਰ ਭੱਜੀ ਜਾ ਰਹੀ ਸੀ। ਰਿਸ਼ਤੇਦਾਰ ਮਸੀਂ ਉਸਨੂੰ ਕਾਬੂ ਕਰ ਰਹੇ ਸਨ। ਹਰਬੰਸ ਨੂੰ ਵੀ ਰਿਸ਼ਤੇਦਾਰ ਸੰਭਾਲੀ ਖੜ੍ਹੇ ਸਨ। ਜੋਰੇ ਨੇ ਚਿਖਾ ਨੂੰ ਅਗਨੀ ਦਿਖਾਈ। ਪਿੰਡ ਪੁਲਿਸ ਛਾਉਣੀ ਵਿੱਚ ਤਬਦੀਲ ਹੋ ਚੁੱਕਾ ਸੀ।

ਭੋਗ ਵਾਲੇ ਦਿਨ ਵੀ ਪਿੰਡ ਪੁਲਿਸ ਛਾਉਣੀ ਬਣ ਗਿਆ ਸੀ। ਪੁਲਿਸ ਦੇ ਉੱਚ ਅਫ਼ਸਰ ਅਤੇ ਰਾਜਸੀ ਪਾਰਟੀਆਂ ਦੇ ਨੇਤਾ ਪਹੁੰਚੇ ਹੋਏ ਸਨ। ਅਰਦਾਸ ਉਪਰੰਤ ਸ਼ਰਧਾਂਜਲੀ ਤਕਰੀਰਾਂ ਸ਼ੁਰੂ ਹੋਈਆਂ। ਹਰ ਪਾਰਟੀ ਦਾ ਨੇਤਾ ਆਪੋ ਆਪਣੀ ਪਾਰਟੀ ਪ੍ਰੋਗਰਾਮ ਦੇ ਐਂਗਲ ਤੋਂ ਬੋਲ ਰਿਹਾ ਸੀ। ਕਾਮਰੇਡ ਲੀਡਰਾਂ ਦੀਆਂ ਤਕਰੀਰਾਂ ਸੰਤੁਲਿਤ ਅਤੇ ਨਿਰਭੈਅ ਸਨ। ਉਹਨੀਂ ਸਰਕਾਰੀ ਅਤੇ ਗੈਰ-ਸਰਕਾਰੀ ਦੋਹਾਂ ਤਰ੍ਹਾਂ ਦੇ ਜਬਰ ਦੀ ਨਿਖੇਧੀ ਕਰਦਿਆਂ ਪੰਜਾਬ ਵਾਸੀਆਂ ਨੂੰ ਫ਼ਿਰਕੂ ਸਾਂਝ ਬਣਾਈ ਰੱਖਕੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਇੱਕ ਜੁੱਟ ਹੋਣ ਨੂੰ ਹੀ ਵਿਛੜੀਆਂ ਆਤਮਾਵਾਂ ਨੂੰ ਸੱਚੀ ਸ਼ਰਧਾਂਜਲੀ ਆਖਿਆ। ਡੀ.ਜੀ.ਪੀ. ਨੇ ਲੋਕਾਂ ਨੂੰ ਪੂਰਨ ਸੁਰੱਖਿਆ ਦਾ ਭਰੋਸਾ ਦਿੱਤਾ ਤੇ ਜੋਰੇ ਨੂੰ ਪੰਜਾਬ ਪੁਲਿਸ ਵਿੱਚ ਭਰਤੀ ਕਰਨ ਅਤੇ ਪਰਿਵਾਰ ਨੂੰ ਪੁਲਿਸ ਕਲੋਨੀ ਵਿੱਚ ਰਹਾਇਸ਼ ਦੇਣ ਦਾ ਐਲਾਨ ਕੀਤਾ।

ਪਰ ਮਾਤਾ ਨੇ ਘਰ ਛੱਡਣ ਤੋਂ ਨਾਂਹ ਕਰ ਦਿੱਤੀ। ਹਰਬੰਸ ਦੇ ਸਕੂਲ ਵਾਲਿਆਂ ਹਰਬੰਸ ਦੀ ਸੁਰੱਖਿਆ ਦੇ ਮੱਦੇਨਜ਼ਰ ਆਪਣੀ ਚਿੰਤਾ ਜ਼ਾਹਿਰ ਕੀਤੀ। ਹਰਬੰਸ ਦੇ ਨਾਨਕੇ ਚੁੱਪ ਚੁਪੀਤੇ ਉਸਨੂੰ ਅੰਬਾਲੇ ਉਸਦੀ ਮਾਸੀ ਕੋਲ ਛੱਡ ਆਏ। ਲੋਕਾਂ ਨੂੰ ਕਿਹਾ ਕਿ ਉਹ ਉਸ ਨੂੰ ਆਪਣੇ ਕੋਲ ਹੁਸ਼ਿਆਰ ਰੱਖਣਗੇ।

ਦੋ ਪੁਲਿਸ ਵਾਲੇ ਪੱਕੇ ਹਰਬੰਸ ਦੇ ਘਰ ਤਾਇਨਾਤ ਕਰ ਦਿੱਤੇ। ਜੋਰਾ ਮਹੀਨੇ ਕੁ ਦੀ ਟਰੇਨਿੰਗ ਤੋਂ ਬਾਅਦ ਹੀ ਜ਼ਿਲ੍ਹਾ ਪੁਲਿਸ ਮੁਖੀ ਏ.ਐਸ.ਬਰਾੜ ਦੇ ਆਪਣੇ ਵਿਸ਼ੇਸ਼ ਦਸਤੇ ਦਾ ਮੈਂਬਰ ਬਣ ਗਿਆ। ਉਹ ਪੰਜ ਸੱਤ ਦਿਨਾਂ ਬਾਅਦ ਮਾਤਾ ਨੂੰ ਮਿਲਣ ਜ਼ਰੂਰ ਆਉਂਦਾ। ਉਂਦਾਂ ਉਹ ਪੁਲਿਸ ਕਲੋਨੀ ਵਿੱਚ ਮਿਲੇ ਕੁਆਟਰ ਵਿੱਚ ਰਹਿੰਦਾ।



ਦੋ ਕੁ ਮਹੀਨੇ ਬਾਅਦ ਹੀ ਮਾਤਾ ਨੇ ਕਹਿ ਸੁਣਕੇ ਘਰ ਰਹਿੰਦੇ ਪੁਲਿਸ ਵਾਲੇ ਤੋਰ ਦਿੱਤੇ। ਉਨ੍ਹਾਂ ਪੁਲਿਸ ਵਾਲਿਆਂ ਦੀਆਂ ਨਜ਼ਰਾਂ ਤੋਂ ਮਾਤਾ ਦੇ ਆਂਢੀ ਗੁਆਂਢੀ ਔਖ ਮੰਨ ਰਹੇ ਸਨ। ਰਿਸ਼ਤੇਦਾਰੀ 'ਚੋ ਇੱਕ ਬਿਰਧ ਔਰਤ ਉਸ ਕੋਲ ਰਹਿਣ ਲੱਗ ਪਈ ਸੀ।

ਸ਼ਾਮ ਨੂੰ ਮਾਤਾ ਸੋਟਾ ਫੜ੍ਹ ਵਿਹੜੇ 'ਚ ਘੁੰਮਦੀ ਇੰਝ ਲੱਗਦੀ ਜਿਵੇਂ ਉਹ ਕਿਸੇ ਨੂੰ ਵੰਗਾਰ ਰਹੀ ਹੋਵੇ। ਮਨ 'ਚ ਕਈ ਵਾਰ ਉਹ ਆਪਣੇ ਐਸ.ਐਸ.ਪੀ. ਭਰਾ ਕੰਗ ਦਾ ਸਿਆਪਾ ਕਰਨ ਲੱਗ ਪੈਂਦੀ ਤੇ ਕਈ ਵਾਰ ਉਹ ਉਨ੍ਹਾਂ ਅਖੌਤੀ ਸਿੰਘਾਂ ਦਾ ਜਿਨ੍ਹਾਂ ਉਸ ਦਾ ਹੱਸਦਾ ਵੱਸਦਾ ਘਰ ਬਰਬਾਦ ਕਰਕੇ ਰੱਖ ਦਿੱਤਾ ਸੀ। ਜਦ ਵੀ ਜੋਰਾ ਹਥਿਆਰਾਂ ਨਾਲ ਲੈਸ ਪੰਜ ਸੱਤ ਜੁਆਨਾਂ ਨਾਲ ਮਾਤਾ ਨੂੰ ਮਿਲਣ ਆਉਂਦਾ ਤਾਂ ਉਸਨੂੰ ਘੁੱਟਕੇ ਜੱਫ਼ੀ ਪਾ ਕੇ ਅੰਦਰ ਲੈ ਜਾਂਦੀ। ਉਸਦੇ ਕੰਨ ਵਿੱਚ ਪੁੱਛਦੀ ਕਿ ਕਿਸੇ ਨੂੰ ਪਤਾ ਤਾਂ ਨਹੀਂ ਲੱਗਾ ਕਿ ਹਰਬੰਸ ਅੰਬਾਲੇ ਰਹਿੰਦੇ ਹੈ। ਉਸਦੇ ਨਹੀਂ ਕਹਿਣ 'ਤੇ ਉਸਨੂੰ ਸੰਤੋਖ ਆ ਜਾਂਦਾ। ਉਸਦੇ ਜੁੜੇ ਹੱਥ ਮੱਥੇ ਨੂੰ ਲੱਗ ਕੇ ਪ੍ਰਮਾਤਮਾ ਦਾ ਸ਼ੁਕਰ ਕਰਦੇ।

ਪੰਜਾਬ ਵਿੱਚ ਖਾੜਕੂਆਂ ਅਤੇ ਪੁਲਿਸ ਵਿਚਾਲੇ ਖ਼ੂਨੀ ਹੋਲੀ ਜਾਰੀ ਸੀ। ਇਸ ਖ਼ੂਨ ਵਿੱਚ ਬੇਕਸੂਰ ਲੋਕਾਂ ਦਾ ਖ਼ੂਨ ਵੀ ਸ਼ਾਮਿਲ ਸੀ।

ਪਰਿਵਾਰ 'ਤੇ ਭਾਣਾ ਵਾਪਰੇ ਨੂੰ ਦਸ ਗਿਆਰਾਂ ਮਹੀਨੇ ਹੋ ਗਏ ਸਨ। ਮਾਤਾ ਦੀ ਸਿਹਤ ਦਿਨ ਬ-ਦਿਨ ਕਿਰਦੀ ਜਾ ਰਹੀ ਸੀ। ਹੌਲੀ ਹੌਲੀ ਉਹ ਮੰਜੇ ਤੇ ਪੈ ਗਈ। ਸ਼ਾਇਦ ਉਸਦੇ ਰੁਖ਼ਸਤ ਹੋਣ ਦਾ ਸਮਾਂ ਨੇੜੇ ਆ ਰਿਹਾ ਸੀ। ਪਰ ਉਸ ਤੋਂ ਪਹਿਲਾਂ ਉਸਦਾ ਸ਼ੇਰ ਪੁੱਤ ਜੋਰਾ ਰੁਖ਼ਸਤ ਹੋ ਗਿਆ। ਉਹ ਖਾੜਕੂਆਂ ਨਾਲ ਹੋਈ ਇੱਕ ਮੁੱਠਭੇੜ 'ਚ ਮਾਰਿਆ ਗਿਆ ਸੀ। ਜਦੋਂ ਜੋਰੇ ਦੀ ਲਾਸ਼ ਘਰ ਪਹੁੰਚੀ ਤਾਂ ਮਾਤਾ ਤਾਂ ਦੇਖ ਕੇ ਪਥਰਾ ਹੀ ਗਈ। ਉਹ ਜੋਰੇ ਨੂੰ ਐਸੀ ਚਿੰਬੜੀ ਕਿ ਮੁੜ ਉੱਠ ਨਾ ਸਕੀ। ਮਾਂ ਪੁੱਤ ਦਾ ਇਕੱਠਿਆਂ ਦਾ ਸਸਕਾਰ ਕੀਤਾ ਗਿਆ।

ਹਰਬੰਸ ਅੰਬਾਲੇ ਤੋਂ ਪੰਜਾਬ ਆ ਗਿਆ।

ਬੀ.ਏ. ਕਰਨ ਤੋਂ ਮਗਰੋਂ ਉਹ ਏ.ਐਸ.ਆਈ. ਭਰਤੀ ਹੋ ਗਿਆ।

ਅੱਜ ਇੰਗਲੈਂਡ ਵਸਦੀ ਭੂਆ ਦੀ ਕ੍ਰਿਪਾ ਨਾਲ ਉਹ ਐਸ.ਆਈ. ਬਣਕੇ ਥਾਣਾ ਮੁਖੀ ਬਣੀ ਬੈਠਾ ਹੈ।

ਮੁੱਖ ਮੁਨਸ਼ੀ ਪਵਨ ਕੁਮਾਰ ਗੱਲਬਾਤ ਮੁਕਾ ਕੇ ਚਲੇ ਗਿਆ ਹੈ। ਪਵਨ ਦੀਆਂ ਗੱਲਾਂ ਸੁਣਕੇ ਉਸਦਾ ਆਪਣੀ ਨੌਕਰੀ ਨਾਲ ਮੋਹ ਭੰਗ ਹੋ ਗਿਆ ਹੈ। ਉਸਦਾ ਦਿਲ ਕਰਦਾ ਹੈ ਕਿ ਉਹ ਨੌਕਰੀ ਤੋਂ ਅਸਤੀਫ਼ਾ ਦੇ ਦੇਵੇ।

ਅਸਤੀਫ਼ਾ ਦੇਣ ਨੂੰ ਤਾਂ ਉਸ ਦਾ ਮਨ ਤਿੰਨ ਸਾਲ ਪਹਿਲਾਂ ਵੀ ਕੀਤਾ ਸੀ। ਉਦੋਂ ਜਦੋਂ ਉਸਨੂੰ ਆਪਣੇ ਚਾਚੇ ਜੋਰੇ ਦੀ ਸ਼ਹੀਦੀ ਵਾਲੀ ਘਟਨਾ ਦੀ ਅਸਲੀਅਤ ਬਾਰੇ ਪਤਾ ਲੱਗਾ ਸੀ।

ਹਰਮਿੰਦਰ ਸਿੰਘ ਏ.ਐਸ.ਆਈ. ਉਸਦਾ ਦੋਸਤ ਬਣ ਗਿਆ ਸੀ। ਹਰਮਿੰਦਰ ਨੇ ਆਪਣੀ ਗਰੇਜੂਏਟ ਭੈਣ ਦਾ ਰਿਸ਼ਤਾ ਉਸ ਨਾਲ ਕਰ ਦਿੱਤਾ ਸੀ। ਇੱਕ ਸ਼ਾਮ ਹਰਮਿੰਦਰ ਅਤੇ ਹਰਬੰਸ 'ਕੱਠੇ ਬੈਠੇ ਸਨ। ਹਰਬੰਸ ਭਾਵੇਂ ਆਮ ਤੌਰ ਤੇ ਸ਼ਰਾਬ ਨਹੀਂ ਸੀ

ਪੀਂਦਾ ਪਰ ਹਰਮਿੰਦਰ ਨਾਲ ਇੱਕ ਅੱਧ ਗਿਲਾਸੀ ਲਾ ਲੈਂਦਾ ਸੀ। ਹਰਮਿੰਦਰ ਥੋੜ੍ਹਾ ਲੋਰ ਵਿੱਚ ਸੀ। ਪਤਾ ਨੀ ਗੱਲ ਕਿੱਥੋਂ ਤੁਰੀ ਸੀ। ਹਰਮਿੰਦਰ ਜੋਰੇ ਦੀ ਦਸ ਗਿਆਰਾਂ ਮਹੀਨੇ ਦੀ ਨੇੜਿਓਂ ਤੱਕੀ ਨੌਕਰੀ ਦੀ ਗੱਲ ਕਰਨ ਲੱਗ ਪਿਆ ਸੀ।

ਛੋਟੇ ਭਾਈ ਜਦੋਂ ਤੇਰਾ ਚਾਚਾ ਜੋਰਾ ਭਰਤੀ ਹੋਇਆ ਸੀ ਤਾਂ ਉਸ ਅੰਦਰ ਪਰਿਵਾਰ ਦੇ ਕਾਤਲਾਂ ਤੋਂ ਬਦਲਾ ਲੈਣ ਦੀ ਅੱਗ ਬਲ ਰਹੀ ਸੀ। ਸੀ ਵੀ ਇਹ ਕੁਦਰਤੀ ਗੱਲ। ਉਸਦੇ ਇਸ ਜਜ਼ਬੇ ਦਾ ਐਸ.ਐਸ.ਪੀ. ਬਰਾੜ ਨੇ ਖੂਬ ਫਾਇਦਾ ਉਠਾਇਆ। ਉਹ ਜਦੋਂ ਵੀ ਕੋਈ ਮੁਕਾਬਲਾ ਬਣਾਉਂਦਾ ਤਾਂ ਜੋਰੇ ਨੂੰ ਥਾਪੀ ਦਿੰਦਾ ਆਖਦਾ, "ਜੋਰਿਆ ਲਾ ਲੈ ਦੋ ਪੈੱਗ, ਅੱਜ ਜਸ਼ਨ।" ਨੌਜਵਾਨਾਂ ਨੂੰ ਮਾਰਨਾ ਹੁੰਦਾ। ਉਹ ਫੜੇ ਤਾਂ ਕਈ ਕਈ ਦਿਨ ਪਹਿਲਾਂ ਦੇ ਹੁੰਦੇ। ਪੁੱਛ-ਗਿੱਛ ਦੌਰਾਨ ਉਨ੍ਹਾਂ ਨੂੰ ਕੁੱਟ-ਕੁੱਟ ਅਧਮੋਏ ਤਾਂ ਪਹਿਲਾਂ ਹੀ ਕੀਤਾ ਹੁੰਦਾ ਸੀ। ਨਿਸ਼ਚਿਤ ਕੀਤੀ ਥਾਂ ਉੱਤੇ ਅੱਧ ਮੋਈਆਂ ਲਾਸ਼ਾਂ ਨੂੰ ਸੁੱਟਦੇ। ਫਿਰ ਬਰਾੜ ਸਾਹਿਬ ਕੂਕਦੇ, ਜੋਰਿਆ ਲੈ ਲੈ ਬਦਲਾ ਜਰਵਾਣਿਆ ਤੋਂ। ਇਹ ਉਸੇ ਜਥੇਬੰਦੀ ਦੇ ਮੈਂਬਰ ਹਨ, ਜਿਸਨੇ ਤੇਰਾ ਪਰਿਵਾਰ ਕਤਲ ਕੀਤਾ। ਜੋਰਾ ਹੱਥ ਪੈਰ ਬੰਨੀਆਂ ਉਹਨਾਂ ਅੱਧ ਮਰੀਆਂ ਲਾਸ਼ਾਂ ਦੀਆਂ ਹਿੱਕਾਂ ਤੇ ਚੜ੍ਹਕੇ ਲਲਕਾਰੇ ਮਾਰਦਾ। ਉਹਨਾਂ ਨੂੰ ਵੰਗਾਰਦਾ। ਅਖ਼ੀਰ ਉਸਦੀ ਗੰਨ ਅੱਗ ਉਗਲਦੀ ਅਧੂਰੀਆਂ ਲਾਸ਼ਾਂ ਪੂਰਨ ਹੋ ਜਾਂਦੀਆਂ। ਜੋਰਾ ਗੱਡੀ ਕੋਲ ਆਉਂਦਾ। ਇੱਕ ਪੈੱਗ ਹੋਰ ਮਾਰਦਾ। ਬਰਾੜ ਸਾਹਿਬ ਉਸਦੀ ਪਿੱਠ ਥਾਪੜਦੇ।

ਫਿਰ ਉਹ ਕੁਲਹਿਣਾ ਦਿਨ ਵੀ ਆਗਿਆ ਜਿਸ ਦਿਨ ਤੇਰਾ ਚਾਚਾ ਸ਼ਹੀਦੀ ਪਾ ਗਿਆ।

ਸ਼ਾਇਦ ਇਸ ਖੇਡ 'ਜਸ਼ਨ' ਨੂੰ ਵਾਰ ਵਾਰ ਖੇਡ ਕੇ ਜੋਰੇ ਦਾ ਮਨ ਭਰ ਗਿਆ ਸੀ।

ਇੱਕ ਦਿਨ ਜਦੋਂ ਬਰਾੜ ਸਾਹਿਬ ਨੇ ਕਿਹਾ ਕਿ ਜੋਰਿਆ ਲਾ ਗਲਾਸੀ ਅੱਜ ਜਸ਼ਨ ਤਾਂ ਜੋਰੇ ਦੇ ਸਰੀਰ 'ਚ ਉਹ ਹਰਕਤ ਨਾ ਆਈ ਜੋ ਪਹਿਲੇ ਆਇਆ ਕਰਦੀ ਸੀ। ਉਸ ਅੱਧੇ ਮਨ ਨਾਲ ਕਿਹਾ, "ਓ.ਕੇ. ਸਰ।"

ਬਰਾੜ ਉਸਦੇ ਵਿੱਚ ਆਈ ਤਬਦੀਲੀ ਨੂੰ ਗੰਭੀਰਤਾ ਨਾਲ ਲੈ ਰਿਹਾ ਸੀ।

ਜਦੋਂ ਉਹ ਨਿਸ਼ਚਿਤ ਕੀਤੀ ਥਾਂ ਪੁਰ ਪਹੁੰਚੇ ਤਾਂ ਇੱਕ ਫੋਰਵ੍ਹੀਲਰ 'ਚੋਂ ਤਿੰਨ ਅਧੂਰੀਆਂ ਲਾਸ਼ਾਂ ਬਾਹਰ ਸੁੱਟੀਆਂ ਗਈਆਂ। ਮਗਰੋਂ ਇੱਕ ਫੋਰਵ੍ਹੀਲਰ 'ਚੋਂ ਇੱਕ ਹੱਥ ਪੈਰ ਬੰਨ੍ਹੀ ਨੌਜੁਆਨ ਵੀ ਬਾਹਰ ਕੱਢਿਆ। ਉਸਦੀ ਕੁੱਟ ਮਾਰ ਨਹੀਂ ਸੀ ਕੀਤੀ ਹੋਈ। ਉਹ ਲਗਾਤਾਰ ਕੂਕ ਕੂਕ ਕੇ ਕਹਿ ਰਿਹਾ ਸੀ:

'ਉਹ ਤੁਸੀਂ ਤਾਂ ਕਹਿੰਦੇ ਸੀ ਤੇਰੇ ਪਿੰਡ ਚੱਲਣਾ। ਇਹ ਮੈਨੂੰ ਕਿੱਥੇ ਲੈ ਆਏ? ਓ ਮੈਂ ਧੀਰਾ ਨਹੀਂ। ਮੈਂ ਤਾਂ ਖਾਨਪੁਰੀਆਂ ਮੰਗਾ ਹਾਂ। ਮੈਨੂੰ ਗੁਰਦੁਆਰੇ ਮੱਥਾ ਟੇਕ ਕੇ ਆਉਂਦੇ ਨੂੰ ਰਸਤੇ 'ਚੋਂ ਤੁਹਾਡੇ ਸਿਪਾਹੀ ਫੜ ਲਿਆਏ। ਓ ਮੈਨੂੰ ਨਾ ਮਾਰਿਓ। ਮੇਰੀ ਅੰਨ੍ਹੀ ਮਾਂ ਵਿਲਕ ਵਿਲਕ ਕੇ ਮਰ ਜਾਊ। ਓ ਮੇਰੇ ਬਿਨ ਉਸਦਾ ਕੋਈ ਨੀ ਦੁਨੀਆਂ 'ਤੇ। ਓ ਬੱਚਿਆਂ ਵਾਲਿਓ ਰੱਬ ਦੇ ਵਾਸਤੇ ਮੇਰੇ 'ਤੇ ਤਰਸ ਕਰੋ...।"

"ਜੋਰਿਆ ਜਸ਼ਨ।" ਬਰਾੜ ਚੀਕਿਆ। ਜੋਰੇ ਨੇ ਅਧੂਰੀਆਂ ਲਾਸ਼ਾਂ ਦੁਆਲੇ ਭੰਗੜੇ ਨਹੀਂ ਪਾਏ। ਉਸਦੀ ਅਸਲਾਟ ਨੇ ਅੱਗ ਉਗਲੀ। ਤਿੰਨ ਅਪੂਰਨ ਲਾਸ਼ਾਂ ਪੂਰਨ ਹੋ ਗਈਆਂ। ਮੰਗਾ ਪਿਆ ਉਸੇ ਤਰ੍ਹਾਂ ਤਰਲੇ ਲੈਂਦਾ ਰਿਹਾ।



"ਸਰ ਇਸਨੂੰ ਛੱਡ ਦਿਓ। ਇਹ ਧੀਰਾ ਨਹੀਂ। ਸੱਚਮੁੱਚ ਮੰਗਾ ਹੈ। ਖਾਨਪੁਰੀਆ। ਮੈਂ ਇਸਨੂੰ ਜਾਣਦਾ ਹਾਂ।" ਜੋਰੇ ਨੇ ਬਰਾੜ ਅੱਗੇ ਤਰਲਾ ਲਿਆ।

ਬਰਾੜ ਨੇ ਆਪਣੇ ਖਾਸੋ ਖਾਸ ਕਮਾਂਡੋ ਲੱਕੀ ਨੂੰ ਕਿਹਾ, "ਲੱਕੀ ਅਸਲ ਜਸ਼ਨ।"

ਲੱਕੀ ਦੀ ਅਸਲਾਟ ਨੇ ਲਪਟਾ ਛੱਡੀਆਂ। ਪਹਿਲਾਂ ਜੋਰਾ ਢਹਿ ਢੇਰੀ ਹੋ ਗਿਆ ਤੇ ਮਗਰੋਂ ਮੰਗਾ।

ਦੂਜੇ ਦਿਨ ਅਖ਼ਬਾਰਾਂ 'ਚ ਖ਼ਬਰ ਛਪੀ: ਇੱਕ ਗਹਿਗੱਚ ਮੁਕਾਬਲੇ 'ਚ ਖਾਲਿਸਤਾਨ ਕਮਾਂਡੋ ਫੋਰਸ ਦਾ ਏਰੀਆ ਕਮਾਂਡਰ ਰਣਧੀਰ ਸਿੰਘ ਧੀਰਾ ਉਰਫ਼ ਬਾਬਾ ਆਪਣੇ ਤਿੰਨ ਸਾਥੀਆਂ ਸਮੇਤ ਮਾਰਿਆ ਗਿਆ। ਮੁਕਾਬਲੇ ਵਿੱਚ ਪੰਜਾਬ ਪੁਲਿਸ ਦਾ ਜੁਆਨ ਜੋਰਾਵਰ ਸਿੰਘ ਉਰਫ਼ ਜੋਰਾ ਵੀ ਸ਼ਹੀਦ ਹੋ ਗਿਆ।

ਹਰਮਿੰਦਰ ਦੇ ਮੂੰਹੋਂ ਜੋਰੇ ਦੀ ਸ਼ਹੀਦੀ ਦਾ ਰਹੱਸ ਸੁਣ ਹਰਬੰਸ ਨੂੰ ਤਰੇਲੀ ਆ ਗਈ। ਉਸਦਾ ਖੂਨ ਖੌਲ੍ਹਿਆ। ਆਪਣੀ ਆਦਤ ਦੇ ਉਲਟ ਉਸ ਗਲਾਸ ਭਰ ਸ਼ਰਾਬ ਦਾ ਅੰਦਰ ਸੁੱਟ ਲਿਆ।

"ਉਹ ਮਾਂਚੋ ਬਰਾੜ ਅੱਜਕਲ ਕਿੱਥੇ ਐ ਬੜੇ ਭਾਈ। ਉਦ੍ਹੀ ਛੋਕਰੀ ਨਾਲ ਲਮਾ ਮੈਂ ਫੇਰੇ। ਉਸ ਭੈਣਚੋ ਨੇ ਇਦਾਂ ਕਾਹਤੇ ਕੀਤੀ? ਬੜੇ ਭਾਈ ਤੂੰ ਮੈਨੂੰ ਇੱਕ ਵਾਰੀ ਉਸ ਕੁੱਤੇ ਦਾ ਅਤਾ ਪਤਾ ਦੱਸਦੇ। ਮੈਂ ਉਸਨੂੰ ਛੱਡਣਾ ਨੀ।"

ਹਰਬੰਸ ਹਰਮਿੰਦਰ ਦਾ ਹੱਥ ਆਪਣੇ ਦੋਹਾਂ ਹੱਥਾਂ 'ਚ ਫੜ ਆਪਣੇ ਮੱਥੇ ਨੂੰ ਲਾ ਧਾਹੀਂ ਰੋ ਪਿਆ। ਨਾਲੇ ਆਖੀ ਜਾਵੇ, "ਮੈਂ ਉਸ ਨੂੰ ਛੱਡਣਾ ਨੀ... ਮੈਂ ਉਸ ਕੁੱਤੇ...।"

ਹਰਮਿੰਦਰ ਨੇ ਮਸੀਂ ਹਰਬੰਸ ਨੂੰ ਠੰਡਾ ਕੀਤਾ ਤੇ ਆਖਿਆ, "ਦੇਖ ਛੋਟੇ ਭਾਈ... ਮੈਂ ਤੇਰਾ ਦਰਦ ਸਮਝਦਾ ਹਾਂ। ਆਪਾ ਜੋ ਵੀ ਕਰਨਾ ਹੋਇਆ, ਠੰਡੇ ਦਿਮਾਗ ਨਾਲ ਸੋਚਕੇ ਕਰਾਂਗੇ। ਮੈਂ ਹਰ ਹਾਲਤ ਵਿੱਚ ਤੇਰਾ ਸਾਥ ਦਿਆਂਗਾ। ਰਹੀ ਗੱਲ ਉਸ ਬਰਾੜ ਕੁੱਤੇ ਨੇ ਅਜਿਹਾ ਕਿਉਂ ਕੀਤਾ। ਬੜੀ ਸਾਫ਼ ਗੱਲ ਹੈ। ਧੀਰਾ ਕੋਈ ਨਾਮੀ ਅੱਤਵਾਦੀ ਸੀ। ਉਹ ਬਰਾੜ ਦੇ ਹੱਥ ਆ ਗਿਆ। ਮੌਤ ਤੋਂ ਡਰਦਾ ਕੈਟ ਬਣ ਗਿਆ। ਉਸਨੂੰ ਮਰਿਆ ਸ਼ੋਅ ਕਰਕੇ ਉਸਦੀ ਜਥੇਬੰਦੀ ਅਤੇ ਲੋਕਾਂ ਦੇ ਅੱਖੀਂ ਘੱਟਾ ਪਾਉਣਾ, ਉਸ ਤੋਂ ਆਉਣ ਵਾਲੇ ਸਮੇਂ 'ਚ ਹੋਰ ਕੰਮ ਲੈਣੇ ਅਤੇ ਉਸ ਦੇ ਸਿਰ ਤੇ ਰੱਖੇ ਦਸ ਲੱਖ ਦੇ ਇਨਾਮ ਨੂੰ ਹਜ਼ਮ ਕਰਨਾ ਬਰਾੜ ਦੀ ਨੀਤੀ ਸੀ। ਬਰਾੜ ਦੀ ਹੀ ਨਹੀਂ ਸਾਰੀ ਪੰਜਾਬ ਪੁਲਿਸ ਦੀ ਇਹੀ ਨੀਤੀ ਸੀ ਉਸ ਵਕਤ। ਹਾਂ ਬਰਾੜ ਸੇਵਾ ਮੁਕਤ ਹੋ ਕੇ ਕਨੇਡਾ ਜਾ ਵਸਿਆ ਸੀ। ਆਪਣੇ ਨਿਆਣਿਆਂ ਕੋਲ। ਆਪਾਂ ਨੂੰ ਕੁਝ ਵੀ ਕਰਨ ਦੀ ਲੋੜ ਨਹੀਂ। ਅੱਜ ਕੱਲ ਉਸ ਨੂੰ ਅਧਰੰਗ ਹੋ ਗਿਆ ਹੈ। ਜ਼ਬਾਨ ਨਹੀਂ ਚਲਦੀ, ਤੁਰ ਫਿਰ ਨੀ ਸਕਦਾ। ਵੱਸ ਬਿੱਟ ਬਿੱਟ ਦੇਖਦਾ ਰਹਿੰਦਾ ਹੈ। ਕੁਝ ਨਾ ਕਰਨ ਲਈ ਸੱਜੇ ਹੱਥ ਦੀ ਉਂਗਲੀ ਹਵਾ 'ਚ ਨਾਂਹ ਦੀ ਮੁਦਰਾ 'ਚ ਹਿਲਾਉਂਦਾ ਰਹਿੰਦਾ ਹੈ। ਉਸਦੀ ਇਸ ਹਰਕਤ ਦੇ ਉਸਦੇ ਜਾਣਕਾਰ ਇਹ ਅਰਥ ਕਰਦੇ ਹਨ ਕਿ ਉਹ ਕਹਿ ਰਿਹਾ ਹੈ ਕਿ ਐ ਲੋਕੋ ਕੋਈ ਵੀ ਮਾੜਾ ਕੰਮ ਨਾ ਕਰਿਓ। ਬਾਕੀ ਰੱਬ ਜਾਣੇ। ਤੂੰ ਹੁਣ ਬੀਤੇ 'ਚ ਮਿਲੇ ਜ਼ਖ਼ਮਾਂ ਨੂੰ ਸਲਾਉਣ ਦੀ

ਕੋਸ਼ਿਸ਼ ਕਰ। ਆਪਣੇ ਘਰ ਆਉਣ ਵਾਲੇ ਬੱਚੇ ਦਾ ਖ਼ਿਆਲ ਕਰ। ਆਪਣੀ ਸਾਥਣ ਹਰਮਨ ਦਾ ਖ਼ਿਆਲ ਕਰ। ਉੱਠ ਘਰ ਨੂੰ ਚੱਲੀਏ। ਹਰਮਨ ਉਡੀਕਦੀ ਹੋਵੇਗੀ।"

ਉਸ ਰਾਤ ਹਰਬੰਸ ਨੂੰ ਨੀਂਦ ਨਹੀਂ ਸੀ ਆਈ। ਨੀਂਦ ਸ਼ਾਇਦ ਅੱਜ ਵੀ ਨਾ ਆਵੇ। ਪਵਨ ਕੁਮਾਰ ਦੀਆਂ ਕੀਤੀਆਂ ਗੱਲਾਂ ਉਸਦੇ ਦਿਮਾਗ਼ 'ਚ ਗਿਰਝਾਂ ਵਾਂਗ ਘੁੰਮ ਰਹੀਆਂ ਹਨ। ਭਾਵੇਂ ਪਵਨ ਉੱਠਕੇ ਚਲੇ ਗਿਆ ਹੈ ਪਰ ਹਰਬੰਸ ਨੂੰ ਸਾਹਮਣੀ ਕੁਰਸੀ 'ਤੇ ਬੈਠਾ ਅਜੇ ਵੀ ਬੋਲ ਰਿਹਾ ਪ੍ਰਤੀਤ ਹੋ ਰਿਹਾ ਹੈ-

"ਦਾਸ ਦਾ ਨਾਂ ਪਵਨ ਕੁਮਾਰ ਹੈ। ਪਿਛਲੇ ਛੇ-ਸੱਤ ਸਾਲ ਤੋਂ ਇਸੇ ਥਾਣੇ ਵਿੱਚ ਮੁੱਖ ਮੁਨਸ਼ੀ ਹਾਂ। ਮੈਨੂੰ ਪਤਾ ਹੈ ਪਿੱਠ ਪਿੱਛੇ ਮੈਨੂੰ ਬੇਬੇ ਵੀ ਕਹਿੰਦੇ ਹਨ। ਪਰ ਆਪਾਂ ਵੀ ਥਾਣਾ ਬੇਬੇ ਦੀ ਤਰ੍ਹਾਂ ਸੰਭਾਲਿਆ ਹੋਇਆ ਹੈ। ਮੰਤਰੀ ਸਾਹਿਬ ਦੀ ਆਪਾਂ 'ਤੇ ਫੁੱਲ ਕਿਰਪਾ ਹੈ।"

"ਕਿਹੜੇ ਮੰਤਰੀ ਸਾਹਿਬ ਦੀ?" ਹਰਬੰਸ ਨੇ ਪੁੱਛਿਆ ਸੀ।

"ਫੱਤਣ ਵਾਲਾ ਜੀ ਦੀ।"

"ਨਾ ਉਹ ਤਾਂ ਸਾਬਕਾ ਮੰਤਰੀ ਨੇ। ਇਸ ਵਕਤ ਤਾਂ ਉਹ ਐਮ.ਐਲ.ਏ. ਵੀ ਨਹੀਂ। ਪੰਜਾਬ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਹਾਰਨ ਵਾਲਾ ਸ਼ਾਇਦ ਫੱਤਣ ਵਾਲਾ ਹੀ ਹੈ।"

"ਸਰ ਜੀ ਤੁਸੀਂ ਤਾਂ ਬੜੇ ਭੋਲੇ ਹੋ। ਜਿਸਦੀ ਸਰਕਾਰ ਹੋਵੇ ਉਹਦਾ ਹਾਰਿਆ ਮੈਂਬਰ ਵੀ ਜਿੱਤਿਓਂ ਨਾਲੋਂ ਉੱਤੇ ਹੁੰਦਾ। ਨਾਲੇ ਇਲਾਕੇ ਦਾ ਸਭ ਤੋਂ ਅਮੀਰ ਬੰਦਾ ਵੀ ਫੱਤਣਵਾਲਾ ਹੀ ਹੈ। ਪਿਛਲੀ ਵਾਰ ਮੁੱਖ ਮੰਤਰੀ ਜੀ ਤੋਂ ਦੂਜੇ ਨੰਬਰ ਉਤੇ ਸੀ। ਜਾਣੀ ਸਾਰੇ ਪੰਜਾਬ 'ਚ ਦੂਜੇ ਨੰਬਰ 'ਤੇ। ਹੁਣ ਆਪਣੇ ਹਲਕੇ 'ਚ ਇੱਕ ਨੰਬਰ ਤੇ ਨੀ ਹੋ ਸਕਦਾ? ਉਹ ਅੱਜ ਕਲ ਹਲਕਾ ਇੰਨਚਾਰਜ ਵੀ ਨੇ। ਇਸ ਵਿਧਾਨ ਸਭਾ ਹਲਕੇ 'ਚ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਚਿੜੀ ਵੀ ਪਰ ਨੀ ਮਾਰ ਸਕਦੀ।" ਪਵਨ ਕੁਮਾਰ ਲਗਾਤਾਰ ਬੋਲੀ ਜਾ ਰਿਹਾ ਸੀ ਅਤੇ ਹਰਬੰਸ ਹੈਰਾਨੀਜਨਕ ਮੁੱਦਰਾ 'ਚ ਸੁਣ ਰਿਹਾ ਸੀ।

"ਹਾਂ ਸਰ ਫੱਤਣਵਾਲਾ ਜੀ ਅੱਜ ਕੱਲ੍ਹ ਗਏ ਹੋਏ ਨੇ ਵਿਦੇਸ਼। ਪਰਸੋਂ ਹੀ ਮੈਨੂੰ ਉਨ੍ਹਾਂ ਦਾ ਫ਼ੂਨ ਆਇਆ ਸੀ। ਉਨ੍ਹੀਂ ਆਪ ਨੂੰ ਸਲਾਮ ਭੇਜਿਆ ਹੈ ਨਾਲੇ ਮੈਨੂੰ ਹਦਾਇਤ ਦਿੱਤੀ ਕਿ ਨਵੇਂ ਸਾਬ੍ਹ ਨੂੰ ਮੇਰੇ ਬੰਦਿਆਂ ਬਾਰੇ ਦੱਸ ਦੇਈਂ ਕਿ ਉਨ੍ਹਾਂ ਦਾ ਖ਼ਿਆਲ ਰੱਖਣ। ਉਂਦਾਂ ਅੱਜ ਤੜਕੇ ਉਹ ਵਾਪਿਸ ਪਹੁੰਚ ਗਏ ਹੋਣੇ ਨੇ। ਫ਼ੁਰਸਤ ਮਿਲਦਿਆਂ ਹੀ ਉਹ ਆਪ ਜੀ ਦੇ ਦਰਸ਼ਨ ਕਰਨ ਆਉਣਗੇ।"

"ਨਾ ਮੰਤਰੀ ਜੀ ਦੇ ਕਿਹੜੇ ਬੰਦੇ ਨੇ?" ਹਰਬੰਸ ਨੇ ਪੁੱਛਿਆ ਸੀ।

"ਤਾਰਾਗੜ੍ਹੀਏ ਸ਼ੰਭੂ ਹੁਰੀਂ।"

"ਨਾ ਉਹ ਤਾਂ ਬਲੈਕਰ ਨੇ। ਗੁੰਡੇ ਨੇ।"

"ਸਰ ਹੌਲੀ ਬੋਲੋ। ਕੰਧਾਂ ਨੂੰ ਵੀ ਕੰਨ ਹੁੰਦੇ ਹਨ। ਉਹ ਤਾਂ ਸਿਰਫ਼ ਕਹਿੰਦੇ ਨੇ, ਕਾਰੋਬਾਰ ਤਾਂ ਸਾਰਾ ਮੰਤਰੀ ਸਾਹਿਬ ਦਾ ਹੀ ਹੈ।"



"ਨਾ ਆਪਾ ਉਹਨਾ ਦਾ ਕਿਸ ਤਰ੍ਹਾਂ ਖ਼ਿਆਲ ਰੱਖਣਾ?" ਹਰਬੰਸ ਨੇ ਪੁੱਛਿਆ ਸੀ।

"ਗੱਲ ਬੜੀ ਸਿੱਧੀ ਹੈ। ਜੇ ਕੋਈ ਬੰਦਾ ਆਪਣੇ ਥਾਣੇ ਦੇ ਏਰੀਏ 'ਚ ਭੁੱਕੀ ਜਾਂ ਸਮੈਕ ਵਗੈਰਾ ਲਈ ਜਾਂਦਾ ਫੜਿਆ ਜਾਵੇ ਤਾਂ ਆਪਣੇ ਪੁੱਛਣ ਤੇ ਆਖ ਦੇਵੇ ਕਿ 'ਸ਼ੰਭੂ ਹੁਰਾਂ ਦਿਓ' ਤਾਂ ਆਪਾਂ ਨੂੰ ਛੱਡਣਾ ਪਊ। ਤਹਿਕੀਕਾਤ ਲਈ ਸ਼ੰਭੂ ਹੁਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸ਼ੰਭੂ ਹੁਰਾਂ ਤੋਂ ਇਲਾਵਾ ਕਿਸੇ ਹੋਰ ਦਾ ਮਾਲ ਹੋਵੇ ਤਾਂ ਟੰਗ ਦਿਓ।"

"ਹੋਰ?" ਹਰਬੰਸ ਨੇ ਪੁੱਛਿਆ ਸੀ।

"ਹੋਰ ਕੀ ਜੀ, ਮੰਤਰੀ ਸਾਬ੍ਹ ਬੜੇ ਸਾਊ ਬੰਦੇ ਨੇ। ਸਾਧੂ ਸੁਭਾਅ। ਬੋਲਦੇ ਘੱਟ ਨੇ। ਰਮਜ਼ ਨਾਲ ਹੀ ਸਮਝਾਉਂਦੇ ਹਨ। ਅੱਖਾਂ ਮੀਟ ਕੇ ਹਾਂ 'ਚ ਹਾਂ ਮਿਲਾਉਣ ਵਾਲੇ ਮੁਲਾਜ਼ਮ 'ਤੇ ਪੂਰੇ ਮਿਹਰਬਾਨ ਹਨ। ਜੇ ਕਿਸੇ ਦੇ ਪੇਸ਼ ਪੈ ਜਾਣ ਤਾਂ ਆਈ ਤਹੀ ਵੀ ਫੇਰ ਦਿੰਦੇ ਹਨ। ਤੁਹਾਡੇ ਤੋਂ ਪਹਿਲੇ ਮੁਖੀ ਨੇ ਮਾੜੀ ਜਿਹੀ ਗੁਸਤਾਖ਼ੀ ਕੀਤੀ ਸੀ। ਉਹਨਾਂ ਮੂਹਰੇ ਬੋਲਣ ਦੀ। ਇੱਥੇ ਦਫ਼ਤਰ 'ਚ ਹੀ ਬੈਠਕਾਂ ਕਢਵਾਈਆਂ ਸਨ। ਮਸੀਂ ਖ਼ਲਾਸੀ ਹੋਈ ਸੀ। ਉਂਦਾਂ ਤੁਸੀਂ ਫ਼ਿਕਰ ਨਾ ਕਰੋ। ਮੈਂ ਜੂ ਹਾਂ।"

ਬੈਠਕਾਂ ਵਾਲੀ ਗੱਲ ਤੋਂ ਹਰਬੰਸ ਨੂੰ ਪੰਡਤ ਕੁੰਦਨ ਲਾਲ ਸ਼ਰਮਾ ਦੀ ਯਾਦ ਆ ਗਈ। ਸ਼ਰਮਾ ਸੇਵਾਮੁਕਤ ਥਾਣੇਦਾਰ ਹੈ। ਤਿੰਨ ਕੁ ਮਹੀਨੇ ਪਹਿਲਾਂ ਵਿਚਾਰੇ ਨਾਲ ਅਣਹੋਣੀ ਵਾਪਰ ਗਈ। ਉਸਦਾ ਇਕਲੌਤਾ ਮੁੰਡਾ ਜੋ ਮਾਲ ਮਹਿਕਮੇ 'ਚ ਕਾਨੂੰਗੋ ਸੀ, ਇੱਕ ਸੜਕ ਹਾਦਸੇ 'ਚ ਸਾਲ ਕੁ ਪਹਿਲੇ ਮਾਰਿਆ ਗਿਆ ਸੀ। ਸ਼ਰਮਾ ਦੀ ਸਭ ਤੋਂ ਛੋਟੀ ਪੋਤੀ ਸੁਸ਼ਮਾ ਬੀ.ਏ. ਭਾਗ ਤੀਜੇ ਦੀ ਵਿਦਿਆਰਥਣ ਸੀ। ਵੱਡੀਆਂ ਦੋ ਵਿਆਹੀਆਂ ਜਾ ਚੁੱਕੀਆਂ ਸਨ। ਸੁਸ਼ਮਾ ਮਿਸ ਕਾਲਜ ਚੁਣੀ ਗਈ। ਬੱਸ ਇਹੀ ਉਸਦੀ ਬਦਕਿਸਮਤੀ ਦੀ ਸ਼ੁਰੂਆਤ ਸੀ। ਰਾਜ ਕਰਦੀ ਸਿਆਸੀ ਪਾਰਟੀ ਦਾ ਇੱਕ ਯੂਥ ਨੇਤਾ 'ਕਾਟੀ' ਉਸਦੇ ਅੱਗੇ ਪਿੱਛੇ ਗੇੜੇ ਕੱਢਣ ਲੱਗਾ। ਪਰ ਕੁੜੀ ਨੇ ਅੱਖ ਸਿੱਧੀ ਨਾ ਕੀਤੀ। ਬੇਸ਼ਰਮੀ ਦੀਆਂ ਹੱਦਾਂ ਪਾਰ ਕਰਦਾ 'ਕਾਟੀ' ਇੱਕ ਦਿਨ ਕਾਲਜ ਤੋਂ ਵਾਪਿਸ ਜਾ ਰਹੀ ਸੁਸ਼ਮਾ ਦਾ ਰਾਹ ਰੋਕ ਕੇ ਖੜ੍ਹ ਗਿਆ ਤੇ ਆਖਣ ਲੱਗਾ, "ਰੂਪ ਜਵਾਨੀ ਆਪਣੇ ਲਈ ਨਹੀਂ ਹੁੰਦੇ। ਫੁੱਲ ਕਦੀ ਵੀ ਭੌਰਿਆਂ ਨੂੰ ਮਹਿਕਾਂ ਲੈਣ ਤੋਂ ਨਹੀਂ ਰੋਕਦੇ। ਤੁਸੀਂ ਕਾਹਨੂੰ ਭੁੱਲੇ ਫਿਰਦੇ ਹੋ। ਆਪਾਂ ਮੰਤਰੀ ਦੇ ਖਾਸੇ ਖਾਸ ਬੰਦੇ ਹਾਂ। ਸਿਰਾਂ ਨਾਲ ਨਿਭਾਉਣ ਜਾਣਦੇ ਹਾਂ। ਬਾਪ ਵਾਲੀ ਨੌਕਰੀ ਦੀ ਹੱਕਦਾਰ ਤਾਂ ਤੂੰ ਹੈਗੀ ਹੀ। ਪਰ ਇੰਨੀ ਸੌਖੀ ਤੈਨੂੰ ਪ੍ਰਾਪਤ ਵੀ ਨਹੀਂ ਹੋਵੇਗੀ। ਜੇ ਸਾਡੇ ਕਹਿਣੇ 'ਚ ਰਹੇਗੀ ਤਾਂ ਪਟੱਕ ਕੰਮ ਬਣੂ। ਪਹਿਲਾਂ ਕਾਨੂੰਗੋ ਭਰਤੀ ਕਰਾਂਗੇ ਫਿਰ ਛੇਤੀ ਹੀ ਨਾਇਬ ਤਹਿਸੀਲਦਾਰ ਬਣਾ ਦਿਆਂਗੇ। ਚੁੱਕ ਕੇ ਤਾਂ ਮੈਂ ਤੈਨੂੰ ਜ਼ਬਰਦਸਤੀ ਵੀ ਲਿਜਾ ਸਕਦਾ ਹਾਂ ਪਰ ਉਹ ਆਖ਼ਰੀ ਹਥਿਆਰ ਹੋਵੇਗਾ। ਇੱਕ ਦੋ ਦਿਨਾਂ 'ਚ ਹੀ ਫ਼ੈਸਲਾ ਕਰ ਲੈ। ਮੈਂ ਬਹੁਤਾ ਸਬਰ ਨੀ ਕਰ ਸਕਦਾ।"

ਕੁੜੀ ਘਰ ਗਈ। ਕਿਤਾਬਾਂ ਸੁੱਟ ਬਾਬੇ ਦੇ ਗਲ ਚਿੰਬੜ ਡੁਸਕਣ ਲੱਗੀ। ਕੁੰਦਨ ਲਾਲ ਨੇ ਉਸਨੂੰ ਪਤਿਆਇਆ, ਗੱਲ ਪੁੱਛੀ। ਕੁੜੀ ਨੇ ਰੋ ਰੋ ਸਭ ਕੁਝ ਦੱਸ

ਦਿੱਤਾ। ਡਰ ਅਤੇ ਰੋਹ ਨਾਲ ਕੁੰਦਨ ਲਾਲ ਦਾ ਸਰੀਰ ਕੰਬਿਆ। ਸਕੂਟਰ ਚੱਕ ਉਹ ਕਾਲਜ ਤੋਂ ਦੋ ਕੁ ਸੌ ਗਜ਼ ਦੀ ਵਿੱਥ 'ਤੇ ਸਥਿੱਤ ਥਾਣੇ ਪਹੁੰਚ ਗਿਆ।

ਥਾਣਾ ਮੁਖੀ ਇੰਸਪੈਕਟਰ ਰਾਮ ਦੇਵ ਸਿੰਘ ਨੂੰ ਸਾਰੀ ਗੱਲ ਦੱਸੀ। ਥਾਣਾ ਮੁਖੀ ਨੇ ਬਹੁਤ ਹੀ ਧਿਆਨ ਨਾਲ ਗੱਲ ਸੁਣੀ ਅਤੇ ਪੂਰੀ ਹਮਦਰਦੀ ਨਾਲ ਆਖਿਆ, ਕਰਾਂ ਕੀ? ਤੁਸੀਂ ਇਮਾਨਦਾਰੀ ਨਾਲ ਨੌਕਰੀ ਕੀਤੀ ਹੈ। ਮੈਂ ਤੁਹਾਡੇ ਨੌਕਰੀ ਰੈਕਡ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਮੇਰੇ ਮਨ 'ਚ ਤੁਹਾਡੀ ਪੂਰੀ ਇੱਜ਼ਤ ਹੈ। ਮੈ ਤੁਹਾਡੀ ਜਾਣਕਾਰੀ ਲਈ ਦੱਸ ਦੇਵਾਂ ਕਿ ਇਹ 'ਕਾਟੀ' ਮੰਤਰੀ ਦਾ ਸੱਜਾ ਹੱਥ ਹੈ। ਮੰਤਰੀ ਦਾ ਲੱਠਮਾਰ ਹੈ। ਮੰਤਰੀ ਦੀ ਜਿੱਤ ਲਈ ਇਸਨੇ ਵੱਡਾ ਹਿੱਸਾ ਪਾਇਆ ਹੈ। ਬਾਕੀ ਤੁਸੀਂ ਸਮਝਦਾਰ ਹੋ। ਕਹਿ ਤਾਂ ਨਹੀਂ ਹੁੰਦਾ ਪਰ ਮੈਂ ਕਹਿਨਾ ਤੁਸੀਂ ਲੜਕੀ ਨੂੰ ਕਿਤੇ ਦੂਰ ਪਾਰ ਦੀ ਰਿਸ਼ਤੇਦਾਰੀ 'ਚ ਭੇਜ ਦਿਉ। ਮੇਰਾ ਇਸ਼ਾਰਾ ਸਮਝੋ। ਹਾਂ ਜੇ ਤੁਸੀਂ ਮੇਰੀ ਗੱਲ ਨਾਲ ਨਹੀਂ ਸਹਿਮਤ ਤਾਂ ਲਿਖਤੀ ਦਰਖ਼ਾਸਤ ਦੇ ਜਾਓ। ਮੈਂ ਕਾਟੀ ਨੂੰ ਥਾਣੇ ਬੁਲਾ ਲੈਂਦਾ ਹਾਂ।"

ਭੈਅ ਅਤੇ ਨਿਰਾਸ਼ਾ ਨਾਲ ਕੰਬਦਾ ਕੁੰਦਨ ਲਾਲ 'ਕਾਟੀ' ਵਿਰੁੱਧ ਦਰਖ਼ਾਸਤ ਦੇ ਆਇਆ ਸੀ।

ਦੂਸਰੇ ਦਿਨ ਕੁੰਦਨ ਲਾਲ ਸੁਸ਼ਮਾ ਨੂੰ ਸਕੂਟਰ ਤੇ ਆਪ ਕਾਲਜ ਛੱਡਣ ਤੁਰ ਪਿਆ। ਉਸਨੇ ਫ਼ੈਸਲਾ ਕਰ ਲਿਆ ਕਿ ਉਹ ਬੱਚੀ ਨੂੰ ਆਪ ਛੱਡਣ ਜਾਇਆ ਕਰੇਗਾ ਤੇ ਛੁੱਟੀ ਵੇਲੇ ਲੈ ਵੀ ਆਇਆ ਕਰੇਗਾ। ਆ ਦੋ ਕਿਲੋਮੀਟਰ ਦਾ ਤਾਂ ਸਫ਼ਰ ਹੈ ਸਾਰਾ। ਫਿਰ ਪੇਪਰਾਂ ਵਿੱਚ ਵੀ ਤਾਂ ਦੋ ਢਾਈ ਮਹੀਨੇ ਰਹਿੰਦੇ ਹਨ ਸਾਰੇ। ਮੂਹਰਲੇ ਸਾਲ ਕਲਾਸ ਪੂਰੀ ਹੋਣ ਤੇ ਕਾਲਜ ਬਦਲਣ ਬਾਰੇ ਸੋਚਿਆ ਜਾਵੇਗਾ।

ਕਾਲਜ ਤੋਂ ਪੰਜਾਹ ਕੁ ਗਜ਼ ਪਿੱਛੇ ਹੀ ਕਾਟੀ ਦੇ ਲੱਠਮਾਰਾਂ ਨੇ ਕੁੰਦਨ ਲਾਲ ਨੂੰ ਸਕੂਟਰ ਤੋਂ ਉਤਾਰ ਲਿਆ। ਛੇ-ਸੱਤ ਨੌਜੁਆਨਾਂ ਨੇ ਬਾਬਾ ਪੋਤੀ ਨੂੰ ਘੇਰਾ ਪਾ ਲਿਆ। ਕਿਸੇ ਕੋਲ ਹਾਕੀ ਕਿਸੇ ਕੋਲ ਦਾਤਰ, ਕਿਸੇ ਕੋਲ ਕਿਰਪਾਨ। ਇੱਕ ਦੋ ਕੋਲ ਰਿਵਾਲਵਰ। ਇੱਕ ਪਾਸੇ ਖੜ੍ਹੀ ਜੀਪ 'ਚੋਂ ਕਾਟੀ ਵੀ ਉਤਰ ਕੇ ਆ ਗਿਆ। ਇੱਕ ਨੌਜੁਆਨ ਅੱਗੇ ਵਧ ਕੇ ਕੁੰਦਨ ਲਾਲ ਨੂੰ ਥੱਪੜ ਮਾਰਦਾ ਬੋਲਿਆ, "ਕੀ ਬੁੱਢੇ ਤੂੰ ਕਾਟੀ ਭਾਜੀ ਵਿਰੁੱਧ ਦਰਖ਼ਾਸਤ ਦੇ ਕੇ ਆਇਆ?"

ਕੁੰਦਨ ਲਾਲ ਦਾ ਖ਼ੂਨ ਖੌਲਿਆ। ਥੱਪੜ ਦਾ ਜੁਆਬ ਦੇਣ ਲਈ ਉਸ ਦਾ ਸੱਜਾ ਹੱਥ ਵੀ ਥੋੜ੍ਹਾ ਉੱਪਰ ਉੱਠਿਆ ਹੀ ਸੀ ਕਿ ਕਾਟੀ ਬੋਲਿਆ, "ਨਾ-ਨਾ ਬੁੱਢੇ ਨਾ। ਹੱਥ ਸਿਰਫ਼ ਸਾਡੇ ਹੀ ਹਿੱਲਣਗੇ। ਜ਼ੁਬਾਨ ਵੀ ਸਿਰਫ਼ ਸਾਡੀ ਹੀ ਚੱਲੇਗੀ। ਤੂੰ ਸਿਰਫ਼ ਆਪਣੇ ਕੰਨਾਂ ਤੇ ਭਰੋਸਾ ਕਰ ਅਤੇ ਸਾਡੀ ਗੱਲ ਬਦਲੇ 'ਹਾਂ ਜੀ' 'ਨਾ ਜੀ' 'ਚ ਉੱਤਰ ਦੇ।"

"ਬੋਲ ਦਿੱਤੀ ਦਰਖ਼ਾਸਤ ਵਾਪਿਸ ਲਵੇਗਾ?" ਕਾਟੀ ਕੜਕਿਆ ਸੀ।

ਕੁੰਦਨ ਲਾਲ ਚੁੱਪ ਹੀ ਰਿਹਾ।

ਬਾਬੇ ਪੋਤੀ ਨੂੰ ਘੇਰੀ ਖੜ੍ਹੇ ਗੁੰਡਿਆਂ ਤੋਂ ਥੋੜ੍ਹਾ ਹਟਕੇ ਰਾਹਗੀਰ ਵੀ ਖੜ੍ਹਨ ਲੱਗ ਪਏ। ਖਾਸਾ ਮਜ਼ਮਾਂ ਲੱਗ ਗਿਆ। ਪਰ ਮਦਦ ਲਈ ਕੋਈ ਅੱਗੇ ਨਹੀਂ ਸੀ ਆ ਰਿਹਾ।



"ਦੇਖ ਬੁੱਢੇ ਜੇ ਤੂੰ ਮੇਰੀ ਗੱਲ ਦਾ ਜੁਆਬ ਫੌਰਨ ਨਹੀਂ ਦੇਵੇਂਗਾ ਤਾਂ ਮੇਰੇ ਇੱਕ ਇਸ਼ਾਰੇ 'ਤੇ ਤੇਰੇ ਕੱਪੜੇ ਸੁਸ਼ਮਾ ਦੀ ਕੱਛ 'ਚ ਹੋਣਗੇ ਤੇ ਸੁਸ਼ਮਾ ਦੇ ਕੱਪੜੇ ਤੇਰੀ ਕੱਛ 'ਚ। ਫਿਰ ਬਾਬਾ ਪੋਤੀ ਇੱਕ ਦੂਜੇ ਵੱਲ ਦੇਖੀ ਜਾਇਓ। ਬੋਲ ਦਰਖ਼ਾਸਤ ਵਾਪਸ ਲਵੇਂਗਾ?"

"ਜੀ ਹਾਂ।" ਕੁੰਦਨ ਲਾਲ ਹੱਥ ਜੋੜ ਕੇ ਬੋਲਿਆ।

"ਮੁੜ ਕੇ ਮੇਰੀ ਸ਼ਿਕਾਇਤ ਕਰੇਂਗਾ ਕਿਤੇ?"

"ਨਹੀਂ ਜੀ।"

"ਥਾਣੇ ਫ਼ੂਨ ਮਿਲਾ ਕੇ ਦੇਵਾਂ, ਸੱਦ ਲੈ ਮੱਦਦ ਲਈ।"

"ਨਹੀਂ ਜੀ।"

"ਮੁੜਕੇ ਸੁਸ਼ਮਾ ਨੂੰ ਕਾਲਜ ਛੱਡਣ ਆਵੇਂਗਾ?"

"ਨਹੀਂ ਜੀ।"

"ਦੋਏ ਕੰਨ ਫੜ ਕੇ ਪੰਜ ਬੈਠਕਾਂ ਕੱਢ।"

ਭੈ ਭੀਤ ਹੋਇਆ ਕੁੰਦਨ ਲਾਲ ਬੈਠਕਾਂ ਕੱਢਣ ਲੱਗ ਪਿਆ ਸੀ।

"ਏ ਮਿਸ ਕਾਲਜ, ਦੇਖ ਲਈ ਮੇਰੀ ਤਾਕਤ। ਤੈਨੂੰ ਦੋ ਦਿਨ ਦੀ ਮੋਹਲਤ ਦਿੱਤੀ। ਯਾਰ ਧੱਕਾ ਨੀ ਕਰਨਾ ਚਾਹੁੰਦੇ। ਪਰ ਮਿੰਨਤਾਂ ਕਰਨ ਦੇ ਵੀ ਆਦੀ ਨੀ। ਜਾਹ ਕਾਲਜ ਜਾਹ। ਮੇਰੇ ਹੁੰਦਿਆਂ ਤੈਨੂੰ ਡਰਨ ਦੀ ਲੋੜ ਨੀ। ਚਲੋ ਮੁੰਡਿਓ। ਅੱਜ ਲਈ ਇੰਨਾ ਹੀ ਕਾਫ਼ੀ।"

ਖ਼ੂਨ ਦੇ ਅੱਥਰੂ ਕੇਰਦੇ ਕੁੰਦਨ ਲਾਲ ਨੇ ਹਕਾਰਤ ਨਾਲ ਭੀੜ ਵੱਲੇ ਇੱਕ ਤਰਦੀ ਨਜ਼ਰ ਮਾਰੀ। ਸਕੂਟਰ ਸਟਾਰਟ ਕੀਤਾ। ਸੁਸ਼ਮਾ ਮਗਰ ਬੈਠ ਗਈ। ਉਹ ਕਾਲਜ ਵੱਲ ਚੱਲ ਪਏ। ਪਰ ਕਾਲਜ ਮੂਹਰੇ ਰੁਕੇ ਨਹੀਂ। ਉਥੋਂ ਦੀ ਵਲੇਵਾ ਪਾ ਘਰ ਪਹੁੰਚ ਗਏ। ਘਰ ਪਹੁੰਚ ਬਾਬਾ ਪੋਤੀ ਇੱਕ ਦੂਜੇ ਦੇ ਗਲ ਲੱਗਕੇ ਰੋਏ। ਸੁਸ਼ਮਾ ਦੀ ਮਾਂ ਤੇ ਦਾਦੀ ਉਹਨਾਂ ਨੂੰ ਚੁੱਪ ਕਰਾਉਂਦੀਆਂ ਰਹੀਆਂ ਅਤੇ ਪੁੱਛਦੀਆਂ ਰਹੀਆਂ।

ਦੂਜੀ ਸਵੇਰ ਮੁਹੱਲੇ ਵਾਲਿਆਂ ਨੇ ਕੁੰਦਨ ਲਾਲ ਦੇ ਮਕਾਨ ਨੂੰ ਤਾਲਾ ਲੱਗਿਆ ਹੋਇਆ ਦੇਖਿਆ। ਜੋ ਤਿੰਨ ਮਹੀਨੇ ਬੀਤ ਜਾਣ ਤੇ ਵੀ ਨਹੀਂ ਖੁੱਲ੍ਹਿਆ। ਲੋਕਾਂ ਦਾ ਕਿਆਸ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ ਕੋਲ ਮੁੰਬਈ ਚਲੇ ਗਿਆ। ਉਸਦਾ ਸਾਲਾ ਅੱਤਵਾਦ ਦੇ ਦੌਰ ਵਿੱਚ ਹਿਜਰਤ ਕਰਕੇ ਮੁੰਬਈ ਜਾ ਵਸਿਆ ਸੀ।

ਕੁੰਦਨ ਲਾਲ ਦੀ ਕਥਾ ਯਾਦ ਆਉਣ ਤੇ ਹਰਬੰਸ ਦਾ ਮਨ ਉਦਾਸ ਹੋ ਗਿਆ ਹੈ।

ਉਦਾਸ ਨਜ਼ਰਾਂ ਨਾਲ ਹੀ ਉਸ ਥਾਣੇ ਦੇ ਗੇਟ ਵੱਲ ਦੇਖਿਆ ਹੈ।

"ਹੈਂ ਇਹ ਕੌਣ ਆਣ ਵੜਿਆ ਏ? ਉਹ ਕੁਰਸੀ ਤੇ ਬੈਠਾ ਹੀ ਚੌਂਕਿਆ ਹੈ।

"ਇਹ ਤਾਂ ਵੱਤਣਵਾਲਾ ਹੈ।" ਉਸ ਦੇ ਮਨ ਨੇ ਜੁਆਬ ਦਿੱਤਾ।

ਇਹ ਸਾਲਾ ਕੀ ਕਰਨ ਆ ਗਿਆ? ਇਹਨੇ ਤਾਂ ਪੱਗ ਵੀ ਕੇਸਰੀ ਬੰਨ੍ਹੀ ਹੋਈ ਹੈ। ਇੰਦਾਂ ਦੀਆਂ ਪੱਗਾਂ ਹੀ ਉਹਨੀਂ ਬੰਨ੍ਹੀਆਂ ਹੋਈਆਂ ਸਨ। ਦਾਨੇ ਨੂੰ ਗੋਲੀਆਂ ਮਾਰਨ ਵਾਲਿਆਂ ਨੇ। ਪਵਨ ਸਾਲੇ ਨੇ ਫ਼ੂਨ ਤੇ ਕੰਨ ਤਾਂ ਨੀ ਭਰੇ ਹੋਣਗੇ ਬਈ ਮੈਂ

ਇਹਨੂੰ ਪੰਜਾਬ 'ਚ ਸਭ ਤੋਂ ਵਧ ਵੋਟਾਂ ਦੇ ਫ਼ਰਕ ਨਾਲ ਹਾਰਨ ਵਾਲਾ ਆਖਿਆ। ਉਸ ਹਰਾਮੀ ਨੇ ਇਹ ਤਾਂ ਨਾ ਦੱਸਿਆ ਹੋਊ ਕਿ ਮੈਂ ਤਰਾਗੜ੍ਹੀਏ ਸੰਭੂ ਹੁਰਾਂ ਨੂੰ ਬਲੈਕਰ ਅਤੇ ਗੁੰਡੇ ਆਖਿਆ, ਇਹ ਸਾਲਾ ਮੈਨੂੰ ਬੈਠਕਾਂ ਕੱਢਣ ਲਈ ਤਾਂ ਨਾ ਆਖ ਦੇਊ ?

ਹਰਬੰਸ ਦਾ ਅੰਦਰ ਡਰ ਨਾਲ ਕੰਬਦਾ ਬੋਲੀ ਜਾ ਰਿਹਾ ਹੈ।

ਫੱਤਣਵਾਲਾ ਉਸਦੇ ਦਫ਼ਤਰ ਵੱਲ ਆ ਰਿਹਾ ਹੈ। ਹਰਬੰਸ ਆਪਣੀ ਕੁਰਸੀ ਤੋਂ ਉੱਠ ਪਿਆ ਹੈ। ਉਸਦਾ ਦਿਲ ਕੀਤਾ ਹੈ ਕਿ ਕਿੱਧਰੇ ਲੁਕ ਜਾਵੇ। ਜਾਂ ਫਿਰ ਖੂੰਜੇ 'ਚ ਮੂੰਹ ਦੇ ਕੇ ਅੱਖਾਂ ਮੀਟ ਲਵੇ।

ਫੱਤਣਵਾਲਾ ਜੀ ਦਰਵਾਜ਼ੇ 'ਤੇ ਆਣ ਪਹੁੰਚੇ ਹਨ। ਹਰਬੰਸ ਨੇ ਅਦਬ ਨਾਲ ਦਰਵਾਜ਼ਾ ਖੋਲ੍ਹਿਆ ਹੈ। ਫੱਤਣਵਾਲਾ ਅੰਦਰ ਲੰਘ ਆਇਆ ਹੈ। ਹਰਬੰਸ ਦੇ ਦੋਨੋਂ ਹੱਥ ਉਸਦੇ ਦੇ ਗੋਡਿਆਂ ਨੂੰ ਲੱਗ ਗਏ ਹਨ।



# ਫ਼ੈਸਲਾ

ਬਲਦੇਵ ਸਿੰਘ ਧਾਲੀਵਾਲ

ਛੱਪੜ ਦੇ ਕੰਢੇ ਬਾਬੇ ਦੇ ਜੰਡ ਅਤੇ ਦਿਓ-ਕੱਦ ਪਿੱਪਲ ਦੀ ਰਲਵੀਂ ਮਿਲਵੀਂ ਸੰਘਣੀ ਛਾਂ ਹੇਠਾਂ ਸੱਥ 'ਚ ਜੁੜੇ ਲੋਕ ਭੰਬਲਭੂਸੇ ਵਿਚ ਪਏ ਬੈਠੇ ਸਨ। ਕੋਈ ਫੈਸਲਾ ਨਹੀਂ ਸੀ ਹੋ ਰਿਹਾ ਕਿ ਬਾਬੇ ਰਾਮਦੇਵ ਦੇ ਫੁੱਲ ਗੰਗਾ ਪਾਏ ਜਾਣ ਕਿ ਕੀਰਤਪੁਰ ?

ਲੋਕ ਫੈਸਲੇ ਦੀ ਉਡੀਕ ਵਿਚ ਸਰਪੰਚ ਬਲੀ ਸਿੰਘ ਵੱਲ ਵੇਖ ਰਹੇ ਸਨ ਪਰ ਉਹ ਖ਼ੁਦ ਨੀਵੀਂ ਪਾਈ ਨਿੰਮੋਝੂਣਾ ਜਿਹਾ ਹੋਇਆ ਬੈਠਾ ਸੀ ਜਿਵੇਂ ਬਹੁਤ ਹੀ ਬੇਬਸ ਹੋਵੇ। ਉਸ ਦੀ ਚੁੱਪ ਸਭ ਨੂੰ ਅਕਾ ਰਹੀ ਸੀ।

ਇਕ ਦੋ ਦਿਨ ਪਹਿਲਾਂ ਤੱਕ ਸਭ ਕੁਝ ਠੀਕ-ਠਾਕ ਸੀ। ਬਾਬੇ ਰਾਮਦੇਵ ਦਾ ਮੁੰਡਾ ਦਰਸ਼ਨ ਦਾਸ ਅਤੇ ਜ਼ੈਲਦਾਰ ਬਿਸ਼ਨ ਸਿੰਘ ਹਰਦੁਆਰ ਫੁੱਲ ਲੈ ਕੇ ਜਾਣ ਦੀ ਤਿਆਰੀ ਵੀ ਕਰ ਚੁੱਕੇ ਸਨ। ਬੱਸ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਤੁਰਨਾ ਹੀ ਸੀ ਕਿ ਰਾਤੋ-ਰਾਤ ਜਿੰਨੇ ਮੂੰਹ ਓਨੀਆਂ ਗੱਲਾਂ ਹੋਣ ਲੱਗ ਪਈਆਂ ਸਨ। ਪਿੰਡ ਦਾ ਇਕ ਧੜਾ ਇਹ ਜ਼ਿਦ ਕਰਨ ਲੱਗ ਪਿਆ ਸੀ ਕਿ ਫੁੱਲ ਕੀਰਤਪੁਰ ਪਾਉਣੇ ਹਨ। ਇਨ੍ਹਾਂ ਵਿਚ ਸਭ ਤੋਂ ਅੱਗੇ ਨਵਰੂਪ ਸਿੰਘ ਖ਼ਾਲਸਾ ਸੀ ਅਤੇ ਉਸ ਦੇ ਹਮਾਇਤੀ ਕੁਝ ਜੱਟਾਂ ਦੇ ਘਰ ਸਨ। ਉਨ੍ਹਾਂ ਦੇ ਜ਼ਿਦ ਕਰਨ ਕਰਕੇ ਜ਼ੈਲਦਾਰ ਹੋਰਾਂ ਨੂੰ ਰੁਕਣਾ ਪਿਆ ਅਤੇ ਸਰਪੰਚ ਨੂੰ ਇਹ ਸਾਂਝਾ ਮਾਮਲਾ ਇਕੱਠ 'ਚ ਲਿਆਉਣਾ ਪਿਆ ਸੀ।

ਪਿਛਲੇ ਦਿਨੀਂ ਜਦ ਬਾਬਾ ਰਾਮਦੇਵ ਗੁਜ਼ਰਿਆ ਸੀ ਤਾਂ ਜਿਵੇਂ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਪੂਰੇ ਪਿੰਡ ਦੇ ਸਾਂਝੇ ਜੀਅ ਸਮਝੇ ਜਾਂਦੇ ਬਾਬੇ ਦੀ ਪੱਗ ਨੂੰ, ਦੋ ਧਿਰਾਂ ਇਉਂ ਕੰਨੀਆਂ ਤੋਂ ਫੜ੍ਹ ਕੇ ਖਿੱਚਣਗੀਆਂ ਅਤੇ ਲੀਰਾਂ ਲੀਰਾਂ ਹੋਈ ਪੱਗ ਨੂੰ ਪੈਰਾਂ 'ਚ ਰੋਲਣਗੀਆਂ। ਬਾਬੇ ਦੀ ਮਹਿਮਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਦਾ ਸੀ ਕਿ ਉਸ ਦੀ ਮ੍ਰਿਤਕ ਦੇਹ ਉੱਤੇ ਪੂਰਾ ਸੌ ਖੇਸ ਪਿਆ ਸੀ, ਕਈ ਤਕੜੇ ਘਰਾਂ ਨੇ ਕੰਬਲ ਪਾਏ ਸਨ ਅਤੇ ਜ਼ੈਲਦਾਰ ਬਿਸ਼ਨ ਸਿੰਘ ਨੇ ਆਪਣੇ ਜਿਗਰੀ ਯਾਰ ਉੱਤੇ ਮਹਿੰਗੇ ਮੁੱਲ ਦਾ ਦੁਸ਼ਾਲਾ ਪਾਇਆ ਸੀ। ਬਾਬੇ ਦੀ ਅਰਥੀ ਪਿੱਛੇ ਲੋਕਾਂ ਦੀ ਕਤਾਰ ਏਨੀ ਲੰਮੀ ਸੀ ਕਿ ਸਿਵਿਆਂ ਤੋਂ ਪਿੰਡ ਤੱਕ ਅੱਧੇ ਮੀਲ ਤੱਕ ਫੈਲ ਗਈ ਸੀ। ਪਿੱਛੋਂ ਅਖੰਡ ਪਾਠ ਦੇ ਭੋਗ ਤੋਂ ਬਾਅਦ ਪਿੰਡ ਵਿਚ ਗਦੋੜਾ ਫੇਰਿਆ ਗਿਆ ਸੀ। ਸਭ ਗਰੀਬ-ਗੁਰਬੇ ਵੀ ਪ੍ਰਸੰਨ ਹੋ ਗਏ ਸਨ। ਬਾਬੇ ਨੂੰ ਵੱਡਾ ਕਰਨ ਲਈ ਸਾਰਾ ਪਿੰਡ ਇਕ ਮੱਤ ਹੋ ਕੇ ਜੁਟ ਗਿਆ ਸੀ। ਬਾਬੇ ਨੂੰ ਸੋਨੇ ਦੀ ਪੌੜੀ ਚੜ੍ਹਾਉਣ ਵਾਲੀ ਰੀਤ ਵਿਚ ਸਾਰਿਆਂ ਨੇ ਵਿਤ ਮੁਜਬ ਹਿੱਸਾ ਪਾਇਆ ਸੀ।

ਇਸ ਸਾਰੇ ਕਾਰਜ ਵਿਚ ਬਾਬੇ ਰਾਮਦੇਵ ਦਾ ਧਰਮ-ਭਰਾ ਬਣਿਆਂ ਜ਼ੈਲਦਾਰ ਬਿਸ਼ਨ ਸਿੰਘ ਅਤੇ ਪਿੰਡ ਦੀ ਰਾਜਨੀਤੀ ਵਿਚ ਉਭਰ ਰਿਹਾ ਨਵਾਂ ਮੁੰਡਾ ਨਵਰੂਪ ਸਿੰਘ

ਖ਼ਾਲਸਾ ਮੂਹਰੇ ਲੱਗੇ ਸਨ। ਆਪਣੇ ਹੀ ਭਤੀਜੇ ਬਲੀ ਸਿੰਘ ਤੋਂ ਸਰਪੰਚੀ ਦੀ ਚੋਣ ਹਾਰ ਜਾਣ ਪਿੱਛੋਂ ਬਿਸ਼ਨ ਸਿੰਘ ਪਿੰਡ ਦੀ ਸਿਆਸਤ ਅਤੇ ਹੋਰ ਕੰਮਾਂ-ਕਾਰਾਂ ਤੋਂ ਲਾਂਭੇ ਹੋ ਗਿਆ ਸੀ ਅਤੇ ਸਾਰਾ ਦਿਨ ਘਰੇ ਮੰਜਾ ਡਾਹ ਕੇ ਪਿਆ ਰਹਿੰਦਾ ਸੀ। ਪਰ ਬਾਬੇ ਰਾਮਦੇਵ ਦੀ ਹਰੇਕ ਰਸਮ ਵਿਚ ਬਿਸ਼ਨ ਸਿੰਘ ਨੇ ਆਪਣੇ ਪੁਰਾਣੇ ਜੋਸ਼ ਨਾਲ ਹੀ ਹਿੱਸਾ ਲਿਆ ਸੀ। ਸਾਰਾ ਪਿੰਡ ਇਕ ਮੱਤ ਹੋ ਕੇ ਉਸ ਦੇ ਪਿੱਛੇ ਲੱਗ ਗਿਆ ਸੀ। ਸਰਪੰਚ ਬਲੀ ਸਿੰਘ ਨੂੰ ਮਜਬੂਰੀ ਵੱਸ ਇਸ ਪੁੰਨ ਦੇ ਕੰਮ ਤੋਂ ਪਾਸੇ ਰਹਿਣਾ ਪਿਆ ਸੀ ਕਿਉਂਕਿ ਇਨ੍ਹਾਂ ਦਿਨਾਂ ਵਿਚ ਇਕ ਕੇਸ ਦੇ ਮਾਮਲੇ ਵਿਚ ਉਹ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ। ਉਸ ਨੇ ਸ਼ਾਮਲਾਟ ਦੀ ਜ਼ਮੀਨ ਬਿਨਾਂ ਬੋਲੀ ਤੋਂ ਹੀ ਇਕ ਹਰੀਜਨ ਨੂੰ ਸਸਤੇ ਭਾਅ ਠੇਕੇ ਉਤੇ ਦੇ ਦਿੱਤੀ ਸੀ। ਪਰ ਜਿਹੜਾ ਜੱਟ ਬਿਸ਼ਨ ਸਿੰਘ ਦੀ ਸਰਪੰਚੀ ਵੇਲੇ ਇਹ ਜ਼ਮੀਨ ਠੇਕੇ ਉਤੇ ਵਾਹੁੰਦਾ ਰਿਹਾ ਸੀ ਉਸ ਨੇ ਬਲੀ ਸਿੰਘ ਉਤੇ ਕੇਸ ਕਰ ਦਿੱਤਾ ਸੀ। ਉਸ ਨੇ ਇਹ ਗੱਲ ਫੈਲਾ ਦਿੱਤੀ ਸੀ ਕਿ ਹਰੀਜਨ ਦੇ ਬਹਾਨੇ ਸਰਪੰਚ ਨੇ ਆਪ ਹੀ ਜ਼ਮੀਨ ਰੱਖ ਲਈ ਸੀ, ਗੁੱਝਾ ਲੈਣ-ਦੇਣ ਕਰ ਲਿਆ ਸੀ। ਆਪਣੇ ਇਸ ਝਮੇਲੇ ਦੇ ਬਾਵਜੂਦ ਬਲੀ ਸਿੰਘ ਬਾਬੇ ਰਾਮਦੇਵ ਦੀਆਂ ਕੁਝ ਰਸਮਾਂ ਵਿਚ ਸ਼ਾਮਲ ਹੋਇਆ ਸੀ। ਸਿਰਫ਼ ਫੁੱਲ ਚੁੱਗਣ ਵਾਲੇ ਦਿਨ ਉਸ ਨੂੰ ਬਾਹਰ ਜਾਣਾ ਪਿਆ ਸੀ। ਫੇਰ ਵੀ ਸ਼ਾਮ ਨੂੰ ਤਸੀਲੋਂ ਮੁੜਨ ਸਾਰ ਬਲੀ ਸਿੰਘ ਨੇ ਨਵਰੂਪ ਸਿੰਘ ਖ਼ਾਲਸੇ ਨੂੰ ਆਪਣੇ ਘਰ ਬੁਲਾ ਕੇ ਪੁੱਛਿਆ ਸੀ ਕਿ ਬਾਬੇ ਰਾਮਦੇਵ ਦੇ ਫੁੱਲ ਪਾਉਣ ਕੌਣ ਕੌਣ ਜਾਣਗੇ, ਨਾਲ ਹੀ ਇਹ ਕਿਹਾ ਸੀ ਕਿ ਜੋ ਵੀ ਜਾਵੇਗਾ ਉਸ ਦੇ ਕਿਰਾਏ-ਭਾੜੇ ਦਾ ਖ਼ਰਚ ਪੰਚਾਇਤ ਕਰੇਗੀ। ਜਦੋਂ ਸਰਪੰਚ ਨੂੰ ਇਹ ਪਤਾ ਲੱਗਿਆ ਕਿ ਫੁੱਲ ਪਾਉਣ ਬਿਸ਼ਨ ਸਿੰਘ ਅਤੇ ਬਾਬੇ ਰਾਮਦੇਵ ਦਾ ਮੁੰਡਾ ਦਰਸ਼ਨ ਹਰਦੁਆਰ ਜਾ ਰਹੇ ਹਨ ਤਾਂ ਉਸ ਨੇ ਆਪਣੀ ਚਿੰਤਾ ਖ਼ਾਲਸੇ ਨਾਲ ਸਾਂਝੀ ਕੀਤੀ ਸੀ।

"ਖ਼ਾਲਸਾ ਜੀ ਜੇ ਕੱਲ੍ਹ ਨੂੰ ਬਾਬਿਆਂ ਨੇ ਆ ਕੇ ਹੱਥ-ਦੱਥ ਕੀਤੀ ਤਾਂ ਫੇਰ ਮੈਨੂੰ ਫਸਾ ਕੇ ਨੇਪਰੇ ਨਾ ਹੋ ਜਿਓ, ਵੇਖ ਲੋ ਓਦਨ ਸੋਡੇ ਸਾਹਮਣੇ ਪੂਰੇ ਸਤਾਰਾਂ ਮਤੇ ਪਾਸ ਕਰਾ ਕੇ ਗਏ ਐ ਪੰਚਾਇਤ ਤੋਂ, ਬ੍ਰਾਹਮਣੀ ਰੀਤਾਂ ਹਟਾਉਣ ਵਾਸਤੇ ਪੂਰਾ ਟਿੱਲ ਲਾਉਣ ਲਈ ਆਂਹਦੇ ਸੀ, ਤਾਇਆ ਬਿਸ਼ਨ ਸਿੰਘ ਤਾਂ ਕਾਂਗਰਸੀ ਐ, ਉਹਦੀ ਤਾਂ ਉਤਾਂਹ ਤੱਕ ਸੀਟੀ ਰਲਦੀ ਐ, ਉਹ ਤਾਂ ਬਚ ਕੇ ਨਿਕਲ ਜੂ, ਪਰ ਆਪਾਂ ਨੂੰ ਨੀ ਕਿਸੇ ਭੱਜਣ ਦੇਣਾ, ਆਪਾਂ ਨੂੰ ਤਾਂ ਦੋਵੇਂ ਪਾਸਿਉਂ ਮਾਰ ਐ। ਸਰਕਾਰੋਂ ਵੀ ਤੇ ਬਾਬਿਆਂ ਵਲੋਂ ਵੀ।"

ਬਲੀ ਸਿੰਘ ਦੀ ਗੱਲ ਖ਼ਾਲਸੇ ਦੇ ਮਨ ਨੂੰ ਲੱਗ ਗਈ ਸੀ। ਉਸ ਨੇ ਫ਼ੈਡਰੇਸ਼ਨ ਦੇ ਵਰਕਰਾਂ ਨਾਲ ਇਕ ਦੋ ਗੁੱਝੀਆਂ ਮੀਟਿੰਗਾਂ ਕੀਤੀਆਂ ਸਨ ਅਤੇ ਅੰਤ ਆਪਣਾ ਫ਼ੈਸਲਾ ਬਿਸ਼ਨ ਸਿੰਘ ਨੂੰ ਤੁਰਨ ਤੋਂ ਇਕ ਦਿਨ ਪਹਿਲਾਂ ਸੁਣਾ ਦਿੱਤਾ ਸੀ। ਦੁਚਿੱਤੀ 'ਚ ਫਸਿਆ ਬਿਸ਼ਨ ਸਿੰਘ ਸਰਪੰਚ ਤੋਂ ਰਾਏ ਲੈਣ ਗਿਆ ਤਾਂ ਉਸ ਨੇ ਇਹ ਗੰਭੀਰ ਮਾਮਲਾ ਇਕੱਠ ਵਿਚ ਨਜਿੱਠਣ ਦੀ ਗੱਲ ਕਹਿ ਕੇ ਆਪਣੇ ਆਪ ਨੂੰ ਦੋਹਾਂ ਧਿਰਾਂ ਤੋਂ ਹੀ ਅਟੰਕ ਕਰ ਲਿਆ ਸੀ।

ਅੱਜ ਦੇ ਇਕੱਠ ਵਿਚ ਉਸ ਦੀ ਅਟੰਕਤਾ, ਉਸ ਦੀ ਨੀਵੀਂ ਪਾਈ ਧੌਣ ਅਤੇ ਚੁੱਪ 'ਚੋਂ ਨਜ਼ਰ ਆ ਰਹੀ ਸੀ। ਜ਼ੈਲਦਾਰ ਬਿਸ਼ਨ ਸਿੰਘ ਨੇ ਇਕੱਠ ਦੀ ਬੋਝਲ ਚੁੱਪ



ਤੋੜਨ ਵਾਸਤੇ ਬਲੀ ਸਿੰਘ ਨੂੰ ਬੁਲਾਉਣ ਲਈ ਜ਼ੋਰ ਦਿੱਤਾ, "ਸਰਪੰਚ ਸਾਹਿਬ ਲਾਓ ਹੁਣ ਗੱਲ ਤਣ-ਪੱਤਣ, ਜਾਣ 'ਚ ਦਿਨ ਤਾਂ ਬੂੰਗੇ 'ਚੋਂ ਰਹਿ ਗਿਆ ਇਕ, ਪਰਸੋਂ ਸੰਗਰਾਂਦ ਐ।"

"ਤਾਇਆ ਮੈਂ ਕੀ ਕਹਾਂ, ਜਿੰਨੇ ਮੂੰਹ ਓਨੀਆਂ ਗੱਲਾਂ ਹੋਈਆਂ ਪਈਆਂ, ਤੁਸੀਂ ਸਿਆਣੇ ਐਂ ਤੁਸੀਂ ਕੋਈ ਫੈਸਲਾ ਕਰਾਓ ਲੋਕਾਂ ਤੋਂ।" ਸਰਪੰਚ ਨੇ ਆਪਣੀ ਅਟੰਕਤਾ ਕਾਇਮ ਰਖਦਿਆਂ ਫੈਸਲੇ ਦਾ ਮੇਹਿਆ ਸੱਪ ਫੇਰ ਬਿਸ਼ਨ ਸਿਉਂ ਦੇ ਗਲ ਪਾ ਦਿੱਤਾ। ਇਹ ਉਸ ਦੀ ਅਜ਼ਮਾਈ ਵਿਧੀ ਸੀ ਕਿ ਜਿਸ ਮਸਲੇ ਉਤੇ ਦੋ ਧਿਰਾਂ ਬਣ ਜਾਂਦੀਆਂ ਉਸ ਮਸਲੇ ਨੂੰ ਉਹ ਚੁੱਪ ਰਹਿ ਕੇ ਲਟਕਾਈ ਜਾਂਦਾ। ਜਿਹੜੀ ਧਿਰ ਆਪਣੇ ਲਈ ਵਧੇਰੇ ਲੋਕਾਂ ਦੀ ਹਮਾਇਤ ਪ੍ਰਾਪਤ ਕਰ ਲੈਂਦੀ, ਸਰਪੰਚ ਵੀ ਮਲਕੜੇ ਜਿਹੇ ਓਧਰ ਹੀ ਹੋ ਜਾਂਦਾ।

"ਬਈ ਭਰਾਵੋ ਅੰਦਰੇ-ਅੰਦਰੀ ਖਿਚੜੀ ਰਿੰਨ੍ਹਣ ਨਾਲੋਂ ਆਪਣੇ ਮਨ ਦੀ ਗੱਲ ਸ਼ਰੇ-ਬਾਜ਼ਾਰ ਦੱਸੋ ਤਾਂ ਕਿ ਕੋਈ ਫੈਸਲਾ ਹੋ ਸਕੇ, ਜੇ ਮੇਰੇ ਮਨ ਦੀ ਪੁੱਛੋਂ ਤਾਂ ਉਹ ਇਹ ਐ ਕਿ ਆਪਾਂ ਸਾਰੇ ਪਿੰਡ ਦੇ ਸਾਂਝੇ ਸੰਤ-ਮਹਾਤਮਾ ਬੰਦੇ ਦੀ ਪੱਗ ਇਉਂ ਮਿੱਟੀ 'ਚ ਨਾ ਰੋਲੀਏ, ਸੋਨੂੰ ਪਤਾ ਈ ਐ ਕਿ ਆਪਣੇ ਪਿੰਡ ਦੇ ਪੁਰਖਿਆਂ ਦਾ ਯੁੱਗਾਂ-ਵਾਰਿਆਂ ਤੋਂ ਈ ਹਰਦੁਆਰ ਦੇ ਪੰਡਤਾਂ ਕੋਲੇ ਵਹੀ-ਖਾਤਾ ਐ, ਬਾਬਾ ਰਾਮਦੇਵ ਵੀ ਹੁਣ ਸਮਝੋ ਆਪਣੇ ਪਿੰਡ ਦਾ ਜੀਅ ਹੀ ਸੀ, ਓਸ ਨੂੰ ਵੀ ਗੰਗਾ ਮਾਂ ਦੀ ਧਾਰਾ ਦੇ ਸਪੁਰਦ ਕਰਕੇ ਆਪਣੇ ਵੱਡੇ-ਵਡੇਰਿਆਂ ਦੀ ਲੀਹ 'ਚ ਹੀ ਜਾਣ ਦੇਈਏ, ਨਿਖੇੜੀਏ ਨਾ।" ਲੋਕਾਂ ਦੀ ਭੇਦਭਰੀ ਚੁੱਪ ਨੂੰ ਤਾੜ ਕੇ, ਆਪਣੀ ਗੱਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਨੇ ਆਖਿਆ, "ਬਾਬੇ ਦੀ ਅੰਸ਼ ਦੀ ਵੀ ਇਹੋ ਇੱਛਾ ਐ, ਪੁੱਛ ਲਓ ਭਾਵੇਂ ਥੋਡੇ ਸਾਹਮਣੇ ਬੈਠੇ ਐ।" ਬਿਸ਼ਨ ਸਿੰਘ ਨੇ ਬਾਬੇ ਰਾਮਦੇਵ ਦੇ ਇਕ ਪੁੱਤ ਅਤੇ ਦੋ ਧੀਆਂ ਵੱਲ ਉਂਗਲ ਕਰਦਿਆਂ ਕਿਹਾ। ਬਾਬੇ ਰਾਮਦੇਵ ਦਾ ਪੁੱਤਰ ਇਕੱਠ ਵੱਲ ਇਉਂ ਝਾਕਿਆ ਜਿਵੇਂ ਕਹਿ ਰਿਹਾ ਹੋਵੇ, "ਸਾਡੀ ਵੀ ਇਹੋ ਰਾਏ ਐ" ਪਰ ਬੋਲਿਆ ਕੁਝ ਨਹੀਂ। ਉਸ ਦੀ ਥਾਂ ਉਤੇ ਪਿੰਡ ਦੇ ਹਿੰਦੂਆਂ ਦੇ ਦਸ ਕੁ ਘਰਾਂ ਦਾ ਮੋਹਰੀ ਕਿਸ਼ਨ ਚੰਦ ਸੰਖੇਪ 'ਚ ਬੋਲਿਆ, "ਸਿਆਣੀ ਗੱਲ ਐ ਬਈ ਬਿਸ਼ਨ ਸਿੰਘ ਦੀ।" ਮਾਹੌਲ ਮੁਤਾਬਕ ਉਸ ਨੇ ਆਪਣੀ ਰਾਏ ਸਿੱਧੀ ਦੇਣ ਦੀ ਥਾਂ ਬਿਸ਼ਨ ਸਿੰਘ ਦੇ ਮੋਢੇ ਉਤੇ ਰੱਖ ਕੇ ਬੰਦੂਕ ਚਲਾਉਣੀ ਚਾਹੀ।

"ਓਦੋਂ ਰਾਤ ਬਾਬਿਆਂ ਮੂਹਰੇ ਤਾਂ ਸਾਰਿਆਂ ਨੇ ਬ੍ਰਾਹਮਣੀ ਰੀਤਾਂ ਬੰਦ ਕਰਨ ਦੀ ਮਿੰਟ 'ਚ ਸਹੁੰ ਖਾ ਲਈ ਸੀ, ਜੇ ਇਉਂ ਪਲੋ ਪਲੀ ਬਦਲਣਾ ਸੀ ਤਾਂ ਓਦੋਂ ਝੂਠੀ ਸਹੁੰ ਖਾਣ ਦੀ ਕੀ ਲੋੜ ਸੀ ? ਗਾਡੀਰਾਹ ਤਾਂ ਫਿਰ ਚੱਲੀ ਜਾਂਦੇ ਸਾਂ ਸਾਰੇ, ਜੇ ਉਹੀ ਕਹੀ ਤੇ ਉਹੀ ਕੁਹਾੜੀ ਰੱਖਣੀ ਸੀ ਫੇਰ ਪੰਚਾਇਤ ਨੇ ਮਤੇ ਕਿਹੜੇ ਮੂੰਹ ਨਾਲ ਪਾਸ ਕੀਤੇ ਸੀ ?" ਨਵਰੂਪ ਸਿੰਘ ਖ਼ਾਲਸੇ ਦੀ ਗੱਲ ਨੇ ਸਭ ਦੇ ਮੂੰਹਾਂ ਨੂੰ ਜਿੰਦਰੇ ਮਾਰ ਦਿੱਤੇ। ਫ਼ੈਸਲਾ ਫੇਰ ਓਵੇਂ ਪ੍ਰਸ਼ਨ ਵਾਂਗੂ ਲਟਕਣ ਲੱਗ ਪਿਆ ਕਿ ਫੁੱਲ ਗੰਗਾ ਜਾਂ... ?

ਇਹੀ ਫ਼ੈਸਲਾ ਬਾਬੇ ਰਾਮਦੇਵ ਨੇ ਆਪਣੇ ਬਾਰੇ ਆਪ ਕਰਨਾ ਹੁੰਦਾ ਤਾਂ ਉਸ ਨੇ ਚੁਟਕੀ ਜਿੰਨੇ ਸਮੇਂ ਵਿਚ ਆਖ ਦੇਣਾ ਸੀ, "ਡਿੱਠੇ ਇਉਂ ਕਰੋ, ਫੌੜ੍ਹੇ ਨਾਲ ਕਰਕੇ ਸਾਰੀ ਸਵਾਹ ਇਕੱਠੀ ਆਪਣੇ ਪਿੰਡ ਦੇ ਸੂਏ 'ਚ ਰੋੜ੍ਹ ਆਓ, ਹਰੀ ਹਰ, ਹਰੀ ਹਰ।"

ਉਹ ਤਾਂ ਏਨਾ ਖੁੱਲ੍ਹ-ਖੁਲਾਸਾ ਸੀ।

ਪਰ ਸ਼ਾਇਦ ਹੁਣ ਬਾਬੇ ਰਾਮਦੇਵ ਦੀ ਇਹ ਗੱਲ ਵੀ ਕੋਈ ਨਾ ਮੰਨਦਾ ਕਿਉਂਕਿ ਇਸ ਨਾਲ ਰਲਦੀ-ਮਿਲਦੀ ਸਲਾਹ ਤਾਂ ਪ੍ਰੀਤੂ ਨਾਮਧਾਰੀਏ ਨੇ ਵੀ ਦਿੱਤੀ ਸੀ ਅਤੇ ਗਿੱਲਾਂ ਦੀ ਪੱਤੀ ਵਾਲਾ ਆਲਾ ਮੂੰਹ-ਫੱਟ ਉਸ ਨੂੰ ਸੂਈ ਕੁੱਤੀ ਵਾਂਗ ਭੱਜ ਕੇ ਪੈ ਗਿਆ ਸੀ, "ਹੈ ਕਰਤੀ ਕਮਲੀ ਗੱਲ, ਅਖੇ ਕੁਕੇ ਬੜੇ ਕਸੂਤੇ ਪਾਣੀ ਨਾ ਪੀਂਦੇ ਬੋਕੇ ਦਾ, ਸਿਰ ਖਾਂਦੇ ... ਦਾ, ਓਏ ਐਡੇ ਮਹਾਤਮਾ ਬੰਦੇ ਦੇ ਫੁੱਲ ਸੂਏ 'ਚ ਸਿੱਟ ਦੀਏ, ਪੁੱਠੀ ਪੱਗ ਤੇ ਪੁੱਠੀ ਅਕਲ, ਊਂਅ ਅਖੇ ਅਸੀਂ ਰਹਿਤੀਏ ਹੁੰਦੇ ਆਂ।", ਉਸ ਦੀ ਘੁਰਕੀ ਸੁਣ ਕੇ ਛੀਂਬਿਆਂ ਦਾ ਪ੍ਰੀਤੂ ਦੜ ਵੱਟ ਕੇ ਬਹਿ ਗਿਆ। ਪ੍ਰੀਤੂ ਦੀ ਲਾਹ-ਪਾਹ ਕਰਕੇ ਆਲੇ ਦੀ ਚੜ੍ਹ ਮੱਚੀ ਸੀ। ਪਰ ਉਹ ਇਸ ਸਬੰਧੀ ਕੋਈ ਦਲੀਲ ਨਾ ਘੜ ਸਕਿਆ ਕਿ ਬਾਬੇ ਰਾਮਦੇਵ ਦੇ ਫੁੱਲ ਹਰਦੁਆਰ ਕਿਉਂ ਨਹੀਂ ਪਾਉਣੇ ਚਾਹੀਦੇ ਹਨ। ਇਸ ਲਈ ਪੁੱਠੀਆਂ ਸਿੱਧੀਆਂ ਗੱਲਾਂ ਰਾਹੀਂ ਆਪਣੀ ਗੱਲ ਮਨਵਾਉਣ ਦਾ ਯਤਨ ਕਰਨ ਲੱਗ ਪਿਆ, "ਦਾਦਿਆਂ-ਪੜਦਾਦਿਆਂ ਤੋਂ ਲੈ ਕੇ ਹੀ ਫੁੱਲ ਤਾਂ ਅਸੀਂ ਜੱਟ-ਜ਼ਿਮੀਂਦਾਰ ਵੀ ਹਰਦੁਆਰ ਈ ਪਾਉਂਦੇ ਰਹੇ ਆਂ ਪਰ ਜਦੋਂ ਹੁਣ ਬਾਬਿਆਂ ਨੇ ਓਹੀ ਸ਼ਕਤੀ ਕੀਰਤਪੁਰ ਲੇ ਆਂਦੀ ਐ ਤਾਂ ਜ਼ਰੂਰੀ ਪਰਦੇਸਾਂ 'ਚ ਭੌਂਕਦੇ ਫਿਰਨੈਂ ? ਬਾਬਾ ਰਾਮਦੇਵ ਸਾਰੀ ਉਮਰ ਸਾਡੇ ਨਾਲ ਜੱਟ-ਜ਼ਿਮੀਂਦਾਰ ਬਣ ਕੇ ਰਿਹੈ, ਹੁਣ ਮਰ ਕੇ ਵੀ ਸਾਡੇ ਨਾਲ ਈ ਰਹੂ।" ਆਲੇ ਦੀ ਗੱਲ ਦਾ ਕਿਸੇ ਨੂੰ ਘੱਟੀ ਲੱਸੀ ਜਿੰਨਾ ਸੁਆਦ ਵੀ ਨਾ ਆਇਆ ਇਸ ਲਈ ਕਿਸੇ ਨੇ ਉਸ ਦੀ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ।

"ਓਏ ਭਾਈ ਉਹ ਲੱਖ ਜ਼ਿਮੀਂਦਾਰਾਂ ਵਾਂਗੂ ਰਿਹਾ ਪਰ ਉਹਦਾ ਅਸਲਾ ਤਾਂ ਪੰਡਤਾਂ ਵਾਲਾ ਈ ਸੀ, ਪੈਦਾਇਸ਼ ਤਾਂ ਪੰਡਤਾਂ ਦੇ ਘਰੇ ਈ ਹੋਈ ਸੀ, ਜੇ ਆਪਾਂ ਸ਼ੇਰ ਨੂੰ ਭੇਡਾਂ ਦੇ ਇੱਜੜ 'ਚ ਛੱਡੀ ਰੱਖੀਏ ਤਾਂ ਉਹ ਭੇਡ ਤਾਂ ਨੀ ਬਣ ਜਾਂਦਾ, ਨਾਲੇ ਵੀਰ ਜੇ ਆਪਾਂ ਬਾਬੇ ਰਾਮਦੇਵ ਨੂੰ ਇਉਂ ਚੱਪਿਆਂ ਤੇ ਗਿੱਠਾਂ ਨਾਲ ਮਿਣਨ ਲੱਗ-ਪੇ ਤਾਂ ਸਮਝੋ ਕੁਛ ਨੀ ਥਿਆਉਣਾ ਸਾਨੂੰ ਓਸ ਦਾ, ਉਹ ਤਾਂ ਕਈ ਧਾਤਾਂ ਦਾ ਬਣਿਆਂ ਪੁਰਖ ਸੀ।" ਜ਼ੈਲਦਾਰ ਬਿਸ਼ਨ ਸਿੰਘ ਦੀ ਗੱਲ ਨਾਲ ਇਕ ਬੋਝਲ ਚੁੱਪ ਫੇਰ ਪਸਰ ਗਈ। ਮੂੰਹੋਂ ਤਾਂ ਭਾਵੇਂ ਕੋਈ ਨਹੀਂ ਬੋਲ ਰਿਹਾ ਸੀ ਪਰ ਅੰਦਰੋਂ ਸਭ ਹੁਣ ਬਾਬੇ ਰਾਮਦੇਵ ਨੂੰ "ਚੱਪਿਆਂ-ਗਿੱਠਾਂ" ਨਾਲ ਹੀ ਮਿਣ ਰਹੇ ਸਨ। ਬਾਬੇ ਰਾਮਦੇਵ ਦੇ ਜਿਉਂਦੇ-ਜੀਅ ਤਾਂ ਏਸ ਪਿੰਡ 'ਚੋਂ ਕਦੇ ਕਿਸੇ ਦਾ ਵੀ ਧਿਆਨ ਨਹੀਂ ਸੀ ਗਿਆ ਕਿ ਬਾਬਾ ਕੌਣ ਹੈ ? ਵੱਧ ਤੋਂ ਵੱਧ ਜੇ ਕਿਸੇ ਨੇ ਸੋਚਿਆ ਸੀ ਤਾਂ ਏਨਾ ਕੁ ਹੀ ਕਿ ਰਾਮਦੇਵ, ਬਾਬੇ ਦੇ ਜੰਡ ਵਾਂਗ, ਪਿੰਡ 'ਚ ਜੜ੍ਹਾਂ ਲਾ ਗਿਆ ਸੀ, ਜਾਣੀ ਦੋਨਾਂ ਦੀ ਇਕੋ ਕਹਾਣੀ ਸੀ। ਕਹਿੰਦੇ ਸਨ ਗੁਰੂ ਸਾਹਿਬ ਨੇ ਲੱਖੀ ਜੰਗਲ 'ਚੋਂ ਲੰਘ ਕੇ ਤਲਵੰਡੀ ਸਾਬੋ ਨੂੰ ਜਾਂਦਿਆਂ ਏਸ ਸੱਥ ਵਾਲੀ ਥਾਂ ਉੱਤੇ ਵਿਸਰਾਮ ਕੀਤਾ ਸੀ। ਢਾਬ ਦੇ ਕਿਨਾਰੇ ਜਿਸ ਕਿੱਲੇ ਨਾਲ ਉਨ੍ਹਾਂ ਨੇ ਆਪਣਾ ਘੋੜਾ ਬੰਨ੍ਹਿਆ ਸੀ, ਉਹ ਹਰਾ ਹੋ ਕੇ ਬਾਅਦ ਵਿਚ ਬਾਬੇ ਦਾ ਜੰਡ ਅਖਵਾਉਣ ਲੱਗ ਪਿਆ। ਘਣੀ ਛਾਂ ਵਾਲੇ ਏਸ ਜੰਡ ਤੋਂ ਵਰ ਮੰਗੇ ਜਾਂਦੇ ਸਨ ਤੇ ਲੋਕਾਂ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਜਿਹੜਾ ਕਿੱਲਾ ਬਾਬੇ ਨੇ ਗੱਡਿਆ ਸੀ, ਉਹ ਜੰਡ ਦਾ ਹੀ ਸੀ ਕਿ ਪਿੱਪਲ ਦਾ ਕਿ ਕਰੀਰ ਦਾ ਕਿ ਕੋਈ ਹੋਰ ?



ਬਾਬਾ ਰਾਮਦੇਵ ਵੀ ਕਿਧਰੇ ਨੈਣਾਂ ਦੇਵੀ ਵੱਲੋਂ ਜ਼ੈਲਦਾਰ ਬਿਸ਼ਨ ਸਿੰਘ ਨਾਲ ਆਇਆ ਸੀ ਅਤੇ ਫੇਰ ਪਿੰਡ 'ਚ ਜੜ੍ਹਾਂ ਲਾ ਗਿਆ ਸੀ। ਜ਼ੈਲਦਾਰ ਆਪਣੇ ਸੋਕੜੇ ਦੀ ਬਿਮਾਰੀ ਵਾਲੇ ਬੱਚੇ ਨੂੰ ਨੈਣਾਂ ਦੇਵੀ ਵੱਲ ਕਿਸੇ ਡੇਰੇ 'ਚ ਲੈ ਕੇ ਗਿਆ ਸੀ ਅਤੇ ਉਸ ਦੀ ਜਾਣ-ਪਛਾਣ ਬਾਬੇ ਰਾਮਦੇਵ ਨਾਲ ਹੋ ਗਈ ਸੀ। ਬਾਬੇ ਰਾਮਦੇਵ ਨੇ ਬਿਸ਼ਨ ਸਿੰਘ ਦੇ ਚਿੜੀ ਦੇ ਬੋਟ ਵਰਗੇ ਮੁੰਡੇ ਨੂੰ ਠੀਕ ਕਰਕੇ ਆਪਣੀ ਥਾਂ ਇਕੱਲੇ ਬਿਸ਼ਨ ਸਿੰਘ ਦੇ ਦਿਲ ਵਿਚ ਹੀ ਨਹੀਂ ਸਗੋਂ ਸਾਰੇ ਪਿੰਡ ਦੇ ਦਿਲ ਵਿਚ ਹੀ ਬਣਾ ਲਈ ਸੀ।

ਜੇ ਕਦੇ ਕੋਈ ਬਿਸ਼ਨ ਸਿੰਘ ਤੋਂ ਬਾਬੇ ਰਾਮਦੇਵ ਦੇ ਪਿੱਛੇ ਬਾਰੇ ਪੁਛਦਾ ਤਾਂ ਉਹ ਅੱਗੋਂ ਘੜਿਆ ਘੜਾਇਆ ਉੱਤਰ ਦਿੰਦਾ, "ਭਲਿਆ ਮਾਣਸਾ ਤੂੰ ਪਾਣੀ ਪੀਣੈਂ ਕਿ ਖੂਹ ਦਾ ਚੱਕ ਵੇਖਣੈਂ ?, ਤੂੰ ਆਵਦੀ ਤੇਹ ਮਾਰ 'ਤੇ ਰਸਤਾ ਰਗੜ, ਤੂੰ ਵਡੇਵੇਂ ਲੈਣੇ ਐਂ ਬਾਬੇ ਦੇ ਅੱਗੋ-ਪਿੱਛੇ ਤੋਂ।"

ਅਸਲ ਵਿਚ ਬਿਸ਼ਨ ਸਿੰਘ ਨੇ ਕਦੇ ਆਪ ਵੀ ਇਹ ਨਹੀਂ ਪੁੱਛਿਆ ਸੀ, ਭਾਵੇਂ ਬਾਬੇ ਨਾਲ ਉਸ ਦੀ ਬਹੁਤ ਨੇੜਤਾ ਸੀ। ਉਸ ਨੂੰ ਵੀ ਮਾੜਾ-ਮੋਟਾ ਬਾਬੇ ਨਾਲ ਕੀਤੀਆਂ ਸਰਸਰੀ ਗੱਲਾਂ ਤੋਂ ਹੀ ਪਤਾ ਲੱਗਿਆ ਸੀ ਕਿ ਬਾਬੇ ਰਾਮਦੇਵ ਦਾ ਪਿੱਛਾ ਨਾਭਾ ਰਿਆਸਤ ਦਾ ਸੀ। ਰਾਮਦੇਵ ਦੇ ਦਾਦੇ ਨੇ ਆਪਣੀ ਵਿਧਵਾ ਧੀ ਦਾ ਦੂਜਾ ਵਿਆਹ ਬਰਾਦਰੀ ਤੋਂ ਬਾਹਰੇ ਹੋ ਕੇ ਕਰ ਦਿੱਤਾ ਸੀ। ਬਰਾਦਰੀ ਨੇ ਉਨ੍ਹਾਂ ਨੂੰ "ਭਸੇ ਬ੍ਰਾਹਮਣ" ਦਾ ਕਲੰਕ ਲਾ ਕੇ ਉਨ੍ਹਾਂ ਦਾ ਭਾਂਡਾ ਛੇਕ ਦਿੱਤਾ ਸੀ। ਰਾਮਦੇਵ ਦੇ ਮਾਂ-ਬਾਪ ਬਰਾਦਰੀ ਤੋਂ ਵਿਛੜੇ, ਹਾਵੇ ਭਰਦੇ ਮਰ ਗਏ ਸਨ ਅਤੇ ਵੱਡਾ ਭਰਾ ਰਾਜੇ ਦੀ ਫ਼ੌਜ ਵਿਚ ਭਰਤੀ ਹੋ ਗਿਆ ਸੀ। ਰਾਮਦੇਵ ਗੁਰੂ-ਕੁਲ ਦੇ ਆਸ਼ਰਮ ਵਿਚ ਵੈਦਗੀਰੀ ਸਿੱਖਣ ਤੁਰ ਗਿਆ ਸੀ। ਉਥੇ ਵੀ ਮਨ ਉਚਾਟ ਹੋਇਆ ਤਾਂ ਬਿਸ਼ਨ ਸਿੰਘ ਨਾਲ ਤੁਰ ਆਇਆ ਸੀ।

ਪਹਿਲਾਂ ਪਹਿਲਾਂ ਬਾਬਾ ਰਾਮਦੇਵ ਇਸ ਪਿੰਡ ਵਿਚ ਦਵਾਈ-ਬੂਟੀ ਦਿੰਦਾ ਸੀ, ਫੇਰ ਉਸ ਦੀ ਭੱਲ ਨਾਲ ਦੇ ਪਿੰਡਾਂ ਤੱਕ ਫੈਲ ਗਈ। ਇਉਂ ਉਸ ਦੀ ਜਾਣ-ਪਛਾਣ ਦਾ ਘੇਰਾ ਮੋਕਲਾ ਹੁੰਦਾ ਗਿਆ। ਜੇ ਕਿਸੇ ਨੇ ਕੁੜੀ-ਮੁੰਡੇ ਦਾ ਸਾਕ ਕਰਨਾ ਹੁੰਦਾ ਤਾਂ ਉਹ ਵੀ ਬਾਬੇ ਦੀ ਇਸ ਜਾਣ-ਪਛਾਣ ਦਾ ਲਾਭ ਉਠਾ ਲੈਂਦਾ। ਹੌਲੀ-ਹੌਲੀ ਬਾਬਾ ਹਰ ਮਸਾਲੇ ਪਿਪਲਾ ਮੂਲ ਬਣ ਗਿਆ। ਉਹ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਵੀ ਪਾ ਦਿੰਦਾ, ਸਰਾਧ ਵੀ ਖਾ ਆਉਂਦਾ ਅਤੇ ਹਿੰਦੂਆਂ ਦੇ ਘਰਾਂ ਵਿਚ ਗਰੜ-ਪੁਰਾਣ ਦੀ ਕਥਾ ਵੀ ਕਰ ਆਉਂਦਾ।

ਬਾਬੇ ਰਾਮਦੇਵ ਵਿਚ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਸ ਨੇ ਕਦੇ ਕਿਸੇ ਤੋਂ ਮੂੰਹੋਂ ਮੰਗ ਕੇ ਪੈਸੇ ਨਹੀਂ ਲਏ ਸਨ ਭਾਵੇਂ ਕਦੇ ਕਿਸੇ ਨੇ ਉਸ ਦੇ ਪੈਸੇ ਰੱਖੇ ਵੀ ਨਹੀਂ ਸਨ। ਸਗੋਂ ਬਾਬਾ ਤਾਂ ਜਿਵੇਂ ਬੈਂਕ ਲਾਕਰ ਹੋਵੇ, ਕਈ ਜਨਾਨੀਆਂ ਆਪਣੀ ਗੋਝੀ ਦੇ ਪੈਸੇ ਬਾਬੇ ਨੂੰ ਅਮਾਨਤ ਵਜੋਂ ਸੰਭਾਲ ਜਾਂਦੀਆਂ ਅਤੇ ਲੋੜ ਪਈ ਤੋਂ ਲੈ ਜਾਂਦੀਆਂ। ਬਾਬਾ ਰਾਮਦੇਵ ਕਿਸੇ ਦੇ ਵੀ ਅੱਧੇ ਬੋਲ ਨਾਲ ਉਸ ਦੇ ਘਰ ਪਹੁੰਚਦਾ ਸੀ, ਫਿਰ ਕਿਸੇ ਨੂੰ ਕੀ ਲੋੜ ਸੀ, ਉਸ ਦਾ ਅੱਗਾ-ਪਿੱਛਾ ਫਰੋਲਦੇ ਫਿਰਨ ਦੀ ? ਲੋਕਾਂ ਦਾ ਤਾਂ ਨਾਲੇ ਸੁਭਾਅ ਹੀ ਇਹ ਹੁੰਦਾ ਹੈ, ਉਹ ਹਲ ਵਾਹੁੰਦੇ ਸਨ ਪਰ ਇਹ ਕਦੋਂ ਸੋਚਦੇ ਹਨ ਕਿ ਇਸ ਦੀ ਕਾਢ ਕਿਸ ਨੇ ਕੱਢੀ ਸੀ ? ਉਹ ਲੋਕ-ਗੀਤ ਗਾਉਂਦੇ ਹਨ ਪਰ ਇਹ ਕਦੋਂ ਸੋਚਦੇ

ਸਨ ਕਿ ਇਹ ਕਿਸ ਨੇ ਬਣਾਇਆ ਸੀ।

ਅੱਜ ਜਦੋਂ ਇਹ ਸਭ ਕੁਝ ਜਾਣਨ ਦੀ ਲੋੜ ਪਈ ਸੀ ਤਾਂ ਲੋਕ ਆਪਣੀਆਂ ਉਂਗਲਾਂ ਟੁੱਕਦੇ ਚੁੱਪ ਬੈਠੇ ਸਨ। ਬਿਸ਼ਨ ਸਿੰਘ ਦੀ ਗੱਲ ਦਾ ਮੋੜਾ ਕਿਸੇ ਨਾ ਦਿੱਤਾ ਤਾਂ ਉਸ ਨੇ ਸਮਝਿਆ ਕਿ ਉਸ ਦੀ ਗੱਲ ਅੰਦਰੋ-ਅੰਦਰੀ ਲੋਕਾਂ ਨੇ ਮੰਨ ਲਈ ਸੀ ਪਰ ਉਸ ਦਾ ਇਹ ਖ਼ਿਆਲ ਗ਼ਲਤ ਨਿਕਲਿਆ ਜਦੋਂ ਜੰਗੀਰ ਸਿੰਘ ਆਪਣਾ ਭਰਵਾਂ ਦਾੜ੍ਹਾ ਪਲੋਸਦਾ ਖੜ੍ਹਾ ਹੋ ਕੇ ਉਸ ਦਾ ਵਿਰੋਧ ਕਰਨ ਲੱਗ ਪਿਆ, "ਬਿਸ਼ਨ ਸਿਆਂ ਤੂੰ ਸਿਆਣਾ-ਬਿਆਣੈ, ਸਾਰੀ ਉਮਰ ਮਹਾਤਮਾ ਬੰਦੇ ਦੀ ਸੰਗਤ ਵੀ ਕਰਦਾ ਰਿਹੈਂ ਪਰ ਲਗਦੈ ਅਮਲ ਨੀ ਕੀਤਾ, ਮੈਂ ਆਹਨੈਂ ਬੰਦੇ ਦਾ ਜਨਮ ਤੋਂ ਨੀ ਅਮਲ ਤੋਂ ਨਿਬੇੜਾ ਹੁੰਦੈ, ਬਾਬੇ ਰਾਮਦੇਵ ਦੇ ਕਰਮ ਵੇਖੋ ਭਾਈ ਕਿਵੇਂ ਸਾਰੀ ਉਮਰ ਸਿੱਖੀ ਰਹਿਤ ਰੱਖੀ ਐ ਉਹਨੇ, ਕੋਈ ਬੋਦੀ ਵਾਲਾ ਪੰਡਤ ਉਸ ਦੀ ਕੀ ਰੀਸ ਕਰ ਜੂ, ਉਹਨੂੰ ਬ੍ਰਾਹਮਣ ਆਖ ਕੇ ਅਪਮਾਨ ਨਾ ਕਰੋ ਉਹਦਾ, ਸਾਰੀ ਉਮਰ ਬਗਾਨੇ ਪਿੰਡ ਦੇ ਢਿੱਡ 'ਚ ਵੜ ਕੇ ਜੀਵਿਆ ਕਰਮਾਂ ਵਾਲਾ।"

ਜੰਗੀਰ ਸਿੰਘ ਦੀ ਗੱਲ ਨਾਲ ਲੋਕਾਂ ਦਾ ਧਿਆਨ ਹੋਰ ਪਾਸੇ ਮੁੜ ਗਿਆ। ਉਹ ਹੁਣ ਬਾਬੇ ਰਾਮਦੇਵ ਦੀ ਰਹਿਤ ਅਤੇ ਅਮਲਾਂ ਦਾ ਹਿਸਾਬ-ਕਿਤਾਬ ਲਾਉਣ ਲੱਗੇ।

ਬਾਬੇ ਰਾਮਦੇਵ ਦਾ ਪਹਿਰਾਵਾ ਨਾ ਤਾਂ ਪੂਰਾ ਸਿੱਖਾਂ ਵਾਲਾ ਹੁੰਦਾ ਸੀ ਅਤੇ ਨਾ ਹੀ ਸਨਕੀ ਪੰਡਿਤਾਂ ਵਰਗਾ। ਉਹ ਚਿੱਟਾ ਕੁੜਤਾ-ਚਾਦਰਾ, ਭਗਵੇਂ ਰੰਗ ਦੀ ਪੱਗ ਅਤੇ ਪਟਸਨ ਦੇ ਸਲੀਪਰ ਪਾ ਕੇ ਰੱਖਦਾ। ਉਸ ਦੇ ਮੋਢੇ ਉੱਤੇ ਭਗਵੇਂ ਰੰਗ ਦਾ ਸਾਫ਼ਾ ਸਿੱਟਿਆ ਹੁੰਦਾ। ਹੱਥ ਵਿਚ ਉਸ ਦੇ ਹਰਦੁਆਰ ਤੋਂ ਲਿਆਂਦੀ ਨੱਕਾਸ਼ੀਦਾਰ ਸੋਟੀ ਹੁੰਦੀ। ਭਰਵੀਂ ਦਾੜ੍ਹੀ ਉਸ ਨੇ ਬੜੇ ਸਲੀਕੇ ਨਾਲ ਜੂੜੀ ਬਣਾ ਕੇ ਟੁੰਗੀ ਹੁੰਦੀ ਅਤੇ ਠੋਡੀ ਕੋਲੇ ਇਉਂ ਟੋਆ ਜਿਹਾ ਬਣ ਜਾਂਦਾ ਜਿਵੇਂ ਨਦੀ ਦਾ ਭੰਵਰ ਹੋਵੇ। ਜਵਾਨੀ ਵਿਚ ਦੰਦਾਂ 'ਚ ਲਵਾਈਆਂ ਸੋਨੇ ਦੀਆਂ ਮੇਖਾਂ ਅਤੇ ਪਾਸੇ ਵਾਲੇ ਸੂਏ-ਦੰਦਾਂ ਉੱਤੇ ਚੜ੍ਹਾਏ ਸੋਨੇ ਦੇ ਪੋਲਰੇ ਉਸ ਨੇ ਬੁਢਾਪੇ 'ਚ ਵੀ ਨਹੀਂ ਲੁਹਾਏ ਸਨ।

ਬਾਬੇ ਰਾਮਦੇਵ ਦਾ ਖਾਣ-ਪੀਣ ਵੀ ਕੁਝ ਅਜਿਹਾ ਹੀ ਸੀ। ਉਸ ਨੇ ਕਦੇ ਕੋਈ ਮੀਨ-ਮੇਖ ਨਹੀਂ ਸੀ ਕੀਤੀ, ਕਿਸੇ ਦੇ ਘਰੇ ਜੋ ਰਿੱਝਿਆ ਪੱਕਿਆ ਹੁੰਦਾ ਖਾ ਲੈਂਦਾ। ਉਹ ਮੀਟ-ਮੁਰਗਾ ਵੀ ਖਾ ਲੈਂਦਾ ਸੀ ਅਤੇ ਕਿਸੇ ਵਿਆਹ-ਸ਼ਾਦੀ ਸਮੇਂ ਸ਼ਰਾਬ ਦਾ ਇਕ ਅੱਧਾ ਪੈੱਗ ਵੀ ਸੇਵਨ ਕਰ ਲੈਂਦਾ ਸੀ, ਪਰ ਕਦੇ ਕਿਸੇ ਨੇ ਉਸ ਦੇ ਇਹ ਐਬ ਨਹੀਂ ਗਿਣੇ ਸਨ। ਅਸਲ ਵਿਚ ਬਾਬੇ ਰਾਮਦੇਵ ਕੋਲ ਉਹ ਸਲੀਕਾ ਅਤੇ ਸ਼ਿਸ਼ਟਾਚਾਰ ਸੀ ਜਿਹੜਾ ਸ਼ਰਾਬ ਨੂੰ ਵੀ ਗੰਗਾਜਲੀ ਬਣਾ ਦਿੰਦਾ ਹੈ। ਉਸ ਦੀ ਹਰ ਕਿਰਿਆ ਵਿਚ ਇਕ ਮਰਯਾਦਾ ਸੀ। ਉਹ ਸਵੇਰੇ ਉਠਦਾ ਤਾਂ ਪਾਣੀ ਵਾਲਾ ਤੂੰਬਾ ਫੜ੍ਹੀ ਦੂਰ ਖੇਤਾਂ ਵੱਲ ਨਿਕਲ ਜਾਂਦਾ। ਮੂੰਹ ਵਿਚ ਦਾਤਣ ਪਾਈ ਮੁੜਦਾ ਤਾਂ ਕਿਸੇ ਵੀ ਘਰੇ ਰੁਕ ਜਾਂਦਾ। ਉਥੇ ਹੀ ਨਹਾਉਂਦਾ ਅਤੇ ਪਰਸ਼ਾਦਾ ਛਕ ਲੈਂਦਾ। ਆਉਣ ਲੱਗਿਆਂ ਉਥੋਂ ਹੀ ਤੂੰਬਾ ਦੁੱਧ ਦਾ ਭਰਵਾ ਲਿਆਉਂਦਾ। ਰਾਹ ਵਿਚ ਸਾਰੇ ਹੀ ਉਸ ਨੂੰ "ਮਹਾਰਾਜ ਜੀ" ਕਹਿ ਕੇ ਬੁਲਾਉਂਦੇ ਅਤੇ ਉਹ "ਜੈ ਹੋ" ਕਹਿੰਦਾ ਸਹਿਜ ਚਾਲ ਅੱਗੇ ਤੁਰਦਾ ਜਾਂਦਾ। ਸਾਰਾ ਦਿਨ ਉਹ ਨੌਜਵਾਨ ਮੁੰਡਿਆਂ ਦੀ ਮੱਦਦ ਨਾਲ ਜੜ੍ਹੀਆਂ-ਬੂਟੀਆਂ



ਕੁੱਟਦਾ ਰਹਿੰਦਾ ਅਤੇ ਭੱਠੀ ਉੱਤੇ ਕਸ਼ੀਦ ਕੇ ਅਰਕ ਕਢਦਾ ਰਹਿੰਦਾ। ਨਾਲ ਨਾਲ ਪੁਰਾਣਕ ਕਥਾਵਾਂ ਅਤੇ ਜੋਧਿਆਂ-ਭਗਤਾਂ ਦੀਆਂ ਗੱਲਾਂ ਸੁਣਾਈ ਜਾਂਦਾ। ਸਤਨਾਮ ਕਾਮਰੇਡ, ਨਵਰੂਪ ਖ਼ਾਲਸਾ ਅਤੇ ਨਛੱਤਰ ਵਰਗੇ ਅਨੇਕਾਂ ਮੁੰਡਿਆਂ ਨੂੰ ਕਿਤਾਬਾਂ ਪੜ੍ਹਨ ਦੀ ਚਾਟ ਉਨ੍ਹਾਂ ਗੱਲਾਂ ਤੋਂ ਹੀ ਲੱਗੀ ਸੀ।

ਬਾਬਾ ਰਾਮਦੇਵ ਲੋਕਾਂ ਲਈ ਨਿੱਕਾ ਜਿਹਾ ਦੂਜਾ ਰੱਬ ਹੀ ਸੀ ਪਰ ਅਜਿਹਾ ਰੱਬ ਨਹੀਂ ਜਿਹੜਾ ਦੂਰ ਕਿਤੇ ਅਕਾਸ਼ਾਂ 'ਚ ਵੱਸਦਾ ਹੋਵੇ, ਸਗੋਂ ਧੰਨੇ ਭਗਤ ਦੇ ਰੱਬ ਵਾਂਗ ਉਨ੍ਹਾਂ ਦੇ ਖੇਤਾਂ-ਬੰਨਿਆਂ ਉੱਤੇ ਤੁਰਿਆ ਫਿਰਦਾ ਰੱਬ ਜਿਸ ਨੂੰ ਜਦ ਚਾਹੇ ਉਹ ਅਜ਼ਮਾ ਸਕਦੇ ਸਨ, ਛੂਹ ਸਕਦੇ ਸਨ। ਇਕ ਸਮਾਂ ਜ਼ਰੂਰ ਅਜਿਹਾ ਆਇਆ ਸੀ ਜਦੋਂ ਲੋਕਾਂ ਦਾ ਨਿਸਚਾ ਆਪਣੇ ਇਸ ਦੂਜੇ ਰੱਬ ਤੋਂ ਡੋਲ ਗਿਆ ਸੀ।

ਉਸ ਸਮੇਂ ਰਾਮਦੇਵ ਨੂੰ ਆਇਆਂ ਅਜੇ ਪੰਜ ਕੁ ਵਰ੍ਹੇ ਹੀ ਹੋਏ ਸਨ। ਉਹ ਅਜੇ ਭਰ ਜੁਆਨ ਸੀ। ਉਸ ਦੀ ਭਗਵੀਂ ਪੱਗ ਨਾਲ ਗੋਰਾ ਮੂੰਹ ਸੰਧੂਰੀ ਭਾਹ ਮਾਰਦਾ ਸੀ ਜਿਸ ਉੱਤੇ ਟਹਿਲੇ ਸੁਨਿਆਰੇ ਦੀ ਘਰ ਵਾਲੀ ਨਸੀਬ ਕੌਰ ਮਰ ਮਿਟੀ ਸੀ। ਟਹਿਲੇ ਨੂੰ ਸਾਹ ਦੀ ਬਿਮਾਰੀ ਸੀ ਅਤੇ ਉਹ ਮਾੜੀ ਜਿਹੀ ਖੇਚਲ ਨਾਲ ਹੀ ਹੌਂਕਣ ਲੱਗ ਜਾਂਦਾ। ਇਸ ਲਈ ਰਾਮਦੇਵ ਆਪ ਚੱਲ ਕੇ ਉਸ ਨੂੰ ਦਵਾਈ ਦੇਣ ਜਾਂਦਾ ਅਤੇ ਕਦੇ ਨਸੀਬ ਕੌਰ ਫੜ੍ਹ ਕੇ ਲੈ ਜਾਂਦੀ। ਇਕ ਦਿਨ ਦਵਾਈ ਲੈਣ ਆਈ ਨਸੀਬ ਕੌਰ ਨੇ ਬਾਬੇ ਰਾਮਦੇਵ ਕੋਲ ਆਪਣਾ ਦੁੱਖ ਰੋਂਦਿਆਂ ਦੱਸਿਆ ਸੀ, "ਬਾਬਾ ਜੀ ਉਹਨੂੰ ਸ਼ੱਕ ਐ ਕਿ ਮੈਂ ਰਾਤ ਨੂੰ ਬਾਹਰ ਕਿਸੇ ਕੋਲ ਜਾਨੀ ਆਂ, ਉਹ ਸਾਰੀ ਰਾਤ ਮੇਰੀਆਂ ਹਥੇਲੀਆਂ ਆਪਦੇ ਮੰਜੇ ਦੇ ਪਾਵੇ ਥੱਲੇ ਦੇਈ ਰਖਦੈ, ਉਹ ਤਾਂ ਕੁੜੀ ਨੂੰ ਵੀ ਆਵਦੀ ਨਹੀਂ ਮੰਨਦਾ, ਮੈਂ ਸੋਚ ਲਿਐ ਕਿ ਹੁਣ ਉਹਦਾ ਸ਼ੱਕ ਸੱਚ ਕਰ ਕੇ ਵਿਖਾਊਂ।"

ਅਗਲੇ ਦਿਨ ਉਹ ਸੱਚਮੁੱਚ ਹੀ ਕੁੜੀ ਚੱਕ ਕੇ ਰਾਮਦੇਵ ਦੇ ਘਰ ਆ ਗਈ ਸੀ। ਰਾਮਦੇਵ ਨੂੰ ਵੀ ਭਾਵੇਂ ਉਹ ਚੰਗੀ ਲਗਦੀ ਸੀ ਪਰ ਉਸ ਨੇ ਅਜੇ ਆਪਣਾ ਮਨ ਪ੍ਰਗਟ ਨਹੀਂ ਕੀਤਾ ਸੀ। ਜਦੋਂ ਟਹਿਲੇ ਨੂੰ ਪਤਾ ਲੱਗਿਆ ਤਾਂ ਉਹ ਜ਼ੈਲਦਾਰ ਬਿਸ਼ਨ ਸਿੰਘ ਅਤੇ ਪੂਰੀ ਪੰਚਾਇਤ ਨੂੰ ਲੈ ਕੇ ਰਾਮਦੇਵ ਦੇ ਘਰ ਗਿਆ। ਰਾਮਦੇਵ ਅੱਗੋਂ ਹੱਥ ਜੋੜ ਕੇ ਖੜ੍ਹ ਗਿਆ ਅਤੇ ਆਖਣ ਲੱਗਾ, "ਪੰਚਾਇਤ ਈਸ਼ਵਰ ਦਾ ਸਰੂਪ ਹੁੰਦੀ ਐ, ਮੈਂ ਪੰਚਾਇਤ ਅੱਗੇ ਸੌਂਹ ਖਾ ਕੇ ਕਹਿਨੈਂ ਕਿ ਮੈਂ ਨਸੀਬ ਕੌਰ ਨੂੰ ਨਹੀਂ ਲਿਆਇਆ। ਨਾ ਧੱਕੇ ਨਾਲ ਲਿਆਇਐਂ, ਨਾ ਧੱਕੇ ਨਾਲ ਰੱਖਾਂ। ਮੈਨੂੰ ਮਹੀਨਾ ਹੋ ਗਿਆ ਟਹਿਲ ਸਿੰਘ ਦਾ ਇਲਾਜ ਕਰਦਿਆਂ, ਕਦੇ ਮੈਂ ਮੈਲੀ ਅੱਖ ਨਸੀਬ ਕੌਰ ਵੱਲ ਤੱਕਿਆ ਹੋਵੇ ਤਾਂ ਆਖ ਦੇਵੇ ਮੂੰਹ 'ਤੇ ਬੈਠੀ ਐ, ਜੇ ਪੰਚਾਇਤ ਕਹੇ ਤਾਂ ਮੈਂ ਪਿੰਡ 'ਚੋਂ ਵਿਦਾ ਲੈ ਲੈਨੈਂ।"

ਪੰਚਾਇਤ ਨੇ ਨਸੀਬ ਕੌਰ ਤੋਂ ਪੁੱਛਿਆ ਤਾਂ ਉਸ ਨੇ ਨਿਧੜਕ ਹੋ ਕੇ ਕਹਿ ਦਿੱਤਾ ਕਿ ਜਾਂ ਤਾਂ ਉਹ ਰਾਮਦੇਵ ਨਾਲ ਰਹੇਗੀ ਜਾਂ ਮਰ ਜਾਵੇਗੀ। ਬਿਸ਼ਨ ਸਿੰਘ ਨੇ ਗੱਲ ਸੰਭਾਲ ਲਈ। ਨਾ ਤਾਂ ਪਿੰਡ 'ਚ ਬਹੁਤੀ ਤੋਏ-ਤੋਏ ਹੋਣ ਦਿੱਤੀ ਅਤੇ ਨਾ ਹੀ ਰਾਮਦੇਵ ਨੂੰ ਪਿੰਡ ਛੱਡ ਕੇ ਜਾਣ ਦਿੱਤਾ। ਹਾਂ, ਟਹਿਲਾ ਜ਼ਰੂਰ ਪਿੰਡ ਛੱਡ ਗਿਆ। ਲੋਕ ਉਡੀਕਦੇ ਰਹੇ ਕਿ ਕਿਸੇ ਦਿਨ ਟਹਿਲਾ ਰਾਤ-ਬਰਾਤੇ ਆਵੇਗਾ ਅਤੇ ਸਵੇਰ ਨੂੰ ਰਾਮਦੇਵ ਅਤੇ ਨਸੀਬ ਕੌਰ ਦੇ ਟੋਟੇ-ਟੋਟੇ ਕੀਤੇ ਪਏ ਹੋਣਗੇ ਪਰ ਇਹ ਦਿਨ ਕਦੇ ਨਾ

ਆਇਆ। ਟਹਿਲੋ 'ਚੋਂ ਹੋਈ ਕੁੜੀ ਤਾਂ ਨਸੀਬ ਕੌਰ ਦੇ ਨਾਲ ਹੀ ਆਈ ਸੀ, ਉਸ ਤੋਂ ਪਿੱਛੋਂ ਇਕ ਮੁੰਡਾ ਤੇ ਕੁੜੀ ਰਾਮਦੇਵ ਵਿਚੋਂ ਵੀ ਹੋਏ।

ਦੋ ਕੁ ਸਾਲ ਲੋਕ ਗੱਲਾਂ ਕਰਦੇ ਰਹੇ ਅਤੇ ਫੇਰ ਹੌਲੀ ਹੌਲੀ ਇਉਂ ਵਿਸਰ ਗਏ ਜਿਵੇਂ ਦਰਿਆ 'ਚ ਸਿੱਟੀ ਕੋਈ ਚੀਜ਼ ਸਤਹ ਉਤੇ ਪਲ ਕੁ ਲਈ ਤੈਰਦੀ ਹੋਈ ਅੰਤ ਡੁੱਬ ਜਾਵੇ। ਰਾਮਦੇਵ ਉਤੇ ਉਨ੍ਹਾਂ ਦਾ ਨਿਸਚਾ ਫੇਰ ਬੱਝ ਗਿਆ ਸੀ।

ਹੁਣ ਲੋਕ ਜਦੋਂ ਬਾਬੇ ਰਾਮਦੇਵ ਦੀ ਰਹਿਤ ਅਤੇ ਅਮਲਾਂ ਬਾਰੇ ਸੋਚ ਰਹੇ ਸਨ ਤਾਂ ਉਹ ਨਾ ਉਨ੍ਹਾਂ ਨੂੰ ਕੋਈ ਪੁੰਨੀ ਧਰਮੀ ਸੁੱਚਾ ਸੰਤ ਲੱਗ ਰਿਹਾ ਸੀ ਅਤੇ ਨਾ ਹੀ ਗਿਰਿਆ ਹੋਇਆ ਪਾਪੀ ਬੰਦਾ, ਸਗੋਂ ਉਹ ਤਾਂ ਉਨ੍ਹਾਂ ਵਰਗਾ ਹੀ ਜਟਕਾ ਸੁਭਾਅ ਸੀ। ਬਿਸ਼ਨ ਸਿੰਘ ਨੇ ਠੀਕ ਹੀ ਕਿਹਾ ਸੀ, "ਕਈ ਧਾਤਾਂ ਦਾ ਬਣਿਆ ਸੀ ਰਾਮਦੇਵ।" ਪਰ ਜਿਸ ਤਰ੍ਹਾਂ ਦਾ ਰਾਮਦੇਵ ਲੋਕਾਂ ਨੇ ਵੇਖਿਆ ਸੀ ਉਹ ਤਾਂ ਸੱਚਮੁੱਚ ਹੀ ਜਿਵੇਂ ਮਰ ਗਿਆ ਸੀ ਅਤੇ ਜਿਉਂ ਪਿਆ ਸੀ ਕੋਈ ਸੰਤ ਮਹਾਤਮਾ ਰਾਮਦੇਵ, ਚਹੁੰ ਕੰਨੀਆਂ ਤੋਂ ਪਵਿੱਤਰ ਰੂਹ। ਇਸ ਲਈ ਉਸ ਨੂੰ ਵਾਰ ਵਾਰ ਮਹਾਤਮਾ, ਮਹਾਤਮਾ ਕਹਿਣ ਤੋਂ ਕੁਝ ਨਵੇਂ ਮੁੰਡਿਆਂ ਨੂੰ ਚਿੜ੍ਹ ਚੜ੍ਹ ਰਹੀ ਸੀ। ਕਾਮਰੇਡ ਨਛੱਤਰ ਤੋਂ ਤਾਂ ਰਿਹਾ ਨਹੀਂ ਗਿਆ ਅਤੇ ਉਹ ਬੋਲ ਪਿਆ, "ਤਾਇਆ ਜਿਹੜਾ ਵੀ ਉਠਦੈ ਮਹਾਤਮਾ ਤੋਂ ਉਰ੍ਹੇ ਗੱਲ ਨੀ ਕਰਦਾ, ਠੀਕ ਐ ਮਰੇ ਬੰਦੇ ਦੀ ਬੁਰਾਈ ਤਾਂ ਨਹੀਂ ਕਰਨੀ ਚਾਹੀਦੀ ਪਰ ਬਾਬੇ ਰਾਮਦੇਵ ਨੂੰ ਇਉਂ ਸੰਤ-ਮਹਾਤਮਾ ਨਾ ਬਣਾਓ ਕਿ ਕੱਲ ਨੂੰ ਲੋਕ ਉਹਦੀ ਮੜ੍ਹੀ ਉਤੇ ਮੱਥੇ ਘਸਾਈ ਜਾਣ, ਪੰਜਾਬ 'ਚ ਤਾਂ ਅੱਗੇ ਈ ਸਾਧਾਂ-ਸੰਤਾਂ ਦੀ ਲਾਈ ਚੁਆਤੀ ਦੇ ਭਾਂਬੜ ਬਣੇ ਪਏ ਐ, ਹੁਣ ਤੁਸੀਂ ਹੋਰ ਤੇਲ ਨਾ ਪਾਓ, ਸਾਨੂੰ ਸਭ ਪਤੈ ਸੰਤਾਂ ਮਹਾਤਮਾਂ ਦਾ।" ਕਾਮਰੇਡ ਨੇ ਪੰਜਾਬ ਸੰਕਟ ਅਤੇ ਸੰਤ ਭਿੰਡਰਾਂਵਾਲੇ ਦੀ ਗੱਲ ਛੇੜਨੀ ਚਾਹੀ ਪਰ ਜ਼ੈਲਦਾਰ ਨੇ ਰੋਕ ਦਿੱਤਾ, "ਨਾ ਬਈ ਛਿੰਦਿਆ ਇਉਂ ਤਲਖ਼ ਗੱਲਾਂ ਨਾ ਕਰੋ, ਤੁਸੀਂ ਤਾਂ ਕੱਲ੍ਹ ਦੇ ਜੰਮੇ ਐਂ, ਸੋਨੂੰ ਨੀ ਪਤਾ ਬਾਬੇ ਰਾਮਦੇਵ ਦੇ ਇਸ ਪਿੰਡ ਉਤੇ ਕਿੰਨੇ ਅਹਿਸਾਨ ਐਂ, ਅੱਧਾ ਤਾਂ ਪਿੰਡ ਵਿਆਹਿਆ ਓਸਨੇ ਐ, ਲੈ ਤੂੰ ਸੁਣ ਲੈ, ਤੇਰੇ ਬਾਪੂ ਹੋਰਾਂ ਤਿੰਨਾਂ ਭਰਾਵਾਂ ਨੂੰ ਉਹਨੇ ਪੁੰਨ ਦੇ ਸਾਕ ਕਰਾਏ ਐ, ਨਹੀਂ ਤਾਂ ਪੁੱਛ ਲੀਂ ਭਾਵੇਂ ਘਰੇ ਜਾ ਕੇ ਆਵਦੇ ਘਰ ਦਿਆਂ ਤੋਂ ਹੋਰ ਸੰਤ-ਮਹਾਤਮਾ ਕੀ ਹੁੰਦੇ ਐ ?" ਬਿਸ਼ਨ ਸਿੰਘ ਨੇ ਬੜੀ ਹਲੀਮੀ ਨਾਲ ਬੋਲਦਿਆਂ ਨਛੱਤਰ ਦਾ ਅੱਗਾ ਵਲਿਆ ਪਰ ਉਸ ਦੀਆਂ ਅੱਖਾਂ ਵਿਚ ਗੁੱਸੇ ਦੇ ਅੰਗਿਆਰ ਦਗਦੇ ਵੇਖ ਕੇ ਉਸ ਨੇ ਨਛੱਤਰ ਨੂੰ ਠੰਢਾ ਕਰਨ ਲਈ ਆਖਿਆ, "ਜੇ ਕਾਕਾ ਸੋਡੇ ਅੰਦਰ ਕੋਈ ਘੁੰਢੀ ਐ ਤਾਂ ਨਿਝੱਕ ਦੱਸੋ ਪਰ ਸਿਆਣਿਆਂ ਵਾਂਗੂ ਗੱਲ ਕਰੋ ਐਵੇਂ ਛੋਹਰ-ਛੱਕਰਾਂ ਵਾਲੀਆਂ ਨਾ ਮਾਰੋ, ਹੁਣ ਜਦੋਂ ਗੱਲ ਇਕੱਠ 'ਚ ਹੀ ਆਗੀ ਤਾਂ ਅਸੀਂ ਕੋਈ ਬੁੱਕਲ 'ਚ ਤਾਂ ਗੁੜ ਭੰਨਣਾ ਨੀ, ਲੈ ਪਾੜ੍ਹਿਆ ਤੂੰ ਕਰ ਲੈ ਗੱਲ ਬਈ।" ਬਿਸ਼ਨ ਸਿੰਘ ਨੇ ਤੱਤੇ ਬੋਲਦੇ ਨਛੱਤਰ ਦੀ ਥਾਂ ਉਨ੍ਹਾਂ ਦੇ ਧੜੇ ਦੇ ਮੋਹਰੀ ਸਤਨਾਮ ਕਾਮਰੇਡ ਨੂੰ ਕਿਹਾ। ਉਸਨੂੰ ਪਤਾ ਸੀ ਕਿ ਸਤਨਾਮ ਸਹਿਜ ਨਾਲ ਗੱਲ ਕਰੇਗਾ।

ਸਤਨਾਮ ਇਸ ਪਿੰਡ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਨੌਜਵਾਨ ਸਮਝਿਆ ਜਾਂਦਾ ਸੀ। ਜਦੋਂ ਨਕਸਲੀ ਲਹਿਰ ਜ਼ੋਰਾਂ ਉਤੇ ਸੀ ਤਾਂ ਉਹ ਐਮ.ਏ.



ਵਿਚਾਲੇ ਛੱਡ ਕੇ ਪਿੰਡ ਆ ਗਿਆ ਸੀ ਅਤੇ ਨਛੱਤਰ ਵਰਗੇ ਮੁੰਡਿਆਂ ਨੂੰ ਨਾਲ ਜੋੜ ਕੇ ਇਕ ਗਰੁੱਪ ਬਣਾ ਲਿਆ ਸੀ। ਬਿਸ਼ਨ ਸਿੰਘ ਉਤੇ ਹਮਲਾ ਕਰਨ ਤੋਂ ਉਸ ਨੇ ਹੀ ਨਛੱਤਰ ਵਰਗੇ ਗਰਮ ਖ਼ੂਨ ਵਾਲੇ ਮੁੰਡਿਆਂ ਨੂੰ ਰੋਕਿਆ ਸੀ। ਵਿਅਕਤੀਗਤ ਕਤਲਾਂ ਦੇ ਉਹ ਹੱਕ ਵਿਚ ਨਹੀਂ ਸੀ। ਉਦੋਂ ਦਾ ਹੀ ਉਹ ਬਿਸ਼ਨ ਸਿੰਘ ਦਾ ਵਿਸ਼ਵਾਸ ਪਾਤਰ ਸੀ। ਪਰ ਜਦੋਂ ਲਹਿਰ ਠੰਢੀ ਪੈ ਗਈ ਸੀ ਤਾਂ ਉਹ ਮੁੜ ਚੰਡੀਗੜ੍ਹ ਪੜ੍ਹਾਈ ਕਰਨ ਲੱਗ ਪਿਆ ਸੀ। ਹੁਣ ਵੀ ਉਸ ਨੂੰ ਨਛੱਤਰ ਹੋਰਾਂ ਨੇ ਟੈਲੀਫੋਨ ਕਰਕੇ ਬੁਲਾਇਆ ਸੀ। ਉਨ੍ਹਾਂ ਨੂੰ ਕਨਸੋਅ ਮਿਲੀ ਸੀ ਕਿ ਸਰਪੰਚ ਅਤੇ ਨਵਰੂਪ ਖਾਲਸਾ ਰਲ ਕੇ ਪਿੰਡ ਵਿਚ ਧੜੇਬੰਦੀ ਵਧਾ ਰਹੇ ਸਨ। ਨਛੱਤਰ ਹੋਰੀਂ ਇਸ ਸਾਜ਼ਿਸ਼ ਨੂੰ ਨੰਗਾ ਕਰਨਾ ਚਾਹੁੰਦੇ ਸਨ। ਸਤਨਾਮ ਉਨ੍ਹਾਂ ਦਾ ਵਧੀਆਂ ਬੁਲਾਰਾ ਸੀ।

"ਸਰਪੰਚ ਸਾਹਿਬ ਫੁੱਲ ਪਾਉਣ ਦਾ ਮਸਲਾ ਸਾਡੇ ਧਾਰਮਕ ਸੰਸਕਾਰਾਂ ਨਾਲ ਸਬੰਧਿਤ ਇਕ ਨਿੱਜੀ ਮਾਮਲਾ ਐ" ਸਤਨਾਮ ਨੇ ਕਿਸੇ ਰੈਲੀ ਨੂੰ ਸੰਬੋਧਨ ਕਰਨ ਵਾਂਗ ਬਾਹਾਂ ਚੜ੍ਹਾਅ ਕੇ ਪਹਿਲਾਂ ਧੀਮੀ ਸੁਰ ਵਿਚ ਬੋਲਣਾ ਸ਼ੁਰੂ ਕੀਤਾ ਅਤੇ ਫਿਰ ਉਸ ਦੀ ਸੁਰ ਉੱਚੀ ਹੁੰਦੀ ਗਈ, ਪਹਿਲੀ ਗੱਲ ਤਾਂ ਇਹ ਕਿ ਨਿੱਜੀ ਮਾਮਲਾਂ ਨਿੱਜੀ ਹੀ ਰਹਿਣਾ ਚਾਹੀਦਾ ਸੀ, ਦੂਜੀ ਇਹ ਕੇ ਇਹੋ ਜੇ ਮਾਮਲਿਆਂ ਨੂੰ ਧਾਰਮਕ ਮਸਲਾ ਨਹੀਂ ਬਣਾਉਣਾ ਚਾਹੀਦਾ।" ਜ਼ਿਆਦਾ ਲੋਕਾਂ ਨੂੰ ਸਤਨਾਮ ਦੀ ਗੱਲ ਕੋਈ ਬਹੁਤੀ ਸਮਝ ਨਾ ਆਈ ਪਰ ਕਿਸੇ ਅਗਲੀ ਕੰਮ ਦੀ ਗੱਲ ਦੀ ਆਸ ਵਿਚ ਧਿਆਨ ਨਾਲ ਸੁਣਦੇ ਰਹੇ।

"ਅਸੀਂ ਇਹੋ ਜੇ ਮਾਮਲਿਆਂ ਨੂੰ ਧੜਿਆਂ ਨਾਲ ਨਾ ਨਜਿੱਠੀਏ, ਅੱਗੇ ਈ ਚਾਰੇ ਪਾਸੇ ਭਾਂਬੜ ਬਲੀ ਜਾਂਦੇ ਐ, ਹੁਣ ਹੋਰ ਤੇਲ ਨਾ ਪਾਈਏ।" ਗੱਲ ਦਾ ਕੋਈ ਠੋਸ ਹੱਲ ਨਾ ਲਭਦਾ ਵੇਖ ਕੇ ਸਤਨਾਮ ਨੇ ਬੇਬਸੀ ਵਿਚ ਕਿਹਾ, "ਗੱਲ ਪੁੱਠੇ ਪਾਸੇ ਨੂੰ ਤੁਰ ਪਈ ਐ, ਮੇਰਾ ਖ਼ਿਆਲ ਐ ਸਰਪੰਚ ਸਾਹਿਬ ਆਪਾਂ ਇਕ ਰਾਤ ਹੋਰ ਆਪੋ ਆਪਣੇ ਅੰਦਰ ਝਾਤੀ ਮਾਰੀਏ, ਇਉਂ ਹੀ ਇਸ ਮਸਲੇ ਦਾ ਹੱਲ ਕੱਲ੍ਹ ਤੜਕੇ ਤੱਕ ਸਾਨੂੰ ਆਪਣੇ ਅੰਦਰੋਂ ਹੀ ਮਿਲ ਜਾਣੈ" ਇਹ ਕਹਿ ਕੇ ਉਹ ਬੈਠ ਗਿਆ।

"ਅੱਜ ਵੀ ਕੰਮ ਛੱਡਿਆ, ਹੁਣ ਕੱਲ੍ਹ ਦੀ ਦਿਹਾੜੀ ਫੇਰ ਮਾਰਾਂਗੇ, ਅਗਾਂਹ ਨੂੰ ਸਰਾਵਾਂ ਵਾਲੇ ਕਾਕੇ ਨਾਲ ਕੰਧ ਲਗਦੀ ਐ ਬਈ ਵਿਹਲਿਆਂ ਨੂੰ ਰੋਟ ਮਿਲੀ ਜਾਣਗੀ, ਤੁਸੀਂ ਗੱਲ ਮੁਕਾਓ ਪਰ੍ਹੇ ਅਖੇ ਕੱਲ੍ਹ ਤੜਕੇ ਤੱਕ ਫੇਰ ਸੋਚੋ" ਆਲਾ ਮੂੰਹ-ਫੱਟ ਹੁਣ ਸਤਨਾਮ ਕਾਮਰੇਡ ਨੂੰ ਘੁਰਕੀ ਲੈ ਕੇ ਪਿਆ ਪਰ ਉਸ ਦੀ ਗੱਲ ਫੇਰ ਨਾ ਕਿਸੇ ਗੌਲੀ।

"ਬਾਈ ਸਿਆਂ ਅਖੇ ਛੋਟਾ ਮੂੰਹ ਤੇ ਵੱਡੀ ਗੱਲ, ਮੇਰੇ ਅੰਦਰ ਕਦੋਂ ਦੀ ਇਹ ਗੱਲ ਕੁੱਦੀ ਜਾਂਦੀ ਐ ਕਿ ..." ਕੈਲੇ ਮਜ਼੍ਹਬੀ ਨੇ ਲੋਕਾਂ ਵੱਲ ਹੁੰਗਾਰਾ ਮੰਗਣ ਵਾਲੀਆਂ ਨਜ਼ਰਾਂ ਨਾਲ ਵੇਖਿਆ। ਉਹ ਤਾ ਅਜਿਹੇ ਇਕੱਠਾਂ ਵਿਚ ਕਦੇ ਵੀ ਨਹੀਂ ਬੋਲਿਆ ਸੀ। ਪਿਛਲੇ ਦਸਾਂ ਸਾਲਾਂ ਤੋਂ ਕਿਸੇ ਦੇ ਖੇਤ ਹੀ ਸਬਜ਼ੀ ਬੀਜ ਕੇ ਸੰਭਾਲਦਾ ਰਹਿੰਦਾ ਸੀ। ਬੱਸ ਨਸ਼ਾ ਪੱਤਾ ਲੈਣ ਜਾਂ ਸਬਜ਼ੀ ਵੇਚਣ ਹੀ ਪਿੰਡ ਆਉਂਦਾ ਸੀ। ਜਦੋਂ ਵੀ ਪਿੰਡ ਆਉਂਦਾ ਬਾਬੇ ਰਾਮਦੇਵ ਨੂੰ ਤਾਜ਼ੀ ਸਬਜ਼ੀ ਜ਼ਰੂਰ ਦੇ ਕੇ ਜਾਂਦਾ। ਉਸ ਦਾ ਉਹ ਸ਼ਰਧਾਲੂ ਸੀ। ਕਿਸੇ ਪਾਸਿਉਂ ਹੁੰਗਾਰਾ ਨਾ ਮਿਲਨ ਤੇ ਵੀ ਉਸ ਨੇ ਆਪਣੇ ਮਨ ਦੀ

ਕਹਿ ਦਿੱਤੀ, "ਆਪਾਂ ਇਉਂ ਕਰੀਏ, ਲਾਹ ਕੇ ਨਾ ਬਾਬੇ ਦੇ ਫੁੱਲ ਪਿੱਪਲ ਦੇ ਮੁੱਢ ਤੋਂ, ਧਰਤੀ 'ਤੇ ਰੱਖ ਕੇ ਨਾ, ਉੱਤੋਂ ਚਿੱਟੀ ਚਾਦਰ ਨਾਲ ਢਕ ਦੀਏ, ਮੈਨੂੰ ਲਗਦੈ ਬਾਬਾ ਆਪ ਈ ਲੈ-ਜੂ ਉਡਾ ਕੇ ਸ਼ਕਤੀ ਨਾਲ, ਚਾਹੇ ਗੰਗਾ ਪਾਵੇ ਤੇ ਚਾਹੇ ਹੋਰ ਥਾਂ, ਜੇ ਨਾ ਇਹ ਹੋਵੇ ਤਾਂ ਮੇਰੀਆਂ ਮੁੱਛਾਂ ਮੁੰਨ ਦਿਓ, ਮੈਂ ਤਾਂ ਆਹਨੈਂ....." ਕੇਲਾ ਵਹਾਅ 'ਚ ਆਇਆ ਅਜੇ ਕੁਝ ਹੋਰ ਵੀ ਬੋਲਣ ਲੱਗਿਆ ਸੀ ਕਿ ਨਵਰੂਪ ਸਿੰਘ ਖਾਲਸਾ ਬੁੜ੍ਹਕ ਕੇ ਉਠਿਆ, "ਐਦੇ ਮੂੰਹ 'ਚ ਬੁੱਜਾ ਦਿਓ ਓਏ, ਅਖੇ ਮੁਰਦਾ ਬੋਲੂ ਖੱਫਣ ਪਾੜੂ, ਸਾਰੀ ਉਮਰ ਧੋਣ ਮਿੱਟੀ 'ਚੋਂ ਨੀ ਨਿਕਲੀ ਗੰਡੋਏ ਵਾਂਗੂੰ ਤੇ ਆ ਜਾਂਦੇ ਐਂ ਪੰਚਾਇਤ 'ਚ ਸਾਖੀਆਂ ਸੁਣਾਉਣ" ਨਵਰੂਪ ਤੋਂ ਝਿੜਕ ਖਾ ਕੇ ਕੇਲਾ ਭਮੱਤਰ ਗਿਆ। ਉਸ ਨੂੰ ਜਾਪਿਆ ਪਤਾ ਨਹੀਂ ਉਸ ਤੋਂ ਕਿੱਡੀ ਕੁ ਵੱਡੀ ਗਲਤੀ ਹੋ ਗਈ ਸੀ। ਉਹ ਮਾਫ਼ੀ ਮੰਗਣ ਲਈ ਹੱਥ ਜੋੜੀ ਖੜ੍ਹਾ ਸੀ, ਡੁੰਨ-ਵੱਟਾ ਬਣਿਆ, ਪੱਥਰ ਵਾਂਗੂ ਅਹਿੱਲ। ਉਸ ਨੂੰ ਇਉਂ ਖੜ੍ਹਾ ਵੇਖ ਕੇ ਨਵਰੂਪ ਵੀ ਚੁੱਪ ਕਰ ਗਿਆ।

ਮਸਲੇ ਬਾਰੇ ਕੋਈ ਲੋਕ-ਰਾਏ ਨਾ ਬਣਦੀ ਵੇਖ ਕੇ ਸਰਪੰਚ ਬਲੀ ਸਿੰਘ ਨੂੰ ਵੀ ਅਕੇਵਾਂ ਮਹਿਸੂਸ ਹੋਇਆ। ਉਹ ਤਖ਼ਤਪੋਸ਼ ਤੋਂ ਇਉਂ ਤ੍ਰਬਕ ਕੇ ਖੜ੍ਹਾ ਹੋਇਆ ਜਿਵੇਂ ਨੀਂਦ 'ਚੋਂ ਡਰ ਕੇ ਉਠਿਆ ਹੋਵੇ। ਉਸ ਨੇ ਅੱਜ ਦੀ ਸਭਾ ਸਮਾਪਤ ਕਰਨ ਦੇ ਲਹਿਜੇ 'ਚ ਕਿਹਾ, "ਇਹ ਤਾਂ ਪਾਣੀ 'ਚ ਮਧਾਣੀ ਪੈ ਗਈ, ਜਿੰਨਾ ਮਰਜ਼ੀ ਰਿੜਕੀ ਜਾਈਏ ਘਿਓ ਤਾਂ ਇਹਦੇ 'ਚੋਂ ਨਿਕਲਦਾ ਨੀ ਦਿਸਦਾ, ਮੇਰੇ ਤਾਂ ਸਤਨਾਮ ਸਿੰਘ ਦੀ ਗੱਲ ਮਨ ਲੱਗੀ ਐ ਬਈ ਤੜਕੇ ਤੱਕ ਠੰਢੇ ਦਿਮਾਗ ਨਾਲ ਸੋਚ ਕੇ ਫੇਰ ਮਸਲਾ ਵਿਚਾਰੀਏ, ਕੱਲ੍ਹ ਨੂੰ ਦੁਪਹਿਰ ਤੱਕ ਜੇ ਇਕੱਠ ਗੰਗਾ ਕਹੂਗਾ ਤਾਂ ਤਾਏ ਹੋਰਾਂ ਨੂੰ ਓਧਰ ਘੱਲ ਦਿਆਂਗੇ ਨਹੀਂ ਤਾਂ ਕੀਰਤਪੁਰ ਤਾਂ ਜਾਣਾ ਈ ਐ।" ਸਰਪੰਚ ਦੇ ਕਹਿਣ ਦੀ ਦੇਰ ਸੀ ਕਿ ਬਹਿ ਬਹਿ ਥੱਕੇ ਲੋਕ ਰੌਲਾ ਪਾਉਂਦੇ ਘਰਾਂ ਨੂੰ ਤੁਰ ਪਏ। ਮੇਲਾ ਵਿਛੜ ਗਿਆ।

ਦੂਜੇ ਦਿਨ ਤੜਕੇ ਹੀ ਫੇਰ ਇਕੱਠ ਹੋਇਆ ਤਾਂ ਸਰਪੰਚ ਨੇ ਸਭ ਤੋਂ ਪਹਿਲਾਂ ਸਾਰੇ ਪਾਸੇ ਨਜ਼ਰ ਮਾਰ ਕੇ ਸਤਨਾਮ ਨੂੰ ਵੇਖਣ ਦਾ ਯਤਨ ਕੀਤਾ, "ਪਾੜ੍ਹਾ ਨੀ ਦਿਸਦਾ ਕਿਤੇ ?" ਉਸ ਨੇ ਪੁੱਛਿਆ।

"ਸਰਪੰਚ ਸਾਹਿਬ ਉਹ ਤਾਂ ਅੱਜ ਵੱਡੇ ਤੜਕੇ ਈ ਉਠ ਗਿਆ ਚੰਡੀਗੜ੍ਹ, ਆਂਹਦਾ ਸੀ ਕੋਈ ਜ਼ਰੂਰੀ ਕੰਮ ਪੈ ਗਿਐ।" ਸਤਨਾਮ ਕਾਮਰੇਡ ਦੇ ਪਿਓ ਨੇ ਸਰਪੰਚ ਨੂੰ ਦੱਸਿਆ।

"ਕੰਮ ਐ ਕਿ ਡਰਦਾ ਲੈ ਗਿਆ ਚਾਂਗਿਆਂ 'ਚ ਪੂਛ ?" ਨਵਰੂਪ ਸਿੰਘ ਖਾਲਸਾ ਨੇ ਇਕ ਭੇਦਭਰੀ ਮੁਸਕਾਣ ਛਡਦਿਆਂ ਕਿਹਾ ਅਤੇ ਫੇਰ ਬੇਧਿਆਨਾ ਜਿਹਾ ਹੋ ਕੇ ਆਪਣਾ ਗਾਤਰਾ ਠੀਕ ਕਰਨ ਲੱਗ ਪਿਆ। ਉਸ ਨੂੰ ਪਤਾ ਸੀ ਕਿ ਸਤਨਾਮ ਨੇ ਸਵੇਰੇ ਨਹੀਂ ਆਉਣਾ। ਉਸ ਨੇ ਰਾਤ ਹੀ "ਬਾਬਿਆਂ" ਦਾ "ਸੁਨੇਹਾ" ਉਸ ਨੂੰ ਭਿਜਵਾ ਦਿੱਤਾ ਸੀ। ਪਤਾ ਤਾਂ ਸਤਨਾਮ ਦੇ ਪਿਉ ਨੂੰ ਵੀ ਸੀ ਪਰ ਉਸ ਨੇ ਸਮਾਂ ਵੇਖਦਿਆਂ ਖ਼ਾਲਸੇ ਨਾਲ ਵੱਧ ਘੱਟ ਬੋਲਣਾ ਠੀਕ ਨਾ ਸਮਝਿਆ। ਖ਼ਾਲਸੇ ਦੀ ਗੱਲ ਦਾ ਮੋੜਾ ਲੋਕ ਅੱਜ ਕੱਲ੍ਹ ਘੱਟ ਹੀ ਦਿੰਦੇ ਸਨ। ਭਾਵੇਂ ਉਹ ਬਗਾਨੇ ਪਿੰਡ ਦਾ ਇਕੱਲਾ ਬੰਦਾ ਇਸ ਪਿੰਡ ਆਪਣੀ ਨਾਨਕੀ ਢੇਰੀ ਉਤੇ ਰਹਿੰਦਾ ਸੀ ਪਰ ਸਭ ਨੂੰ ਉਸ ਦੀ ਤਾਕਤ ਦਾ ਪਤਾ ਸੀ ਕਿ ਉਸ ਕੋਲ ਅੰਮ੍ਰਿਤਸਰ ਵੱਲੋਂ ਆ ਕੇ "ਬਾਬੇ" ਠਹਿਰਦੇ



ਸਨ। ਇਸ ਲਈ ਉਹ ਨਿਝੱਕ ਹੋ ਕੇ ਗੱਲ ਕਰਦਾ ਸੀ। ਕੱਲ੍ਹ ਦੇ ਇਕੱਠ ਵਿਚ ਸਤਨਾਮ ਦੇ ਆਉਣ ਕਰਕੇ ਉਹ ਅੰਦਰੋ-ਅੰਦਰੀ ਕੁਝ ਹੀਣਾ ਮਹਿਸੂਸ ਕਰਦਾ ਰਿਹਾ ਸੀ, ਕਿਉਂਕਿ ਉਹ ਦੋਵੇਂ ਜਮਾਤੀ ਰਹੇ ਸਨ ਅਤੇ ਨਵਰੂਪ ਪੜ੍ਹਾਈ 'ਚ ਸਦਾ ਉਸ ਤੋਂ ਫਾਡੀ ਰਿਹਾ ਸੀ। ਦੋ ਵਾਰੀ ਤਾਂ ਉਹ ਦਸਵੀਂ 'ਚੋਂ ਫੇਲ੍ਹ ਹੋਇਆ ਸੀ। ਸਕੂਲ ਪੜ੍ਹਦੇ ਸਮੇਂ ਸਤਨਾਮ ਹੋਰਾਂ ਤੋਂ ਕਈ ਵਾਰ ਉਸ ਨੇ ਕੁੱਟ ਖਾਧੀ ਸੀ ਭਾਵੇਂ ਹੁਣ ਉਹ ਸਤਨਾਮ ਨਾਲ ਮਨਚਾਹੀ ਕਰਨ ਦੀ ਤਾਕਤ ਦਾ ਮਾਲਕ ਸੀ।

"ਸਰਪੰਚ ਸਾਹਿਬ ਆਪਾਂ ਗੱਲ ਕਰੀਏ।" ਨਵਰੂਪ ਨੇ ਸਰਪੰਚ ਨੂੰ ਹੁਕਮ ਦੇਣ ਵਾਂਗ ਕਿਹਾ, "ਜੇ ਸਤਨਾਮ ਮੋਕ ਮਾਰ ਗਿਆ ਤਾਂ ਆਪਾਂ ਤਾਂ ਹੈਗੇ ਆਂ, ਅੱਗੇ ਆਪਣੇ ਪਿਓ-ਦਾਦੇ ਦੇ ਫੈਸਲੇ ਕਿਹੜਾ ਕਾਮਰੇਡ ਕਰਾਉਂਦੇ ਆਏ ਐ, ਇਨ੍ਹਾਂ ਤੋਂ ਆਵਦੀ ਢਿਲਕਦੀ ਕਛਣੀ ਤਾਂ ਸੰਭਾਲੀ ਨੀ ਜਾਂਦੀ, ਲੋਕਾਂ ਦੇ ਫੈਸਲੇ ਕੀ ਕਰਾਉਣਗੇ ਇਹ, ਐਵੇਂ ਕੱਲ੍ਹ ਤੁਸੀਂ ਫੂਕ ਦੇ ਕੇ ਗਿੱਦੜਾਂ ਦਾ ਗੂੰਹ ਪਹਾੜੀਂ ਚੜ੍ਹਾਤਾ।" ਸਤਨਾਮ ਦੀ ਗ਼ੈਰਹਾਜ਼ਰੀ ਵਿਚ ਬਾਜ਼ੀ ਨਵਰੂਪ ਸਿੰਘ ਖਾਲਸਾ ਦੇ ਹੱਥ ਆ ਗਈ ਸੀ ਅਤੇ ਉਹ ਹੁਣ ਮਨ ਆਇਆ ਬੋਲ ਰਿਹਾ ਸੀ। ਕਿਸੇ ਨੇ ਵੀ ਉਸ ਨੂੰ ਟੋਕਿਆ ਨਾ। ਬਿਸ਼ਨ ਸਿੰਘ ਦੇ ਨੇੜੇ ਬੈਠਾ ਨਛੱਤਰ ਕਾਮਰੇਡ ਉੱਛਲ ਕੇ ਉੱਠਣ ਲੱਗਿਆ ਪਰ ਬਿਸ਼ਨ ਸਿੰਘ ਨੇ ਉਸ ਦੇ ਮੋਢੇ ਨੂੰ ਥਾਪੜ ਕੇ ਇਉਂ ਬਿਠਾ ਦਿੱਤਾ ਜਿਵੇਂ ਬੱਚੇ ਨੂੰ ਵਰਾਈਦਾ ਹੈ। ਨਛੱਤਰ ਭਰਿਆ-ਪੀਤਾ ਵਿਸ ਘੋਲਦਾ ਰਿਹਾ।

ਗੱਲ ਫੇਰ ਕੱਲ੍ਹ ਵਾਲੇ ਰਾਹ ਹੀ ਪੈ ਗਈ ਸੀ। ਸਤਨਾਮ ਦੀਆਂ ਗੱਲਾਂ ਨੇ ਜਿਹੜੀ ਲੋਕਾਂ ਨੂੰ ਕੱਲ੍ਹ ਆਸ ਬੰਨ੍ਹਾਈ ਸੀ, ਉਸ ਉਮੀਦ ਦੀ ਚਿਣਗ ਫੇਰ ਬੁਝ ਕੇ ਸਵਾਹ ਬਣਨੀ ਸ਼ੁਰੂ ਹੋ ਗਈ।

ਨਵਰੂਪ ਜੋ ਮਨ 'ਚ ਆਇਆ ਉਲਟਾ-ਸਿਧਾ ਬੋਲਦਾ ਰਿਹਾ ਪਰ ਲੋਕ ਖੜ੍ਹੇ ਹੋ ਕੇ ਆਪਣੀਆਂ ਗੱਲਾਂ ਕਰਨ ਲੱਗ ਪਏ। ਰੌਲੇ-ਗੌਲੇ ਵਿਚ ਉਸ ਦੇ ਬੋਲਣ ਦਾ ਵੀ ਕੋਈ ਮਤਲਬ ਨਾ ਰਿਹਾ ਅਤੇ ਉਹ ਚੁੱਪ ਕਰ ਗਿਆ। ਇਕੱਠ ਨੂੰ ਹਿਲਦਾ ਵੇਖ ਕੇ ਸਰਪੰਚ ਨੇ ਉਨ੍ਹਾਂ ਨੂੰ ਬਾਹਾਂ-ਹੱਥਾਂ ਦੇ ਇਸ਼ਾਰਿਆਂ ਨਾਲ ਬਹਿਣ ਲਈ ਕਿਹਾ ਪਰ ਕੋਈ ਨਾ ਬੈਠਾ। ਇਕੱਠ ਦੇ ਪਿਛਲੇ ਪਾਸਿਉਂ ਜੰਟੇ ਵਿਹਲੜ ਵਰਗੇ ਤਾਸ਼ਬਾਜ਼ ਪਰ੍ਹੇ ਨੂੰ ਤੁਰ ਪਏ ਸਨ। ਜੰਟਾ ਜਿਵੇਂ ਆਪਣੇ ਆਪ ਨੂੰ ਸੁਣਾਉਂਦਾ ਉੱਚੀ ਉੱਚੀ ਇਹ ਆਖ ਰਿਹਾ ਸੀ, "ਲੈ ਗੱਲਾਂ ਵੇਖ ਕਰਦਾ ਇਹ ਵੱਡਾ ਗਿਆਨੀ-ਧਿਆਨੀ, ਅਖੇ ਕੱਲ੍ਹ ਦੀ ਰੱਜੀ ਤੇ ਪਿੰਡ ਉਜਾੜਨ ਲੱਗੀ, ਜਿਵੇਂ ਅੱਗੇ ਸਾਡੇ ਪਿਓ-ਦਾਦਿਆਂ ਦੇ ਫੈਸਲੇ ਐਹੋ ਜੇ ਦਿੱਲੀ ਦੇ ਦੱਲੇ ਆ ਆ ਕਰਾਉਂਦੇ ਰਹੇ ਐ, ਸ਼ਰਮ ਨੀ ਆਉਂਦੀ ਗੱਲ ਕਰਦੇ ਨੂੰ, ਘੀਸੀ ਅਜੇ ਕਰਨੀ ਨੀ ਆਉਂਦੀ ਤੇ ਸਾਨੂੰ ਦਾਨਾ ਬਣ ਬਣ ਡਰਾਉਂਦੈ ਜਿਵੇਂ ਇਹਦੇ ਪਿਓ ਦੇ ਗੁਲਾਮ ਹੋਈਏ।" ਜੰਟੇ ਨੇ ਨਵਰੂਪ ਉਤੇ ਆਪਣਾ ਗੁੱਸਾ ਲਾਹੁਣ ਮਗਰੋਂ ਆਪਦੇ ਤਾਸ਼ ਦੇ ਢਾਣੀਕਾਰਾਂ ਨੂੰ ਕਿਹਾ, "ਚਲੋ ਓਏ ਤਾਸ਼ ਦੀ ਬਾਜ਼ੀ ਲਾਈਏ ਐਵੇਂ ਕੱਲ੍ਹ ਦੀ ਘੈਂਸ ਘੈਂਸ ਲਾਈ ਐ।" ਉਸ ਦੇ ਢਾਣੀਕਾਰ ਜੰਟੇ ਦੇ ਪਿੱਛੇ ਤੁਰ ਪਏ ਅਤੇ ਹੌਲੀ ਹੌਲੀ ਬਾਕੀ ਇਕੱਠ ਵੀ ਖਿਸਕਣ ਲੱਗ ਪਿਆ ਜਿਵੇਂ ਅੰਦਰੋ ਅੰਦਰੀ ਕੋਈ ਸਰਬ-ਸਾਂਝਾ ਫੈਸਲਾ ਹੋ ਗਿਆ ਹੋਵੇ।

# ਭਾਰ

ਮਨਿੰਦਰ ਸਿੰਘ ਕਾਂਗ

ਉਨ੍ਹਾਂ ਜਦੋਂ ਮੈਨੂੰ ਆਵਾਜ਼ ਮਾਰੀ, ਮੈਂ ਸਦਾ ਵਾਂਗ ਪੁਰਾਣੀ ਚਾਦਰ ਭੁੰਜੇ ਵਿਛਾਈ ਲੰਮਾ ਪਿਆ ਹੋਇਆ ਸਾਂ। ਹੁਣ ਤਾਂ ਭੁੰਜੇ ਸੌਣ ਦੀ ਆਦਤ ਬਣ ਗਈ ਸੀ, ਨਹੀਂ ਤੇ ਸ਼ੁਰੂ ਵਿਚ ਬੜੀ ਔਖ ਹੁੰਦੀ ਸੀ। ਇਕ ਤੇ ਕੁੱਟ ਖਾ-ਖਾ ਕੇ ਹੱਡ ਬਿਲਕੁਲ ਪੋਲੇ ਹੋਏ ਪਏ ਸਨ ਤੇ ਦੂਸਰਾ ਸਾਰੀ ਜ਼ਿੰਦਗੀ ਆਰਾਮ ਨਾਲ ਕੱਟੀ ਸੀ। ਸੁੱਖ ਰਹਿਣਾ ਹੋਣ ਕਾਰਣ ਗੁਪਤਵਾਸ ਦੇ ਦਿਨਾਂ ਵਿਚ ਵੀ ਮੈਨੂੰ ਮੰਜੀ 'ਤੇ ਸੌਣਾ ਪਰਵਾਨ ਹੁੰਦਾ ਸੀ; ਨਹੀਂ ਤਾਂ ਬਾਕੀ ਜੱਥੇਦਾਰਾਂ ਨੂੰ ਸਪੱਸ਼ਟ ਕਿਹਾ ਹੋਇਆ ਸੀ ਕਿ ਮੈਂ ਰਾਤ ਕਿਸੇ ਡੇਰੇ ਕੱਟਿਆ ਕਰਾਂਗਾ। ਜੱਥੇਦਾਰਾਂ ਨੂੰ ਮੇਰੇ ਪੜ੍ਹੇ-ਲਿਖੇ ਹੋਣ ਦਾ ਬੜਾ ਭੈਅ ਸੀ ਤੇ ਉਨ੍ਹਾਂ ਨੂੰ ਉਂਜ ਵੀ ਇਤਰਾਜ਼ ਕੀ ਸੀ? ਉਨ੍ਹਾਂ ਦਾ ਤੇ ਸਗੋਂ ਸਾਰਾ ਕੰਮ ਹੀ ਮੈਂ ਕਰਦਾ ਸਾਂ, ਸਗੋਂ ਛੋਟੇ ਜਥੇਦਾਰ ਵਜੋਂ ਮੇਰੀ ਜ਼ਿਆਦਾ ਭੱਲ ਬਣੀ ਹੋਈ ਸੀ।

ਉਦੋਂ ਕੀ ਪਤਾ ਸੀ ਕਿ ਇਸੇ ਲਾਲਚ ਸਦਕਾ ਕਿ 'ਮੰਜੀ' ਤੇ ਹੀ ਸੌਣਾ ਹੈ, ਇਕ ਦਿਨ ਐਸਾ ਫਸਾਂਗਾ ਕਿ ਅੱਜ ਇਥੇ ਆਰੀਆ ਸਕੂਲ ਦੇ ਸਾਲਾਂ ਤੋਂ ਖਾਲੀ ਪਏ ਹੋਸਟਲ ਦੇ ਬੋਅ ਮਾਰਦੇ ਤੇ ਅੱਧ-ਕੱਚੇ ਕਮਰਿਆਂ ਵਿਚ ਸੜਾਂਗਾ।

ਆਵਾਜ਼ ਦੂਸਰੀ ਵਾਰ ਪਈ ਸੀ। ਹੁਣ ਘੇਸਲ ਮਾਰਨੀ ਔਖੀ ਸੀ, ਕਿਉਂਕਿ ਫ਼ਕੀਰੀਆ ਤੇ ਚਰਨਾ ਹੌਲਦਾਰ, ਦੋਹੋਂ ਪਹਿਲਾਂ-ਪਹਿਲ ਜਦ ਮੈਂ ਹੱਡ ਟੁੱਟੇ ਹੋਣ ਕਾਰਣ ਉਠ ਨਹੀਂ ਸਾਂ ਸਕਦਾ ਹੁੰਦਾ, ਮੈਨੂੰ ਵੱਖੀ ਵਿਚ ਖਿੱਚ ਕੇ ਠੁੱਡ ਮਾਰ ਘੋਰਦੇ ਸਨ। ਉਦੋਂ ਦਾ ਮਨ ਚੰਦਰਾ ਏਨਾ ਸਹਿਮਿਆ ਪਿਆ ਹੈ ਕਿ ਜੇ ਕੋਈ ਹੋਮ-ਗਾਰਡੀਆ ਜਾਂ ਸੀ.ਆਰ.ਪੀ. ਵਾਲਾ ਵੀ ਆਵਾਜ਼ ਮਾਰੇ, ਮੈਂ ਫੜਕ ਦੇਣੀ ਉੱਠ ਬਹਿਨਾਂ ਤੇ ਜਵਾਬ ਦੇ ਦੇਨਾਂ ਵਾਂ।

...ਬਾਹਰ "ਚੰਨਾ ਨੱਥ" ਜਿਹੜਾ ਹੁਣੇ ਹੌਲਦਾਰ ਬਣਿਆ ਹੈ, ਖੜੋਤਾ ਹੈ। ਉਂਜ ਕੁੱਟਣ ਵਿਚ ਉਹ ਵੀ ਕਸਾਈ ਹੈ, ਪਰ ਆਮ ਬੋਲ-ਚਾਲ ਵਿਚ ਠੀਕ ਰਹਿੰਦਾ ਹੈ।

"ਆਜਾ ਮਾਸਟਰਾ। ਤੈਨੂੰ ਡਿਪਟੀ ਯਾਦ ਕਰਦੈ।" ਉਹਨੇ ਕਿਹਾ ਤੇ ਮੇਰੇ ਵੱਲ ਪ੍ਰਤੀਕਰਮ ਲਈ ਵੇਖਣ ਲਗਾ।

"ਨਾਲ ਲੈ ਕੇ ਜਾਣੈ ਤੈਨੂੰ।" ਮੈਨੂੰ ਚੁੱਪ ਖੜੋਤਾ ਵੇਖ ਕੇ ਉਹਨੇ ਫੇਰ ਕਿਹਾ। ਮੈਂ ਚੁੱਪ-ਚਾਪ ਚਾਦਰ ਝਾੜ ਕੇ ਕਿੱਲੀ 'ਤੇ ਟੰਗੀ ਤੇ ਬੂਹਾ ਢੋਅ ਕੇ ਉਹਦੇ ਨਾਲ ਹੋ ਲਿਆ।

ਮੇਰੀ ਇਨ੍ਹਾਂ ਛੇ ਮਹੀਨਿਆਂ ਵਿਚ ਚਾਰ ਵਾਰ ਤਫ਼ਤੀਸ਼ ਹੋ ਚੁੱਕੀ ਸੀ ਤੇ ਚਾਰੇ ਵਾਰ ਲਗਭਗ ਸਾਰਾ-ਸਾਰਾ ਹਫ਼ਤਾ ਮੇਰੀ ਚੰਡਾਈ ਹੁੰਦੀ ਰਹੀ ਸੀ। ਇਕ ਵਾਰ ਤਾਂ ਮੈਂ ਮਰ ਹੀ ਗਿਆ ਸਾਂ, ਪਰ ਸੀ.ਆਰ.ਪੀ. ਦੇ ਬੰਗਾਲੀ ਡਾਕਟਰ ਨੇ ਮੈਨੂੰ ਬਚਾ ਲਿਆ,



ਨਹੀਂ ਤਾਂ ਮੈਂ ਵੀ ਹੁਣ ਤਕ ਭਾਖੜੇ ਦੀਆਂ ਮੱਛੀਆਂ ਦੇ ਢਿੱਡ ਵਿਚ ਹੁੰਦਾ, ਕਿਉਂਕਿ ਰੋਪੜ ਤੇ ਤਰਨਤਾਰਨ ਦੀ ਪੁਲਿਸ ਦੀ ਗਿੱਟੀ-ਮਿੱਟੀ ਆਪਸ ਵਿਚ ਪੂਰੀ ਤਰ੍ਹਾਂ ਮਿਲੀ ਹੋਈ ਹੈ। ਕਾਗ਼ਜ਼ਾਂ ਵਿਚ ਤਾਂ ਪੁਲਿਸ ਮੈਨੂੰ ਪਿਛਲੇ ਪੰਜ ਮਹੀਨੇ ਦਾ ਮਰਿਆ ਵਿਖਾਈ ਜਾ ਰਹੀ ਹੈ। ਹੁਣ ਤੇ ਸਗੋਂ ਮੇਰੇ ਰਿਸ਼ਤੇਦਾਰ ਵੀ ਛੱਡ ਦਿੱਤੇ ਨੇ, ਇਹ ਮੈਨੂੰ ਗੱਡੂ ਸਿਪਾਹੀ ਦੱਸ ਗਿਆ ਸੀ।

"ਖ਼ੈਰ। ਮਨਾਂ, ਵੇਖੀ ਜਾਊ ਹੁਣ। ਕਿਧਰੇ ਦੋਬਾਰਾ ਨਾ ਢਾਹ ਲੈਣ ਤੇ ਜਾਹ ਜਾਂਦੀਏ ਹੋ ਜਾਏ। ਸਰੀਰ ਤੇ ਅੱਗੇ ਹੀ ਖ਼ਤਮ ਏ। ਪਿਛਲੀ ਵਾਰ ਤਾਂ ਪੈਨਸਲੀਨ ਬਚਾ ਗਈ, ਪਰ ਐਤਕਾਂ ਤੇ ਉਹ ਵੀ ਮਰੋੜ ਲਾ ਦਊ।" ਮੈਂ ਗਿਣਤੀਆਂ ਵਿਚ ਪਿਆ "ਚੰਨੇ ਨੱਥ" ਨਾਲ ਤਫ਼ਤੀਸ਼ ਵਾਲੇ ਭੋਰਿਆਂ ਵਲ ਵਧ ਰਿਹਾ ਸਾਂ। ਚੰਨਾ ਚੁੱਪ ਸੀ ਤੇ ਅੱਗੇ-ਅੱਗੇ ਤੁਰੀ ਜਾ ਰਿਹਾ ਸੀ। ਸਕੂਲ ਦੀਆਂ ਦੋਵੇਂ ਵੱਡੀਆਂ ਗਰਾਊਂਡਾਂ ਲੰਘ ਕੇ ਤੇ ਅੱਗੇ ਜਾ ਕੇ ਉਜਾੜ ਪਏ ਕਮਰਿਆਂ ਨੂੰ ਬੋਰੀਆਂ ਲਾ-ਲਾ ਕੇ ਭੋਰਿਆਂ ਵਰਗਾ ਬਣਾਇਆ ਹੋਇਆ ਹੈ? ਉੱਥੇ ਹੀ ਸਭ ਦੀ ਤਫ਼ਤੀਸ਼ ਹੁੰਦੀ ਹੈ ਤੇ ਜਾਂ ਫਿਰ ਜੀਹਦਾ ਮੁਕਾਬਲਾ ਬਣਾਉਣਾ ਹੋਵੇ, ਉਹਨੂੰ ਉਥੇ ਇਕ ਵਾਰ ਐਸ.ਪੀ. ਅੱਗੇ ਪੇਸ਼ ਕਰਕੇ ਰਾਤ ਨੂੰ ਪੁਲਿਸ ਦੀ ਭਾਸ਼ਾ ਵਿਚ "ਪਹੀਏ" ਲਾ ਦੇਂਦੇ ਹਨ। ਸਿਵਾਇ ਮੇਰੇ ਤੇ "ਪੀਤੂ ਲੰਬੜ" ਦੇ, ਜਿਹੜਾ ਬੱਬਰਾਂ ਵਿਚ ਸੀ, ਬਾਕੀ ਸਾਰੇ ਮੇਰੇ ਵਿਹੰਦਿਆਂ-ਵਿਹੰਦਿਆਂ "ਪਹੀਏ" ਲਵਾ ਕੇ ਗੁਰੂ ਮਹਾਰਾਜ ਕੋਲ ਪਹੁੰਚ ਚੁੱਕੇ ਸਨ। ਗੁਰਦੀਪ ਸਿੰਘ ਚਕੋਰੀ, ਮਨਜੀਤ ਸਿੰਘ 'ਘਸੀਟਪੁਰੀਆ', ਲਾਲੀ ਬੱਬਰ, ਤਰਸੇਮ ਸਿੰਘ 'ਗੁੱਡੀ' ਤੇ ਮਹਿੰਦਰ ਸਿੰਘ ਉਰਫ਼ ਚੱਕਰ ਤਾਂ ਮੈਂ ਹੱਥੀਂ ਲੋਥਾਂ ਦੇ ਰੂਪ ਵਿਚ ਟਰੱਕ ਵਿਚ ਲਿਟਾਏ ਹਨ। ਬਾਕੀਆਂ ਦੀ ਤਾਂ ਮੈਨੂੰ ਇਨ੍ਹਾਂ ਛੇ ਮਹੀਨਿਆਂ ਵਿਚ ਗਿਣਤੀ ਵੀ ਯਾਦ ਨਹੀਂ। ਕਈ ਤਾਂ ਬਟਾਲੇ ਵਲ ਦੇ ਤੇ ਕਈ ਰੋਪੜ ਜਾਂ ਆਨੰਦਪੁਰ ਵਲ ਦੇ ਬੰਦੇ ਸਨ, ਜਿਹੜੇ 'ਪਹੀਏ' ਲਵਾ ਗਏ। ਦੋ ਬੀਬੀਆਂ ਸਨ ਸਕੀਆਂ ਭੈਣਾਂ, ਚਮਕੌਰ ਸਾਹਿਬ ਵਲ ਦੀਆਂ। ਉਨ੍ਹਾਂ ਨੂੰ ਵੀ ਵਾਰੀ-ਵਾਰੀ 'ਪਹੀਏ' ਲਾਏ ਗਏ ਸਨ। ਵਾਰਿਸ ਸ਼ਾਇਦ ਉਨ੍ਹਾਂ ਦੇ ਅਜੇ ਵੀ ਉਧਰ ਚਮਕੌਰ ਸਾਹਿਬ ਦੇ ਕਿਸੇ ਥਾਣੇ ਵਿਚ ਟੱਕਰਾਂ ਮਾਰਦੇ ਫਿਰਦੇ ਹੋਣਗੇ। 'ਪੀਤੂ ਲੰਬੜ' ਕੁੱਟ ਨਾਲ ਪਾਗਲ ਹੋ ਗਿਆ ਸੀ, ਸੋ ਉਹਨੂੰ ਛੱਡ ਦਿੱਤਾ ਗਿਆ ਸੀ। ਹੁਣ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਬੈਠਾ ਰਹਿੰਦੈ। ਗੁੱਡੂ ਹੌਲਦਾਰ ਨੇ ਇਹ ਗੱਲ ਵੀ ਦੱਸੀ ਸੀ।

"ਮਨਾਂ ਅੱਜ ਤੇਰੀ ਵੀ ਵਾਰੀ ਆ ਗਈ ਜਾਪਦੀ ਹੈ। ਹੋ ਤਗੜਾ।" ਮੈਂ ਇਹਨਾਂ ਗਿਣਤੀਆਂ ਵਿਚ ਹੀ ਪਿਆ 'ਚੰਨੇ ਨੱਥ' ਦੇ ਨਾਲ-ਨਾਲ ਤੁਰਦਾ 'ਇੰਟੈਰੋਗੇਸ਼ਨ' ਸੈਂਟਰ ਵਾਲੇ ਪਾਸੇ ਪਹੁੰਚ ਗਿਆ ਸਾਂ। ਅੱਗੇ ਜਾ ਕੇ ਅਸੀਂ ਥੰਮਲੇ ਨਾਲ ਢੋਅ ਲਾ ਕੇ ਖੜ੍ਹੇ ਹੋ ਗਏ। ਇਹਨਾਂ ਥੰਮਲਿਆਂ ਤੋਂ ਸਾਡੇ ਵਿਚੋਂ ਕੋਈ ਵੀ ਬਿਨਾਂ ਪੁੱਛੇ ਅੱਗੇ ਨਹੀਂ ਸੀ ਜਾ ਸਕਦਾ। ਅੱਗੋਂ ਵਲੇਵਾਂ ਪਾ ਕੇ ਕਮਰੇ ਸ਼ੁਰੂ ਹੋ ਜਾਂਦੇ ਸਨ ਤੇ ਐਸ.ਐਚ.ਓ. ਦੇ ਬਿਨਾਂ ਕਹੇ ਕਿਸੇ ਨੂੰ ਉਧਰ ਜਾਣ ਦਾ ਹੁਕਮ ਨਹੀਂ ਸੀ। ਸਿਪਾਹੀ ਵੀ ਉਹੀ ਜਾਂਦੇ ਸਨ, ਜਿਹੜੇ ਪੱਕੇ ਤਫ਼ਤੀਸ਼ੀਏ ਸਨ ਜਾਂ ਫਿਰ ਜਿਹੜੇ ਸਿਰਫ਼ 'ਚੰਡਾਈ' ਕਰਨ ਲਈ ਰੱਖੇ ਹੋਏ ਸਨ। ਡਿਪਟੀ ਅਜੈਬਾ ਖ਼ੁਦਾਈ ਤੇ ਐਸ.ਪੀ. ਸ਼ਰਮਾ ਦੋਵੇਂ ਅੱਧੇ

ਪਾਗਲ ਸਨ ਤੇ ਕਈ ਵਾਰ ਜੇ ਕੋਈ 'ਭਾਊ' ਨਾ ਬਕੇ ਜਾਂ ਫਿਰ ਕਿਤੇ ਦੋਹੇਂ ਕੁੱਟ-ਕੁੱਟ ਕੇ ਪਾਗਲ ਹੋਏ ਹੋਣ, ਤਾਂ ਕਿਸੇ ਨਾ ਕਿਸੇ ਸਿਪਾਹੀ ਉਪਰ ਵੀ ਗੁੱਸਾ ਕੱਢ ਦੇਂਦੇ ਸਨ। ਸੋ ਸਣੇ ਐੱਸ.ਐੱਚ.ਓ. ਅਤੇ ਸਣੇ ਸਿਪਾਹੀਆਂ, ਕੋਈ ਵੀ ਅਜੈਬੇ ਡਿਪਟੀ ਦੀ ਮਰਜੀ ਬਿਨਾਂ ਉਧਰ ਨਹੀਂ ਸੀ ਜਾਂਦਾ।

ਅੱਜ ਵੀ ਸ਼ਰਮੇ ਐੱਸ.ਪੀ. ਤੇ ਅਜੈਬੇ ਸ਼ੁਦਾਈ ਦੀਆਂ ਗੱਲਾਂ ਦੀ ਆਵਾਜ਼ ਆ ਰਹੀ ਸੀ। ਫ਼ਕੀਰੀਆ ਹੌਲਦਾਰ ਵੀ ਪਰ੍ਹਾਂ ਖੜਾ ਤੰਬਾਕੂ ਥੁੱਕ ਰਿਹਾ ਸੀ। ਇਹ ਅਜੈਬੇ ਦਾ ਖ਼ਾਸ ਬੰਦਾ ਸੀ।

ਮੇਰੇ ਰੌਂਗਟੇ ਖੜ੍ਹੇ ਹੋਣੇ ਸ਼ੁਰੂ ਹੋ ਗਏ। ਸਾਰੇ ਹੱਡਾਂ ਵਿਚ ਚਸਕ ਜਿਹੀ ਪੈਣ ਲੱਗ ਪਈ। ਫ਼ਕੀਰੀਆ ਉਦੋਂ ਹੀ ਆਪਣੇ ਕਮਰੇ ਵਿਚੋਂ ਬਾਹਰ ਨਿਕਲਦਾ ਹੁੰਦਾ ਸੀ, ਜਦੋਂ ਕਿਸੇ ਭਾਊ ਨੂੰ ਅੰਤ ਦਾ ਕੁਟਾਪਾ ਕਰਨਾ ਹੋਵੇ ਜਾਂ ਫਿਰ ਖ਼ੇਤਰਸ ਹੋ ਕੇ ਮੁਕਾਬਲਾ ਬਨਾਉਣ ਦੀ ਲੋੜ ਪਵੇ। ਫ਼ਕੀਰੀਆ ਚੌਵੀ-ਚੌਵੀ ਘੰਟੇ ਦਾਰੂ ਪੀਣ ਵਾਲਿਆਂ ਵਿਚੋਂ ਸੀ ਤੇ ਇਹਨੇ ਕਿੰਨੇ ਕੁ ਬੰਦੇ ਤੀਵੀਆਂ ਮਾਰ ਘੱਤੇ ਸਨ, ਇਹ ਤੇ ਇਹਨੂੰ ਆਪ ਵੀ ਯਾਦ ਨਹੀਂ ਹੋਣਾ। ਹੁਣ ਇਹਨੂੰ ਐੱਸ.ਆਈ. ਬਨਾਣ ਨੂੰ ਫਿਰਦੇ ਨੇ। ਪਹਿਲਾਂ ਇਹਨੂੰ ਮਜੀਠਾ ਪੁਲਿਸ ਵਾਲੇ ਅੰਮ੍ਰਿਤਸਰ ਦੇ ਭਾਊਆਂ ਨੂੰ ਬਕਾਉਣ ਵਾਸਤੇ ਲੈ ਜਾਂਦੇ ਸਨ, ਪਰ ਹੁਣ ਇਹ ਪੱਕੇ ਤੌਰ 'ਤੇ ਅੰਮ੍ਰਿਤਸਰ ਪੁਲਿਸ ਕੋਲ ਆ ਗਿਆ ਹੈ। ਕਦੀ-ਕਦੀ ਨਾਭੇ ਜੇਲ ਵਾਲੇ ਵੀ ਤੇ ਜਲੰਧਰੀਏ ਵੀ ਲਿਜਾਂਦੇ ਨੇ। ਮੈਂ ਉਨ੍ਹਾਂ ਦੀ ਗੱਡੀ ਵਿਚ ਚੜ੍ਹਦਿਆਂ-ਉਤਰਦਿਆਂ ਇਹਨੂੰ ਕਈ ਵਾਰ ਵੇਖਿਐ...ਅੱਜ ਜੇ ਫ਼ਕੀਰੀਆ ਬਾਹਰ ਏ ਤਾਂ ਜ਼ਰੂਰੀ ਹੀ ਮੇਰੀ ਚੌੜ੍ਹਾਈ ਹੋਏਗੀ ਤੇ ਜਾਂ ਫੇਰ...।

"ਭਾਅ! ਕਿਤੇ ਅੱਜ ਮੁੜ ਮੇਰੀ ਵਾਰੀ ਤੇ ਨਹੀਂ ਆ ਗਈ ਦੁਬਾਰਾ।" ਮੈਂ ਡਰਦੇ-ਡਰਦੇ ਨੇ ਆਪਣੇ ਨਾਲ ਖੜ੍ਹੇ 'ਚੰਨੇ ਨੱਥ' ਨੂੰ ਪੁੱਛ ਲਿਆ। ਉਹ ਅੱਗੋ ਹੀ ਮੈਨੂੰ ਦੱਸਣ-ਦੱਸਣ ਕਰਦਾ ਪਿਆ ਸੀ।

"ਓ ਨਹੀਂ ਓਏ ਮਾਸਟਰਾ! ਇਹ ਤਾਂ ਤੇਰੇ ਪੁਰਾਣੇ ਆੜੀ 'ਜੱਸੇ ਮਰੂਤੀ' ਦੇ ਸਵਾਗਤ ਦੀਆਂ ਤਿਆਰੀਆਂ ਨੇ! ਜਲੰਧਰ ਦੀ ਪੁਲਿਸ ਨੇ ਇਹ ਭੇਣ.... ਦੀ 'ਦੱਦਰ ਜਿਹੀ' ਆਪਣੇ ਗਲੋਂ ਲਾਹ ਕੇ ਤਰਨਤਾਰਨ ਦੀ ਪੁਲਿਸ ਦੇ ਗਲ ਪਾ 'ਤੀ ਸੀ। ਤਰਨਤਾਰਨ ਆਲੇ ਗਾੜੀਓਂ ਆਂਹਦੇ ਪਈ ਅਸੀਂ ਕਾਹਨੂੰ ਮਾਰੀਏ ਏਸ ਗੰਦ ਨੂੰ? ਅਨਾਮ ਤੇ ਮਾਰ ਕੋਈ ਹੈ ਨਹੀਂ ਇਹਦੇ ਸਿਰ ਦਾ...ਤੇ ਫਿਰ ਐੱਸ.ਐੱਸ.ਪੀ. ਆਪੂੰ ਇਹਦਾ ਫਸਤਾ ਵੱਢੇ!...ਹੁਣ ਸ਼ਰਮੇ ਐੱਸ.ਪੀ. ਤੇ ਅਜੈਬੇ ਦੀ ਡਿਊਟੀ ਲੱਗੀ ਆ ਪਈ ਤੁਸੀਂ ਇਹਦੇ ਆਲਾ ਕੰਮ ਨਬੇੜੋ।"

"...ਹੈਂ! ਜੱਸਾ ਅਜੇ ਹੈਗੈ?" ਮੈਂ ਡੌਂਬਰ ਗਿਆ ਸਾਂ। ਸਹਿਵਨ ਹੀ ਮੇਰੇ ਮੂੰਹੋਂ ਇਹ ਪੁੱਛ ਨਿਕਲ ਗਈ।

"ਤੈਨੂੰ ਨਹੀਂ ਪਤਾ? ਲੈ ਦੱਸ....। ਤੈਨੂੰ ਤੇ ਮਾਰ ਉਹਦੀ ਸਾਰੀ ਰਾਮ ਲੀਲਾ ਪਤੈ?" ਚੰਨੇ ਨੱਥ ਨੇ ਆਪਣੀ ਜਾਣੀ ਮੈਨੂੰ ਜਿਵੇਂ ਝਿੜਕਿਆ।

"...ਪਰ!...ਪਰ ਉਹਤੇ ਮਹੀਨਾ ਹੋ ਚੱਲਿਐ? ਮਰੇ ਹੋਏ ਨੂੰ। ਮੈਨੂੰ ਵਾਇਰਲੈੱਸ ਵਾਲਾ ਸੁਰਜੀਤ ਦੱਸ ਗਿਆ ਸੀ ਪਈ ਤੇਰਾ ਪੁਰਾਣਾ ਆੜੀ ਗਿਆ...। ਉਹਨੂੰ



ਮਹਿਤੇ ਚੌਂਕ ਵਾਲਾ ਸੀਤਲ ਸੂੰਹ ਨਹੀਂ ਸੀ ਮਾਰ ਗਿਆ? ਮੈਂ ਤੇ ਇਹੀ ਸੁਣਿਆ ਸੀ।" ਮੈਂ ਕਿਹਾ।

"ਕਿਹੜਾ ਸੀਤਲ ਉਏ? ਉਹ ਤੇ ਭਾਊ, ਉਹ ਵੀ ਸਾਡਾ ਈ ਬੰਦੈ। ਇੰਟੈਲੀਜੈਂਸ ਆਲਿਆਂ ਉਹਦੀ ਇਸਪੈਕਟਰ ਦੀ ਤਨਖਾਹ ਲਾਈ ਹੋਈ ਐ। ਕਹਿਣ ਨੂੰ ਉਹ 'ਭਿੰਡਰਾਂਵਾਲਾ ਟਾਈਗਰਜ਼' ਦਾ ਏਰੀਆ ਕਮਾਂਡਰ ਇਆ.....। ਉਸ ਨੇ ਤੇ ਤੇਰੇ ਏਸ ਜੱਸੇ ਯਾਰ ਦੀਆਂ ਕਰਤੂਤਾਂ ਨੰਗੀਆਂ ਕੀਤੀਆਂ ਇਆਂ। ਨਹੀਂ ਤੇ ਕਿੱਥੇ ਕੁਛ ਪਤਾ ਲੱਗਣਾ ਸੀ?" ਚੰਨੇ ਨੇ ਜਿਵੇਂ ਸੂਚਨਾ ਦੇਣ ਵਾਲਾ ਠਾਹ ਸੋਟਾ ਮੇਰੇ ਸਿਰ 'ਚ ਮਾਰਿਆ।

ਅੱਜ ਤੋਂ ਸਾਲ ਕੁ ਪਹਿਲਾਂ ਮੈਨੂੰ ਕਿਤੇ ਪਤਾ ਲਗਦਾ ਕਿ ਸੀਤਲ ਵੀ ਇੰਟੈਲੀਜੈਂਸ ਵਿਚ ਹੈ, ਤਾਂ ਮੈਂ ਬੇਹੜਾ ਬਹੁਤਾ ਹੈਰਾਨ ਹੁੰਦਾ। ਜ਼ਿਆਦਾ ਏਸ ਕਰਕੇ ਨਹੀਂ, ਕਿਉਂ ਕਿ ਦਸਾਂ ਕੁ ਸਾਲਾਂ ਦੇ ਏਸ ਅੰਡਰਗਰਾਊਂਡ ਜੀਵਨ ਵਿਚ ਮੈਂ ਅਨੇਕਾਂ ਪਾਤਰ ਦੋਹੀਂ ਬੇਨੀ ਵਿਚਰਦੇ ਵੇਖ ਚੁੱਕਾ ਸਾਂ। ਕਈ ਮੈਂ ਹੱਥੀਂ ਆਪ ਮਾਰੇ ਸਨ। ਕਈ ਮੁੜ ਪੁਲਿਸ ਵਿਚ ਚਲੇ ਗਏ। ਕਈ ਆਪਣੇ ਫੀਲੇ (ਕਾਲੀਆਂ ਬਿੱਲੀਆਂ) ਪੁਲਿਸ ਨੇ ਆਪ ਮਾਰ ਘੱਤੇ!.... ਏਹੋ ਜੱਸਾ ਮਰੂਤੀ, ਜੀਹਦੀ ਗੱਲ ਚੰਨਾ ਨੱਥ ਕਰਦਾ ਪਿਐ, ਪਹਿਲਾਂ ਬਾਬੇ ਭਿੰਡਰਾਂਵਾਲੇ ਨਾਲ ਸੀ। ਫੇਰ ਬਾਬੇ ਭਿੰਡਰਾਂਵਾਲੇ ਨੇ ਜਦੋਂ ਇਹਦੀਆਂ ਵੀ ਤੇ ਆਪਣੇ ਖ਼ਾਸ ਚੇਲੇ ਗੁਰਿੰਦਰ ਪੀ.ਟੀ. ਦੀਆਂ ਵੀ ਲੱਤਾਂ ਤੋੜੀਆਂ, ਇਹ ਤੇ ਮੁੜ ਐੱਸ.ਐੱਸ.ਪੀ ਮੁਸਤਫ਼ਾ ਆਲਮ ਦੀ 'ਕੈਟ' ਬਣ ਗਿਆ ਸੀ। ਪੀ.ਟੀ. ਇਹਦਾ ਗੁਰੂ ਅੰਦਰ ਬਲੂ ਸਟਾਰ ਵਿਚ ਮਾਰਿਆ ਗਿਆ ਸੀ। ਚਾਰ ਪੰਜ ਸਾਲ ਫੇਰ ਇਹਨੇ 'ਕੈਟ' ਬਣ ਕੇ ਕੱਟੇ ਸਨ। ਰਾਤ ਨੂੰ ਦਾਹੜਾ ਖੋਲ੍ਹ ਕੇ ਇਹਨੇ ਤਰਨਤਾਰਨ ਵਲ ਦੇ ਕਿੰਨੇ ਹੀ ਲਾਲੇ ਮਾਰੇ ਵੀ, ਲੁੱਟੇ ਵੀ ਸਨ। ਮੈਨੂੰ ਉਦੋਂ ਵੀ ਆਪਣੀ ਹਾਈ-ਕਮਾਂਡ ਵੱਲੋਂ ਹੁਕਮ ਮਿਲਦਾ ਰਹਿੰਦਾ ਸੀ ਕਿ ਜੱਸੇ 'ਕੈਟ' ਦੀ ਟਿਕਟ ਕੱਟੋ। ਪਰ ਹਰ ਵਾਰ ਮੇਰੇ ਅੱਗੇ ਉਹਦੀ ਤੇ ਮੇਰੀ ਪੁਰਾਣੀ ਲਿਹਾਜ਼ ਆ ਜਾਂਦੀ ਸੀ। ਉਹਨੇ ਸਵੇਰੇ 'ਕੈਟ' ਬਣ ਕੇ ਮਾਊਜ਼ਰ ਲਟਕਾ ਕੇ ਐੱਸ.ਪੀ. ਨਾਲ ਘੁੰਮਣਾ। ਰਾਤ ਨੂੰ ਐੱਸ.ਐੱਸ.ਪੀ. ਦੇ ਦੱਸੇ ਇਲਾਕਿਆਂ ਤੇ ਘਰਾਂ ਤੇ ਲੁੱਟ-ਖੋਹ ਕਰਨੀ, ਜਾਂ ਟੱਬਰ ਮਾਰ ਆਉਣਾ। ਹਿੱਸਾ-ਪੱਤੀ ਚੰਡੀਗੜ੍ਹ ਤੋਂ ਲੈ ਕੇ ਐੱਸ.ਪੀ. ਸਿਟੀ, ਐੱਸ.ਪੀ. (ਡੀ) ਤੇ ਐੱਸ.ਪੀ. (ਸੀ.ਆਈ.ਡੀ.) ਨੂੰ ਬਰਾਬਰ ਪਹੁੰਚਾਉਣਾ। ਕਦੀ-ਕਦੀ ਉਹਨੇ ਮੈਨੂੰ ਤਰਨਤਾਰਨ ਰੋਡ ਤੇ ਮਿਲ ਪੈਣਾ ਜਾਂ ਫਿਰ ਬਾਬੇ ਸ਼ਹੀਦੀਂ, ਜਿੱਥੇ ਮੈਂ ਲਾਂਗਰੀ ਬਣ ਕੇ ਰੋਜ਼ ਦੁਪਿਹਰਾ ਕੱਟਦਾ ਸਾਂ। ਨਾ ਉਹਨੇ ਮੈਨੂੰ ਪਛਾਨਣ ਦਾ ਵਿਖਾਵਾ ਕਰਨਾ, ਤੇ ਨਾ ਮੈਂ ਅੱਖ ਬਚਾਣ ਦਾ ਵਿਖਾਵਾ ਕਰਨਾ। ਓਪਰਿਆਂ ਵਾਂਗ ਅਸੀਂ ਕੋਲੋਂ ਲੰਘ ਜਾਣਾ। ਕੋਈ ਜਾਨ ਤੇ ਭੀੜ ਬਣਨ ਦਾ ਸਮਾਂ ਪੈਣਾ ਤਾਂ ਉਹਨੇ ਸਗੋਂ ਮੇਰੀ ਮਦਦ ਲਈ ਦੂਸਰੇ ਲਾਂਗਰੀ 'ਤੋਚੀ' ਨੂੰ ਸੁਨੇਹਾ ਦੇ ਜਾਣਾ...

ਉਹਦੇ ਆਖੇ ਤੇ ਮੈਂ ਉਹਦੇ ਇਕ-ਦੋ ਕੰਮ ਕੀਤੇ ਸਨ। ਵੱਡਾ ਕੰਮ ਮੈਂ ਉਹਦੇ ਕਹੇ ਤੇ 'ਰੂਬੀ ਕੈਟ' ਦਾ....

"ਓਏ! ਥੰਮਲੇ 'ਚ ਵੱਜੀ ਜਾਨੈਂ....। ਭਾਊ! ਗਾਡੀ ਕਿੱਧਰ...? ਧਿਆਨ ਤੇਰਾ ਮਾਈਂ...ਪਤਾ ਨਹੀਂ ਕਿੱਥੇ ਆ? ਸੁਰਤ ਤਾਂਹ ਚੜ੍ਹੀ ਊ?" ਚੰਨੇ ਨੱਥ ਨੇ ਮੇਰੀ

ਬਿਰਤੀ ਤੋੜ ਦਿੱਤੀ।

"....ਆ...ਹੈਂ, ਨਹੀਂ, ਮੈਂ ਤਾਂ ਆਪ ਹੀ ਜੱਸੇ ਬਾਰੇ ਸੋਚਣ ਡਿਹਾਂ! ਕਦੋਂ ਲਿਆਉਣੈ ਉਹਨੂੰ," ਮੈਂ ਹੈਰਾਨੀ ਦੇ ਭੈਅ ਦੇ ਰਲੇ-ਮਿਲੇ ਭਾਵਾਂ ਨਾਲ ਕਿਹਾ।

"ਓ ਨਾ, ਭੈਣ ਦੇ ਯਾਰ ਕੋਲੋਂ ਪੈਹਿਆਂ ਦਾ ਹਿਸਾਬ ਲੈਣ ਡਹੇ ਸਨ ਇਕ ਤੇ। ਮਾਰ ਸੈਂਤੀ ਲੱਖ ਤੇ ਉਹਦੀ ਰਣਜੀਤ ਐਵੇਨਿਊ, ਅੰਬਰਸਰ ਵਾਲੀ ਕੋਠੀ ਚੋਂ ਲਿਆਂਦੇ। ਸਾਢੇ ਚਾਰ ਲੱਖ ਤੇ ਦੋ ਕਿੱਲੋ ਸੋਨਾ ਉਹਦੇ ਬਟਾਲੇ ਵਾਲੇ ਟਿਕਾਣੇ ਤੋਂ ਲੱਭੇ। ਤੇ ਜਿਹੜਾ 'ਗਿੰਦੋ ਸ਼ਪੈਹਣ'" ਦੇ ਬੇਦ ਪਏ ਘਰ ਚੋਂ ਕਿਤੇ ਨੋਟ ਮਿਲਿਐ....। ਮਾਰ ਕਹਿਣ-ਸੁਣਨ ਤੋਂ ਬਾਹਰਾ....। ਚੰਨੇ ਨੇ ਦੱਸਿਆ।

"ਗਿੰਦੋ ਆਪ ਕਿੱਥੇ ਆ ਹੁਣ?" ਮੈਂ ਗਿੰਦੋ ਸ਼ਪੈਹਣ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਏਸ ਲਈ ਉਤਸੁਕਤਾ ਵੱਸ ਮੈਂ ਨੱਥ ਨੂੰ ਪੁੱਛ ਬੈਠਾ।

ਚੰਨੇ ਨੇ ਪਹਿਲੇ ਗਾਹਲਾਂ ਦੀ ਚੰਗੀ-ਚੋਖੀ ਸੁਰਲ ਛੱਡੀ ਤੇ ਫੇਰ ਥੁੱਕ ਕੇ ਕਹਿਣ ਲੱਗਾ: "ਇਹਨੇ ਤੇਰੇ ਯਾਰ 'ਮਰੂਤੀ' ਨੇ ਸਾਲ ਹੋ ਗਿਆ, ਮਾਰ ਕੇ ਸਾੜ 'ਤੀ ਸੀ ਡੀਜ਼ਲ ਪਾ ਕੇ। ਉਹ ਤੇ ਜਦੋਂ ਇਹਦੇ ਛਤਰੌਲ ਸ਼ੁਰੂ ਹੋਈ, ਇਹਨੇ ਬਾਕੀ ਕਤਲਾਂ ਨਾਲ ਗਿੰਦੋ ਦਾ ਕਤਲ ਵੀ ਮੰਨਿਆ। ਪਰ ਏਨੇ ਮਹੀਨਿਆਂ ਬਾਅਦ ਉਸ ਵਿਚਾਰੀ ਦੀ ਲੋਥ ਕਿੱਥੋਂ ਲੱਭਣੀ ਸੀ? ਉਹਦੀ ਤੇ ਸ਼ੋਹਦੀ ਸਵਾਹ ਵੀ ਨਹੀਂ ਲੱਭੀ।" ਚੰਨਾ ਆਪਣੀ ਟੇਪ ਚਲਾਈ ਜਾ ਰਿਹਾ ਸੀ...

ਮੇਰੀਆਂ ਅੱਖਾਂ ਅੱਗੇ ਗਿੰਦੋ ਦਾ ਚੰਨਣ ਵਰਗਾ ਪਿੰਡਾ ਆ ਗਿਆ। ਏਡੀ ਨਰੋਈ ਤੇ ਸੁੰਦਰ ਦੇਹੀ ਦੇ ਡੀਜ਼ਲ ਪਾ ਕੇ ਸਾੜੇ ਜਾਣ ਤੋਂ ਹੀ ਸੋਚ ਕੇ ਮੈਨੂੰ ਝੁਣਝੁਣੀ ਜਿਹੀ ਆ ਗਈ। ਫਿਰ ਅਗਲੇ ਹੀ ਪਲ ਖ਼ਿਆਲ ਆਇਆ ਕਿ ਏਨਾ ਕੁਝ ਵੇਖ ਲਿਐ ਕਿ ਸੱਤ ਜਨਮਾਂ ਤਕ ਮੁੜ ਕੇ ਏਨੀ ਵਹਿਸ਼ਤ ਨਾ ਵੇਖੀ ਜਾਣੀ ਏ, ਨਾ ਹੀ ਦੁਬਾਰਾ ਹੱਥੀਂ ਏਨੇ ਖ਼ੂਨ ਕਰ ਹੋਣੇ ਨੇ, ਫੇਰ ਮਨਾਂ ! ਤੈਨੂੰ ਕਾਹਦੀ ਧੁੜਧੁੜੀ ਉਠਦੀ ਐ? ਅਗਲੀ ਸੋਚ ਨੇ ਹੋਰ ਹੀ ਹੁੰਗਾਰਾ ਦਿੱਤਾ ਕਿ ਧੁੜਧੁੜੀ ਭਾਂ ਅਜੇ ਇਹੀ ਸਾਬਤ ਕਰਦੀ ਐ ਕਿ, ਅਜੇ ਅੰਦਰ ਦਿਲ ਧੜਕਦੇ....। ਅਜੇ ਤਰਸ ਦੇ ਸਰੋਤ ਪੂਰੀ ਤਰ੍ਹਾਂ ਸੁੱਕੇ ਨਹੀਂ।

....ਆਪਣੇ ਬਾਰੇ ਕੁਝ ਕੂਲਾ ਜਿਹਾ ਸੋਚ ਕੇ ਮੇਰੇ ਬੁੱਲ੍ਹਾਂ ਤੇ ਆਪੇ ਹੀ ਮੁਸਕਰਾਹਟ ਆ ਗਈ। ਮੈਂ ਵੀ ਇਹ ਭੁੱਲ ਗਿਆ ਕਿ ਚੰਨਾ ਮੇਰੇ ਹੀ ਮੂੰਹ ਵੱਲ ਤੱਕ ਰਿਹਾ ਹੈ।

"ਕੀ ਗੱਲ ਇਆ? ਬੜੀਆਂ ਦੰਦੀਆਂ ਨਿਕਲਦੀਐਂ?" ਚੰਨਾ ਮੇਰੇ ਮੂੰਹ ਵਲ ਤੱਕ ਕੇ ਕਹਿਣ ਲੱਗਾ।

"ਹੈਂ! ਓ ਨਹੀਂ ਭਾਅ! ਦੰਦੀਆਂ ਕਿੱਥੇ? ਇਹ ਤੇ ਪੁਰਾਣੇ ਦਿਨਾਂ ਨੂੰ ਯਾਦ ਕਰਕੇ ਮਨ ਹੋਰ ਜਿਹਾ ਹੋ ਜਾਂਦੇ..ਹੋਰ ਕੋਈ ਗੱਲ ਨਹੀਂ।" ਮੈਂ ਜਿਵੇਂ ਪਰਤ ਆਇਆ।

ਇਸ ਦੌਰਾਨ ਮੈਂ ਮਹਿਸੂਸ ਕੀਤਾ ਕਿ ਮੈਂ ਲਗਾਤਾਰ ਥੰਮਲੇ ਨਾਲ ਢੋਹ ਲਾਈ ਕਿੰਨੇ ਮਿੰਟਾਂ ਦਾ ਖੜ੍ਹਾ ਹਾਂ। ਮਾਨੋ ਕੋਈ ਚੀਜ਼ ਮੈਨੂੰ ਹੇਠਾਂ ਲਿਜਾ ਰਹੀ ਹੈ।... ਮੇਰੇ ਅੰਦਰੋਂ ਆਵਾਜ਼ ਆ ਰਹੀ ਕਿ ਮਾਰ ਖਾ-ਖਾ ਕੇ ਲੱਤਾਂ ਦੀ ਤਾਕਤ ਵੀ ਮੁੱਕ ਗਈ ਹੈ ਤੇ ਦਿਲ ਦਿਮਾਗ ਵੀ ਜਵਾਬ ਦੇਈ ਜਾ ਰਹੇ ਹਨ।



"...ਭਾਅ! ਜੇ ਕਹੇਂ ਤਾਂ ਮੈਂ ਭੁੰਜੇ ਬਹਿ ਜਾਵਾਂ। ਮੇਰੀਆਂ ਲੱਤਾਂ ਹੁਣ ਮਰੀਆਂ ਜਿਹੀਆਂ ਰਹਿੰਦੀਆਂ ਨੇ। ਮੈਥੋਂ ਹੁਣ ਹੋਰ ਖੜ੍ਹਾ ਨਹੀਂ ਹੋਇਆ ਜਾਂਦਾ।" ਮੈਂ ਬੜੀ ਆਜਿਜ਼ੀ ਨਾਲ ਨੱਥ ਨੂੰ ਬੇਨਤੀ ਕੀਤੀ।

"ਮਖ! ਮੇਰੀ ਅੱਲੋਂ ਤੂੰ ਜੰਮ-ਜੰਮ ਬਹੁ। ਬਹਿ ਜਾ, ਬਹਿ ਜਾ। ਪਰ ਜਦੋਂ ਡਿਪਟੀ ਦੀ ਮਾੜੀ ਜਿਹੀ ਵਾਜ ਵੀ ਆਏ, ਉਸ ਵੇਲੇ ਉਠ ਕੇ ਖਲੋ ਜਾਈਂ। ਅਜੈਬੇ ਦਾ ਤੈਨੂੰ ਸੁਭਾ ਪਤਾ ਈ ਐ।" ਨੱਥ ਨੇ ਸੁਚੇਤ ਕੀਤਾ।

"...ਮੈਂ ਕਿਤੇ ਭੁੱਲਦਾਂ ਅਜੈਬੇ ਨੂੰ। ਭਾਅ, ਚਿੰਤਾ ਛੱਡ ਦੇਹ। ਵਾਜ ਪੈਣ ਦੀ ਡੇਰ ਆ, ਮੈਂ ਟੈਨਸ਼ਨ ਖੜ੍ਹਾ ਦਿਖੂੰਗਾ।" ਅਜੈਬੇ ਦੇ ਨਾਂ ਤੋਂ ਹੀ ਮੈਨੂੰ ਧੁੜਧੁੜੀ ਆ ਗਈ ਸੀ।

"ਚੰਗਾ, ਬਹੁ ਇਥੇ ਹੀ ਫੇਰ। ਮੈਂ ਚਾਹ ਦਾ ਕੱਪ ਭੇਜਦਾਂ ਤੇਰੇ ਲਈ। ਇਹਨਾਂ ਪਤਾ ਨਹੀਂ ਕਦੋਂ ਆਪਣੇ ਬਣੇਈਏ 'ਜੱਸੇ' ਨੂੰ ਲੈ ਕੇ ਆਉਣੈ? ਖੌਰੇ ਘੰਟਾ, ਦੋ ਘੰਟੇ ਕਿ ਤਿੰਨ ਵੀ ਲੱਗ ਜਾਣ।" ਚੰਨੇ ਨੇ ਕਿਹਾ।

ਮੈਂ ਮਸਕੀਨਾਂ ਵਾਂਗ ਹੱਥ ਜੋੜੇ ਤੇ ਅੱਖਾਂ ਰਾਹੀਂ ਹੀ ਉਸ ਦਾ ਧੰਨਵਾਦ ਕੀਤਾ ਬਾਅਦ ਵਿਚ ਮੈਨੂੰ ਆਪਣੇ ਜੁੜੇ ਹੱਥਾਂ ਤੇ ਹੈਰਾਨੀ ਹੋਈ। ਕਿੱਥੇ ਮੇਰੇ ਨਾਂ ਤੇ ਪੰਜਾਹ ਲੱਖ ਦਾ ਇਨਾਮ ਸੀ। ਕਦੇ ਸਾਰਾ ਪੰਜਾਬ ਮੇਰੇ ਨਾਂ ਤੋਂ ਡਰਦਾ ਸੀ। ਅੱਜ ਮੈਂ ਮੰਗਤਾ ਹਾਂ।... ਮੈਂ ਕੀ ਦਾ ਕੀ ਹੋ ਗਿਆਂ?" ਮੈਂ ਆਪਣੇ ਜੁੜੇ ਹੱਥਾਂ ਵਲ ਕਿੰਨੀ ਦੇਰ ਵੇਖਦਾ ਰਿਹਾ ਸਾਂ।

ਥੰਮਲੇ ਨਾਲ ਢੋਅ ਲਾ ਕੇ ਬੈਠਿਆਂ ਮੇਰੀ ਸੁਰਤ 'ਜੱਸੇ ਮਰੂਤੀ' ਵਲ ਮੁੜ ਗਈ। ਅਤੀਤ ਮੇਰੀਆਂ ਅੱਖਾਂ ਅੱਗੇ ਇਉਂ ਸਹਿਜ ਨਾਲ ਘੁੰਮਣ ਲੱਗਾ ਕਿ ਮਨੋਂ ਮੈਂ ਅੱਜ ਵੀ ਉਥੇ ਹੀ ਤੁਰਦਾ ਫਿਰਦਾ ਹੋਵਾਂ।

ਜੱਸਾ ਮਰੂਤੀ ਤਕਰੀਬਨ ਮੇਰੇ ਨਾਲ ਹੀ ਸੰਤਾਂ ਦੇ ਸੰਪਰਕ ਵਿਚ ਆਇਆ ਸੀ। ਮੈਂ ਸੈਨ ਕਿਆਸੀ ਵਿਚ ਬੀ.ਐੱਡ. ਕਰਕੇ ਤਰਨਤਾਰਨ ਰੋਡ ਤੇ 'ਕਲਗੀਧਰ ਖ਼ਾਲਸਾ' ਸਕੂਲ ਵਿਚ ਲਗ ਗਿਆ ਸਾਂ। ਸਕੂਲ ਮਿਡਲ ਤਕ ਸੀ, ਸ਼੍ਰੋਮਣੀ ਕਮੇਟੀ ਦੇ ਅਧੀਨ ਸੀ ਤੇ ਪੈਨਸ਼ਨੇਬਲ ਨੌਕਰੀ ਸੀ। ਮੈਂ ਪੱਕਾ ਸਾਂ ਤੇ ਸੁਹਣੀ ਨਿਭ ਰਹੀ ਸੀ। ਵਿਆਹ ਦੀ ਤਿਆਰੀ ਸੀ। ਏਦਾਂ ਹੀ ਸਾਲ, ਦੋ ਸਾਲ ਲੰਘ ਗਏ ਸਨ। ਇਕ ਦਿਨ ਮੈਨੂੰ ਸਕੂਲ ਦੇ ਪ੍ਰਧਾਨ ਨੂੰ ਮਿਲਣ ਦਰਬਾਰ ਸਾਹਿਬ ਅੰਮ੍ਰਿਤਸਰ ਜਾਣਾ ਪਿਆ। ਗੁਰੂ ਨਾਨਕ ਨਿਵਾਸ ਤੋਂ ਅੱਗੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸਨ। ਮੈਨੂੰ ਦਫ਼ਤਰ ਦੇ ਬਾਹਰ ਬਣੇ ਬਰਾਂਡੇ ਵਿਚ ਬੈਠਣ ਤੇ ਇੰਤਜ਼ਾਰ ਕਰਨ ਲਈ ਕਿਹਾ ਗਿਆ ਸੀ। ਮੈਂ ਮਿਥੇ ਸਮੇਂ 'ਤੇ ਅੱਪੜ ਗਿਆ ਸਾਂ।

ਇਹ ਸੰਤ ਭਿੰਡਰਾਂਵਾਲਿਆਂ ਦੀ ਪੂਰੀ ਚੜ੍ਹਾਈ ਦੇ ਦਿਨ ਸਨ। ਅਕਾਲ ਰੈਸਟ-ਹਾਊਸ ਤੋਂ ਲੈ ਕੇ ਗੁਰਦੁਆਰਾ ਬਾਬਾ ਅਟੱਲ ਜੀ ਤਕ ਸੰਤਾਂ ਦੇ ਸੇਵਕ ਰਿਵਾਲਵਰ ਪਾ ਕੇ ਘੁੰਮ ਰਹੇ ਸਨ। ਅੱਗੋਂ ਮੰਜੀ ਸਾਹਿਬ ਵਿਖੇ ਵੀ ਸ਼ਸਤਰਧਾਰੀ ਸਿੰਘ ਹਮੇਸ਼ਾਂ ਬੈਠੇ ਰਹਿੰਦੇ ਸਨ। ਦੋਹਾਂ ਧੜਿਆਂ ਦੇ ਸਿੰਘ ਹਮੇਸ਼ਾ ਪਹਿਰੇ ਤੇ ਰਹਿੰਦੇ ਸਨ। ਅਕਾਲ ਰੈਸਟ ਹਾਊਸ ਤੇ ਬੱਬਰਾਂ ਦਾ ਕਬਜ਼ਾ ਸੀ ਤੇ ਸਰਾਂ ਤੇ ਲੰਗਰ ਦੀ ਛੱਤ ਤੇ ਸੰਤਾਂ

ਦੇ ਸੇਵਕ ਸਨ। ਬੱਬਰਾਂ ਦੇ ਸਿਰਫ਼ ਬਾਰਾਂ ਜਣਿਆਂ ਦੀ ਭਰਤੀ ਸੀ ਤੇ ਤੇਰ੍ਹਵਾਂ ਉਨ੍ਹਾਂ ਦਾ ਮੁਖੀ ਜਰਮਨ ਭੱਜ ਗਿਆ ਹੋਇਆ ਸੀ।

ਉਥੇ ਮੈਨੂੰ ਇੰਤਜ਼ਾਰ ਕਰਦਿਆਂ ਸਮਾਂ ਹੋ ਗਿਆ। ਅੱਕ ਕੇ ਮੈਂ ਦਫ਼ਤਰੋਂ ਬਾਹਰ ਆ ਕੇ ਗੁਰਦੁਆਰਾ ਬਾਬਾ ਅਟੱਲ ਦੇ ਸਾਹਮਣੇ ਇਕ ਮਾਤਰ ਚਾਹ ਦੀ ਦੁਕਾਨ ਤੋਂ ਚਾਹ ਬਣਵਾ ਲਈ। ਸਾਹਮਣੇ ਦਿਸਦੇ ਉਚੇ ਪੁਰਾਣੇ ਅੰਬਰਸਰੀ ਮਕਾਨਾਂ ਦੀ ਛੱਤ 'ਤੇ ਸੀ.ਆਰ.ਪੀ. ਦੇ ਮੋਰਚੇ ਬਣੇ ਦਿਸਦੇ ਸਨ। ਸੀ.ਆਰ.ਪੀ. ਦੇ ਜਵਾਨ ਵੀ ਕਦੇ-ਕਦੇ ਸਿਰ ਕੱਢਦੇ। ਉਨ੍ਹਾਂ ਨੂੰ ਗੁਰਦੁਆਰਾ ਬਾਬਾ ਅਟੱਲ ਤੋਂ ਅੱਗੇ ਵਧਣ ਦਾ ਹੁਕਮ ਨਹੀਂ ਸੀ। ਉਧਰੋਂ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਹੋਟਲ ਤਕ ਆਉਣ ਦਾ ਹੀ ਹੁਕਮ ਸੀ। ਮੈਂ ਖਾੜਕੂਆਂ ਤੇ ਸੀ.ਆਰ.ਪੀ. ਦੀ ਕਸ਼ਮਕਸ਼ ਬਾਬਤ ਹੀ ਸੋਚਦਾ ਚਾਹ ਪੀ ਰਿਹਾ ਸਾਂ ਕਿ ਮੇਰਾ ਨਾਂ ਲੈ ਕੇ ਕਿਸੇ ਨੇ ਆਵਾਜ਼ ਮਾਰੀ। ਮੈਂ ਪਿੱਛੇ ਪਰਤ ਕੇ ਵੇਖਿਆ ਤਾਂ ਮੇਰਾ ਬੀ.ਏ., ਬੀ.ਐੱਡ. ਦਾ ਜਮਾਤੀ ਜੋਤੀ ਹੁੰਦਲ ਖੜ੍ਹਾ ਸੀ। ਲੰਮਾ ਕੁੜਤਾ-ਪਜਾਮਾ, ਗੋਲ ਪੱਗ ਤੇ ਗਲ ਵਿਚ ਮਾਊਜ਼ਰ ਦੀ ਡੋਰੀ ਪਾਈ ਉਹ ਵੱਖਰਾ ਹੀ ਲੱਗ ਰਿਹਾ ਸੀ। ਪਰ ਮੈਂ ਪਹਿਲੀ ਨਜ਼ਰੇ ਹੀ ਉਸ ਨੂੰ ਪਛਾਣ ਲਿਆ। ਸਾਲ-ਦੋ ਸਾਲ ਪਿਛੋਂ ਮਿਲਣ ਕਾਰਣ ਉਸ ਕੋਲ ਦੱਸਣ ਲਈ ਕਈ ਕੁਝ ਸੀ। ਸਿੱਖ ਸਟੂਡੈਂਟ ਫ਼ੈਡਰੇਸ਼ਨ ਵਿਚ ਰਿਹਾ ਹੋਣ ਕਾਰਣ ਉਹ ਵੀ ਬਾਕੀ ਸਾਥੀਆਂ ਸਮੇਤ ਸੰਤਾਂ ਦੇ ਧੜੇ ਵਿਚ ਸ਼ਾਮਿਲ ਹੋ ਗਿਆ ਸੀ। ਸੰਧੂ ਗਰੁੱਪ ਨੇ, ਸਾਰੇ ਦੇ ਸਾਰੇ ਨੇ ਸੰਤਾਂ ਨੂੰ ਆਪਣਾ ਆਗੂ ਮੰਨ ਲਿਆ ਸੀ। ਦੂਸਰਾ ਧੜਾ ਵੀ ਭਾਵੇਂ ਵਿਦਿਆਰਥੀਆਂ ਦਾ ਸੀ, ਪਰ ਉਹ ਪ੍ਰੋ: ਕੰਦੂਕਾਦਰੇ ਅਧੀਨ ਸੰਤ ਲੌਂਗੋਵਾਲ ਨਾਲ ਸਨ। ਪਰ ਉਨ੍ਹਾਂ ਕੋਲ ਹਥਿਆਰ ਨਾ ਮਾਤਰ ਸਨ। ਇਧਰ ਹਥਿਆਰ ਵਧੇਰੇ ਸਨ।

ਮੇਰੇ ਨਾਲ ਗੱਲਾਂ ਕਰਦਾ ਹੁੰਦਲ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੱਕ ਆਇਆ। ਮੈਂ ਦੱਸਿਆ ਕਿ ਮੈਂ ਤੇ ਪ੍ਰਧਾਨ ਨੂੰ ਮਿਲਣ ਆਇਆ ਸਾਂ। ਸਾਡੇ ਸਕੂਲ ਦੇ ਪ੍ਰਧਾਨ ਦੀ ਕਮੇਟੀ ਨਾਲ ਬੜੀ ਨੇੜਤਾ ਹੈ। ਸੁਣ ਕੇ ਉਹ ਹੱਸਣ ਲੱਗ ਪਿਆ ਤੇ ਕਹਿਣ ਲੱਗਾ, "ਕੋਈ ਕੰਮ ਹੈ ਈ ਤੇ ਦੱਸ। ਇਥੇ ਸਾਡੇ ਹੁਕਮ ਬਿਨਾਂ ਬੰਦੇ ਮੁੜਣ ਤਕ ਨਹੀਂ ਜਾ ਸਕਦੇ।" ਹੱਸਦੇ ਹੀ ਉਹ ਵਿਦਾ ਹੋ ਗਿਆ ਤੇ ਗੁਰੂ ਨਾਨਕ ਨਿਵਾਸ ਲੰਘ ਗਿਆ।

ਜਦੋਂ ਮੈਂ ਦੁਬਾਰਾ ਅੰਦਰ ਗਿਆ ਤਾਂ ਮੈਂ ਵੇਖਿਆ, ਦੂਰੋਂ ਹੀ ਮੇਰੇ ਸਕੂਲ ਦਾ ਪ੍ਰਧਾਨ ਮੇਰੇ ਵਲ ਵੇਖ ਰਿਹਾ ਸੀ। ਮੇਰੇ ਮਨ ਵਿਚ ਨਾ ਕੋਈ ਭਾਵ ਤੇ ਨਾ ਕੋਈ ਭੈਅ, ਮੈਂ ਸੁੱਤੇ ਸਿਧ ਜਾ ਉਹਨੂੰ ਫ਼ਤਹਿ ਬੁਲਾਈ। ਉਹਦਾ ਰੌਂ ਪਰ ਕੁਝ ਉੱਖੜਿਆ ਸੀ। ਫ਼ਤਹਿ ਦਾ ਜਵਾਬ ਦੇ ਕੇ ਉਸ ਸਿੱਧਾ ਹੀ ਪੁੱਛ ਲਿਆ, "ਇਹ ਕਿੰਦਾਂ ਜਾਣਦੇ ਤੁਹਾਨੂੰ ?"

ਮੈਂ ਅੰਦਰੋਂ ਉਹਦੇ ਰੌਅ ਤੋਂ ਥੋੜ੍ਹਾ ਜਿਹਾ ਘਬਰਾ ਗਿਆ ਸਾਂ। ਪਰ ਮੈਂ ਪੱਕੀ ਆਵਾਜ਼ ਨਾਲ ਦੱਸਿਆ ਕਿ ਮੇਰਾ ਬੀ.ਐੱਡ. ਦਾ ਜਮਾਤੀ ਹੈ। ਪਹਿਲੇ ਦੋ ਕੁ ਮਿੰਟ ਉਹ ਚੁੱਪ ਰਿਹਾ, ਅੰਤ ਉਸ ਦੁਚਿੱਤੀ ਛੱਡ ਕੇ ਕਹਿ ਹੀ ਦਿੱਤਾ।

"ਮਾਸਟਰ ਜੀ! ਤੁਸੀਂ ਕਿਹੜੇ ਵੇਲਿਆਂ ਵਿਚੋਂ ਲੰਘ ਰਹੇ ਹੋ ? ਤੁਹਾਨੂੰ ਕਿਹੜਾ ਸਭ ਦਿਸਦਾ ਨਹੀਂ ? ਅਸੀਂ ਤੇ ਟਕਸਾਲੀ ਅਕਾਲੀ ਹਾਂ। ਏਜੰਸੀਆਂ ਨੂੰ ਸਾਡਾ ਸਭ



ਕੁਝ ਪਤੈ। ਪਰ ਤੁਸੀਂ ਤਾਂ ਅਸਲੋਂ ਨਵੇਂ ਸਾਓ। ਹੁਣ ਤੱਕ ਵੀਹ ਅੱਖਾਂ ਨੇ ਤੁਹਾਨੂੰ ਵੇਖ ਲਿਆ ਹੋਣੈ ਉਹਦੇ ਨਾਲ ਗੱਲਾਂ ਕਰਦਿਆਂ। ਤੇ ਉਹ ਵੀਹ ਦੀਆਂ ਵੀਹ ਅੱਖਾਂ ਹੀ ਜਾਂ ਤੇ ਸੀ.ਆਈ.ਡੀ. ਜਾਂ ਫਿਰ ਪੁਲਿਸ ਦੇ ਸੂਹੀਆਂ ਕੁੱਤਿਆਂ ਦੀਆਂ ਹੋਣੀਆਂ ਨੇ। ਨਾਲੇ ਜਿਸ ਹੁੰਦਲ-ਹਾਂਦਲ ਜਿਹੇ ਨਾਲ ਤੁਸੀਂ ਬੀ.ਐੱਡ. ਵੇਲੇ ਦਾ ਦੋਸਤ ਹੋਣ ਦਾ ਦਾਅਵਾ ਕਰ ਰਹੇ ਸਾਓ, ਉਹਦੇ ਬਾਰੇ ਸੰਤ ਲੌਂਗੋਵਾਲ ਕੋਲ ਏਹੀ ਖ਼ਬਰ ਪਹੁੰਚੀ ਹੈ ਕਿ ਉਹ ਵੀ ਪੰਜਾਬ ਪੁਲਿਸ ਦਾ ਕਾਂਸਟੇਬਲ ਹੈ ਤੇ ਇੰਟੈਲੀਜੈਂਸ ਨੇ ਹੀ ਏਥੇ ਫ਼ਿੱਟ ਕੀਤਾ ਹੈ। ਉਤੋਂ ਸਿਆਪਾ ਇਹ ਵੇ ਕਿ ਸੰਤ ਭਿੰਡਰਾਂਵਾਲੇ ਕਦੇ ਵੀ ਲੌਂਗੋਵਾਲ ਜੀ ਦੀ ਸੂਚਨਾ ਨੂੰ ਸੱਚ ਨਹੀਂ ਮੰਨਦੇ।"

ਅਚਾਨਕ ਡਰ ਨਾਲ ਮੇਰੀਆਂ ਲੱਤਾਂ ਉਦੋਂ ਕੰਬ ਗਈਆਂ ਸਨ। ਅੱਜ ਮੈਂ ਜਿੰਨੇ ਤਸੀਹੇ ਝੱਲੇ ਨੇ, ਮਨ ਤਗੜਾ ਹੈ, ਪਰ ਤਨ ਖੋਖਲਾ ਹੈ। ਉਦੋਂ ਤਨ ਤਗੜਾ ਸੀ, ਪਰ ਮਨ ਡਰਪੋਕ ਸੀ। ਇੰਟੈਲੀਜੈਂਸ ਦੀਆਂ ਗੱਲਾਂ ਬਾਰੇ ਸੁਣ ਕੇ ਅਤੇ ਹਰ ਦੂਜੇ ਬੰਦੇ ਦਾ ਸੀ.ਆਈ.ਡੀ. ਦਾ ਹੋਣ ਬਾਰੇ ਸੋਚ ਕੇ ਮੈਂ ਡਰ ਗਿਆ ਸਾਂ ਤੇ ਪ੍ਰਧਾਨ ਸਾਹਮਣੇ ਅਵਾਕ ਖੜ੍ਹਾ ਸਾਂ। ਮੇਰੀ ਮੱਤ ਮਾਰੀ ਗਈ ਸੀ।

"ਹੁਣ ਜਾਓ ਤੁਸੀਂ ਘਰ! ਤੇ ਬਚ ਕੇ ਰਹਿਓ। ਮੈਨੂੰ ਸ਼ੱਕ ਹੈ ਕਿ ਇਹ ਹੁੰਦਲ ਹੀ ਕਿਧਰੇ ਤੁਹਾਡੀਆਂ ਥੋੜੀਆਂ ਵਿਚ ਵੱਟੇ ਨਾ ਪਾਏ।" ਪ੍ਰਧਾਨ ਜੀ ਨੇ ਮੈਨੂੰ ਇਹ ਕਹਿ ਕੇ ਤੋਰ ਦਿੱਤਾ ਸੀ।

ਉਦੋਂ ਕੀ ਪਤਾ ਸੀ ਕਿ ਪ੍ਰਧਾਨ ਜੀ ਦਾ ਕਿਹਾ ਇਕ-ਇਕ ਅੱਖਰ ਸੱਚਾ ਸਾਬਤ ਹੋਵੇਗਾ। ਤੇ ਇਕ ਦਿਨ ਏਹੀ ਹੁੰਦਲ ਤੇ ਏਹੀ ਏਜੰਸੀਆਂ ਦੇ ਸੂਹੀਏ ਕੁੱਤੇ ਮੇਰੇ ਘਰ-ਸੰਸਾਰ ਦਾ ਤੀਲਾ-ਤੀਲਾ ਬਖੇਰ ਛੱਡਣਗੇ।

ਉਹੀ ਗੱਲ ਹੋਈ ਸੀ। ਦਸ ਕੁ ਦਿਨਾਂ ਤੱਕ ਮੈਨੂੰ ਮਹਿਸੂਸ ਹੋਣ ਲੱਗਾ ਕਿ ਮੇਰੇ 'ਤੇ ਨਿਗਾਹ ਰੱਖੀ ਜਾ ਰਹੀ ਹੈ। ਪਰ ਮੇਰੇ ਕੋਲੋਂ ਬੰਦੇ ਨਹੀਂ ਟਰੇਸ ਹੋ ਰਹੇ ਸਨ। ਇਸ ਤੋਂ ਕੁਝ ਦਿਨਾਂ ਮਗਰੋਂ ਹੀ ਅਚਾਨਕ ਜੋਤੀ ਹੁੰਦਲ ਤੇ ਉਹਦੇ ਨਾਲ ਇਕ ਭਾਰਾ ਜਿਹਾ ਸਰਦਾਰ ਮੇਰੇ ਘਰ ਆ ਗਏ। ਮੇਰੀ ਮਾਂ ਘਰ ਹੀ ਸੀ। ਛੋਟਾ ਭਰਾ ਤੇ ਭਾਪੇ ਹੁਰੀਂ ਕੰਮਾਂ-ਕਾਰਾਂ ਤੇ ਸਨ। ਉਨ੍ਹਾਂ ਨੂੰ ਵੇਖ ਕੇ ਮੈਂ ਡਰ ਗਿਆ ਸਾਂ। ਪਰ ਰਸਮੀਂ ਮੈਂ ਉਨ੍ਹਾਂ ਦਾ ਸਵਾਗਤ ਕੀਤਾ। ਉਹ ਵੀ ਪੰਜ-ਸੱਤ ਮਿੰਟ ਬਹਿ ਕੇ ਤੇ ਚਾਹ ਦਾ ਕੱਪ ਪੀ ਕੇ ਟੁਰ ਗਏ ਸਨ। ਜਾਂਦੇ-ਜਾਂਦੇ ਉਹ ਮੈਨੂੰ ਥੈਲਾ-ਜਿਹਾ ਫੜਾ ਗਏ ਸਨ। ਵੀਹ ਕੁ ਕਿੱਲੋ ਵਾਲੇ ਇਸ ਥੈਲੇ ਵਿਚ ਸਿਰਫ਼ ਤਿੰਨ ਵੱਡੇ ਹਦਵਾਣੇ ਸਨ। ਦਸ ਕੁ ਕਿੱਲੋ ਦੇ ਹੋਣਗੇ। ਉਹ ਕਹਿਣ ਲਗੇ, "ਸਿੰਘਾਂ ਨੇ ਖਾਣ ਲਈ ਹਦਵਾਣੇ ਮੰਗੇ ਸਨ, ਪਰ ਸਾਡਾ ਪੁਲਸ ਪਿੱਛਾ ਕਰ ਰਹੀ ਹੈ, ਏਸ ਲਈ ਅਸੀਂ ਕੱਲ੍ਹ ਜਾਂ ਪਰਸੋਂ ਹਦਵਾਣੇ ਲੈ ਜਾਵਾਂਗੇ।"

ਉਹ ਤੇ ਚਲੇ ਗਏ, ਪਰ ਮੈਂ ਹਦਵਾਣੇ ਰਖਾ ਕੇ ਵੀ ਸੋਚੀਂ ਪਿਆ ਰਿਹਾ ਕਿ ਆਖ਼ਰ ਏਸ ਨਿਗੁਣੀ ਦੋ ਕੁ ਰੁਪਏ ਦੀ ਚੀਜ਼ ਨੂੰ ਰੱਖਣ ਲਈ ਉਹ ਮੇਰੇ ਘਰ ਜੋਖ਼ਮ ਉਠਾ ਕੇ ਆਏ ਸਨ। ਅਚਾਨਕ ਕੋਈ ਖ਼ਿਆਲ ਮੇਰੇ ਮਨ ਵਿਚ ਬਿਜਲੀ ਵਾਂਗ ਲਿਸ਼ਕਿਆ ਤੇ ਮੈਂ ਆਪਣੇ ਕਮਰੇ ਵਿਚ ਜਾ ਕੇ ਅੰਦਰੋਂ ਕੁੰਡਾ ਲਾਇਆ ਤੇ ਤਿੰਨੇ ਹੀ ਹਦਵਾਣੇ ਹਿਲਾਏ। ਵਾਰੀ-ਵਾਰੀ ਤਿੰਨਾਂ ਅੰਦਰੋਂ ਛਣਕਾਟਾ ਜਿਹਾ ਪਿਆ। ਫਿਰ ਮੈਂ

ਧਿਆਨ ਨਾਲ ਵੇਖਿਆ। ਉਹ ਤਿੰਨੇ ਹੀ ਵਿਚਕਾਰੋਂ ਚੀਰ ਕੇ ਫਿਰ ਜੋੜੇ ਹੋਏ ਸਨ। ਹਿਮਤ ਕਰਕੇ ਮੈਂ ਇਕ ਖੋਲ੍ਹ ਲਿਆ। ਉਹ ਅੰਦਰੋਂ ਖ਼ਾਲੀ ਕਰਕੇ ਸੁਕਾਇਆ ਹੋਇਆ ਸੀ ਤੇ ਅੰਦਰ ਮੋਮੀ ਕਾਗ਼ਜ਼ ਵਿਚ ਗੋਲੀਆਂ ਤਹਿ ਕੀਤੀਆਂ ਪਈਆਂ ਸਨ। ਗੋਲੀਆਂ ਥੱਲੇ ਨਿੱਕੇ ਪਿਸਟਲ ਸਨ, ਤਿੰਨੇ ਵਿਚੋਂ ਇੱਕੋ ਜਿਹੇ, ਇਕਸਾਰ ਤੇ ਲਿਸ਼ਕਦੇ।...

...ਮੈਂ ਅੰਤਾਂ ਦਾ ਡਰ ਗਿਆ। ਰਾਤ ਨੀਂਦ ਨਾ ਪਈ। ਮੈਨੂੰ ਸਾਰੀ ਰਾਤ ਜਾਪਦਾ ਰਿਹਾ ਕਿ ਹੁਣ ਵੀ ਪੁਲਿਸ ਦੀ ਧਾੜ ਆਈ, ਹੁਣ ਵੀ ਆਈ। ਰੱਬ ਰੱਬ ਕਰਕੇ ਸਵੇਰ ਹੋਈ। ਸਕੂਲ ਮੇਰਾ ਦਿਲ ਨਾ ਟਿਕੇ। ਰੱਬ ਰੱਬ ਕਰਦਾ ਘਰ ਆਇਆ ਤੇ ਆ ਕੇ ਕਮਰੇ ਵਿਚ ਲੇਟ ਗਿਆ। ਮਾਂ ਨੇ ਕੁਝ ਪੁੱਛਿਆ ਮੈਂ ਕੁਝ ਦੱਸਾਂ? ਸ਼ਾਮ ਹਨੇਰੇ ਪਏ ਭਾਪਾ ਜੀ ਤੇ ਭਰਾ ਵੀ ਆ ਗਏ, ਪਰ ਮੇਰਾ ਗੱਲ ਕਰਨ ਨੂੰ ਮਨ ਨਾ ਕਰੇ। ਸਾਡਾ ਚਾਰਾਂ ਜੀਆਂ ਦਾ ਪਰਿਵਾਰ ਸੀ ਤੇ ਕਿਸੇ ਦਾ ਜੇ ਦੰਦ ਵੀ ਦੁਖਦਾ ਸੀ ਤੇ ਬਾਕੀ ਤਿੰਨੇ ਫੱਟ ਉਹਦਾ ਕਸ਼ਟ ਬੁੱਝ ਲੈਂਦੇ ਸਨ। ਪਰਿਵਾਰ ਦੇ ਜੀਅ ਮੈਨੂੰ ਹਲਕੀ ਜਿਹੀ ਪੁੱਛ ਪ੍ਰਤੀਤ ਕਰਦੇ ਰਹੇ, ਪਰ ਮੈਂ ਕੋਈ ਲੜ-ਪੱਲਾ ਨਾ ਫੜਾਇਆ, ਦੱਸਦਾ ਵੀ ਕੀ? ਏਨੇ ਨੂੰ ਸਾਢੇ ਕੁ ਅੱਠ ਵਜੇ ਉਸੇ ਭਾਰੇ ਜਿਹੇ ਸਰਦਾਰ ਨੇ ਆ ਸਿਰੀ ਕੱਢੀ। ਦਰਵਾਜ਼ਾ ਖੜਕਾ ਕੇ ਉਸ ਨੇ ਮੈਨੂੰ ਬਾਹਰ ਬੁਲਾ ਲਿਆ ਤੇ ਹਦਵਾਣਿਆਂ ਵਾਲੀ ਬੋਰੀ ਦੇਣ ਲਈ ਕਿਹਾ। ਹਦਵਾਣੇ ਤੇ ਮੈਂ ਫੜਾ ਦਿੱਤੇ, ਪਰ ਬੜੀ ਪੱਕੀ ਆਵਾਜ਼ ਵਿਚ ਮੈਂ ਕਹਿ ਦਿੱਤਾ, "ਹੁੰਦਲ ਨੂੰ ਕਹਿਓ, ਮੈਨੂੰ ਮੁੜ ਕਦੇ ਏਡੇ ਇਮਤਿਹਾਨ ਵਿਚ ਨਾ ਪਾਵੇ, ਤੇ ਨਾ ਹੀ ਮੇਰੇ ਵੱਲ ਮੁੜ ਕਦੀ ਉਹ ਆਵੇ।" ਉਹ ਭਾਰਾ ਜਿਹਾ ਸਰਦਾਰ ਕੁਝ ਸਕਿੰਟ ਬੜੀ ਅਜੀਬ ਤਰ੍ਹਾਂ ਮੇਰੇ ਵਲ ਘੂਰਦਾ ਰਿਹਾ, ਬੋਲਿਆ ਕੁਝ ਨਹੀਂ। ਫੇਰ ਉਹ ਹਦਵਾਣੇ ਲੈ ਕੇ ਚੁੱਪ-ਚਾਪ ਚਲਾ ਗਿਆ।

ਬਸ ਉਹ ਦਿਨ ਤੇ ਆਹ ਦਿਨ। ਮੇਰੇ ਉਪਰ 'ਹੁੰਦਲ ਪ੍ਰਕੋਪ' ਸ਼ੁਰੂ ਹੋ ਗਿਆ। ਬਹੁਤ ਬਾਦ ਵਿਚ ਸੰਤਾਂ ਕੋਲ ਰਹਿ-ਰਹਿ ਕੇ ਮੈਨੂੰ ਪਤਾ ਲੱਗ ਗਿਆ ਸੀ ਕਿ ਉਹੀ ਹੁੰਦਲ ਮੇਰੀਆਂ ਜੜ੍ਹਾਂ ਵਿਚ ਬੈਠਾ ਸੀ। ਉਹ ਵੀ ਤਾਂ ਪਤਾ ਲੱਗਾ, ਜਦੋਂ ਏਸੇ ਜੱਸੇ, ਪੀ.ਟੀ. ਤੇ ਵਹਿਸ਼ੀ ਇੰਦਰਜੀਤ ਨੇ ਸੰਤਾਂ ਦੇ ਇਸ਼ਾਰੇ 'ਤੇ ਏਸ ਪੁਲਸੀਏ ਹੁੰਦਲ ਨੂੰ ਮਾਰ ਕੇ ਲਾਸ਼ ਦੇ ਟੁਕੜੇ ਕਰਕੇ ਬੋਰੀ ਵਿਚ ਪਾ ਕੇ ਬਾਗ਼ ਵਾਲੀ ਗਲੀ ਵਿਚ ਸੁੱਟੇ ਸਨ। ਉਥੋਂ ਪੁਲਸ ਆ ਕੇ ਚੁੱਪ-ਚਾਪ ਉਹ ਟੋਟੇ ਹੋਈ ਲੋਥ ਲੈ ਗਈ ਸੀ।

"ਹੁੰਦਲ ਤੇ ਹਦਵਾਣਿਆਂ ਵਾਲੀ" ਘਟਨਾ ਤੋਂ ਤੀਸਰੇ ਦਿਨ ਹੀ ਪੁਲਸ ਨੇ ਮੈਨੂੰ ਸਵੇਰੇ ਰਾਹ ਵਿਚੋਂ ਚੁੱਕ ਲਿਆ। ਮੈਂ ਅਜੇ ਘਰੋਂ ਨਿਕਲ ਕੇ ਗਲੀ ਮੁੜਿਆ ਹੀ ਸੀ ਕਿ ਚਿੱਟ ਕਪੜੀਏ ਪੰਜ-ਸੱਤ ਸਾਹਨਾਂ ਨੇ ਮੈਨੂੰ ਚੁੱਕ ਕੇ ਕੈਂਟਰ ਵਿਚ ਸੁੱਟ ਦਿੱਤਾ। ਕੈਂਟਰ ਭਜਾ ਕੇ ਉਹ ਮੇਰੇ ਪਿੱਛੇ ਹੀ ਚੜ੍ਹ ਗਏ। ਮੂੰਹ ਤੇ ਹੱਥ ਮੇਰੇ ਉਨ੍ਹਾਂ ਬੰਨ੍ਹ ਦਿੱਤੇ। ਦਸਾਂ ਮਿੰਟਾਂ ਬਾਦ ਹੀ ਅਸੀਂ ਅੰਮ੍ਰਿਤਸਰ ਦੇ ਬਦਨਾਮ ਸੀ.ਆਈ.ਏ. ਸਟਾਫ਼ ਦੇ ਕਮਰਿਆਂ ਵਿਚ ਸਾਂ। ਮੇਰੀ ਤਫ਼ਤੀਸ਼ ਦਾ ਜ਼ਿੰਮਾ ਐੱਸ.ਪੀ. (ਡੀ) ਰੰਧਾਵੇ ਕੋਲ ਸੀ। ਉਹਨੇ ਤੇ ਉਹਦੇ ਸਾਨ੍ਹਾਂ ਨੇ ਜਾਂਦਿਆਂ ਮੇਰੀਆਂ ਲੱਤਾਂ ਪਾੜ ਦਿੱਤੀਆਂ। ਦਰਦ ਨਾਲ ਮੇਰਾ ਸਿਰ ਚਕਰਾ ਗਿਆ, ਪਰ ਮੈਂ ਕਸੀਸ ਵੱਟ ਕੇ ਪੀ ਗਿਆ।

"ਤੂੰ ਆਪ ਹੀ ਸਾਰਾ ਕੁਛ ਦੱਸ ਦੇਹ। ਨਹੀਂ ਤੇ ਮਾਲ ਮੰਡੀ ਭੇਜ ਦਊਂਗਾ ਮੈਂ



ਤੈਨੂੰ।" ਰੰਧਾਵੇ ਨੇ ਦਾਬਾ ਮਾਰਿਆ।

"ਮੈਂ ਕਦੋਂ ਨਾਬਰ ਆਂ? ਤੁਸੀਂ ਜੋ ਪੁੱਛਣੈਂ, ਪੁੱਛੋ।" ਮੇਰੀ ਆਵਾਜ਼ ਦਰਦ-ਭਰੀ ਸੀ।

"ਦੱਸ ਫੇਰ, ਇਹ ਹਦਵਾਣਿਆਂ ਵਾਲਾ ਸਿਲਸਿਲਾ ਕਦੋਂ ਦਾ ਚੱਲ ਰਿਹਾ ਹੈ?" ਰੰਧਾਵੇ ਨੇ ਪੈਂਦੀ ਸੱਟੇ ਕਿਹਾ।

ਮੈਂ ਸਮਝ ਗਿਆ ਸਾਂ ਕਿ ਇਹਨਾਂ ਨੂੰ ਜੋਤੀ ਹੁੰਦਲ ਤੇ ਹਦਵਾਣਿਆਂ ਵਾਲੀ ਗੱਲ ਦਾ ਪਤਾ ਹੈ। ਮੈਂ ਕਿਹੜਾ ਦੋਸ਼ੀ ਸਾਂ, ਏਸ ਲਈ ਅੱਖਰ-ਅੱਖਰ ਸਾਰੀ ਗੱਲ ਸੱਚ ਦੱਸ ਦਿੱਤੀ। ਗੱਲ ਸੁਣ ਕੇ ਰੰਧਾਵਾ ਨਾਰਮਲ ਹੋਣ ਦੀ ਥਾਂ ਸਗੋਂ ਗਾਹਲਾਂ ਕੱਢਣ ਲੱਗ ਪਿਆ।

"ਮਾਂ ਚੋ....ਅਜੇ ਬੜਾ ਕੁਝ ਹੋਰ ਹੈਗੀ ਤੇਰੇ ਢਿੱਡ 'ਚ, ਤੂੰ ਏਦਾਂ ਨਹੀਂ ਦੱਸਣਾ। ਤੈਨੂੰ ਮਾਲ ਮੰਡੀ ਵਿਖਾਉਣੀ ਹੀ ਪਊ।"

"ਤੂੰ ਐਸ.ਪੀ. ਐਂ ਕਿ...ਦਾ ਸਿਰਾ ਏਂ? ਤੈਨੂੰ ਕੀਹਨੇ ਤਫ਼ਤੀਸ਼ੀਆ ਬਣਾ ਤਾ? ਜੇ ਤੈਨੂੰ ਹੁੰਦਲ ਦਾ ਤੇ ਹਦਵਾਣਿਆਂ ਦਾ ਸਾਰਾ ਹਾਲ ਪਤੈ, ਤਾਂ ਤੈਨੂੰ ਤੇ ਸੂਹੀਆਂ ਭੈਣ ਚੋ....ਇਹ ਨਹੀਂ ਦੱਸਿਆ ਕਿ ਮੈਂ ਤੇ ਕਦੀ ਕਿਸੇ ਕੁੱਤੇ-ਬਿੱਲੇ ਦੇ ਡੰਡਾ ਨਹੀਂ ਮਾਰਿਆ। ਸਿਵਾਇ ਮਾਸਟਰੀ ਦੇ ਮੈਂ ਹੋਰ ਕੀ ਕੀਤੈ?" ਗੁੱਸੇ ਵਿਚ ਮੈਥੋਂ ਕਿਹਾ ਗਿਆ। ਅਸਲ ਗੱਲ ਇਹ ਸੀ ਕਿ ਨੰਗੀਆਂ ਗਾਹਲਾਂ ਮੈਥੋਂ ਬਰਦਾਸ਼ਤ ਨਹੀਂ ਸਨ ਹੋ ਰਹੀਆਂ।

ਮੇਰੀ ਏਨੀ ਸਪੱਸ਼ਟ ਗੱਲ ਸੁਣ ਕੇ ਰੰਧਾਵਾ ਤੇ ਉਸ ਦੇ ਸਾਥੀ ਮੈਨੂੰ ਲੱਤਾਂ ਨਾਲ ਕੁੱਟਣ ਲੱਗ ਪਏ। ਇਕ ਨੇ ਵੱਡੀ ਡਾਂਗ ਮਾਰ ਕੇ ਮੇਰੀ ਸੱਜੀ ਲੱਤ ਤੋੜ ਦਿੱਤੀ। ਮੈਂ ਦਰਦ ਨਾਲ ਲੁਹਰੀਆਂ ਲੈਂਦਾ ਡਿੱਗ ਪਿਆ। ਫੇਰ ਉਹ ਮੇਰੇ ਪੈਰਾਂ ਦੇ ਪੁੱਠੇ ਪਾਸੇ ਡਾਂਗਾਂ ਮਾਰਨ ਲੱਗ ਪਏ। ਮੈਂ ਗਾਹਲਾਂ ਕੱਢਣ ਲੱਗ ਪਿਆ, ਪਰ ਅੱਧਾ ਕੁ ਮਿੰਟ ਪਿੱਛੋਂ ਮੇਰੀ ਸੁਰਤ ਜਵਾਬ ਦੇ ਗਈ। ਜਦੋਂ ਹੋਸ਼ ਆਈ ਮੈਂ ਉਥੇ ਹੀ ਲੰਮਾ ਪਿਆ ਹੋਇਆ ਸੀ।

ਸ਼ਾਮ ਤੱਕ ਮੇਰੇ ਸਾਥੀ, ਸ਼ੁਭਚਿੰਤਕ ਅੱਪੜ ਗਏ ਸਨ। ਮੁਹੱਲੇ ਦੇ ਮੁਹਤਬਰ ਵੀ ਨਾਲ ਸਨ। ਰੰਧਾਵੇ ਨੇ ਮੇਰੇ ਸਕੂਲ ਦੇ ਪ੍ਰਧਾਨ ਨੂੰ ਵੱਖਰਾ ਕਰਕੇ ਕਿਹਾ, "ਲੈ ਜਾਉ, ਪਰ ਅਸੀਂ ਇਸ ਤੋਂ ਅਜੇ ਬੜਾ ਕੁਝ ਕਢਾਉਣਾ ਏ।"

ਪ੍ਰਧਾਨ ਨੇ ਡਾਕਟਰ ਤੋਂ ਦਵਾਈ ਦਵਾਉਣ ਤੇ ਘਰ ਪੁਚਾਣ ਤਕ ਹਰ ਕਦਮ ਤੇ ਮੇਰਾ ਸਾਥ ਦਿੱਤਾ। ਜਾਣ ਲੱਗੇ ਨੇ ਨਿੱਜੀ ਤੌਰ ਤੇ ਮੈਨੂੰ ਪੈਸੇ ਵੀ ਦਿੱਤੇ। ਮੇਰੀ ਮਾਂ ਤੇ ਮੇਰੇ ਸ਼ਰੀਫ਼ ਪਿਉ ਨੂੰ ਹੌਸਲਾ ਵੀ ਦਿੱਤਾ। ਨਿੱਕੇ ਭਰਾ ਨੂੰ ਵੀ ਢਾਰਸ ਬੰਨ੍ਹਾਈ। ਪਰ ਜਾਣ ਲੱਗਿਆਂ ਮੈਨੂੰ ਇਕੱਲਾ ਕਰਕੇ ਕਿਹਾ; "ਅੱਗੋਂ ਕੀ ਸੋਚਿਆ ਈ?"

"ਮੈਨੂੰ ਮਾਰ ਦਾ ਦੁੱਖ ਨਹੀਂ, ਭਾਵੇਂ ਮੇਰੀ ਲੱਤ ਫੇਰ ਤੋੜ ਲੈਣ। ਦੁੱਖ ਮੈਨੂੰ ਮੇਰੇ ਬੇਦੋਸ਼ੇ ਹੀ ਕੁਟੀਣ ਦਾ ਹੈ।" ਮੇਰੀਆਂ ਅੱਖਾਂ ਭਰ ਆਈਆਂ ਸਨ।

"ਕਾਕਾ! ਵਿਚਲੀ ਗੱਲ ਤੇ ਇਹ ਈ ਕਿ ਸਰਕਾਰੀ ਤੰਤਰ ਹੀ ਗੁਪਤ ਅਪਰੇਸ਼ਨ ਚਲਾ ਰਿਹੈ ਕਿ ਨੌਜੁਆਨੀ ਨੂੰ ਖਾੜਕੂ ਬਣਨ ਲਈ ਪਰੇਰੋ। ਉਸੇ ਨੀਤੀ ਤਹਿਤ ਹੀ ਤੈਨੂੰ ਵੀ ਮਾਰ ਪਈ ਏ। ਤੇ ਜਿਥੋਂ ਤਕ ਮੇਰੀ ਸਮਝ ਕਹਿੰਦੀ ਏ, ਤੂੰ ਟੱਬਰ ਸਣੇ ਕਿਤੇ

ਕੁਝ ਸਮਾਂ ਐਂਗਾ ਪਿੱਛਾ ਕਰ ਜਾ, ਨਹੀਂ ਤੈਨੂੰ ਅੰਬਰਸਰ ਦੀ ਪੁਲਸ ਨੇ ਟਿਕਣ ਨਹੀਂ ਦੇਣਾ। ਅੰਬਰਸਰ, ਗੁਰਦਾਸਪੁਰ ਦਾ ਮੁੰਡਾ ਇਸ ਚੱਕਰ ਵਿਚ ਲਿਆਉਣ ਲਈ ਤੇ ਮਾਰ ਸਾਰੀ ਪੁਲਸ, ਸਾਰੀਆਂ ਏਜੰਸੀਆਂ ਪੱਬਾਂ ਭਾਰ ਹੋਈਆਂ ਪਈਆਂ ਨੇ। ਤੂੰ ਜੇ ਇਥੇ ਹੀ ਰਹਿਓਂ ਤੇ ਮੇਰੀ ਜਾਚੇ ਲੰਮਾ ਸਮਾਂ ਨਹੀਂ.....। ਅੱਗੋ ਤੂੰ ਆਪਣਾ ਪੜ੍ਹਿਆ ਵਿਚਾਰ ਲੈ.....।" ਪ੍ਰਧਾਨ ਦੇ ਇਸ਼ਾਰੇ ਨਾਲ ਗੱਲ ਨਿਬੇੜ ਦਿੱਤੀ।

ਪ੍ਰਧਾਨ ਤੇ ਟੁਰ ਗਿਆ ਸੀ, ਪਰ ਅਸੀਂ ਕਿੱਥੇ ਜਾਂਦੇ? ਕੁਝ ਸੁੱਝਦਾ ਨਹੀਂ ਸੀ। ਥੋੜ੍ਹੀ ਦੇਰ ਮਗਰੋਂ ਮੈਂ ਰਿਕਸ਼ੇ 'ਤੇ ਆਉਣ-ਜਾਣ ਲੱਗ ਪਿਆ। ਘਰ ਵੀ ਸਭ ਨਾਰਮਲ ਮਹਿਸੂਸ ਕਰਨ ਲੱਗੇ। ਪਰ ਇਕ ਪਰਛਾਵਾਂ ਜਿਹਾ ਰਹਿ ਗਿਆ ਸੀ।

ਅਚਾਨਕ ਇਕ ਦਿਨ ਅੰਮ੍ਰਿਤਸਰ ਦੇ ਸ਼ਿਵਾਲੇ ਮੰਦਰ ਬੰਬ ਫਟ ਗਿਆ। ਮੈਂ ਸਕੂਲ ਹੀ ਸਾਂ; ਪ੍ਰਧਾਨ ਹੁਰੀਂ ਅਚਨਚੇਤ ਸਕੂਲ ਆ ਗਏ ਤੇ ਮੈਨੂੰ ਕਹਿਣ ਲੱਗੇ ਕਿ ਅੱਜ ਰਾਤ ਘਰ ਨਾ ਰਹੀਂ। ਉਨ੍ਹਾਂ ਦਾ ਕਿਹਾ ਮੇਰੇ ਲਈ ਹੁਕਮ ਸੀ। ਉਸ ਰਾਤ ਮੈਂ ਆਪਣੇ ਸਾਥੀ ਮਾਸਟਰ ਨਾਲ ਉਹਦੇ ਪਿੰਡ 'ਚੱਬੇ' ਨੂੰ ਚਲਾ ਗਿਆ। ਘਰ ਸੁਨੇਹਾ ਭੇਜ ਦਿੱਤਾ ਕਿ ਕੱਲ੍ਹ ਆਵਾਂਗਾ। ਉਦੋਂ ਕੀ ਪਤਾ ਸੀ?

ਅਗਲੇ ਦਿਨ ਸਵੇਰੇ ਸਕੂਲ ਪੁੱਜਿਆ ਤਾਂ ਪਤਾ ਲੱਗਾ ਕਿ ਮਾਂ ਨੂੰ ਪੁਲਿਸ ਲੈ ਗਈ ਸੀ। ਘਰ ਨਾ ਉਦੋਂ ਭਾਪੇ ਹੋਰੀਂ ਸਨ ਤੇ ਨਾ ਛੋਟਾ ਭਰਾ। ਦੋਵੇਂ ਕੰਮ 'ਤੇ ਸਨ। ਖਰਾਦਾਂ ਤੋਂ ਘਰ ਪਰਤੇ ਤਾਂ ਡਰੇ ਹੋਏ ਗਵਾਂਢੀਆਂ ਨੇ ਦੱਸਿਆ ਕਿ ਮਾਸਟਰ ਦੀ ਮਾਂ ਨੂੰ ਰੋਂਦੀ ਕੁਰਲਾਉਂਦੀ ਨੂੰ ਚਿੱਟ ਕੱਪੜੀਏ ਪੁਲਸੀਏ ਲੈ ਗਏ ਸਨ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਹ ਜਿਹੜੇ ਜ਼ਿਲ੍ਹੇ ਦੀ ਪੁਲਸ ਸੀ।

ਘਾਬਰੇ ਹੋਏ ਅਸੀਂ ਤਿੰਨੇ ਪਿਉ-ਪੁੱਤਰ ਐੱਸ.ਐੱਸ.ਪੀ 'ਮੀਨਾ' ਕੋਲ ਪੇਸ਼ ਹੋ ਗਏ। ਉਹਨੇ ਫੇਰ ਸਾਨੂੰ ਰੰਧਾਵੇ ਕੋਲ ਹੀ ਪੇਸ਼ ਹੋਣ ਲਈ ਕਿਹਾ। ਰੰਧਾਵੇ ਕੋਲ ਜਦੋਂ ਅਸੀਂ ਫੇਰ ਗਏ ਤਾਂ ਉਹਨੇ ਸਾਨੂੰ ਤਿੰਨਾਂ ਨੂੰ ਉਥੇ ਹੀ ਰਾਮਬਾਗ ਥਾਣੇ ਦੀਆਂ ਗੰਮ ਕੋਠੜੀਆਂ ਵਿਚ ਬਿਠਾ ਦਿੱਤਾ। ਅਸੀਂ ਤਿੰਨੇ ਰਾਤ ਭਰ ਉਥੇ ਬੈਠੇ ਰਹੇ। ਨਾ ਸਾਡੇ ਕੋਲ ਮੰਜਾ, ਬਿਸਤਰਾ, ਨਾ ਢਿੱਡ ਵਿਚ ਅੰਨ ਦਾ ਦਾਣਾ। ਨਾ ਹੀ ਕਿਸੇ ਨੇ ਸਾਨੂੰ ਰੋਟੀ, ਮੰਜੇ ਤੇ ਹੋਰ ਕਿਸੇ ਚੀਜ਼ ਲਈ ਪੁੱਛਿਆ। ਸਾਡੇ ਨਾਲ ਹੋਰ ਵੀ ਕਿੰਨ ਹੀ ਘਸਮੈਲੇ ਤੇ ਢੁੱਖਾਂ ਮਾਰੇ ਜਾਪਦੇ ਪੇਂਡੂ ਚਿਹਰੇ ਬੈਠੇ ਸਨ। ਸਭ ਖ਼ਾਮੋਸ਼ ਸਨ।

ਸਵੇਰੇ ਪੰਜ ਵਜੇ ਦੇ ਕਰੀਬ ਰੰਧਾਵਾ ਤੇ ਉਹਦੇ ਨਾਲ ਡੀ.ਆਈ.ਜੀ. ਸ਼ੁਕਲ ਆ ਗਏ। ਸ਼ੁਕਲ ਨੂੰ ਵੀ ਮੈਂ ਪਿਛਲੀ ਗ੍ਰਿਫ਼ਤਾਰੀ ਵੇਲੇ ਦਾ ਪਛਾਣਦਾ ਸਾਂ। ਉਨ੍ਹਾਂ ਦੇ ਆਉਂਦਿਆਂ ਹੀ ਸਾਨੂੰ ਫਾਲਨ ਕਰ ਲਿਆ ਗਿਆ ਤੇ ਅੰਦਰ ਤਫ਼ਤੀਸ਼ੀ ਕਮਰਿਆਂ ਵਿਚ ਧੱਕ ਦਿੱਤਾ। ਅੱਗੇ ਸ਼ੁਕਲ ਤੇ ਰੰਧਾਵਾ ਕੁਰਸੀਆਂ 'ਤੇ ਬੈਠੇ ਸਨ ਤੇ ਉਨ੍ਹਾਂ ਦੇ ਬੁੱਚੜ ਸਿਪਾਹੀ ਕੋਲ ਤਿਆਰ-ਬਰ-ਤਿਆਰ ਖੜ੍ਹੇ ਸਨ। ਨਵੇਂ ਬੰਦੇ ਦਾ ਸਾਹ ਸੁੱਕ ਸਕਦਾ ਸੀ, ਪਰ ਸਾਡਾ ਤਿੰਨਾਂ ਦਾ ਦੂਸਰੀ ਵਾਰ ਵਾਹ ਸੀ।

"ਜਨਾਬ, ਇਹਨਾਂ ਦਾ ਕੀ ਕਰਨੈ?" ਇੰਸਪੈਕਟਰ ਟੋਨੀ ਨੇ ਦੋਹਾਂ ਨੂੰ ਕਿਹਾ।

"ਸਫ਼ਾਰਸ਼ ਤੁਹਾਡੀ ਭੈਣ ਦੇ....ਪਹਿਲਾਂ ਔਂਪੜ ਜਾਂਦੀ ਏ। ਕੀ ਕਹੀਏ ਹੁਣ ਤੁਹਾਨੂੰ?" ਰੰਧਾਵਾ ਕਹਿਣ ਲੱਗਾ।



"ਇਹੀ ਨੇ ਪ੍ਰਧਾਨ ਮਨਚੰਦੇ ਦੇ ਬੰਦੇ?" ਸ਼ੁਕਲ, ਰੰਧਾਵੇ ਨੂੰ ਪੁੱਛਣ ਲੱਗਾ।

"ਜੀ ਜਨਾਬ। ਮਨਚੰਦੇ ਦੇ ਈ ਬੰਦੇ ਐ। ਉਹੀ ਲੌਂਗੋਵਾਲ ਗਰੁੱਪ ਵਾਲਾ...।" ਰੰਧਾਵੇ ਨੇ ਕਿਹਾ।

"ਭੈਜੋ ਭੈਣ ਦੇ....ਨੂੰ!" ਸ਼ੁਕਲ ਨੇ ਕਿਹਾ। ਫੇਰ ਉਹਦੇ ਮਨ ਵਿਚ ਪਤਾ ਨਹੀਂ ਕੀ ਵਲੇਲ ਆਈ ਕਿ ਬਿਨਾਂ ਕਾਰਣ ਦੰਦੀਆਂ ਕਰੀਚਦਾ ਉਠਿਆ ਤੇ ਮੇਰੇ ਪਿਉ ਦੀ ਦਾੜ੍ਹੀ ਫੜਕੇ ਖਿੱਚਣ ਲੱਗ ਪਿਆ। ਨਾਲ-ਨਾਲ ਪਾਗਲਾਂ ਵਾਂਗ ਕਹੀ ਜਾਏ, "ਕੁੱਤਿਆ! ਮੁੰਡਿਆਂ ਆਪਣਿਆਂ ਨੂੰ ਬੰਨ੍ਹ ਕੇ ਰੱਖ।"

ਉਹਦੀ ਦੇਖਾ-ਦੇਖੀ ਰੰਧਾਵੇ ਨੇ ਵੀ ਦੋ-ਤਿੰਨ ਠੁੱਡ ਸਾਡੇ ਦੋਹਾਂ ਦੇ ਬੈਠਿਆਂ ਕੱਢ ਮਾਰੇ। ਕੁਛ ਦੇਰ ਤੇ ਮੈਂ ਬਰਦਾਸ਼ਤ ਕੀਤਾ। ਫੇਰ ਮੇਰੇ ਹੱਥ ਲੋਹੇ ਦੀ ਨਿੱਕੀ ਬਾਲਟੀ ਆ ਗਈ, ਜਿਹੜੀ ਸ਼ਾਇਦ ਫਰਸ਼ ਧੋਣ ਜਾਂ ਪਿਸ਼ਾਬ ਕਰਨ ਲਈ ਰੱਖੀ ਹੋਈ ਸੀ। ਮੈਂ ਚੁੱਕ ਕੇ ਸਿੱਧੀ ਰੰਧਾਵੇ ਦੀ ਪਿੱਠ 'ਤੇ ਮਾਰੀ। ਨਿੱਕਾ ਭਰਾ ਮੇਰੀ ਹੱਲਾਸ਼ੇਰੀ ਨਾਲ ਪਿਉ ਨੂੰ ਕੁੱਟਦੇ ਸ਼ੁਕਲ ਦੇ ਹੱਥੀਂ ਪੈ ਗਿਆ। ਬੱਸ ਫੇਰ ਸਾਰੇ ਬੁੱਚੜ ਸਾਨੂੰ ਪੈ ਗਏ ਤੇ ਬੇਹੋਸ਼ ਹੋਣ ਤੱਕ ਉਨ੍ਹਾਂ ਸਾਨੂੰ ਡਾਂਗਾਂ, ਠੁੱਡਿਆਂ ਤੇ ਪਟਿਆਂ ਨਾਲ ਕੁੱਟਿਆ। ਜਾਂਦਾ-ਜਾਂਦਾ ਸ਼ੁਕਲ ਕਹਿ ਗਿਆ.....

"ਹੋਸ਼ ਆਉਣ 'ਤੇ ਮਾਂ ਦੇ...ਨੂੰ ਬਾਹਰ ਸੁੱਟ ਆਇਆ ਜੇ। ਤੇ ਨਾਲੇ.....ਹੁਣ ਮਾਂ ਦੇ ਮੂੰਹ ਨੂੰ ਤਰਸਦੇ ਮਰ ਜਾਉਗੇ।"

ਉਹ ਦਿਨ ਤੇ ਆਹ ਦਿਨ।

ਭਾਪਾ ਜੀ ਤੇ ਪੂਰੇ ਹੋ ਗਏ ਨੇ। ਅੱਜ ਤੇ ਉਨ੍ਹਾਂ ਦਾ ਚਿਹਰਾ ਵੀ ਮੇਰੀਆਂ ਅੱਖਾਂ ਵਿਚ ਧੁੰਦਲਾ ਜਿਹਾ ਗਿਆ ਹੈ। ਭਰਾ ਨੂੰ ਆਖਰੀ ਵਾਰ ਸ਼ਿੱਟੀ ਖਰਾਦੀਏ ਨੇ ਨਾਨਕਮੱਤੇ ਯੂ.ਪੀ. ਦੋ ਕ ਸਾਲ ਹੋਏ, ਵੇਖਿਆ ਸੀ। ਉਹ ਉਥੇ ਹੀ ਕਿਸੇ ਪਿੰਡ ਵਿਚ ਫ਼ੋਟੋਗ੍ਰਾਫੀ ਦੀ ਦੁਕਾਨ ਕਰਦਾ ਸੀ ਤੇ ਕਿਸੇ ਲੋੜਵੰਦ ਕੁੜੀ ਨਾਲ ਵੱਸ ਗਿਆ ਸੀ।

ਤੇ ਮਾਂ! ਮਾਂ ਤਾ ਚਿਹਰਾ ਏਨ੍ਹਾਂ ਦਸਾਂ ਸਾਲਾਂ ਵਿਚ ਵੀ ਧੁੰਦਲਾ ਨਹੀਂ ਪਿਆ।

ਪਰ ਮਾਂ ਨੂੰ ਫੇਰ ਮੈਂ ਕਦੀ ਨਹੀਂ ਮਿਲ ਸਕਿਆ। ਅਸੀਂ ਤਿੰਨੇ ਸਹਿਕਦੇ ਰਹੇ, ਪਰ ਮਾਂ ਤੇ ਕਿਤੇ ਪੰਜ-ਤੱਤਾਂ ਵਿਚ ਲੀਨ ਹੋ ਚੁੱਕੀ ਸੀ।

ਕੈਂਟਰ ਦੇ ਇੰਜਣ ਦੀ ਘੁਰ-ਘੁਰ ਨੇ ਮੇਰੀ ਬਿਰਤੀ ਤੋੜ ਦਿੱਤੀ। ਸਾਲਾਂ ਪਿੱਛੇ ਗਿਆ ਮੈਂ ਵਾਪਸ ਪਰਤ ਆਇਆ ਸਾਂ। ਜੱਸੇ ਮਰੂਤੀ ਵਾਲਾ ਕੈਂਟਰ ਆ ਗਿਆ ਸੀ। ਮੈਂ ਫੱਟ ਟੈਨਸ਼ਨ ਹੋ ਕੇ ਖੜ੍ਹਾ ਹੋ ਗਿਆ। ਏਨੇ ਨੂੰ ਅਜੈਬਾ ਤੇ ਸ਼ਰਮਾ ਵੀ ਬਾਹਰ ਨਿਕਲਦੇ ਮੈਂ ਵੇਖ ਲਏ ਸਨ। ਮੇਰ ਕੋਲੋਂ ਲੰਘਦੇ ਹੋਏ ਉਹ ਬਿਨਾਂ ਮੈਨੂੰ ਵੇਖੇ ਕੈਂਟਰ ਵਲ ਵਧ ਗਏ ਸਨ। ਉਨ੍ਹਾਂ ਦੀ ਨਜ਼ਰ ਵਿਚ ਕੀ ਮੈਂ ਤੇ ਕੀ ਕੋਈ ਹੋਰ ਆਦਮ-ਜਾਇਆ ਸਭ ਕੀੜੇ ਹੀ ਸਨ। ਏਨਾ ਚਿਰ ਏਹਨਾਂ ਬੁੱਚੜਾਂ ਵਿਚ ਰਹਿ-ਰਹਿ ਕੇ ਮੈਨੂੰ ਪੱਕਾ ਹੋ ਗਿਆ ਸੀ ਕਿ ਰੱਬ ਨੇ ਇਹਨਾਂ ਦੇ ਦਿਲ-ਦਿਮਾਗ਼ ਵਿਚ ਭਾਵਨਾਵਾਂ ਵਾਲੀ ਥਾਂ ਸ਼ਾਇਦ ਜੰਗਾਲਿਆ ਲੋਹਾ ਭਰ ਦਿੱਤਾ ਹੈ। ਮੈਂ ਅਬੋਲ ਖੜ੍ਹਾ ਰਿਹਾ ਸਾਂ। ਚੰਨਾ, ਫ਼ਕੀਰੀਆ ਤੇ ਸ਼ਿੰਦਾ ਸਿਪਾਹੀ ਵੀ ਕੈਂਟਰ ਕੋਲ ਜਾ ਖੜ੍ਹੇ ਸਨ।

"ਓਏ ਤੂੰ? ਕੀ ਨਾਂ ਤੇਰਾ? ਏਧਰ ਆ ਜਾ ਭੈਣ ਦੇਣਿਆ। ਮੁੰਡਿਆਂ ਨਾਲ

ਲਗ ਜਾਹ ਤੇ ਏਸ ਮੁਰਦਾਰ ਨੂੰ ਪਰ੍ਹਾਂ ਆਪਣੇ ਆਲੀ ਕੋਠੜੀ 'ਚ ਲੈ ਜਾਹ! ਕਲ੍ਹ ਨੂੰ ਕਰਾਂਗੇ ਇਹਦਾ ਕੰਮ...!" ਅਜੇਬੇ ਨੂੰ ਮੈਂ ਹੁਣ ਦਿਖ ਪਿਆ ਸਾਂ।

ਆਪਣੇ ਚਿਹਰੇ ਉਪਰ ਬਿਨਾਂ ਕੋਈ ਪ੍ਰਭਾਵ ਲਈ ਮੈਂ ਕਿਸੇ ਸਾਧੇ ਹੋਏ ਜਾਨਵਰ ਵਾਂਗ ਸਿੱਧਾ ਕੈਂਟਰ ਕੋਲ ਤੀਰ ਵਾਂਗ ਗਿਆ ਤੇ ਲਾਸ਼ ਜਿਹੀ ਨੂੰ, ਜੀਹਨੂੰ ਅਸੀਂ ਕਦੀ 'ਜੱਸਾ ਮਰੂਤੀ' ਕਿਹਾ ਕਰਦੇ ਸਾਂ, ਪੁਲਸੀਆਂ ਨਾਲ ਹੱਥ ਪਵਾ ਕੇ ਕੈਂਟਰ ਵਿਚੋਂ ਲਾਹੁਣ ਲਗ ਪਿਆ ਸਾਂ।

ਪਰ ਜੱਸਾ ਮਰੂਤੀ! ਜੱਸਾ ਕਿੱਥੇ ਸੀ? ਇਹ ਤੇ ਕੋਈ ਲੋਥ ਜਿਹੀ ਸੀ। ਮੈਂ ਆਪਣੇ ਆਪ ਨੂੰ ਕਦੀ ਕਦੀ ਬਾਥਰੂਮ ਦੇ ਸ਼ੀਸ਼ੇ ਵਿਚ ਵੇਖ ਕੇ ਝੁਰਦਾ ਸਾਂ, ਪਰ ਜੱਸੇ ਨੂੰ ਵੇਖ ਕੇ ਤੇ ਮੈਂ ਬਸ ਝੁਣਿਆ ਗਿਆ ਸਾਂ। ਸੱਜੀ ਅੱਖ ਜਿਹੜੀ ਕਾਲੀ ਹੋਈ ਪਈ ਸੀ, ਬੰਦ ਸੀ। ਤੇ ਅੱਖ ਦੇ ਨਾਲ ਵਾਲਾ ਮੱਥੇ ਦਾ ਹਿੱਸਾ ਟੁੱਟ ਕੇ ਅੰਦਰ ਵੜਿਆ ਪਿਆ ਸੀ। ਐਨ ਜਿਵੇਂ ਮਤੀਰਾ ਪੂਰਾ ਤਿਆਰ ਹੋਵੇ ਤੇ ਕਿਸੇ ਨੇ ਫੇਹ ਦਿੱਤਾ ਹੋਵੇ। ਕਪੜਿਆਂ ਤੇ ਪੈਰਾਂ 'ਤੇ ਖ਼ੂਨ ਦੇ ਨਿਸ਼ਾਨ। ਤੇ ਉਹਨੂੰ ਹੱਥ ਪਵਾਂਦਿਆਂ ਮੇਰਾ ਧਿਆਨ ਜੱਸੇ ਦੀਆਂ ਬਾਹਵਾਂ ਵਲ ਚਲਾ ਗਿਆ ਸੀ।

"ਹੱਥ ਕਿਥੇ ਐ ਸੱਜਾ ਇਹਦਾ?" ਮੈਂ ਸੁੰਨ ਜਿਹਾ ਹੋ ਕੇ ਜੱਸੇ ਦੇ ਸੱਜੇ ਹੱਥ ਨੂੰ ਲੱਭ ਰਿਹਾ ਸਾਂ ਤੇ ਹੱਥ ਦੀ ਥਾਂ ਇਕ ਸੁੱਕੇ ਲਹੂ ਵਾਲੀ ਪੱਟੀ ਵਾਲਾ ਟੁੰਡ ਜਿਹਾ ਮੇਰਾ ਮੂੰਹ ਚਿੜਾ ਰਿਹਾ ਸੀ।

"ਇਹਨੂੰ ਮਾਸਟਰ ਆਲੇ ਕਮਰੇ ਵਿਚ ਪਾ ਦਿਉ। ਕਿਉਂ ਉਏ, ਕੰਬਲ ਹੈਗੇ ਈ ਨਾ ਲੋੜ ਜੋਗੇ?" ਸ਼ਰਮੇ ਨੇ ਕਿਹਾ।

"ਹਾਂ ਜੀ, ਹਾਂ ਜੀ।" ਮੈਂ ਮਸ਼ੀਨ ਵਾਂਗ ਜਵਾਬ ਦਿੱਤਾ।

ਸਣੇ ਤਿੰਨ ਸਿਪਾਹੀਆਂ ਦੀ ਮਦਦ ਦੇ ਅਸੀਂ ਜੱਸੇ ਨੂੰ ਮੇਰੇ ਕਮਰੇ ਵਿਚ ਜਾ ਲਿਟਾਇਆ। ਏਨੀ ਮੰਦੀ ਹਾਲਤ ਦੇ ਬਾਵਜੂਦ ਜੱਸੇ ਨੂੰ ਸੁਰਤ ਪੂਰੀ ਸੀ। ਵਿਚ ਵਿਚ ਉਹਨੇ ਨਿੱਕੀ ਮੋਟੀ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ। ਸਿਪਾਹੀ ਉਹਨੂੰ ਲਿਟਾ ਕੇ ਚਲੇ ਗਏ। ਮੈਂ ਉਹਦੇ ਕੋਲ ਹੀ ਜ਼ਮੀਨ 'ਤੇ ਬਹਿ ਗਿਆ। ਮੇਰੇ ਭੋਂ-ਬਿਸਤਰੇ ਉਪਰ ਉਹ ਲੇਟਿਆ ਹੋਇਆ ਸੀ। ਕੁਛ ਦੇਰ ਮੈਂ ਬੈਠਾ ਰਿਹਾ। ਫੇਰ ਮੈਂ ਨੋਟ ਕੀਤਾ ਕਿ ਉਹ ਬੜੀ ਸਿਆਣੀ ਅੱਖ ਨਾਲ ਮੈਨੂੰ ਵੇਖ ਰਿਹਾ ਹੈ। ਉਹ ਮੈਨੂੰ ਪਛਾਣ ਗਿਆ ਸੀ ਤੇ ਕੁਛ ਕਹਿਣ ਲੋਚਦਾ ਸੀ।

"ਮੈਂ ਆਂ ਜੱਸਿਆ ਮਾਸਟਰ। ਤੇਰਾ ਪੁਰਾਣਾ ਬੇਲੀ, ਮਾਸਟਰ ਕਰਮ, ਪਛਾਣਿਆ?" ਮੈਂ ਗੱਲਬਾਤ ਤੋਰਨ ਲਈ ਕਿਹਾ।

"ਪਛਾਣ ਦੀ ਤੇ ਗੱਲ ਈ ਛੱਡ। ਮੈਨੂੰ ਜਦੋਂ ਸ਼ਿੰਦੇ ਸਿਪਾਹੀ ਕੋਲੋਂ ਤੇਰੇ ਇਥੇ ਹੋਣ ਦਾ ਪਤਾ ਲੱਗਾ, ਮੈਂ ਆਪ ਮੰਗ ਕੇ ਤੇਰਾ ਸਾਥ ਲਿਐ। ਮੇਰੀ ਖ਼ਣੀ ਇਕ ਕਿ ਪਤਾ ਨਹੀਂ ਦੋ ਰਾਤਾਂ ਬਚੀਆਂ ਨੇ। ਮੈਂ ਕਈ ਦਿਨਾਂ ਦਾ ਸ਼ਰਮੇ ਐੱਸ.ਪੀ. ਨੂੰ ਬੇਨਤੀ ਕਰਨ ਡਿਹਾ ਪਈ ਮੇਰੀ ਆਖ਼ਰੀ ਘੜੀ ਮਾਸਟਰ ਕੋਲ ਲੰਘਾ ਦਿਆ ਜੇ। ਬੜੀ ਮੁਸ਼ਕਲ ਉਹਦੇ ਮਨ ਮਿਹਰ ਪਈ ਏ। ਮਨ-ਮਿਹਰ ਵੀ ਕਿੱਥੇ? ਮੈਂ ਤੇਰੇ ਸਾਥ ਖ਼ਾਤਰ ਜੀਤ ਸਪਰਿੰਗਾਂ ਆਲੇ ਦੇ ਚੁਬਾਰੇ ਦੀ ਦੱਸ ਪਾਈ ਏ। ਉਥੇ ਮੇਰਾ ਨਗਦ ਦੋ ਲੱਖ ਪਿਆ ਏ ਸਾਲ ਕੁ



ਪੁਰਾਣਾ। ਚੁਬਾਰੇ ਤੇ ਜਿੰਦਰਾ ਮੇਰਾ ਈ ਏ, ਭਾਅ ਵੱਡਿਆ। ਦੋ ਲੱਖ ਦੀ ਪਈ ਤੇ ਤੇਰੀ ਇਹ ਪਹਿਲੀ ਮੁਲਾਕਾਤ ਮੈਨੂੰ।" ਜੱਸਾ ਬੜੀ ਚੜ੍ਹਦੀ ਕਲਾ ਵਾਲੀ ਆਵਾਜ਼ ਵਿਚ ਬੋਲ ਰਿਹਾ ਸੀ। ਪਹਿਲੇ ਮੈਨੂੰ ਯਕੀਨ ਨਾ ਆਵੇ ਕਿ ਏਨੇ ਹਿੱਲੇ ਅੰਜਰ-ਪੰਜਰ ਨਾਲ ਵੀ ਕੋਈ ਏਨੀ ਬੁਲੰਦ ਆਵਾਜ਼ ਵਿਚ ਬੋਲ ਸਕਦੈ? ਫੇਰ ਆਪੇ ਹੀ ਮੈਨੂੰ ਬਘੇਲੇ ਦਾ ਚੇਤਾ ਆਇਆ। ਬਘੇਲੇ ਦਾ ਅੰਗ-ਅੰਗ ਗਿੱਲ ਨੇ ਕੋਲ ਖੜੋ ਕੇ ਤੁੜਵਾਇਆ ਸੀ, ਪਰ ਮੌਤ ਦੀ ਆਖ਼ਰੀ ਘੜੀ ਤਕ ਉਹਦੀ ਆਵਾਜ਼ ਦਾ ਗੜ੍ਹਕਾ ਕਾਇਮ ਰਿਹਾ।

"ਭਾਅ! ਤੂੰ ਇਹ ਕੀ ਹਾਲਤ ਕਰਵਾ ਲਈ ਊ? ਚੰਗਾ ਭਲਾ ਟਿਕਾਣੇ ਤੇ ਸੈਂ! ਸਬ-ਇਸਪੈਕਟਰ ਤੇ ਉਹ ਵੀ ਪੰਜਾਬ ਪੁਲਿਸ ਵਿਚ। ਤੈਨੂੰ ਕੀ ਲੋੜ ਪਈ ਸੀ ਭਲਾ ਆਪਣਾ ਪਾਗਲਪਣ ਏਥੇ ਵਖੇਣ ਦੀ? ਅੱਗੇ ਤੂੰ ਚੁਰਾਸੀ ਵਿਚ ਤੇ ਚੁਰਾਸੀ ਤੋਂ ਮਗਰੋਂ ਥੋੜ੍ਹਾ ਵਖਾਲਿਐ ਆਪਣਾ ਪਾਗਲਪਣ? ਹੋਰ ਕੀ ਕਸਰ ਸੀ ਭਲਾ...?" ਮੈਂ ਦੁਖੀ ਮਨ ਨਾਲ ਏਨਾ ਹੀ ਕਹਿ ਸਕਿਆ।

"ਵੱਡਿਆ!" ਲੰਮੀ ਚੁੱਪ ਦੇ ਮਗਰੋਂ ਉਹ ਬੋਲਿਆ।

"ਹੂੰ?" ਮੈਂ ਪ੍ਰਸ਼ਨ ਚਿੰਨ੍ਹ ਬਣਿਆ ਬੈਠਾ ਸਾਂ।

"ਏਹ ਲੰਮੀ ਰਾਮ ਕਹਾਣੀ ਊ। ਜੇ ਕਿਤੇ ਕੁਦਰਤ ਨੇ ਇਕ ਅੱਧੀ ਰਾਤ ਉਮਰ ਲਮਕਾਈ ਏ, ਤਾਂ ਮੈਂ ਕੁਛ ਨਾ ਕੁਛ ਤੈਨੂੰ ਦੱਸ ਕੇ ਮਰਾਂਗਾ। ਪਰ ਮੈਂ ਤੈਨੂੰ ਇਕ ਕੰਮ ਕਹਿਣਾ ਈ, ਤੇ ਨਾਂਹ ਨਾ ਕਰੀਂ। ਮੈਂ ਏਸੇ ਕੰਮ ਲਈ ਤੇਰੇ ਕੋਲ ਆਇਆਂ। ਰੁਪਈਆ ਦੋ ਲੱਖ ਕੀ, ਮੈਂ ਹੋਰ ਵੀ ਸਾਰਾ ਕੁਛ ਦੇ ਦੇਣਾ ਸੀ ਸ਼ਰਮੇ ਨੂੰ। ਤੈਨੂੰ ਵੀ ਮੈਂ ਜਾਂਦਾ ਜਾਂਦਾ ਬੜਾ ਕੁਛ ਦੇ ਜਾਊਂ। ਪਰ ਮੇਰੀ ਹਾਅ ਬੇਨਤੀ ਮੰਨ ਲਈਂ, ਜਿਹੜੀ ਮੈਂ ਹੁਣ ਕਰਾਂਗਾ।" ਉਹ ਜਿਵੇਂ ਬੁਝਾਰਤ ਬਣਿਆ ਖੜ੍ਹਾ ਸੀ।

"ਪੇਹੇ ਮੈਂ ਹੁਣ ਬੂਹੇ 'ਚ ਲੈਣੇ ਆਂ ਜੱਸਿਆ। ਤੂੰ ਦੱਸ ਭਾਅ! ਮੈਂ ਅੱਗ ਲੈਣੀ ਆਂ ਨੋਟਾਂ ਨੂੰ। ਕਾਗਜ਼ਾਂ 'ਚ ਮੈਂ ਮੋਇਆਂ ਪਿਆਂ। ਬਾਹਰ ਵੀ ਨਾ ਮੇਰੀ ਰੰਨ, ਨਾ ਕੰਨ, ਨਾ ਮਾਂ-ਪਿਉ। ਭਰਾ ਪਤਾ ਨਹੀਂ ਹੈ ਵੀ ਕਿ ਨਹੀਂ। ਉਹ ਵੀ ਮੋਇਆਂ ਬਰਾਬਰ। ਤੂੰ ਆਪਣੀ ਦੱਸ।" ਮੈਂ ਜਿਵੇਂ ਜ਼ਿੰਦਗੀ ਦੇ ਅਕੇਵੇਂ ਵਿਚੋਂ ਬੋਲ ਪਿਆ।

"ਹਾਂ। ਹੋਰ ਤੇ ਵੱਡਿਆ, ਤੂੰ ਠੀਕ ਆਹਨਾਂ ਇਆਂ, ਹਾਅ ਹਾਂ।" ਉਹ ਜਿਵੇਂ ਲੰਮੀ ਪੀੜ ਭਰੀ ਆਵਾਜ਼ ਵਿਚ ਬੋਲਿਆ।

ਫੇਰ ਸਾਡੇ ਦੋਹਾਂ ਵਿਚ ਲੰਮੀ ਚੁੱਪ ਛਾ ਗਈ। ਅਸੀਂ ਦੋਹੇਂ ਹੀ ਸੋਚੀਂ ਪੈ ਗਏ ਸਾਂ।

ਮਾਂ ਮੇਰੀ ਪੁਲਸ ਨੇ ਮਾਰ ਦਿੱਤੀ ਸੀ ਕਿ ਜਿਊਂਦੀ ਸੀ, ਅਸੀਂ ਇਸੇ ਸ਼ਸ਼ੋਪੰਜ ਵਿਚ ਪਏ ਤਿੰਨੇ ਰੁਲ ਗਏ ਸਾਂ। ਪਿਉ ਮੇਰਾ ਤੇ ਮੰਜੇ ਤੇ ਪੈ ਗਿਆ। ਮੈਂ ਤੇ ਛੋਟਾ ਕਦੀ ਰੋਟੀਆਂ ਲਾਹੁੰਦੇ, ਕਦੀ ਡਾਕਟਰਾਂ ਵੱਲ ਭੱਜਦੇ, ਕਦੀ ਨੌਕਰੀਆਂ ਵੱਲ ਭੱਜਦੇ। ਹਾਰ ਕੇ ਮਾਈ ਰੱਖ ਲਈ। ਪਰ ਪਿਉ ਮੇਰੇ ਲਈ ਇਹ ਵਿਛੋੜਾ ਅਸਹਿ ਸੀ। ਕੁਛ ਦੇਰ ਬਾਅਦ ਮੈਨੂੰ ਜਿਵੇਂ ਦੀ ਖ਼ਬਰ ਮਿਲੀ, ਉਹ ਠੀਕ ਨਹੀਂ ਸੀ। ਸ਼ਰਮੇ ਨੇ ਮੇਰੀ ਮਾਂ ਮਾਰ ਦਿੱਤੀ ਸੀ। ਦਿਲ 'ਤੇ ਅਜੇ ਤਕ ਅੰਦਰੋਂ ਨਹੀਂ ਮੰਨਦਾ, ਪਰ ਸੱਚਾਈ ਤੋਂ ਮੁਨਕਰ ਵੀ ਨਹੀਂ ਹੋਇਆ ਜਾਂਦਾ। ਉਦੋਂ ਹੀ ਪੁਲਸ ਬਾਰ-ਬਾਰ ਮੈਨੂੰ ਤੇ ਛੋਟੇ ਭਰਾ ਨੂੰ ਤੰਗ ਕਰਨ ਲੱਗ ਪਈ ਸੀ।

ਕਦੀ ਆਟਾ ਮੰਡੀ, ਕਦੇ ਸੱਟੇ ਬਜ਼ਾਰ 'ਚ ਤੇ ਕਦੀ ਮੰਦਰਾਂ ਦੇ ਬਾਹਰ ਜਦ ਬੰਬ ਧਮਾਕਾ ਹੋਣਾ, ਮੈਨੂੰ ਜਾਂ ਭਰਾ ਨੂੰ ਇਕ ਅੱਧੀ ਰਾਤ ਥਾਣੇ ਬਠਾ ਲੈਣਾ। ਹਾਰ ਕੇ ਛੋਟੇ ਨੂੰ ਅਸੀਂ ਯੂ.ਪੀ. ਰਿਸ਼ਤੇਦਾਰਾਂ ਕੋਲ ਭੇਜ ਦਿੱਤਾ। ਉਥੇ ਸਾਡੀ ਤਖਾਣਾ ਬਰਾਦਰੀ ਬਥੇਰੀ ਸੀ। ਮਾਂ ਦੀ ਖ਼ਬਰ ਮਿਲਣ ਤੋਂ ਮਹੀਨੇ ਤਕ ਮੈਂ ਦੁਬਿਧਾ ਵਿਚ ਰਿਹਾ ਫੇਰ ਦਿਲ ਕਰੜਾ ਕਰਕੇ ਅਸਤੀਫ਼ਾ ਭੇਜ ਦਿੱਤਾ ਤੇ ਜੋਤੀ ਹੁੰਦਲ ਦੀ ਸਿਫ਼ਾਰਿਸ਼ 'ਤੇ ਸੰਤਾਂ ਦੇ ਟਹਿਲੂਆਂ ਵਿਚ ਸ਼ਾਮਲ ਹੋ ਗਿਆ। ਬੇਨਤੀ ਮੇਰੀ ਇੱਕੋ ਸੀ ਕਿ ਮੈਨੂੰ ਐੱਸ.ਪੀ. ਸ਼ਰਮੇ ਨੂੰ ਮਾਰਨ ਲਈ ਹਥਿਆਰ ਦਿੱਤਾ ਜਾਵੇ। ਪਰ ਜੋਤੀ ਹੁੰਦਲ ਨੇ ਇਹ ਦੱਸ ਕੇ ਮੈਨੂੰ ਨਾਕ ਦਿੱਤਾ ਕਿ ਹਥਿਆਰਾਂ ਦੀ ਤੰਗੀ ਹੈ, ਅੱਗੇ ਹੀ ਲਾਲੇ ਨੂੰ ਮਾਰਨ ਲਈ ਬਾਬਾ ਰੋਡੇ ਨੂੰ ਸੰਤਾਂ ਨੇ ਆਪਣਾ ਨਿਜੀ ਹਥਿਆਰ ਸੇਵਾ ਵਿਚ ਪਾ ਦਿੱਤਾ ਸੀ।

ਮੈਂ ਉਥੇ ਇਕ ਸੇਵਕ ਵਜੋਂ ਦਿਨ ਕੱਟ ਰਿਹਾ ਸੀ। ਮੇਰੇ ਹਰਿਮੰਦਰ ਸਾਹਿਬ ਅਪੜ ਜਾਣ ਤੇ ਸੰਤਾਂ ਦੇ ਟਹਿਲੂਏ ਬਣਨ ਦੀ ਖ਼ਬਰ ਅੱਗ ਵਾਂਗ ਫੈਲੀ ਸੀ, ਉਹੀ ਪੁਲਿਸ ਹੁਣ ਮੇਰੇ ਘਰ ਵਲ ਮੂੰਹ ਨਹੀਂ ਸੀ ਕਰਦੀ। ਮੇਰੇ ਭਾਪਾ ਜੀ ਅਰਾਮ ਨਾਲ ਰਹਿੰਦੇ ਪਏ ਸਨ। ਕੰਮ ਕਾਰ 'ਤੇ ਉਹ ਜਾਂਦੇ ਸਨ, ਪਰ ਹੁਣ ਮਸਾਂ ਆਪਣੇ ਖਰਚ ਜੋਗਾ ਕੰਮ ਕਰਦੇ ਸਨ।

ਉਥੇ ਹੀ ਪਹਿਲੀ ਵਾਰੀ ਮੈਨੂੰ ਇਹ ਜੱਸਾ ਮਕੂਤੀ ਮਿਲਿਆ ਸੀ। ਉਹ ਪੁਤਲੀ ਘਰ ਵਾਲੇ ਖਾੜਕੂ ਪੀ.ਟੀ. ਦਾ ਪੁਰਾਣਾ ਸੰਗੀ ਸੀ। ਖ਼ਾਲਸਾ ਕਾਲਿਜ, ਅੰਮ੍ਰਿਤਸਰ ਦੇ ਨਾਲ ਦੀਆਂ ਗਲੀਆਂ ਵਿਚ ਉਹਦਾ ਪੁਰਾਣਾ ਘਰ ਸੀ। ਪਿਛੋਂ ਪਿਉ ਉਹਦਾ ਯੂਨੀਵਰਸਿਟੀ ਦੇ ਮਗਰਲੇ ਰਾਹ 'ਤੇ ਪੈਂਦੇ ਘਣਪੁਰ ਦਾ ਸੀ। ਗ਼ਰੀਬ ਜੱਟ ਭਲੇ ਵੇਲੇ ਪਿੰਡੋਂ ਉਠ ਕੇ ਖ਼ਾਲਸਾ ਕਾਲਜ ਦੇ ਨਾਲ ਵੱਸੇ ਗੁਰੂ ਨਾਨਕ ਵਾੜੇ ਆ ਵਸਿਆ ਸੀ। ਜੱਸਾ ਉਹਦੀ ਇੱਕੋ-ਇਕ ਵੱਡੀ ਉਮਰੇ ਹੋਈ ਔਲਾਦ ਸੀ। ਜਮਾਂਦਰੂ ਹੀ ਵਹਿਸ਼ੀ ਸੁਭਾ ਦਾ ਹੋਣ ਕਰਕੇ ਉਹਦੀ ਬਹਿਣੀ ਬਲੈਕੀਏ ਜਾਂ ਮਾਰਖੋਰੇ ਭਾਊਆਂ ਨਾਲ ਹੋ ਗਈ ਸੀ। ਉਥੋਂ ਹੀ ਉਹਦੀ ਪੀ.ਟੀ. ਨਾਲ ਯਾਰੀ ਪੈ ਗਈ ਸੀ। ਪੀ.ਟੀ. ਅੰਦਰ ਵੀ ਅਜਿਹੇ ਹੀ ਜਜ਼ਬੇ ਸਨ। ਦੋਹੋਂ ਅੰਤ ਨੂੰ ਸੰਤਾਂ ਦੀ ਸ਼ਰਨ ਜਾ ਪਏ ਸਨ। ਪੀ.ਟੀ. ਦੀਆਂ ਹਰਕਤਾਂ ਤੋਂ ਤੰਗ ਆ ਕੇ ਸੰਤਾਂ ਨੇ ਬਾਬੇ ਥਾਰਾ ਸਿੰਘ ਕੋਲੋਂ ਉਹਦੀਆਂ ਲੱਤਾਂ ਤੁੜਵਾ ਕੇ ਲੰਗਰ ਹਾਲ ਦੀ ਛੱਤ 'ਤੇ ਮਹੀਨੇ ਕੁ ਲਈ ਲੰਮਾ ਪਾ ਛੱਡਿਆ ਸੀ। ਉਦੋਂ ਤੋਂ ਜੱਸਾ ਝੁਠ ਮਾਰ ਕੇ ਸੰਤਾਂ ਕੋਲੋਂ ਬਚ ਗਿਆ ਸੀ, ਪਰ ਬਾਬੇ ਮਾਨੋਚਾਹਲ ਨੂੰ ਜੱਸਾ ਪਸੰਦ ਨਹੀਂ ਸੀ। ਉਹਨੇ ਤੇ ਬਾਬੇ ਥਾਰੇ ਨੇ ਕਈ ਵਾਰ ਸੰਤਾਂ ਨੂੰ ਉਹਦਾ ਸੋਧਾ ਲਾਉਣ ਲਈ ਕਿਹਾ, ਪਰ ਏਦੂੰ ਪਹਿਲਾਂ ਕਿ ਉਹਦਾ ਕੰਮ ਹੁੰਦਾ, ਉਹ ਭੱਜ ਕੇ ਗੁਰੂ ਨਾਨਕ ਨਿਵਾਸ ਜਾ ਵੜਿਆ। ਉਦੋਂ ਹੀ ਕਿਧਰੇ ਅਪ੍ਰੇਸ਼ਨ ਬਲੂ ਸਟਾਰ ਦੀ ਸ਼ੁਰੂਆਤ ਹੋਈ। ਜੱਸਾ ਬੱਬਰਾਂ ਕੋਲੋਂ ਤੇ ਗੁਰਚਰਨ ਲੰਮੇ ਕੋਲੋਂ ਜਿਹੜਾ ਸੰਤ ਲੌਂਗੋਵਾਲ ਦਾ ਟਹਿਲੂਆ ਸੀ, ਸੂਚਨਾ ਲੈ ਕੇ ਬਲੂ ਸਟਾਰ ਤੋਂ ਪੰਜ ਕੁ ਦਿਨ ਪਹਿਲਾਂ ਹੀ ਬਾਗ਼ਾ ਵਾਲੀ ਗਲੀ ਵਿਚ ਪਾੜ ਪਾ ਕੇ ਚੌਕ ਪ੍ਰਾਗਦਾਸ ਕੋਲੋਂ ਤਰਨਤਾਰਨ ਵਲ ਨੂੰ ਨਿਕਲ ਗਿਆ ਸੀ। ਪੀ.ਟੀ. ਤੇ ਉਹਦੇ ਸਾਥੀ ਅੰਦਰ ਪਰਿਕਰਮਾ ਵਿਚ ਤੇ ਬਾਬੇ ਸ੍ਰੀ ਚੰਦ ਦੇ ਉਦਾਸੀਨ ਅਖਾੜੇ ਵਿਚ ਫ਼ੌਜ ਨਾਲ ਮੁਕਾਬਲਾ ਕਰਦੇ ਮਾਰੇ ਗਏ ਸਨ।



ਮੈਂ ਉਹਨੀਂ ਦਿਨੀਂ ਆਪ ਵੀ ਪਰਿਕਰਮਾ ਤੋਂ ਬਾਹਰ ਸਾਂ। ਮੇਰੀ ਡਿਊਟੀ ਸਿੰਘਾਂ ਨੇ ਜੋਤੀ ਹੁੰਦਲ ਨੂੰ ਮਾਰਨ 'ਤੇ ਲਾਈ ਸੀ, ਪਰ ਮੈਂ ਨਾਂਹ ਕਰ ਗਿਆ ਸਾਂ। ਫੇਰ ਉਹਨੂੰ ਇੰਦਰ ਵਹਿਸ਼ੀ ਤੇ ਜੱਸੇ ਤੇ ਪੀ.ਟੀ. ਨੇ ਮਾਰਿਆ ਸੀ। ਸਿੰਘਾਂ ਨੇ ਮੇਰੀ ਇੱਕੋ ਇਕ ਤਮੰਨਾ, ਐੱਸ.ਪੀ. ਸ਼ਰਮੇ ਦੀ ਜਾਨ ਲੈਣ ਦੀ ਭਾਵਨਾ ਨੂੰ ਸਮਝ ਲਿਆ ਤੇ ਮੈਨੂੰ ਪੱਟੀ ਦੇ ਇਲਾਕੇ ਵਿਚ ਭੇਜ ਦਿੱਤਾ। ਸ਼ਰਮਾ ਵੀ ਉਦੋਂ ਤਰਨਤਾਰਨ ਵਲ ਕੰਮ ਕਰ ਰਿਹਾ ਸੀ।

"ਕੀ ਸੋਚਦੈਂ ਵੱਡਿਆ?" ਲੰਮੇ ਪਏ ਜੱਸੇ ਨੇ ਅਚਾਨਕ ਮੈਨੂੰ ਪੁੱਛ ਲਿਆ।

"ਕੁਛ ਨਹੀਂ। ਬਸ ਪੁਰਾਣੇ ਦਿਨ ਯਾਦ ਆ ਗਏ।" ਮੈਂ ਕਿਹਾ।

"ਯਾਦ ਈ ਭਾਊ। ਮੈਂ ਪਹਿਲੀ ਵਾਰ ਤੈਨੂੰ ਬੀ.ਐਡ. ਖ਼ਾਲਸਾ ਕਾਲਜ ਦੇ ਸਮਾਗਮ 'ਤੇ ਵੇਖਿਆ ਸੀ। ਤੂੰ ਇਕ ਤੇ ਮੁਕੇਸ਼ ਦਾ ਗਾਣਾ ਗਾਇਆ ਸੀ। ਨਾਲੇ ਤੁਹਾਡੀ ਕਲਾਸ ਨੇ ਕੱਵਾਲੀ ਪੇਸ਼ ਕੀਤੀ ਸੀ।"

ਮੇਰੀਆਂ ਯਾਦਾਂ ਵੀ ਤਾਜ਼ਾ ਹੋ ਗਈਆਂ। ਮੇਰੇ ਚਿਹਰੇ 'ਤੇ ਮੁਸਕੁਰਾਹਟ ਆ ਗਈ।

"ਤੂੰ ਕਿਵੇਂ ਉਥੇ ਸੀ?" ਮੈਂ ਕਿਹਾ।

"ਅਸੀਂ ਡ੍ਰਾਮਾ ਵਿਹਲੜ ਨੇ ਲੈਂਡਰ ਨੰਬਰ ਇਕ ਸੀਗੇ। ਕਾਲਜ ਦੇ ਹਰ ਸਮਾਗਮ ਵਿਚ ਵੜ ਜਾਂਦੇ ਸਾਂ। ਇਕ ਤੇ ਮੇਰਾ ਘਰ ਈ ਕਾਲਜ ਦੀ ਜੜ੍ਹ 'ਚ ਸੀ। ਦੂਜਾ ਮੈਂ ਖ਼ਾਲਸਾ ਸਕੂਲ ਤੋਂ ਪੜ੍ਹਿਆ ਵਾਂ। ਮੇਰੇ ਲਈ ਕੀ ਔਖਾ ਸੀ?" ਜੱਸੇ ਨੇ ਕਿਹਾ।

ਅਚਾਨਕ ਬਾਹਰ ਰੌਲਾ ਪਿਆ। ਮੇਰਾ ਧਿਆਨ ਬਾਹਰ ਨੂੰ ਚਲਾ ਗਿਆ। ਸ਼ਾਮ ਢਲ ਗਈ ਸੀ ਤੇ ਰਾਤ ਪੈ ਰਹੀ ਸੀ। ਰੌਲਾ ਸੁਣ ਕੇ ਮੈਂ ਬਾਹਰ ਚਲਾ ਗਿਆ। ਉਥੇ ਦੂਰੋਂ ਨਜ਼ਰ ਮਾਰਿਆਂ ਕੁਛ ਪਤਾ ਨਹੀਂ ਸੀ ਲਗਦਾ। ਪਰ ਏਨਾ ਪਤਾ ਲਗ ਗਿਆ ਕਿ ਅਜੈਬਾ ਥਾਣੇਦਾਰ ਤੇ ਫ਼ਕੀਰੀਆ ਆਪਸ ਵਿਚ ਖਹਿਬੜਦੇ ਪਏ ਸਨ। ਫ਼ਕੀਰੀਆ ਕਿਸੇ ਤੋਂ ਵੀ ਡਰਦਾ ਨਹੀਂ ਸੀ। ਥੋੜ੍ਹੀ ਦੇਰ ਮੈਂ ਖੜ੍ਹਾ ਰਿਹਾ। ਏਨੇ ਨੂੰ ਸ਼ੌਕੀ ਲਾਂਗਰੀ ਮੇਰੇ ਕੋਲੋਂ ਲੰਘਿਆ। ਮੈਂ ਹੌਲੀ ਜਿਹੀ ਵਾਜ ਵਿਚ ਉਹਨੂੰ ਮਾਜਰਾ ਪੁੱਛਿਆ।

"ਓ ਫ਼ਕੀਰੀਆ ਤੇ ਜੈਬਾ ਥਾਣੇਦਾਰ ਖਹਿਬੜ ਪਏ ਈ ਭਾਊ। ਜੈਬਾ ਫ਼ਕੀਰੀਏ ਨੂੰ ਰੁਪਈਆ ਦਸ ਹਜ਼ਾਰ ਲੁੱਟੂ ਈ। ਨਾਲੇ ਬੋਤਲਾਂ ਦੀ ਪੂਰੀ ਪੇਟੀ ਦਊ ਈ, ਪਈ ਉਹ ਜੱਸੇ ਨੂੰ ਮਾਰਕੇ ਮੰਡ ਵਲ ਸੁੱਟ ਆਏ, ਉਥੇ ਜਿਥੇ ਪਹਿਲਾਂ ਈ ਲਾਸ਼ਾਂ ਸੁੱਟਦੇ ਰਹੇ ਆਂ। ਪਰ ਫ਼ਕੀਰੀਆ ਅਗੋਂ ਗਾਹਲੀ ਡਹਿ ਪਿਆ ਈ ਅਖੇ ਮੈਂ ਆਪਣੇ ਪੁਰਾਣੇ ਆੜੀ ਜੱਸੇ ਨੂੰ ਨਹੀਂ ਮਾਰਨਾ।"

"ਫੇਰ?" ਮੈਂ ਸ਼ੌਕੀ ਨੂੰ ਹੋਰ ਕੁਰੇਦਿਆ।

"ਫੇਰ ਕੀ? ਅਜੈਬਾ ਕਹਿੰਦੈ, ਮਾਈਯਾਵੇ ਨੇ ਸਾਡੇ ਖਣੀ ਕਿੰਨੇ ਪੁਲਸੀਏ ਮਾਰੇ ਐ, ਆਪ ਹੀ ਪੁਲਸੀਆ ਹੋ ਕੇ ਵੀ। ਤੇ ਏਹੋ ਜਹੇ ਕੀੜੇ ਨੂੰ ਮਾਰਨ 'ਚ ਕੀ ਹਰਜ ਐ?" ਅਗੋਂ ਫ਼ਕੀਰੀਆ ਕਹਿੰਦੈ, "ਮੈਂ ਕਿਹੜਾ ਥੋੜ੍ਹੇ ਬੰਦੇ ਮਾਰੇ ਐ? ਫੇਰ ਤੇ ਕਲ੍ਹ ਨੂੰ ਮੈਨੂੰ ਵੀ ਮਾਰ ਦਿਊ ਜੇ।"

"ਹੁਣ ਕੀ ਕਰਨਗੇ ਫੇਰ?" ਮੈਂ ਪੁੱਛਿਆ। ਮੈਨੂੰ ਪਤਾ ਸੀ ਕਿ ਸ਼ੇਕੀ ਨੂੰ ਸਭ ਪਤਾ ਹੋਏਗਾ। ਉਂਜ ਵੀ ਤਜਰਬੇ ਤੋਂ ਮੈਂ ਜਾਣ ਗਿਆ ਸਾਂ ਕਿ ਭੇਤ ਜਾਂ ਤੇ ਲਾਂਗਰੀ ਜਾਂ ਨੌਕਰਾਂ ਤੇ ਡਰਾਈਵਰਾਂ ਕੋਲ ਹੀ ਹੁੰਦੇ ਨੇ।

"ਫੇਰ ਕੀ?"

"ਫੇਰ ਭਾਅ, ਹੁਣ ਚੰਨਾ ਨੱਥ ਤੇ ਕਿਰਪਾਲ ਹੌਲਦਾਰ ਤਿਆਰ ਨੇ ਏਹਦੀ ਟਿਕਟ ਕੱਟਣ ਲਈ। ਅਜੈਬੇ ਨੇ ਉਹੀ ਦਸ ਹਜ਼ਾਰ ਤੇ ਪੇਟੀ ਉਨ੍ਹਾਂ ਨੂੰ ਦੇਣੀ ਕਰ 'ਤੀ ਐ," ਸ਼ੇਕੀ ਨੇ ਕਿਹਾ।

"ਕਦੋਂ?" ਮੈਂ ਸ਼ੇਕੀ ਨੂੰ ਸਪੱਸ਼ਟ ਪੁੱਛਿਆ।

"ਕਲ੍ਹ ਦੁਪਹਿਰੋਂ ਬਾਅਦ," ਸ਼ੇਕੀ ਕਹਿ ਕੇ ਬਾਹਰ ਨੂੰ ਚਲਾ ਗਿਆ।

ਮੈਂ ਕਮਰੇ ਵਿਚ ਪਰਤ ਆਇਆ। ਜੱਸੇ ਨੇ ਰੌਲ਼ੇ ਦਾ ਕਾਰਣ ਪੁੱਛਿਆ। ਬੜੇ ਸਪੱਸ਼ਟ ਰੂਪ ਵਿਚ ਪੂਰੀ ਸਹਿਜ ਅਵਾਜ਼ ਵਿਚ ਮੈਂ ਕਿਹਾ, "ਕਲ੍ਹ ਦੁਪਹਿਰ ਤੋਂ ਬਾਅਦ ਤਿਆਰ ਰਹੀਂ। ਆ ਗਿਐ ਵੇਲਾ।"

ਲੰਮੀ ਚੁੱਪ ਤੋਂ ਬਾਅਦ ਉਹਨੇ ਕਿਹਾ:

"ਫੇਰ ਰੌਲਾ ਕਾਹਦਾ ਸੀ?"

"ਫ਼ਕੀਰੀਏ ਨੇ ਨਾਂਹ ਕਰ ਤੀ ਐ।" ਮੈਂ ਕਿਹਾ

"ਹੁਣ ਕੌਣ?" ਉਹਨੇ ਨਜ਼ਰਾਂ ਗੱਡ ਕੇ ਸਪੱਸ਼ਟ ਪੁੱਛਿਆ।

"ਚੰਨਾ ਤੇ ਕਿਰਪਾਲ!" ਮੈਂ ਏਨਾਂ ਕਹਿ ਕੇ ਚੁੱਪ ਵੱਟ ਗਿਆ। ਉਹ ਵੀ ਚੁੱਪ ਕਰ ਗਿਆ। ਕੁਛ ਦੇਰ ਸਿੱਧਾ ਪਏ ਰਹਿਣ ਬਾਅਦ ਉਸ ਕਿਹਾ, "ਮੈਨੂੰ ਪਾਸਾ ਦਵਾ ਦੇਹ!"

ਮੈਂ ਉਠ ਕੇ ਵੱਖੀ ਪਰਨੇ ਕਰ ਦਿੱਤਾ। ਅਚਾਨਕ ਮੈਨੂੰ ਉਹਦੇ ਕੱਟੇ ਹੱਥ ਦਾ ਖ਼ਿਆਲ ਆਇਆ:

"ਸੱਜਾ ਹੱਥ ਕਿਥੇ ਈ?"

"ਉਹ ਥਾਣੇਦਾਰ ਚੀਮਾਂ ਵੱਢ ਕੇ ਸੁੱਟ ਗਿਐ ਹਫ਼ਤਾ ਕੁ ਪਹਿਲਾਂ।" ਉਹਨੇ ਜਵਾਬ ਦਿੱਤਾ।

"ਉਹਦਾ ਮੁੰਡਾ ਮਾਰਿਆ ਸੀ ਮੈਂ ਰਈਏ ਕੋਲ, ਬਾਜੂ ਨੰਗਲ ਵੱਲ। ਚੀਮਾ ਰਟੈਰ ਹੋਣ ਵੇਲੇ ਉਹਨੂੰ ਭਰਤੀ ਕਰਾ ਗਿਆ ਸੀ ਹੌਲਦਾਰ। ਉਹਦੀ ਡਿਊਟੀ ਉਧਰਲੀ ਪੁਲਸ ਚੌਕੀ 'ਚ ਸੀ। ਬਸ ਮੈਨੂੰ ਪਤਾ ਸੀ, ਰਾਤ ਨੂੰ ਕਿਹੜੇ ਵੇਲੇ ਉਹ ਦੋ ਤਿੰਨ ਜਣੇ ਨਿਕਲਦੇ ਐ। ਦੋ ਸਨ, ਮੈਂ ਰੇੜ੍ਹ ਦਿੱਤੇ।" ਉਹਨੇ ਬਾਕੀ ਬਚਦੀ ਕਥਾ ਵੀ ਸੁਣਾ ਦਿੱਤੀ।

"ਫੇਰ?" ਮੈਂ ਪੁੱਛਿਆ।

"ਫੇਰ ਕੀ? ਚੀਮੇ ਨੂੰ ਪਤਾ ਲਗਾ ਈ ਸਾਲ ਕੁ ਬਾਅਦ। ਉਹ ਵੀ ਹਫ਼ਤਾ ਕੁ ਪਹਿਲਾਂ ਅਜੈਬੇ ਨੇ ਦੱਸਿਆ ਈ ਉਹਨੂੰ। ਉਹ ਅਜੈਬੇ ਕੋਲੋਂ ਮੈਨੂੰ ਮੰਗਦਾ ਸੀ। ਪੰਜ ਲੱਖ ਵੀ ਢੇਰੀ ਕਰਦਾ ਸੀ ਕਿ ਜੱਸੇ ਦੇ ਟੋਟੇ ਕਰਨ ਦਿਉ। ਅਜੈਬੇ ਨੇ ਪੰਜ ਲੱਖ ਵੇਖ ਕੇ ਆਖ ਛੱਡਿਆ, "ਤੈਨੂੰ ਇਹ ਨੋਟਾਂ ਦੀ ਖਾਣ ਪੰਜ ਲੱਖ 'ਚ ਦੇ ਦਈਏ। ਕੁੱਟ ਜਿਨਾਂ



ਮਰਜ਼ੀ ਲਾ, ਵੱਢਾਂ-ਮਾਰਾਂਗੇ ਅਸੀਂ ਆਪੇ।"

"ਅੱਛਾ?" ਮੈਂ ਹੁੰਗਾਰਾ ਭਰਿਆ। ਮੈਨੂੰ ਹੁਣ ਕੋਈ ਗੱਲ ਹੈਰਾਨ ਨਹੀਂ ਸੀ ਕਰ ਰਹੀ, ਕਿਉਂਕਿ ਅੰਤ ਦੇ ਨੀਚ ਤੇ ਹੈਵਾਨਾਂ ਨਾਲ ਤੇ ਮੈਂ ਆਪ ਕੰਮ ਕਰ ਚੁੱਕਾ ਸਾਂ ਕਈ ਸਾਲ। ਸੋ ਇਹ ਸਭ ਸਹਿਜ ਸੀ।

"ਫੇਰ ਕੀ?"

"ਆਹ ਸਾਰਾ ਅੰਜਰ-ਪੰਜਰ ਦੁਬਾਰਾ ਉਸੇ ਧੀ ਦੇ ਯਾਰ ਦਾ ਈ ਹਿਲਾਇਆ ਹੋਇਐ। ਜਾਂਦਾ ਹੋਇਆ ਉਹ ਕਿਤੋਂ ਦਾਤਰ ਲੱਭ ਲਿਆਇਆ ਤੇ ਹੱਥ ਵੱਢ ਗਿਆ। ਉਹ ਤੇ ਸਾਲਾ ਗਾਟਾ ਲਾਹੂ ਸੀ, ਪਰ ਅਜੈਬੇ ਤੇ ਨਿਰਮਲ ਨੇ ਫੜ ਲਿਆ।" ਉਸ ਕਿਹਾ।

ਲੰਮੀ ਚੁੱਪ ਬਾਅਦ ਉਹਨੇ ਫੇਰ ਕਹਿਣਾ ਸ਼ੁਰੂ ਕੀਤਾ:

"ਮੈਨੂੰ ਨਾ ਕੱਲ੍ਹ ਦੁਪਹਿਰੇ ਆਉਣ ਵਾਲੀ ਮੌਤ ਦਾ ਕੋਈ ਰੋਜ਼ ਈ, ਤੇ ਨਾ ਈ ਏਸ ਹੱਥ ਦਾ। ਰੋਸ ਤੇ ਵੱਡਿਆ ਮੈਨੂੰ ਹੋਰ ਈ ਐ। ਉਹ ਵੀ ਮੈਂ ਤੈਨੂੰ ਦੱਸ ਕੇ ਜਾਵਾਂਗਾ। ਦੱਸ ਕੇ ਜਾਵਾਂਗਾ। ਨਾਲ਼ੇ ਤੈਥੋਂ ਕੁਝ ਮੰਗਣਾ ਵੀ ਏ।"

"ਤੈਨੂੰ ਯਾਦ ਏ, ਮੈਂ ਤੈਨੂੰ ਰੂਬੀ ਕੈਟ ਵੱਲੋਂ ਬਚਾਇਆ ਸੀ?" ਕੁਛ ਦੇਰ ਬਾਅਦ ਉਸ ਕਿਹਾ।

ਮੈਨੂੰ ਸਾਰੀ ਕਹਾਣੀ ਯਾਦ ਆ ਗਈ। ਰੂਬੀ ਕੈਟ ਪੁਲਸ ਦਾ ਬੰਦਾ ਸੀ। ਪਰ ਚਾਟੀ ਵਿੰਡ ਬਾਰੇ ਬਾਬੇ ਸ਼ਹੀਦਾਂ ਦੇ ਗੁਰਦੁਆਰੇ ਦਾ ਜਥੇਦਾਰ ਬਣਿਆ ਬੈਠਾ ਸੀ। ਮੈਂ ਵੀ ਉਥੇ ਸੇਵਾਦਾਰ ਬਣ ਕੇ ਪਨਾਹ ਲਈ ਹੋਈ ਸੀ। ਰੂਬੀ ਨੂੰ ਪਤਾ ਲਗ ਗਿਆ ਤੇ ਉਹਨੇ ਥਾਣੇ ਬੀ. ਡਵਿਜਨ ਰਿਪੋਰਟ ਕਰ ਦਿਤੀ ਸੀ। ਉਥੇ ਕਿਤੇ ਜੱਸਾ ਹੀ ਤੈਨਾਤ ਸੀ। ਉਹਨੇ ਝੱਟ ਆਪਣੇ ਢੀਲੇ ਹੱਥ ਤੋਚੀ ਲਾਂਗਰੀ ਨੂੰ ਸੁਨੇਹਾ ਦਿੱਤਾ ਤੇ ਤੋਚੀ ਨੇ ਮੈਨੂੰ ਲਾਂਭੇ ਕਰ ਦਿੱਤਾ। ਸ਼ਾਮ ਨੂੰ ਹਨੇਰਾ ਪਏ ਮੈਂ ਤੇ ਤੋਚੀ ਨੇ ਰੂਬੀ ਨੂੰ ਗਲ ਵਿਚ ਪਰਨਾ ਪਾ ਕੇ ਮਾਰ ਦਿੱਤਾ, ਜਦੋਂ ਉਹ ਬੇਫ਼ਿਕਰ ਹੋ ਕੇ ਸਕੱਤਰੀ ਬਾਗ਼ ਕੋਲੋਂ ਲੰਘ ਕੇ ਭਗਤਾਂ ਵਾਲੇ ਜਾ ਰਿਹਾ ਸੀ। ਲਾਸ਼ ਚੁੱਕ ਕੇ ਗੰਦੇ ਨਾਲੇ ਵਿਚ ਪੱਕੀ ਤਰ੍ਹਾਂ ਨੱਪ ਦਿੱਤੀ। ਰੂਬੀ ਦਾ ਤੇ ਅੱਜ ਤਕ ਖੁਰਾ ਨਹੀਂ ਲੱਭ ਸਕੀ ਪੁਲਸ, ਤੇ ਨਾ ਮੈਂ ਕਿਸੇ ਵੀ ਰਿਮਾਂਡ ਵਿਚ ਉਹਦਾ ਕਤਲ ਮੰਨਿਆ ਸਾਂ।

"ਹਾਂ। ਤੇਰੀ ਕਿਰਪਾ ਨਾਲ ਉਦੋਂ ਮੈਂ ਮਸਾਂ ਬਚਿਆ ਸਾਂ।" ਮੈਂ ਜੱਸੇ ਨੂੰ ਦਿਲੋਂ ਕਿਹਾ।

ਕੁਛ ਦੇਰ ਬਾਅਦ ਮੇਰੀ ਅੱਖ ਲੱਗ ਗਈ। ਜੱਸੇ ਨੂੰ ਨੀਂਦ ਕਿੱਥੇ?

ਪੀ.ਟੀ. ਦੀ ਮੌਤ ਤੋਂ ਮਗਰੋਂ ਜੱਸੇ ਦੀਆਂ ਵਾਗਾਂ ਖੁੱਲ੍ਹੀਆਂ ਸਨ। ਸੰਤ ਤੇ ਉਹਦੇ ਸਾਥੀ ਅੰਦਰ ਲੜਦੇ ਚੜ੍ਹਾਈਆਂ ਕਰ ਗਏ ਸਨ। ਜੱਸੇ ਨੇ ਉਥੋਂ ਬਚ ਨਿਕਲੇ ਜਿੰਦੇ, ਗਿੰਦਰ, ਬਾਬੇ ਮਾਨੋਚਾਹਲ ਜਾਂ ਸੁੱਖ ਹੋਰਾਂ ਨਾਲ ਸੰਪਰਕ ਨਾ ਬਣਾਇਆ। ਉਧਰ ਫ਼ੌਜ ਤੇ ਪੁਲਸ ਸਾਰੇ ਹਾਰਡ ਕੋਰ ਅੱਤਵਾਦੀਆਂ ਨੂੰ ਲੱਭ ਰਹੀ ਸੀ। ਜੱਸਾ ਛੋਹਰਟੇ ਦੀ ਕਾਲੀ ਬਿੱਲੀ ਬਣ ਗਿਆ। ਥੋੜ੍ਹੀ ਦੇਰ ਬਾਦ ਉਹ ਮਸ਼ਹੂਰ ਕੈਟ ਸੇਖੋਂ ਕਾਲੇ ਦੀ ਸਿਫ਼ਾਰਿਸ਼ ਨਾਲ ਸਿਪਾਹੀ ਭਰਤੀ ਹੋ ਗਿਆ। ਸਾਨੂੰ ਇਹ ਸਭ ਖ਼ਬਰਾਂ ਮਿਲਦੀਆਂ

ਸਨ। ਮਾਨੋਚਾਹਲ ਅਤੇ ਗੁਰਜੰਟ ਸਿੰਘ ਹੱਥਾਂ 'ਤੇ ਦੰਦੀਆਂ ਵੱਢਦੇ ਸਨ ਕਿ ਉਦੋਂ ਹੀ ਇਹਨੂੰ ਕਿਉਂ ਨਾ ਮਾਰ ਦਿੱਤਾ? ਉਧਰ ਜੱਸੇ ਨੂੰ ਤੇ ਖਾੜਕੂ ਲਹਿਰ ਦੇ ਅੱਡੇ, ਉਨ੍ਹਾਂ ਦੇ ਕੰਮ ਕਰਨ ਦਾ ਢੰਗ ਤਕ ਪਤਾ ਸੀ, ਉਹਨੇ ਕਈ ਇਨਾਮੀ ਸਿੰਘ ਮਾਰੇ ਤੇ ਤਰੱਕੀ ਕਰਦਾ ਛੋਟਾ ਥਾਣੇਦਾਰ ਬਣ ਗਿਆ ਸੀ। ਇੰਦਰਜੀਤ ਵਹਿਸ਼ੀ ਦੀ ਸੰਗਤ ਕਾਰਣ ਉਸ ਅੰਦਰ ਬੇਤਰਸੀ ਪੈਦਾ ਹੋ ਗਈ ਸੀ। ਇਕ ਉਹ ਆਪ ਵੀ ਜਮਾਂਦਰੂ ਸਖ਼ਤ ਤੇ ਵਹਿਸ਼ੀ ਸੀ। ਸੋਖੇ ਕਾਲੇ ਨਾਲ ਰਲਣ ਕਰਕੇ ਉਸ ਅੰਦਰ ਉਹ ਬੇਤਰਸੀ ਪੈਦਾ ਹੋ ਗਈ ਸੀ, ਜਿਹੜੀ ਅਕਸਰ ਕਸਾਈਆਂ, ਨੀਮ ਪਾਗਲਾਂ ਜਾਂ ਅੰਨ੍ਹੀ ਤਾਕਤ ਨਾਲ ਭੂਸਰੇ ਹੋਏ ਪਸ਼ੂਆਂ ਦੀਆਂ ਅੱਖਾਂ ਵਿਚ ਹੁੰਦੀ ਹੈ। ਸੋਖਾ ਕਾਲ਼ਾ ਤੇ ਇਕ ਦਿਨ ਅੰਮ੍ਰਿਤਸਰ ਆਪਣੇ ਘਰ ਬੈਠਾ ਹੀ ਭੁਪੀ ਜੋਗਪੁਰੀਏ ਦੇ ਹੱਥੋਂ ਮਾਰਿਆ ਗਿਆ, ਪਰ ਜੱਸੇ ਦੇ ਸੰਪਰਕ ਬਣਾ ਗਿਆ ਸੀ। ਦਿੱਲੀ ਸਰਕਾਰਾਂ ਨੂੰ ਅੱਤਵਾਦ ਨੂੰ ਹਵਾ ਦੇਣ ਲਈ ਜੱਸੇ ਵਰਗੇ ਚਾਹੀਦੇ ਸਨ, ਉਹਦਾ ਨਾਂ ਹਰ ਏਜੰਸੀ ਵਿਚ 'ਕੰਮ ਦੇ ਬੰਦੇ' ਵਜੋਂ ਬੋਲਣ ਲਗ ਪਿਆ ਸੀ।

"ਇੰਦਰ ਵਹਿਸ਼ੀ ਨੂੰ ਕਿਉਂ ਮਾਰ ਤਾ ਸੀ ਖ਼ਾਲਿਸਤਾਨ ਲਿਬਰੇਸ਼ਨ ਵਾਲਿਆਂ ਨੇ?" ਰਾਤ ਦਾ ਆਖ਼ਰੀ ਪਹਿਰ ਸੀ, ਜਦ ਮੈਂ ਨਿਰੰਤਰ ਜਾਗਦੇ ਜੱਸੇ ਨੂੰ ਪੁਛਿਆ। ਅਸੀਂ ਦੋਵੇਂ ਹੀ ਸੁੱਤੇ ਨਹੀਂ ਸਾਂ।

"ਉਹ ਦਰਅਸਲ ਅਸੀਂ ਵਰਪਾਲਾਂ ਦੇ ਕਿਸੇ ਟਾਊਟ ਨੂੰ ਮੌਕੇ 'ਤੇ ਫੜ ਕੇ ਮਾਰਨਾ ਸੀ। ਜਦ ਅਸੀਂ ਗੋਲੀ ਮਾਰਨ ਲਗੇ, ਇੰਦਰ ਵਹਿਸ਼ੀ ਕਹਿੰਦਾ: ਥੋੜ੍ਹਾ ਨਜ਼ਾਰਾ ਵੀ ਥੇਨੀਏ, ਤੇ ਉਹਨੇ ਲਿਬਰੇਸ਼ਨ ਆਲੇ ਜੱਥੇਦਾਰ ਕਸ਼ਮੀਰ ਠੱਠੇ ਨੂੰ ਕਿਹਾ ਕਿ ਇਹਨੂੰ ਅਸੀਂ ਨਹਿਰ ਦੇ ਪਰਲੇ ਬੰਨੇ ਮਾਰ ਦਿਆਂਗੇ, ਤੁਸੀਂ ਜਾਓ। ਉਹ ਸਾਨੂੰ ਟਾਊਟ ਸੌਂਪ ਕੇ ਚਲੇ ਗਏ। ਨਾਲ ਉਨ੍ਹਾਂ ਦਾ ਇਕ ਹੋਲੀ ਉਮਰ ਦਾ ਸਿੰਘ ਸੀ - ਪ੍ਰਤਾਪ ਸਿੰਘ। ਉਹ ਸਾਡੇ ਨਾਲ ਰਿਹਾ। ਇੰਦਰ ਵਹਿਸ਼ੀ ਨੇ ਤੇ ਮੈਂ ਰਲ ਕੇ ਨਹਿਰ ਦੇ ਕੰਢੇ ਜਾ ਕੇ ਉਸ ਟਾਊਟ ਨੂੰ ਮੂੰਹ ਵਿਚ ਕਪੜਾ ਦੇ ਕੇ ਉਹਦਾ ਅਸੀਂ ਬੰਦ ਬੰਦ ਕੱਟਿਆ। ਜਿਉਂ ਜਿਉਂ ਅਸੀਂ ਕੱਟੀਏ, ਉਹ ਮਰਨ ਤੋਂ ਪਹਿਲਾਂ ਤੜਫੇ। ਸਾਨੂੰ ਦੋਹਾਂ ਨੂੰ ਮਾਰ ਕਿਤੇ ਸਵਾਦ ਆਇਆ। ਪ੍ਰਤਾਪ ਇਹ ਵੇਖ ਕੇ ਡਰ ਗਿਆ ਤੇ ਭੱਜ ਕੇ ਉਥੋਂ ਹੀ ਰਾਤੋ-ਰਾਤ ਕਸ਼ਮੀਰ ਠੱਠੇ ਕੋਲ਼ ਚਲਾ ਗਿਆ। ਅਸੀਂ ਪਿਛੋਂ ਉਹਦੇ ਸੈਂਤਾਲੀ ਦਾ ਪੂਰਾ ਬਰਸਟ ਮਾਰਿਆ ਕਿ ਉਹ ਠੱਠੇ ਕੋਲ ਨਾ ਪਹੁੰਚ ਸਕੇ। ਪਰ ਉਹ ਬਚ ਗਿਆ, ਤੇ ਠੱਠੇ ਨੂੰ ਸਾਰੀ ਕਹਾਣੀ ਜਾ ਸੁਣਾਈ। ਮੈਨੂੰ ਖੁੜਕ ਗਈ ਸੀ, ਏਸ ਲਈ ਮੈਂ ਤੇ ਮੁੜ ਬਾਬੇ ਭਿੰਡਰਾਂਵਾਲੇ ਦੇ ਦਰਬਾਰ ਵਿਚ ਨਹੀਂ ਸੀ ਗਿਆ। ਪਰ ਇੰਦਰ ਨੂੰ ਮੈਂਟਲ ਨੂੰ ਅਕਲ ਕਿੱਥੇ? ਉਹ ਅੰਦਰ ਪਰਿਕਰਮਾ 'ਚ ਚਲਾ ਗਿਆ ਤੇ ਉਥੋਂ ਹੀ ਠੱਠੇ ਹੁਰਾਂ ਉਹਨੂੰ ਬਾਹਰ ਗੁਰੂ ਰਾਮ ਦਾਸ ਸਰਾਂ ਵਿਚ ਲਿਜਾ ਕੇ ਟੋਟੇ ਕਰਕੇ ਤਰਨਤਾਰਨ ਰੋਡ ਵਲ ਕਿਧਰੇ ਉਜਾੜ ਵਿਚ ਪੈਟਰੋਲ ਪਾ ਕੇ ਸਾੜ ਘੱਤਿਆ ਸੀ।" ਜੱਸੇ ਨੇ ਸਾਰੀ ਕਹਾਣੀ ਦੱਸ ਦਿੱਤੀ।

"ਪਰ...ਪਰ ਭਾਅ! ਤੂੰ ਗਿੰਦੋ ਸ਼ਪੈਹਣ ਕਾਹਨੂੰ ਮਾਰ ਘੱਤੀ?" ਮੈਂ ਝਿਜਕ ਕੇ ਪੁੱਛ ਹੀ ਲਿਆ।

"ਉਹ ਮੇਰੀ ਘਰਦੀ ਨਹੀਂ ਸੀ, ਉਦਾਂ ਹੀ ਰੱਖੀ ਹੋਈ ਸੀ ਰਖੇਲ ਵਾਂਗ। ਪਰ



ਉਹ ਮੈਨੂੰ ਟੋਕਣ ਬਹੁਤ ਲੱਗ ਪਈ ਸੀ। ਜਦੋਂ ਮੈਂ ਸ਼ਰਾਬ ਨਾਲ ਡੱਕਿਆ ਉਹਦੇ ਆਲੇ ਘਰ ਹੀ ਜਾਂਦਾ, ਉਹ ਮੈਨੂੰ ਟੋਕਦੀ। ਇਕੱਲੀ ਰਹਿੰਦੀ ਸੀ ਉਹ। ਜਿੰਦਣ ਮੈਨੂੰ ਕੋਈ ਬੰਦਾ ਮਾਰਨ ਲਈ ਨਾ ਲੱਭਦਾ, ਪਾਗਲ ਹੋ ਕੇ ਮੈਂ ਹੱਥਾਂ ਵਿਚ ਚਾਕੂ ਮਾਰ-ਮਾਰ ਲਹੂ ਕੱਢਦਾ, ਜਾਂ ਕੰਧ ਨਾਲ ਸਿਰ ਭੰਨਦਾ। ਉਹ ਤੰਗ ਆ ਜਾਂਦੀ। ਇਕ ਦਿਨ ਗੁੱਸੇ 'ਚ ਮੈਥੋਂ ਉਹਦੇ ਗੋਲੀ ਮਾਰੀ ਗਈ। ਮੈਂ ਸਰਕਾਰੀ ਜੀਪ 'ਚ ਲੱਦ ਕੇ ਮੰਡ ਲੈ ਗਿਆ ਤੇ ਡੀਜ਼ਲ ਪਾ ਕੇ ਫੂਕ ਤੀ। ਏਦਾਂ ਈ ਪਹਿਲਾਂ ਮੈਂ ਤਰਨਤਾਰਨ ਦੀਆਂ ਦੋ ਮਾਸਟਰਨੀਆਂ ਵੀ ਡੀਜ਼ਲ ਪਾ ਕੇ ਫੂਕੀਆਂ ਸੀ। ਉਦੋਂ ਖ਼ਬਾਰਾਂ 'ਚ ਬੜਾ ਰੌਲਾ ਪਿਆ ਸੀ, ਪਰ ਆਪੇ ਈ ਸਭ ਚੁੱਪ ਕਰ ਗਏ ਸਨ।" ਜੱਸਾ ਉਧੜਦਾ ਜਾਂਦਾ ਸੀ।

"ਭਾਅ...। ਤੇਰੀ ਵਹੁਟੀ ਤੇ ਬੱਚਾ ਵੀ ਸੀਗੇ। ਨਿੱਕੀ ਉਮਰੇ ਤੇਰੇ ਪਿਉ ਨੇ ਤੇਰੇ ਲਈ ਜਿਹੜੀ ਸਹੇੜੀ ਸੀ। ਉਹ ਨਹੀਂ ਕਦੀ ਮਿਲੇ?" ਮੈਂ ਉਹਦਾ ਧਿਆਨ ਪੁਰਾਣੀ ਜ਼ਿੰਦਗੀ ਵਲ ਦਵਾਇਆ।

"ਭਾਅ। ਉਹ ਤੇ ਮੈਂ ਸੰਨ ਇਕਾਸੀ ਦੇ ਛੱਡੇ ਈ। ਮੈਂ ਉਦੋਂ ਮਸਾਂ ਉਨੀਆਂ ਵੀਹਾਂ ਦਾ ਹੋਵਾਂਗਾ। ਉਹ ਤੇ ਐਸੀ ਮੈਂ ਛੱਡੀ, ਉਹਨੇ ਵੀ ਪੇਕੇ ਪਿੰਡ ਜਾ ਕੇ ਮੇਰੇ ਅਲ ਨੂੰ ਮੂੰਹ ਨਹੀਂ ਕੀਤਾ। ਮੁੰਡਾ ਮੇਰਾ ਵੀ ਉਥੇ ਹੀ ਹੋਇਆ ਸੀ" ਉਹ ਫਿਸ ਜਿਹਾ ਪਿਆ।

"ਯਾਦ ਆਉਂਦਾ ਕਦੇ?" ਮੈਂ ਕਿਹਾ

"ਨਹੀਂ।" ਉਹਦਾ ਚਿਹਰਾ ਫਿਰ ਸਖ਼ਤ ਹੋ ਗਿਆ।

ਬਰਨਾਲਾ ਸਰਕਾਰ ਜਦੋਂ ਸਤਾਸੀ ਵਿਚ ਆਈ ਤੇ ਚਲੀ ਵੀ ਗਈ, ਉਦੋਂ ਮੈਨੂੰ ਕੁਛ ਮਹੀਨਿਆਂ ਲਈ ਆਮ ਮਾਫ਼ੀ ਮਿਲ ਗਈ ਸੀ। ਮੈਂ ਤੇ ਮੇਰੇ ਕਈ ਸਾਥੀ ਖੇਤਾਂ ਵਿਚੋਂ ਬਾਹਰ ਆ ਕੇ ਹਥਿਆਰ ਸੁੱਟ ਗਏ ਸਨ। ਮੇਰੇ ਪਿਤਾ ਜੀ ਵੀ ਉਦੋਂ ਹੀ ਚੜ੍ਹਾਈ ਕਰ ਗਏ ਸਨ। ਮੈਂ ਉਹਨੀਂ ਦਿਨੀਂ ਘਰ ਹੀ ਰਹਿੰਦਾ ਸਾਂ। ਕਈ ਮੇਰੇ ਸਾਥੀ ਬਰਨਾਲਾ ਸਰਕਾਰ ਨੇ ਕੰਡਕਟਰ ਭਰਤੀ ਕੀਤੇ ਸਨ, ਕਈ ਬਿਜਲੀ ਬੋਰਡ ਵਿਚ। ਕਈਆਂ ਨੂੰ ਮਿਨੀ ਬੱਸਾਂ ਪਵਾ ਦਿੱਤੀਆਂ ਗਈਆਂ ਸਨ। ਗ਼ਾਪੇ ਹੁਰਾਂ ਨੂੰ ਗੁਜ਼ਰਿਆਂ ਦੋ ਕੁ ਮਹੀਨੇ ਹੀ ਹੋਏ ਸਨ ਕਿ ਬਰਨਾਲਾ ਸਰਕਾਰ ਡਿੱਗ ਪਈ ਸੀ। ਮੈਂ ਵੀ ਵੀਹ ਕੁ ਹਜ਼ਾਰ ਦਾ ਲੋਨ ਲੈ ਕੇ ਰੱਖਿਆ ਸੀ, ਪਰ ਕਿਸੇ ਕੰਮ ਨੂੰ ਰੂਹ ਹੀ ਨਹੀਂ ਸੀ ਕਰਦੀ। ਭਰਾ ਪੱਕਾ ਹੀ ਯੂ.ਪੀ. ਵਸ ਗਿਆ ਸੀ। ਬਰਨਾਲਾ ਸਰਕਾਰ ਦੇ ਡਿੱਗਣ ਦੀ ਦੇਰ ਸੀ ਕਿ ਫੇਰ ਪੁਲਸ ਗੇੜੇ ਕੱਢਣ ਲੱਗ ਪਈ। ਉਹੀ ਕੁਚੱਕਰ। ਹਾਰ ਕੇ ਮੈਂ ਫੇਰ ਰੂਪੋਸ਼ ਹੋ ਗਿਆ। ਇਸ ਵਾਰ ਮੈਂ 'ਪੈਂਟਾ ਗਰੁੱਪ' ਨਾਲ ਰਲਿਆ ਸਾਂ। ਉਨ੍ਹਾਂ ਕੋਲ ਪੱਕੀਆਂ ਠਾਹਰਾਂ ਤੇ ਨਵੇਂ ਹਥਿਆਰ ਸਨ। ਕਦੀ ਕਦੀ ਮੈਨੂੰ ਜੱਸੇ ਦੀ ਸੋਅ ਮਿਲਦੀ ਤੇ ਉਹਨੂੰ ਮੇਰੀ, ਪਰ ਉਦੋਂ ਹੋਰ ਕੁਛ ਪੋਂਹਦਾ ਹੀ ਨਹੀਂ ਸੀ। ਇਕ ਵਾਰ ਢੋਡ ਕਸੇਲ, ਮੇਰੇ ਤੇ ਜੱਸੇ ਦੇ ਟਾਕਰੇ ਹੋਏ ਸਨ। ਮੈਂ ਇਕੱਲਾ ਮੋਟਰ-ਸਾਈਕਲ ਤੇ ਜਾ ਰਿਹਾ ਸਾਂ। ਉਧਰੋਂ ਜੱਸਾ ਨਾਕਾ ਲਾਈ ਖੜ੍ਹਾ ਸੀ। ਪੁਲਸ ਨੇ ਰੋਕਿਆ ਤੇ ਮੇਰੀ ਪੁੱਛ-ਗਿੱਛ ਸ਼ੁਰੂ ਕੀਤੀ। ਜੱਸਾ ਤਿੰਨ ਸਟਾਰ ਲਾਈ ਖੜ੍ਹਾ ਸੀ। ਅਸਾਂ ਦੋਹਾਂ ਇਕ ਦੂਸਰੇ ਨੂੰ ਪਛਾਣ ਲਿਆ। ਬੋਲਿਆ ਕੋਈ ਵੀ ਨਾ। ਉਹਨੇ ਹੱਥ ਦੇ ਇਸ਼ਾਰੇ ਨਾਲ ਕਿਹਾ, "ਜਾਣ ਦਿਉ ਮੁੰਡਿਓ ਇਹਨੂੰ।"

ਮੈਂ ਵੀ ਚੁੱਪ-ਚਾਪ ਚਲਾ ਗਿਆ ਸਾਂ।

ਸਵੇਰ ਹੋ ਰਹੀ ਸੀ, ਜਦ ਜੱਸੇ ਨੇ ਮੇਰੇ ਕੋਲੋਂ ਪਾਣੀ ਮੰਗਿਆ। ਮੈਂ ਪਾਣੀ ਪਿਆ ਕੇ ਉਹਨੂੰ ਦੁਬਾਰਾ ਲਿਟਾ ਦਿੱਤਾ। ਅਚਾਨਕ ਉਹ ਬੋਲਿਆ।

"ਮਾਸਟਰਾ। ਮੈਨੂੰ ਤੇਰੀ ਮਾਂ ਦਾ ਮਰੀ ਦਾ ਬੜਾ ਮਸੋਸ ਈ।"

"ਛੱਡ ਹੁਣ।" ਮੈਂ ਕਿਹਾ। ਪਰ ਅਚਾਨਕ ਮਾਂ ਦਾ ਜ਼ਿਕਰ ਆ ਜਾਣ ਨਾਲ ਮੇਰਾ ਗੱਚ ਭਰ ਆਇਆ ਸੀ।

"ਮਾਸਟਰਾ। ਮੇਰੀ ਇਕ ਗਲਤੀ ਹੋ ਈ। ਮੈਂ ਤੇਰੇ ਦੋਸ਼ੀ ਸ਼ਰਮੇ ਐੱਸ.ਪੀ. ਨਾਲ ਸਾਲ ਕੁ ਕੰਮ ਕੀਤੈ। ਉਦੋਂ ਤੇਰੀ ਬੜੀ ਚੜ੍ਹਾਈ ਸੀ ਪੰਜਾਬ 'ਚ। ਮੈਂ ਚਾਹੁੰਦਾ ਤਾਂ ਤੈਨੂੰ ਸ਼ਰਮੇ ਦਾ ਰੂਟ ਦੱਸ ਸਕਦਾ ਸੀ। ਪਰ ਕੀ ਦੱਸਾਂ, ਮੈਨੂੰ ਉਦੋਂ ਪੈਹੇ ਦਾ ਲਾਲਚ ਬੜਾ ਹੀ, ਮੈਨੂੰ ਮਾਰ ਗਿਆ।" ਉਹ ਪੂਰੀ ਤਰ੍ਹਾਂ ਉਧੜ ਰਿਹਾ ਸੀ।

"ਛੱਡ। ਗੱਲ ਨੂੰ ਦਫ਼ਾ ਕਰ ਹੁਣ।" ਮੈਂ ਇਹ ਗੱਲਾਂ ਤੇ ਸ਼ਰਮੇ ਸੀਨੀਅਰ ਦਾ ਜ਼ਿਕਰ ਵੀ ਸੁਣਨਾ ਨਹੀਂ ਸੀ ਚਾਹੁੰਦਾ। ਸੋ ਮੈਂ ਗੱਲ ਮੁਕਾਈ।

ਘੰਟੇ ਕੁ ਬਾਦ ਜਦੋਂ ਟਿੱਕੀ ਪੂਰੀ ਚੜ੍ਹ ਆਈ, ਚੰਨਾ ਤੇ ਕਿਰਪਾਲ ਆ ਗਏ। ਕਿਰਪਾਲ ਘਰੋਂ ਆਇਆ ਸੀ, ਪਰ ਚੰਨਾ ਉਥੇ ਹੀ ਸੌਂਦਾ ਸੀ। ਆਰੀਆ ਸਮਾਜੀਆਂ ਦਾ ਇਹ ਸਕੂਲ ਬੜਾ ਵੱਡਾ ਸੀ, ਪਰ ਵਰ੍ਹਿਆਂ ਤੋਂ ਬੰਦ ਪਿਆ ਸੀ। ਇਥੇ ਪੰਜਾਬ ਪੁਲਸ ਦਾ ਟਾਰਚਰ ਸੈਂਟਰ ਸੀ ਤੇ ਸੀ.ਆਈ.ਡੀ. ਦਾ ਵੀ ਵਿੰਗ ਸੀ। ਪਿਛਲਾ ਹਾਲ ਸੀ.ਆਰ.ਪੀ. ਕੋਲ ਸੀ। ਪਰ ਉਹ ਪੰਜਾਬ ਪੁਲਿਸ ਦੇ ਕਿਸੇ ਕੰਮ ਵਿਚ ਦਖ਼ਲ ਨਹੀਂ ਸੀ ਦੇਂਦੀ। ਚੰਨੇ ਤੇ ਉਹਦੇ ਵਰਗੇ ਕਈ ਸ਼ਪਾਹੀ ਤੇ ਹੌਲਦਾਰ ਉਥੇ ਹੀ ਖ਼ਾਲੀ ਕਮਰਿਆਂ ਵਿਚ ਸੌਂ ਛੱਡਦੇ ਸਨ।

"ਹਾਂ ਬਈ। ਤਿਆਰ ਏਂ? ਚੰਨੇ ਨੇ ਬੜੇ ਇਤਮੀਨਾਨ ਨਾਲ ਲੰਮੇ ਪਏ ਜੱਸੇ ਨੂੰ ਕਿਹਾ। ਕਿਰਪਾਲ ਬਿਲਕੁਲ ਚੁੱਪ ਸੀ। ਕਿਰਪਾਲ ਦੀ ਆਦਤ ਸੀ, ਬੰਦਾ ਕੁੱਟਣ ਲੱਗਾ ਵੀ ਤੇ ਮਾਰਨ ਲੱਗਾ ਵੀ ਚੁੱਪ ਰਹਿੰਦਾ ਸੀ। ਉਹਦੀ ਤੱਕਣੀ ਵੀ ਪੂਰੀ ਦਹਿਸ਼ਤ ਪਾਊ ਹੁੰਦੀ ਸੀ। ਜਦੋਂ ਮੈਨੂੰ ਬੱਬੂ ਟਾਊਟ ਦੀ ਮੁਖ਼ਬਰੀ ਤੇ ਚੌਂਕੇ ਅਲੋਂ ਫੜ ਕੇ ਇਥੇ ਲਿਆਏ ਸਨ, ਉਦੋਂ ਕਿਰਪਾਲ ਨੇ ਹੀ ਮੈਨੂੰ ਸਭ ਤੋਂ ਵੱਧ ਤਸੀਹੇ ਦਿੱਤੇ ਸਨ।"

"ਤਿਆਰ ਆਂ। ਤੂੰ ਦੱਸ, ਕਦੋਂ ਟਿਕਟ ਕੱਟਣਾ ਆ ਮੇਰਾ?" ਜੱਸਾ ਨਿਰਭੈ ਸੀ।

"ਦੁਪਹਿਰੇ ਬਾਦ।" ਕਿਰਪਾਲ ਨੇ ਹੌਲੀ-ਜਿਹੀ ਕਿਹਾ ਤੇ ਫੇਰ ਦੋਹੇਂ ਚਲੇ ਗਏ।

"ਭਾਅ! ਹੁਣ ਵੇਲਾ ਆ ਗਿਐ। ਮੈਨੂੰ ਤੇਰੀ ਲੋੜ ਐ। ਮੈਂ ਐਵੇਂ ਨਹੀਂ ਸ਼ਰਮੇ ਨੂੰ ਦੋ ਲੱਖ ਦੇ ਕੇ ਤੇਰਾ ਸਾਥ ਮੰਗਿਆ।" ਜੱਸਾ ਉਨ੍ਹਾਂ ਦੋਹਾਂ ਦੇ ਜਾਂਦਿਆਂ ਹੀ ਮੈਨੂੰ ਕਹਿਣ ਲੱਗਾ।

"ਦੱਸ। ਸੇਵਾ ਦੱਸ?" ਮੈਂ ਦਿਲੋਂ ਕਿਹਾ।

"ਭਾਅ! ਚੰਨਾ ਨੱਥ ਤੇ ਕਿਰਪਾਲ, ਤੇਰੇ ਨਾਲ ਦੋਹੇਂ ਬੜੇ ਸੂਤਰ ਇਆ। ਤੂੰ ਇਹਨਾਂ ਨੂੰ ਕਹਿ ਕਿ ਮੇਰੀ ਛਾਤੀ ਉਪਰੋਂ ਟਰੱਕ ਲੰਘਾ ਕੇ ਮੈਨੂੰ ਮਾਰਨ। ਮੈਂ ਗੋਲੀ ਨਾਲ ਨਹੀਂ ਮਰਨਾ ਚਾਹੁੰਦਾ।" ਉਹਨੇ ਪੱਕੀ ਆਵਾਜ਼ ਵਿਚ ਕਿਹਾ।



ਹੈਰਾਨੀ ਨਾਲ ਮੇਰਾ ਮੂੰਹ ਖੁੱਲ੍ਹਾ ਰਹਿ ਗਿਆ। ਮੈਂ ਕਦੀ ਤਵੱਕੋ ਨਹੀਂ ਸੀ ਕੀਤੀ ਕਿ ਜੱਸਾ ਏਦਾਂ ਦੀ ਮੌਤ ਮੰਗੇਗਾ। ਅੰਤ ਹਾਰ ਕੇ ਮੇਰੇ ਮੂੰਹੋਂ ਨਿਕਲਿਆ:

"ਯਾਰ ਤੂੰ ਕਿੱਦਾਂ ਦੀਆਂ ਗੱਲਾਂ ਕਰਦਾਂ?"

"ਮੈਂ ਜੋ ਕਹੋਂ, ਦੇਣ ਨੂੰ ਤਿਆਰ ਆਂ। ਅਜੇ ਵੀ ਮੇਰੇ ਕੋਲ ਇਕ ਜਗ੍ਹਾ ਛੇਬ-ਲੱਖ ਦੱਬਿਆ ਪਿਆ। ਮੈਂ ਚੰਨੇ ਨੱਥ ਹੁਰਾਂ ਨੂੰ ਜਗ੍ਹਾ ਦੱਸਦਾਂ। ਬਸ ਮੇਰਾ ਵੀਰ, ਤੂੰ ਕਹਿ ਕੁਹਾ ਕੇ ਉਨ੍ਹਾਂ ਨੂੰ ਰਾਜ਼ੀ ਕਰ ਲੈ? ਪਈ ਉਹ ਮੈਨੂੰ ਛਾਤੀ ਤੋਂ ਟਰੱਕ ਲੰਘਾ ਕੇ ਮਾਰਨ।" ਉਹ ਮੇਰੇ ਤਰਲੇ ਪਾਉਣ 'ਤੇ ਉਤਰ ਆਇਆ ਸੀ।

ਹੁਣ ਮੈਨੂੰ ਕੁਛ ਸੁੱਝ ਨਹੀਂ ਸੀ ਰਿਹਾ। ਮੈਂ ਹਾਰਕੇ ਸਖ਼ਤੀ ਨਾਲ ਕਿਹਾ:

"ਯਾਰ, ਤੂੰ ਕਮਲਾ ਇਆਂ। ਦੱਸ ਭਲਾ ਇਜ ਮੰਗਿਆ ਵੀ ਮੌਤ ਮਿਲਦੀ ਐ?"

ਉਹ ਲੰਮਾ ਪਿਆ ਬਾਰ-ਬਾਰ ਹਿਲੀ ਜਾਂਦਾ ਤੇ ਮੈਨੂੰ ਮਜਬੂਰ ਕਰਨ ਲੱਗਾ ਕਿ ਮੈਂ ਚੰਨੇ ਹੋਰਾਂ ਕੋਲ ਜਾ ਕੇ ਗੱਲ ਕਰਾਂ। ਉੱਠ ਕੇ ਮੈਂ ਚੰਨੇ ਕੋਲ ਉਹਦੇ ਕਮਰੇ ਵਿਚ ਚਲਾ ਗਿਆ। ਸਾਰੀ ਗੱਲ ਸੁਣ ਕੇ ਚੰਨਾ ਪਾਗਲਾਂ ਵਾਂਗ ਹੱਸਣ ਲਗ ਪਿਆ ਤੇ ਮੈਨੂੰ ਕਹਿਣ ਲੱਗਾ:

"ਭੈਣ ਦਾ ਯਾਰ। ਹੁਣ ਸੌਖੀ ਮੌਤ ਮੰਗਦੈ। ਪਹਿਲਾਂ ਆਪ ਪੁਲਸੀਆ ਹੋ ਕੇ ਵੀ ਸਾਡੇ ਪੁਲਸੀਏ ਭਰਾ ਮਾਰਦਾ ਰਿਹੈ ਚੋਰੀ। ਹੁਣ ਡਰਦੈ? ਅਜੇਥੇ ਨੇ ਤੇ ਇਹਦੇ ਲਈ ਸਾਨੂੰ ਬੜਾ ਸਖ਼ਤ ਆਡਰ ਕੱਢਿਐ। ਉਹਨੇ ਤੇ ਲੋਹੇ ਦਾ ਫੰਦਾ ਵੀ ਪੱਲਿਓਂ ਤਿਆਰ ਕਰ ਕੇ ਦਿੱਤੈ। ਅਸੀਂ ਇਥੋਂ ਹੀ ਇਹਦੇ ਗਲ 'ਚ ਲੋਹੇ ਦਾ ਫੰਦਾ ਪਾਉਣੈ, ਤੇ ਤੜਫਾਂਦੇ ਨੂੰ ਮੰਡ ਲਿਜਾ ਕੇ ਮਾਰ ਕੇ ਸੁੱਟਣੈ। ਇਹਦਾ ਸਾਹ ਅਸੀਂ ਅੱਧਾ-ਪੌਣਾ ਘੰਟਾ, ਨਾ ਆਉਣ ਦੇਣੈ, ਤੇ ਨਾ ਇਹਨੂੰ ਮਰਨ ਦੇਣਾ ਏ। ਤੂੰ ਜਾ ਕੇ ਦੱਸ ਦੇਹ ਉਹਨੂੰ।"

ਮੈਂ ਆ ਕੇ ਜੱਸੇ ਨੂੰ ਸਭ ਕੁਝ ਦੱਸ ਦਿੱਤਾ। ਉਹ ਚੁੱਪ ਹੋ ਗਿਆ। ਮੈਂ ਵੀ ਕੁਛ ਚਿਰ ਖ਼ਾਮੋਸ਼ ਰਿਹਾ। ਹਾਰ ਕੇ ਮੈਂ ਕਿਹਾ:

"ਭਾਅ। ਤੂੰ ਹਾਅ, ਏਦਾਂ ਦੀ ਮੌਤ ਕਿਉਂ ਮੰਗਦੈਂ?"

"ਮੈਨੂੰ ਪਤਾ ਸੀ, ਤੂੰ ਇਹ ਸੁਆਲ ਕਰੇਂਗਾ। ਮੈਂ ਵੀ ਤੈਨੂੰ ਦੱਸ ਕੇ ਜਾਵਾਂਗਾ। ਹੁਣ ਮੇਰੇ ਕੋਲ ਸਮਾਂ ਘੱਟ ਏ। ਮੈਂ ਦਿਲ ਤੋਂ ਬੋਝ ਲਾਹੁਣਾ ਚਾਹੁੰਨਾਂ। ਤੂੰ ਪਹਿਲਾ ਤੇ ਅਖ਼ਰੀ ਸ਼ਖ਼ਸ ਏਂ, ਜੀਹਨੂੰ ਮੈਂ ਇਹ ਭੇਤ ਦੱਸ ਕੇ ਮਰਨੈ।" ਉਹ ਮੇਰੇ ਵਲ ਵੇਖ ਕੇ ਕਹਿਣ ਲੱਗਾ।

"ਮੈਨੂੰ ਪਾਸਾ ਦਵਾ ਦੇਹ।" ਉਹਨੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਕਿਹਾ। ਮੈਂ ਪਾਸਾ ਦਵਾ ਦਿੱਤਾ ਤੇ ਉਹਦੇ ਬਿਲਕੁਲ ਮੂੰਹ ਦੇ ਕੋਲ ਹੋ ਕੇ ਕੰਧ ਨਾਲ ਢੋਹ ਲਾ ਕੇ ਬਹਿ ਗਿਆ। ਹੁਣ ਮੈਂ ਪੂਰੀ ਇਕਾਗਰਤਾ ਨਾਲ ਉਹਦੀ ਗੱਲ ਸੁਣਨ ਲਈ ਤਿਆਰ ਸਾਂ।

"ਗੱਲ ਏਦਾਂ ਸੀ ਵੱਡਿਆ। ਪਈ ਮੈਂ ਹੁਣ ਇਹਨਾਂ ਮਹੀਨਿਆਂ ਵਿਚ ਆਪਣੇ ਬਾਰੇ ਬੜਾ ਸੋਚਿਐ। ਮੈਂ ਆਪਣੇ ਸੁਭਾਅ ਦਾ ਤੇ ਜੀਵਨ ਦਾ ਆਪ ਬੜਾ ਨੇੜਿਓਂ ਹੋ ਕੇ...ਇਹਨੂੰ ਸਮਝਣਾ ਚਾਹਿਆ ਏ।" ਉਹਨੂੰ ਗੱਲ ਕਰਨ ਲਈ ਸ਼ਬਦ ਨਹੀਂ ਸਨ

ਅਹੁਲ ਰਹੇ।

"ਤੂੰ ਭਾਅ। ਕਰੀ ਚੱਲ ਗੱਲ।" ਮੈਂ ਉਹਨੂੰ ਹੌਸਲਾ ਦਿੱਤਾ।

"ਗੱਲ ਏਦਾਂ ਸੀ ਪਈ, ਮੈਂ ਜਦੋਂ ਪੁਲਸ 'ਚ ਚਲਾ ਗਿਆ ਤੇ ਮਾਅਰ ਮੈਂ ਕੋਈ ਜੀਅ ਜੰਤ ਮਾਰਿਆ। ਕੋਈ ਗਿਣਤੀ, ਕੋਈ ਹਿਸਾਬ ਨਹੀਂ। ਏਜੰਸੀਆਂ ਦੇ ਕਹਿਣ ਤੇ ਮੈਂ ਅਖ਼ਬਾਰਾਂ ਆਲੇ ਮਾਰੇ। ਹਾਕਰ ਮਾਰੇ। ਮਾਸਟਰ ਮਾਰੇ। ਪਟਵਾਰੀ ਮਾਰੇ। ਛਾਂਸਰਾਂ ਮਾਰੀਆਂ, ਗੌਣ ਆਲੇ ਮਾਰੇ। ਖੁਸਰੇ ਮਾਰੇ। ਮੈਂ ਮਾਅਰ ਕੋਈ ਕੰਮ ਨਹੀਂ ਛੱਡਿਆ। ਮਾਰਕੇ ਕਦੀ ਮੈਂ ਪਰਚੀ ਬਾਬੇ ਮਾਨੋਚਾਹਲ ਦੀ ਸੁੱਟ ਦੇਣੀ। ਕਦੀ ਬੁੱਧ ਸਿੰਘ ਵਾਲੇ ਦੀ ਲਿਬਰੇਸ਼ਨ ਫ਼ੋਰਸ ਦੀ। ਕਦੀ ਬੱਬਰਾਂ ਦੀ। ਸਾਡੇ ਕੋਲ ਸਾਰੇ ਪੈਡ ਪਏ ਹੁੰਦੇ ਸਨ। ਸਿੱਖਾਂ ਨੂੰ ਕੀ ਪਤਾ ਲਗਣੈ ਪਈ ਇਥੇ ਤੇ ਖੰਡ ਦੀ ਬੋਰੀ ਨੂੰ ਸਾਰੇ ਕੁੱਤੇ ਹੀ ਸਰਕਾਰੀ ਚੰਬੜੇ ਹੋਏ ਸਨ। ਲੋਕ ਸਮਝਦੇ ਕਿ ਅੱਤਵਾਦੀ ਕੰਮ ਕਰ ਗਏ ਨੇ। ਤੇ ਬਹੁਤੇ ਕਾਂਡ ਮੈਂ ਜਾਂ ਸੇਖੇ ਕਾਲੇ ਦੀ ਬਣਾਈ ਸੈਨਾ ਨੇ ਕੀਤਾ ਹੁੰਦੇ ਸਨ।"

ਮੈਂ ਚੁੱਪ ਸਾਂ। ਮੈਨੂੰ ਤੇ ਇਨ੍ਹਾਂ ਮਹੀਨਿਆਂ ਵਿਚ ਇਹਨਾਂ ਸਭ ਗੱਲਾਂ ਦਾ ਚਾਨਣ ਹੋ ਚੁੱਕਾ ਸੀ ਕਿ ਕਿਵੇਂ ਦਿੱਲੀ ਸਰਕਾਰ ਆਪ ਹੀ ਸਾਨੂੰ ਖਾੜਕੂ ਬਣਾ ਰਹੀ ਏ ਤੇ ਆਪ ਹੀ ਸਾਡੀ ਸਫ਼ ਲਵੇਟੀ ਜਾ ਰਹੀ ਏ। ਪਰ ਅੱਜ ਜੱਸੇ ਦੇ ਮੂੰਹੋਂ ਸੁਣ ਕੇ ਚੰਗਾ ਲਗ ਰਿਹਾ ਸੀ।

"ਮੈਂ ਤੇ ਭਾਅ। ਤੇਰੇ ਨਾਂ 'ਤੇ ਵੀ ਪੈਡ ਸੁੱਟ-ਸੁੱਟ ਕੇ ਬੜੇ ਬੰਦੇ ਮਾਰੇ। ਅੰਬਰਸਰ ਕੰਪਨੀ ਬਾਗ਼ ਕੋਲ ਜਿਹੜੇ 'ਜੰਨਸੰਘੀ' ਸਵੇਰੇ ਸੈਰ ਕਰਦੇ ਮਾਰੇ ਸਨ ਨਾ, ਉਹ ਮੈਂ ਈ ਮਾਰੇ ਸਨ। ਪਰਚੀ ਮੈਂ ਤੇਰੇ ਨਾਂ ਦੀ, ਮਾਸਟਰ ਕਰਮ ਸਿੰਘ ਦੇ ਨਾਂ ਦੀ ਸੁੱਟ ਦਿੱਤੀ ਸੀ। ਤਰਨਤਾਰਨ ਆਲੇ ਦਸ ਲਾਲੇ ਵੀ ਮੈਂ ਈ ਬਸ 'ਚੋਂ ਲਾਹ ਕੇ ਮਾਰੇ ਸਨ। ਨਾਂ ਤੇਰਾ ਦੇ ਤਾ।" ਉਹ ਉਧੜ ਰਿਹਾ ਸੀ।

"ਹੁਣ ਛੱਡ ਪੁਰਾਣੀਆਂ ਗੱਲਾਂ ਵੀਰ," ਮੈਂ ਕਿਹਾ।

"ਨਹੀਂ। ਇਹ ਦੱਸਣੀਆਂ ਜ਼ਰੂਰੀ ਨੇ। ਇਹਨਾਂ ਗੱਲਾਂ ਦਾ ਸੰਬੰਧ ਹੀ ਤੇ ਹੈ ਮੇਰੀ ਅਗਲੀ ਗੱਲ ਨਾਲ।" ਉਹਨੇ ਲੜੀ ਜੋੜੀ।

"ਅੱਗੋਂ ਗੱਲ ਭਾਅ ਇਹ ਈ ਕਿ ਮੇਰਾ ਦਿਲ ਬਚਪਨ ਤੋਂ ਹੀ ਵਹਿਸ਼ੀ ਜਿਹਾ ਸੀ। ਜਿਵੇਂ ਦਿਲ ਦੀ ਥਾਂ ਖ਼ਬਰੇ ਕੋਈ ਜੰਗਾਲ ਖਾਧਾ ਲੋਹਾ ਰੱਖਿਆ ਸੀ। ਸ਼ਾਇਦ ਮੇਰੀ ਮਾਂ ਛੇਤੀ ਮਰ ਗਈ, ਉਹਦੇ ਵਿਗੋਚੇ ਕਰਕੇ ਮੈਂ ਇੰਜ ਹੋ ਗਿਆ। ਮਗਰੋਂ ਮੈਨੂੰ ਇੰਦਰ ਵਰਗੇ ਜਾਨਵਰ ਮਿਲ ਗਏ ਸਨ। ਮੇਰੇ ਅੰਦਰਲਾ ਪਸ਼ੂ ਬਸ ਦਿਨੋਂ ਦਿਨ ਵਧਦਾ ਹੀ ਗਿਆ ਸੀ। ਰੋਜ਼ ਮੈਂ ਤੇ ਮੇਰੇ ਸਾਥੀ ਕਿਸੇ ਨਾ ਕਿਸੇ ਨੂੰ ਮਾਰਨ ਲਈ ਲੱਭ ਈ ਲੈਂਦੇ। ਕੁੱਟਦੇ ਤਾਂ ਅਸੀਂ ਸਵਾਦ ਲੈ ਲੈ ਕੇ ਸਾਂ। ਆਹੀ ਫ਼ਕੀਰੀਆ ਮੇਰਾ ਪੁਰਾਣਾ ਆੜੀ। ਇਹਨੇ ਤੇ ਮੈਂ ਖ਼ਬਰੇ ਕੋਈ ਸੌ ਤੋਂ ਉਪਰ ਬੰਦਾ ਮਾਰਿਆ ਹੋਣੈ। ਮੈਂ ਤੇ ਇਹ ਮਸ਼ਹੂਰ ਸਾਂ। ਫ਼ਕੀਰੀਏ ਦੇ ਪੈਰਾਂ ਵਿਚ ਕੋਹੜ ਹੋਣ ਕਰਕੇ ਪਾਕ ਚੱਲਦੀ ਸੀ। ਨਾਭੇ ਦੀ ਟਾਡਾ ਆਲੀ ਜੇਲ ਵਿਚ ਫ਼ਕੀਰੀਆ ਇਹੀ ਪਾਕ ਆਲੇ ਪੈਰ ਬੰਨ੍ਹ ਕੇ ਲੰਮੇ ਸਮੇਂ ਮੁੰਡਿਆਂ ਦੇ ਪੈਰਾਂ 'ਤੇ ਰਗੜਦਾ ਹੁੰਦਾ ਸੀ।" ਉਹਨੇ ਸਾਹ ਲੈ ਕੇ ਕਿਹਾ।

"ਫੇਰ। ਅੱਗੋਂ ਕੀ ਹੋਇਆ?" ਮੈਂ ਦਿਲਚਸਪੀ ਵਖਾਈ।



"ਦੱਸਦਾਂ।" ਉਹਨੇ ਲੰਮੇ ਸਾਹ ਲਏ।

"ਹੋਇਆ ਭਾਅ ਏਦਾਂ, ਪਈ ਸਾਨੂੰ, ਮੈਨੂੰ ਤੇ ਮੇਰੀ ਚੌਕੀ ਦੇ ਸਾਥੀਆਂ ਨੂੰ ਪਤਾ ਲੱਗਾ ਕਿ ਬਟਾਲੇ ਫ਼ਤਹਿਗੜ੍ਹ ਚੂੜੀਆਂ ਆਲੀ ਰੋਡ 'ਤੇ ਮੀਲ ਕੁ ਹਟ ਕੇ ਜਿਹੜਾ ਬਾਜਵਾ ਟਰਾਂਸਪੋਰਟਰ ਇਆ। ਉਹਦੇ ਕੋਲ ਬਾਬਾ ਬਿਜਲਵਾਲ ਮਰਨ ਤੋਂ ਪਹਿਲਾਂ ਸੱਤਰ ਕੁ ਲੱਖ ਰੁਪਈਆ ਛੱਡ ਗਿਐਉ। ਉਦੋਂ ਮੇਰੀ ਡਿਊਟੀ ਅੱਚਲ ਵਟਾਲੇ ਤੋਂ ਪਹਿਲਾਂ ਸੜਕ ਆਲੀ ਚੌਕੀ ਵਿਚ ਸੀਗੀ। ਅਸੀਂ, ਮੈਂ ਤੇ ਛੋਟੇ ਥਾਣੇਦਾਰ ਗੁਰਮੁਖ ਤੇ ਸਾਡੀ ਟੁੱਕੜੀ ਦੇ ਦੋ ਸਪਾਹੀ, ਤਿਲਕੂ ਤੇ ਰਾਮ ਸਿੰਘ ਨੇ ਰਾਤ ਨੂੰ ਉਸ ਬਾਜਵੇ ਨਾਲ ਲੇਖਾ ਕਰਨ ਦੀ ਸਲਾਹ ਬਣਾਈ। ਮੁਖ਼ਬਰ ਨੇ ਦੱਸਿਆ ਸੀ ਪਈ ਪੈਸਾ ਉਹਦੇ ਘਰ 'ਚ ਹੀ ਹੈ, ਅਜੇ ਕਿਸੇ ਲੇਖੇ ਨਹੀਂ ਲੱਗਾ। ਅਸੀਂ ਬਟਾਲੇ ਆਲੇ ਐੱਸ.ਐੱਸ.ਪੀ. ਨੂੰ ਗੱਲ ਖੋਲ੍ਹ ਦਿੱਤੀ ਤੇ ਹਿੱਸਾ-ਪੱਤੀ ਮੰਨ ਕੇ ਅੱਧੀ ਰਾਤ ਨੂੰ ਜਾ ਬਾਜਵੇ ਦਾ ਬੂਹਾ ਭੰਨਿਆ। ਪਹਿਲਾਂ ਉਹ ਖੋਲ੍ਹੇ ਨਾ, ਅਸੀਂ ਪੰਜ ਛੇ ਹੋਮਗਾਰਡੀਏ ਪਿਛਲੀ ਕੰਧ ਵਲ ਖੜ੍ਹੇ ਕੀਤੇ ਹੋਏ ਸਨ ਕਿ ਉਧਰੋਂ ਕੋਈ ਨਾ ਭੱਜੇ। ਇਧਰੋਂ ਅਸੀਂ ਚਾਰਾਂ ਬੂਹੇ ਭੰਨ ਕੇ ਖੁਲ੍ਹਵਾ ਲਏ। ਘਰ ਸਿਰਫ਼ ਉਹ ਟਰਾਂਸਪੋਰਟਰ, ਉਹਦੀ ਬੀਵੀ ਤੇ ਉਨ੍ਹਾਂ ਦੀ ਇਕ ਦੋ ਢਾਈ ਸਾਲ ਦੀ ਬਾਲੜੀ ਹੀ ਸਨ। ਬਾਕੀ ਟੱਬਰ ਸ਼ਾਇਦ ਦੂਸਰੇ ਘਰ ਹੋਏਗਾ, ਮੈਨੂੰ ਪਤਾ ਨਹੀਂ।"

"ਲੈ ਬਈ ਮਾਸਟਰਾ। ਕੋਈ ਪੱਕੀ ਹੱਡੀ ਵੇਖੀ ਤੇ ਉਹ ਬਾਜਵਾ ਸਾਈ। ਅਸੀਂ ਉਸ ਉਜਾੜ ਘਰ ਤੇ ਉਜਾੜ ਆਸ-ਪਾਸ ਵਿਚ ਬਗ਼ੈਰ ਚੀਕਾਂ ਦੀ ਪਰਵਾਹ ਕੀਤਿਆਂ ਉਹਦੇ ਸਾਰੇ ਹੱਡ ਤੋੜੇ, ਪਰ ਉਹਨੇ ਪੈਸੇ ਦੀ ਹਵਾ ਨਹੀਂ ਦਿੱਤੀ। ਹਾਰ ਕੇ ਉਹਦੀ ਵਹੁਟੀ ਮਾਰੀ। ਉਹ ਤੇ ਸਗੋਂ ਹੋਰ ਸ਼ੇਰ ਹੋ ਗਿਆ। ਕਹਿੰਦਾ - ਹੁਣ ਤੇ ਮੇਰਾ ਥਣ ਫੜ ਲਓ। ਮੈਂ ਕੁਝ ਨਹੀਂ ਦਵਾਲ। ਜੀਹਦੇ ਲਈ ਭੱਜਾ ਫਿਰਦਾ ਸਾਂ, ਉਹ ਤੇ ਤੁਸੀਂ ਮਾਰ ਘੱਤੀ। ਉਹ ਤੇ ਮਾਸਟਰਾ, ਸਾਨੂੰ ਗਾਹਲਾਂ ਕੱਢੀ ਜਾਏ।" ਉਹਨੇ ਸਾਹ ਲਿਆ।

"ਲੈ ਬਈ ਮਾਸਟਰਾ। ਉਹਦੀਆਂ ਗਾਹਲਾਂ ਨਾਲ ਮੇਰੇ ਸਿਰ ਨੂੰ ਪਤਾ ਨਹੀਂ ਕੀ ਘੇਰਨੀ ਚੜ੍ਹੀ? ਮੈਂ ਉਹਦੀ ਉਹ ਦੋ-ਢਾਈ ਸਾਲੀ ਦੀ ਬਾਲੜੀ ਉਹਦੇ ਸਾਹਮਣੇ ਹੀ ਲੱਤਾਂ ਤੋਂ ਫੜੀ ਤੇ ਗੁੱਸੇ 'ਚ ਜ਼ੋਰ ਦੀ ਜ਼ਮੀਨ 'ਤੇ ਮਾਰੀ। ਜਿੱਦਾਂ ਕੱਪੜਾ ਧੋਣ ਲਗਿਆਂ ਮਾਰੀਦੈ ਨਾ ਜ਼ਮੀਨ 'ਤੇ ਏਦਾਂ ਮਾਰੀ। ਉਹਨੇ ਬਾਲੜੀ ਨੇ ਮੇਰੇ ਹੱਥਾਂ 'ਚ ਆਖ਼ਰੀ ਵਾਰ ਝੂਲਦਿਆਂ ਨਜ਼ਰ ਭਰਕੇ ਮੇਰੇ ਵੱਲ ਵੇਖਿਆ, ਤੇ ...ਤੇ ਸਕਿੰਟ ਕੁ ਬਾਦ ਉਹਦਾ ਖਖੜੀਆਂ ਹੋਇਆ ਸਿਰ ਦੋ ਟੋਟਿਆਂ ਵਿਚ ਖਿਲਰ ਗਿਆ।"

ਮੈਂ ਸੁਣ ਕੇ ਸੁੰਨ ਹੋ ਗਿਆ। ਕਿੰਨੀ ਦੇਰ ਜੱਸਾ ਵੀ ਚੁੱਪ ਰਿਹਾ। ਉਹ ਮੇਰੇ ਮੂੰਹ ਵਲ ਵੇਖੀ ਗਿਆ। ਹਾਰ ਕੇ ਉਹਨੇ ਕਿਹਾ:

"ਮੈਨੂੰ ਪਤਾ ਸੀ, ਤੂੰ ਸੁਣ ਕੇ ਸੁੰਨ ਹੋ ਜਾਣੈ। ਕਹੇਂ ਤਾਂ ਅੱਗੋਂ ਦੱਸਾਂ?"

"ਪਰ...ਪਰ ਇਹਦੇ ਪਿਉ ਦਾ ਕੀ ਬਣਿਆ?" ਮੈਂ ਏਨਾ ਹੀ ਕਹਿ ਸਕਿਆ।

"ਉਹ ਤੇ ਉਸ ਬਾਲੜੀ ਦੀ ਮੌਤ ਵੇਖ ਕੇ ਬੇਹੋਸ਼ ਹੋ ਗਿਆ। ਹਾਰ ਕੇ ਗੁਰਮੁਖ ਨੇ ਗੋਲੀ ਮਾਰ ਕੇ ਉਥੇ ਵਿਹੜੇ ਵਿਚ ਹੀ ਉਹਨੂੰ ਮਾਰ ਦਿੱਤਾ। ਤੇ ਅਸੀਂ ਸਾਰੇ ਖ਼ਾਲੀ ਹੱਥ ਉਥੋਂ ਆ ਗਏ। ਐੱਸ.ਐੱਸ.ਪੀ. ਨੂੰ ਆ ਕੇ ਅਸੀਂ ਰਿਪੋਰਟ ਕਰ ਦਿੱਤੀ। ਸਵੇਰੇ ਉਹਨੇ ਪੱਤਰਕਾਰਾਂ ਨੂੰ ਸੱਦ ਕੇ ਇਹਨੂੰ ਖਾੜਕੂਆਂ ਦੀ ਆਪਸੀ ਲੜਾਈ ਕਹਿ ਦਿੱਤਾ।"

"ਫੇਰ ?"

"ਫੇਰ ਕੀ ਭਾਅ ? ਅਸੀਂ ਭੁੱਲ-ਭੁੱਲਾ ਗਏ। ਪਰ ਹਫ਼ਤੇ ਕੁ ਬਾਦ ਹੀ ਨਾ ਰੋਜ਼ ਰਾਤ ਜਦ ਮੈਂ ਸ਼ਰਾਬ ਨਾਲ ਲੋਹੜ ਕੇ ਸੌਂਵਾਂ, ਕਿ ਬਸ ਰਾਤ ਨੂੰ ਇਕ ਡੇਢ ਵਜੇ ਰੋਜ਼ ਕੋਈ ਮੈਨੂੰ ਡਰਾ ਕੇ ਜਗਾ ਦੇਵੇ। ਅੱਖਾਂ ਬੰਦ ਕਰਾਂ, ਤਾਂ ਵੀ ਦਿਖੇ ਤੇ ਅੱਖਾਂ ਖੋਹਲਾਂ, ਤਾਂ ਵੀ ਦਿਖੇ।" ਉਸ ਕਿਹਾ।

"ਕੀ ਦਿਖੇ ?" ਮੈਂ ਪੁਛਿਆ।

"ਬਸ ਭਾਅ। ਉਹ ਦੋ ਢਾਈ-ਕੁ ਸਾਲ ਦੀ ਬਾਲੜੀ ਦਿਖੀ ਜਾਏ। ਇਕ ਹੱਥ 'ਚ ਉਹਦੇ ਖਾਕੀ ਵਰਦੀ ਹੋਇਆ ਕਰੇ ਤੇ ਦੂਸਰੇ ਵਿਚ ਕਿਸੇ ਟੁੱਟੇ ਤੇ ਫਿੱਸੇ ਹੋਏ ਸਿਰ ਦੇ ਹਿੱਸੇ ਹੋਣ। ਰੋਜ਼ ਮੈਂ ਡਰ ਕੇ ਉੱਠ ਜਾਵਾਂ। ਰਾਤ ਨੀਂਦ ਨਾ ਪਵੇ। ਸਵੇਰੇ ਚੈਨ ਨਾ ਆਵੇ। ਮੈਂ ਅੱਧ ਪਾਗਲ ਜਿਹਾ ਹੋ ਗਿਆ। ਅੰਬਰਸਰ ਵਾਲੇ ਵੀ ਤੇ ਤਰਨਤਾਰਨ ਵਾਲੇ ਵੀ, ਐੱਸ.ਪੀ. ਕਹਿਣ – ਕੀ ਹੋ ਗਿਐ ਤੇਰੇ ਚਿਹਰੇ ਨੂੰ ? ਜੇ ਬਟਾਲਾ ਨਹੀਂ ਮਾਫ਼ਕ ਤਾਂ ਸਾਡੇ ਕੋਲ ਆ ਜਾਹ। ਪਰ ਮੈਂ ਉਨ੍ਹਾਂ ਨੂੰ ਕੀ ਦੱਸਦਾ ? ਮੈਂ ਸ਼ਰਾਬ ਬਹੁਤ ਵਧਾ ਦਿੱਤੀ, ਪਰ ਚੈਨ ਕਿਥੇ ? ਹਾਰ ਕੇ ਮੈਂ ਚਾਟੀਵਿੰਡ ਆਲੇ ਪੀਰ ਗਾਲਤੂ ਸ਼ਾਹ ਕੋਲ ਗਿਆ। ਉਹਨੇ ਮੈਨੂੰ ਬਿਨਾਂ ਕੁਝ ਪੁੱਛੇ ਕਹਿ ਦਿੱਤਾ ਕਿ ਕੋਈ ਕੰਨਿਆ ਤੇਰੀ ਮੌਤ ਲਿਆ ਰਹੀ ਹੈ। ਮੈਂ ਦਿਲ 'ਚ ਉਹਨੂੰ ਲੱਖ ਗਾਹਲ ਕੱਢੀ ਤੇ ਆ ਗਿਆ। ਬਈ ਭੜੂਇਆ। ਮੌਤ ਮੈਨੂੰ ਕੀ ਕਰੇਗੀ ? ਮੈਨੂੰ ਨੀਂਦ ਤੇ ਦੇਹ ਇਕ ਰਾਤ।" ਉਹ ਰੁਕ ਗਿਆ।

"ਫੇਰ ਤੂੰ ਕੀ ਕੀਤਾ ?" ਮੈਂ ਗੱਲਬਾਤ ਰੁਕਣ ਨਹੀਂ ਦੇਣਾ ਚਾਹੁੰਦਾ ਸਾਂ। ਮੇਰੇ ਲਈ ਇਹ ਅਸਲੋਂ ਹੀ ਅਲੋਕਾਰ ਗੱਲਾਂ ਸਨ। ਜੀਵਨ ਦੇ ਏਨੇ ਭਿਆਨਕ ਰੰਗ ਵੇਖ ਕੇ ਵੀ ਮੈਨੂੰ ਇਹ ਗੱਲਾਂ ਤੇ ਜੱਸੇ ਦਾ ਇਹ ਵਰਤਾਰਾ ਜਿਵੇਂ ਸੁੰਨ ਕਰ ਰਿਹਾ ਸੀ।

"ਫੇਰ ਕੀ ਭਾਅ ਵੱਡਿਆ ? ਮੈਂ ਸੋਚਿਆ, ਪਈ ਉਹ ਸ਼ਾਇਦ ਮੈਨੂੰ ਪੁਲਿਸ ਦੀ ਵਰਦੀ ਵਿਖਾ ਕੇ ਮੈਥੋਂ ਕੋਈ ਕੁਰਬਾਨੀ ਮੰਗਦੀ ਏ। ਮਰਦਾ ਕੀ ਨਾ ਕਰਦਾ ? ਮੇਰਾ ਡਮਾਗ ਤੇ ਹਿੱਲ ਚੁੱਕਾ ਸੀ। ਰੋਜ਼ ਰਾਤ ਨੂੰ ਮੈਂ ਸਾਦੇ ਕੱਪੜੇ ਪਾ ਕੇ ਜਾਣਾ ਤੇ ਜਿੰਨੇ ਕੁ ਵੀ ਵਾਕਫ਼ ਪੁਲਸੀਆਂ ਦੇ ਘਰ ਸਨ, ਚਾਹੇ ਉਹ ਹੋਮਗਾਰਡੀਆ ਈ ਹੋਵੇ, ਉਨ੍ਹਾਂ ਵਲ ਜਾ ਕੇ ਤਾੜ ਰੱਖਣੀ। ਜਦੋਂ ਦਾਅ ਲੱਗਣਾ, ਕੋਈ ਨਾ ਕੋਈ ਸ਼ਪਾਹੀ, ਕੋਈ ਹੋਮਗਾਰਡੀਆ, ਜਾਂ ਛੋਟਾ ਥਾਣੇਦਾਰ ਮਾਰ ਕੇ ਸੁੱਟ ਆਉਣਾ। ਤੇ ਸੱਚ ਜਾਣੀਂ। ਇਕ ਦੋ ਦਿਨ ਉਸੇ ਕੁੜੀ ਦੇ ਭੂਤ ਨੇ ਨਾ ਆਉਣਾ। ਪਰ ਤੀਸਰੇ ਕੁ ਦਿਨ ਫੇਰ ਉਸੇ ਬਾਲੜੀ ਨੇ ਆ ਵਖਾਲੀ ਦੇਣੀ। ਅੰਤ ਮੈਂ ਗੈਰਹਾਜ਼ਰ ਹੋਣ ਲਗ ਪਿਆ ਤੇ ਪਾਗਲਾਂ ਵਾਂਗ ਇਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਵਿਚ ਭਟਕਣ ਲੱਗ ਪਿਆ।" ਉਸ ਕਿਹਾ।

ਮੈਂ ਚੁੱਪ ਸਾਂ। ਉਸ ਆਪੇ ਫੇਰ ਗੱਲ ਛੋਹੀ।

"ਮੇਰਾ ਭਾਅ। ਪਾਗਲਪਣ ਬਹੁਤ ਵਧ ਗਿਆ ਸੀ। ਵਾਕਫ਼ੀ ਮੇਰੀ ਬੜੀ ਸੀ। ਮੈਂ ਪਤਾ ਕਰਨਾ ਕਿ ਕਿਹੜਾ ਸ਼ਪਾਹੀ ਕਿਸ ਥਾਣੇ ਤੋਂ ਰੋਜ਼ ਘਰ ਜਾਂਦੈ। ਜਾਂ ਕਿਹੜਾ ਛੁੱਟੀ 'ਤੇ ਚੱਲ ਰਿਹਾ ਹੈ ? ਮੈਂ ਜਿਥੇ ਦਾਅ ਲੱਗਣਾ, ਮਾਰੀ ਟੁਰੀ ਜਾਣੇ। ਹਾਲਤ ਇਹ ਹੋ ਗਈ ਕਿ ਮੈਂ ਆਪਣੇ ਵਰ੍ਹਿਆਂ ਦੇ ਸਾਥੀ ਤਿਲਕੂ ਤੇ ਗੁਰਮੁਖ ਵੀ ਮਾਰ ਸੁੱਟੇ। ਰਾਮ ਸੁਹ ਬਚ ਗਿਆ ਸੀ। ਮਾਮਰ ਪੁਲਿਸ 'ਚ ਤੇ ਰੌਲਾ ਪੈ ਗਿਆ ਕਿ ਕੌਣ ਸਾਡੇ ਜਵਾਨ ਦੋਦਾਂ



ਗੁਪਤ ਰੂਪ ਵਿਚ ਮਾਰੀ ਜਾ ਰਿਹੈ ?"

"ਪਰ ਭਾਅ। ਤੂੰ ਫੜਿਆ ਨਾ ਗਿਆ ?" ਮੈਂ ਕਿਹਾ।

"ਫੜਿਆ ਮੈਂ ਟੱਟੂ ਜਾਣਾ ਸੀ ? ਮੇਰੇ 'ਤੇ ਕਿਸੇ ਨੂੰ ਸ਼ੱਕ ਵੀ ਨਹੀਂ ਸੀ ਹੁੰਦਾ। ਸਵੇਰੇ ਮੈਂ ਕਮਲਿਆਂ ਵਾਂਗ ਥਾਣੇ ਫਿਰਦਾ ਰਹਿੰਦਾ। ਹਰ ਕੋਈ ਸਮਝਦਾ, ਕਿਸੇ ਅੱਤਵਾਦੀ ਜਾਂ ਕਿਸੇ ਪਨਾਹ ਦੇਣ ਵਾਲੇ ਦੀ ਮਾਰ ਵਿਚ ਫਿਰਦੈ। ਤੇ ਸ਼ੱਕ ਮੇਰੇ 'ਤੇ ਹੁੰਦਾ ਹੀ ਨਹੀਂ ਸੀ। ਉਹ ਤੇ ਏਸ ਲਿਬਰੇਸ਼ਨ ਵਾਲੇ ਸੀਤਲ ਮੂੰਹ ਮਹਿਤੇ ਚੌਂਕ ਆਲੇ ਦੀ ਬੇੜੀ ਬਹਿ ਗਈ ਤੇ ਮੈਂ ਫੜਿਆ ਗਿਆ।" ਉਸ ਕਿਹਾ।

"ਸੀਤਲ ਨੇ ਕਿੰਦਾਂ ਤੈਨੂੰ ਫੜਿਆ ?" ਮੈਂ ਪੁੱਛਿਆ।

"ਉਹ ਮੈਂ ਨਾ ਮਾਸਟਰਾ। ਧੁਲਕੇ ਅਲ ਕਿਤੇ ਇਕ ਰਾਤ ਕਿਸੇ ਹੋਮਗਾਰਡੀਏ ਦਾ ਕੰਮ ਕਰਨ ਗਿਆ ਸਾਂ। ਮੈਨੂੰ ਪੱਕਾ ਪਤਾ ਲੱਗਾ ਸੀ ਕਿ ਪਈ ਉਹ ਰਾਤ ਨੂੰ ਸੈਕਲ 'ਤੇ ਪਿੰਡ ਨੂੰ ਜਾਂਦੈ। ਜਦ ਨਾ ਮੈਂ ਉਹਨੂੰ ਮਾਰਨ ਲੱਗਾ, ਉਹਨੇ ਕਿਹਾ "ਕੌਣ ਐ ?" ਉਹਦੇ ਲਲਕਾਰੇ ਦੇ ਜਵਾਬ ਵਿਚ ਮੈਂ ਕਿਤੇ ਕਹਿ ਬੈਠਾ, "ਹੁਣ ਕਿੱਥੇ ਜਾਏਂਗਾ ? ਮੈਂ ਤੇਰਾ ਭਣੋਈਆ ਸੀਤਲ ਇਆਂ।"– ਉਹਨੂੰ 'ਤੇ ਮਾਰ ਦਿੱਤਾ, ਪਰ ਮੈਂ ਨਸ਼ੇ ਕਾਰਣ ਇਹ ਨਾ ਵੇਖ ਸਕਿਆ ਕਿ ਮਗਰ ਇਕ ਹੋਰ ਸਾਇਕਲ ਵੀ ਆ ਰਿਹਾ ਸੀ। ਉਹ ਖਬਰੇ ਕੋਈ ਦੋਧੀ ਸੀ, ਜਿਹੜਾ ਕਿਤੇ ਸੀਤਲ ਦਾ ਰਿਸ਼ਤੇਦਾਰ ਸੀ। ਲਉ ਜੀ, ਉਹ ਅਗਲੀ ਸਵੇਰ ਸੀਤਲ ਨੂੰ ਦੱਸ ਆਇਆ, ਪਈ ਤੇਰੇ ਨਾਂ ਤੇ ਤਾਂ ਰਾਤੀਂ ਸਾਡੇ ਪਿੰਡ ਆਲਾ ਹੋਮਗਾਰਡੀਆ ਮਾਰ ਤਾ ਤੇ ਤੂੰ ਇਥੇ ਫਿਰੀ ਜਾਨੈਂ। ਲਉ ਜੀ, ਸੀਤਲ ਸੀ ਪੰਜਾਬ ਪੁਲਿਸ ਦਾ ਬੰਦਾ। ਮੈਂ ਐਵੇਂ ਉਹਦਾ ਨਾਂ ਲੈ ਤਾ। ਉਹ ਤੇ ਜੀ ਫੱਟ ਐੱਸ.ਪੀ. ਕੋਲ ਪੁੱਜਦਾ ਹੋ ਗਿਆ। ਤੇ ਨਾਲੇ ਸੀ.ਆਈ.ਡੀ. ਮਗਰ ਲਾ ਤੀ। ਤੇ ਲਉ ਜੀ, ਸੀ.ਆਈ.ਡੀ. ਆਲਿਆਂ ਹਫ਼ਤਾ ਨੀ ਪੈਣ ਦਿੱਤਾ, ਮੈਨੂੰ ਫੜ ਕੇ ਅਜੈਬੇ ਕੋਲ ਦੇ ਗਏ। ਪਹਿਲੇ ਤੇ ਜਲੰਧਰ ਪੁਲਸ ਆਲੇ ਲੈ ਗਏ, ਕਿਉਂਕਿ ਮੈਂ ਪਹਿਲਾਂ ਜਿਸ ਐੱਸ.ਐੱਸ.ਪੀ ਨਾਲ ਸਾਂ, ਉਹ ਜਲੰਧਰ ਜਾ ਵੜਿਆ ਸੀ। ਉਹਨੇ ਫੇਰ ਮੈਨੂੰ ਅਜੈਬੇ ਨੂੰ ਦੇ ਦਿੱਤਾ। ਮੈਂ ਖਬਰੇ, ਕੋਈ ਪੰਤਾਲੀ ਜਾਂ ਪੰਜਾਹ ਕੁ ਦੇ ਲਾਗੇ ਸ਼ਪਾਹੀ ਮਾਰੇ ਹੋਣੇ ਆ।" ਉਹਨੇ ਲੰਮਾ ਸਾਹ ਲੈ ਕੇ ਆਪਣੀ ਰਾਮ ਕਹਾਣੀ ਮੁਕਾ ਦਿੱਤੀ।

"ਪਰ ਹੁਣ ਤੂੰ ਕੀ ਚਾਹੁਨੈ ?" ਮੈਂ ਕਿਹਾ।

"ਮੈਂ ਭਾਅ ਬਸ ਇਹੀ ਚਾਹੁੰਨਾ ਕਿ ਵੱਡਾ ਟਰੱਕ ਮੇਰੀ ਛਾਤੀ ਤੋਂ ਲੰਘਾ ਦਿਉ।" ਉਸ ਫੇਰ ਕਿਹਾ।

"ਇਹ ਕਦੰਤ ਨਹੀਂ ਹੋ ਸਕਦਾ।" ਮੈਂ ਔਕ ਕੇ ਕਿਹਾ।

"ਹੋ ਕਿਉਂ ਨਹੀਂ ਸਕਦਾ ? ਬਘੇਲੇ ਨੂੰ ਵੀ ਤੇ ਅਜੈਬੇ ਦੇ ਬੰਦਿਆਂ ਵੱਡੇ ਟਰੱਕ ਥੱਲੇ ਸਿਰ ਦੇ ਕੇ ਮਾਰਿਆ ਸੀ।" ਉਹਨੇ ਮੈਨੂੰ ਜਿਵੇਂ ਸੂਚਨਾ ਦਿੱਤੀ।

"ਓਏ, ਉਹ ਤੇ ਗਿੱਲ ਦਾ ਹੁਕਮ ਸੀ।" ਮੈਂ ਉਹਨੂੰ ਸੱਚ ਦੱਸ ਦਿੱਤਾ।

"ਪਰ ਭਾਅ! ਮੈਂ ਤੇ ਆਪ ਹੀ ਟਰੱਕ ਥੱਲੇ ਹੋ ਕੇ ਮਰਨਾ ਚਾਹੁੰਨਾ। ਫੇਰ ਕਿਸੇ ਨੂੰ ਕੀ 'ਤਰਾਜ ਐ ?" ਉਸ ਬੱਚਿਆਂ ਵਰਗਾ ਹੱਠ ਕੀਤਾ।

"ਪਰ ਯਾਰ। ਤੂੰ ਇਸ ਸਿਆਪੇ 'ਚ ਕਿਉਂ ਪੈਨੈਂ ? ਗੱਲ ਕੀ ਆ ਵਿੱਚੋਂ ?" ਮੈਂ

ਔਕ ਕੇ ਕਿਹਾ।

"ਲੈ ਉਹ ਵੀ ਸੁਣ ਲੈ, ਤੇ ਆਪੇ ਫ਼ੈਸਲਾ ਕਰ ਲੈ।" ਉਹਨੇ ਕਿਹਾ ਸਾਹ ਲੈ ਕੇ ਉਹ ਫੇਰ ਸ਼ੁਰੂ ਹੋ ਗਿਆ:

"ਪਿਛਲੇ ਮਹੀਨੇ ਤੋਂ ਜਦੋਂ ਦਾ ਮੈਨੂੰ ਪੁਲਸ ਨੇ ਫੜਿਐ ਤੇ ਤਸੀਹੇ ਦੇ ਰਹੀ ਹੈ, ਸੱਚ ਜਾਣੀਂ।" ਮੈਨੂੰ ਕਿਤੇ ਦਰਦ ਨਹੀਂ ਹੁੰਦੀ। ਕੋਈ ਪੀੜ ਨਹੀਂ ਹੁੰਦੀ। ਬਸ ਇੱਕੋ ਪੀੜ ਹੁੰਦੀ ਹੈ ਦਿਨ ਰਾਤ। ਉਹ ਇਹ ਕਿ ਪਿਛਲੇ ਇਕ ਮਹੀਨੇ ਤੋਂ ਜਦ ਮੈਂ ਅੱਖਾਂ ਮੀਟਦਾਂ, ਉਹ ਬਾਲੜੀ ਜਿਵੇਂ ਛਾਲ ਮਾਰ ਕੇ ਮੇਰੀ ਛਾਤੀ ਤੇ ਬਹਿ ਜਾਂਦੀ ਐ। ਤੇ ਉਹ, ਜਿਹੜੀ ਮਸਾਂ ਦਸ-ਬਾਰਾਂ ਕਿਲੋ ਦੀ ਹੋਣੀ ਐ, ਉਹਦਾ ਭਾਰ ਵਧਣ ਲਗ ਪੈਂਦੈ। ਤੇ ਜਿਵੇਂ ਮੇਰੀ ਛਾਤੀ 'ਤੇ ਬੈਠੀ ਉਹ ਮਣਾਂ-ਟਣਾਂ ਤੇ ਕੁਇੰਟਲਾਂ ਦੀ ਹੋ ਜਾਂਦੀ ਏ। ਨਾਲ ਹੱਸੀ ਜਾਂਦੀ ਏ ਤੇ ਨਾਲੇ ਭਾਰ ਵਧਾਈ ਜਾਂਦੀ ਏ। ਮੈਂ ਬਥੇਰਾ ਅੱਖਾਂ ਖੋਲ੍ਹਦਾਂ, ਹੱਥ ਪੈਰ ਮਾਰਦਾਂ, ਪਰ ਉਹ ਲਹਿੰਦੀ ਹੀ ਨਹੀਂ।"

ਮੈਂ ਚੁੱਪ ਸਾਂ।

ਉਹਨੇ ਹਿੰਮਤ ਕਰਕੇ ਆਪਣੇ ਖੱਬੇ ਹੱਥ ਨਾਲ ਮੇਰੇ ਪੈਰ ਫੜਨੇ ਚਾਹੇ। ਮੈਂ ਤ੍ਰਭਕ ਗਿਆ। ਉਹ ਫੇਰ ਖੱਬਾ ਹੱਥ ਮੰਗਤੇ ਵਾਂਗ ਮੇਰੇ ਵੱਲ ਅੱਡ ਕੇ ਕਹਿਣ ਲੱਗਾ:

"ਭਾਅ। ਮੇਰੀ ਬਸ ਆਹ ਇਕ ਅੱਧ ਘੜੀ ਰਹਿ ਗਈ ਊ। ਉਪਰ ਮੈਂ ਟਿਕਟ ਕਟਾ ਕੇ, ਏਹ ਭਾਰ ਛਾਤੀ 'ਤੇ ਲੈ ਕੇ ਨਹੀਂ ਜਾਣਾ ਚਾਹੁੰਦਾ। ਰੱਬ ਦਾ ਵਾਸਤਾ ਈ, ਓਨੇ ਨੂੰ ਕਹਿ ਵੇਖ, ਕਿ ਮੇਰੀ ਛਾਤੀ ਤੋਂ ਟਰੱਕ ਲੰਘਾ ਦੇਏ। ਸ਼ਬਰੇ ਏਦਾਂ ਹੀ ਉਸ ਬਾਲੜੀ ਦਾ ਭਾਰ ਮੈਥੋਂ ਲਹਿ ਜਾਏ।"



# ਉਪਰੀ ਸ਼ੈਅ

ਸਰਵਮੀਤ

ਅਸਤ ਹੁੰਦਾ ਲਾਲ ਦਘਦਾ ਸੂਰਜ ਵਿੰਗੀ ਕਾਲੀ ਬਦਲੀ ਓਹਲੇ ਹੋਇਆ ਤਾਂ ਆਪਣੇ ਕੱਦ ਤੋਂ ਵੀ ਵਡੇਰਾ ਜਾਪਣ ਲੱਗਾ। ਲੰਬੜਦਾਰਾਂ ਦਾ ਗੁਰਨਾਮ ਸੌਂਹ ਨੌਕਰ ਭਈਏ ਨੂੰ ਗਾਲ੍ਹਾਂ ਦੇ ਛੰਦ ਸੁਣਾਵਣ ਪਿੱਛੋਂ ਖੰਘਦਾ ਖੰਘਦਾ ਚੁੱਪ ਹੋ ਗਿਆ। ਬੱਸੀ ਦੀ ਨਿਆਈਂ ਵਾਲੀ ਬੰਬੀ ਦੇ ਕੋਠੇ ਤੇ ਲੋਹੇ ਦੀ ਛੜ ਨਾਲ ਲਮਕਦਾ ਬਲਬ ਚਾਣਚੱਕ ਜਗਿਆ ਤਾਂ ਪਰਾਲੀ ਅਤੇ ਬੀਅ ਲਈ ਰੱਖੇ ਛਟਾਲੇ ਦੀ ਚੌਰਨੀ ਲਾਉਂਦਾ ਉਹਦਾ ਮੁੰਡਾ ਸੁੱਖਾ, ਆਥੜੀਏ ਭੂੰਡ ਨੂੰ 'ਚੱਲ ਬੱਸ ਕਰ ਐਵੇਂ ਘਰਕੀ ਜਾਨਾ ਸੁਣ ਆਲੀ ਕੁੱਤੀ ਆਂਗੂੰ' ਕਹਿ ਕੇ ਮੋਟਰ ਦੀ ਪੁਲੀ 'ਤੇ ਪਟਾ ਚੜ੍ਹਾਉਣ ਲੱਗ ਪਿਆ।

"ਦੁਰ ਫਿਟੇ ਮੂੰਹ ਕੁੱਤੇ ਦਿਓ ਪੁੱਤੋ...ਹੁਣੇ ਰਾਤ ਪੈ ਗੀ ਧਾਡੇ ਆਲੀ ਧਾੜੀਆਂ ਕਲੱਗਦੀਆਂ ਦੀਆਂ ਵੱਖੀਆਂ ਅੰਦਰ ਵੜੀਆਂ" ਜਾਂਜੀ ਕਰੁੱਖਾਂ ਭੁੱਖੀਆਂ ਭੇਡਾਂ ਹਿੱਕੀ ਆਉਂਦੇ ਆਪਣੇ ਮੁੰਡਿਆਂ ਨੂੰ ਗਾਅਲੀ ਟੱਕਰ ਪਿਆ।

ਢਾਬ ਆਲਿਆਂ ਦੇ ਕੁੱਕੜਾਂ ਨੇ ਅੱਗੜ ਪਿੱਛੜ ਤਿੰਨ ਤਿੰਨ ਬਾਂਗਾਂ ਦਿੱਤੀਆਂ ਤਾਂ ਬੁੱਢਾ ਦਾਰੀ ਏਹੋ ਜਿਹੀਆਂ ਸੁਗਾਤਾਂ ਰੱਖਣ ਵਾਲਿਆਂ ਨੂੰ ਬਦ ਅਸੀਸਾਂ ਦੇਂਦਾ ਹਵੇਲੀਓਂ ਉੱਠ ਘਰ ਨੂੰ ਵਗ ਗਿਆ।

ਠੱਠੀ ਵਾਲੇ ਪਾਸੇ "ਆ.....ਗੀ.....ਓਏ....ਆ.....ਗੀ....ਓਏ...." ਦੀ ਧੱਪ ਪਾਉਂਦੀ ਮਜ਼੍ਹਬੀ ਸਿੱਖਾਂ ਦੀ 'ਪੋਹ ਮਾਘ ਦੀ ਪਨੀਰੀ' ਮਾਸਟਰ ਚੈਂਚਲ ਦੇ ਘਰ ਟੈਲੀਵਿਜਨ ਵੇਖਣ ਵੜ ਗਈ।

ਵੱਡੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ 'ਤੇ ਜਗਦੇ ਵੱਡੇ ਲਾਟੂ ਨੇ ਪਿੰਡ ਦੇ ਛੋਟੇ ਮੋਟੇ ਲਾਟੂਆਂ 'ਤੇ ਰੋਅਬਦਾਰ ਨਜ਼ਰ ਸੁੱਟੀ।

"ਔਂਤਰੀ ਗੰਦੀ, ਲਾਦ ਦਾ ਸਿਆਪਾ....ਦੱਸ ਆਹ ਵੇਲਾ ਏਨ੍ਹਾਂ ਦੇ ਖੇਡਣ ਦਾ..." ਰਾਤ ਦੀਆਂ ਰੋਟੀਆਂ ਪਕਾ ਹਟੀ ਹਣਸੁ ਦੇ ਘਰੋਂ ਆਸ਼ਾ ਆਟੇ ਲਿਬੜੇ ਹੱਥੀਂ ਨਿਆਣਿਆਂ ਨੂੰ ਵਾਜ ਮਾਰਨ ਲਈ ਬੂਹੇ 'ਚ ਆ ਖਲੋਤੀ।

"ਓ ਅੰਦਰੋਂ ਡੱਬੀ ਫੜਾਈਂ ਰਤਾ" ਹੱਥਲੀ ਜੁੱਤੀ ਨੂੰ ਗੰਢਣ 'ਚ ਰੁੱਝੇ ਹਣਸੁ ਦੇ ਮੂੰਹੋਂ ਬੇਧਿਆਨੇ ਲਫ਼ਜ਼ ਨਿਕਲੇ ਜੋ ਆਸ਼ਾ ਨੂੰ ਨਹੀਂ ਸੁਣੇ।

ਉਸੇ ਰੌਅ 'ਚ ਹੀ ਉਹਦਾ ਖੱਬਾ ਹੱਥ ਫਤੂਹੀ ਦੇ ਦੋਵੇਂ ਬੋਝੇ ਫੋਲ ਹਟਿਆ, ਅਚਾਨਕ ਖਾਲੀ ਹੱਥ ਤ੍ਰਭਕ ਕੇ ਬਾਹਰ ਆਇਆ ਜਿਵੇਂ ਬੋਝੇ 'ਚੋਂ ਠੂੰਹੇਂ ਨੇ ਡੰਗ

ਮਾਰਿਆ ਹੋਵੇ। ਮੱਥੇ 'ਤੇ ਆਇਆ ਮੁੜ੍ਹਕਾ ਪੂੰਝ "ਜਾ ਸੱਚਿਆ ਪਾਤਸ਼ਾਹ ਤੇਰੀਆਂ ਈ ਕੁਦਰਤਾਂ..." ਕਹਿ ਬਾਹਵਾਂ ਉਤਾਂਹ ਚੁੱਕ ਆਕੜ ਭੰਨੀ। "ਸਭ ਦਾ ਈ ਭਲਾ ਕਰੀਂ", ਗੋਢੀਆਂ ਤੇ ਗੱਢਣੋਂ ਬਚਦੀਆਂ ਜੁੱਤੀਆਂ ਵੱਖ ਵੱਖ ਇਕੱਠੀਆਂ ਕਰ ਉਸ ਉਤਾਂਹ ਅਸਮਾਨ ਵਲ ਨੂੰ ਵੇਖਿਆ ਤੇ ਸਿਰ ਨੂੰ ਛੰਡਿਆ ਜਿਵੇਂ ਕੋਈ ਕੁਲਹਿਣਾ ਖ਼ਿਆਲ ਭੁਲਾਉਣਾ ਚਾਹੁੰਦਾ ਹੋਵੇ।

ਖ਼ਿਆਲ ਘੱਟ ਕੁਲਹਿਣਾ ਵੀ ਨਹੀਂ ਸੀ... "ਆਹ ਸਿਗਟਾਂ ਸੁਗਟਾਂ ਜਿਹੀਆਂ ਬੰਦ ਕਰੋ...." ਖ਼ਤਰਨਾਕ ਲਾਲ ਨਸ਼ੀਲੀਆਂ ਅੱਖਾਂ ਚੋਂ ਨਿਕਲੇ ਬੋਲ ਘੁਸਮੁਸਾ ਹੁੰਦਿਆਂ ਹੀ ਕਿਸੇ ਦੈਂਤ ਵਾਂਗ ਆ ਪ੍ਰਗਟ ਹੁੰਦੇ। ਹਣਸੂ ਦਾ ਜਿਵੇਂ ਸਾਹ ਸੂਤਿਆ ਜਾਂਦਾ। ਸਿਰ ਤੇ ਛਾਤੀ 'ਤੇ ਜਿਵੇਂ ਮਣਾਂ ਮੂੰਹੀਂ ਭਾਰੀ ਢਿੱਗ ਆਣ ਡਿੱਗਦੀ।

ਓਦਨ ਵੀ ਸੂਰਜ ਛਿਪਣ ਪਿੱਛੋਂ ਦਾ ਘੁਸਮੁਸਾ ਜਿਹਾ ਸੀ...ਗੁਰਦੁਆਰੇ ਭਾਈ ਨੇ ਸਟੀਰੀਓ ਡੈੱਕ 'ਚ ਰਹਿਰਾਸ ਸਾਹਿਬ ਵਾਲੀ ਰੀਲ੍ਹ ਅਜੇ ਲਾਈ ਹੀ ਸੀ।

ਚਿੱਟਿਆਂ ਦੇ ਚੁਬਾਰੇ 'ਤੇ ਚੌਂਕੀ ਵਾਲੇ ਪੁਲਸੀਆਂ ਨੇ ਟੇਪ ਰਿਕਾਰਡ ਬੰਦ ਕਰ ਦਿੱਤੀ।

ਬੂਹਾ ਖੜਕਿਆ। ਛੋਟੀ ਕੁੜੀ ਨੇ ਖੋਲ੍ਹਿਆ ਤਾਂ ਚਾਰ ਬੇਪਛਾਣ ਜਿਹੇ ਮੁੰਡੇ ਅੰਦਰ ਜਾ ਵੜੇ। "ਚਾਚਾ! ਸਾਸਰੀ 'ਕਾਲ...ਕਿੱਦਾਂ ਫੇਰ....ਕੈਮ ਆਂ...?" ਚੰਨੇ ਦੀ ਵਾਜ ਹਣਸੂ ਨੇ ਪੈਂਦੀ ਸੱਟੇ ਪਛਾਣ ਲਈ ਪਰ ਨਾਲ ਹੀ ਲੱਗਾ ਜਿਵੇਂ ਦਿਲ ਦੀ ਧੜਕਣ ਰੁਕ ਗਈ ਹੋਵੇ। ਅਸਮਾਨ 'ਚੋਂ ਬਿਜਲੀ ਸਿੱਧੀ ਉਹਦੇ 'ਤੇ ਡਿੱਗੀ ਹੋਵੇ ਜਾਂ ਪੈਰਾਂ ਹੇਠਲੀ ਧਰਤੀ ਦਾ ਕੜ੍ਹ-ਪਾਟ ਚੱਲਿਆ ਹੋਵੇ....

"ਸਾਸਰੀ...ਕਾਲ ਜੀ—" ਉਹਦੀ ਆਵਾਜ਼ ਮਰ ਮੁੱਕ ਗਈ ਜਿਵੇਂ। ਆਪਣੇ ਵੱਲੋਂ ਜ਼ੋਰ ਲਾ ਕੇ ਬੋਲੇ ਉਹਦੇ ਇਹ ਸ਼ਬਦ ਵੀ ਆਉਣ ਵਾਲਿਆਂ ਨੂੰ ਨਹੀਂ ਸਨ ਸੁਣੇ ਤੇ ਨਾ ਹੀ ਉਹਨਾਂ ਸੁਣਨ ਦੀ ਲੋੜ ਸਮਝੀ ਸੀ। ਉਹ ਤਾਂ ਵਾਹੋ ਦਾਹੀ ਅੰਦਰ ਲੰਘ ਕੇ ਮੰਜੇ 'ਤੇ ਬਹਿ ਗਏ ਸਨ ਜਿਵੇਂ ਨਾਨਕੇ ਆਏ ਹੋਣ।

ਆਸ਼ਾ ਨੇ ਸੰਘ 'ਚੋਂ ਨਿਕਲਦੀ ਚੀਕ ਮਸੀਂ ਰੋਕੀ। ਦੋਹਾਂ ਜੀਆਂ ਦੀਆਂ ਨਜ਼ਰਾਂ ਮਿਲੀਆਂ। ਚਹੁੰ ਅੱਖਾਂ 'ਚ ਇਕੋ ਲਿਖਤ ਸੀ—ਬੱਸ ਹੁਣੇ ਲੈਨ 'ਚ ਲਾਉਣਗੇ ਤੇ....ਇਸ 'ਤੋਂ... ਤੋਂ ਅੱਗੇ ਕੁਝ ਵੀ ਨਹੀਂ ਸੀ। ਬੱਸ ਇਕ ਵਹਿ ਚੁਕੇ ਲਹੂ ਦਾ ਸੋਚ ਸੀ ਜੋ ਹਰ ਇਕ ਲਈ ਇਨ੍ਹੀਂ ਦਿਨੀਂ ਸਪਸ਼ਟ ਸੀ।

ਪਰ ਚੰਨੇ ਦੀ ਹੱਸਣੀ ਅਵਾਜ਼ ਨੇ ਰਾਹਤ ਦਿੱਤੀ, "ਚਾਚਾ ਆ ਜਾ ਉਰੇ—ਕਿਉਂ ਬੌਂਦਲ ਗਿਆ....ਚੰਨਾ ਈ ਆਂ ਮੈਂ।"

"ਚੰਨਾ ਈ ਆਂ ਮੈਂ" ਹਣਸੂ ਨੂੰ ਲੱਗਿਆ ਜਿਵੇਂ ਉਹਦੇ ਕੰਨਾਂ ਕੋਲ ਪਟਾਖੇ ਚੱਲੇ ਹੋਣ—ਤੜ...ਤੜ ਤੜ...ਕਿਹੜਾ ਚੰਨਾ?

ਉਹ—ਜੋ ਠਿੰਬੀ ਜਿਹੀ ਧੌੜੀ ਦੀ ਜੁੱਤੀ ਨੂੰ ਪੰਜਵੀਂ ਛੇਵੀਂ ਵਾਰ ਗੰਢਾਉਣ ਆਇਆ ਮੁਸਕਣੀਆਂ 'ਚ ਹੱਸ ਕੇ ਕਹਿੰਦਾ ਹੁੰਦਾ ਸੀ—"ਚਾਚਾ ਸਿਹਾਂ! ਕਰੀਂ ਏਹਦਾ 'ਪਰੇਸ਼ਨ.... ਪਤਾ ਨਹੀਂ ਤੋਪੇ ਕਿਹੋ ਜਿਹੇ ਲਾਉਂਦਾ ਇਹ ਕੁੜੀ ਜਾਹਵੇ ਦੀ ਫੇਰ ਉਧੜ ਗਈ ਉ।"



"ਚੰਨ ਮੱਖਣਾ, ਮਲਾਈ ਦਿਆਂ ਛੂਨਿਆਂ—ਮੈਂ ਤੇ ਆਪਣੇ ਅੱਲੋਂ ਕੋਈ ਕਸਰ ਨਹੀਂ ਛੱਡਦਾ... ਤੂੰ ਹੀ ਛੱਡ ਖਹਿੜਾ ਇਹਦਾ" ਹਣਸੂ ਵੀ ਹੱਸਦਾ।

"ਕਿੱਥੇ ਖਹਿੜਾ ਛੱਡਣਾ ਭੁੱਖ ਨੰਗ ਨੇ....ਐਸ ਜਨਮ 'ਚ ਤੇ ਨੀ ਦੀਂਹਦਾ ਲਗਦਾ" ਚੰਨਾ ਕਹਿੰਦਾ ਤਾਂ ਉਹ ਆਪਣੀ ਭੁੱਖ ਨੰਗ ਬਾਰੇ ਕੋਈ ਚੁਟਕਲਾ ਨੁਮਾ ਕਹਾਣੀ ਛੇੜ ਬਹਿੰਦੇ। ਚੰਨਾ ਆਪਣੇ ਹਿੱਸੇ ਆਉਂਦੇ ਦੋ ਕਿੱਲਿਆਂ ਨੂੰ 'ਦੋ ਮੁਰੱਬੇ' ਸਾਨ੍ਹ ਜੱਟ ਦੇ ਕਹਿੰਦਾ ਸੀ।

ਪਰ ਆਹ ਚੰਨਾ! ਜੀਹਦਾ ਨਾਂ ਰੋਜ਼ ਅਖ਼ਬਾਰਾਂ 'ਚ ਛਪਦਾ ਸੀ ਤੇ ਖ਼ਵਰੇ ਸਰਕਾਰ ਨੇ ਕਿੰਨੇ ਹਜ਼ਾਰ ਉਹਦੇ ਸਿਰ ਦਾ ਇਨਾਮ ਰੱਖਿਆ ਸੀ। ਜਿਹਦਾ ਨਾਂ ਦਹਿਸ਼ਤ ਦਾ, ਮੌਤ ਦਾ ਰੂਪ ਸੀ। ਹਣਸੂ ਦੇ ਆਪਣੇ ਨਿਆਣੇ ਹੀ ਤਾਂ ਰੋਜ਼ ਅਖ਼ਬਾਰ 'ਚ ਆਇਆ ਚੰਨੇ ਦਾ ਨਾਂ ਪੜ੍ਹ ਕੇ ਸੁਣਾਇਆ ਕਰਦੇ ਸਨ।

ਚੰਨੇ ਦੇ ਨਾਲ ਦੇ ਤਿੰਨੋਂ ਆਪੋ ਆਪਣੇ ਹਥਿਆਰ ਪਾਸੇ ਰੱਖ ਮੰਜੀਆਂ 'ਤੇ ਨਿੱਸਲ ਜਹੇ ਬਹਿ ਗਏ। ਚੰਨਾ ਅਜੇ ਵੀ ਹੱਥ ਵਿਚਲੀ ਅਸਾਲਟ ਰਾਈਫਲ ਨੂੰ ਪਲੋਸਦਾ ਹਣਸੂ ਵੱਲ ਵੇਖ ਮੁਸਕਰਾ ਰਿਹਾ ਸੀ, ਉਹੀ ਪਹਿਲਾਂ ਵਾਲੀ ਮੁਸਕਾਣ। ਹਣਸੂ ਦਾ ਦਿਲ ਕੀਤਾ ਕਹਿ ਦੇਵੇ, "ਚੰਨ ਮੱਖਣਾ, ਮਲਾਈ ਦਿਆ ਛੂਨਿਆਂ, ਛੱਡ ਖਹਿੜਾ ਏਹਦਾ। ਪਰ ਉਸ ਨਹੀਂ ਕਿਹਾ। ਹੌਂਸਲਾ ਹੀ ਨਹੀਂ ਪਿਆ। ਉਂਝ ਉਹਦੀ ਮੁਸਕਾਣ ਵੇਖ ਲਗਦਾ ਸੀ ਜੇ ਹਣਸੂ ਏਨੀ ਗੱਲ ਕਹਿ ਵੀ ਦੇਂਦਾ ਤਾਂ ਚੰਨੇ ਨੇ ਉਂਝ ਹੀ ਹੱਸ ਕੇ ਕਹਿਣਾ ਸੀ, "ਚਾਚਾ ਸਿਹਾਂ! ਕਿੱਥੇ ਖਹਿੜਾ ਛੁੱਟਣਾ....ਐਸ ਜਨਮ 'ਚ ਤੇ ਨਹੀਂ ਦੀਂਹਦਾ।"

"ਚਾਚੀ ਤੂੰ ਸੁਣਾ ਠੀਕ ਠਾਕ ਏਂ...ਐਵੇਂ ਡਰਨ ਦੀ ਨਹੀਂ ਲੋੜ—ਮੈਂ ਤੇ ਮਿਲਣ ਗਿਲਣ ਆਇਆਂ" ਚੰਨੇ ਨੇ ਬਿਟਰ ਬਿਟਰ ਵੇਂਹਦੀ ਆਸ਼ਾ ਨੂੰ ਕਿਹਾ।

"ਜੰਮ ਜੰਮ ਆ ਪੁਤ, ਮਾਂ ਸਦਕੇ" ਹੋਰ ਕੋਈ ਵੇਲਾ ਘੜੀ ਹੁੰਦੀ ਤਾਂ ਆਸ਼ਾ ਦੇ ਮੂੰਹੋਂ ਇਸ ਤਰ੍ਹਾਂ ਦੇ ਸ਼ਬਦ ਹੀ ਨਿਕਲਣੇ ਸਨ। ਪਰ ਇਸ ਵੇਲੇ ਤਾਂ ਉਹ ਰੱਬ ਅੱਗੇ ਇਹ ਬੇਨਤੀ ਕਰ ਰਹੀ ਸੀ ਕਿ ਕਿਸੇ ਤਰ੍ਹਾਂ ਇਹ ਬਲਾ ਟਲੇ ਸਹੀ। ਜੇ ਕਿਸੇ ਨੇ ਘਰ ਵੜਦਿਆਂ ਨੂੰ ਵੇਖ ਲਿਆ ਹੋਇਆ ਤਾਂ ਫੇਰ? ਉਦੋਂ ਦੀ ਕਈ ਵਾਰ ਉਹ ਮਨ ਹੀ ਮਨ ਆਪਣੀ ਤੇ ਆਪਣੇ ਪਤੀ ਤੇ ਬੱਚਿਆਂ ਦੀ ਰੱਖਿਆ ਲਈ ਬਾਬੇ ਹੰਸਗੜ੍ਹ ਦਾ ਅਖੰਡਪਾਠ ਤੇ ਮਾਤਾ ਦਾ ਜਗਰਾਤਾ ਸੁੱਖ ਚੁੱਕੀ ਸੀ।

ਚੰਨਾ ਹਣਸੂ ਵਾਲੀ ਮੰਜੀ 'ਤੇ ਸਿਰਹਾਣੇ ਵਾਲੇ ਪਾਸੇ ਬਹਿਣ ਲੱਗਿਆ ਤਾਂ ਹਣਸੂ ਫੇਰ ਧੁਰ ਅੰਦਰ ਤੱਕ ਕੰਬ ਗਿਆ। ਸਿਰਹਾਣੇ ਥੱਲੇ ਰੌਂਡ ਲੈਂਪ ਦੀਆਂ ਸਿਗਰਟਾਂ ਦੀ ਡੱਬੀ ਪਈ ਸੀ। ਜੇ 'ਕਿਤੇ ਸਿਰਹਾਣਾ ਚੁੱਕ ਕੇ ਵੇਖ ਲਵੇ ਫੇਰ—?' ਫੇਰ....? ਬੱਸ ਗੋਲੀ ਦੀਂਹਦੀ ਸੀ....ਕਈ ਗੋਲੀਆਂ....ਛਲਣੀ ਸਰੀਰ....ਲਹੂ ਦਾ ਛੱਪੜ.....। ਕਾਂਸੀ ਦਾ ਲਹੂ ਨਾਲ ਗੜੁੱਚ ਸਰੀਰ ਅੱਖਾਂ ਅੱਗੇ ਆ ਗਿਆ ਤਾਂ ਦਿਲ ਕੀਤਾ ਚੰਨੇ ਦੇ ਪੈਰ ਫੜ ਲਵੇ—"ਸਰਦਾਰਾ! ਇਕ ਵਾਰ ਮਾਫ਼ ਕਰਦੇ।"

"ਚਾਚਾ ਸਿਹਾਂ! ਕੀ ਐਵੇਂ ਡਰੀ ਗਾਂ ਆਂਗੂੰ ਵੇਖੀ ਜਾਂਦਾ...ਤੈਨੂੰ ਕੁਝ ਕਹਿ ਕੇ ਮਰਨਾ....ਤੇਰੀ ਤੇ ਖ਼ਾਲਸਤਾਨ 'ਚ ਵੀ ਓਨੀ ਲੋੜ ਆਂ, ਚੰਨਾਂ ਫੇਰ ਹੱਸਿਆ।"

"ਹਾਂ ਰਾਜ ਕੋਈ ਵੀ, ਕਿਸੇ ਦਾ ਵੀ ਹੋਵੇ, ਜੁੱਤੀਆਂ ਤਾਂ ਲੋਕ ਗੰਢਾਉਣਗੇ ਹੀ" ਹਨਸੂ ਨੂੰ ਵੀ ਤਰਕ ਠੀਕ ਜਾਪਿਆ ਤੇ ਉਸ ਕਬੰਦੀ ਰੁਹ ਨੂੰ ਰੁੱਖ ਸਿਰ ਕਰਨ ਲਈ ਗੱਲ ਤੋਰੀ ਤੂੰ ਸੁਣਾ ਪੁਤ, ਰਾਜ਼ੀ ਬਾਜ਼ੀ ਏਂ ?"

"ਤੇਰੇ ਸਾਹਮਣੇ ਈ ਅਜੇ ਤੇ ਚੜ੍ਹਦੀ ਕਲਾ 'ਚ ਆਂ—ਹੋਰ ਘੜੀ ਦਾ ਪਤਾ ਨਹੀਂ" ਚੰਨਾ ਫੇਰ ਹੱਸਿਆ। ਚੰਨਾ ਹੱਸਦਾ ਕਿਉਂ ਹੈ ਏਨਾ ? ਜਿਵੇਂ ਝਟਕਈ ਬੱਕਰੇ ਦੀ ਕੰਡ ਪਲੋਸ ਰਿਹਾ ਹੋਵੇ।

"ਚਾਚਾ ਸਿਹਾਂ! ਗੱਲ ਸੁਣਾ ਕੋਈ ਨਵੀਂ ਤਾਜ਼ੀ—ਮੈਂ ਤੇ ਸਿਘਾਂ ਨੂੰ ਉਚੇਚੇ ਤੈਨੂੰ ਮਿਲੇਣ ਲਿਆਇਆਂ ਪਈ ਕੋਈ ਢੰਗ ਦੀ ਗੱਲ ਸੁਣੀਏ।"

ਗੱਲ ਕਰਨ ਨੂੰ ਤਾਂ ਹਨਸੂ ਦਾ ਵੀ ਬਹੁਤ ਜੀਅ ਕਰਦਾ ਸੀ। ਇਕ ਨਹੀਂ ਢੇਰ ਗੱਲਾਂ ਉਹ ਪੁੱਛਣਾ ਚਾਹੁੰਦਾ ਸੀ ਚੰਨੇ ਕੋਲੋਂ—ਤੂੰ ਕਿੰਝ ਏਨੀ ਬੇਤਰਸੀ ਨਾਲ ਬੰਦੇ ਨੂੰ ਮਾਰ ਦੇਂਦਾ ਏਂ ? ਜੇ ਖ਼ਾਲਸਤਾਨ ਹੀ ਬਣਾਉਣਾ ਹੈ ਤਾਂ ਚਿੱਟੇ ਪੰਡਤਾਂ ਨੇ ਕੀ ਵਿਗਾੜਿਆ ਸੀ ? ਕਾਂਸ਼ੀ ਨੇ ਤੁਹਾਡਾ ਕੀ ਖੋਹਿਆ ਸੀ ? ਉਹ ਵਿਚਾਰਾ ਕਿਧਰ ਦਾ ਟਾਊਟ ਸੀ ? ਏਦਾਂ ਦੇ ਸਵਾਲ ਤਾਂ ਕੀੜੀਆਂ ਵਾਂਗ ਉਹਦੇ ਦਿਮਾਗ 'ਚ ਕੁਰਬਲ ਕੁਰਬਲ ਕਰਦੇ ਰਹਿੰਦੇ ਸਨ।

ਪਰ ਅੱਜ ਚੰਨਾ ਜਦੋਂ ਉਹਦੇ ਸਾਹਮਣੇ ਬੈਠਾ ਸੀ ਤਾਂ ਸਾਰੀਆਂ ਗੱਲਾਂ ਪਤਾ ਨਹੀਂ ਕਿਧਰ ਕਫ਼ੂਰ ਹੋ ਗਈਆਂ ਸਨ। ਚੌਕੇ 'ਚੋਂ ਆਸ਼ਾ ਦਾ ਇਸ਼ਾਰਾ ਵੇਖ ਹਨਸੂ ਗਲਾਸਾਂ 'ਚ ਪਈ ਚਾਹ ਲੈਣ ਉੱਠ ਪਿਆ।

"ਖਾਲਸਾ। ਏਹੋ ਈ ਊ ਹਨਸੂ ਜੀਹਦੀਆਂ ਮੈਂ ਗੱਲਾਂ ਸੁਣਾਉਂਦਾ ਹੁੰਦਾ" ਚੰਨੇ ਨੇ ਨਾਲਦਿਆਂ ਨੂੰ ਕਿਹਾ। ਹਨਸੂ ਨੇ ਜਾਣ ਬੁਝ ਕੇ ਆਸ਼ਾ ਨਾਲ ਨਜ਼ਰ ਨਹੀਂ ਮਿਲਾਈ। ਪਤਾ ਸੀ ਕਿ ਦਿਲਾਂ ਦਾ ਖੋਫ਼ ਅੱਥਰੂ ਬਣ ਅੱਖਾਂ ਰਾਹੀਂ ਬਾਹਰ ਆ ਜਾਏਗਾ।

"ਚਾਚਾ ਪਿੰਡ ਦਾ ਹਾਲ ਸੁਣਾ—ਚਿੱਟੇ ਤੇ ਨਹੀਂ ਆਏ ਮੁੜਕੇ...ਚੌਕੀ ਆਲੇ ਤਾਂ ਨੀ ਤੰਗ ਕਰਦੇ..." ਚੰਨੇ ਦੀਆਂ ਗੱਲਾਂ ਮਗਰ ਉਹ 'ਹੂੰ ਹਾਂ' ਕਰਦਾ ਰਿਹਾ। ਚੰਨਾ ਆਪ ਹੀ ਲੀਡਰਾਂ ਵਾਂਗ ਬੋਲਣ ਲੱਗ ਪਿਆ, "ਵੇਖ ਲਾ ਚਾਚਾ ਸਿਹਾਂ! ਕਮਾਈਆਂ ਕਰਦੇ ਜੱਟ ਮਰ ਜਾਂਦੇ ਤੇ ਕੋਠੀਆਂ ਬਾਹਮਣ ਪਾਈ ਜਾਂਦੇ....ਆਹ ਚਿੱਟੇ ਈ ਵੇਖ ਲਾ ਪਈ ਵਿਹਲੇ ਬੈਠੇ ਰਹਿੰਦੇ ਸੀ ਤੇ ਸਾਰੇ ਪਿੰਡ ਨੂੰ ਕਰਜਾਈ ਕੀਤਾ ਸੀ....ਹੁਣ ਤੇ ਖੌਰੇ ਕਰਨਾਲ ਅਲ ਸ਼ੈਲਰ ਸੁਲਰ ਲੈ ਲਿਆ ਕੰਜਰ ਦਿਆਂ..."

ਹਨਸੂ ਦੀਆਂ ਅੱਖਾਂ ਅੱਗੇ ਸਮਾਨ ਨਾਲ ਭਰਿਆ ਟਰੱਕ, ਚਿੱਟੇ ਮੁਰਲੀ ਦੀਆਂ ਗਿੱਲੀਆਂ ਅੱਖਾਂ ਦਾ ਪਿੰਡ ਨੂੰ ਉਲਾਹਮਾ ਲੰਘ ਗਿਆ। ਚਿੱਟੇ ਉਨ੍ਹਾਂ ਦੀ ਅੱਲ ਸੀ ਰੰਗ ਹੱਦੋਂ ਵੱਧ ਗੋਰਾ ਹੋਣ ਕਾਰਨ। ਭਰੇ ਭਰਾਏ ਵਸਦੇ ਰਸਦੇ ਪਿੰਡ 'ਚੋਂ ਉਹ ਬੇਬਸ ਜਿਹੇ ਤੁਰ ਗਏ ਸਨ। ਸਾਰੇ ਪਿੰਡ ਨੂੰ ਕਾਠ ਮਾਰ ਗਿਆ ਸੀ। ਚਿੱਟੇ ਦੀ ਹੱਟੀ ਦੀ ਕੰਧ 'ਤੇ ਲੱਗਾ ਉਹ ਹੱਥ ਭਰ ਕਾਗਜ਼ ਦਾ ਇਸ਼ਤਿਹਾਰ ਕਿਸੇ ਰੱਬੀ ਹੁਕਮ ਵਾਂਗ ਅਟੱਲ ਜਾਪਦਾ ਸੀ। 'ਪਿੰਡ ਦੇ ਹਿੰਦੂਆਂ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦੋ ਦਿਨਾਂ ਦੇ ਵਿਚ ਵਿਚ ਪਿੰਡ ਛੱਡ ਜਾਣ ਨਹੀਂ ਤਾਂ ਸੋਧ ਦਿੱਤੇ ਜਾਣਗੇ। ਪਿੰਡ 'ਚੋਂ ਚੰਦੂ ਦੀ ਔਲਾਦ ਦੀ ਮਦਦ ਕਰਨ ਵਾਲੇ ਦਾ ਵੀ ਉਹੀ ਹਾਲ ਹੋਏਗਾ ਜੋ ਸਿਘ ਗਦਾਰਾਂ ਦਾ



ਕਰਦੇ ਹਨ।' ਹੇਠਾਂ ਟੁੱਟੀ ਭੱਜੀ ਜਿਹੀ ਲਿਖਾਈ 'ਚ ਦਸਤਖ਼ਤ ਸਨ—ਲੈਫਟੀਨੈਂਟ ਜਨਰਲ ਚਰਨਜੀਤ ਸਿੰਘ ਚੰਨਾ ਅਤੇ ਨਾਲ ਆਪ ਬਣਾਈ ਫੋਰਸ ਦੀ ਮੋਹਰ। ਸੀ.ਆਰ.ਪੀ. ਵਾਲੇ ਚਿੱਟਿਆਂ ਨੂੰ ਦਿਲਾਸੇ ਭਰੋਸੇ ਦੇਂਦੇ ਰਹੇ ਪਰ ਉਨ੍ਹਾਂ ਇਕ ਨਹੀਂ ਮੰਨੀ ਤੇ ਪਿੰਡ ਛੱਡਣ ਵਿਚ ਹੀ ਭਲੀ ਸਮਝੀ।

ਦੂਰੋਂ ਪੱਕੀ ਸੜਕ ਵਲੋਂ ਟਰੱਕਾਂ ਦੀ ਆਵਾਜ਼ ਆਈ। ਗੁਰਦੁਆਰੇ ਦਾ ਵਾਜਾ ਵੀ ਬੰਦ ਹੋ ਜਾਣ ਕਾਰਨ ਪਿੰਡ 'ਚ ਡੂੰਘੀ ਚੁੱਪ ਸੀ ਤੇ ਆਵਾਜ਼ ਹੋਰ ਨੇੜੇ ਆਉਂਦੀ ਲੱਗਦੀ ਸੀ। "ਕਿਤੇ ਸੀ.ਆਰ.ਪੀ. ਨਾ ਹੋਵੇ" ਸਹਿਜ ਸੁਭਾ ਹੀ ਹਨਸੂ ਦੇ ਮੂੰਹੋਂ ਨਿਕਲਿਆ।

ਚੰਨੇ ਦੇ ਨਾਲ ਦੇ ਤਿੰਨੋ ਇਕਦਮ ਉੱਠੇ ਤੇ ਹਥਿਆਰਾਂ ਨੂੰ ਹੱਥ ਪਾ ਲਏ। ਚੰਨਾ ਫੇਰ ਹੱਸਿਆ—"ਘਬਰੋਣ ਵਾਲੀ ਕਿਹੜੀ ਗੱਲ ਚਾਚਾ ਸਿਹਾਂ, ਆਉਣ ਦੇ ਆਉਂਦੇ ਤੇ...ਆਪਣੀ ਤੇ ਪਹਿਲਾਂ ਹੀ ਤਲੀ 'ਤੇ ਆ—ਉਹਨਾਂ ਨੂੰ ਹੀ ਭੱਜਦਿਆਂ ਰਾਹ ਨਹੀਂ ਲੱਭਣਾ।"

ਪਰ ਨੇੜੇ ਆਉਂਦੀ ਆਵਾਜ਼ ਹੌਲੀ ਹੌਲੀ ਦੂਰ ਹੁੰਦੀ ਗਈ।

"ਭਾਊ ਜੀ ਤੁਸੀਂ ਵੀ ਹੁਣ ਕੇਸ ਦਾਹੜੀ ਰੱਖ ਲਉ—ਕੀ ਐਵੇਂ ਸੂਰਤ ਬਣਾਈ" ਚੰਨੇ ਦੇ ਨਾਲ ਦਾ ਕੇਸਰੀ ਪਰਨੇ ਵਾਲਾ ਹਰਨਾਕਸ਼ ਅੱਖਾ (ਉਹਦੀਆਂ ਦਘਦੀਆਂ ਅੱਖਾਂ ਵੇਖ ਹਨਸੂ ਨੂੰ ਹਰਨਾਕਸ਼ ਦੀ ਮੂਰਤ ਚੇਤੇ ਆਈ ਸੀ) ਬੋਲਿਆ।

"ਆਹੋ ਚਾਚਾ ਸਿਹਾਂ ਤੂੰ ਵੀ ਹੁਣ ਸਿਘ ਸੱਜ ਜਾ....ਨਾਲੇ....ਆਹ ਗਧੀ ਚੂੰਘਣੀ ਛੱਡ ਦੇ" ਚੰਨੇ ਨੇ ਸਿਰਹਾਣੇ ਥੱਲਿਉਂ ਸਿਗਰਟਾਂ ਦੀ ਡੱਬੀ ਨੰਗੀ ਕਰਦਿਆਂ ਕਿਹਾ। ਇਹੀ ਚੰਨਾ ਰੈੱਡ ਲੈਂਪ ਪੀਂਦੇ ਹਨਸੂ ਨੂੰ ਆਂਹਦਾ ਹੁੰਦਾ ਸੀ "ਚਾਚਾ ਸਿਹਾਂ, ਐਧਰ ਨੂੰ ਮਾਰ ਧੂੰਆਂ, ਮਾਸਾ ਨਸ਼ਾ ਈ ਹੋ ਜੇ—ਆਂਹਦੇ ਸੁੰਘਣ ਆਲੇ ਨੂੰ ਪੀਣ ਆਲੇ ਨਾਲੋਂ ਡੇਢਾ ਨਸ਼ਾ ਹੁੰਦਾ।"

"ਚੰਗਾ ਚਾਚਾ ਸਾਸਰੀ ਕਾਲ ਅਸੀਂ ਚੱਲਦੇ ਹਾਂ", ਚੰਨੇ ਨੇ ਉੱਠਦਿਆਂ ਕਿਹਾ। ਹਰਨਾਕਸ਼ ਅੱਖਾਂ ਜਾਂਦਾ ਜਾਂਦਾ ਫੇਰ ਰੁਕਿਆ, "ਭਾਊ ਜੀ ਕੇਸ ਦਾੜੀ ਰੱਖ ਲਉ—ਤੇ ਆਹ ਸਿਗਟਾਂ ਸੁਗਟਾਂ ਜਿਹੀਆਂ ਬੰਦ ਕਰੋ..."

ਉਹ ਤਾਂ ਚਲੇ ਗਏ ਪਰ ਰਹਿੰਦੀ ਰਾਤ ਦੋਹਵਾਂ ਜੀਆਂ ਲਈ ਇਕ ਅਮੁੱਕ ਤੌਖਲਾ ਬਣ ਗਈ ਸੀ। ਸਭ ਦਾ ਈ ਭਲਾ ਕਰੀਂ, ਉਪਰ ਵੱਲ ਨੂੰ ਮੂੰਹ ਕਰ ਆਸ਼ਾ ਬੁੜਬੁੜਾ ਰਹੀ ਸੀ। ਉਸ ਜਵਾਨ ਜਹਾਨ ਧੀ ਰਾਣੀ ਵਲ ਵੇਖਿਆ। ਉਹ ਛੱਤੇ ਛਿੰਦੇ ਤੇ ਬੋਬੀ ਦੇ ਵਿਚਕਾਰ ਪਈ ਉਸਲਵਟੇ ਭੰਨ ਰਹੀ ਸੀ।

ਅਗਲੀ ਸਵੇਰ ਉਠਦਿਆਂ ਹੀ ਪਹਿਲਾਂ ਕੰਮ ਜਿਹੜਾ ਆਸ਼ਾ ਨੇ ਕੀਤਾ ਉਹ ਸੀ ਕਿ ਹਨਸੂ ਦੀ ਮਨਪਸੰਦ ਦੀਆਂ ਰੈੱਡ ਲੈਂਪ ਦੀਆਂ ਸਿਗਰਟਾਂ ਦੀ ਡੱਬੀ ਚੁੱਲ੍ਹੇ 'ਚ ਡਾਹ ਦਿੱਤੀ। ਚੁੱਲ੍ਹੇ 'ਚ ਬਲਦੀਆਂ ਸਿਗਰਟਾਂ ਵੇਖ ਹਨਸੂ ਨੂੰ ਲੱਗਾ ਜਿਵੇਂ ਉਹਦੇ ਖਾਂਦੇ ਦੇ ਮੂੰਹੋਂ ਕਿਸੇ ਨੇ ਝੱਪਟਾ ਮਾਰ ਬੁਰਕੀ ਖੋਹ ਲਈ ਹੋਵੇ। ਡਰਿਆ ਭਵੰਤਰਿਆ ਜਿਹਾ ਵੇਂਹਦਾ ਰਿਹਾ, ਉਸ ਨਿਆਣੇ ਵਾਂਗ ਜਿਹਦਾ ਅੰਤਾਂ ਦਾ ਪਿਆਰਾ ਖਿਡੌਣਾ ਡੂੰਘੇ ਪਾਣੀ 'ਚ ਡਿੱਗ ਪਿਆ ਹੋਵੇ।

—ਹੁਣ ਤਾਂ ਹਣਸੂ ਨੂੰ ਚਿਤ ਚੇਤਾ ਵੀ ਨਹੀਂ ਕਿ ਕਦ ਉਸ 'ਤੇ ਕਾਂਸ਼ੀ ਨੇ ਲੁਕ ਛਿਪ ਕੇ ਸਿਗਰਟ ਦਾ ਪਹਿਲਾ ਸੂਟਾ ਲਾਇਆ ਸੀ। ਫੇਰ ਲੁਕ ਛਿਪ ਤੋਂ ਪਿਛੋਂ ਹੌਲੀ ਹੌਲੀ ਉਹ ਜਿਉਂ ਜਿਉਂ ਰਤਾ ਉਡਾਰੂ ਹੁੰਦੇ ਗਏ ਸ਼ਰੇਆਮ ਸਿਗਰਟਾਂ ਪੀਣ ਲੱਗ ਪਏ। ਹੱਟੀ 'ਚ ਬੈਠਾ ਚਿੱਟਾ ਬਾਹਮਣ 'ਹੇ ਪ੍ਰਭ ਦੀਨ ਦਿਆਲ ਜੀ...' ਗੁਣ ਗੁਣਾ ਰਿਹਾ ਹੁੰਦਾ। ਹਣਸੂ ਤੇ ਕਾਂਸ਼ੀ ਜਾ ਵੱਜਦੇ। "ਚਿੱਟਿਆ ਰੌਂਡ ਲੈਂਪ ਦੇਈਂ ਅੰਦਰੋਂ ਜਰਾ..." ਕਾਂਸ਼ੀ ਅੱਖਾਂ ਨਚਾ ਕੇ ਹੱਟੀ ਦੇ ਅੰਦਰ ਘਰ ਵਲ ਖੁਲ੍ਹਦੀ ਬੂਹੀ ਜਿਹੀ ਵਲ ਇਸ਼ਾਰਾ ਕਰਦਾ। ਚਿੱਟਾ ਸਿਗਰਟਾਂ ਦੀ ਡੱਬੀ ਫੜਾ ਦੇਂਦਾ ਤਾਂ ਹਣਸੂ ਛੇੜ ਲੈਂਦਾ, "ਚਿੱਟਿਆ ਬਾਹਮਣਾ, ਤੇਰੀ ਬੇਦੀ ਨੂੰ ਤਾਰਾ ਸਾਹਮਣਾ..... ਕਿਸੇ ਦਿਨ ਅੰਦਰਲੀ ਰੌਂਡ ਲੈਂਪ ਦਾ ਸੂਟਾ ਲਵਾ ਦੇ ਹਾਂ...ਨਾਲੇ ਉਹਦਾ ਸੌਰ ਜੂ, ਨਾਲੇ ਕਾਂਸ਼ੀ ਦਾ ਰਾਂਝਾ ਰਾਜੀ ਹੋ ਜੂ।" ਚਿੱਟਾ ਚੌਂਕ ਉੱਠਦਾ, "ਵਿੱਟੇ ਮੂੰਹ....ਵਿੱਟੇ ਮੂੰਹ....ਸਾਡੀਆਂ ਘਤਿਤਾਂ ਨਾ ਗਈਆਂ...ਹੇ ਪ੍ਰਭੂ ਦੀਨ ਦਿਆਲ ਜੀ।"

ਸਿਗਰਟਾਂ ਪੀਣ ਦੇ ਵਿਰੁਧ ਵੀ ਕੋਈ ਹੋ ਸਕਦਾ ਹੈ, ਹਣਸੂ ਤਾਂ ਸੋਚ ਵੀ ਨਹੀਂ ਸੀ ਸਕਦਾ। 'ਸਿਗਰਟਨੋਸ਼ੀ ਤੁਹਾਡੀ ਸੇਹਤ ਦੀ ਦੁਸ਼ਮਣ' ਲਾਹੌਰ ਰੇਡੀਓ ਤੋਂ ਆਉਂਦੀ ਮੋਟੀ ਆਵਾਜ਼ ਤੋਂ ਬਿਨਾਂ ਕਿਸੇ ਨੇ ਨਹੀਂ ਸੀ ਕਿਹਾ ਕਿ ਸਿਗਰਟਾਂ ਪੀਣਾ ਮਾੜੀ ਗੱਲ ਹੈ। ਪਰ ਹੁਣ ਤਾਂ ਉਹ ਹਰਨਾਕਸ਼ ਅੱਖਾਂ ਸਪਸ਼ਟ ਕਹਿ ਕੇ ਗਿਆ ਸੀ—'ਸਿਗਟਾਂ ਸੁਗਟਾਂ ਜਿਹੀਆਂ ਪੀਣੀਆਂ ਬੰਦ ਕਰੋ'...।

ਪਰ ਹੌਲੀ ਹੌਲੀ ਹਣਸੂ ਨੂੰ ਗੱਲ ਸਮਝ ਆਉਂਦੀ ਗਈ। ਉਹ ਥੜ੍ਹੇ ਤੇ ਸੁਣੀਆਂ ਅਨੇਕਾਂ ਵੰਨ ਸੁਵੰਨੀਆਂ ਗੱਲਾਂ ਦੀ ਗੁੰਝਲ 'ਚੋਂ ਅਸਲ ਗੱਲ ਦਾ ਮੂੰਹ ਸਿਰ ਲੱਭਣ ਦੀ ਕੋਸ਼ਿਸ਼ ਕਰਦਾ ਹਰ ਵੇਲੇ ਸੋਚਾਂ 'ਚ ਗਲਤਾਨ ਰਹਿੰਦਾ। ਥੜ੍ਹੇ 'ਤੇ ਤਾਂ ਉਹ ਸਦਾ ਹੀ ਜਾਂਦਾ ਰਿਹਾ ਸੀ। ਖੂਨ ਖ਼ਰਾਬੇ ਲੁੱਟਮਾਰ ਦੀਆਂ ਗੱਲਾਂ ਵੀ ਸੁਣਦਾ ਰਿਹਾ ਸੀ ਪਰ 'ਐਸ ਕੰਨ ਪਾਈ ਤੇ ਔਸ ਕੱਢ ਦਿੱਤੀ' ਵਾਂਗ। ਹੁਣ ਜਦ ਅੱਗ ਦਾ ਸੇਕ ਖੁਦ ਨੂੰ ਲੱਗਾ ਸੀ ਤਾਂ ਉਸ ਥੜ੍ਹੇ 'ਤੇ ਹੋਣ ਵਾਲੀਆਂ ਗੱਲਾਂ 'ਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ।

ਥੜ੍ਹੇ 'ਤੇ ਜਾਣਾ ਲਗਭਗ ਨਿਸ਼ਚਤ ਹੀ ਹੁੰਦਾ ਸੀ। ਬਸ ਹਰ ਕੋਈ ਜਾਂਦਾ ਸੀ। ਕਾਂਸ਼ੀ ਦੀ ਗੱਲ ਖੁਣੋਂ 'ਥੜ੍ਹੇ' 'ਤੇ ਬਹਿ ਕੇ ਮਾਸਾ ਝੂਠ ਨਾ ਬੋਲ ਸੁਣ ਲਈਏ ਤਾਂ ਰੋਟੀ ਨਹੀਂ ਚੱਜ ਨਾਲ ਸੰਘੋਂ ਉਤਰਦੀ।

ਮੋਹਨ ਸਿੰਘ ਜਥੇਦਾਰ, ਨਾਮਾ ਘੋਟ, ਗੁਲਜਾਰੀ ਪਾਦੂ, ਜਗੀਰਾ ਦਾੜੀਪੁੱਟ, ਸਰਪੰਚਾਂ ਦਾ ਬੁੱਢਾ, ਖੋਹ ਖਾਣਿਆਂ ਦਾ ਮੋਹਣੀ, ਮਨੋਹਰਾ ਦੁਸ਼ਟ ਥੜ੍ਹੇ ਦਾ 'ਖਾਨਦਾਨ' ਨੇ। ਹਰ ਸਮੇਂ ਥੜ੍ਹੇ 'ਤੇ ਹਾਜ਼ਰ ਮਿਲਦੇ ਨੇ। ਕਾਂਸ਼ੀ ਦੀ ਗੱਲ ਖੁਣੋਂ ਇਹਨਾਂ ਖੱਚਾਂ ਨੂੰ ਕਹਿ ਹਾਂ ਪਈ ਡੰਗਰ ਛੱਡ ਕੇ ਨਹਿਰੇ ਬਹਿ ਕਿਹਾ ਕਰੋ ਵੇਖ ਕਿੱਦਾਂ ਇਹਨਾਂ ਦੇ ਦਰਦਾਂ ਉਠਦੀਆਂ....ਆਹ ਮੋਹਣੀ ਅਲ ਵੇਖ ਮੂੰਹ ਕੱਢਿਆ ਜਿੱਦਾਂ ਸੰਢੇ ਨੇ ਰੇਤ 'ਚ ਮੂਤਿਆ ਹੁੰਦਾ—ਏਹਨੂੰ ਥੜ੍ਹੇ ਤੇ ਬਹਿ ਬਹਿ ਕੇ ਘਰਦੇ ਜੀਆਂ ਦੀ ਵੀ ਪਛਾਣ ਭੁੱਲ ਗੀ....ਪਰਸੋਂ ਇਹਦੀ ਭੀਤਜ ਨੂੰਹ ਚਰਨ ਦੇ ਘਰ ਰੋਟੀ ਲੈ ਕੇ ਜਾਣ ਡਹੀ ਸੀ....ਇਹ ਕੰਜਰ ਸੌਂਹ ਮੱਥੇ ਤੇ ਹੱਥ ਰੱਖ ਕੇ ਆਂਹਦਾ—"ਕਾਂਸ਼ੀ ਆਹ ਕਿਹੜੀ ਮੋਰਨੀ ਜਾਂਦੀ ਓਏ ਪੈਲਾਂ



ਪਾਉਂਦੀ...." ਉਹ ਭਲੀਮਾਣਸ ਨੀਵੀਂ ਪਾ ਕੇ ਲੰਘ ਗੀ....ਹੁੰਦੀ ਹਾਂ ਚਾਚੇ ਘੋਟ ਦੀ ਨੌਂਹ....ਲਾਹ ਛਿੱਤਰ ਲੈਂਦੇ ਤੇ ਮਾਰ ਮਾਰ ਚਿੱਬ ਪਾ ਦੇਂਦੀ।"

ਜਥੇਦਾਰ ਮੋਹਣ ਸਿੰਘ ਅੱਜ ਫੇਰ ਪਰਕਾਸ਼ ਕੀਤੇ ਦਾਹੜੇ 'ਤੇ ਹੱਥ ਫੇਰਦਾ ਉਪਦੇਸ਼ਮਈ ਗੱਲਾਂ ਕਰ ਰਿਹਾ ਸੀ, "ਵੇਖੋ ਜੀ, ਸੌ ਗੱਲਾਂ ਦੀ ਇਕ ਗੱਲ ਪਈ ਸਾਰੇ ਪੁਆੜੇ ਦੀ ਜੜ੍ਹ ਆ ਪਈ ਲੋਕ ਧਰਮ ਕਰਮ ਤੋਂ ਹਟ ਗਏ... ਰੱਬ ਦਾ ਡਰ ਈ ਉਡ ਗਿਆ.... ਹੁਣ 'ਮੁੰਡੇ' ਵੀ ਤੇ ਸੱਚੇ ਹੀ ਆਂਹਦੇ ਪਈ ਨਸ਼ੇ ਪਾਣੀ ਬੰਦ ਕਰੋ...।"

ਜਥੇਦਾਰ ਪਿੰਡ 'ਚ ਲਾਏ ਉਸ ਇਸ਼ਤਿਹਾਰ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਲੋਕਾਂ ਨੂੰ ਸਮਝਾ ਰਿਹਾ ਸੀ ਜਿਸ ਵਿਚ ਉਨ੍ਹਾਂ ਲੋਕਾਂ ਨੂੰ ਸ਼ਰਾਬ ਆਦਿ ਤੋਂ ਰੋਕਣ ਤੇ ਹੋਰ ਕਥਿਤ ਕੁਰੀਤੀਆਂ ਬੰਦ ਕਰਨ ਲਈ ਦਸ ਨੁਕਾਤੀ ਧਮਕੀ ਫਾਰਮੂਲਾ ਦੱਸਿਆ।

ਜਿਹੜੇ ਰਾਤ ਨੂੰ ਸ਼ਰਾਬ ਪੀਤੀ ਬਿਨਾਂ ਸੌਂ ਤਾਂ ਕੀ ਮੰਜੇ 'ਤੇ ਲੰਮੇ ਨਹੀਂ ਸਨ ਪੈ ਸਕਦੇ, ਉਹ ਵੀ ਜਥੇਦਾਰ ਦੀ ਹਾਂ 'ਚ ਹਾਂ ਮਿਲਾ ਰਹੇ ਸਨ। ਜਥੇਦਾਰ ਆਪ ਤੜਕੇ ਰਾਹ ਨਾਲ 'ਕਾਂ ਦੇ ਸਿਰ ਜਿੰਨੀ' ਡੂੰਗੇ ਬਿਨਾਂ ਹਾਜਤ ਕਰਨੋਂ ਵੀ ਨਾਬਰ ਹੁੰਦਾ ਪਰ ਹੁਣ ਸਰੋਤਿਆਂ ਦੀ ਚੁੱਪ ਵੇਖ ਉਹਦੇ ਅੰਦਰੋਂ ਫੁੱਟੀ ਸਿੱਖਿਆ ਕੁਲ ਜਹਾਨ ਦੇ ਨਸ਼ਿਆਂ ਦੀ ਅਹੀ ਤਹੀ ਫੇਰ ਰਹੀ ਸੀ।

ਜਥੇਦਾਰ ਦੀ ਫੀਮ ਤੇ ਉਹਦੇ ਮੁੰਡਿਆਂ ਦੇ ਡਰੰਮਾਂ ਹਿਸਾਬੀ ਬੋਕ 'ਚ ਵਿਕਦੀ ਸ਼ਰਾਬ ਕਿਸੇ ਕੋਲੋਂ ਗੁੱਝੀ ਨਹੀਂ ਸੀ—ਪਰ ਵਕਤ ਹੀ ਏਹੋ ਜਿਹਾ ਕਿ ਹਰ ਕੋਈ ਗੱਲ ਕਰਨ ਨਾਲੋਂ ਦੜ ਵੱਟਣੀ ਬੇਹਤਰ ਸਮਝਦਾ ਹੈ। ਤੇ ਫੇਰ ਜਥੇਦਾਰ ਚੰਨੋ ਦਾ ਦੂਰੋਂ ਨੇੜਿਓਂ ਤਾਇਆ ਲਗਦਾ ਹੈ। ਉੱਥ ਏਹੋ ਜਿਹੇ ਵੇਲੇ ਹਣਸੂ ਨੂੰ ਕਾਂਸ਼ੀ ਦੀ ਯਾਦ ਆਏ ਬਿਨਾਂ ਨਾ ਰਹਿੰਦੀ। ਹੁਣ ਵੀ ਉਸ ਜਥੇਦਾਰ ਦੀ ਗੱਲ ਸੁਣ ਮੁਸਕਣੀ ਹੱਸ ਕੇ ਕਹਿਣਾ ਸੀ, "ਆਹੋ-ਆਹੋ ਜਥੇਦਾਰਾ! ਧਰਮ ਕਰਮ ਤੇ ਤੈਨੂੰ ਆਪੇ ਸੁੱਝਣਾ....ਉਹ ਜੇਹੜੀ ਅੰਦਰ ਨਾੜਾਂ 'ਚ ਫਿਰਨ ਡਹੀ ਜਿੱਦਾਂ ਮਰਾਸੀਆਂ ਦੀ ਖੋਤੀ ਕੱਤੇ 'ਚ ਫਿਰਦੀ, ਧਰਮ ਕਰਮ ਦੀਆਂ ਗੱਲਾਂ ਤੇ ਉਹ ਕਰਾਉਂਦੀ।" ਹੋਰ ਨਹੀਂ ਤਾਂ ਉਸ ਨਾਮੇ ਘੋਟ ਦੇ ਮੋਢਿਆਂ ਤੇ ਧੌਲ ਮਾਰ ਕੇ ਕਹਿਣਾ ਸੀ, "ਚਾਚਾ ਘੋਟ ਸਿਹਾਂ, ਕਰ ਲਾ ਘਿਉ ਨੂੰ ਭਾਂਡਾ—ਖਾਣੀ ਵੱਕ ਤੇ ਪੱਦ ਮੈਦਿਆਂ ਦੇ।"

ਚਲੋ ਮੰਨਿਆ ਪਈ ਸਿਗਰਟ ਧਰਮ ਲਈ ਮਾੜੀ ਸਾਹੀ ਪਰ ਮੈਂ ਐਨੇ ਚਿਰ ਦਾ ਸਿਗਰਟਾਂ ਪੀਂਦਾ ਆਇਆਂ ਉਦੋਂ ਤਾਂ ਕਿਸੇ ਕਿਹਾ ਨਾ ਵਿਝ—ਹਣਸੂ ਕਈ ਤਰ੍ਹਾਂ ਦੇ ਦਿਲਾਸੇ ਭਰੋਸੇ ਉਖੜੇ ਮਨ ਨੂੰ ਦੇਂਦਾ ਰਹਿੰਦਾ।

ਹਣਸੂ ਚਾਹੁੰਦਾ ਸੀ ਕਿ ਚੰਨੋ ਦੇ ਘਰ ਆਉਣ ਬਾਰੇ ਪਿੰਡ 'ਚ ਕਿਸੇ ਨੂੰ ਪਤਾ ਨਾ ਲੱਗੇ। ਠਾਣੇਦਾਰ ਸੂਰੀ ਦਾ ਤਾਂ ਨਾਂ ਸੁਣਕੇ ਮਾੜੇ ਮੋਟੇ ਦਾ ਮੂਤ ਨਿਕਲ ਜਾਂਦਾ ਸੀ ਤੇ ਜੇ ਉਹਨੂੰ ਏਹੋ ਜਿਹੀ ਗੱਲ ਦੀ ਭਿਣਕ ਪੈ ਗੀ ਉਹ ਤਾਂ ਸੀਰਮੇ ਪੀ ਜੂ। ਉਹ ਠਾਣੇ ਲੋਕਾਂ ਨਾਲ ਵਾਪਰੀਆਂ ਸੁਣੀਆਂ ਚਿਤਵ ਕੇ ਹੀ ਤ੍ਰਹਿ ਜਾਂਦਾ।

ਉਸ ਨਿਆਣਿਆਂ ਨੂੰ ਤੇ ਆਸ਼ਾ ਨੂੰ ਪੱਕੀ ਕਰ ਦਿੱਤੀ ਸੀ ਆਪਣੇ ਵਲੋਂ ਪਰ ਉਹ ਤਾਂ ਆਪ ਹੀ ਵਿਚਾਰੇ ਅੱਠ ਪਹਿਰ ਕਿਸੇ ਅਦਿੱਖ ਹੋਣੀ ਤੋਂ ਡਰਦੇ ਸੁੱਖਾਂ ਸੁੱਖਦੇ ਰਹਿੰਦੇ ਸਨ। ਪਰ ਲੱਖ ਯਤਨ ਕਰਦਿਆਂ ਆਸ਼ਾ ਨੂੰ ਗੱਲ ਪਚੀ ਨਹੀਂ। ਸ਼ਹਿਰ ਰਹਿੰਦੇ

ਆਪਣੇ ਭਰਾ ਕੋਲ ਗਈ ਉਹ ਸਾਰੀ ਘਟਨਾ ਦੀ ਮਿਰਚ ਮਸਾਲੇ ਸਮੇਤ ਉਲਟੀ ਕਰ ਆਈ।

ਤੀਜੇ ਚੌਥੇ ਦਿਨ ਹੀ ਸਾਲਾ ਸਾਹਬ ਆ ਵੱਜੇ। ਹਣਸੂ ਸਾਲੇ ਦੇ ਤਰਲੇ ਮਿੰਨਤਾਂ ਕਰਨੋਂ ਤਾਂ ਰਿਹਾ ਪਰ ਉਹ ਭਲਾਮਾਣਸ ਸਗੋਂ ਤਿੜ ਕੇ ਵਿਹੜੇ 'ਚ ਬੈਠ ਫਿਲਟਰ ਵਾਲੀ ਸਿਗਰਟ ਦੇ ਸੂਟੇ ਖਿਚਦਾ ਰਿਹਾ ਤੇ ਹਣਸੂ ਨੂੰ ਨੇਕ ਸਲਾਹ ਦਿੰਦਾ ਰਿਹਾ, "ਭਾਈਆ, ਮੇਰੀ ਬਾਤ ਮੰਨ ਤੇ ਅੜੀ ਛੱਡ, ਚੁੱਪ ਕਰਕੇ ਭਾਂਡਾ-ਟੀਂਡਾ ਚੁੱਕ ਕੇ ਉਥੇ ਸ਼ਹਿਰ ਆ ਜਾ ਮੇਰੇ ਕੋਲ। ਦੁਕਾਨ ਦੀ ਗੱਲ ਮੈਂ ਕਰਾ ਦੇਂਦਾਂ....ਐਥੇ ਵੀ ਕੀ ਜੀਣ ਹੋਇਆ ਜਿਥੇ ਬੰਦੇ ਦਾ ਘੜੀ ਬਿੰਦ ਦਾ ਵਸਾਹ ਨਹੀਂ....ਔਰ ਜੇ ਬੰਦਾ ਥਕੇਵਾਂ ਲਾਹੁਣ ਲਈ ਸਿਗਰਟ ਵੀ ਨਹੀਂ ਪੀ ਸਕਦਾ ਤਾਂ ਐਸੀ ਥਾਂ ਰਹਿਣ ਦਾ ਕੀ ਫ਼ਾਇਦਾ।" ਉਹ ਭਾਸ਼ਣ ਦੇ ਨਾਲ-ਨਾਲ ਹਣਸੂ ਨੂੰ ਫਿਲਟਰ ਵਾਲੀ ਸਿਗਰਟ ਦਾ ਮਜ਼ਾ ਚੱਖਣ ਲਈ ਸੁਲਾਹ ਵੀ ਮਾਰਦਾ ਰਿਹਾ। ਭੈਣ ਵੱਲ ਆਪਣੀ ਹਿਮਾਇਤ ਖ਼ਾਤਰ ਤੱਕਦਾ ਵੀ ਰਿਹਾ ਤੇ ਆਸ਼ਾ "ਆਹੋ ਮੈਂ ਤੇ ਆਪ ਆਂਹਦੀ ਆਂ" "ਆਹੋ ਠੀਕ ਆ ਕਿ" "ਤੇ ਹੋਰ ਕੀ" ਵਰਗੇ ਹੁੰਗਾਰੇ ਜਿਹੇ ਭਰਦੀ ਰਹੀ।

ਹਣਸੂ ਨੂੰ ਆਸ਼ਾ 'ਤੇ ਕਚੀਚੀਆਂ ਆਉਣ ਡਹੀਆਂ ਸਨ—"ਸਾਲੇ ਨੂੰ ਦੱਸਿਆ ਈ ਕਿਓਂ ਤੇ ਨਾਲੇ ਇਹ ਵੱਡਾ ਬਿਕਰਮਾਦਿੱਤ ਮੈਥੋਂ ਭੁੱਲਾ ਨਹੀਂ...ਦਿਨ ਦਿਹਾਰ ਭੈਣ ਨੂੰ ਨਵਾਂ ਸੂਟ ਤੇ ਕਦੀ ਲੈ ਕੇ ਨਹੀਂ ਦਿੱਤਾ, ਦੁਕਾਨ ਦਾ ਪ੍ਰਬੰਧ ਇਹ ਕਰ ਦਊ...ਇਹ ਚੰਗੀ ਸਲਾਹ ਹੋਈ ਪਈ ਚੰਗੇ ਭਲੇ ਰਸਦੇ ਵੱਸਦੇ ਬੰਦੇ ਨੂੰ ਉਜਾੜ ਦਿਓ....ਚਿੱਟਿਆਂ ਨਾਲ ਤਾਂ ਭਲਾ ਸੌ ਖੇਹ ਹੋਊ ਕਿਸੇ ਦੀ, ਮੈਂ ਕਿਸੇ ਦੀ ਕੀ ਆਟੇ 'ਚ ਮੂਤਿਆ...ਆਪਣਾ ਕਰੀਦਾ ਤੇ ਖਾਈਦਾ...ਸਗੋਂ ਪਿੰਡ ਦਾ ਲਾਗਪੁਣਾ ਕਰਦਿਆਂ ਐਨਾ ਚਿਰ ਲੰਘ ਗਿਆ ਕਿਸੇ 'ਓਏ' ਨਹੀਂ ਕਹੀ...ਹੁਣ ਵੱਧ ਤੋਂ ਵੱਧ ਸਿਗਰਟ ਦੀ ਗੱਲ ਆ...ਉਹ ਮੈਂ ਨਹੀਂ ਪੀਂਦਾ....ਹੋਰ ਕੀ.....!" ਮਨ ਹੀ ਮਨ ਉਹ ਕਈ ਜੋੜ-ਤੋੜ ਵਾਧੇ ਘਾਟੇ ਕਿਆਸਦਾ ਰਿਹਾ ਪਰ 'ਹੂੰ ਹਾਂ' ਕਰਦਿਆਂ 'ਸੋਚਾਂਗੇ' ਕਹਿ ਕੇ ਸਾਲਾ ਸਾਹਬ ਨੂੰ ਅਗਲੇ ਦਿਨ ਤੋਰ 'ਤਾ। ਜਾਂਦਾ-ਜਾਂਦਾ ਵੀ ਉਹ ਆਸ਼ਾ ਨੂੰ ਕੁਝ ਸਮਝਾਉਂਦਾ ਰਿਹਾ।

ਘਰ ਸਾਰੀ ਦਿਹਾੜੀ ਤਾਂ ਬੈਠਾ ਨਹੀਂ ਸੀ ਜਾ ਸਕਦਾ। ਮੱਝ ਤੇ ਝੋਟੀ ਲਈ ਪੱਠਾ ਦੱਥਾ ਲਿਆ, ਪਿੰਡ 'ਚੋਂ ਆਈਆਂ ਟੁੱਟੀਆਂ ਜੁੱਤੀਆਂ ਦਾ ਗਾਂਢਾ ਕਰ ਵਿਹਲ ਹੀ ਹੁੰਦਾ ਤੇ ਇਹ ਵਿਹਲ ਹੀ ਥੜ੍ਹੇ 'ਤੇ ਖਿੱਚ ਖੜਦਾ।

ਥੜ੍ਹੇ 'ਤੇ ਫਿਰ ਉਹੀ ਬਲੱਛਣੀਆਂ ਵਾਰਦਾਤਾਂ ਦਾ ਦੁਹਰਾਅ, ਕਿਸੇ ਅਦਿੱਖ ਹੋਣੀ ਤੋਂ ਸਹਿਮੇ ਲੋਕਾਂ ਦੀਆਂ ਮਿਆਂ-ਮਿਆਂ—ਘਈਂ-ਘਈਂ ਹੁੰਦੀ। ਹਾਸਾ ਵੀ ਹੁੰਦਾ ਪਰ ਕਾਂਜੀ ਵਰਗਾ ਹਾਸਾ ਕਿਥੇ। ਲੋਕ ਹੱਸਦੇ ਵੀ ਕੰਨ ਖੜੇ ਰੱਖਦੇ ਜਿਵੇਂ ਹੱਸਣਾ ਵੀ ਕੋਈ ਅਪਰਾਧ ਹੋਵੇ ਸਿਗਰਟ ਪੀਣ ਵਾਂਗ...।

ਨਵੇਂ-ਨਵੇਂ ਰਿਟਾਇਰ ਹੋਏ ਮਾਸਟਰ ਚੰਚਲ ਕਾਰਨ ਅਖ਼ਬਾਰ ਵੀ ਰੋਜ਼ ਆਉਣ ਲੱਗ ਪਈ। "ਸਾਰੇ ਦੇਸ਼ 'ਚ ਲੱਗੀ ਅੱਗ" ਬਾਰੇ ਆਪਣਾ ਤਬਸਰਾ ਕਰਦਾ ਰਹਿੰਦਾ ਅਖੇ ਅਸਾਮ 'ਚ ਫਲਾਣ ਹੋ ਰਿਹਾ—ਕਸ਼ਮੀਰ 'ਚ ਢਿਮਕੜਾ....ਇਹ ਤਾਂ ਤਬਾਹ ਹੋ ਕੇ



ਰਹੂ। ਮੋਹ ਅਰਗੇ 'ਕਾਲਾ ਅੱਖਰ ਮੱਝ ਬਰਾਬਰ' ਵਾਲੇ ਹੋਰ ਨਹੀਂ ਤਾਂ ਮਰਿਆਂ ਹੋਇਆਂ ਦੀ ਫੋਟੋਆਂ ਵੇਖ-ਵੇਖ ਹੀ 'ਨੀਲੀ ਛਤਰੀ ਆਲੇ ਦੇ ਦਰਬਾਰ 'ਚ ਡਿਊਟੀ 'ਤੇ ਬੈਠੀ ਪਾਪੀ ਰੂਹ' ਬਾਰੇ ਕਿਆਫ਼ੇ ਲਾਉਂਦੇ ਰਹਿੰਦੇ।

ਆਹ ਹੁਣ ਜੋ ਉਹਨੂੰ ਨਵੀਂ ਬੀਮਾਰੀ ਆ ਚਿੰਬੜੀ ਸੀ ਇਸ ਤਾਂ ਹਣਸੂ ਨੂੰ ਅੱਧਾ ਕਰ ਛੱਡਿਆ ਸੀ। ਉਹ ਸੰਗਦਾ ਮਾਰਾ ਕਿਸੇ ਕੋਲ ਗੱਲ ਵੀ ਨਹੀਂ ਸੀ ਕਰਦਾ। ਆਸ਼ਾ ਨਾਲ ਵੀ ਨਹੀਂ....ਭਲਾ ਕੋਈ ਸੱਚ ਮੰਨੇਗਾ?

ਕੁਝ ਹਫ਼ਤੇ ਤੋਂ ਵੱਧ ਹੋ ਗਿਆ ਸੀ ਉਸ ਸਿਗਰਟ ਦੇ ਦਰਸ਼ਨ ਨਹੀਂ ਸਨ ਕੀਤੇ। ਮਨ ਨੂੰ ਰੋਕ-ਰੋਕ ਰੱਖਦਾ ਰਿਹਾ। ਅਜੇ ਪਰਸੋਂ ਚੌਥੇ ਉਹ ਥੜ੍ਹੇ ਤੋਂ ਵਾਪਸ ਆ ਚਾਹ ਪੀ ਕੇ ਗੰਢਣੋਂ ਬਚੀਆਂ ਜੁੱਤੀਆਂ ਸਾਹਮਣੇ ਰੱਖ ਕੇ ਬੈਠਾ। ਆਦਤ ਮੁਜਬ ਉਹ ਫਤੂਹੀ ਦੀ ਖੱਬੀ ਜੇਬ ਟੋਹੀ। ਖਾਲੀ ਹੱਥ ਵੇਂਹਦਿਆਂ ਉਹਨੂੰ ਸਾਲੇ ਦੇ ਬੋਲ ਚੇਤੇ ਆ ਗਏ "ਔਰ ਜੇ ਬੰਦਾ ਥਕੇਵਾਂ ਲਾਹੁਣ ਲਈ ਸਿਗਰਟ ਵੀ ਨਹੀਂ ਪੀ ਸਕਦਾ ਤਾਂ ਐਸੀ ਥਾਂ ਰਹਿਣ ਦਾ ਕੀ ਫਾਇਦਾ...." ਪਤਾ ਨਹੀਂ ਕਿਹੜੀ ਦੁਨੀਆਂ 'ਚ ਪਹੁੰਚ ਗਿਆ....ਜਿੱਥੇ ਉਹਦੇ ਸਾਲੇ ਵਰਗੇ ਅਨੇਕਾਂ ਬੰਦੇ ਘੇਰਾ ਘੱਤ ਕੇ ਬੈਠੇ ਸਨ—ਹੱਥਾਂ 'ਚ ਵੰਨ ਸੁਵੰਨੇ ਫਿਲਟਰਾਂ ਵਾਲੀਆਂ ਸਿਗਰਟਾਂ ਲਈ....ਟਹਿਕਦੇ ਚਾਮਲਦੇ ਬੰਦੇ....ਹਣਸੂ ਉਨ੍ਹਾਂ ਦੇ ਵਿਚਕਾਰ ਡਵੌਂਡਰਿਆ ਖੜ੍ਹਾ ਵੇਖ ਰਿਹਾ ਉਤਾਂਹ ਮੂੰਹ ਚੁੱਕ ਕੇ....ਹੈਂਅ। ਇਹ ਕੀ। ਉਹ ਡੂੰਘੇ ਟੋਏ 'ਚ ਡਿੱਗ ਪਿਆ...ਸਾਰੇ ਜਣੇ ਮੁਸਕਰਾਉਂਦੇ ਹੱਸਦੇ ਧੂੰਆਂ ਉਡਾਉਂਦੇ ਟੋਏ ਦੇ ਉਦਾਲੇ ਆਣ ਕੱਠੇ ਹੋਏ... ਆ ਜਾ, ਆਜਾ ਲੈ-ਲੈ ਮਜ਼ੇ ਤੂੰ ਵੀ....ਕਿਸੇ ਖੂਹ 'ਚ ਵੜਿਆ ਬੈਠੋਂ....ਐਧਰ ਆ ਬਾਹਰ....ਉਹਦੇ ਸਾਲੇ ਨੇ ਇਕ ਲੰਬੀ ਸਿਗਰਟ ਥੱਲੇ ਟੋਏ 'ਚ ਲਮਕਾਈ....ਉਸ ਸਿਗਰਟ ਨੂੰ ਫੜਿਆ...ਸਾਰੇ ਜਣੇ ਜ਼ੋਰ-ਜ਼ੋਰ ਦੀ ਖਿੱਚ ਰਹੇ ਨੇ...ਨਾਲੇ ਹੱਸ ਰਹੇ ਧੂੰਆਂ ਉਡਾ ਰਹੇ....ਉਹ ਕੰਢੇ ਦੇ ਕੋਲ ਪਹੁੰਚ ਗਿਆ...ਇਕ ਨੇ ਸੁਨੈਹਰੀ ਫਿਲਟਰ ਵਾਲੀ ਸਿਗਰਟ ਉਹਦੇ ਬੁਲ੍ਹਾਂ ਕੋਲ ਕੀਤੀ....ਖਿੱਚ ਸੂਟਾ ਤਕੜਾ ਹੋ...ਓਏ ਨਹੀਂ ਨਹੀਂ ਇਹ ਤਾਂ ਰੌਂਡ ਲੈਂਪ ਪੀਣ ਆਲਾ...ਹੈਂਅ। ਰੌਂਡ ਲੈਂਪ। ਸਾਰਿਆਂ ਨਫ਼ਰਤ ਨਾਲ ਉਹਨੂੰ ਵੇਖਿਆ ਜਿਵੇਂ ਕੋਈ ਪੀਕ ਪਏ ਕੁੱਤੇ ਵਲ ਵੇਂਹਦੇ....ਤੇ ਹੱਥ ਛੱਡ ਦਿੱਤੇ....ਇਕ ਨੇ ਉਹਦੇ ਮੂੰਹ 'ਤੇ ਲੱਤ ਮਾਰੀ....ਧੜੰਮ...ਰੌਂਡ ਲੈਂਪ...ਹਾਸੇ ਦਾ ਬੰਬ ਫਟਿਆ....ਉਹ ਏਧਰ ਓਧਰ ਹੱਥ ਪੈਰ ਮਾਰਨ ਲੱਗਾ....ਰੌਂਡ ਲੈਂਪ...ਰੌਂਡ ਲੈਂਪ...

ਇਕ ਹੱਥ 'ਚ ਲਿਬੜਿਆ ਛਿੱਤਰ ਤੇ ਦੂਜੇ ਹੱਥ ਸੂਆ ਧਾਗਾ ਘੁੱਟੀ ਉਹਨੂੰ ਇਕੋ ਸਾਹ "ਰੌਂਡ ਲੈਂਪ...ਰੌਂਡ ਲੈਂਪ" ਬੁੜਬੁੜਾਉਂਦੇ ਨੂੰ ਆਸ਼ਾ ਨੇ ਝੰਜੋੜਿਆ "ਜੀ! ਛਿੰਦੇ ਦਾ ਭਾਪਾ। ਕੀ ਗੱਲ ਹੋਈ....?" ਉਸ ਸਵਾਲ ਬਣੀ ਖਲੋਤੀ ਨੇ ਸਹਿਮੀ ਆਵਾਜ਼ 'ਚ ਪੁੱਛਿਆ।

"ਊਂ....ਈਂ....ਕੁੱਝ ਜਿਹਾ...ਤੂੰ ਚਾਹ ਬਣਾ ਰਤਾ....।" ਉਸ ਡੌਂਬਰੀ ਗਾਂ ਵਾਂਗ ਆਲੇ-ਦੁਆਲੇ ਵੇਂਹਦਿਆਂ ਆਸ਼ਾ ਨੂੰ ਕਹਿ ਡਿੱਕੋ ਡੋਲੇ ਖਾਂਦਾ ਦਿਲ ਰਤਾ ਸਾਵਾਂ ਕਰਨ ਦੀ ਕੋਸ਼ਿਸ਼ ਕੀਤੀ। ਉਹ ਪੁੱਛਣ 'ਤੇ ਵੀ ਉਸ ਅਸਲ ਗੱਲ ਬਾਰੇ ਨਹੀਂ ਦੱਸਿਆ।

ਪਰ ਇਕ ਗੱਲ ਉਹਦੀ ਸਮਝ 'ਚ ਆ ਗਈ ਕਿ ਏਹੋ ਜਿਹੇ ਝੱਲ ਵਲੱਲ੍ਹੇ

ਖ਼ਿਆਲ ਉਹਨੂੰ ਥੜ੍ਹੇ 'ਤੇ ਜਾਣ ਕਾਰਨ ਹੀ ਆਉਂਦੇ ਨੇ। ਨਾ ਉਥੇ ਭਾਂਤ-ਭਾਂਤ ਦੀਆਂ ਸੁਣੇ ਤੇ ਨਾ ਐਹੋ ਜਿਹੇ ਚੰਦਰੇ ਖ਼ਿਆਲ ਆਉਣ....ਉਸ ਥੜ੍ਹੇ 'ਤੇ ਨਾ ਜਾਣ ਦੀ ਧਾਰ ਲਈ। ਦਿਨ ਵੀ ਤਾਂ ਵੇਹਲ ਦੇ ਹੀ ਸਨ। ਮਾੜਾ-ਮੋਟਾ ਕੰਮ ਕਰ ਘਰੇ ਪਿਆ ਰਹਿੰਦਾ। ਪਰ ਏਥੇ ਵੀ ਉਹੀ ਖ਼ਿਆਲ ਉਹਦਾ ਪਿੱਛਾ ਨਾ ਛੱਡਦੇ। ਅੱਖਾਂ ਅੱਗੇ ਵਾਰ-ਵਾਰ ਚਿੱਟੇ ਮੁਰਲੀ ਦਾ ਗਰੀਬੜਾ ਸਾਊ ਚੇਹਰਾ, ਕਾਂਸ਼ੀ ਦਾ ਮੁਸਕਣੀ ਹਾਸਾ ਆ ਖਲੋਂਦੇ। ਕਦੇ-ਕਦੇ ਤਾਂ ਖ਼ਿਆਲਾਂ 'ਚ ਹੀ ਕਾਂਸ਼ੀ ਉਹਦੇ ਸਾਹਮਣੇ ਆ ਬਹਿੰਦਾ। ਉਂਝ ਹੀ ਚਾਦਰ ਤਾਂਹ ਟੁੰਗ ਕੇ ਚੌਂਧਿਆਂ 'ਚ ਖੁਰਕਦਾ ਮੁਸਕਣੀ ਹੱਸਦਾ ਕਹਿੰਦਾ, "ਬੱਲੇ ਉਏ ਹਣਸੂ ਰਾਜ ਸਿਹਾਂ....ਰਹਿ ਗਿਆ ਨਾ ਉਹੋ ਦਾ ਉਹੋ ਈ—ਮੇਚੀ ਕੰਨ ਖਰੋਚੀ, ਧਾਗਾ ਸੂਤਦਾ ਮੈਂ ਮਾਰੀ ਚਪੇੜ ਮੇਚੀ ਮੂਤਦਾ....ਕਮਲਿਆ ਕਿਹੜੀਆਂ ਝੌਜਲਾਂ 'ਚ ਪੈ ਗਿਆ....ਤਾਂਹ ਉੱਠ ਥੜ੍ਹੇ 'ਤੇ ਚੱਲੀਏ....।"

"ਕਾਂਸ਼ੀ—ਹਣਸੂ ਦਾ ਦਿਲਦਾਰ ਯਾਰ। ਕਾਂਸ਼ੀ—ਜੀਹਦਾ ਅਸਲੀ ਨਾਂ ਪ੍ਰੀਤਮ ਸਿੰਘ ਵਲਦ ਹਜ਼ਾਰਾ ਸਿੰਘ ਸੀ ਪਰ ਇਸ ਸੱਚ ਨੂੰ ਪਟਵਾਰੀ ਨੰਬਰਦਾਰ ਤੇ ਦੋ ਚਹੁੰ ਹੋਰਾਂ ਤੋਂ ਛੁੱਟ ਕੋਈ ਨਹੀਂ ਸੀ ਜਾਣਦਾ। ਉਹ ਬੱਸ ਕਾਂਸ਼ੀ ਸੀ—ਜੋ ਜੱਟ ਸਿੱਖ ਹੁੰਦਿਆਂ ਹੋਇਆਂ ਵੀ, ਪੰਜਾਂ ਕਿੱਲਿਆਂ ਦਾ ਮਾਲਕ ਹੁੰਦਿਆਂ ਹੋਇਆਂ ਵੀ—ਸਿਰ ਮੁੰਨ ਕੇ, ਮੁੱਛਾਂ ਦੇ ਖ਼ਤ ਕੱਢ ਕੇ ਦਾੜ੍ਹੀ ਘੁੱਚ ਕਰਕੇ ਰੱਖਦਾ। ਸ਼ਰਾਬ ਪੀ ਕੇ ਕੱਛ 'ਚ ਰੇਡੀਉ ਦੇਈ, ਬੁੱਲ੍ਹਾਂ 'ਚ ਜਰਦਾ ਰੱਖ, ਬੁਲਬੁਲੀਆਂ ਮਾਰਦਾ ਪਿੰਡ ਦੀ ਸਰਪੰਚੀ ਕਰਦਾ ਫਿਰਦਾ।

ਕਾਂਸ਼ੀ—ਜੋ ਹਰ ਸਾਲ 'ਪੁੱਜ ਕੇ' ਪਿੰਡ 'ਚ ਨਟਾਂ ਦਾ ਅਖਾੜਾ ਲਵਾਉਂਦਾ। ਹਫ਼ਤਾ-ਹਫ਼ਤਾ ਉਨ੍ਹਾਂ ਨੂੰ ਪਿੰਡ ਰੱਖ ਉਨ੍ਹਾਂ ਦਾ ਖਰਚਾ ਪੱਠਾ ਝੱਲਦਾ ਤੇ ਵੱਧ-ਵੱਧ ਵੇਲਾਂ ਕਰਾਉਂਦਾ। ਕਾਂਸ਼ੀ—ਜੋ ਚੜ੍ਹਦੀ ਜਵਾਨੀ ਵਾਰੇ ਖਾਧੇ ਧੋਖੇ ਕਾਰਨ ਸਾਰੇ ਜਹਾਨ ਦੀਆਂ ਔਰਤਾਂ ਨੂੰ 'ਕੁੱਤੀਆਂ ਚਾਰ ਵਲੈਤ ਦੀਆਂ' ਕਹਿੰਦਾ ਤੇ ਕਦੇ-ਕਦੇ ਆਪਣੀਆਂ ਦੋਹਾਂ ਨਿੱਕੀਆਂ ਭਰਜਾਈਆਂ ਬਾਰੇ ਥੜ੍ਹੇ 'ਤੇ ਦੱਸਦਾ "ਇਹ ਕਾਂਸ਼ੀ ਸੌਹ ਦਾ ਧਰਮ ਈ ਆਂ ਨਹੀਂ ਤੇ ਉਹ ਚਵਲ੍ਹਾਂ ਜਿਹੀਆਂ ਤੇ ਮੇਰੇ ਮਗਰ-ਮਗਰ ਲਾਲ੍ਹਾਂ ਸੁੱਟਦੀਆਂ ਫਿਰਦੀਆਂ।" ਨਸ਼ੇ ਦੀ ਲੋਰ 'ਚ ਹੀ ਘਰ ਜਾ ਕੇ ਭਾਬੀਆਂ ਨੂੰ ਕੋਈ ਨਾ ਕੋਈ 'ਚੁੱਭਵੀਂ' ਲਾ ਦੇਂਦਾ ਤੇ ਛੋਟੇ ਦੋਵੇਂ ਉਹਨੂੰ ਭੈਣੀ ਚਾੜ੍ਹ ਦਿੰਦੇ। "ਕੁਝ ਵੀ ਨਹੀਂ ਹੋਇਆ" ਵਾਲੀਆਂ ਬੁਝੀਆਂ ਬਣਾ ਪੰਜਾਂ ਕਿੱਲਿਆਂ ਖ਼ਾਤਰ ਉਹਦਾ ਛੇਤੀ "ਜੱਥੂ ਮੁੱਕਣ" ਲਈ ਅਰਦਾਸਾਂ ਕਰਦੇ।

ਉਹ ਕਾਂਸ਼ੀ 'ਮੁੰਡਿਆਂ' ਨੇ ਦਿਨ ਦੇ ਚਕਾਅ ਵੇਲੇ ਨਖਾਸੂ ਵਾਲੀ ਫਿਰਨੀ 'ਤੇ ਖਲਾਰ ਗੋਲੀਆਂ ਨਾਲ ਤੂੰਬਾ-ਤੂੰਬਾ ਕਰ ਦਿੱਤਾ। ਚਿੱਟੇ ਦਿਨ ਬੁੱਕਦੇ 'ਮੁੰਡੇ' ਜੈਕਾਰੇ ਛੱਡਦੇ ਚਲੇ ਗਏ

ਜੀਊਂਦੇ ਜਾਗਦੇ ਪਿੰਡ ਵਿਚ ਪ੍ਰਤੀਕਰਮ ਵਜੋਂ ਬਾਰੀਆਂ ਬੂਹੇ ਧੜਾਧੜ ਵੱਜ ਗਏ। ਪੁਲਸ ਦੇ ਆਉਣ ਤੱਕ ਪਿੰਡ ਬਿਨਾਂ ਸਾਹ ਲਏ ਜੀਊਂਦਾ ਰਿਹਾ।

ਸਾਂਸੀ ਕਰਖੇ ਦੇ ਮੁੰਡੇ ਝੁੱਘੀਆਂ ਭੇਡਾਂ ਹੀ ਘਰ ਵਲ ਭਜਾ ਲਿਆਏ। ਉਸ ਭੇਡਾਂ ਤੋਂ ਵੀ ਵੱਧ ਸਹਿਮੇ ਹੋਏ ਨੇ ਵਾੜੇ ਦਾ ਖਿੜਕਾ ਖੋਲ੍ਹ ਮੁੰਡਿਆਂ ਨੂੰ ਛੇਤੀ ਅੰਦਰ ਵੜ ਜਾਣ ਲਈ ਕਿਹਾ। ਢਾਬ ਆਲਿਆਂ ਦੇ ਕੁੱਕੜਾਂ ਨੇ ਬਾਂਗਾਂ ਨਹੀਂ ਦਿੱਤੀਆਂ ਪਰ ਬੁੱਢਾ ਦਾਰੀ 'ਵਾਗਰੂ ਵਾਗਰੂ' ਕਰਦਾ ਹਵੇਲੀਉਂ ਘਰ ਨੂੰ ਜਾਂਦਾ ਦੋ ਵਾਰ ਠੇਡਾ ਖਾ ਕੇ



ਡਿੱਗਿਆ। ਗੁਰਦੁਆਰੇ ਵਾਲਾ ਭਾਈ ਰਹਿਰਾਸ ਸਾਹਿਬ ਲਈ ਸੰਖ ਵਜਾਉਣਾ ਵੀ ਭੁੱਲ ਗਿਆ।

ਅਗਲੇ ਦਿਨ ਦੀ ਅਖ਼ਬਾਰ 'ਚ ਇਕ ਬੇਪਛਾਣ ਲਹੂ ਲੁਹਾਣ ਫੋਟੋ ਦੇ ਨਾਲ ਛੋਟੀ ਜਹੀ ਖ਼ਬਰ ਸੀ—"ਖਾੜਕੂਆਂ ਹੱਥੋਂ ਪ੍ਰੀਤਮ ਸਿੰਘ ਨਾਂ ਦਾ ਵਿਅਕਤੀ ਹਲਾਕ।" ਦੂਸਰੇ ਸਫ਼ੇ 'ਤੇ ਕਿਸੇ ਜਥੇਬੰਦੀ ਵਲੋਂ ਉਹਦੀਆਂ 'ਮਾੜੀਆਂ ਹਰਕਤਾਂ ਤੇ ਧਰਮ ਵਿਰੋਧੀ ਕਾਰਵਾਈਆਂ ਕਾਰਨ ਸੋਧਣ' ਦੀ ਜ਼ਿੰਮੇਵਾਰੀ।

ਕਾਂਸ਼ੀ ਪਿੰਡ ਵਾਲਿਆਂ ਲਈ ਨਿੱਕੇ-ਨਿੱਕੇ ਸ਼ੱਕ ਸ਼ੇਸ਼ੇ ਛੱਡ ਗਿਆ। ਜਿੰਨੇ ਮੂੰਹ ਓਨੀਆਂ ਗੱਲਾਂ—ਸ਼ਰਾਬ ਸਿਗਰਟਾਂ ਕਰਕੇ ਮਾਰਿਆ—ਭਰਾਵਾਂ ਮਰਵਾ 'ਤਾ—ਪੁਲਸ ਦਾ ਟਾਊਟ ਸੀ—

ਪਰ ਸੱਚ ਕੋਈ ਨਹੀਂ ਸੀ ਜਾਣਦਾ। ਜਾਂ ਕਹਿੰਦਾ ਨਹੀਂ ਸੀ। ਹਣਸੂ ਵੀ ਜੀਹਦਾ ਕਾਂਸ਼ੀ ਦਿਲਦਾਰ ਯਾਰ ਸੀ। ਜਿਨ੍ਹਾਂ ਇਕੱਠਿਆਂ ਸਿਗਰਟ ਦਾ ਧੂੰਆਂ ਨਾਸਾਂ ਥਾਣੀ ਕੱਢਣਾ ਸਿੱਖਿਆ ਸੀ। ਢੀਮ ਮਾਰ ਕੇ ਮਾਖੋਂ ਦੇ ਛੱਤੇ 'ਚ ਕੀਤੀ ਮੋਰੀ 'ਚੋਂ ਚੋਂਦਾ ਸ਼ਹਿਦ ਵਾਰੀ-ਵਾਰੀ ਹਥੇਲੀਆਂ ਤੋਂ ਚੱਟਿਆ ਸੀ।

ਹਣਸੂ ਢਾਬ ਵਲੋਂ ਪੱਠੇ ਲਈ ਆ ਰਿਹਾ ਸੀ ਤਾਂ ਉਹਦੀ ਨਿਗਾਹ ਸ਼ਹਿਰ ਅੱਲੋਂ ਆਉਂਦੇ ਸਵਰਨੇ ਤੇ ਉਹਦੀ ਘਰਵਾਲੀ 'ਤੇ ਜਾ ਪਈ। ਇਕ ਵਾਰ ਤਾਂ ਉਹਨੂੰ ਝਉਲਾ ਹੀ ਜਾਪਿਆ। ਪਰ ਜਦ ਅਸਲੋਂ ਨੇੜੇ ਆ ਗਏ ਤਾਂ ਉਹਨੂੰ ਕਹਿਣਾ ਹੀ ਪਿਆ, "ਸਾਸਰੀ ਕਾਲ ਸਰਦਾਰ ਸਵਰਨ ਸਿੰਘ ਜੀ..."

ਸਵਰਨੇ ਨੇ ਪਹੇ 'ਤੇ ਗੱਡੀਆਂ ਅੱਖਾਂ ਉਤਾਂਹ ਪੁੱਟ ਹੁੰਗਾਰਾ ਭਰਿਆ। ਅਸਲੋਂ ਮਰੀਅਲ ਜਿਹਾ ਹੁੰਗਾਰਾ। "ਕਾਹਦੇ ਹਾਲ ਭਰਾਵਾ..ਮਾੜੇ ਕਰਮ ਕੀਤੇ ਪਿਛਲੇ ਜਰਮਾਂ ਦੇ" ਰੋਂਦੂ ਜਿਹੀ ਪਰ ਗੁਸੈਲ ਸੁਰ 'ਚ ਦਲੀਪ ਕੌਰ ਬੋਲੀ ਤਾਂ ਹਣਸੂ ਦਾ ਹੌਸਲਾ ਨਹੀਂ ਪਿਆ ਅਗਾਂਹ ਗੱਲ ਕਰਨ ਨੂੰ।

ਉਸ ਆਪ ਹੀ ਸਾਹ ਲੈਣ ਦੇ ਬਹਾਨੇ ਉਨ੍ਹਾਂ ਕੋਲੋਂ ਵਿੱਥ ਪਾ ਲਈ ਤੇ ਉਨ੍ਹਾਂ ਨੂੰ ਪਿੰਡ 'ਚ ਵੜਦੇ ਵੇਂਹਦਾ ਰਿਹਾ "ਹੁਣ ਇਹ ਘਰ ਜਾਣਗੇ। ਪਰ ਉਹ ਤਾਂ ਪੁਲਸ ਨੇ ਝਾੜ ਝੂੜ ਕੇ ਖੋਲਾ ਬਣਾ ਛੱਡਿਆ ਹੈ। ਕੁੱਤੇ ਵੀ ਉਥੇ ਬਸ ਮੂਤਣ ਲਈ ਹੀ ਜਾਂਦੇ ਨੇ। ਜਥੇਦਾਰ ਵਲ ਜਾਣਗੇ। ਸ਼ੈਦ ਜ਼ਮੀਨ ਦਾ ਠੇਕਾ ਲੈਣ ਆਏ ਹੋਣ....ਵਾਹ ਉਏ ਮਨ ਮੱਖਣਾਂ—ਕੀ ਖੱਟਿਆ ਈ ਚੰਦਰਿਆ....ਮਾੜੀ ਮੋਟੀ ਰੋਟੀ ਖਾਂਦੇ ਸੀ, ਉਹ ਵੀ ਘਰੋਂ ਬਘਰ ਕਰ 'ਤੇ ਠੋਕਰਾਂ ਖਾਣ ਲਈ..." ਘਰ ਪਹੁੰਚਣ ਤੀਕ ਹਣਸੂ ਆਪਣੇ ਹੀ ਮਨ ਨਾਲ ਬਾਤਾਂ ਪਾਉਂਦਾ ਗਿਆ।

ਚੰਨੋ ਦੇ ਭਗੌੜੇ ਹੋਣ ਪਿੱਛੋਂ ਪੁਲਸ ਵਾਰ-ਵਾਰ ਉਹਦੇ ਘਰਦਿਆਂ ਨੂੰ ਤੰਗ ਕਰਦੀ ਸੀ। ਏਸੇ ਖੱਜਲ-ਖੁਆਰੀ ਦੇ ਡਰੋਂ ਚਾਰ ਪੰਜ ਕਿੱਲੇ ਜ਼ਮੀਨ ਜਥੇਦਾਰ ਕਿਆਂ ਨੂੰ ਠੇਕੇ 'ਤੇ ਦੇ ਉਹ ਕਿਸੇ ਸਕੀਰੀ ਵਾਲੀ ਥਾਂ ਚਲੇ ਗਏ ਸਨ।

ਘਰ ਪੱਠੇ ਕੁਤਰ ਤੂੜੀ ਰਲਾ ਮੱਝ ਅੱਗੇ ਖੁਰਲੀ 'ਚ ਟੋਕਰੀ ਢੇਰੀ ਕਰ ਉਹ ਥੜ੍ਹੇ ਨੂੰ ਤੁਰ ਪਿਆ।

ਅੱਜ ਫੇਰ ਜਥੇਦਾਰ ਮੋਹਣ ਸਿੰਘ ਪ੍ਰਕਾਸ਼ ਕੀਤੇ ਦਾਹੜੇ 'ਤੇ ਹੱਥ ਫੇਰਦਾ ਫੀਮ

ਦੇ ਲੋਰ 'ਚ ਮਘਦੇ ਚਿਹਰੇ ਤੋਂ ਪ੍ਰਭਾਵ ਛੋਲ੍ਹਦਾ ਲੋਕਾਂ ਨੂੰ ਸੁਣਾ ਰਿਹਾ ਸੀ, "ਵੇਖੋ ਜੀ, ਸੌ ਗੱਲਾਂ ਦੀ ਇਕ ਗੱਲ ਪਈ 'ਸਿਘ' ਤੇ ਸਿਰ ਤਲੀ ਤੇ ਰੱਖੀ ਫਿਰਦੇ ਆ ਸਾਡੇ ਧੁਆਡੇ ਭਲੇ ਲਈ ਤੇ ਜੇ ਹਮਾਂ-ਤੁਮਾਂ ਨੇ ਨਹੀਂ ਉਨ੍ਹਾਂ ਦੀ ਟਹਿਲ ਸੇਵਾ ਕਰਨੀ, ਉਲਟੇ ਪੁਲਸ ਦੀ ਮਦਾਤ ਕਰਨੀ ਤਾਂ ਅਗਲਿਆਂ ਸੋਧਾਂ ਤੇ ਲਾਉਣਾ ਈ ਹੋਇਆ.....।"

ਜ਼ਰਾ ਚਿਰਕਾ ਜਾਣ ਕਰਕੇ ਹਣਸੂ ਨੂੰ ਉਹਦੀ ਪੂਰੀ ਗੱਲ ਤਾਂ ਸਮਝ ਨਹੀਂ ਪਈ ਪਰ ਏਨਾ ਕੁ ਜਾਣ ਗਿਆ ਕਿ ਰਾਤੀਂ ਨੇੜਲੇ ਪਿੰਡ ਇਕ ਪੂਰਾ ਪਰਿਵਾਰ ਮਾਰੇ ਜਾਣ ਦੀ ਖ਼ਬਰ ਬਾਬਤ ਹੀ ਉਹ ਕੁਝ ਕਹਿਣ ਡਿਹਾ ਸੀ।

ਏਨੇ ਨੂੰ ਸਵਰਨਾ ਵੀ ਆ ਗਿਆ। ਜਥੇਦਾਰ ਹੋਰ ਵੀ ਜੋਸ਼ ਵਿਚ 'ਸਿਘਾਂ' ਦੇ ਸੋਹਿਲੇ ਗਾਉਂਦਾ ਗਾਉਂਦਾ ਸਵਰਨੇ ਦੀ ਤਾਰੀਫ਼ 'ਤੇ ਆ ਗਿਆ ਤੇ ਫੇਰ ਵੱਡੇ-ਵੱਡੇ ਇਤਿਹਾਸਕ ਯੋਧਿਆਂ ਨਾਲ ਉਹਦੀ ਤੁਲਨਾ ਕਰਨ ਲੱਗ ਪਿਆ। ਪਰ ਹਣਸੂ ਸਮਝ ਨਹੀਂ ਸਕਿਆ ਸਵਰਨੇ ਦੇ ਚਿਹਰੇ 'ਤੇ ਬਦਲਦੇ ਹਾਵ-ਭਾਵ ਖ਼ੁਸ਼ੀ ਦੇ ਸਨ, ਗ਼ਮ ਦੇ, ਨਿਰਾਸ਼ਾ ਦੇ ਜਾਂ ਮਾਣ ਦੇ...ਉਹ ਬਸ ਲੁਕਵੀਂ ਨਜ਼ਰੇ ਸਵਰਨੇ ਦਾ ਚੇਹਰਾ ਤਾੜਦਾ ਰਿਹਾ—ਉਹੀ ਸ਼ਰਾਬ ਪੀ-ਪੀ ਕੇ ਨਿਕਲੀਆਂ ਹੜਬਾਂ, ਉਲਝੀ ਦਾਹੜੀ, ਵਲ੍ਹੇਟਵੀਂ ਪੱਗ...ਆਖਰ ਚੰਨਾ ਕੀਹਦੇ 'ਤੇ ਚਲੇ ਗਿਆ?

ਲੋਕਾਂ ਦੇ ਕਹਿਣ ਅਨੁਸਾਰ ਜੇ ਚੰਨਾ ਸਵਰਨੇ ਨੂੰ ਪੈਸੇ ਦੇਂਦਾ ਹੈ ਤਾਂ ਫੇਰ ਸਵਰਨਾ ਪਹਿਲਾਂ ਨਾਲੋਂ ਵੀ ਵੱਧ ਲਿੱਸਾ ਕਿਉਂ ਹੈ? ਦਲੀਪ ਕੁਰ ਏਨੀ ਬੁਢੜੀ ਕਿਉਂ ਦਿੱਸੀ ਸੀ ਉਹਨੂੰ? ਤੇ ਇਸ ਦਾ ਹੀ ਕਈ ਕੁਝ ਸੋਚਦਾ ਚਿਤਵਦਾ ਉਹ ਥੜ੍ਹੇ ਤੋਂ ਉਠ ਘਰ ਨੂੰ ਆ ਗਿਆ।

ਗਈ ਰਾਤ ਤੱਕ ਉਹ ਝੱਲ ਵਲੱਲੇ ਖ਼ਿਆਲਾਂ ਦੀ ਘੁੰਮਣ-ਘੇਰੀ 'ਚ ਫਸਿਆ ਰਿਹਾ।

ਆਸ਼ਾ ਨਿਆਣਿਆਂ ਨੂੰ ਸੰਵਾ ਦੇ ਆਪ ਪਾਸਾ ਵੱਟ ਸੌਂ ਗਈ ਸ਼ਾਇਦ।

ਉਹ ਪੇਸ਼ਾਬ ਕਰਨ ਉਠਿਆ। ਸਬਾਤ 'ਚ ਜਿਥੇ ਪਾਥੀਆਂ ਦਾ ਢੇਰ ਲੱਗਾ ਸੀ ਲਾਗਲੀ ਆਲੀ ਵੱਲ ਵੇਖ ਯਾਦ ਆਇਆ—ਸਿਗਰਟਾਂ ਵਾਲੀ ਡੱਬੀ ਉਹ ਕਦੇ-ਕਦੇ ਏਥੇ ਲੁਕਾ ਦਿਆ ਕਰਦਾ ਸੀ। ਆਲੀ 'ਚ ਰੱਖ ਅੱਗੇ ਕੋਈ ਪਾਥੀ ਦੇ ਦੇਣੀ। ਪੇਸ਼ਾਬ ਕਰਨਾ ਭੁੱਲ ਉਸ ਆਲੀ 'ਚ ਹੱਥ ਮਾਰਿਆ। ਲਾਲ ਡੱਬੀ 'ਤੇ ਚਿੱਟੀਆਂ ਲਕੀਰਾਂ 'ਚ ਵਗੀ ਲਾਲਟੈਨ-ਰੌਂਡ ਲੈਂਪ। ਉਸ ਕਾਹਲੀ ਨਾਲ ਡੱਬੀ ਖੋਹਲੀ—ਦੋ ਸਬੂਤੀਆਂ ਸਿਗਰਟਾਂ ਸਹੀ ਸਲਾਮਤ ਸਨ।

ਉਂਝ ਹੀ ਦੱਬੇ ਪੈਰੀਂ ਉਹ ਚੌਂਕੇ ਤੱਕ ਗਿਆ। ਮੱਧਮ ਜਿਹੇ ਚਾਨਣ 'ਚ ਅੰਦਾਜ਼ੇ ਨਾਲ ਹੱਥ ਮਾਰ ਤੀਲਾਂ ਵਾਲੀ ਡੱਬੀ ਭਾਲੀ। ਜਲਾਉਣ ਲਈ ਤੀਲ ਬਾਹਰ ਕੱਢੀ ਪਰ ਫੇਰ "ਐਵੇਂ ਆਸ਼ਾ ਨੂੰ ਪਤਾ ਲੱਗ ਜੂ" ਸੋਚ ਉਂਝ ਹੀ ਡੱਬੀ ਹੱਥ 'ਚ ਦੱਬੀ ਫੇਰ ਸਬਾਤ 'ਚ ਪਾਥੀਆਂ ਕੋਲ ਆ ਗਿਆ।

ਮੱਸਿਆ ਤੋਂ ਦੂਸਰੀ-ਤੀਸਰੀ ਰਾਤ ਦਾ ਹਨ੍ਹੇਰਾ। ਚੋਰਨੀ ਅੱਖੀਂ ਬਾਹਰਲੇ ਬੂਹੇ ਨੂੰ ਵੱਜਾ ਮੋਟਾ ਜਿੰਦਰਾ ਮਹਿਸੂਸਿਆ। ਸੱਜ ਹਥੇਲੀ ਦਾ ਉਹਲਾ ਕਰ ਤੀਲੀ ਬਾਲੀ। ਬੁੱਲ੍ਹਾਂ 'ਚ ਰੱਖੀ ਸਿਗਰਟ ਦੇ ਕੋਲ ਕਰ ਅੰਦਰ ਨੂੰ ਸਾਹ ਖਿੱਚਿਆ।



ਧੜੰਮ....! ਕੋਈ ਬਾਹਰਲੀ ਕੰਧ ਟੱਪ ਕੇ ਅੰਦਰ ਆਇਆ। ਉਹਨੂੰ ਬਸ ਲਿਸ਼ਕਦੀਆਂ ਦੋ ਅੱਖਾਂ ਦਿਖੀਆਂ—ਹਰਨਾਕਸ਼ ਅੱਖਾਂ!

"ਬਹੂੜੀ ਓਏ ਦਾ....ਤਿ...." ਇਕ ਅਧਵਾਟੇ ਰੁਕੀ ਫਾੜ ਸੁਤਉਨੀਂਦੀ ਆਸ਼ਾ ਨੂੰ ਸੁਣੀ, ਉਸ ਹਣਸੂ ਦੀ ਖ਼ਾਲੀ ਮੰਜੀ ਹੱਥ ਨਾਲ ਟੋਹੀ। ਤੇ ਔਂਤਰਵਾਹੇ ਉਠ ਦੁਹੱਥੜੀਂ ਪਿੱਟਣਾ ਸ਼ੁਰੂ ਕਰ 'ਤਾ। "ਲੁੱਟੀ ਗਈ ਵੇ ਲੋਕਾ....ਮੇਰੇ....ਸਿਰ ਦਾ ਸਾ....ਈਂ....ਈਂ ਈਂ..."

ਜਾਗਦਿਆਂ ਸਾਰ ਹੀ ਨਿਆਣਿਆਂ ਦੇ ਚੀਕ ਚਿਹਾੜੇ ਨੇ ਭੜਥੂ ਪਾ ਦਿੱਤਾ। ਛੱਤ 'ਤੇ ਸੁੱਤੇ ਗੁਆਂਢੀਆਂ ਦੇ ਸਰਵਣ ਨੇ ਦਬਾਦਬ ਸਿਰਹਾਣੇ ਪਈ ਚਹੁੰ ਸੈੱਲਾਂ ਵਾਲੀ ਬੈਟਰੀ ਜਗਾਈ। ਘਬਰਾਇਆ ਹੋਇਆ ਇਕ ਬਾਹਰ ਬਿੱਲਾ ਹਣਸੂ ਕੀ ਸਬਾਤ ਵਾਲੀ ਛੱਤ ਟੱਪ ਗਲੀ ਨੂੰ ਦੌੜ ਗਿਆ।

ਸਾਰੇ ਆਂਢੀ-ਗੁਆਂਢੀ ਜਾਗ ਪਏ। ਸਰਵਣ ਤੇੜ ਪਰਨਾ ਵਲ੍ਹੇਟ ਕੰਧ ਤੋਂ ਦੀ ਲਮਕ ਹਣਸੂ ਦੇ ਵਿਹੜੇ ਉਤਰਿਆ। ਆਸ਼ਾ ਦੇ ਰਤਾ ਸਾਹ 'ਚ ਸਾਹ ਆਇਆ। "ਕੀ ਗੱਲ ਹੋ ਗੀ ਭਾਬੀ" ਉਹਦੇ ਪੁਛਦਿਆਂ-ਪੁਛਦਿਆਂ ਆਸ਼ਾ ਨੇ ਅੰਦਰਲੇ ਬਾਹਰਲੇ ਦੋਵੇਂ ਸਵਿੱਚ ਦੱਬ ਦਿੱਤੇ।

ਪਾਥੀਆਂ ਕੋਲ ਚੋਫ਼ਾਲ ਪਿਆ ਹਣਸੂ "ਨਾ ਮਾਰਿਓ....ਬਖ਼ਸ਼ ਦਿਓ...ਨਾ ਮਾਰਿਓ....ਬਖ਼ਸ਼ ਦਿਓ...." ਬੁੜਬੁੜਾ ਰਿਹਾ ਨਜ਼ਰੀਂ ਪਿਆ ਤਾਂ ਆਸ਼ਾ ਭੱਜ ਕੇ ਉਹਦੇ ਪੈਰਾਂ ਦੀਆਂ ਤਲੀਆਂ ਝੱਸਣ ਡਹਿ ਪਈ।

ਸਰਵਣ ਨੇ ਹਣਸੂ ਦੀ ਮਿਚੀ ਹੋਈ ਸੱਜੀ ਮੁੱਠੀ ਜ਼ੋਰ ਲਾ ਕੇ ਖੋਲ੍ਹੀ ਤਾਂ ਇਕ ਮੁੜੀ-ਤੁੜੀ ਸਿਗਰਟ ਥੱਲੇ ਡਿੱਗ ਪਈ।

ਡੌਰ-ਭੌਰ ਹਣਸੂ ਨੇ ਅੱਖਾਂ ਖੋਲ੍ਹੀਆਂ। ਏਨੇ ਨੂੰ ਆਂਢੀ-ਗੁਆਂਢੀ ਵੀ ਅੰਦਰ ਆ ਵੜੇ। ਪਤਾ ਹੀ ਨਾ ਲੱਗਾ ਕਿਸ ਵੇਲੇ ਹਣਸੂ ਨੇ ਕੋਲ ਪਈ ਰੌਂਡ ਲੈਂਪ ਦੀ ਡੱਬੀ ਪਾਥੀ ਪਿਛੇ ਆਲੀ ਜਿਹੇ 'ਚ ਲੁਕਾ ਦਿੱਤੀ...

ਆਂਢੀ ਗੁਆਂਢੀ ਅੱਧ ਪਚੱਧੀ ਗੰਭੀਰਤਾ ਨਾਲ ਆਸ਼ਾ ਵੱਲੋਂ ਦੱਸੀ ਪਿਛਲੇ ਕਈ ਦਿਨਾਂ ਤੋਂ ਹਣਸੂ ਦਾ ਪਿੱਛਾ ਕਰਦੀ ਕਿਸੇ 'ਓਪਰੀ ਸ਼ੈਅ' ਦੀ ਗੱਲ ਸੁਣਦੇ-ਸੁਣਦੇ ਆਪੋ-ਆਪਣੇ ਟਿਕਾਣੀਂ ਜਾ ਲੱਗੇ।

ਤੇ ਮੰਜੇ 'ਤੇ ਪਿਆ ਹਣਸੂ ਗੂੜ੍ਹੇ ਕਾਲੇ ਹਨੇਰੇ ਵਿਚ ਸਬਾਤ 'ਚ ਪਾਥੀਆਂ ਲਾਗਲੀ ਆਲੀ ਵੱਲ ਤੱਕਦਾ ਰਿਹਾ....।

# ਮੈਂ ਧਰਮ ਸੰਕਟ ਵਿਚ ਹਾਂ

ਜਸਵੀਰ ਰਾਣਾ

ਮੇਰੀ ਟੈਨਸ਼ਨ ਵਧਦੀ ਜਾ ਰਹੀ ਸੀ। ਦਿਮਾਗ ਵਿਚ ਉਹੀ ਘਟਨਾ ਘੁੰਮੀ ਜਾ ਰਹੀ ਸੀ। ਬਥੇਰਾ ਦਿਮਾਗ ਨੂੰ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕਰਦਾ। ਪਰ ਕਿੱਥੇ। ਘੜੀ-ਮੁੜੀ ਉਹੀ ਘਟਨਾ ਮੂਹਰੇ ਆ ਖੜ੍ਹਦੀ। ਆਹੀ ਘੋਲ ਕਰਦਿਆਂ ਰਾਤ ਅੱਧੋਂ ਵੱਧ ਟੱਪ ਚੁੱਕੀ ਸੀ। ਮੰਜੇ 'ਤੇ ਪੌਣਾ ਦੁੱਭਰ ਹੋਇਆ ਪਿਆ ਸੀ। ਥਿੰਦ ਕੁ ਪਿੱਛੋਂ ਮੈਂ ਪਾਸਾ ਪਰਤਦਾ। ਅੱਖਾਂ ਬੰਦ ਕਰਕੇ ਜਿਉਂ ਹੀ ਮਨੋ-ਦਵੰਦ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ। ਸਿਰ ਵਿਚ ਝਰਨ-ਝਰਨ ਜਿਹੀ ਹੁੰਦੀ, ਫਿਰ ਝਟਕਾ ਜਿਹਾ ਵੱਜਦਾ। ਪਟੱਕ ਦੇਣੇ ਮੇਰੀਆਂ ਅੱਖਾਂ ਖੁੱਲ੍ਹ ਜਾਂਦੀਆਂ। ਨਜ਼ਰਾਂ ਮੂਹਰੇ ਉਹੀ ਦ੍ਰਿਸ਼ ਫੈਲ ਜਾਂਦਾ।

ਜਦੋਂ ਗੱਲ ਅਸਹਿ ਹੋ ਗਈ ਮੈਂ ਮੱਲਕ ਦੇਣੇ ਉੱਠਿਆ। ਮੰਜੇ ਨੇ ਚੋੜ-ਚੋੜ ਜਿਹੀ ਕੀਤੀ। ਹੌਲੀ-ਹੌਲੀ ਤੁਰਦਾ ਮੈਂ ਨਲਕੇ ਕੋਲ ਜਾ ਰਿਹਾ। ਉਂਜਲ ਨਾਲ ਘੁੱਟ ਕੁ ਪਾਣੀ ਪੀਤਾ। ਮੁੜ ਮੰਜੇ ਕੋਲ ਆ ਕੇ ਖੜ੍ਹ ਗਿਆ।

ਸਾਹਮਣੇ ਕਮਰੇ ਵਿਚ ਮਾਂ ਤੇ ਰਮਨ ਮੰਜੇ ਡਾਹੀਂ ਪਈਆਂ ਸਨ। ਪੱਖਾ ਚੱਲ ਰਿਹਾ ਸੀ। ਉਹ ਖਾਮੋਸ਼ ਪਈਆਂ ਸਨ। ਪਰ ਮੇਰੇ ਵਾਂਗ ਹੀ ਜਾਗਦੀਆਂ। ਨੀਂਦ ਦਾ ਤਾਂ ਬਹਾਨਾ ਸੀ। ਮੰਜਿਆਂ 'ਤੇ ਘੜੀ-ਮੁੜੀ ਪਰਤਦੇ ਪਾਸੇ ਉਨ੍ਹਾਂ ਅੰਦਰਲੀ ਬੇਚੈਨੀ ਦਾ ਠੋਸ ਸਬੂਤ ਸੀ।

ਤੇ ਬਾਪੂ....। ਸ਼ਰਾਬ ਨਾਲ ਰੱਜਿਆ ਪਿਆ ਸੀ। ਵਰਾਂਡੇ ਵਿਚ ਬਾਣ ਦੇ ਮੰਜੇ 'ਤੇ ਘਰੋੜੇ ਹੀ ਲਿਟਿਆ ਪਿਆ। ਜ਼ੋਰ-ਜ਼ੋਰ ਘਰਾੜ੍ਹੇ ਛੱਡ ਰਿਹਾ ਸੀ। ਹਰ ਘਰਾੜ੍ਹੇ ਨਾਲ ਉਹਦੇ ਅੰਦਰ ਜਿਵੇਂ ਕੁਝ ਟੁੱਟ ਰਿਹਾ ਸੀ।

ਮੈਂ ਕਿਹੜਾ ਅੰਦਰੋਂ ਸਾਬਤਾ ਸੀ। ਸੋਚ-ਸੋਚ ਕੇ ਦਿਮਾਗ ਫੋਲ੍ਹ ਹਣ ਵਾਲਾ ਹੋਇਆ ਪਿਆ ਸੀ। ਹੋਰ ਖੜ੍ਹਨਾ ਔਖਾ ਹੋ ਗਿਆ। ਮੈਂ ਮੁੜ ਮੰਜੇ ਦੀ ਬਾਹੀ 'ਤੇ ਬੈਠ ਗਿਆ। ਬੈਠਣਸਾਰ ਹੀ ਦਿਮਾਗ ਵਿਚ ਫਿਰ ਉਹ ਘਟਨਾ ਖੌਰੂ ਪਾਉਣ ਲੱਗ ਪਈ। ਆਖਿਰ ਇਹ ਸਭ ਕੀ ਹੋ ਗਿਆ ਸੀ...? ...ਕਿੱਥੇ ਸਨ ਇਸ ਸਭ ਕਾਸੇ ਦੀਆਂ ਜੜ੍ਹਾਂ...?

ਮਾਂ ਦੀਆਂ ਕੂਕਾਂ ਅਜੇ ਵੀ ਮੇਰੇ ਕੰਨਾਂ ਵਿਚ ਗੂੰਜ ਰਹੀਆਂ ਸਨ, "...ਵੇ ਕੀ ਗੰਡਾ ਖੜ੍ਹਾ ਤੀ ਤੇਰੇ ਜੰਮਣ ਖੁਣੋ...! ਮਨਹੂਸ ਕਿਸੇ ਥਾਉਂ ਦਾ... ਖਵਨੀ ਕੀ ਖਾ ਕੇ ਜੰਮਿਆ ਤੀ ਕਾਲੀ ਜ਼ਬਾਨ ਆਲਾ....! ਵੇ ਬਾਵੇ ਨਾਲੋਂ ਤਾਂ ਤੂੰ ਹੀ ਮਰ ਜਾਂਦਾ



ਰਾਖਸ਼ਾ...!"

ਕੀ ਬਾਵੇ ਦਾ ਕਸੂਰਵਾਰ ਵੀ ਮੈਂ ਸੀ? ਸੋਚ ਕੇ ਮੈਨੂੰ ਮੰਜਾ ਘੁੰਮਦਾ ਜਾਪਿਆ। ਭਲਾਂ ਮੈਂ ਬਾਵੇ ਦਾ ਦੋਸ਼ੀ ਕਿਵੇਂ ਹੋ ਸਕਦਾ ਸੀ? ਉਹ ਤਾਂ ਮੇਰਾ ਮਾਂ ਜਾਇਆ ਭਾਈ ਸੀ।

ਮਸਾਂ ਤਾਂ ਉਹਦਾ ਕੰਮ ਬਣਿਆ ਸੀ। ਉਦੋਂ ਮੈਂ ਪਲੱਸ-ਵਨ ਵਿਚ ਪੜ੍ਹਦਾ ਸੀ। ਬਾਵਾ ਯੂਨੀਵਰਸਿਟੀ ਵਿਚ ਪੜ੍ਹਾਈ ਕਰਕੇ ਵਿਹਲਾ ਫਿਰਦਾ ਸੀ। ਬਾਪੂ ਨਾਲ ਖੇਤਾਂ ਵਿਚ ਨੱਕੇ ਮੋੜ-ਮੋੜ ਉਹਦੀ ਬੂਤਨੀ ਭੁੱਲੀ ਪਈ ਸੀ। ਅੱਕਿਆ ਹੋਇਆ ਉਹ ਜਣੇ-ਖਣੇ ਕੋਲ ਬੋਲਣ ਲੱਗ ਪੈਂਦਾ, "ਸਾਲਾ ਖੇਤੀ ਦਾ ਵੀ ਕੋਈ ਕਿੱਤੇ..., ਜੱਟ-ਜੱਟ ਕਹਿ ਕੇ ਆਪਾਂ ਨੂੰ ਉਵੀਂ ਹਵਾ ਦੇਈ ਜਾਂਦੇ ਨੇ....। ਅਸਲੀਅਤ ਵਿਚ ਤਾਂ ਆਪਾਂ ਸਭ ਤੋਂ ਹੇਠਾਂ ਅੱਜ-ਕੱਲ੍ਹ...! ਰਿਜ਼ਰਵੇਸ਼ਨ ਦੇਣ ਆਲਿਆਂ ਨੂੰ ਕੋਈ ਪੁੱਛੇ ਬਈ ਜੱਟਾਂ 'ਚ ਕਿਤੇ ਪੱਛੜੇ ਹੋਏ ਬੰਦੇ ਨੀ...? ਬੁਥ ਰੋੜਿਆ ਪਿਆ ਸਾਲਾ....! ਦਿਨ ਰਾਤ ਵੱਟਾਂ 'ਤੇ ਤਿਲਕਦੇ ਫਿਰੋ...! ਕੀ ਮਿਲਦੇ ਆਖਰ...? ਹੋਰ ਤਾਂ ਹੋਰ ਅਜੇ ਤੱਕ ਆਪਾਂ ਨੂੰ ਪੈਦਾ ਕੀਤੀ ਫਸਲ ਦਾ ਰੇਟ ਮਿਥਣ ਤੱਕ ਦਾ ਹੱਕ ਨਹੀਂ...। ਜੇ ਕੋਈ ਮੇਰੇ ਵਰਗਾ ਪੜ੍ਹ ਲਿਖ ਜੇ ਤਾਂ ਸਾਲੇ ਦੀ ਵਿਹਲਾ ਫੇਰ-ਫੇਰ ਘੀਸੀ ਕਰਾ ਦਿਓ...!"

ਉਨ੍ਹੀਂ ਦਿਨੀਂ ਵਕਤ ਵੀ ਮਾੜਾ ਸੀ। ਬਾਪੂ ਦੀ ਸਮਝੌਤੀ ਉਹਨੂੰ ਝੱਟ ਤਾੜ ਦਿੰਦੀ, "ਅੱਗਾ ਪਿੱਛਾ ਦੇਖ ਕੇ ਬੋਲਿਆ ਕਰ ਓਏ ਮੁੰਡਿਆ। ਵਕਤ ਦੇਖ ਉੱਤੋਂ ਕਿਹੜੈ...?"

ਵਾਕਿਆ ਹੀ ਉਹ ਵਕਤ ਬੜਾ ਭਾਅਦਾ ਸੀ। ਪਤਾ ਨਹੀਂ ਲੋਕ ਵਕਤ ਨਾਲ ਝਗੜ ਰਹੇ ਸਨ ਜਾਂ ਵਕਤ ਲੋਕਾਂ ਨਾਲ ਝਗੜ ਰਿਹਾ ਸੀ। ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਕਤਲਾਂ ਦਾ ਹੀ ਜ਼ਿਕਰ ਹੁੰਦਾ। ਰੇਡੀਓ-ਟੈਲੀਵਿਜ਼ਨ 'ਤੇ ਵੀ ਕਤਲਾਂ ਦੀਆਂ ਹੀ ਖ਼ਬਰਾਂ। ਅਸਾਲਟਾਂ ਦੀਆਂ ਨਾਲੀਆਂ ਵਿਚਕਾਰ ਫਸਿਆ ਬੰਦਾ ਇਕ ਲਫ਼ਜ਼ ਬੋਲਣ ਤੋਂ ਪਹਿਲਾਂ ਸੌ ਵਾਰੀ ਸੋਚਦਾ। ਇਕ ਕਦਮ ਚੁੱਕਣ ਤੋਂ ਪਹਿਲਾਂ ਪੈਰਾਂ ਨੂੰ ਠਣਕਾ ਕੇ ਵੇਖਦਾ। ਜੇ ਮਾੜੀ-ਮੋਟੀ ਵੀ ਖ਼ਤਾ ਹੋ ਜਾਂਦੀ ਤਾਂ ਸਿੱਧੀ ਮੌਤ। ਸੁੱਕੀ-ਗਿੱਲੀ ਸਭ ਜਲ ਰਹੀ ਸੀ।

ਪਰ ਬਾਵਾ ਤਾਂ ਸਮਝਦਾਰ ਸੀ। ਬਾਪੂ ਦੀ ਤਾੜਨਾ ਸੁਣਕੇ ਉਹ ਚੁੱਪ ਸਾਧ ਲੈਂਦਾ। ਪੈਰ ਬਚਾ-ਬਚਾ ਕੇ ਤੁਰਦਾ। ਜਿੱਥੇ ਵੀ ਕੋਈ ਪੋਸਟ ਨਿਕਲਦੀ ਅਪਲਾਈ ਕਰੀ ਜਾਂਦਾ। ਤੇ ਇੰਟਰਵਿਊ ਦੀ ਚਿੱਠੀ ਉਡੀਕਣ ਲੱਗਦਾ।

ਪਰ ਹੌਲੀ-ਹੌਲੀ ਉਹ ਚਿੱਠੀਆਂ ਤੋਂ ਵੀ ਅੱਕ ਗਿਆ ਸੀ। ਜਦੋਂ ਵੀ ਚਿੱਠੀ ਆਉਂਦੀ ਉਹ ਹੱਸਣ ਲੱਗ ਪੈਂਦਾ, "ਆ ਗਿਆ ਮਜ਼ਾਕੀਆ-ਪੱਤਰ....!'

ਮਜ਼ਾਕ ਹੀ ਤਾਂ ਹੋ ਰਿਹਾ ਸੀ। ਪਹਿਲਾਂ ਤਾਂ ਉਨ੍ਹੀਂ ਦਿਨੀਂ ਪੋਸਟਾਂ ਹੀ ਬਹੁਤ ਘੱਟ ਨਿਕਲਦੀਆਂ। ਕਈ ਵਾਰੀ ਤਾਂ ਜਾਦੂਗਰ ਵਾਂਗ ਟਰਿਕ ਹੀ ਖੇਡਿਆ ਜਾਂਦਾ। ਬੰਦੇ ਪਹਿਲਾਂ ਰੱਖ ਲਏ ਜਾਂਦੇ। ਖਾਨਾ-ਪੂਰਤੀ ਲਈ ਪਿੱਛੋਂ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਦਿੱਤਾ ਜਾਂਦਾ। ਜੇ ਕੋਈ ਸਹੀ ਪੋਸਟ ਨਿੱਕਲਦੀ ਵੀ ਤਾਂ ਉਸ 'ਤੇ ਹਜ਼ਾਰਾਂ ਬੰਦਾ ਝਪਟ ਪੈਂਦਾ। ਫਿਰ ਬੋਲੀ ਲੱਗਦੀ। ਜਿਹੜਾ ਵੀ ਵੱਧ ਰੇਟ ਦਿੰਦਾ। ਉਹੀ ਪੋਸਟ ਦਾ

ਹੱਕਦਾਰ ਹੁੰਦਾ। ਮਾੜੇ ਬੰਦੇ ਦਾ ਕੁਝ ਨਹੀਂ ਸੀ ਵੱਟੀਂਦਾ। ਨਿਰਾਸ਼ ਹੋ ਕੇ ਉਹ ਘਰ ਨੂੰ ਪਰਤ ਪੈਂਦਾ।

ਇਕ ਦਿਨ ਘਰੇ ਆਇਆ ਸਾਡਾ ਇਕ ਰਿਸ਼ਤੇਦਾਰ ਕਹਿੰਦਾ, "ਮਜ਼ਾਕ ਦੀ ਗੱਲ ਨੀ ਕਾਕਾ...! ਵਕਤ ਮੁਤਾਬਕ ਪੱਤਾ ਖੇਡੋ....! ਆਹ ਰੌਲੇ-ਗੌਲੇ ਦਾ ਫਾਇਦਾ ਉਠਾਓ...! ਜੇ ਨੌਕਰੀ ਲੈਣੀ ਐ ਪੈਸੇ ਤਾਂ ਦੇਣੇ ਹੀ ਪੈਣਗੇ।"

"ਕਿੰਨੇ ਪੈਸੇ....?" ਬਾਪੂ ਨੇ ਪੁੱਛਿਆ।

"ਘੱਟੋ-ਘੱਟ ਸੱਤਰ-ਅੱਸੀ ਹਜ਼ਾਰ ਤਾਂ ਆਮ ਚੱਲਦੈ...!" ਰਿਸ਼ਤੇਦਾਰ ਨੇ ਬੋਲੀ ਕਰਨ ਵਾਲਿਆਂ ਵਾਂਗ ਉਂਗਲ ਖੜ੍ਹੀ ਕੀਤੀ।

ਸੁਣਕੇ ਬਾਪੂ ਦਾ ਮੂੰਹ ਅੱਡਿਆ ਰਹਿ ਗਿਆ ਸੀ। ਕਿੱਥੋਂ ਆਉਂਦਾ ਐਨਾ ਪੈਸਾ। ਹਾਰ ਕੇ ਬਾਵਾ ਵੀ ਬਾਪੂ ਨਾਲ ਖੇਤੀ ਵਿਚ ਜੁਟ ਗਿਆ ਸੀ। ਨਾਲ-ਨਾਲ ਉਹ ਪ੍ਰਾਈਵੇਟ ਫੈਕਟਰੀਆਂ ਵਿਚ ਵੀ ਅਪਲਾਈ ਕਰੀ ਜਾਂਦਾ।

ਇਕ ਦਿਨ ਸਾਰੇ ਘਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ। ਮਲੇਰਕੋਟਲੇ ਤੋਂ ਇਕ ਪ੍ਰਾਈਵੇਟ ਫੈਕਟਰੀ ਵਿਚੋਂ ਬਾਵੇ ਨੂੰ ਇੰਟਰਵਿਊ ਦੀ ਚਿੱਠੀ ਆਈ। ਬਿਨਾਂ ਸਿਫਾਰਸ਼ ਬਿਨਾਂ ਰਿਸ਼ਵਤ। ਮਿਥੀ ਤਾਰੀਕ 'ਤੇ ਬਾਵਾ ਇੰਟਰਵਿਊ ਦੇ ਆਇਆ। ਚੁਣ ਵੀ ਲਿਆ ਗਿਆ ਤੇ ਸੁਪਰਵਾਈਜ਼ਰ ਦੀ ਪੋਸਟ 'ਤੇ ਜੁਆਇਨ ਕਰਨ ਲਈ ਤਰੀਕ ਵੀ ਦੇ ਦਿੱਤੀ।

ਪਰ ਜਿੱਦਣ ਉਹਨੇ ਪਹਿਲੇ ਹੀ ਦਿਨ ਕੰਮ 'ਤੇ ਜਾਣਾ ਸੀ...।

ਵਿਚ ਇਕ ਰੋਕ ਆ ਕੇ ਖੜ੍ਹ ਗਈ...।

ਕਿਸੇ ਖਾੜਕੂ ਜਥੇਬੰਦੀ ਨੇ ਓਦਣ ਪੰਜਾਬ ਬੰਦ ਦਾ ਸੱਦਾ ਦੇ ਦਿੱਤਾ। ਅਖ਼ਬਾਰਾਂ ਦੇ ਫਰੰਟ-ਪੇਜ 'ਤੇ ਖ਼ਬਰਾਂ ਛਪੀਆਂ। ਉਨ੍ਹੀਂ ਦਿਨੀਂ ਬੰਦ ਦੇ ਸੱਦੇ ਆਉਣੇ ਆਮ ਗੱਲ ਸੀ। ਜਿਉਂ ਹੀ ਸੱਦਾ ਆਉਂਦਾ, ਹਰ ਸ਼ਖ਼ਸ ਸਹਿਮੀ ਹੋਈ ਚੁੱਪ ਧਾਰ ਲੈਂਦਾ। ਚੱਲਦਾ ਕੰਮ ਮੁਲਤਵੀ ਕਰ ਅਗਾਂਹ ਪਾ ਦਿੰਦਾ। ਪਰ ਡਰਦੀ-ਡਰਦੀ ਗੌਰਮਿੰਟ ਆਏ ਸੱਦੇ ਦੇ ਖ਼ਿਲਾਫ਼ ਭੁਗਤਦੀ। ਦੱਬੀ ਸੁਰ ਵਿਚ ਸਰਕਾਰੀ ਮਸ਼ੀਨਰੀ ਚੱਲਦੀ। ਪੁਲਿਸ ਪਹਿਰੇ ਹੇਠ ਟਾਵੀਆਂ-ਟਾਵੀਆਂ ਬੱਸਾਂ ਚੱਲਦੀਆਂ। ਉਂਝ ਤਾਂ ਕਿਸੇ ਨੂੰ ਸਫ਼ਰ ਦਾ ਖ਼ਿਆਲ ਤੱਕ ਨਾ ਆਉਂਦਾ। ਪਰ ਕਈਆਂ ਨੂੰ ਜਾਨ ਤਲੀ 'ਤੇ ਰੱਖ ਕੇ ਅਣਸਰਦੇ ਦਾ ਤਰਲਾ ਮਾਰਨਾ ਹੀ ਪੈਂਦਾ ਸੀ।

ਬਾਪੂ ਤੇ ਮਾਂ ਵੀ ਡਰ ਗਏ ਸਨ, "ਨਾ ਭਾਈ ਨਾ....! ਅੱਜ ਨੀ ਜਾਣਾ.... ਜਾਨ ਤੋਂ ਉੱਪਰ ਕੁਝ ਨੀ...! ਨਾਲੇ ਅੱਜ ਉਹ ਫੈਕਟਰੀ ਬੰਦ ਨੀ ਹੋਊ...,"

ਪਰ ਬਾਵਾ ਜਾਣ ਦੇ ਹੱਕ ਵਿਚ ਸੀ, "ਇਹ ਤਾਂ ਕੋਈ ਟੈਮ ਈ ਹੁੰਦੈ....। ਜਿਹੜਾ ਸਾਂਭ ਗਿਆ ਸੋ ਸਾਂਭ ਗਿਆ...। ਜੀਹਨੇ ਮਰਨੈ ਉਹ ਤਾਂ ਘਰੇ ਬੈਠਾ ਵੀ ਨੀ ਬਚਦਾ...। ਨਾਲੇ ਜੇ ਫੈਕਟਰੀ ਖੁੱਲ੍ਹੀ ਹੋਈ ਮੈਂ ਤਾਂ ਮਾਜਿਆ ਜਾਊਂ ਕਿ ਨਹੀਂ....?"

"ਮਸਾਂ ਤਾਂ ਕਿਤੇ ਹੱਥ ਪਿਐ ਬਾਪੂ... ਕੁਝ ਨੀ ਹੁੰਦਾ ਤੁਸੀਂ ਜਾਣ ਦਿਓ...।" ਮੈਂ ਵੀ ਉਹਦੇ ਹੱਕ ਵਿਚ ਹੀ ਬੋਲਿਆ।

ਖਾਸੀ ਬਹਿਸਬਾਜ਼ੀ ਤੋਂ ਬਾਅਦ ਬਾਪੂ ਹੋਰੀਂ ਮੰਨ ਗਏ ਸਨ।



ਮੈਂ ਹੀ ਬਾਵੇ ਨੂੰ ਸਾਇਕਲ 'ਤੇ ਅੱਡੇ ਤੱਕ ਛੱਡ ਕੇ ਆਇਆ। ਮਲੇਰਕੋਟਲੇ ਵਾਲੀ ਬੱਸ ਵਿਚ ਮਸਾਂ ਚੌਥਾ ਹਿੱਸਾ ਸਵਾਰੀਆਂ ਸਨ। ਮੂਹਰੇ ਮਗਰ ਅਸਾਲਟਾਂ ਚੁੱਕੀ ਗਾਰਦ ਬੈਠੀ।

ਪਰ....ਉਸੇ ਦਿਨ...।

ਦੁਪਹਿਰ ਦਾ ਵਕਤ ਸੀ। ਜਦੋਂ ਨਾਈਆਂ ਦੇ ਕੁੱਕੀ ਨਾਲ ਪੰਜ ਛੇ ਬੰਦੇ ਸਾਡੇ ਘਰੇ ਆਏ। ਸਭ ਦੇ ਮੂੰਹ ਉੱਡੇ ਪਏ ਸਨ। ਜ਼ੁਬਾਨ ਸਾਥ ਨਹੀਂ ਸੀ ਦੇ ਰਹੀ।

"ਓਏ ਬੋਲੋ ਵੀ ਹੁਣ ਕੁਝ...?" ਜਦੋਂ ਬਾਪੂ ਭੱਜ ਕੇ ਪਿਆ ਤਾਂ ਆਏ ਬੰਦਿਆਂ ਵਿਚੋਂ ਕੁੱਕੀ ਹੀ ਬੋਲਿਆ। ਬੋਲਿਆ ਕਾਹਦਾ...! ਉਹਦੇ ਮੂੰਹੋਂ ਨਿਕਲੇ ਬੋਲਾਂ ਨੇ ਸਾਨੂੰ ਹਿਲਾ ਕੇ ਰੱਖ ਦਿੱਤਾ। ਇਕੋ ਸਾਹੇ ਬੋਲ ਕੇ ਉਹ ਹੌਕਣ ਲੱਗ ਪਿਆ। ਸੁਣ ਕੇ ਨਾਲ ਦੀ ਨਾਲ ਮਾਂ ਧਰਤੀ 'ਤੇ ਡਿੱਗ ਪਈ ਸੀ।

ਸਿਰਫ ਮੈਂ ਤੇ ਬਾਪੂ। ਫਸਲ ਵਿਚ ਗੱਡੇ ਡਰਨੇ ਵਾਂਗ ਖੜ੍ਹੇ ਖ਼ਾਲੀ ਵਿਹੜੇ ਨੂੰ ਤਾੜ ਰਹੇ ਸਾਂ। ਸੁਣਿਆ ਵਾਕਾ ਸਾਡੀਆਂ ਅੱਖਾਂ ਮੂਹਰੇ ਸੀਨ ਬਣਦਾ ਜਾ ਰਿਹਾ ਸੀ।

ਸਾਡੀਆਂ ਅੱਖਾਂ ਮੂਹਰੇ ਮਾਹੋਰਾਣੇ ਵਾਲੀ ਨਹਿਰ ਦਾ ਪੁਲ ਤੈਰਨ ਲੱਗ ਪਿਆ।

ਪੁਲ੍ਹਾਂ 'ਤੇ ਨਾਕਾ ਲੱਗਿਆ ਹੋਇਆ ਸੀ।

ਮੈਂ ਤੇ ਬਾਪੂ ਅੱਖਾਂ ਪਾੜ-ਪਾੜ ਝਾਕ ਰਹੇ ਸਾਂ।

ਸ਼ੀਸ਼ਿਆਂ ਵਿਚ ਦੀ ਸਵਾਰੀਆਂ ਵੀ ਝਾਕ ਰਹੀਆਂ ਸਨ। ਬਸ ਪੁਲਾਂ ਦੇ ਵਿਚਕਾਰ ਖੜ੍ਹੀ ਸੀ। ਪੁਲਾਂ ਦੇ ਪਰਲੇ ਪਾਸੇ ਪੁਲਿਸ ਤੇ ਸੀ.ਆਰ.ਪੀ. ਦੀਆਂ ਗੱਡੀਆਂ, ਜੀਪਾਂ, ਜਿਪਸੀਆਂ, ਆਲਵਿਨ ਨਿਸ਼ਾਨ ਤੇ ਬੁਲਟ-ਪਰੂਫ ਟਰੈਕਟਰ।

ਵਿਹੜੇ ਵਿਚ ਖੜ੍ਹਿਆਂ ਨੂੰ ਸਾਨੂੰ ਮਹਾਂਭਾਰਤ ਵਾਲੇ ਸੰਜੇ ਵਾਂਗ ਸਭ ਕੁਝ ਦਿਸ ਰਿਹਾ ਸੀ।

"ਹੇ ਖ਼ਬਰਦਾਰ!... ਅਗਰ ਕੋਈ ਹਿਲਾ ਤੋ ਵਹੀਂ ਗੋਲੀ ਮਾਰ ਦੇਗਾ ਸਾਲਾ।... ਨੀਚੇ ਉਤਰੋ!....ਨੀਚੇ ਉਤਰੋ....!" ਗਾਲ੍ਹਾਂ ਕੱਢਦੀ ਸੀ.ਆਰ.ਪੀ. ਦੀ ਧਾੜ ਬਸ ਵਿਚ ਆ ਚੜ੍ਹੀ। ਵਿਚ ਬੈਠੀਆਂ ਸਵਾਰੀਆਂ ਦਾ ਸਾਹ ਸੁੱਕ ਗਿਆ। ਉਨ੍ਹਾਂ ਵਿਚ ਨਾਈਆਂ ਦਾ ਕੁੱਕੀ ਵੀ ਬੈਠਾ ਸੀ। ਸਾਡੇ ਕਸਬੇ ਦੇ ਕਈ ਬੰਦੇ ਹੋਰ ਵੀ। ਸਭ ਨੂੰ ਜਾਨ ਦਾ ਖੌਅ ਚਿੰਬੜ ਗਿਆ।

ਡਰੀ ਸਹਿਮੀ ਇਕੱਲੀ-ਇਕੱਲੀ ਸਵਾਰੀ ਹੇਠਾਂ ਉਤਰ ਰਹੀ ਸੀ। ਸਭ ਦੀ ਤਲਾਸ਼ੀ ਹੋ ਰਹੀ ਸੀ। ਸੀ.ਆਰ.ਪੀ. ਦਾ ਕਮਾਂਡਰ ਕਿਸੇ ਖਾੜਕੂ ਦੀ ਫੋਟੋ ਚੁੱਕੀ ਖੜ੍ਹਾ ਸੀ। ਹਰ ਉਤਰਨ ਵਾਲੀ ਸਵਾਰੀ ਦਾ ਚਿਹਰਾ ਉਹ ਫੋਟੋ ਨਾਲ ਮਿਲਾਉਂਦਾ।

ਜਿਉਂ ਹੀ ਬਾਵਾ ਹੇਠਾਂ ਉਤਰਿਆ। ਕਮਾਂਡਰ ਚੀਕ ਪਿਆ, "ਯੇਹ ਰਹਾ!... ਯੇਹ ਰਹਾ...! ਪਕੜੋ!...ਪਕੜੋ...!!"

ਸੁਣ ਕੇ ਸਭ ਸੁੰਨ। ਬਾਵੇ ਦਾ ਰੰਗ ਉੱਡ ਗਿਆ। ਫੋਟੋ ਵਿਚਲੇ ਖਾੜਕੂ ਦੀ ਸ਼ਕਲ ਹੂ-ਬ-ਹੂ ਬਾਵੇ ਨਾਲ ਮਿਲਦੀ ਸੀ।

ਹੁਕਮ ਮਿਲਦਿਆਂ ਹੀ ਬਾਕੀ ਸਵਾਰੀਆਂ ਬਸ ਵਿੱਚ ਚੜ੍ਹ ਰਹੀਆਂ ਸਨ। ਹੇਠਾਂ ਖਾਕੀ ਬਾਹਾਂ ਵਿਚ ਜਕੜਿਆ ਬਾਵਾ ਉੱਚੀ-ਉੱਚੀ ਰੌਲ਼ਾ ਪਾ ਰਿਹਾ ਸੀ।

ਸੰਗੀਨਾਂ ਦੀ ਨੋਕ ਹੇਠਾਂ ਕੰਡਕਟਰ ਨੇ ਸੀਟੀ ਮਾਰੀ। ਡਰਾਇਵਰ ਨੇ ਸੈਲਫ ਮਾਰੀ। ਗੂੰਜ ਪਾਉਂਦੀ ਬਸ ਮਲੇਰਕੋਟਲੇ ਵੱਲ ਨੂੰ ਭੱਜੀ ਜਾ ਰਹੀ ਸੀ। ਵਿਚ ਬੈਠੀਆਂ ਸਵਾਰੀਆਂ ਸ਼ੀਸ਼ਿਆਂ ਵਿਚ ਦੀ ਪਿਛਾਂਹ ਨੂੰ ਝਾਕ ਰਹੀਆਂ ਸਨ।

ਮੈਂ ਤੇ ਬਾਪੂ ਸੁੰਨ ਹੋਏ ਵੇਖ ਰਹੇ ਸਾਂ।

ਸੀ.ਆਰ.ਪੀ. ਦੇ ਕਮਾਂਡਰ ਦਾ ਹੁਕਮ।... ਅਸਾਲਟਾਂ ਦੀ ਤਾੜ-ਤਾੜ...।

ਲਹੂ-ਲੁਹਾਣ ਹੋਇਆ ਬਾਵਾ ਸੜਕ 'ਤੇ ਡਿੱਗਿਆ ਪਿਆ ਸੀ।

ਮੈਂ ਤੇ ਬਾਪੂ ਵਿਹੜੇ ਵਿਚ ਖੜ੍ਹੇ ਡੁੱਬੀ ਰੋ ਰਹੇ ਸਾਂ।

ਮੰਜੇ ਦੀ ਬਾਹੀ 'ਤੇ ਮੈਂ ਰੋਣ ਵਾਲਾ ਹੋਇਆ ਬੈਠਾ ਸੀ। ਬੈਠੇ-ਬੈਠੇ ਨੂੰ ਲੱਗਿਆ ਜਿਵੇਂ ਮੇਰੇ ਦੋਵੇਂ ਹੱਥ ਲਹੂ ਨਾਲ ਭਿੱਜ ਗਏ ਹੋਣ। ਤ੍ਰਬਕ ਕੇ ਮੈਂ ਹੱਥਾਂ ਵੱਲ ਨੂੰ ਝਾਕਿਆ। ਦੋਵੇਂ ਹੱਥ ਚਿਪ-ਚਿਪੇ ਜਿਹੇ ਹੋਏ ਪਏ ਸਨ। ਪੱਖੇ ਹੇਠਾਂ ਵੀ ਮੈਨੂੰ ਗਰਮੀ ਆ ਰਹੀ ਸੀ। ਚਾਦਰੇ ਨਾਲ ਹੱਥ ਪੂੰਝ ਕੇ ਮੈਂ ਫਿਰ ਉੱਠ ਖੜ੍ਹਿਆ। ਤਣਾਅ ਵਧਦਾ ਹੀ ਜਾ ਰਿਹਾ ਸੀ। ਸਾਰੇ ਜਿਸਮ ਨੂੰ ਤੋੜ ਜਿਹੀ ਲੱਗ ਉੱਠੀ। ਅੱਖਾਂ ਚਾਰ-ਬਤੇਰੀ ਵਾਂਗ ਘੁੰਮਣ ਲੱਗੀਆਂ। ਕਮਲਿਆਂ ਵਾਂਗ ਮੈਂ ਆਲੇ-ਦੁਆਲੇ ਝਾਕਣ ਲੱਗਿਆ। ਸਾਹਮਣੇ ਕਮਰੇ ਵਿਚ ਪੱਖੇ ਹੇਠਾਂ ਪਏ ਪਰਛਾਵੇਂ। ਮਾਂ, ਰਮਨ ਤੇ ਚਾਰ ਕੁ ਸਾਲਾਂ ਦੀ ਡਿੰਪੀ।

...ਤੇ ਵਰਾਂਡੇ ਵਿਚ ਬੇਸੁਰਤ ਹੋਇਆ ਪਿਆ ਬਾਪੂ। ਉਹਦੇ ਨਸ਼ਤਰ ਵਾਂਗ ਚੱਲਦੇ ਘਰਾੜੇ।

ਮੇਰੇ ਅੰਦਰਲਾ ਤਣਾਅ ਵੀ ਤਿੱਖਾ ਹੋ ਗਿਆ। ਹੋਰ ਖੜ੍ਹਨਾ ਔਖਾ ਹੋ ਗਿਆ। ਦੱਬੇ ਪੈਰੀਂ ਬਾਪੂ ਦੇ ਸਿਰਹਾਣੇ ਹੇਠੋਂ ਚਾਬੀ ਚੁੱਕ ਮੈਂ ਬਾਹਰਲੇ ਗੇਟ ਵੱਲ ਨੂੰ ਤੁਰ ਪਿਆ। ਜਿੰਦਾ ਖੋਲ੍ਹਣ ਸਾਰ ਹੀ ਮੇਰੀ ਸੁਰਤੀ ਪਿਛਾਂਹ ਨੂੰ ਘੁੰਮੀ। ਕੰਨ ਮਾਂ ਦੀ ਆਵਾਜ਼ ਸੁਣਨ ਲਈ ਚੁਕੰਨੇ ਹੋ ਗਏ। ਛੋਟਾ ਹੁੰਦਾ ਜੇ ਮੈਂ ਹਨੇਰੇ ਹੋਏ ਬਾਹਰ ਨੂੰ ਤੁਰਦਾ, ਮਾਂ ਦੀ ਤਾੜਨਾ ਮੇਰੇ ਪੈਰ ਬੰਨ੍ਹ ਦਿੰਦੀ। ਮੈਂ ਪੁੱਠੇ ਪੈਰੀਂ ਪਿਛਾਂਹ ਪਰਤ ਲੈਂਦਾ।

ਪਰ ਹੁਣ! ਸ਼ਾਇਦ ਮੈਂ ਜਵਾਨ ਹੋ ਗਿਆ ਸੀ। ਵਿਆਹਿਆ-ਵਰਿਆ। ਇਕ ਧੀ ਦਾ ਪਿਉ। ਕੈਸੀ ਬਣ ਗਈ ਸੀ ਮੇਰੀ ਹੁਣ ਦੀ ਜ਼ਿੰਦਗੀ। ਹਰ ਦੂਜੇ-ਤੀਜੇ ਦਿਨ ਮੇਰੀ ਬੇਚੈਨੀ ਸਿਖਰਾਂ ਛੂਹਣ ਲੱਗ ਪੈਂਦੀ। ਟੈਨਸ਼ਨ ਵਿਚ ਆਇਆ ਮੈਂ ਵਿਹੜੇ ਵਿਚ ਗੇੜੇ ਕੱਢਣ ਲੱਗ ਪੈਂਦਾ। ਕਦੇ-ਕਦੇ ਤਾਂ ਗੇਟ ਖੋਲ੍ਹ ਕੇ ਬਾਹਰ ਨਿਕਲ ਜਾਂਦਾ। ਸਾਰੀ-ਸਾਰੀ ਰਾਤ ਸੁੰਨੀਆਂ ਸੜਕਾਂ 'ਤੇ ਆਵਾਰਗੀ ਕਰਦਾ ਰਹਿੰਦਾ। ਪਰ ਮਾਂ ਨਹੀਂ ਸੀ ਰੋਕਦੀ।

ਤੇ ਰਮਨ...। ਉਹਨੇ ਤਾਂ ਰੋਕਣਾ ਹੀ ਕੀ ਸੀ। ਉਹਦੀ ਮੇਰੇ ਨਾਲ ਪਤਾ ਨਹੀਂ ਮੇਰੀ ਉਹਦੇ ਨਾਲ। ਰੋਜ਼ ਹੀ ਖੜਕਣ ਲੱਗ ਪਈ ਸੀ। ਸਾਡੀ ਵਿਆਹੁਤਾ ਜ਼ਿੰਦਗੀ ਬੇਸੁਆਦੀ ਬਣ ਗਈ। ਸਾਡੇ ਵਿਚਕਾਰ ਤਣਾਅ ਭਰ ਗਿਆ ਸੀ। ਸਵੇਰ ਤੋਂ ਸ਼ਾਮ ਤੱਕ ਉਹਦੀਆਂ ਅੱਖਾਂ ਵਿਚ ਨਫ਼ਰਤ ਰਹਿੰਦੀ। ਉਹਦੀ ਅਵਾਜ਼ ਵਿਚ ਜ਼ਹਿਰ ਹੁੰਦਾ। ਮੇਰੀ ਮਾਨਸਿਕ ਦਸ਼ਾ ਤੋਂ ਬੇਖ਼ਬਰ ਪਤਾ ਨਹੀਂ ਉਹ ਕਦੋਂ ਕੀ ਆਖ ਦਿੰਦੀ।

ਜੋ ਅੱਜ ਸਵੇਰੇ ਵਾਪਰਿਆ, ਉਹ ਹਰ ਤੀਜੇ ਦਿਨ ਦੀ ਕਹਾਣੀ ਸੀ।

ਸਵੇਰੇ ਸੱਤ ਕੁ ਵਜੇ ਦਾ ਵਕਤ ਸੀ।



"ਜੀ ਮੇਰੇ ਕੋਲ ਤਾਂ ਕੋਈ ਸੂਟ ਵੀ ਨੀ ਰਿਹਾ ਪਾਉਣ ਆਲਾ...।" ਡਰੈਸਿੰਗ-ਟੇਬਲ ਮੂਹਰੇ ਤਿਆਰ ਹੁੰਦਿਆਂ ਰਮਨ ਨੇ ਐਨਾ ਹੀ ਰਹੱਸ-ਉਦਘਾਟਨ ਕੀਤਾ ਸੀ।

"ਹੈਂਅ!...ਸੂਟ ਨੀ ਰਿਹਾ...!...ਅਲਮਾਰੀ 'ਚ ਕਿੰਨੇ ਤਾਂ ਪਏ ਨੇ...!" ਅਖ਼ਬਾਰ ਪੜ੍ਹਨਾ ਛੱਡ ਮੈਂ ਕੁਰਸੀ 'ਤੇ ਸਿੱਧਾ ਹੋ ਕੇ ਬੈਠ ਗਿਆ।

"ਉਹ ਤਾਂ ਮੇਰੇ ਪੇਕਿਆਂ ਦੇ ਦਿੱਤੇ ਨੇ!... ਜਾਂ ਫੇਰ ਬਰੀ ਆਲੇ ਪਏ ਨੇ!..ਤੁਸੀਂ ਆਪਣੀ ਗੱਲ ਕਰੋ!...ਵਿਆਹ ਪਿੱਛੋਂ ਕਿੰਨੇ ਕੁ ਲੈ ਕੇ ਦਿੱਤੇ ਨੇ...?" ਵਾਲ ਵਾਹ ਕੇ ਜੂੜਾ ਕਰਦਿਆਂ ਉਹਨੇ ਜ਼ੁਬਾਨ ਖੋਲ੍ਹ ਲਈ।

ਮੇਰੇ ਜਵਾਬ ਤੋਂ ਪਹਿਲਾਂ ਹੀ ਉਹਨੇ ਅਗਲਾ ਵਾਰ ਕੀਤਾ, "ਮੇਰੇ ਨਾਲ ਦੀਆਂ ਐਨੇ ਸੋਹਣੇ ਘਰੀਂ ਵਿਆਹੀਆਂ ਨੇ!...ਇਕ ਲਾਹੁੰਦੀਆਂ ਇਕ ਪਾਉਂਦੀਆਂ ਨੇ!... ਹਰ ਸਾਲ ਕਿਤੇ ਨਾ ਕਿਤੇ ਟੂਰ 'ਤੇ ਜਾਂਦੀਆਂ ਨੇ!...ਐਥੇ ਇਕ ਮੈਂ ਆਂ!.. ਵਿਆਹ ਤੋਂ ਬਾਅਦ ਨਾ ਸੂਟ ਨਾ ਟੂਰ...ਨਾ ਕੋਈ ਗੱਲ ਨਾ ਬਾਤ।... ਮੇਰੇ ਸਾਰੇ ਸੁਪਨੇ ਰਾਖ ਕਰਤੇ ਤੁਸੀਂ...।"

"ਦੇਖ ਰਮਨ!...ਮੈਂ ਤੈਨੂੰ ਪਹਿਲੀ ਰਾਤ ਈ ਦੱਸ ਦਿੱਤਾ ਤੀ ਕਿ ਮੈਂ ਅਜੇ ਬੇਰੁਜ਼ਗਾਰ ਆਂ!...ਮੇਰੇ ਕੋਲ ਜਿੰਨੇ ਵੀ ਸਾਧਨ ਨੇ ਮੈਂ ਤੈਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰੂੰਗਾ!....ਜਦੋਂ ਨੌਕਰੀ ਮਿਲਗੀ...!" ਜ਼ਬਤ ਤੋਂ ਕੰਮ ਲੈਂਦਿਆਂ ਮੈਂ ਉਹਨੂੰ ਪਹਿਲੀ ਰਾਤ ਦਾ ਵਾਅਦਾ ਯਾਦ ਕਰਵਾਇਆ।

"ਹੂੰਅ!...ਜਦੋਂ ਨੌਕਰੀ ਮਿਲਗੀ!..ਖਾਣ ਪਹਿਨਣ ਦੇ ਦਿਨ ਤਾਂ ਆਹੀ ਨੇ ਸਰਦਾਰ ਸਾਹਿਬ!...ਫੇਰ ਤੀਆਂ ਪਿੱਛੋਂ ਕੀ ਲੂੰਗੀ ਫੂਕਣੀ ਐ!...ਨਾਲੇ ਥੋਡੀ ਨੌਕਰੀ ਦਾ ਕੀ ਪਤਾ ਮਿਲਣੀ ਐ ਜਾਂ ਨਹੀਂ...!" ਰੁਮਾਲ ਚੁੱਕ ਕੇ ਪਰਸ ਮੋਢੇ ਟੰਗਦਿਆਂ ਉਹਨੇ ਜ਼ਹਿਰੀਲਾ ਵਿਅੰਗ ਛੱਡਿਆ।

ਉਹਦੀ ਗੱਲ ਮੈਨੂੰ ਸੂਲ ਵਾਂਗ ਚੁੱਭੀ। ਮੈਂ ਹੌਂਸਲਾ ਅਖ਼ਬਾਰ ਵਗਾਹ ਕੇ ਔਹ ਮਾਰਿਆ, "ਜੇ ਮੂੰਹ ਨੀ ਚੱਜਦਾ ਤਾਂ ਗੱਲ ਤਾਂ ਚੱਜਦੀ ਕਰ ਲੈ...।"

"ਹੁਣ ਮੂੰਹ ਨੀ ਚੱਜਦਾ!...ਜਦੋਂ ਵਿਆਹ ਕੇ ਲਿਆਂਦੀ ਤੀ ਓਦੋਂ ਨੀ ਦਿਸਿਆ।... ਐਨਾ ਤੀ ਓਦੋਂ....?" ਤੁਸੀਂ ਤੋਂ ਤੂੰ 'ਤੇ ਆਉਂਦਿਆਂ ਉਹਦਾ ਗੋਰਾ-ਚਿੱਟਾ ਚਿਹਰਾ ਲਾਲੀ ਫੜਨ ਲੱਗ ਪਿਆ, "...ਨਾਲੇ ਕੋਈ ਲੋੜ ਨੀ ਮੈਨੂੰ ਸਕੂਲੋਂ ਲਿਆਉਣ-ਛੱਡਣ ਦਾ ਦਿਖਾਵਾ ਕਰਨ ਦੀ!...ਆਪੇ ਤੁਰ ਕੇ ਆ ਜੂੰ ਮੈਂ...!"

ਬੋਲ-ਕਬੋਲ ਕਰਦੀ ਉਹ ਬਾਹਰਲੇ ਗੇਟ ਵੱਲ ਨੂੰ ਤੁਰ ਪਈ। ਮੈਨੂੰ ਸਿਰਫ਼ 'ਤਲਾਕ' ਹੀ ਸੁਣ ਸਕਿਆ। ਉਹਦੇ ਅਗਲੇ ਲਫ਼ਜ਼ ਗੇਟ ਦੇ ਖੜਾਕੇ ਹੇਠਾਂ ਦਬ ਗਏ ਸਨ।

"ਵੇ ਕੀ ਲੜ ਗਿਆ ਥੋਡੇ ਤੜਕੇ ਈ...?" ਰਮਨ ਦੇ ਜਾਂਦਿਆਂ ਹੀ ਸਟੋਰ ਰੂਮ ਵੱਲੋਂ ਮਾਂ ਆ ਧਮਕੀ ਸੀ।

ਪਰ ਮੈਂ ਚੁੱਪ ਰਿਹਾ। ਮੇਰੇ ਅੰਦਰਲੇ ਨੂੰ ਕੋਈ ਸਮਝ ਹੀ ਨਹੀਂ ਸੀ ਰਿਹਾ।

ਮਾਂ ਓਕਣੇ ਸਲੋਕ ਸੁਣਾ ਰਹੀ ਸੀ, "ਕਿਸੇ ਕੰਮ ਨੂੰ ਨੀਂ ਕਹੀਂਦਾ!..ਕੁਸ਼ ਊਂ ਨੀ ਬੋਲੀਦਾ ਕਦੇ!...ਬਈ ਨਾ ਆਵਦੀਆਂ ਧੀਆਂ ਵਰਗੀ ਐ!...ਪਰ ਇਕ ਉਹ ਐ

ਮਿਰਚ ਜਿਹੀ।...ਸਾਰੀ ਦਿਹਾੜੀ ਘਰੂਟ ਵਰਗਾ ਮੂੰਹ ਬਣਾਈ ਰੱਖੂ।...ਜੇ ਖਾਣੀਆਂ ਲੋਕਾਂ ਦੀਆਂ ਵੀ ਬਹੂਆਂ ਨੇ।...ਦਗੜ-ਦਗੜ ਕਰਦੀਆਂ ਫਿਰਦੀਆਂ ਨੇ ਕੇਰਾਂ।...ਪਰ ਇਹਨੂੰ ਜਦੋਂ ਵੀ ਦੇਖੋ ਮੱਥੇ 'ਚ ਕਿੱਲ ਗੱਡਦੀ ਫਿਰੂ।...ਖਵਨੀ ਹੋਇਆ ਕੀ ਐ ਇਹਨੂੰ...,"

"ਹੋਣਾ ਕੀ ਐ ਮਾਂ।...ਚੁੱਪ ਕਰਕੇ ਦਿਨ-ਕਟੀ ਕਰੀ ਚੱਲੋ...।" ਮੈਂ ਅਜੇ ਬੋਲਿਆ ਹੀ ਸੀ ਕਿ ਮਾਂ ਫਿਰ ਬੁੜ੍ਹਕ ਪਈ, "...ਆਹੋ ਹੁਣ ਤਾਂ ਦਿਨ ਕਟੀ ਓ ਕਰਾਉਂਗੇ!...ਹੋਰ ਕੀ ਭੁਲੇ ਭੁਲਾਉਣੇ ਨੇ ਤੁਸੀਂ!...ਸੋਚਿਆ ਤੀ ਆਵਦੇ ਬਾਪ ਨੂੰ ਹੋਦਾ ਲਾਉਂਗੇ ਮਾੜਾ ਮੋਟਾ।...ਪਰ ਥੋਡੇ ਤਾਂ ਆਵਦੇ ਈ ਇਸ਼ਨੇ-ਬਿਸ਼ਨੇ ਨੀ ਮੁੱਕਦੇ...।"

"ਇਸ਼ਨੇ-ਬਿਸ਼ਨਿਆਂ ਨੂੰ ਦੱਸ ਅਸੀਂ ਕੀ ਜਹਾਜ਼ 'ਤੇ ਚੜ੍ਹੇ ਫਿਰਦੇ ਆਂ।...ਜ਼ਰੂਰੀ ਲੋੜਾਂ ਈ ਨੀ ਪੂਰੀਆਂ ਹੁੰਦੀਆਂ ਸਾਲੀਆਂ।... ਤੇ ਤੂੰ ਊਈਂ ਢਾਹੀਂ ਜਾਨੀ ਐਂ....!" ਖਿਝ ਮੇਰੇ ਦਿਮਾਗ਼ ਨੂੰ ਚੜ੍ਹਨ ਲੱਗੀ।

"ਵੇ ਲੋੜਾਂ ਕਿਹੜੀਆਂ ਨੇ ਥੋਡੀਆਂ ਹੈਅ?...ਲੂਣ-ਤੇਲ-ਹਲਦੀ ਤੁਸੀਂ ਨੀ ਲਿਆਉਣੀ।...ਕੋਈ ਹੋਰ ਜਿੰਮੇਦਾਰੀ ਥੋਡੇ ਸਿਰ ਨੀ ਪਾਈ।...ਤੇ ਤੁਸੀਂ ਫੇਰ ਵੀ 'ਤਾਹਾਂ ਈ 'ਤਾਹਾਂ ਚੜ੍ਹੀ ਜਾਨੇ ਓ ਹੈਅ।...ਪਤੰਦਰ ਥੋੜਾ ਹੁਣ ਬੁਘੜੂ ਬੁਲਾਉਣ ਨੂੰ ਤਿਆਰ ਈ ਐ...!" ਧਮਕੀ ਜਿਹੀ ਦੇ ਕੇ ਗੋਦੀ ਚੁੱਕੀ ਡਿੰਪੀ ਨੂੰ ਵਰਾਉਂਦੀ ਮਾਂ ਨੰਦੀ ਦੇ ਘਰ ਨੂੰ ਚਲੀ ਗਈ ਸੀ।

"ਜਾਓ ਬੁਘੜੂ ਈ ਬੁਲਾ ਲਿਓ ਤੁਸੀਂ!...ਜੀਹਨੂੰ ਵੀ ਦੇਖੋ ਮੇਰੇ ਈ ਗਲ ਪੈਣ ਨੂੰ ਫਿਰਦੈ।..ਜਿਵੇਂ ਮੈਂ ਈ ਅਪਰਾਧੀ ਹੁੰਨਾ।...ਅੱਗ ਲੱਗਜੇ ਸਾਲੀ ਗੌਰਮਿੰਟ ਨੂੰ...! ਨੌਕਰੀ ਕਿਹੜਾ ਕੱਢੀ।" ਬੈਠਕ ਵਿਚ ਖਾਸਾ ਚਿਰ ਮੇਰੇ ਅੰਦਰਲੀ ਕੜਵਾਹਟ ਗੂੰਜਦੀ ਰਹੀ।

ਗੌਰਮਿੰਟ ਨੂੰ ਮੈਥੋਂ ਜਿੰਨੀਆਂ ਵੀ ਗਾਲ੍ਹਾਂ ਨਿਕਲੀਆਂ ਮੈਂ ਕੱਢੀਆਂ। ਭੜਾਸ ਕੱਢ ਕੇ ਮੈਂ ਬੈੱਡ ਦੇ ਢੋਜੇ ਨਾਲ ਢੂਹ ਲਾ ਲਈ ਸੀ। ਦਿਮਾਗ਼ ਨੂੰ ਚੜ੍ਹੀ ਗਰਮੀ ਲਾਹੁਣ ਲਈ ਡੈੱਕ ਲਾ ਲਿਆ। ਆਲਮ ਲੁਹਾਰ ਦੀ ਕੈਸਿਟ ਪਾ ਲਈ।..."ਆਪਣੀਆਂ ਸੋਚਾਂ ਵਿਚ ਆਪੇ ਡੁੱਬ ਜਾਈਦਾ...ਦਿਲ ਵਾਲਾ ਦੁੱਖੜਾ ਨੀ ਕਿਸੇ ਨੂੰ ਸੁਣਾਈਦਾ...।"...ਬੈਠਕ ਵਿਚ ਗੀਤ ਦੇ ਬੋਲ ਗੂੰਜਣ ਲੱਗ ਪਏ। ਗੀਤ ਸੁਣਦਾ ਮੈਂ ਪਤਾ ਨਹੀਂ ਕੀ-ਕੀ ਸੋਚਣ ਲੱਗ ਪਿਆ। ਸੋਚਦਾ-ਸੋਚਦਾ ਪਤਾ ਨਹੀਂ ਕਿੰਨਾ ਕੁ ਡੂੰਘਾ ਸੋਚਣ ਲੱਗ ਪਿਆ ਸੀ।

ਮਾਂ ਤੇ ਬਾਪੂ ਗਲਤ ਸਨ ਜਾਂ ਮੈਂ? ਰਮਨ ਦਾ ਵੱਢ ਖਾਣਾ ਰਵੱਈਆ ਜਾਇਜ਼ ਸੀ ਜਾਂ ਨਜਾਇਜ਼? ਮੈਨੂੰ ਕੁਝ ਵੀ ਸਮਝ ਨਾ ਆਉਂਦਾ। ਬਾਵੇ ਦੇ ਕਤਲ ਤੋਂ ਬਾਅਦ ਤਾਂ ਮੇਰੀ ਸੋਚ ਹੀ ਬਦਲ ਗਈ ਸੀ। ਹਰ ਬੇਈਮਾਨ ਤੇ ਭ੍ਰਿਸ਼ਟਾਚਾਰੀ ਬੰਦਾ ਮੈਨੂੰ ਉਹਦਾ ਕਤਲ ਨਜ਼ਰ ਆਉਂਦਾ। ਹਰ ਬੇਅਸੂਲੀ ਗੱਲ ਮੈਨੂੰ ਉਹਦੇ ਕਤਲ ਦਾ ਕਾਰਨ ਜਾਪਦੀ। ਛੋਟੀ-ਛੋਟੀ ਗੱਲ 'ਤੇ ਮੇਰਾ ਪਾਰਾ ਹਾਈ ਹੋ ਜਾਂਦਾ। ਕਈ ਸਾਲਾਂ ਤੋਂ ਬੇਰੁਜ਼ਗਾਰੀ ਨੇ ਵੀ ਪਾਰਾ ਹਾਈ ਕਰ ਰੱਖਿਆ ਸੀ। ਅਗਾਂਹ ਬਾਪੂ ਦਾ ਪਾਰਾ ਮੈਨੂੰ ਵੇਖ-ਵੇਖ ਹਾਈ ਹੋਈਂ ਜਾਂਦਾ। ਉਹਨੂੰ ਮੈਥੋਂ ਕੁਝ ਆਸਾਂ ਸਨ। ਪਰ ਮੈਂ ਕੀ ਕਰਦਾ? ਕਈ ਸਾਲਾਂ ਤੋਂ ਸਰਕਾਰੀ ਸਕੂਲਾਂ ਵਿਚ ਪੀ.ਟੀ.ਏ. ਫੰਡ 'ਤੇ ਕੰਮ ਕਰਦਾ ਆ ਰਿਹਾ ਸੀ। ਪਹਿਲਾਂ ਕਈ 'ਏਡਿਡ' ਸਕੂਲਾਂ ਵਿਚ ਵੀ ਅਪਲਾਈ ਕੀਤਾ। ਵਧੀਆ ਪੇ-ਸਕੇਲ ਹੋਣ ਕਾਰਨ ਹਰ ਸਕੂਲ ਦੀ



ਮੈਨੇਜਮੈਂਟ ਕਮੇਟੀ ਭਾਰੀ ਭੇਟਾ ਮੰਗਦੀ। ਮੈਂ ਕਿੱਥੋਂ ਦਿੰਦਾ? ਦਿੰਦੇ ਤਾਂ ਪਬਲਿਕ ਸਕੂਲਾਂ ਵਾਲੇ ਵੀ ਕੁਝ ਨਹੀਂ ਸਨ। ਹਜ਼ਾਰ ਖੰਡ ਦੇ ਕੇ ਬੰਦੇ ਦੀ ਖੱਲ ਲਾਹੁਣ ਤੱਕ ਜਾਂਦੇ। ਹਾਰ ਕੇ ਮੈਂ ਪੀ.ਟੀ.ਏ. ਫੰਡ 'ਤੇ ਸਰਕਾਰੀ ਸਕੂਲਾਂ ਵਿਚ ਜਾ ਲੱਗਿਆ ਸੀ। ਪੰਦਰਾਂ ਸੌ ਮਹੀਨਾ ਤਨਖਾਹ ਮਿਲਦੀ। ਵਿਆਹ ਤੋਂ ਛੇ ਕੁ ਮਹੀਨੇ ਬਾਅਦ ਰਮਨ ਵੀ ਇਕ ਪਬਲਿਕ ਸਕੂਲ ਵਿਚ ਜਾ ਲੱਗੀ ਸੀ। ਇਕ ਹਜ਼ਾਰ ਮਹੀਨਾ ਤਨਖਾਹ। ਸਾਡੀ ਦੋਵਾਂ ਦੀ ਕਮਾਈ ਊਠ ਦੇ ਮੂੰਹ ਜੀਰਾ ਦੇਣ ਵਾਲੀ ਗੱਲ ਸੀ। ਟੈਲੀਫੋਨ, ਕੇਬਲ ਟੀ.ਵੀ., ਅਖ਼ਬਾਰ ਦਾ ਬਿਲ ਤੇ ਡਿੰਪੀ ਦੀ ਸਕੂਲ ਫੀਸ। ਸਾਡੀ ਦੋਵਾਂ ਦੀ ਤਨਖਾਹ ਵੰਡੀ ਜਾਂਦੀ। ਜੋ ਬਚਦਾ ਉਸ ਵਿਚੋਂ ਸਕੂਟਰ ਦੀ ਕਿਸ਼ਤ ਭਰੀ ਜਾਂਦੀ। ਮੈਂ ਤਾਂ ਕਾਹਨੂੰ ਲੈਂਦਾ ਸੀ। ਰਮਨ ਨੇ ਹੀ ਖਹਿੜੇ ਪੈ ਕੇ ਦਵਾਇਆ। ਕਹਿੰਦੀ ਸਾਇਕਲ 'ਤੇ ਸਟੇਟਸ ਨਹੀਂ ਬਣਦਾ। ਟੈਲੀਫੋਨ, ਕੇਬਲ ਟੀ.ਵੀ. ਤੇ ਅਖ਼ਬਾਰ ਵੀ ਉਹਦੀ ਫਰਮਾਇਸ਼ ਸੀ। ਮੈਂ ਤਾਂ ਡਿੰਪੀ ਨੂੰ ਵੀ ਛੇਵੇਂ ਸਾਲ ਪ੍ਰਾਇਮਰੀ ਸਕੂਲ ਵਿਚ ਲਾਉਣਾ ਸੀ। ਪਰ ਰਮਨ ਦੀ ਜ਼ਿਦ 'ਤੇ ਚੌਥੇ ਸਾਲ ਹੀ ਪਬਲਿਕ ਸਕੂਲ ਵਿਚ ਐੱਲ.ਕੇ.ਜੀ ਵਿਚ ਐਡਮਿਸ਼ਨ ਕਰਾਉਣੀ ਪਈ। ਦੰਦਾਂ ਵਿਚ ਜੀਭ ਦੇ ਕੇ ਮੈਂ ਉਹਦੀ ਹਰ ਜ਼ਿਦ ਪੂਰੀ ਕਰਦਾ। ਨਿੱਤ ਨਵੇਂ ਸੂਟ ਦੀ ਮੰਗ ਕਰਨੀ ਉਹਦੀ ਸਭ ਤੋਂ ਵੱਡੀ ਜ਼ਿਦ ਹੁੰਦੀ ਸੀ। ਬੱਸ ਆਹੀ ਉਹ ਨੁਕਤਾ ਸੀ ਜਿਸ 'ਤੇ ਆ ਕੇ ਸਾਡੀ ਨਿੱਤ ਖੜਕਦੀ।

ਬਾਹਰਲੇ ਗੇਟ ਦੇ ਖੜਕੇ ਨਾਲ ਮੇਰੀ ਸੋਚ ਜਰਕ ਗਈ ਸੀ। ਆਲਮ ਲੁਹਾਰ ਦੀ ਕੈਸਿਟ ਓਕਣੇ ਚੱਲ ਰਹੀ ਸੀ। ਬੈੱਡ ਤੋਂ ਉੱਠ ਜਾਲੀਦਾਰ ਖਿੜਕੀ ਰਾਹੀਂ ਮੈਂ ਬਾਹਰ ਨੂੰ ਨਿਗਾਹ ਮਾਰੀ। ਬਾਪੂ ਅੰਦਰ ਨੂੰ ਸਾਇਕਲ ਲੰਘਾ ਰਿਹਾ ਸੀ। ਮੂਹਰੇ ਹੈਂਡਲ ਨਾਲ ਦਾਤੀਆਂ ਟੰਗੀਆਂ ਹੋਈਆਂ। ਬਜ਼ਾਰੋਂ ਦੰਦੇ ਕਢਾ ਕੇ ਲਿਆਉਣੇ ਸਨ। ਕੰਧ ਲਵੇ ਦਾਤੀਆਂ ਸਿੱਟ ਕੇ ਉਹ ਪੁੱਠੇ ਪੈਰੀਂ ਖੇਤ ਨੂੰ ਪਰਤ ਗਿਆ ਸੀ। ਗੇਟ ਚੁਪੱਟ ਖੁੱਲ੍ਹਾ ਛੱਡ ਗਿਆ।

ਗੇਟ ਦਾ ਜਿੰਦਾ ਖੋਲ੍ਹ ਕੇ ਮੈਂ ਬਾਹਰੋਂ ਕੁੰਡੀ ਅੜਾ ਦਿੱਤੀ।

ਪੂਰੀ ਬੀਹੀ ਸੁੰਨੀ ਪਈ ਸੀ। ਪਰ੍ਹਾਂ ਜੋਗ ਕੇ ਘਰ ਮੂਹਰੇ ਬੱਲਬ ਜਗ ਰਿਹਾ ਸੀ। ਬੀਹੀ ਵਿਚ ਖੜ੍ਹੀ ਟਰਾਲੀ ਦੇ ਟੈਰਾਂ ਕੋਲ ਤਿੰਨ-ਚਾਰ ਕੁੱਤੇ ਸੁੱਤੇ ਪਏ ਸਨ। ਚੁਪਾਸੇ ਚੁੱਪ-ਚਾਂ ਸੀ।

ਪਰ ਮੇਰੇ ਅੰਦਰਲੀ ਟੁੱਟ-ਭੱਜ ਵਧਦੀ ਹੀ ਜਾ ਰਹੀ ਸੀ। ਆਲੇ-ਦੁਆਲੇ ਨਿਗਾਹ ਮਾਰ ਕੇ ਮੈਂ ਬਜ਼ਾਰ ਵੱਲ ਨੂੰ ਤੁਰ ਪਿਆ। ਬੀਹੀ ਪਾਰ ਕਰਕੇ ਸੁਸਾਇਟੀ-ਘਰ ਕੋਲ ਦੀ ਸੜਕ 'ਤੇ ਜਾ ਚੜ੍ਹਿਆ। ਟਿਊਬਾਂ ਦੇ ਚਾਨਣ ਵਿੱਚ ਸੜਕ ਦਾ ਰੰਗ ਸੁਰਮਈ ਜਿਹਾ ਜਾਪਦਾ। ਬਸ-ਸਟੈਂਡ ਕੋਲ ਠੇਕੇ ਮੂਹਰੇ ਖੜ੍ਹਾ ਚੌਕੀਦਾਰ ਬਿੰਦ ਕੁ ਪਿੱਛੋਂ ਹੱਥ ਫੜੀ ਡਾਂਗ ਹੇਠਾਂ ਮਾਰਦਾ। ਨਾਲ ਦੀ ਨਾਲ ਸੀਟੀ ਮਾਰਦਾ। ਆਵਾਜ਼ਾਂ ਸੁਣ ਕੇ ਸੜਕ ਕਿਨਾਰੇ ਪਏ ਕੁੱਤੇ ਔਕੜਵਾਹੇ ਉੱਠ ਕੇ ਉੱਚੀ-ਉੱਚੀ ਭੌਂਕਣ ਲੱਗਦੇ। ਉਨ੍ਹਾਂ ਦੇ ਚੁੱਪ ਕਰਦਿਆਂ ਹੀ ਖਾਸੇ ਚਿਰ ਵਾਸਤੇ ਫਿਰ ਸੁੰਨ ਵਰਤ ਜਾਂਦੀ।

ਚਾਰ ਬਤੌਰੀ ਵਾਂਗ ਝਾਕਦਾ ਮੈਂ ਸਿੱਧਾ ਹੀ ਸਿੱਧਾ ਤੁਰ ਗਿਆ। ਬੇ-ਅਰਥ, ਬਿਨਾਂ ਮਕਸਦ। ਜਦੋਂ ਚੌਕੀਦਾਰ ਕੋਲ ਦੀ ਲੰਘਿਆ ਤਾਂ ਜਾਣਦਾ ਹੋਣ ਕਰਕੇ ਉਹਨੇ

ਹੱਥ ਵੀ ਖੜ੍ਹਾ ਕੀਤਾ, "ਦੇਖਿਓ ਜਨਾਬ!...ਕਿੱਧਰ ਨੂੰ ਔਧੀ ਰਾਤ...?"

ਮੈਂ ਉਹਨੂੰ ਕੀ ਦੱਸਦਾ। ਚੁੱਪਚਾਪ ਹੱਥ ਖੜ੍ਹਾ ਕਰਕੇ ਮੇਰੀ ਚਾਲ ਤੇਜ਼ ਹੋ ਗਈ। ਦਸਮੇਸ਼ ਵਰਕਸ਼ਾਪ ਕੋਲ ਜਾਂਦਾ-ਜਾਂਦਾ ਮੈਂ ਚੁਫਾਸੇ ਤੋਂ ਉੱਕਾ ਹੀ ਬੇਖ਼ਬਰ ਹੋ ਗਿਆ। ਮੇਰੀ ਸੁਰਤੀ ਅੰਦਰ ਨੂੰ ਸਿਮਟਣ ਲੱਗ ਪਈ। ਕਦਮਾਂ ਦੀ ਅਵਾਜ਼ ਮੱਧਮ ਪੈ ਗਈ। ਸ਼ਬਨਮ ਕਲੀਨਕ ਮੂਹਰੇ ਜਾ ਕੇ ਤਾਂ ਮੇਰੇ ਅੰਦਰ ਕੁਝ ਆਪੇ ਵਿੱਚੋਂ ਉਲਝ ਗਿਆ।

ਇਕ ਦਿਨ ਜ਼ੁਕਾਮ ਦੀ ਦਵਾਈ ਲੈਣ ਗਏ ਨੂੰ ਮੈਨੂੰ ਡਾਕਟਰ ਸ਼ਬਨਮ ਦੱਸਦੀ ਸੀ, "ਕਿਉਂ ਸਰਵਣ!...ਕਈ ਦਿਨ ਹੋਏ ਤੇਰੇ ਮਦਰ ਆਏ ਸੀ...ਕਹਿੰਦੇ ਸਾਡੀ ਬਹੂ ਦਾ ਚੈਕ-ਅਪ ਈ ਕਰ ਲੋ!...ਐਨੇ ਸਾਲ ਹੋਗੇ ਵਿਆਹ ਹੋਏ ਨੂੰ!...ਇਕ ਕੁੜੀ ਹੋਈ ਐ ਬੱਸ!...ਉਹ ਪੋਤੇ ਦਾ ਮੂੰਹ ਵੇਖਣਾ ਚਾਹੁੰਦੇ ਨੇ ਭਾਈ...!"

ਡਾਕਟਰ ਸ਼ਬਨਮ ਦੇ ਮੂੰਹੋਂ ਮਾਂ ਦੀ ਖ਼ਾਹਿਸ਼ ਸੁਣ ਕੇ ਮੈਂ ਦੰਗ ਰਹਿ ਗਿਆ ਸੀ। ਪਰ ਪੂਰੀ ਕਰਨ ਤੋਂ ਅਸਮਰਥ। ਕਿਵੇਂ ਪੂਰੀ ਕਰਦਾ? ਖਰਚਾ ਤਾਂ ਡਿੰਪੀ ਦਾ ਹੀ ਮਸਾਂ ਚੱਲਦਾ ਸੀ। ਗੱਲਾਂ-ਗੱਲਾਂ ਵਿਚ ਮਾਂ ਵੀ ਕਦੇ-ਕਦੇ ਮੈਨੂੰ ਸੁਣਾਉਂਦੀ ਰਹਿੰਦੀ। ਅੱਕ ਕੇ ਇਕ ਦਿਨ ਮੈਂ ਸਾਫ਼ ਹੀ ਆਖ ਦਿੱਤਾ ਸੀ, "ਦੇਖ ਮਾਂ! ...ਪੋਤੇ-ਪੁਤੇ ਦਾ ਖ਼ਿਆਲ ਭੁੱਲ ਜਾ ਅਜੇ!...ਦੂਜਾ ਬੱਚਾ ਤਾਂ ਅਸੀਂ ਸਿਰਫ਼ ਓਦੋਂ ਹੀ ਕਰਾਂਗੇ ਜਦੋਂ ਸਰਕਾਰੀ ਨੌਕਰੀ ਮਿਲਗੀ!...ਜੇ ਨਾ ਮਿਲੀ ਤਾਂ ਇਕ ਡਿੰਪੀ ਹੀ ਰਹੂ ਬੱਸ...!"

ਸੁਣ ਕੇ ਮਾਂ ਨੇ ਚੁੱਪ ਵੱਟ ਲਈ ਸੀ। ਖ਼ਾਹਿਸ਼ ਤਾਂ ਉਹਦੀ ਕੋਈ ਵੀ ਪੂਰੀ ਨਹੀਂ ਸੀ ਹੋਈ। ਵਿਆਹ ਤੋਂ ਪਹਿਲਾਂ ਉਹ ਮੈਨੂੰ ਕਈ ਵਾਰੀ ਆਖਦੀ, "ਵਿਆਹ ਕਰਾ ਲੈ ਮੁੰਡਿਆ ਛੇਤੀ!...ਨੂੰਹ ਆਈ ਤੋਂ ਰਾਮ ਕਰੂੰ ਮੈਂ ਤਾਂ...!"

ਪਰ ਮਾਂ ਦੀ ਹਰ ਖ਼ਾਹਿਸ਼ ਪੁੱਠੀ ਟੰਗੀ ਗਈ ਸੀ। ਰਮਨ ਸਕੂਲ ਪੜ੍ਹਾਉਣ ਚਲੀ ਜਾਂਦੀ। ਮਗਰੋਂ ਮਾਂ ਹੀ ਸਾਰਾ ਕੰਮ ਧੰਦਾ ਸੰਭਾਲਦੀ। ਨਾਲੇ ਡਿੰਪੀ ਨੂੰ ਚੁੱਕੀ ਫਿਰੀ ਜਾਂਦੀ। ਫਿਰ ਆਥਣੇ ਖੇਤ ਮੱਸ੍ਹਾਂ ਦੀਆਂ ਧਾਰਾਂ ਕੱਢਣ ਜਾਂਦੀ। ਸੁਖ-ਅਰਾਮ ਤਾਂ ਉਹਦੀ ਜ਼ਿੰਦਗੀ ਵਿਚੋਂ ਜਮ੍ਹਾਂ ਹੀ ਬਾਹਰ ਨਿਕਲ ਗਿਆ ਸੀ।

ਸਕੂਲ ਵਿਚੋਂ ਮੈਂ ਤਾਂ ਬਾਹਰ ਹੀ ਨਿਕਲ ਗਿਆ ਸੀ।

ਸੜਕ 'ਤੇ ਤੁਰਦਾ-ਤੁਰਦਾ ਮੈਂ ਸਕੂਲ ਦੇ ਬਾਹਰਲੇ ਗੇਟ ਮੂਹਰੇ ਜਾ ਪਹੁੰਚਿਆ ਸੀ।

ਪੂਰੀ ਬਿਲਡਿੰਗ ਵਿਚ ਹਨੇਰਾ ਸੀ। ਸਿਰਫ਼ ਪ੍ਰਿੰਸੀਪਲ ਦੇ ਦਫ਼ਤਰ ਮੂਹਰਲੇ ਵਰਾਂਡੇ ਵਿਚ ਟਿਊਬ ਜਗ ਰਹੀ ਸੀ। ਬਾਹਰਲਾ ਸੜਕ ਵਾਲਾ ਗੇਟ ਬੰਦ ਸੀ। ਪਰ੍ਹਾਂ ਸਟੇਡੀਅਮ ਦੀ ਟੁੱਟੀ ਕੰਧ ਉਤੋਂ ਦੀ ਮੈਂ ਗਰਾਊਂਡ ਵਿਚ ਛਾਲ ਮਾਰੀ। ਹੌਲੀ-ਹੌਲੀ ਤੁਰਦਾ ਸਪੋਰਟਸ-ਰੂਮ ਨੇੜਲੀ ਸਟੇਜ ਕੋਲ ਜਾ ਕੇ ਪ੍ਰਿੰਸੀਪਲ ਦਫ਼ਤਰ ਨੂੰ ਘੂਰਨ ਲੱਗ ਪਿਆ। ਅੱਖਾਂ ਨੇ ਸਿਸਤ ਬੰਨ੍ਹ ਲਈ। ਨਜ਼ਰਾਂ ਮੂਹਰੇ ਬੇਚਿੰਤ ਹੋਏ ਬਾਪੂ ਦੀ ਹਾਲਤ ਘੁੰਮਣ ਲੱਗ ਪਈ।

ਇਹ ਉਹੀ ਸਕੂਲ ਸੀ ਜਿਸ ਵਿਚੋਂ ਕੱਲ੍ਹ ਮੈਨੂੰ ਕੱਢਿਆ ਗਿਆ। ਪਿਛਲੇ ਤਿੰਨ ਸਾਲਾਂ ਤੋਂ ਇਹ ਮੇਰਾ ਤੀਜਾ ਸਕੂਲ ਸੀ। ਕਿਸੇ ਵੀ ਸਕੂਲ ਵਿਚ ਮੈਂ ਇਕ ਸਾਲ



ਬੜੀ ਮੁਸ਼ਕਿਲ ਨਾਲ ਕੱਟਦਾ। ਜਿਹੜੇ ਸਕੂਲ ਵਿਚ ਵੀ ਜਾਂਦਾ। ਉੱਥੇ, ਉੱਥੋਂ ਦੇ ਸਟਾਫ਼ ਦਾ ਰਾਜ ਚੱਲਦਾ ਹੁੰਦਾ। ਸਟਾਫ਼ ਦਾ ਆਪਣਾ ਸਿਰਜਿਆ ਖੇਤਰੀ-ਕਾਨੂੰਨ ਹੁੰਦਾ। ਜਿਸ ਅਨੁਸਾਰ ਚੱਲਣਾ ਬੱਚੇ-ਬੱਚੇ ਦਾ ਧਰਮ ਸਮਝਿਆ ਜਾਂਦਾ। ਐਸੀ ਸਥਿਤੀ ਵਿਚ ਮੈਂ ਗੋਲ ਸੁਰਾਖ਼ 'ਚ ਚੌਰਸ ਕਿੱਲ ਬਣ ਕੇ ਰਹਿ ਜਾਂਦਾ। ਮੈਥੋਂ ਬਹੁਤਾ ਚਿਰ ਉਸ ਸਕੂਲ ਦੇ ਫਰਮੇ ਵਿਚ ਫਿੱਟ ਨਾ ਰਿਹਾ ਜਾਂਦਾ।

ਸਭ ਤੋਂ ਪਹਿਲਾਂ ਮੈਂ ਜਿਸ ਪਿੰਡ ਵਿਚ ਪੀ.ਟੀ.ਏ. ਫੰਡ 'ਤੇ ਕੰਮ ਕੀਤਾ। ਉਸ ਸਕੂਲ ਵਿਚ ਪੰਦਰਾਂ ਸੌ ਮਹੀਨਾ ਤਨਖ਼ਾਹ ਸੀ। ਰਾਤ ਨੂੰ ਮੈਂ ਲੈਸਨ-ਪਲੈਨਿੰਗ ਕਰਦਾ। ਅਖ਼ਬਾਰਾਂ-ਮੈਗਜ਼ੀਨਾਂ ਵਿਚੋਂ ਤਸਵੀਰਾਂ ਕੱਟਕੇ ਚਾਰਟ ਬਣਾਉਂਦਾ। ਸਕੂਲ ਵਿਚ ਹਰ ਕਲਾਸ ਨੂੰ ਖੁੱਭ ਕੇ ਪੜ੍ਹਾਉਂਦਾ। ਜੇਕਰ ਕਿਸੇ ਕਲਾਸ ਦਾ ਪੀਰਡ ਖ਼ਾਲੀ ਹੁੰਦਾ। ਮੈਂ ਉਹ ਵੀ ਲਾ ਲੈਂਦਾ। ਜੁਆਕਾਂ ਨੂੰ ਜਨਰਲ-ਨਾਲਿਜ਼ ਦੀਆਂ ਗੱਲਾਂ ਦੱਸਦਾ ਰਹਿੰਦਾ। ਦੋ ਮਹੀਨੇ ਵਿਚ ਹੀ ਮੈਂ ਹਰ ਕਲਾਸ ਦੇ ਦਿਲ ਵਿਚ ਉਤਰ ਗਿਆ ਸੀ।

ਪਰ ਉੱਥੋਂ ਦੇ ਸਟਾਫ਼ ਦੀਆਂ ਅੱਖਾਂ ਵਿਚ ਰੋੜ ਵਾਂਗ ਰੜਕਣ ਲੱਗ ਪਿਆ। ਟਿਊਸ਼ਨਬਾਜ਼ਾਂ ਦੇ ਤਾਂ ਖ਼ਾਸ ਢਿੱਡ ਪੀੜ ਹੋਣ ਲੱਗ ਪਈ। ਕਹਿੰਦੇ, "ਆਪ ਤਾਂ ਟਿਊਸ਼ਨ ਪੜ੍ਹਾਉਣੀ ਨੀ!...ਉਲਟਾ ਸਾਡੇ ਜੁਆਕਾਂ ਨੂੰ ਵੀ ਰੋਕਦੈ!...ਬੜਾ ਮਹਾਤਮਾ ਗਾਂਧੀ ਆ ਗਿਆ ਇਹ..ਜ"

ਜਦੋਂ ਮੈਂ ਲਾਇਬਰੇਰੀਅਨ ਨੂੰ ਜੁਆਕਾਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਨ ਵਾਸਤੇ ਆਖਿਆ। ਉਹ ਵੀ ਮੈਨੂੰ ਰਸਤੇ ਦਾ ਰੋੜਾ ਸਮਝਣ ਲੱਗ ਪਿਆ। ਨਤੀਜਾ ਬੜਾ ਭੈੜਾ ਨਿਕਲਿਆ। ਇਕੱਤੀ ਮਾਰਚ ਨੂੰ ਪ੍ਰਿੰਸੀਪਲ ਨੇ ਮੈਨੂੰ ਆਖ ਦਿੱਤਾ ਸੀ, "ਮਾਫ਼ ਕਰਨਾ ਸਰਵਣ ਸਿੰਘ ਜੀ!...ਹੁਣ ਸਾਨੂੰ ਟੀਚਰ ਦੀ ਜ਼ਰੂਰਤ ਨਹੀਂ!...ਪਲੀਜ਼ ਤੁਸੀਂ ਕਿਤੇ ਹੋਰ ਸਕੂਲ ਵਿਚ ਸੈੱਟ ਹੋ ਜਾਓ...!"

ਅਪ-ਸੈੱਟ ਜਿਹਾ ਹੋਇਆ ਮੈਂ ਕਈ ਮਹੀਨੇ ਵਿਹਲਾ ਫਿਰਦਾ ਰਿਹਾ। ਖੇਤ ਬਾਪੂ ਨਾਲ ਕੰਮ ਕਰਵਾਈ ਜਾਂਦਾ। ਫਿਰ ਇਕ ਹੋਰ ਪਿੰਡ ਵਿਚ ਸਕੂਲ ਵਾਲਿਆਂ ਨੇ ਮੈਨੂੰ ਖ਼ਾਲੀ ਪੋਸਟ 'ਤੇ ਰੱਖ ਲਿਆ। ਤਨਖ਼ਾਹ ਉਹੀ ਪੰਦਰਾਂ ਸੌ ਮਹੀਨਾ। ਹਫ਼ਤੇ ਵਿਚ ਹੀ ਮੈਨੂੰ ਅਹਿਸਾਸ ਹੋ ਗਿਆ। ਉਹ ਸਕੂਲ ਵੀ ਪਹਿਲੇ ਸਕੂਲ ਦਾ ਹੀ ਭਾਈ ਸੀ। ਉੱਥੋਂ ਦੇ ਮਾਸਟਰਾਂ ਬਾਰੇ ਮੈਂ ਬੜੇ ਕਿੱਸੇ ਸੁਣ ਰੱਖੇ ਸਨ।

ਓਦਣ ਸਾਰੇ ਕਿੱਸੇ ਸੱਚ ਬਣ ਗਏ, ਜਿੱਦਣ ਪੀ.ਟੀ. ਮਾਸਟਰ ਮੇਰੇ ਨਾਲ ਲੜ ਪਿਆ। ਕਹਿੰਦਾ, "ਸਾਡੇ ਇਹ ਸਪੋਰਟਸ ਆਲੇ ਮੁੰਡੇ ਨੀ ਕਿਸੇ ਦਾ ਪੀੜ-ਪੁੜ ਲਾਉਂਦੇ ਹੁੰਦੇ!...ਜਾਹ ਕਹਿ ਦੇ ਕੀਹਨੂੰ ਕਹਿਣੈ...!"

ਉਹਦੀ ਸ਼ਿਕਾਇਤ ਲੈ ਕੇ ਜਿਉਂ ਹੀ ਮੈਂ ਪ੍ਰਿੰਸੀਪਲ ਦੇ ਦਫ਼ਤਰ ਵਿਚ ਪੈਰ ਰੱਖਿਆ। ਮੇਰੀਆਂ ਅੱਖਾਂ ਪਥਰਾ ਗਈਆਂ। ਸਾਹਮਣੇ ਦ੍ਰਿਸ਼ ਹੀ ਐਸਾ ਸੀ। ਪ੍ਰਿੰਸੀਪਲ ਸਮੇਤ ਕਈ ਮਾਸਟਰ ਸ਼ਰਾਬ ਪੀ ਰਹੇ ਸਨ। ਦਫ਼ਤਰ ਵਿਚ ਹਵਾੜ੍ਹ ਫੈਲਰੀ ਪਈ। ਸੀਨ ਵੇਖ ਕੇ ਮੇਰਾ ਅੰਦਰ ਰਿੱਝਣ ਲੱਗ ਪਿਆ। ਮੈਨੂੰ ਜਾਪਿਆ ਜਿਵੇਂ ਉਹ ਸ਼ਰਾਬ ਨਹੀਂ ਜੁਆਕਾਂ ਦਾ ਖ਼ੂਨ ਪੀ ਰਹੇ ਹੋਣ। ਵੇਖ ਕੇ ਮੈਥੋਂ ਰਿਹਾ ਨਾ ਗਿਆ। ਮੈਂ ਬੋਲਣ ਲੱਗ ਪਿਆ। ਜਦੋਂ ਨਾ ਹੀ ਹਟਿਆ ਤਾਂ ਕੁਰਸੀ 'ਤੇ ਪਸਰੇ ਪ੍ਰਿੰਸੀਪਲ ਨੇ ਬੜ੍ਹਕ ਮਾਰੀ, "ਚੁੱਪ

ਕਰ ਓਏ ਕਾਕਾ!...ਪ੍ਰਿੰਸੀਪਲ ਤੱਖਰ ਸਿੰਘ ਨਾਂ ਐ ਮੇਰਾ!...ਡਾਂਗ ਫੜਕੇ ਇਕ ਵਾਰੀ ਲਲਕਾਰਾ ਮਾਰ ਦਿਆਂ...ਸਾਰਾ ਸਕੂਲ ਸੁੱਸਰੀ ਮਾਂਗ ਸੌਂ ਜਾਂਦੈ!...ਐਥੇ ਮੇਰਾ ਕਾਨੂੰਨ ਚੱਲਦੈ!...ਪੀਵਾਂਗੇ ਦਾਰੂ ਅਸੀਂ ਤਾਂ...ਜੇ ਤੈਨੂੰ ਬੁਰਾ ਲੱਗਦੈ ਤਾਂ ਕੱਲ੍ਹ ਤੋਂ ਆਵਦੀ ਛੁੱਟੀ ਸਮਝ!...ਚੱਲ ਦੇ ਨਸੀਬ ਕੁਰੇ ਕਰਦੇ ਜੁਆਕਾਂ ਨੂੰ ਅੱਧੀ ਛੁੱਟੀ ਸਾਰੀ, ਘੰਟੀ ਮਾਰ ਕੇ...!"

ਸ਼ਰਾਬ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਉਹ ਮੇਰਾ ਪੱਤਾ ਸਾਫ਼ ਕਰ ਗਿਆ ਸੀ।

ਕਿਸੇ ਸਾਫ਼-ਸੁਥਰੇ ਸਕੂਲ ਦੀ ਭਾਲ ਕਰਦਾ ਮੈਂ ਸਾਡੇ ਹੀ ਪਿੰਡ ਦੇ ਸਕੂਲ ਵਿਚ ਆ ਗਿਆ ਸੀ। ਇਸ ਸਕੂਲ ਦਾ ਪ੍ਰਿੰਸੀਪਲ ਮਾਧੋ ਸਿੰਘ ਸੀ। ਬੜਾ ਸਖ਼ਤ ਮਿਜਾਜ ਤੇ ਅਸੂਲਦਾਰ ਬੰਦਾ। ਉਹਨੇ ਸਾਰਾ ਸਕੂਲ ਸਿੱਧਾ ਕੀਤਾ ਪਿਆ ਸੀ। ਪਰ ਸਾਰਾ ਸਟਾਫ਼ ਉਹਦੇ ਖ਼ਿਲਾਫ਼ ਸੀ। ਹਰ ਮਾਸਟਰ ਉਹਦੇ ਖ਼ਿਲਾਫ਼ ਰਚੀ ਜਾ ਰਹੀ ਸਾਜਿਸ਼ ਦੀ ਕੜੀ ਸੀ। ਉਹਦੇ ਨਾਲ ਕੰਮ ਕਰਦਿਆਂ ਅਜੇ ਮੈਨੂੰ ਕੁਝ ਮਹੀਨੇ ਹੀ ਹੋਏ ਸਨ ਕਿ ਸਟਾਫ ਦੀ ਚਾਲਬਾਜ਼ੀ ਖੇਡ ਗਈ। ਇਹ ਤਾਂ ਉਦੋਂ ਹੀ ਪਤਾ ਲੱਗਿਆ ਜਦੋਂ ਮਾਧੋ ਸਿੰਘ ਦੀ ਬਦਲੀ ਹੋ ਗਈ। ਉਹਦੇ ਜਾਣ ਸਾਰ ਹੀ ਇਕ ਨਵਾਂ ਚਮਤਕਾਰ ਹੋਇਆ। ਜੰਗੀਰ ਪ੍ਰਿੰਸੀਪਲ ਦੀ ਕੁਰਸੀ 'ਤੇ ਆ ਕੇ ਬੈਠ ਗਿਆ। ਸਾਡੇ ਹੀ ਪਿੰਡ ਦਾ ਸੀ ਉਹ। ਪਹਿਲਾਂ ਕਿਸੇ ਦੂਰ ਜ਼ਿਲ੍ਹੇ ਵਿਚ ਸੀ। ਪਤਾ ਨਹੀਂ ਕਿਵੇਂ ਵਲ-ਫੇਰ ਪਾ ਕੇ ਇੱਥੇ ਆਇਆ। ਉਹਦੇ ਆਉਣ ਸਾਰ ਮੇਰਾ ਮੱਥਾ ਠਣਕਿਆ ਸੀ।

ਬੜਾ ਟੇਢਾ ਬੰਦਾ ਸੀ ਉਹ। ਖਾੜਕੂਵਾਦ ਦੌਰਾਨ ਉਹਦਾ ਇਕ ਦੂਰ ਦਾ ਰਿਸ਼ਤੇਦਾਰ ਖਾੜਕੂ ਸੀ। ਕਈ ਵਾਰੀ ਉਹ ਰਾਤ ਨੂੰ ਆਪਣੇ ਸਾਥੀਆਂ ਸਮੇਤ ਜੰਗੀਰ ਦੇ ਘਰੇ ਆ ਜਾਂਦਾ। ਕਈ-ਕਈ ਰਾਤਾਂ ਕੱਟ ਜਾਂਦਾ। ਕਿਸੇ ਨੂੰ ਕੰਨੋ-ਕੰਨ ਖ਼ਬਰ ਨਾ ਹੁੰਦੀ। ਜਾਣ ਲੱਗਿਆ ਹਥਿਆਰ ਤੇ ਪੈਸਾ ਜੰਗੀਰ ਕੋਲ ਹੀ ਛੱਡ ਜਾਂਦਾ। ਲੋੜ ਪੈਣ 'ਤੇ ਮੁੜ ਲੈ ਜਾਂਦਾ। ਪਰ ਇਕ ਵਾਰੀ ਨੋਟਾਂ ਦੀ ਧੜ ਰੱਖ ਕੇ ਉਹ ਐਸਾ ਗਿਆ ਕਿ ਮੁੜ ਕਦੇ ਨਾ ਪਰਤਿਆ। ਇਕ ਦਿਨ ਅਖ਼ਬਾਰਾਂ ਵਿਚ ਖ਼ਬਰ ਛਪੀ ਸੀ। ਆਪਣੇ ਸਾਥੀਆਂ ਸਮੇਤ ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਨੋਟਾਂ ਦੀ ਧੜ 'ਤੇ ਜੰਗੀਰ ਦਾ ਕਬਜ਼ਾ ਹੋ ਗਿਆ। ਜਦੋਂ ਕਾਲੀ-ਬੋਲੀ ਹਨੇਰੀ ਦਾ ਰੁਖ਼ ਕੁਝ ਥੰਮਿਆ ਤਾਂ ਜੰਗੀਰ ਨੇ ਲੁਕੋਇਆ ਪੈਸਾ ਕੱਢ ਲਿਆ। ਛੋਟੀ ਕਿਸਾਨੀ ਦੇ ਢਿੱਡ ਵਿਚ ਲੱਤ ਮਾਰ ਕੇ ਉਹ ਆੜ੍ਹਤੀਆ ਬਣ ਗਿਆ ਸੀ। ਲੋਕਾਂ ਕੋਲ ਉਹਦਾ ਲੱਖਾਂ ਰੁਪੱਈਆ ਵਿਆਜ 'ਤੇ ਚੱਲਦਾ। ਸਕੂਲ ਦੀ ਡਿਊਟੀ ਤਾਂ ਉਹ ਪਾਰਟ-ਟਾਈਮ ਜੌਬ ਦੇ ਤੌਰ 'ਤੇ ਕਰਦਾ। ਪਹਿਲ ਆੜ੍ਹਤ ਨੂੰ ਦਿੰਦਾ।

ਉਹਦੇ ਆਉਣ ਨਾਲ ਇਹ ਸਕੂਲ ਪਹਿਲੇ ਸਕੂਲਾਂ ਦਾ ਵੀ ਬਾਪ ਬਣ ਗਿਆ ਸੀ। ਪਰ ਮੈਂ ਦੱਬ-ਘੁੱਟ ਕੇ ਦਿਨ ਕਟੀ ਕਰੀ ਜਾਂਦਾ।

ਪਰ ਉਸ ਦਿਨ...!

ਪ੍ਰਿੰਸੀਪਲ ਦਫ਼ਤਰ ਵਿਚ ਮੀਟਿੰਗ ਸੀ। ਜਦੋਂ ਮੈਂ ਗਿਆ ਸਾਰਾ ਸਟਾਫ਼ ਕੁਰਸੀਆਂ 'ਤੇ ਬੈਠਾ ਸੀ। ਮੈਂ ਵੀ ਬੈਠ ਗਿਆ। ਪ੍ਰਿੰਸੀਪਲ ਜੰਗੀਰ ਨੇ ਮੇਰੇ ਵੱਲ ਵੇਖ ਕੇ ਬੋਲਣਾ ਸ਼ੁਰੂ ਕੀਤਾ, "...ਮੇਰੇ ਅਜ਼ੀਜ਼ ਸਰਵਣ ਸਿੰਘ ਜੀ!...ਅਸੀਂ ਤੁਹਾਡੀ ਹੀ ਗੱਲ



ਕਰ ਰਹੇ ਸੀ!...ਪਰਸੋਂ ਤੋਂ ਦਸਵੀਂ-ਬਾਰ੍ਹਵੀਂ ਦੇ ਪੇਪਰ ਸ਼ੁਰੂ ਹੋ ਰਹੇ ਨੇ!... ਦੋਵੇਂ ਕਲਾਸਾਂ ਨੂੰ ਤੁਸੀਂ ਅੰਗਰੇਜ਼ੀ ਪੜ੍ਹਾਉਂਦੇ ਹੋ!...ਪਹਿਲੇ ਪੇਪਰ ਵੀ ਅੰਗਰੇਜ਼ੀ ਦੇ ਹੀ ਨੇ! ...ਸੁਪਰਡੈਂਟ ਤੇ ਬਾਕੀ ਸਟਾਫ ਨਾਲ ਗੱਲ ਹੋ ਚੁੱਕੀ ਏ!... ਦੋਵੇਂ ਕਲਾਸਾਂ ਦੇ ਬੱਚਿਆਂ ਤੋਂ ਪੈਸੇ ਵੀ ਇਕੱਠੇ ਕਰ ਲਏ ਨੇ!... ਤਾਂ ਕਿ ਡਿਊਟੀ ਵਾਲੇ ਸਟਾਫ਼ ਦੀ ਸੇਵਾ ਕੀਤੀ ਜਾ ਸਕੇ। ...ਸੋ ਸਾਰੇ ਸਟਾਫ਼ ਵਲੋਂ ਤੁਹਾਨੂੰ ਬੇਨਤੀ ਹੈ ਕਿ ਪੇਪਰਾਂ ਵਾਲੇ ਦਿਨ ਤੁਸੀਂ ਸੈਂਟਰ ਅੰਦਰ ਜਾਵੋ!....ਬੱਚਿਆਂ ਨੂੰ ਚੰਗੀ ਤਰ੍ਹਾਂ ਪਰਚਾ ਹੱਲ ਕਰਾਵੋ!... ਇਸ ਨਾਲ ਬੱਚਿਆਂ ਦਾ ਵੀ ਭਲਾ!...ਸਟਾਫ਼ ਦੀ ਵੀ ਬੱਲੇ-ਬੱਲੇ!...ਤੇ ਨਤੀਜਾ ਸੌ ਪਰਸੈਂਟ...!" ਉਹ ਇਕੋ ਸਾਹੇ ਮੈਨੂੰ ਸਾਰੀ ਯੋਜਨਾ ਸਮਝਾ ਗਿਆ।

"ਨਹੀਂ!...ਬਿਲਕੁਲ ਨਹੀਂ..!!" ਉਹਦੀ ਗੱਲ ਸੁਣ ਕੇ ਮੈਂ ਇਕੋ ਝਟਕੇ ਨਾਲ ਉੱਠਿਆ। ਜਿਵੇਂ ਕੁਰਸੀ 'ਤੇ ਮੇਖਾਂ ਉੱਗ ਆਈਆਂ ਹੋਣ।

ਸਾਰਾ ਸਟਾਫ਼ ਮੇਰੇ ਵੱਲ ਨੂੰ ਹੋਰੇ ਲੋਟ ਝਾਕਣ ਲੱਗ ਪਿਆ।

ਮੈਂ ਬਾਂਹ ਉੱਚੀ ਕਰਕੇ ਵਿਦਿਆਰਥੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ, "ਨਹੀਂ ਪ੍ਰਿੰਸੀਪਲ ਸਾਹਿਬ!... ਮੈਂ ਮਾਸੂਮਾਂ ਨਾਲ ਇਹ ਧਰੋਹ ਨਹੀਂ ਕਰ ਸਕਦਾ...!" ਮੈਂ ਨਕਲ ਸਮੇਤ ਸਾਰੇ ਸਟਾਫ਼ ਖ਼ਿਲਾਫ਼ ਬੋਲਣ ਲੱਗ ਪਿਆ।

"ਬੰਦ ਕਰ ਯਾਰ ਇਹ ਲੈਕਚਰ!... ਸਿੱਧੀ ਗੱਲ ਦੱਸ ਕਿ ਨਕਲ ਕਰਾਏਂਗਾ ਜਾਂ ਨਹੀਂ....?" ਮਾਸਟਰਾਂ-ਮੈਡਮਾਂ ਵਿਚੋਂ ਲਸ਼ਕਰ ਸਿੰਘ ਨੇ ਮੌਕਾ ਸੰਭਾਲਿਆ।

"ਨਹੀਂ...!!" ਮੈਂ ਉਹਦੇ ਵੱਲ ਨੂੰ ਸਿੱਧਾ ਹੀ ਝਾਕਣ ਲੱਗ ਪਿਆ।

"ਫੇਰ ਤਾਂ ਸਰਵਣ ਸਿੰਘ ਜੀ ਦੋ ਹੀ ਰਸਤੇ ਨੇ!...ਜਾਂ ਤਾਂ ਸਾਡੇ ਵੱਲੋਂ ਸੌਂਪੀ ਜਾ ਰਹੀ ਸੇਵਾ ਨਿਭਾਓ...ਜਾਂ ਫੇਰ ਇਹ ਸਕੂਲ ਛੱਡ ਦਿਓ...!!" ਜੱਜ ਵਾਂਗ ਕੁਰਸੀ 'ਤੇ ਪਸਰੇ ਬੈਠੇ ਜੰਗੀਰ ਨੇ ਆਖ਼ਰੀ ਫ਼ੈਸਲਾ ਸੁਣਾ ਮਾਰਿਆ।

"ਮੈਂ...ਮੈਂ...ਇਹ ਸਕੂਲ ਈ ਛੱਡਦਾਂ ਸਰ...!" ਆਖ ਕੇ ਮੈਂ ਦਫ਼ਤਰ ਵਿਚੋਂ ਬਾਹਰ ਆ ਗਿਆ ਸੀ।

ਦਫ਼ਤਰ ਵੱਲ ਨੂੰ ਕੌੜਾ-ਕੌੜਾ ਜਿਹਾ ਝਾਕਦਾ ਮੈਂ ਮੁੜ ਗਰਾਊਂਡ ਵਿਚ ਆ ਗਿਆ। ਪੂਰੇ ਗਰਾਊਂਡ ਵਿਚ ਸੰਘਣਾ ਹਨੇਰਾ ਸੀ। ਮੈਂ ਅੱਖਾਂ ਪਾੜ-ਪਾੜ ਕੇ ਝਾਕਣ ਲੱਗਿਆ। ਹਨੇਰੇ ਵਿਚ ਯਾਨੀ ਮੈਨੂੰ ਪ੍ਰਿੰਸੀਪਲ ਜੰਗੀਰ ਦਿਸਿਆ। ਉਹਨੇ ਖ਼ੂਨੀ ਰੰਗ ਦਾ ਟਰੈਕ-ਸੂਟ ਪਾਇਆ ਹੋਇਆ ਸੀ। ਉਹ ਗਰਾਊਂਡ ਵਿਚ ਆ ਵੜਿਆ। ਉਹਦੇ ਹੱਥ ਵਿਚ ਨੋਟਾਂ ਦੀ ਬਣੀ ਹਾਕੀ ਸੀ। ਇਕ ਡਰਾਉਣੀ ਚੰਘਿਆੜ ਮਾਰ ਕੇ ਉਹ ਕੋਈ ਖ਼ਤਰਨਾਕ ਜਿਹੀ ਖੇਡ ਖੇਡਣ ਲੱਗ ਪਿਆ। ਮੈਂ ਸਾਅਰਤੋਖ ਵੇਖਿਆ। ਉਹਦੀ ਹਾਕੀ ਮੂਹਰੇ ਬਾਪੂ ਦੀ ਪੱਗ ਗੇਂਦ ਵਾਂਗ ਰੁੜ੍ਹਦੀ ਫਿਰ ਰਹੀ ਸੀ। ਪਰ੍ਹਾਂ ਖੜਾ ਬਾਪੂ ਧਾਨੀ ਉੱਚੀ-ਉੱਚੀ ਰੋ ਰਿਹਾ ਸੀ।

"ਨ...ਹੀਂ...ਹੀਂ...!!" ਪਤਾ ਨਹੀਂ ਕਦੋਂ ਮੇਰੇ ਮੂੰਹੋਂ ਚੀਕ ਨਿਕਲ ਗਈ।

ਮੈਨੂੰ ਘਬਰਾਹਟ ਜਿਹੀ ਹੋਣ ਲੱਗੀ। ਸਟੇਡੀਅਮ ਦੀ ਕੰਧ ਟੱਪ ਕੇ ਮੈਂ ਮੁੜ ਸੜਕ 'ਤੇ ਆ ਗਿਆ। ਚੁਫਾਸੇ ਸੰਘਣਾ ਹਨੇਰਾ ਸੀ। ਮਸਾਂ ਹੀ ਕੁਝ ਦਿਸਦਾ। ਮੈਂ ਗੁੱਟ 'ਤੇ ਬੰਨ੍ਹੀ ਸੈੱਲ ਵਾਲੀ ਘੜੀ ਦੀ ਲਾਈਟ ਜਗਾ ਕੇ ਵੇਖਿਆ। ਪੌਣੇ ਚਾਰ ਹੋਣ ਵਾਲੇ

ਸਨ। ਮੇਰੇ ਅੰਦਰ ਉਸੇ ਤਰ੍ਹਾਂ ਔਚਵੀ ਲੱਗੀ ਹੋਈ ਸੀ। ਹੌਲੀ-ਹੌਲੀ ਤੁਰਦਾ ਮੈਂ ਬਸ ਸਟੈਂਡ ਕੋਲ ਆ ਪਹੁੰਚਿਆ ਸੀ।

"ਮੁੜੇ ਆਏ ਜਨਾਬ…?" ਮੈਨੂੰ ਹੱਥ ਖੜ੍ਹਾ ਕਰਕੇ ਮੂਹਰੋਂ ਤੁਰੇ ਆਉਂਦੇ ਚੌਕੀਦਾਰ ਨੇ ਲੰਬੀ ਸੀਟੀ ਮਾਰੀ। ਸੜਕ 'ਤੇ ਡਾਂਗ ਖੜਕਾ ਕੇ ਉਹ ਖੰਭੇ ਨਾਲ ਢੂਹੀ ਲਾ ਕੇ ਖੜ੍ਹ ਗਿਆ।

ਮੇਰਾ ਜਵਾਬ ਉਡੀਕੇ ਬਗੈਰ ਹੀ ਉਹਨੇ ਬੀੜੀ ਲਾ ਲਈ।

ਮੈਂ ਅਗਾਂਹ ਲੰਘ ਗਿਆ।

ਕੋ-ਆਪਰੇਟਿਵ ਬੈਂਕ ਕੋਲ ਆ ਕੇ ਮੇਰੀ ਛਾਤੀ ਵਿਚ ਦਰਦ ਜਿਹਾ ਉੱਠਿਆ। ਮੈਂ ਬੈਂਕ ਦੇ ਕੈਂਚੀ-ਗੇਟ ਵੱਲ ਨੂੰ ਝਾਕਿਆ। ਮੈਨੂੰ ਲੱਗਿਆ ਜਿਵੇਂ ਗੇਟ ਮੂਹਰੇ ਲਾਲ ਰੰਗ ਦੀਆਂ ਚਿੱਠੀਆਂ ਹੀ ਚਿੱਠੀਆਂ ਖਿਲਰੀਆਂ ਪਈਆਂ ਹੋਣ। ਉਹ ਜਿਹੀਆਂ ਚਿੱਠੀਆਂ, ਜਿਹੋ ਜਿਹੀਆਂ ਸਾਡੇ ਘਰੇ ਕਾਨਸ 'ਤੇ ਪਈਆਂ ਸਨ। ਕਰਜ਼ੇ ਦੀਆਂ ਚਿੱਠੀਆਂ।

ਤਿੰਨ ਕਿਸ਼ਤਾਂ ਇਕੱਠੀਆਂ ਹੋ ਗਈਆਂ ਸਨ। ਪਹਿਲੀ ਚਿੱਠੀ ਤਾਂ ਬਾਪੂ ਨੇ ਅਣਦੇਖੀ ਹੀ ਕਰ ਦਿੱਤੀ ਸੀ। ਦੂਜੀ ਚਿੱਠੀ ਵੇਲੇ ਤਿੰਨ ਇਕੱਠੀਆਂ ਹੀ ਭਰਨ ਦਾ ਦਾਅਵਾ ਕਰ ਲਿਆ। ਬੈਂਕ ਤੋਂ ਲਏ ਕਰਜ਼ੇ ਨਾਲ ਉਦੋਂ ਦੋ ਅਰਥ ਸਾਰੇ ਸਨ। ਇਕ ਤਾਂ ਮੇਰਾ ਵਿਆਹ ਕੀਤਾ। ਦੂਜਾ ਬਲਦੇਵ ਪੰਡਤ ਕੀ ਜ਼ਮੀਨ ਠੇਕੇ 'ਤੇ ਲੈ ਲਈ। ਠੇਕੇ 'ਤੇ ਲਈ ਜ਼ਮੀਨ ਸਿਰੋਂ ਬੈਂਕ ਦੀਆਂ ਕਿਸ਼ਤਾਂ ਉਤਾਰਨ ਦੀ ਸਕੀਮ ਸੀ।

ਪਹਿਲਾਂ ਕਈ ਸਾਲ ਤਾਂ ਕਿਸ਼ਤ ਠੀਕ ਮੁੜਦੀ ਰਹੀ। ਮੁੜਦੀ ਭਾਵੇਂ ਦੋਥ-ਘੁੱਟ ਕੇ ਹੀ ਸੀ। ਪਰ ਜੀਰੀਆਂ ਵੇਲੇ ਆਇਆ ਪਾਣੀ ਸਾਰੀਆਂ ਸਕੀਮਾਂ 'ਤੇ ਪਾਣੀ ਫੇਰ ਗਿਆ ਸੀ। ਪਾਣੀ ਵੀ ਕਾਹਦਾ। ਕਸਬੇ ਨਾਲ ਖਹਿ ਕੇ ਇਕ ਨਹਿਰ ਲੰਘਦੀ ਸੀ। ਮੀਂਹਾਂ ਦੌਰਾਨ ਉਸ ਵਿਚ ਪਾੜ ਪੈ ਗਿਆ। ਫਸਲਾਂ ਲਿਤਾੜਦਾ ਪਾਣੀ ਬੀਹੀ-ਬੀਹੀ ਵਿਰ ਗਿਆ ਸੀ। ਘਰਾਂ ਵਿਚਲਾ ਨੁਕਸਾਨ ਅਲੱਗ। ਖੇਤਾਂ ਵਿਚੋਂ ਵੀ ਕੱਖ ਨਹੀਂ ਸੀ ਲੱਭਿਆ। ਸਾਰਾ ਠੇਕਾ ਬਾਪੂ ਗਲ ਪੈ ਗਿਆ। ਉਹਨੀ ਦਿਨੀ ਬਾਪੂ ਨੇ ਗੁਰਦੁਆਰੇ ਨੇਮ ਪਾ ਕੇ ਸ਼ਰਾਬ ਪੀਣੀ ਛੱਡੀ ਹੀ ਸੀ। ਪਰ ਓਦਣ ਆਥਣੇ 'ਰੱਜ ਕੇ' ਉਹ ਰੋਜ ਕੇ ਰੋਇਆ ਸੀ, "ਬਰਬਾਦ ਹੋਗੇ ਓਏ ਸਰਵਣਾ…!!"

ਕੱਲ੍ਹ ਤੀਜੇ ਕੁ ਪਹਿਰ ਤਾਂ ਬਾਪੂ ਨੇ ਅਸਮਾਨ ਪਾੜਵੀਂ ਧਾਹ ਮਾਰੀ ਸੀ। ਖੇਤੋਂ ਹੀ ਸ਼ਰਾਬ ਨਾਲ ਰੱਜਿਆ ਆਇਆ। ਆਉਣ ਸਾਰ ਸਾਇਕਲ ਵਗਾਹ ਕੇ ਔਹ ਮਾਰਿਆ। ਬੁਹ-ਬੁਹ ਕਰਦਾ ਗਾਲ੍ਹਾਂ ਕੱਢਣ ਲੱਗ ਪਿਆ, "ਕਿੱਥੇ ਐਂ ਓਏ ਸਰਵਣਾ!..ਕੰਜਰ ਦਿਆ ਪੁੱਤਾ ਸਾਲਿਆ….!"

ਗਾਲ੍ਹਾਂ ਸੁਣ ਕੇ ਡਿੰਪੀ ਨੂੰ ਚੁੱਕੀ ਮਾਂ ਵਿਹੜੇ ਵਿਚ ਆ ਗਈ ਸੀ। ਰਸੋਈ ਵਿਚ ਭਾਂਡੇ ਭੰਨਦੀ ਰਮਨ ਵੀ ਬਾਹਰ ਨੂੰ ਝਾਕਣ ਲੱਗ ਪਈ। ਮੈਂ ਵੀ ਬੈਠਕ ਵਿਚੋਂ ਬਾਹਰ ਆ ਗਿਆ ਸੀ। ਮੈਨੂੰ ਵੇਖਣ ਸਾਰ ਹੀ ਬਾਪੂ ਦਾ ਜਿਵੇਂ ਜਬ੍ਹਤ ਟੁੱਟ ਗਿਆ, "ਤੈਨੂੰ ਸ਼ਰਮ ਨੀ ਆਉਂਦੀ ਸਾਲਿਆ ਮੜਕ ਦਿਆ"…ਚੋਦਿਆ ਹੋਇਆ ਅਸੂਲਦਾਰੀ ਦਾ!…ਬਾਬੇ ਨਾਨਕ ਤੋਂ ਦੁਨੀਆ ਨੀ ਸੁਧਰੀ ਓਏ!…ਫੇਰ ਤੂੰ ਕਿਹੜੇ ਖੇਤ ਦੀ ਮੂਲੀ ਐਂ!…ਨਾ ਤੋਂ ਸਕੂਨ 'ਚ ਜੰਗੀਰ ਨਾਲ ਜ਼ੁਬਾਨ ਕਿਮੇਂ ਲੜਾਈ ਬੇਅਕਲਾ?…ਬੋਲਣ



ਤੋਂ ਪਹਿਲਾਂ ਬੁੱਧੀ ਤਾਂ ਠੋਰ ਲੈਂਦਾ!…ਬਈ ਮੱਥਾ ਕੀਹਦੇ ਨਾਲ ਲਾਉਨਾ…!!"

ਬਾਪੂ ਜੀ ਰਮਜ਼ ਸਮਝ ਕੇ ਮੇਰਾ ਅੰਦਰ ਰਿੱਝਣ ਲੱਗ ਪਿਆ। ਅੱਖਾਂ ਮੂਹਰੇ ਧੁੰਦ ਜਿਹੀ ਫੈਲ ਗਈ।

ਪਰ ਬਾਪੂ ਪਹਿਲਾਂ ਨਾਲੋਂ ਵੀ ਜ਼ਿਆਦਾ ਤੇਜ਼ ਵਿਚ ਆ ਗਿਆ, "…ਓਏ ਬੋਲ ਹੁਣ ਕੰਜਰਾ!…ਕਿਹੜੇ ਖੂਹ 'ਚ ਡਿੱਗਾਂ ਮੈਂ?…ਬੈਂਕ ਦੀਆਂ ਕਿਸ਼ਤਾਂ ਭਰਨ ਨੂੰ ਜੰਗੀਰ ਤੋਂ ਰਕਮ ਪੁੱਛੀ ਤੀ!…ਪਰ ਤੇਰੀ ਅਸੂਲਦਾਰੀ ਨੇ ਗਾਲ੍ਹੜੇ ਟੌਂਛਿਆ!…ਪਤਾ ਕੀ ਕਿਹੇ ਸੁਣਦੋਂ ਹੁਣ?… ਕਹਿੰਦਾ ਤੇਰਾ ਮੁੰਡਾ ਤਾਂ ਮੇਰੀ ਸਟਾਫ਼ 'ਚ ਬੇਇਜ਼ਤ ਕਰੇ….ਤੇ ਮੈਂ ਤੈਨੂੰ ਨੋਟ ਦੇਮਾਂ ਹੋਅ…?"

ਮੇਰੀ ਜ਼ੁਬਾਨ ਤਾਲੂਏ ਨਾਲ ਜਾ ਚਿਪਕੀ। ਦਿਮਾਗ ਵਿਚ ਸਾਂ-ਸਾਂ ਹੋਣ ਲੱਗ ਪਈ।

ਡਿੰਪੀ ਨੂੰ ਚੁੱਕੀ ਖੜ੍ਹੀ ਮਾਂ ਰੋਣ ਨੂੰ ਤਿਆਰ ਸੀ। ਰਮਨ ਕੌੜੀ ਅੱਖ ਨਾਲ ਮੇਰੇ ਵੱਲ ਨੂੰ ਝਾਕਣ ਲੱਗ ਪਈ।

ਮੈਂ ਜਾਲ ਵਿਚ ਫਸੀ ਮੱਛੀ ਵਾਂਗ ਛਟਪਟਾ ਰਹੀ ਸੀ।

ਠੀਕ ਉਹੀ ਵਕਤ ਸੀ….।

ਜਦੋਂ ਖੜ੍ਹੇ-ਖੜ੍ਹੇ ਬਾਪੂ ਨੂੰ ਪਤਾ ਨਹੀਂ ਕੀ ਹੋਇਆ। ਉਹਨੇ ਕੰਧ ਕੋਲ ਪਈ ਡਾਂਗ ਚੁੱਕ ਲਈ। ਪਾਗਲ ਹਾਥੀ ਵਾਂਗ ਚੰਘਿਆੜਦਾ ਉਹ ਮਾਂ ਵੱਲ ਨੂੰ ਭੱਜਿਆ, "ਖੜ੍ਹਜਾ ਤੇਰੀ ਮਾਂ…!…ਸਰਵਣ-ਸਰਵਣ ਕਹਿ ਕੇ ਤੈਂ ਜਿਹੜਾ ਇਹਨੂੰ ਸਿਰ ਚਾੜ੍ਹਿਐ…!"

ਰਸੋਈ ਵਿਚੋਂ ਚੀਕ ਮਾਰ ਕੇ ਰਮਨ ਮਾਂ ਕਿਨੀ ਨੂੰ ਭੱਜ ਲਈ।

ਧੁੰਦਲੀਆਂ ਨਜ਼ਰਾਂ ਨਾਲ ਮੈਂ ਵੇਖਿਆ।

ਐਧਰ ਰਮਨ ਨੇ ਡਿੰਪੀ ਨੂੰ ਖੋਹ ਲਿਆ। ਓਧਰ ਬਾਪੂ ਨੇ ਦੌੜ ਦੋਣੇ ਮਾਂ ਦੀ ਪਿੱਠ-ਵਿੱਚ ਡਾਂਗ ਮਾਰੀ।

ਅੱਖ ਦਾ ਪਲਕਾਰੇ ਵਿਚ ਹੀ ਰਿਸ਼ਤਿਆਂ ਵਿਚਲਾ ਫਰਕ ਮਿਟ ਗਿਆ।

ਮੈਂ ਵੀ ਸਟੋਰ ਵਿਚੋਂ ਡਾਂਗ ਚੁੱਕ ਲਿਆਇਆ ਸੀ। ਜਦੋਂ ਮੈਨੂੰ ਹੋਸ਼ ਆਈ ਤਾਂ ਮੇਰੇ ਹੱਥ ਵਿਚਲੀ ਡਾਂਗ ਬਾਪੂ ਵੱਲ ਨੂੰ ਉੱਗਰੀ ਹੋਈ ਸੀ।

ਇਹ ਕੀ ਹੋ ਗਿਆ ਸੀ?

ਮੈਂ ਪਾਗਲਾਂ ਵਾਂਗ ਵੇਖਣ ਲੱਗ ਪਿਆ। ਆਪਣੇ ਹਵਾ ਵਿਚ ਉੱਠੇ ਹੱਥ ਨੂੰ। ਬਾਪੂ ਦੇ ਚਿਹਰੇ ਨੂੰ!…ਤੇ ਡਾਂਗ…ਮੇਰੇ ਹੱਥ ਵਿਚ….ਬਾਪੂ ਦੇ ਹੱਥ ਵਿਚ।

ਵਿਹੜੇ ਵਿਚ ਡਿੱਗੀ ਮਾਂ ਦੀਆਂ ਕੂਕਾਂ ਮੈਨੂੰ ਪੁਣ ਰਹੀਆਂ ਸਨ।

"ਬੱਸ ਆਹੀ ਕੱਚ ਤੀ?…ਲੈ ਮਾਰ!…ਮਾਰ ਮੇਰੇ ਆਹ ਖੜ੍ਹਾਂ…!" ਬਾਪੂ ਮੇਰੇ ਮੂਹਰੇ ਛਾਤੀ ਤਾਣੀ ਖੜ੍ਹਾ ਸੀ।

ਹੋਣ ਵਾਲੇ ਅਨਰਥ ਦੀ ਕਲਪਨਾ ਕਰਕੇ ਮੇਰਾ ਦਿਲ ਬੈਠਣ ਲੱਗ ਪਿਆ। ਹੱਥ ਵਿਚੋਂ ਡਾਂਗ ਹੇਠਾਂ ਡਿੱਗ ਪਈ। ਮੈਂ ਉੱਚੀ-ਉੱਚੀ ਰੋਣ ਲੱਗ ਪਿਆ।

"ਤੂੰ ਸਰਵਣ ਪੁੱਤ ਨੀ ਹੋ ਸਕਦਾ ਓਏ!…ਤੂੰ ਸਰਵਣ ਪੁੱਤ ਨੀ ਹੋ ਸਕਦਾ…!"

ਜਦੋਂ ਮੈਂ ਸਿਰ ਉਤਾਂਹ ਚੁੱਕ ਕੇ ਵੇਖਿਆ। ਡਾਂਗ ਸਿੱਟ ਕੇ ਪਰਨੇ ਨਾਲ ਅੱਖਾਂ ਪੂੰਝਦਾ ਬਾਪੂ ਗੇਟ ਵੱਲ ਨੂੰ ਤੁਰਿਆ ਜਾ ਰਿਹਾ ਸੀ।

ਬੀਹੀ ਵਿਚ ਜੰਗ ਕੇ ਘਰ ਮੂਹਰੇ ਘੱਟਾ ਪਰਨਾ ਬੰਨ੍ਹੀ ਸ਼ੇਰਾ ਮਿਸਤਰੀ ਤੁਰਿਆ ਆ ਰਿਹਾ ਸੀ। ਆਦਤ ਮੁਜਬ ਸ਼ਾਇਦ ਉਹ ਗੁਰਦੁਆਰੇ ਨੂੰ ਜਾ ਰਿਹਾ ਸੀ।

ਟੁੱਟੇ ਜਿਹੇ ਸਾਇਕਲ 'ਤੇ ਮੇਰੇ ਕੋਲ ਦੀ ਬਸੰਤ ਕਾ ਸੀਰੀ ਵੀ ਲੰਘਿਆ।

ਪਤਾ ਨਹੀਂ ਕਦੋਂ ਸੁਸਾਇਟੀ ਵਾਲੀ ਬੀਹੀ ਪਾਰ ਕਰ ਆਇਆ। ਮੈਂ ਸਾਡੇ ਗੇਟ ਮੂਹਰੇ ਖੜ੍ਹਾ ਸੀ।

ਮੱਲਕ ਦੇਣੇ ਕੁੰਡੀ ਖੋਲ੍ਹ ਕੇ ਜਿਉਂ ਹੀ ਮੈਂ ਅੰਦਰ ਵੜਿਆ....।

ਗੁਰਦੁਆਰੇ ਵਾਲੇ ਭਾਈ ਜੀ ਦੀ ਆਵਾਜ਼ ਸਾਰੇ ਪਿੰਡ ਵਿਚ ਫੈਲਦੀ ਚਲੀ ਗਈ, "...ਉਂਠੋ ਭਾਈ ਸਵੇਰੇ ਦੇ ਚਾਰ ਵੱਜ ਚੁੱਕੇ ਨੇ....।"

ਪਰ ਮੈਂ ਤਾਂ ਸਾਰੀ ਰਾਤ ਸੁੱਤਾ ਹੀ ਨਹੀਂ ਸੀ।

ਬਾਪੂ ਵੀ ਉੱਠਿਆ ਬੈਠਾ ਸੀ। ਕੋਲ ਹੀ ਉਹਦੇ ਮੰਜੇ ਦੀ ਬਾਹੀ 'ਤੇ ਮਾਂ ਬੈਠੀ। ਉਹ ਗਾਲ੍ਹਾਂ ਕੱਢ ਰਹੀ ਸੀ। ਰਾਤ ਦੀ ਬਚੀ ਬੋਤਲ ਵਿਚੋਂ ਬਾਪੂ ਗਟਾਗਟ ਪੀ ਰਿਹਾ ਸੀ। ਉਹ ਜਦੋਂ ਵੀ ਪੀਂਦਾ ਐਕਣੇ ਪੀਂਦਾ। ਨਿਰਣੇ ਕਾਲਜੇ ਹੀ ਸ਼ੁਰੂ ਕਰ ਦਿੰਦਾ। ਬਿਨ ਪਾਣੀ ਤੋਂ ਸੁੱਕੀ ਹੀ ਪੀਂਦਾ।

ਵਰਾਂਢੇ ਵਿਚ ਜ਼ੀਰੋ-ਵਾਟ ਦੇ ਬੱਲਬ ਦਾ ਚਾਨਣ।

ਰਸੋਈ ਵਿਚ ਟਿਊਬ ਜਗ ਰਹੀ ਸੀ। ਰਮਨ ਸ਼ਾਇਦ ਚਾਹ ਬਣਾ ਰਹੀ ਸੀ। ਡਿੰਪੀ ਕਮਰੇ ਵਿਚ ਸੁੱਤੀ ਪਈ ਸੀ। ਪੱਖਾ ਚੱਲ ਰਿਹਾ ਸੀ।

ਮੱਲਕ-ਮੱਲਕ ਤੁਰਦਾ ਮੈਂ ਵਰਾਂਢੇ ਕੋਲ ਜਾ ਕੇ ਖੜ੍ਹ ਗਿਆ। ਬਿੜਕ ਸੁਣ ਕੇ ਬਾਪੂ ਇਕੋ ਲਖਤ ਮੇਰੇ ਵੱਲ ਨੂੰ ਝਾਕਿਆ। ਪਹਿਲਾਂ ਤਾਂ ਸਿੱਧਾ ਸਤੋਲ ਝਾਕੀ ਗਿਆ। ਫਿਰ ਖ਼ਾਲੀ ਬੋਤਲ ਮੰਜੇ 'ਤੇ ਸਿੱਟ ਕੇ ਉੱਠਿਆ। ਮੇਰੇ ਐਣ ਮੂਹਰੇ ਆ ਕੇ ਖੜ੍ਹ ਗਿਆ।

ਜਿਉਂ ਹੀ ਮੈਂ ਤੁਰਨ ਲੱਗਿਆ। ਉਹ ਉੱਚੀ-ਉੱਚੀ ਬੋਲਣ ਲੱਗ ਪਿਆ, "ਐਧਰ ਸੁਣ ਓਏ ਸਰਵਣਾ...।...ਅੱਜ ਸਕੂਲ ਜਾ ਕੇ ਜੰਗੀਰ ਤੋਂ ਮਾਫ਼ੀ ਮੰਗਲੀਂ ਕੰਜਰਾ...। ਜੇ ਨਹੀਂ ਮੰਗਣੀ ਤਾਂ ਦੱਸਦੀ ਮੈਂ ਬੈਂਕ ਦੀਆਂ ਕਿਸ਼ਤਾਂ ਕਿੱਥੋਂ ਭਰਾਂ....?"

ਬੋਲਦੇ ਵਕਤ ਬਾਪੂ ਦਾ ਹੱਥ ਮੇਰੇ ਮੋਢਿਆਂ 'ਤੇ ਟਿਕਿਆ ਹੋਇਆ ਸੀ।



# ਵਾਰਸ

ਸੁਖਪਾਲ ਸਿੰਘ ਖਿੰਦ

"ਮੈਂ ਨੀ ਜਾਣਾ ਕਨੇਡਾ! ਛੱਡੋ । ਮੇਰਾ ਬੈਗ ਛੱਡੋ!"

"ਬੀਜੀ ਸਾਂਭੋ ਆਪਣਾ ਪੁੱਤ। ਸਾਰੇ ਟੱਬਰ ਨੂੰ ਪਿੱਛੇ ਧੂਣ ਡਿਹਾ ਜੇ। ਬੱਲੀ ਜ਼ੋਰ ਦੀ ਖਿੱਚ ਅੱਗੇ।" ਸਾਹੋ ਸਾਹ ਹੁੰਦਿਆਂ ਸਤਵੰਤ ਉਬਲਣ ਲੱਗੀ। ਉਸ ਦੇ ਦੋਨੋਂ ਹੱਥ ਵੱਡੇ ਸਾਰੇ ਕਾਲੇ ਬੈਗ ਦੇ ਮੁੱਠੇ ਨੂੰ ਕੱਸ ਕੇ ਪਏ ਹੋਏ ਸਨ। ਬਲਜੀਤ ਮੂਹਰਲੇ ਹੈਂਡਲ ਨੂੰ ਹੱਥ ਪਾਈ ਬੈਗ ਨੂੰ ਬਰੂਹਾਂ ਟਪਾਉਣ ਲਈ ਪੂਰਾ ਤਾਂਣ ਲਾ ਰਿਹਾ ਸੀ। ਪਹੀਏ ਚਿਪਸ ਤੇ ਘੀਂ-ਘੀਂ ਕਰਨ ਲੱਗੇ। ਮੁੱਠਾ ਪੁਟਿਆ ਗਿਆ। ਧੜੰਮ ਕਰਕੇ ਕੁਲਦੀਪ ਪਿਛਲਖੁਰੀ ਜਾ ਡਿੱਗਾ। ਮੱਥਾ ਥੰਮ੍ਹ ਦੀ ਅੱਸੀ ਤੇ ਜਾ ਵੱਜਾ। ਲਹੂ ਦੀ ਘਰਾਲ ਵਹਿ ਤੁਰੀ। ਸਭ ਬੈਗ ਨੂੰ ਛੱਡ ਕੁਲਦੀਪ ਵੱਲ ਅਹੁਲੇ। ਕੁਲਦੀਪ ਤਿੜਕ ਕਰਕੇ ਪਾਟੇ ਬੈਗ ਵਿੱਚੋਂ ਬਾਹਰ ਡਿੱਗੀ ਫੋਟੋ ਵੱਲ ਲਪਕਿਆ। ਟੁੱਟੇ ਸ਼ੀਸ਼ੇ ਦੀਆਂ ਕਿਰਚਾਂ ਉਸਦੇ ਪੋਟਿਆਂ ਨੂੰ ਲਹੂ-ਲੁਹਾਨ ਕਰ ਗਈਆਂ। ਫਰੇਮ ਵਿੱਚੋਂ ਬਾਹਰ ਡਿੱਗੀ ਫੋਟੋ ਨੂੰ ਕੱਸ ਕੇ ਸੀਨੇ ਨਾਲ ਲਾਉਂਦਿਆਂ ਉਸ ਦੀ ਭੁਬ ਨਿੱਕਲੀ-

"ਬਾਪੂ।"

ਖੱਬੇ ਗੁੱਟ ਨੂੰ ਮਜਬੂਤ ਪੰਜਾ ਜੋਕ ਵਾਂਗ ਚਿੰਬੜ ਗਿਆ। ਦੈਂਤ ਵਰਗਾ ਥਾਣੇਦਾਰ ਦਹਾੜਿਆ-

"ਸਮਾਨ ਬੰਨ੍ਹ ਕਿੱਧਰ ਭੱਜਣ ਡਿਹਾ ਏਂ ਵੱਡਿਆ ਖ਼ਾਲਿਸਤਾਨੀਆਂ!"

ਭੱਜ ਕੇ ਆਏ ਅੱਠ ਦਸ ਵਰਧੀਧਾਰੀ ਉਸ ਤੇ ਟੁੱਟ ਪਏ। ਉਸਨੂੰ ਅੰਦਰੋਂ ਬਾਹਰ ਧਰੂਣ ਲੱਗੇ। ਉਹ ਛੁੱਟਣ ਲਈ ਛਟਪਟਾਉਣ ਲੱਗਾ। ਰਾਈਫਲ ਦਾ ਬੱਟ ਜੋਰ ਨਾਲ ਉਸਦੀ ਪੁੜਪੁੜੀ ਤੇ ਪਿਆ। ਉਹ ਦਰਦ ਨਾਲ ਕੁਰਲਾਇਆ- "ਮਾਰ ਸੁਟਿਆ ਏ!"

...ਫੜੱਕ ਕਰਕੇ ਕੁਲਦੀਪ ਦੀ ਅੱਖ ਖੁੱਲ੍ਹ ਗਈ। ਦੋਨੋਂ ਬਾਹਾਂ ਛਾਤੀ ਵਿੱਚ ਖੁਭੀਆਂ ਪਈਆਂ ਸਨ। ਜ਼ੁਬਾਨ ਤਾਲੂ ਨੂੰ ਲੱਗੀ ਪਈ ਸੀ। ਦਿਲ ਛਾਤੀ ਪਾੜ ਕੇ ਬਾਹਰ ਆਉਣ ਲਈ ਪੂਰਾ ਤਾਂਣ ਲਾ ਰਿਹਾ ਸੀ। ਸੱਜਾ ਹੱਥ ਮੱਥੇ ਤੇ ਕੁਝ ਭਾਲਣ ਲਈ ਉਠ ਗਿਆ। ਕੱਚੀ ਤਰੇਲੀ ਨਾਲ ਸਿੰਮ ਆਈਆਂ ਕੋਸੀਆਂ-ਕੋਸੀਆਂ ਬੂੰਦਾਂ ਹੱਥ ਨੂੰ ਛੂਹ ਗਈਆਂ। ਉਸ ਖ਼ੈਰ ਮਨਾਈ- "ਸ਼ੁਕਰ ਐ ਅੱਖ ਖੁੱਲ੍ਹਗੀ!"

ਉਸ ਧੌਣ ਘੁਮਾ ਕੋਲ ਪਈ ਸਤਵੰਤ ਵੱਲ ਵੇਖਿਆ। ਉਸਦੇ ਘੁਰਾੜਿਆਂ ਦਾ ਚੋਬਾ ਗੇਅਰ ਪਿਆ ਹੋਇਆ ਸੀ। ਸਿਰਹਾਣੇ ਪਏ ਪਾਣੀ ਦੇ ਜੱਗ ਨੂੰ ਅੰਦਰ

ਡੌਲ੍ਹਣ ਵਾਂਗ ਗੜੱਪ-ਗੜੱਪ ਕਰਕੇ ਪੀਤਾ। ਦਿਲ ਕੁਝ ਥਾਂ ਸਿਰ ਹੋਇਆ। ਸਾਹਮਣੇ ਕੰਧ ਨਾਲ ਟਿਕਾਏ ਵੱਡੇ-ਵੱਡੇ ਚਾਰ ਬੈਗ ਸੈਨਤਾਂ ਮਾਰਦੇ ਜਾਪੇ। ਗੁੱਸੇ ਦੀ ਕਾਂਗ ਦਿਮਾਗ ਨੂੰ ਚੜ੍ਹਣੀ ਸ਼ੁਰੂ ਹੋ ਗਈ। ਪਿਛਲੇ ਹਫਤੇ ਤੋਂ ਘਰ ਵਿੱਚ ਕਿੰਨਾ ਫਸਾਦ ਪਿਆ ਰਿਹਾ ਸੀ। ਉਸਨੇ ਜਾਣ ਤੋਂ ਨਾਂਹ ਕਰ ਦਿੱਤੀ ਸੀ। ਉਹ ਤਾਂ ਬਾਜ਼ਾਰ ਵੱਡੇ ਬੈਗ ਖ੍ਰੀਦਣ ਵੀ ਨਹੀਂ ਸੀ ਗਿਆ। ਬਲਜੀਤ ਸਾਰਾ ਨਿੱਕ-ਸੁੱਕ ਆਪ ਹੀ ਛੱਡ ਗਿਆ। ਕਿਸੇ ਨੇ ਉਸਦੀ ਇੱਕ ਵੀ ਨਹੀਂ ਸੀ ਸੁਣੀ। ਸਭ ਕੁਝ ਤਾਂ ਦੂਜੇ ਹੀ ਬੋਲੀ ਜਾ ਰਹੇ ਸਨ-

"ਬਾਹਰ ਜਾਣ ਲਈ ਲੋਕ ਫਾਹਾ ਲੈਣ ਤੱਕ ਜਾਂਦੇ ਨੇ। ਡੈਡੀ, ਪਤਾ ਨਹੀਂ ਤੁਸੀਂ ਕਿਹੜੀਆਂ ਗੱਲਾਂ ਕਰੀ ਜਾਂਦੇ ਓ?" ਬਲਜੀਤ ਬੁੜਕਿਆ

"ਜੇ ਐਂ ਕਰਨਾ ਸੀ ਤਾਂ ਕਾਗਜ਼ ਈ ਨਾ ਭਰਦੇ। ਟੱਬਰ ਮੰਗਾਉਣ ਲਈ ਮੁੰਡਾ ਦੋਹਰੀਆਂ ਤੀਹਰੀਆਂ ਸ਼ਿਫਟਾਂ ਕਰਨ ਡਿਹਾ ਏ। ਅਜੇ ਸੁੱਖ ਨਾਂ ਉਹਦੀ ਉਮਰ ਈ ਕਿਹੜੀ ਏ? ਧੀ ਦਾ ਕੁਝ ਸੋਚਣਾ ਏ ਕਿ ਨਹੀਂ ?"

ਸ਼ਾਂਤ ਰਹਿਣ ਵਾਲੀ ਸਤਵੰਤ ਵੀ ਮਘ ਪਈ। ਗੱਲ ਮੁਕਾ ਉਹ ਹੁਬਕੀਂ-ਹੁਬਕੀਂ ਰੋਣ ਲੱਗ ਪਈ।

"ਪਰ ਆਹ ਸਾਰਾ ਕੁਝ ? ਆਹ ਘਰ ਬਾਰ੍ਹ, ਜ਼ਮੀਨ, ਆਪਣੀ ਧਰਤੀ!"

ਕੁਲਦੀਪ ਨੇ ਗੱਲ ਕਰਨੀ ਚਾਹੀ

"ਇਹ ਜ਼ਮੀਨ ,ਇਹ ਧਰਤੀ ਕਿਤੇ ਉੱਡ ਨਹੀਂ ਚੱਲੀ। "

ਬਲਜੀਤ ਨੇ ਗੱਲ ਵੀ ਪੂਰੀ ਨਾ ਕਰਨ ਦਿੱਤੀ। ਕੁਲਦੀਪ ਹੈਰਾਨ ਰਹਿ ਗਿਆ। ਉਸਦੀ ਉਂਗਲ ਫੜ੍ਹ ਕੇ ਤੁਰਨਾ ਸਿੱਖਿਆ ਬਲਜੀਤ ਸ਼ਹਿਰ ਜਾ ਕੇ ਕਿੰਨਾ ਮੂੰਹ-ਜ਼ੋਰ ਹੋ ਗਿਆ ਸੀ। ਪਰ ਆਖਰ ਉਹ ਬਾਪ ਸੀ। ਉਸਦਾ ਖੂਨ ਖੌਲਿਆ- "ਜਾਓ ਨਹੀਂ ਜਾਂਦਾ। ਦਫਾ ਹੋ ਜਾਓ ਸਭ। ਗੰਦੀ 'ਲਾਦ ਕਿਤੋਂ ਦੀ।"

"ਡੈਡੀ ਪਲੀਜ਼। ...ਵੀਰੇ ਚੁੱਪ ਹੋ ਜਾ!"

ਸਤਵੰਤ ਨੂੰ ਬਾਹਾਂ 'ਚ ਲੈਂਦਿਆਂ ਮਨਜੀਤ ਨੇ ਤਰਲਾ ਕੀਤਾ। ਉਸਦੇ ਬੋਲਾਂ ਨੇ ਅਜਿਹਾ ਜਾਦੂ ਕੀਤਾ ਕਿ ਸਭ ਪਾਸੇ ਚੁੱਪ ਦਾ ਤਾਲਾ ਵੱਜ ਗਿਆ। ਕੁਲਦੀਪ ਅੰਦਰ ਗੁੱਥਮਗੁੱਥਾ ਹੋ ਕੇ ਕਿੰਨਾ ਕੁਝ ਸ਼ੋਰ ਮਚਾਉਣ ਲੱਗਾ। ਇਹ ਸ਼ੋਰ ਫਿਰ ਏਨਾ ਖਰੂਦੀ ਹੋ ਗਿਆ ਕਿ ਇਸਨੇ ਅਜੇ ਤੱਕ ਕੁਲਦੀਪ ਦਾ ਪਿੱਛਾ ਨਹੀਂ ਸੀ ਛੱਡਿਆ। ਇਸ ਸ਼ੋਰ ਨੇ ਉਸ ਦੀਆਂ ਨਸਾਂ ਅਕੜਾ ਛੱਡੀਆਂ ਸਨ। ਨੀਂਦ ਵਿੱਚ ਵੀ ਖਲਲ ਪੈਣ ਲੱਗਾ। ਅੱਜ ਵੀ ਅਜਿਹਾ ਹੀ ਹੋਇਆ ਸੀ। ਇਸ ਤੋਂ ਮੁਕਤੀ ਪਾਉਣ ਲਈ ਲੱਤਾਂ ਢਿੱਲੀਆਂ ਛੱਡ, ਉਹ ਚੌਫਾਲ ਲੇਟਿਆ ਰਿਹਾ। ਪਰ ਨੀਂਦ ਅੱਖਾਂ ਤੋਂ ਕੋਹਾਂ ਦੂਰ ਸੀ। ਪਾਸ ਸੀ ਸਤਵੰਤ ਦੇ ਘੁਰਾੜੇ ਜਾਂ ਉਪਰ ਘੁੰਮ ਰਿਹਾ ਪੱਖਾ। ਮਨ ਨੂੰ ਹੋਰ ਥਾਂ ਪਾਉਣ ਲਈ ਅੱਖਾਂ ਦੀ ਟਿਕਟਿਕੀ ਉਪਰ ਚੱਲ ਰਹੇ ਪੱਖੇ ਉਤੇ ਟਿਕਾ ਲਈ। ਸੋਚਾਂ ਦੀ ਫਿਰਕੀ ਪੱਖੇ ਤੋਂ ਵੀ ਤੇਜ਼ ਪੁਠਿਆਂ ਘੁੰਮ ਉਠੀ-

" ਵਿਦਿਆਰਥੀ ਏਕਤਾ !"

" ਜ਼ਿੰਦਾਬਾਦ !"



"ਫਿਰਕਾਪ੍ਰਸਤੀ !"

"ਮੁਰਦਾਬਾਦ ! "

ਨਾਹਰੇ ਮਾਰਦੀ ਪੰਜ ਸੱਤ ਵਿਦਿਆਰਥੀਆਂ ਦੀ ਟੋਲੀ ਕਾਲਜ ਗੇਟ ਤੋਂ ਤੁਰਦੀ ਹੋਈ ਕੈਂਪਸ ਵਿਚਕਾਰ ਆਣ ਜੁੜੀ। ਕਾਲਜ ਵਿਚਕਾਰਲੀ ਵੱਡੀ ਘਾਹ-ਗਰਾਊਂਡ ਪਲਾਂ ਵਿੱਚ ਹੀ ਵਿਦਿਆਰਥੀਆਂ ਦਾ ਠਾਠਾਂ ਮਾਰਦਾ ਸਮੁੰਦਰ ਬਣ ਗਈ। ਕੁਝ ਪਗੜੀਧਾਰੀ ਵਿਦਿਆਰਥੀ ਡਾਢੇ ਜੋਸ਼ ਵਿੱਚ ਨਾਹਰੇ ਲਾ ਰਹੇ ਸਨ। ਆਰੀਆ ਕਾਲਜ, ਜਲੰਧਰ ਲਈ ਇਹ ਅਸਲੋਂ ਨਿਆਰੀ ਗੱਲ ਸੀ। ਇਸ ਕਾਲਜ ਵਿੱਚ ਤਾਂ ਵਿਦਿਆਰਥੀ ਕਦੇ ਕੰਨ 'ਚ ਪਾਏ ਨਹੀਂ ਸਨ ਰੜਕੇ ਤੇ ਅੱਜ ਇਹ ਜੋਗੋਂ ਤੋਰਦੀ ਹੋਈ ਪਈ ਸੀ । ਕਾਲੀ ਪੱਗ ਵਾਲਾ ਵਿਦਿਆਰਥੀ ਇਸ ਦੀ ਅਗਵਾਈ ਕਰ ਰਿਹਾ ਸੀ। ਛੋਟੀ-ਛੋਟੀ ਦਾਹੜੀ ਉਸਦਾ ਗੋਰਾ ਨਿਸ਼ੰਗ ਚਿਹਰਾ ਲਾਲ ਹੋਇਆ ਪਿਆ ਸੀ। ਵਿਦਿਆਰਥੀ ਉਸ ਦੁਆਲੇ ਮੱਖੀਆਂ ਦੇ ਛੱਤੇ ਵਾਂਗ ਇਕੱਠੇ ਹੋਏ ਪਏ ਸਨ। ਇੱਕਾ-ਦੁੱਕਾ ਕੁਝ ਵਿਦਿਆਰਥੀ ਬੈਠਣੇ ਸ਼ੁਰੂ ਹੋ ਗਏ। ਇਕ ਅਣਦਾੜ੍ਹੀਆ ਜਿਹਾ ਵਿਦਿਆਰਥੀ ਸਿੱਧਾ ਹੀ ਵਹਿ ਤੁਰਿਆ -

"ਅਸੀਂ ਪ੍ਰਿੰਸੀਪਲ ਸਾਹਿਬ ਕੋਲ ਮੰਗ ਰੱਖੀ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਉਣ ਦੀ ਆਗਿਆ ਦਿੱਤੀ ਜਾਵੇ। ਸਾਡੀ ਗੱਲ ਤਾਂ ਕਿਸੇ ਕੀ ਮੰਨਣੀ ਸੀ, ਸਭ ਨੂੰ ਬੇਇੱਜ਼ਤ ਕਰਕੇ ਕੱਢ ਦਿੱਤਾ। ਮੈਂ ਪੁਛਦਾਂ ਬਈ ਜੇ ਕਾਲਜ 'ਚ ਹਵਨ ਹੋ ਸਕਦਾ ਤਾਂ ਸਾਡੇ ਗੁਰੂ ਦਾ ਜਨਮ ਦਿਨ ਕਿਓਂ ਨਹੀਂ ਮਨਾਇਆ ਜਾ ਸਕਦਾ?"

ਸਭ ਪਾਸੇ ਕੁਝ ਪਲਾਂ ਲਈ ਖਾਮੋਸ਼ੀ ਛਾ ਗਈ। ਇਸ ਖਾਮੋਸ਼ੀ ਨੂੰ ਕਾਲੀ ਪੱਗ ਵਾਲੇ ਵਿਦਿਆਰਥੀ ਨੇ ਜੈਕਾਰਾ ਛੱਡ ਕੇ ਭੰਗ ਕੀਤਾ। ਫਿਰ ਉਹ ਆਪਣੇ ਆਪ ਹੀ ਉਠ ਕੇ ਬੋਲਣ ਲੱਗ ਪਿਆ- "ਅਸੀਂ ਹੁਣ ਤੱਕ ਬਹੁਤ ਕੁਝ ਜਰਿਆ ਏ। ਇਹ ਬੇਇਨਸਾਫੀਆਂ ਦਾ ਕੰਮ ਹੁਣ ਹੋਰ ਨਹੀਂ ਚੱਲਣ। ਸਾਡੀ ਇੱਕੋ ਇਕ ਮੰਗ ਏ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਦੀ ਆਗਿਆ ਦਿੱਤੀ ਜਾਵੇ। ਨਹੀਂ ਤਾਂ ਫਿਰ ਕਾਲਜ ਨਹੀਂ ਖੁੱਲ੍ਹਣ ਦਿੱਤਾ ਜਾਵੇਗਾ।"

ਲਾਗਲੇ ਦੋ ਚਾਰ ਵਿਦਿਆਰਥੀਆਂ ਨੇ ਜੋਸ਼ ਨਾਲ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਕਾਲਜ ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪਲਾਂ ਵਿੱਚ ਹੀ ਪ੍ਰੋ. ਮਿੱਤਲ ਨਾਲ ਦੋ ਚਾਰ ਪ੍ਰੋ. ਆਏ ਤੇ ਉਨ੍ਹਾਂ ਐਲਾਨ ਕਰ ਦਿੱਤਾ ਕਿ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀ ਮੰਗ ਮੰਨ ਲਈ ਹੈ। ਗੁਰਪੁਰਬ ਦਾ ਸਭ ਪ੍ਰਬੰਧ ਵੀ ਕਾਲਜ ਵੱਲੋਂ ਕੀਤਾ ਜਾਵੇਗਾ। ਪਲਾਂ ਛਿਣਾਂ ਵਿੱਚ ਹੀ ਜੈਕਾਰਿਆਂ ਦੀ ਆਵਾਜ਼ ਏਨੀ ਉਚੀ ਹੋਈ ਕਿ ਇਹ ਕਾਲਜ ਗਰਾਊਂਡ ਤੋਂ ਫੈਲ ਕੇ ਸਮੁੱਚੇ ਕੈਂਪਸ ਵਿੱਚ ਫੈਲ ਗਈ। ਜਿੱਥੇ ਪਹਿਲਾਂ ਪੰਜ ਸੱਤ ਪਗੜੀਧਾਰੀ ਹੀ ਜੈਕਾਰੇ ਛੱਡਣ ਵਾਲੇ ਸਨ ਹੁਣ ਇਸ ਵਿੱਚ ਬਹੁਤ ਸਾਰੇ ਕੱਟੇ ਕੇਸਾਂ ਵਾਲਿਆਂ ਦੀਆਂ ਆਵਾਜ਼ਾਂ ਵੀ ਸ਼ਾਮਲ ਹੋ ਗਈਆਂ। ਉਥੇ ਬੈਠਿਆਂ ਹੀ ਮਿੰਟਾਂ ਵਿਚ ਕਾਲੀ ਪੱਗੜੀ ਵਾਲੇ ਨੂੰ ਕਾਲਜ ਯੂਨਿਟ ਦਾ ਪ੍ਰਧਾਨ ਬਣਾਉਣ ਦਾ ਐਲਾਨ ਹੋ ਗਿਆ।

ਇਸ ਮੁੰਡੇ ਨੂੰ ਕੁਲਦੀਪ ਨੇ ਅੱਗੇ ਵੀ ਕਈ ਵਾਰ ਹੋਸਟਲ ਮੈੱਸ ਵਿੱਚ ਖਾਣਾ ਖਾਂਦਿਆਂ ਵੇਖਿਆ ਸੀ ਪਰ ਕਦੇ ਬਹੁਤਾ ਧਿਆਨ ਨਹੀਂ ਸੀ ਦਿੱਤਾ। ਏਧਰ-ਓਧਰ ਵੇਖਣ ਦੀ ਫੁਰਸਤ ਹੀ ਕਿੱਥੇ ਸੀ? ਸਾਇੰਸ ਦੀ ਪੜ੍ਹਾਈ ਨੇ ਉਸ ਦੀਆਂ ਭੰਬੀਰੀਆਂ ਘੁੰਮਾਈਆਂ ਪਈਆਂ ਸਨ। ਪੰਜਾਬੀ ਮੀਡੀਅਮ ਵਾਲੀ ਪੇਂਡੂ ਪੜ੍ਹਾਈ ਤੋਂ ਸਿੱਧੀ ਅੰਗਰੇਜੀ ਮੀਡੀਅਮ ਵਾਲੀ ਪੜ੍ਹਾਈ ਨੇ ਉਸ ਨੂੰ ਬੌਦਲਾਇਆ ਪਿਆ ਸੀ। ਉਪਰੋਂ ਕਾਲਜ ਵੱਲੋਂ ਕੀਤੀ ਜਾਂਦੀ ਬੇਵਜਹ ਸਖਤੀ। ਪਿਛਲੇ ਕੁਝ ਮਹੀਨਿਆਂ ਵਿੱਚ ਉਸ ਅੰਦਰ ਘੁਟਣ ਦਾ ਇੱਕ ਗੋਲਾ ਜਿਹਾ ਬਣ ਗਿਆ ਸੀ। ਇਸ ਗੋਲੇ ਦੀ ਘੁੰਮਣਘੇਰੀ ਵਿੱਚ ਉਸ ਨੂੰ ਖੁਦ ਵੀ ਪਤਾ ਨਾਂ ਲੱਗਾ ਕਿ ਉਸਦਾ ਹੱਥ ਜੈਕਾਰੇ ਗੁੰਜਾਉਣ ਵਾਲੇ ਹੱਥਾਂ ਵਿੱਚ ਕਦ ਸ਼ਾਮਲ ਹੋ ਗਿਆ। ਪਰ ਇਸ ਜੈਕਾਰੇ ਨਾਲ ਉਸ ਨੂੰ ਆਪਣੇ ਅੰਦਰ ਜਮ੍ਹਾ ਹੋਈ ਘੜਮੱਸ ਤੋਂ ਕੁਝ ਰਾਹਤ ਜਿਹੀ ਮਿਲੀ। ਇਵੇਂ ਜਿਵੇਂ ਸਿਰ ਤੋਂ ਮਣਾਂ ਮੂੰਹੀਂ ਭਾਰ ਲੱਥ ਗਿਆ ਹੋਵੇ।

ਅਗਲੇ ਹੀ ਪਲ ਉਸ ਨੂੰ ਆਪਣੇ ਆਪ ਤੇ ਹਾਸਾ ਜਿਹਾ ਆਇਆ। ਚਾਨ-ਚੱਕ ਉਸ ਨੂੰ ਆਪਣਾ ਪੱਲੜਾ ਜਮਾਂ ਹਲਕਾ ਜਾਪਿਆ। ਸਿਰ ਤੇ ਬੱਝੀ ਪੱਗ ਪੱਲੜੇ ਨੂੰ ਕੁਝ ਭਾਰਾ ਕਰਦੀ ਜਾਪੀ ਪਰ ਘਰੋੜ ਕੇ ਕੱਟੀ ਲੁਈਂ ਦਾਹੜੀ ਨਾਲ ਦੂਜਾ ਛਾਬਾ ਜਮਾਂ ਹੇਠਾਂ ਬਹਿ ਗਿਆ ਜਾਪਿਆ। ਇਸ ਪਾਸੇ ਨੂੰ ਸਾਂਵਾਂ ਕਰਨ ਲਈ ਉਸ ਦੀ ਨਜ਼ਰ ਆਪਣੇ ਘਰਦਿਆਂ ਵੱਲ ਘੁੰਮੀ ਪਰ ਉਸ ਦੇ ਘਰ ਦੇ ਵੀ ਕੋਈ ਬਹੁਤੇ ਗੁਰੂ ਭਗਤ ਤਾਂ ਹੈ ਨਹੀਂ ਸਨ। ਕਦੇ ਦਿਨ ਤਿਓਹਾਰ ਗੁਰਦੁਆਰੇ ਗੇੜਾ ਮਾਰ ਲਿਆ। ਹਾੜੀ ਸਾਉਣੀ ਫਸਲ ਤੇ ਦਸਵੰਧ ਕੱਢ ਲਿਆ। ਉਨ੍ਹਾਂ ਦੀ ਸਿਖੀ-ਸੀਮਾਂ ਪੁਰਖਿਆਂ ਤੋਂ ਇਥੋਂ ਕੁ ਤੱਕ ਟਿਕੀ ਹੋਈ ਸੀ। ਸਭ ਦਾ ਆਪਣੇ ਕੰਮੀਂ-ਕਾਰੀਂ ਧਿਆਨ ਸੀ ਦਸ-ਬਾਰਾਂ ਕਿੱਲਿਆਂ ਵਾਲੇ ਜੱਟ ਨੂੰ ਬਹੁਤੀਆਂ ਫੈਲਸੂਫੀਆਂ ਪੁਗਦੀਆਂ ਵੀ ਕਿੱਥੇ ਹਨ? ਇਨ੍ਹਾਂ ਗੱਲਾਂ ਕਾਰਣ ਹੀ ਕੁਲਦੀਪ ਨੂੰ ਸਦਾ ਨੱਕ ਦੀ ਸੇਧੇ ਤੁਰਨ ਦੀ ਸਿੱਖਿਆ ਮਿਲੀ ਸੀ। ਉਹ ਹੁਣ ਤੱਕ ਇਵੇਂ ਹੀ ਤੁਰਿਆ ਸੀ। ਇਸੇ ਲਈ ਉਸ ਨੇ ਜੈਕਾਰਾ ਭਾਵੇਂ ਗੂੰਜਾ ਦਿੱਤਾ ਪਰ ਜਲਦੀ ਹੀ ਸੁਰਤ ਸੰਭਾਲ ਲਈ। ਆਲਾ-ਦੁਆਲਾ ਵੇਖਿਆ। ਕੋਲ ਕਿਸੇ ਜਾਣੂੰ ਅਧਿਆਪਕ ਨੂੰ ਨਾਂ ਵੇਖ ਕੇ ਨਿਸ਼ਚਿੰਤ ਹੋ ਗਿਆ। ਵੈਸੇ ਵੀ ਉਥੇ ਉਸ ਵਰਗੇ ਸੈਂਕੜੇ ਸਨ। ਸਿੱਧਾ ਆਪਣੇ ਕਮਰੇ 'ਚ ਆਣ ਸਾਹ ਲਿਆ। ਉਨ੍ਹਾਂ ਮੁੰਡਿਆਂ ਵਿੱਚੋਂ ਹੀ ਤਿੰਨ ਜਣਿਆਂ ਨੇ ਉਸ ਦੇ ਬੂਹੇ ਤੇ ਦਸਤਕ ਦਿੱਤੀ- "ਗੁਰੂ ਨਾਨਕ ਜੀ ਦੇ ਬਰਥ ਡੇ ਦੀ ਸੇਵਾ ਲਈ ਆਏ ਹਾਂ।"

ਇਹ ਉਸਦਾ ਜਮਾਤੀ ਭਰਪੂਰ ਸੀ। ਉਸ ਦੇ ਅਜੇ ਦਾਹੜੀ ਦੇ ਚਾਰ ਕੁ ਵਾਲ ਹੀ ਆਏ ਸਨ ਤੇ ਨਵੀਂ-ਨਵੀਂ ਪੱਗ ਬੰਨਣੀ ਸ਼ੁਰੂ ਕੀਤੀ ਸੀ।

"ਨਾਲੇ ਵਧਾਈਆਂ ! ਕਾਲਜ 'ਚ ਫੈਡਰੇਸ਼ਨ ਦਾ ਯੂਨਿਟ ਕੈਮ ਹੋ ਗਿਆ। ਭਾਜੀ ਗੁਰਪ੍ਰੀਤ ਸਿੰਘ ਹੋਰਾਂ ਨੂੰ ਪ੍ਰਧਾਨ ਥਾਪਿਆ ਜੇ।"

ਮਜਬੂਤ ਕਾਠੀ ਤੇ ਸੰਘਣੀ ਦਾਹੜੀ ਵਾਲੇ ਗੁਰਲਾਭ ਦੀ ਦਮਦਾਰ ਆਵਾਜ ਉਭਰੀ। ਇੱਕ ਸਕਿੰਟ ਵਿੱਚ ਕੁਲਦੀਪ ਦਸਾਂ ਦਾ ਨੋਟ ਕੱਢ ਲਿਆਇਆ ਤੇ ਬੜੀ ਆਜਜ਼ੀ ਨਾਲ ਬੋਲਿਆ - "ਇਹ ਤੁੱਛ ਭੇਟਾ ਸਵੀਕਾਰ ਕਰੋ ਜੀ।"



"ਬੱਸ ਇਹੀ ਸ਼ਰਧਾ?" ਭਰਪੂਰ ਤਮਕ ਕੇ ਪਿਆ।

"ਮੇਰੀ ਏਨੀ ਪੁੱਗਤ ਹੀ ਆ ਜੀ।"

ਕੁਲਦੀਪ ਨੇ ਜੁਬਾਨ ਵਿੱਚ ਦੁਨੀਆਂ ਭਰ ਦੀ ਹਲੀਮੀ ਭਰ ਕੇ ਕਿਹਾ। ਇਸ ਤੋਂ ਪਹਿਲਾਂ ਕੇ ਭਰਪੂਰ ਹੋਰ ਕੁਝ ਬੋਲਦਾ ਗੁਰਪ੍ਰੀਤ ਉਸ ਦੇ ਕਰੀਬ ਆ ਗਿਆ-

"ਸਾਨੂੰ ਤੁਹਾਡੇ ਵਰਗੇ ਦਾ ਸਾਥ ਚਾਹੀਦਾ। ਮਾਇਆਧਾਰੀ ਬਥੇਰੇ ਪਏ ਨੇ।"

ਗੱਲ ਮੁਕਾਉਣ ਤੋਂ ਪਹਿਲਾਂ ਹੀ ਉਸ ਨੇ ਕੁਲਦੀਪ ਨੂੰ ਆਪਣੀ ਗੱਲਵੱਕੜੀ ਵਿੱਚ ਘੁੱਟ ਲਿਆ। ਥੋੜ੍ਹੇ ਪੈਸੇ ਦੇ ਸਕਣ ਦੀ ਨਮੋਸ਼ੀ ਨਾਲ ਘਿਰਿਆ ਕੁਲਦੀਪ ਉਸ ਦੀਆਂ ਬਾਹਾਂ ਵਿੱਚ ਆਉਂਦਿਆਂ ਹੀ ਪਿਘਲ ਗਿਆ। ਉਸ ਦੀਆਂ ਬਾਹਾਂ ਦੀ ਕੱਸ ਗੁਰਪ੍ਰੀਤ ਤੋਂ ਵੀ ਵਧੇਰੇ ਪੀਚਵੀਂ ਸੀ। ਅਗਲੇ ਕਮਰਿਆਂ ਵਿੱਚ ਜਾਣ ਵੇਲੇ ਉਹ ਹੁਣ ਚਾਰ ਜਣੇ ਸਨ।

ਇਓਂ ਤੁਰ ਪੈਣ ਨਾਲ ਉਸਦੀ ਗੁਰਪ੍ਰੀਤ ਕੋਲ ਬਹੁਤ ਭੱਲ ਬਣੀ। ਦੂਜੇ ਦਿਨ ਹੋਈ ਮੀਟਿੰਗ ਵਿੱਚ ਉਸ ਬੜੇ ਮਾਣ ਨਾਲ ਸਭ ਨੂੰ ਦਸਿਆ - "ਕੁਲਦੀਪ ਵਰਗੀ ਸਪਿਰਟ ਹੋਵੇ ਤਾਂ ਅਸੀਂ ਸਭ ਨੂੰ ਅੱਗੇ ਲਾ ਲਈਏ। ਗੁਰੂ ਦੀ ਸੇਵਾ ਲਈ ਸਿੰਘ ਲਈ ਨੰਗੇ ਪੈਰੀਂ ਸਾਡੇ ਨਾਲ ਤੁਰ ਪਿਆ।"

ਕੁਲਦੀਪ ਨੂੰ ਸਿਫਤ ਚੰਗੀ ਲੱਗੀ ਪਰ ਆਪਣੇ ਲਈ ਵਰਤੇ 'ਸਿੰਘ' ਸ਼ਬਦ ਕਾਰਣ ਉਸਨੂੰ ਥੋੜ੍ਹੀ ਸ਼ਰਮ ਵੀ ਆਈ। ਅਛੋਪਲੇ ਹੀ ਉਸਦਾ ਹੱਥ ਆਪਣੀ ਕੱਟੀ ਦਾਹੜੀ ਉਪਰ ਫਿਰ ਗਿਆ। ਪਰ ਆਸ-ਪਾਸ ਆਪਣੇ ਵਰਗੇ ਹੀ ਤੱਕ ਕੇ ਅੰਦਰ ਉਠਿਆ ਸ਼ਰਮ ਵਾਲਾ ਗੋਲਾ ਥਾਏਂ ਦਮ ਤੋੜ ਗਿਆ।

ਛੋਟੀਆਂ ਛੋਟੀਆਂ ਗੱਲਾਂ ਕਾਰਨ ਹੀ ਗੁਰਪ੍ਰੀਤ - ਉਸ ਲਈ 'ਸੁਪਰ ਸਿੰਘ' ਬਣ ਗਿਆ। ਕਿੰਨਾ ਜੋਸ਼ ਸੀ ਉਸ ਅੰਦਰ! ਧੱਕੇਸ਼ਾਹੀ ਦੇਖਦੇ ਹੀ ਭਿੜਨ ਲਈ ਤਿਆਰ ਹੋ ਜਾਂਦਾ। ਉਸ ਦਿਨ ਵੀ ਤਾਂ ਉਸ ਇਕ ਮਿੰਟ ਨਹੀਂ ਸੀ ਲਾਇਆ। ਉਸ ਨਾਲ ਸਿੱਧਾ ਪ੍ਰਿੰਸੀਪਲ ਕੋਲ ਗਿਆ -

"ਸਰ! ਕੁਲਦੀਪ ਨੂੰ ਪੰਜਾਹ ਰੁਪਏ ਫਾਈਨ ਕੀਤਾ ਗਿਆ। ਲੈਬਾਰਟਰੀ 'ਚ ਕੰਮ ਕਰਦਿਆਂ ਬੀਕਰ ਅਚਾਨਕ ਟੁੱਟ ਗਿਆ ਤਾਂ ਇਸ ਵਿੱਚ ਇਸ ਵਿਚਾਰੇ ਦਾ ਕੀ ਕਸੂਰ? ਪ੍ਰੋ. ਮਿੱਤਲ ਨੇ ਫਾਈਨ ਠੋਕ ਦਿੱਤਾ ਜੀ। ਅਸੀਂ ਤਾਂ ਸਭ ਫੀਸਾਂ ਪਤਾ ਨਹੀਂ ਕਿੱਦਾਂ ਦਿੰਨੇ ਆਂ?"

ਹੋਰ ਬਹੁਤਾ ਕਹਿਣ ਦੀ ਜਰੂਰਤ ਹੀ ਨਹੀਂ ਸੀ ਪਈ। ਪਤਾ ਨਹੀਂ ਇਹ ਗੁਰਪ੍ਰੀਤ ਦੇ ਸਿਰ ਤੇ ਬੱਝੀ ਕੇਸਰੀ ਪੱਗ ਦਾ ਪ੍ਰਭਾਵ ਸੀ ਜਾਂ ਪ੍ਰਿੰਸੀਪਲ ਨੂੰ ਹੀ ਗੱਲ ਕੁਝ ਜਚ ਗਈ ਸੀ। ਉਸ ਨੇ ਗੁਰਪ੍ਰੀਤ ਦੇ ਹੱਥੋਂ ਜੁਰਮਾਨਾ ਮੁਆਫੀ ਦੀ ਅਰਜੀ ਫੜ੍ਹੀ ਤੇ ਇੱਕ ਸਕਿੰਟ ਵਿੱਚ ਉਸਤੇ ਘੁੱਗੀ ਮਾਰ ਕੇ ਆਪਣੇ ਟੇਬਲ ਉਤਲੇ ਗਲਾਸ ਹੇਠ ਟਿਕਾ ਲਈ। ਬਾਹਰ ਨਿਕਲੇ ਕੁਲਦੀਪ ਨੂੰ ਪਹਿਲੀ ਵਾਰ ਕਾਲਜ ਵਿਚ ਕੁਝ ਆਪਣਾ ਦਬਦਬਾ ਜਾਪਿਆ। ਗੁਰਪ੍ਰੀਤ ਉਸ ਤੋਂ ਦੋ ਜਮਾਤਾਂ ਅੱਗੇ ਸੀ। ਜਾਣ-ਪਛਾਣ ਤੁਰੀ ਤਾਂ ਉਹ ਉਸਦੇ ਨਾਨਕੇ ਪਿੰਡ ਬੁਤਾਲੇ ਦਾ ਹੀ ਨਿੱਕਲ ਆਇਆ। ਉਹ ਉਸ ਨੂੰ ਆਪਣਾ-ਆਪਣਾ ਜਾਪਦਾ। ਨੱਕ ਦੀ ਸੇਧੇ ਤੁਰਨਾ ਸਿੱਖਿਆ ਕੁਲਦੀਪ ਹੁਣ ਗੁਰਪ੍ਰੀਤ

ਦੇ ਕਹੇ ਤੇ ਕਦੇ-ਕਦੇ ਇੱਧਰ ਉਧਰ ਤੁਰਨ ਲਈ ਤਿਆਰ ਹੋ ਜਾਂਦਾ। ਉਸ ਦਾ ਉਸ ਉਪਰ ਪ੍ਰਭਾਵ ਹੀ ਕੁਝ ਅਜਿਹਾ ਸੀ। ਜਿਸ ਗੱਲ ਬਾਰੇ ਸੋਚ ਕੇ ਹੀ ਉਸਦੇ ਪਸੀਨੇ ਛੁੱਟ ਜਾਂਦੇ ਉਹ ਉਸ ਨੇ ਸਾਰੇ ਕਾਲਜ ਦੇ ਸਾਹਮਣੇ ਕੀਤੀ ਸੀ। ਜਿਸ ਕਾਲਜ ਵਿੱਚ ਪ੍ਰਿੰਸੀਪਲ ਦੀ ਮਰਜੀ ਤੋਂ ਬਿਨਾ ਕਦੇ ਪੱਤਾ ਨਹੀਂ ਹਿੱਲਿਆ ਸੀ ਉਥੇ ਉਸ ਨੇ ਸਭ ਦੇ ਸਾਹਮਣੇ ਆਪਣੀ ਈਨ ਮਨਾਈ ਸੀ। ਗੁਰਪ੍ਰੀਤ ਨਾਲ ਤੁਰਦੇ ਉਸ ਨੂੰ ਜਾਪਦਾ ਜਿਵੇਂ ਉਸਦੀ ਗੁੰਮੀ ਮੜਕ ਪਰਤ ਆਈ ਹੋਵੇ।

ਇਹ ਮੜਕ ਸਦਾ ਉਸ ਦੇ ਅੰਗ-ਸੰਗ ਰਹੀ ਸੀ। ਆਪਣੇ ਪਿੰਡ ਰਮੀਦੀ ਦੇ ਸਕੂਲ ਵਿੱਚ ਤਾਂ ਉਸਦੀ ਪੜ੍ਹਾਈ ਵਿੱਚ ਸਦਾ ਝੰਡੀ ਰਹੀ ਸੀ। ਪਰ ਇਥੇ ਆਣ ਕੇ ਤਾਂ ਉਹ ਇੱਕ ਤਰ੍ਹਾਂ ਗੁਆਚ ਹੀ ਗਿਆ ਸੀ। ਉਸ ਦੇ ਮਨ ਵਿੱਚ ਆਪਣੇ ਅਧਿਆਪਕ ਸ਼ਾਮ ਲਾਲ ਦੇ ਕਹੇ ਇਹ ਸ਼ਬਦ ਅਕਸਰ ਗੂੰਜਦੇ - "ਤੇਰੇ ਵਰਗੇ ਵਿਦਿਆਰਥੀਆਂ ਕਰਕੇ ਹੀ ਪੜਾਉਣ ਨੂੰ ਮਾੜਾ ਮੋਟਾ ਦਿਲ ਕਰਦਾ, ਨਹੀਂ ਤਾਂ ਸਭ ਮਾਤਾ ਦਾ ਮਾਲ 'ਕੱਠਾ ਹੋਇਆ ਪਿਆ।"

ਪਰ ਇਥੇ ਆਣ ਕੇ ਉਹ ਆਪ ਮਾਤਾ ਦੇ ਮਾਲ ਦੀ ਪੰਡ ਬਣ ਗਿਆ ਸੀ। ਇਹ ਨਹੀਂ ਸੀ ਕਿ ਉਹ ਮਿਹਨਤ ਨਹੀਂ ਸੀ ਕਰਦਾ। ਉਹ ਤਾਂ ਚੱਤੋ ਪਹਿਰ ਪੜ੍ਹਾਈ ਲਈ ਡਟਿਆ ਰਹਿੰਦਾ ਪਰ ਮੁਸ਼ਕਲ ਤਾਂ ਸਾਰੀ ਅੰਗ੍ਰੇਜ਼ੀ ਕਰਕੇ ਸੀ। ਉਸ ਨੂੰ ਲੱਗਦਾ ਜੇ ਸਭ ਕੁਝ ਪੰਜਾਬੀ ਵਿੱਚ ਹੋਵੇ, ਅਧਿਆਪਕ ਪੰਜਾਬੀ ਵਿੱਚ ਪੜਾਉਣ ਤਾਂ ਉਹ ਇਨ੍ਹਾਂ ਸ਼ਹਿਰੀ ਅੰਗ੍ਰੇਜ਼ਾਂ ਨੂੰ ਤਾਂ ਲਾਗੇ ਨਾ ਫਟਕਣ ਦੇਵੇ। ਪਰ ਸੋਚਿਆਂ ਕੀ ਹੁੰਦਾ ਹੈ? ਕਲਾਸ ਟੈਸਟ ਵਿੱਚ ਆਏ ਮਾੜੇ ਨੰਬਰਾਂ ਨੇ ਰਹਿੰਦੀ ਖੂੰਹਦੀ ਕਸਰ ਪੂਰੀ ਕਰ ਦਿੱਤੀ। ਉਹ ਹੁਣ ਆਪ ਹੀ ਪਿਛਲੀਆਂ ਸੀਟਾਂ ਤੇ ਬੈਠਣ ਲੱਗ ਪਿਆ। ਨਾ ਬਹਿੰਦਾ ਤਾਂ ਪ੍ਰੋ. ਮਿੱਤਲ ਆਉਂਦਿਆਂ ਹੀ ਉਠਾ ਦਿੰਦਾ। ਉਹ ਨਹੀਂ ਸੀ ਚਾਹੁੰਦਾ ਕਿ 'ਨਲਾਇਕ' ਵਿਦਿਆਰਥੀ ਉਸ ਦੇ ਬਹੁਤਾ ਨਜ਼ਰੀ ਪੈਣ। ਘੱਟ ਨੰਬਰ ਲੈਣ ਵਾਲਿਆਂ ਤੋਂ ਉਸ ਨੂੰ ਉਂਜ ਹੀ ਬੜੀ ਚਿੜ ਸੀ। ਪੇਂਡੂ ਵਿਦਿਆਰਥੀਆਂ ਦਾ ਤਵਾ ਲਾਉਣ ਲੱਗਿਆ ਉਹ ਮਿੰਟ ਲਾਉਂਦਾ-

"ਨਕਲਾਂ ਮਾਰ ਕੇ ਲਏ ਨੰਬਰ? ਜੇ ਟੂਲ ਲੱਗ ਹੀ ਗਿਆ ਤਾਂ ਸਾਇੰਸ ਨਾਲ ਮੱਥਾ ਜ਼ਰੂਰ ਮਾਰਨਾ ਸੀ? ਜਾਓ ਸਬਜੈਕਟ ਬਦਲ ਲਵੋ। ਆਪ ਵੀ ਤੰਗ ਨਾ ਹੋਵੋ ਤੇ ਸਾਨੂੰ ਵੀ ਨਾਂ ਕਰੋ।"

ਉਹ ਅਕਸਰ ਝਾੜ ਪਾਉਂਦਾ। ਸਾਹਮਣੀਆਂ ਸੀਟਾਂ ਵਾਲੇ ਵਿਦਿਆਰਥੀ ਖੀਂ ਖੀਂ ਕਰਕੇ ਹੱਸਦੇ। ਕੁਲਦੀਪ ਨਮੋਸ਼ੀ ਵਿੱਚ ਡੁੱਬ ਜਾਂਦਾ। ਇੱਕ ਅੱਧ ਵਾਰ ਉਸਦਾ ਮਨ ਕੀਤਾ ਵੀ ਕਿ ਸਬਜੈਕਟ ਬਦਲ ਲਵੇ ਪਰ ਇਓਂ ਮਦਾਨ'ਚੋਂ ਭਗੋੜਾ ਹੋਣਾ ਉਸਨੂੰ ਬੁਜ਼ਦਿਲੀ ਜਾਪਦੀ। ਉਸ ਨੂੰ ਹੁਣ ਤੱਕ ਇਹੀ ਸਮਝ ਪਈ ਸੀ ਕਿ ਬੁਜ਼ਦਿਲ ਹੋਣਾ ਹੀ ਦੁਨੀਆਂ ਵਿੱਚ ਸਭ ਤੋਂ ਨਿਕੰਮੀ ਗੱਲ ਹੈ। ਘਰ ਵਿਚ ਚਾਚੇ ਦੀ ਬੁਜ਼ਦਿਲੀ ਦੀ ਅਕਸਰ ਚਲਦੀ ਕਥਾ ਨੇ ਉਸ ਅੰਦਰ ਇਹ ਗੱਲ ਪੱਕੀ ਉੱਕਰ ਦਿੱਤੀ ਸੀ। ਇਸੇ ਬੁਜ਼ਦਿਲੀ ਕਾਰਣ ਸਭ ਲਈ ਓਪਰਾ ਬੰਦਾ ਬਣ ਕੇ ਰਹਿ ਗਿਆ ਸੀ। ਵੈਸੇ ਵੀ ਸਾਰੇ ਇਲਾਕੇ ਵਿੱਚੋਂ ਟੌਪ ਕਰਨ ਵੇਲੇ ਮੁਖ ਅਧਿਆਪਕ ਦਿਲਗੀਰ ਸਿੰਘ ਦੇ ਕਹੇ ਸ਼ਬਦ



ਉਸਨੂੰ ਅਕਸਰ ਖ਼ੁਮਾਰ ਨਾਲ ਭਰਦੇ- "ਕੁਲਦੀਪ ਵਰਗੇ ਵਿਦਿਆਰਥੀ ਸਕੂਲ ਦੀ ਸ਼ਾਨ ਨੇ। ਦੇਖਣਾ ਇਹ ਵਿਦਿਆਰਥੀ ਇੱਕ ਦਿਨ ਵੱਡੀਆਂ ਮੱਲਾਂ ਮਾਰੇਗਾ। ਆਪਣੇ ਸਕੂਲ, ਪਿੰਡ ਅਤੇ ਇਲਾਕੇ ਦਾ ਨਾਮ ਰੋਸ਼ਨ ਕਰੇਗਾ।"

ਕੁਲਦੀਪ ਦੇ ਕੋਲ ਪਈ ਸਤਵੰਤ ਦੇ ਪਾਸਾ ਪਲਟਣ ਨਾਲ ਉਸਦੀ ਸੋਚ ਦੀ ਫਿਰਕੀ ਥੰਮ੍ਹ ਗਈ। ਉਹ ਮਲਕੜੇ ਜਿਹੇ ਉੱਠ ਕੇ ਬੈੱਡ ਤੇ ਬੈਠ ਗਿਆ। ਦੂਜੇ ਬੰਨੇ ਸਤਵੰਤ ਡੂੰਘੀ ਨੀਂਦ ਵਿੱਚ ਡੁੱਬੀ ਪਈ ਸੀ। ਸਭ ਕੁਝ ਤੋਂ ਬੇਧਿਆਨ। ਚਿਹਰੇ ਤੇ ਸ਼ਾਂਤੀ ਦੀਆਂ ਲਹਿਰਾਂ ਫੈਲੀਆਂ ਹੋਈਆਂ ਸਨ। ਕੁਲਦੀਪ ਨੂੰ ਜਾਪਿਆ ਜਿਵੇਂ ਉਹ ਸੁਪਨਿਆਂ 'ਚ ਕੈਨੇਡਾ ਫਿਰ ਰਹੀ ਹੋਵੇ। ਉਸ ਨੂੰ ਉਵੇਂ ਹੀ ਮਸਤ ਪਿਆਂ ਛੱਡ ਉਹ ਚੁੱਪਚਾਪ ਲੌਬੀ ਦੀਆਂ ਪੌੜੀਆਂ ਚੜ੍ਹ ਆਪਣੇ ਪੜ੍ਹਣ ਕਮਰੇ ਵਿੱਚ ਆ ਗਿਆ। ਲਾਈਟ ਜਗਾਈ। ਸਾਹਮਣੇ ਬਾਪੂ ਦੀ ਫੋਟੋ ਚਮਕੀ। ਫੋਟੋ ਦੇ ਥੱਲੜੇ ਹਿੱਸੇ ਵਿੱਚ ਉਕਰੀ ਜਨਮ ਮੌਤ ਦੀ ਸਤਰ ਲਿਸ਼ਕੀ। 6 ਜੂਨ 1984 ਦੇ ਅੱਖਰਾਂ ਵਿੱਚੋਂ ਉਸਨੂੰ ਖੂਨ ਟਪਕਦਾ ਜਾਪਿਆ। ਇਨ੍ਹਾਂ ਅੱਖਰਾਂ ਦਾ ਸਾਹਮਣਾ ਕਰਨਾ ਮੁਸ਼ਕਲ ਜਾਪਿਆ। ਫੋਟੋ ਤੋਂ ਅੱਖਾਂ ਚੁਰਾ ਉਹ ਕੋਲ ਹੀ ਟੰਗੀ ਸਾਰੇ ਪਰਿਵਾਰ ਦੀ ਤਸਵੀਰ ਵੱਲ ਤੱਕਣ ਲੱਗ ਪਿਆ। ਸਿਰ ਦੇ ਜੂੜੇ ਤੇ ਪਾਏ ਰੁਮਾਲ ਨੇ ਸਾਰੇ ਸਿਰ ਨੂੰ ਢੱਕਿਆ ਹੋਇਆ ਸੀ। ਅਚਨਚੇਤ ਉਸਦਾ ਹੱਥ ਉਪਰ ਵਾਲਾਂ ਵੱਲ ਉਠ ਗਿਆ। ਸਿਰ ਵਿਚਕਾਰ ਕਿੱਡਾ ਸਾਰਾ ਗੰਜ ਪੈ ਗਿਆ ਸੀ। ਜੂੜੇ ਦੀ ਥਾਂ ਵਾਲਾਂ ਦੀ ਗੁੱਟੀ ਆਖਰੀ ਸਾਹ ਲੈਂਦੀ ਜਾਪੀ। ਸਿਰ ਵਿਚਕਾਰਲੇ ਪੋਲੇ ਟੋਟਰ ਨੂੰ ਟੋਂਹਦਿਆਂ ਇੱਕ ਪਲ ਲਈ ਲੱਗਾ ਜਿਵੇਂ ਮਾਂ ਜੋਰ-ਜੋਰ ਨਾਲ ਤੇਲ ਝੱਸ ਰਹੀ ਹੋਵੇ ਤੇ ਉਹ ਥੱਲੇ ਬੈਠਾ ਰਿਹਾੜ ਪਾ ਰਿਹਾ ਹੋਵੇ। ਕਿੰਨਾ ਪੰਗਾ ਪੈਂਦਾ ਸੀ ਘਰ ਵਿਚ ਇਸ ਗੱਲੋਂ। ਤਪੀ ਹੋਈ ਮਾਂ ਆਖਦੀ –

"ਵੇ ਐਂਵੇ ਕਾਹਨੂੰ ਰੋਈ ਜਾਨਾ। ਸਿਰ ਨੂੰ ਤੇਲ ਤਾਂ ਢੰਗ ਨਾਲ ਝਸਾ ਲਿਆ ਕਰ।"

"ਮਾਂ ਤੂੰ ਤੇਲ ਲਾਉਂਦਿਆਂ ਵਾਲ ਬਹੁਤ ਪੁੱਟਦੀ ਐਂ।"

ਕੁਲਦੀਪ ਵਾਲ ਛੜਾਉਣ ਲਈ ਜੋਰ ਲਾਉਂਦਾ। ਮਾਂ ਦੀ ਵਾਲਾਂ ਤੇ ਕੱਸ ਸਗੋਂ ਹੋਰ ਵਧ ਜਾਂਦੀ –

"ਅੱਜ ਫਿਰ ਸ਼ੁਰੂ ਹੋ ਗਈ ਮਾਂ ਪੁੱਤ ਦੀ ਕੁਸ਼ਤੀ। ਸਿੱਖੀ ਨਿਭਾਉਣੀ ਕੋਈ ਸੌਖਾ ਕੰਮ ਐ।"

ਕੋਲ ਬੈਠੇ ਉਸ ਦੇ ਬਾਪ ਨੇ ਉਨ੍ਹਾਂ ਨੂੰ ਛੇੜਿਆ। ਮਾਂ ਉਸਦੀ ਗੱਲ ਤੇ ਹੋਰ ਵੀ ਨਰਾਜ਼ ਹੋ ਗਈ।

"ਤੁਹਾਡੀਆਂ ਏਨਾ ਗੱਲਾਂ ਨੇ ਵਿਗਾੜਿਆ ਹੋਇਆ। ਮੈਨੂੰ ਤਾਂ ਐਂਵੇ ਵਾਧੂ ਘਾਟੂ ਸਮਝਦੇ ਸਭ।"

"ਵਾਧੂ ਘਾਟੂ ਕਾਹਨੂੰ, ਤੂੰ ਤਾਂ ਸਾਡੇ ਮਹਿਲਾਂ ਦੀ ਮਲਕਾ ਏਂ।" ਇੱਕ ਹੱਥ ਦਿਲ ਤੇ ਰੱਖ ਤੇ ਦੂਜਾ ਸਾਹਮਣੇ ਬਣੇ ਦੋ ਕਮਰਿਆਂ ਦੇ ਘਰ ਵੱਲ ਫੈਲਾ ਉਸਦੇ ਬਾਪ ਧਰਮ ਸਿੰਘ ਨੇ ਮਸ਼ਕਰੀ ਕੀਤੀ। ਬੇਬੇ ਹੱਸ ਪਈ। ਫਿਰ ਉਸਦਾ ਹੱਥ ਕੁਝ ਨਰਮਾਈ ਨਾਲ ਵਾਲਾਂ 'ਚ ਫਿਰਨ ਲੱਗ ਪਿਆ।

ਵੈਸੇ ਬੇਬੇ ਬਾਪੂ ਦੀ ਆਪਸ ਵਿੱਚ ਬਹੁਤ ਬਣਦੀ ਸੀ। ਬੇਬੇ ਤਾਂ ਉਸ ਤੋਂ ਬਿਨਾਂ ਕਦੇ ਪੇਕੇ ਵੀ ਨਹੀਂ ਸੀ ਗਈ। ਨਾਨੀ ਦੀ ਵੀ ਉਸ ਨੂੰ ਇਹੋ ਨਸੀਹਤ ਹੁੰਦੀ।
"ਅਮਰੋ, ਐਵੇਂ ਨੀ ਕੌਲਿਆਂ ਦਿਖੇ ਝੁੱਕਣਾ। ਸਿਆਣੇ ਕਹਿੰਦੇ 'ਸਿਰ ਦੇ ਸਾਈਂ ਨਾਲ ਈ ਜਨਾਨੀ ਦਾ ਸੰਸਾਰ ਵਸਦੈ'। ਆਪਣੇ ਬੰਦੇ ਨਾਲ ਈ ਘਰ ਨੂੰ ਭਾਗ ਲੱਗਦੇ!"

ਪਤਾ ਨਾ ਲੱਗਦਾ ਇਹ ਸਭ ਉਹ ਆਪਣੇ ਆਪ ਨੂੰ ਕਹਿੰਦੀ ਜਾਂ ਅਮਰ ਕੌਰ ਨੂੰ ਕੋਈ ਗੁੱਝੀ ਮੱਤ ਦਿੰਦੀ। ਇਹ ਸ਼ਾਇਦ ਇਹੋ ਜਿਹੀਆਂ ਮੱਤਾਂ ਦਾ ਹੀ ਅਸਰ ਸੀ ਕਿ ਅਮਰ ਕੌਰ ਨੇ ਧਰਮ ਸਿੰਘ ਦੀ ਗੱਲ ਨੂੰ ਕਦੇ ਥੱਲੇ ਨਹੀਂ ਸੀ ਪੈਣ ਦਿੱਤਾ। ਉਸਦੇ ਸਾਹ ਵਿੱਚ ਸਾਹ ਲੈਂਦੀ। ਤੱਤੇ ਹੋਏ ਕਿਸੇ ਜੀਅ ਨੂੰ ਸਿਆਣਪ ਨਾਲ ਠੰਢਾ ਕਰਨ ਦਾ ਉਸ ਨੂੰ ਚੰਗਾ ਵੱਲ ਆਉਂਦਾ। ਦਾਦੀ ਵੀ ਉਸ ਦੇ ਇਸੇ ਸੁਭਾਅ ਕਰਕੇ ਚਾਚੇ ਨੂੰ ਛੱਡ ਉਨ੍ਹਾਂ ਨਾਲ ਰਹਿੰਦੀ। ਫੋਟੋ ਵਿੱਚ ਵੀ ਦਾਦੀ, ਮਾਂ ਕੋਲ ਹੀ ਖੜ੍ਹੀ ਸੀ।

ਚਾਚੀ ਤੋਂ ਹੱਥ ਭਰ ਉਚੇ ਚਾਚੇ ਤੇ ਨਜ਼ਰ ਪੈਂਦਿਆਂ ਹੀ ਕੁਲਦੀਪ ਅੰਦਰ ਘੋੜੇ ਦੀਆਂ ਟਾਪਾਂ ਦੀ ਆਵਾਜ਼ ਸੁਣਾਈ ਦੇਣ ਲੱਗੀ। ਇਵੇਂ ਜਾਪਿਆ ਜਿਵੇਂ ਚਾਚਾ ਹੁਣ ਵੀ ਘੋੜਾ ਬਣਿਆ ਪਿਆ ਹੋਵੇ ਤੇ ਉਹ ਉਸ ਦੀ ਸਵਾਰੀ ਕਰ ਰਿਹਾ ਹੋਵੇ। 'ਕੰਨਾ ਮੰਨਾ ਘੋਰਿਆ, ਗੁਲਾਬੀ ਫੁੱਲ ਤੋਰਿਆ' ਤੋਤਲੀ ਆਵਾਜ਼ ਦੀ ਮਹਿਕ ਚੁਫੇਰੇ ਫੈਲ ਗਈ। ਉਸ ਬੇਯਕੀਨੀ ਜਿਹੀ ਵਿੱਚ ਸਿਰ ਮਾਰਿਆ। ਇਵੇਂ ਜਿਵੇਂ ਕਹਿ ਰਿਹਾ ਹੋਵੇ- "ਨਹੀਂ ਯਾਰ, ਇਹ ਬੰਦਾ ਏਦਾਂ ਦਾ ਨਹੀਂ ਹੋ ਸਕਦਾ!

ਫੋਟੋ ਵਿਚਲੇ ਚਿਹਰੇ ਉਸਨੂੰ ਘੂਰਦੇ ਜਾਪੇ। ਆਪਣਿਆਂ ਨਾਲ ਹੀ ਅੱਖਾਂ ਮਿਲਾਉਣ ਤੋਂ ਉਸਨੂੰ ਝਿਜਕ ਜਿਹੀ ਹੋਈ। ਬੇਚੈਨੀ ਜਿਹੀ ਵਿਚ ਉਹ ਵਿਹੜੇ ਵਿੱਚ ਆ ਗਿਆ। ਚਾਰੇ ਪਾਸੇ ਸੁੰਨ-ਮਸਾਨ ਪੱਸਰੀ ਦਿਸੀ। ਪਸ਼ੂਆਂ ਦੇ ਵਾੜੇ ਵਿੱਚ ਵੀ। ਕਮਰਿਆਂ ਦੀਆਂ ਲਾਲ ਇੱਟਾਂ ਦੇ ਧੁੰਦਲੇ ਪਰਛਾਵੇਂ ਤੋਂ ਬਿਨਾਂ ਸਭ ਕੁਝ ਹਨੇਰੇ ਨੇ ਨਿਗਲਿਆ ਹੋਇਆ ਸੀ। ਖੁੱਲ੍ਹੇ ਅਸਮਾਨ ਹੇਠ ਪਲਾਸਟਿਕ ਦੀ ਕੁਰਸੀ ਤੇ ਬੈਠਦਿਆਂ ਉਸ ਡੂੰਘਾ ਸਾਹ ਲਿਆ। ਗਰਮੀ ਜਿਹੀ ਮਹਿਸੂਸ ਹੋਈ। ਕੁੜਤੇ ਦੀਆਂ ਬਾਹਾਂ ਉੱਪਰ ਵੱਲ ਚੜ੍ਹਾ ਲਈਆਂ। ਖੱਬਾ ਹੱਥ ਸੱਜੇ ਗੁੱਟ ਤੇ ਫਿਰਨਾ ਸ਼ੁਰੂ ਹੋ ਗਿਆ। ਸੱਜੇ ਗੁੱਟ'ਚੋਂ ਪੀੜ ਜਿਹੀ ਉਠੀ। ਇਹ ਕਈ ਵਾਰ ਆਪਣੇ ਆਪ ਉਠ ਪੈਂਦੀ ਸੀ। ਆਪਣਾ ਧਿਆਨ ਪੀੜ ਤੋਂ ਪਰ੍ਹੇ ਪਾਉਣ ਲਈ ਖਲਾਅ ਵਿੱਚ ਤੱਕਣ ਲੱਗਾ। ਦੋ ਤਿੰਨ ਘਰਾਂ ਦੀ ਵਿੱਥ ਤੇ ਬਣੇ ਗੁਰਦੁਆਰੇ ਵਿੱਚ ਖੜ੍ਹਾ ਨਿਸ਼ਾਨ ਸਾਹਿਬ ਅਸਮਾਨ ਨਾਲ ਆਢਾ ਲਾਈ ਬੈਠਾ ਨਜ਼ਰ ਪਿਆ। ਮਰਕਰੀ ਬਲਬ ਦੀ ਚਿੱਟੀ ਰੋਸ਼ਨੀ ਵਿੱਚ ਖੰਡਾ ਸਾਹਿਬ ਇਓ ਚਮਕ ਰਿਹਾ ਸੀ ਜਿਵੇਂ ਦੁਸ਼ਮਣ ਨੂੰ ਵੰਗਾਰ ਰਿਹਾ ਹੋਵੇ। ਅਗਲੇ ਹੀ ਪਲ ਖੰਡਾ ਉਸ ਨੂੰ ਨਿਸ਼ਾਨ ਸਾਹਿਬ ਤੋਂ ਲਥ ਕੇ ਆਪਣੇ ਮੱਥੇ ਵਿਚ ਖੁਭਦਾ ਜਾਪਿਆ। ਇੱਕ ਪਲ ਲਈ ਇਵੇਂ ਲੱਗਾ ਜਿਵੇਂ ਨਿਸ਼ਾਨ ਸਾਹਿਬ ਬਾਂਹ ਉਪਰ ਉਕਰ ਗਿਆ ਹੋਵੇ...

ਉਦੋਂ ਕਾਲਜ ਵਿੱਚ ਇਹੀ ਨਿਸ਼ਾਨ ਸਾਹਿਬ ਲਗਾਉਣ ਤੋਂ ਤਾਂ ਦੋਸਤੀਆਂ ਦੁਸ਼ਮਣੀਆਂ ਪੈ ਗਈਆਂ ਸਨ। ਕਾਲਜ ਵਾਲਿਆਂ ਸਮੇਂ ਦੀ ਹਵਾ ਨੂੰ ਭਾਂਪਦਿਆਂ ਵਿਦਿਆਰਥੀਆਂ ਅੱਗੇ ਇੱਕ ਤਰ੍ਹਾਂ ਗੋਡੇ ਹੀ ਟੇਕ ਦਿੱਤੇ ਸਨ। ਉਨ੍ਹਾਂ ਆਪਣੇ ਵੱਲੋਂ ਬੜੀ 'ਸਿਆਣਪ' ਕੀਤੀ ਸੀ। ਗੁਰਪੁਰਬ ਦਾ ਪ੍ਰਬੰਧ ਕਰਨ ਲਈ ਪ੍ਰਫੈਸਰਾਂ ਦੀ ਇੱਕ



ਕਮੇਟੀ ਬਣਾ ਦਿੱਤੀ। ਪ੍ਰੋ. ਜੋਸ਼ੀ ਦੀ ਉਸ ਦਿਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਚਾਨਣਾਂ ਪਾਉਣ ਲਈ ਡਿਊਟੀ ਲਗਾ ਦਿੱਤੀ। ਪੰਜਾਬੀ ਵਿਭਾਗ ਦੇ ਪ੍ਰੋ. ਜੋਸ਼ੀ ਦਾ ਗੁਰੂ ਅਤੇ ਭਗਤਾਂ ਦੀ ਬਾਣੀ ਉਪਰ ਡੂੰਘਾ ਅਧਿਐਨ ਸੀ। ਜੋਸ਼ੀ ਹੋਰੀਂ ਅਜੇ ਗੱਲ ਕਰਕੇ ਹਟੇ ਹੀ ਸਨ ਕਿ ਗੁਰਲਾਭ ਉਠ ਕੇ ਬੋਲ ਪਿਆ- "ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਭਾਸ਼ਣ ਵਿੱਚ ਪੰਚੀ ਵਾਰ ਬਾਬਾ ਨਾਨਕ, ਬਾਬਾ ਨਾਨਕ ਕਿਹਾ ਐ। ਇਹ ਗੁਰੂ ਸਹਿਬਾਨ ਨੂੰ ਸੰਬੋਧਨ ਕਰਨ ਦਾ ਕਿਹੜਾ ਢੰਗ ਹੋ ਸਰ? ਤੁਹਾਨੂੰ ਇਸ ਗਲਤੀ ਲਈ ਸਭ ਸਾਧ-ਸੰਗਤ ਤੋਂ ਮਾਫੀ ਮੰਗਣੀ ਚਾਹੀਦੀ ਐ ਜੀ।"

ਜੈਕਾਰਿਆਂ ਨਾਲ ਸਾਰਾ ਹਾਲ ਗੂੰਜਣ ਲੱਗ ਪਿਆ। ਪ੍ਰੋ. ਜੋਸ਼ੀ ਨੇ 'ਸਾਧ-ਸੰਗਤ' ਵੱਲ ਨਜ਼ਰ ਸੁੱਟੀ। ਘੋਨੇ-ਮੋਨੇ ਸਿਰਾਂ ਤੇ ਅੱਜ ਹੀ ਪੱਗਾਂ ਅਤੇ ਕੇਸਰੀ ਪਟਨੇ ਬੰਨ੍ਹ ਕੇ ਆਈ 'ਸਾਧ ਸੰਗਤ' ਸਗੋਂ ਜਿਆਦਾ ਜੋਸ਼ ਵਿੱਚ ਜੈਕਾਰੇ ਗੁੰਜਾਉਣ ਲੱਗੀ। ਉਸ ਦੇ ਬੁੱਲ੍ਹਾਂ ਤੇ ਸਿੱਕਰੀ ਆਉਣੀ ਸ਼ੁਰੂ ਹੋ ਗਈ। ਪਰ ਫਿਰ ਵੀ ਉਸ ਨੇ ਪ੍ਰੋਫੈਸਰੀ ਹੈਂਮੇ ਨਾਲ ਸਾਰਾ ਹੌਂਸਲਾ ਇਕੱਠਾ ਕਰਕੇ ਗੱਲ ਜਾਰੀ ਰੱਖੀ।
"ਬਾਬਾ ਜੀ ਸ਼ਬਦ ਸਾਡੀ ਸੰਸਕ੍ਰਿਤੀ ਵਿੱਚ ਬੜੇ ਸਤਿਕਾਰ ਦਾ ਸ਼ਬਦ ਹੈ। ਜਿਹੜਾ ਤੁਹਾਥੋਂ ਬਹੁਤ ਵੱਡਾ ਹੋਵੇ,ਜਿਸਦਾ ਤੁਸੀਂ ਬਹੁਤ ਸਤਿਕਾਰ ਕਰਦੇ ਹੋਵੋਂ, ਜੋ ਤੁਹਾਡੇ ਦਿਲ ਵਿੱਚ ਸਮਾਇਆ ਹੋਵੇ ਉਸ ਲਈ ਆਪਾਂ ਪਿਆਰ ਤੇ ਸਤਿਕਾਰ ਵਿੱਚ ਇਹ ਸ਼ਬਦ ਵਰਤਦੇ ਆਂ।"
"ਸਤਿਕਾਰ ਤਾਂ ਠੀਕ ਏ, ਪਰ ਇਹ ਪਿਆਰ ਵਾਲੀ ਗੱਲ ਕਿੱਧਰੋਂ ਆ ਗਈ ਸੀ? ਇਹ ਸਾਡੇ ਗੁਰੂ ਸਹਿਬਾਨ ਨੇ, ਤੁਸੀਂ ਆਸ਼ਕਾਂ ਵਾਲੀ ਗੱਲ ਕਰੀ ਜਾਂਦੇ ਹੋ!"

ਇਸ ਵਾਰ ਭਰਪੂਰ ਉਠਿਆ। ਸਾਰੇ ਹਾਲ ਵਿੱਚ ਹਾਸਾ ਪੈ ਗਿਆ। ਪ੍ਰੋ ਜੋਸ਼ੀ ਦੇ ਚਿਹਰੇ ਦੀਆਂ ਹਵਾਈਆਂ ਉਡਣ ਲੱਗੀਆਂ। ਬੈਠਣ ਤੋਂ ਪਹਿਲਾਂ ਉਹ ਇਹ ਜ਼ਰੂਰ ਕਹਿ ਗਿਆ-
"ਇਹ ਤਾਂ ਕੋਈ ਤਰਕ ਨਾ ਹੋਇਆ। ਇਹ ਤਾਂ ਬੋਲਦੇ ਦੀ ਦਾਹੜੀ ਹਿੱਲਦੀ ਵਾਲੀ ਗੱਲ ਹੋਈ।"
"ਦਾਹੜੀ ਹੋਵੇਗੀ ਤਾਂ ਹਿੱਲੇਗੀ।" ਗੁਰਲਾਭ ਉਠ ਕੇ ਏਨੀ ਫੁਰਤੀ ਨਾਲ ਬੋਲਿਆ ਕਿ ਸਭ ਪਾਸੇ ਹਾਸੇ ਦਾ ਫੁਹਾਰਾ ਛੁੱਟ ਪਿਆ। ਪ੍ਰਬੰਧਕ ਪ੍ਰੋਫੈਸਰਾਂ ਨੂੰ ਹੁਣ ਸਿਰਫ ਦੇਗ ਵੰਡੇ ਜਾਣ ਦੀ ਉਡੀਕ ਸੀ।

ਅਗਲੇ ਦਿਨ ਇਹ ਝੱਜੂ ਪੈ ਗਿਆ ਕਿ ਹੋਸਟਲ ਦੇ ਇੱਕ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇ ਤੇ ਸਾਹਮਣੇ ਲਾਅਨ ਵਿੱਚ ਨਿਸ਼ਾਨ ਸਾਹਿਬ ਲਗਾਇਆ ਜਾਵੇ। ਇਸ ਗੱਲ ਤੇ ਚੰਗਾ ਰੌਲਾ ਪਿਆ। ਆਖਰ ਗੱਲ ਇਥੇ ਆਣ ਕੇ ਮੁੱਕੀ ਕਿ ਹੋਸਟਲ ਦੇ ਸਵਾਗਤੀ ਦਰਵਾਜੇ ਤੇ ਕੇਸਰੀ ਝੰਡਾ ਲਗਾਇਆ ਜਾਵੇਗਾ। ਪਰ ਇਸ ਦੌਰਾਨ ਲਗਭੱਗ ਇਕ ਹਫਤਾ 'ਬੋਲੇ ਸੋ ਨਿਹਾਲ' ਦੇ ਜੈਕਾਰੇ ਕਲਾਸਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੂੰਜਣ ਲੱਗ ਜਾਂਦੇ ਤੇ ਉਦੋਂ ਤੱਕ ਗੂੰਜਦੇ ਰਹਿੰਦੇ ਜਦ ਤੱਕ ਕਾਲਜ 'ਚ ਉਲੂ ਨਾ ਬੋਲਣ ਲੱਗ ਪੈਂਦੇ।

ਕਲਾਸਾਂ ਦੀ ਚੁੱਪ ਨੇ ਜਲਦੀ ਹੀ ਕੁਲਦੀਪ ਅੰਦਰ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਇਸ ਖੌਰੂ ਨੂੰ ਸਮੇਟਣ ਲਈ ਉਹ ਗੁਰਪ੍ਰੀਤ ਨੂੰ ਜਾ ਟੱਕਰਿਆ। ਪਰ ਉਸ ਨਾਲ ਗੱਲ ਕਰਕੇ ਜ਼ਿੰਦਗੀ ਵਿੱਚ ਪਹਿਲੀ ਵਾਰ ਉਸਨੂੰ ਸਭ ਕੁਝ ਹਿੱਲਦਾ ਜਾਪਿਆ। ਉਸਨੇ ਤਾਂ ਕਦੇ ਇਓਂ ਸੋਚਿਆ ਹੀ ਨਹੀਂ ਸੀ। ਉਹ ਤਾਂ ਆਪਣਾ ਗੁੱਭ-ਗੁਲ੍ਹਾਟ ਕੱਢਣ ਗਿਆ ਸੀ ਪਰ ਮੁੜਦੇ ਹੋਏ ਉਸਨੂੰ ਇਓਂ ਜਾਪਿਆ ਜਿਵੇਂ ਕਿਸੇ ਨੇ ਉਸ ਉਪਰ ਮਣਾਂ-ਮੂੰਹੀ ਭਾਰ ਲੱਦ ਦਿੱਤਾ ਹੋਵੇ।

"ਰੋਜ ਮੁੰਡੇ ਹੜਤਾਲ ਕਰ ਦਿੰਦੇ ਆ। ਪੇਪਰ ਨੇੜੇ ਆ ਰਹੇ ਨੇ। ਸਿਲੇਬਸ ਅਜੇ ਅੱਧੇ ਨਹੀ ਮੁੱਕੇ। ਬਾਬਾ ਜੀ ਦੇ ਗੁਰਪੁਰਬ ਤੋਂ ਬਾਅਦ ਕਲਾਸਾਂ ਚੱਜ ਨਾਲ ਲੱਗੀਆਂ ਈ ਨਹੀਂ। ਮੇਰੀ ਤਾਂ ਟਿਊਸ਼ਨਾਂ ਪੜ੍ਹਣ ਦੀ ਪੁਗਤ ਵੀ ਹੈਨੀ। ਐਂ ਚੱਲਦਾ ਰਿਹਾ ਤਾਂ ਸਾਲ ਮਾਰਿਆ ਜਾਣਾ। ਘਰਦਿਆਂ ਨੇ ਪੜ੍ਹਣੋ ਈ ਹਟਾ ਲੈਣਾ। ਮੈਂ ਤਾਂ ਰੁਲਜੂ ਇਓਂ।"

ਕੁਲਦੀਪ ਨੇ ਇੱਕੋ ਸਾਹੇ ਹੀ ਮਨ ਦੀ ਸਾਰੀ ਭੜਾਸ ਕੱਢ ਛੱਡੀ।

"ਤੇਰੀ ਗੱਲ ਠੀਕ ਐ ,ਪਰ ਕੌਮ ਦੇ ਮਸਲਿਆਂ ਤੋਂ ਵੱਡਾ ਵੀ ਤਾਂ ਕੁਝ ਨਹੀਂ "

ਗੁਰਪ੍ਰੀਤ ਨੇ ਗਾਤਰੇ ਤੋਂ ਪਏ ਭਾਰ ਨੂੰ ਠੀਕ ਕਰਦਿਆਂ ਗੱਲ ਨਿਸ਼ਾਨੇ ਤੇ ਲਾ ਦਿੱਤੀ। ਉਹ ਚੌਂਕ ਮਹਿਤੇ ਤੋਂ ਹਫਤਾ ਭਰ ਪਹਿਲਾਂ ਹੀ ਅੰਮ੍ਰਿਤਪਾਨ ਕਰਕੇ ਆਇਆ ਸੀ। ਬਹੁਤਾ ਅਭਿਆਸੀ ਨਾ ਹੋਣ ਕਰਕੇ ਬੈਠਦੇ ਸਮੇਂ ਗਾਤਰਾ ਤਿਲਕ ਕੇ ਉਸ ਦੇ ਪੱਟ ਥੱਲੇ ਆ ਜਾਂਦਾ।

"ਆਹ ਬਹੁਤ ਵਾਰ ਤਾਂ ਤੁਸੀਂ ਨਾਲ ਵੀ ਨਹੀਂ ਹੁੰਦੇ। ਭਰਪੂਰ ਹੀ ਲੀਡਰ ਬਣਿਆਂ ਹੁੰਦਾ।"

"ਏਨੂੰ ਲੀਡਰੀ ਦਾ ਸ਼ੌਕ ਏ। ਏਨਾ ਦੇ ਟੱਬਰ ਦਾ ਇਹ ਪੁਰਾਣਾ ਧੰਦਾ। ... ਤੈਨੂੰ ਪਤਾ ਇਹ ਪੱਟੀ ਵਾਲੇ ਕਾਂਗਰਸੀ ਲੀਡਰ ਦਾ ਕਾਕਾ ਏ । ਇਹ ਜੇ.ਪੰਥ ਦੇ ਖਾਤੇ ਪੈਂਦਾ ਤਾਂ ਸਮਝਾਂਗੇ ਚਲੋ ਇਨ੍ਹਾਂ ਵੀ ਕੋਈ ਪੰਥ ਦੀ ਸੇਵਾ ਕੀਤੀ।"

"ਪਰ ਭਾਜੀ ਤੁਹਾਨੂੰ ਇਨ੍ਹਾਂ ਨੂੰ ਇਓਂ ਹੜਦੂੰਗ ਮਚਾਉਣ ਤੋਂ ਰੋਕਣਾ ਚਾਹੀਦਾ। ਪ੍ਰੋਫੈਸਰਾਂ ਦੀ ਇਓਂ ਇਨਸਲਟ ਕਰਨਾ ਕਿੱਧਰ ਦੀ ਸੇਵਾ ਏ?"

"ਪ੍ਰੋਫੈਸਰਾਂ ਵਾਲੀ ਤੇਰੀ ਗੱਲ ਠੀਕ ਏ ਪਰ ਇਹ ਬੜੀ ਮੀਸਣੀ ਕੌਮ ਐਂ। ਉੱਤੋ ਹੋਰ ਵਿੱਚੋਂ ਹੋਰ ਨੇ। ਇਨ੍ਹਾਂ ਤੱਕੜੀ ਤੋਲਾਂ ਦੀਆਂ ਚਾਲਾਂ ਸਮਝਣਾਂ ਕਿਤੇ ਸੌਖਾ? ਕਦੇ ਕੋਈ ਸਿੱਖ ਵਿਦਿਆਰਥੀ ਚਮਕਣ ਦਿੱਤਾ ਏਹਨਾਂ? ਅੱਗੇ ਲੰਘਦਾ ਜਾਪੇ ਅਜਿਹੀ ਕੁੰਡੀ ਲਾਉਂਦੇ ਆ ਕਿ ਅਗਲਾ ਮੂੰਹ ਟੱਡੀ ਦੇਖਦਾ ਰਹਿ ਜਾਂਦਾ।"

"ਤੁਸੀਂ ਇਹ ਗੱਲ ਕਿਵੇਂ ਕਹਿ ਸਕਦੇ ਹੋ?" ਕੁਲਦੀਪ ਨੂੰ ਯਕੀਨ ਕਰਨਾ ਮੁਸ਼ਕਿਲ ਲੱਗਾ।

"ਮੇਰੇ ਆਪਣੇ ਨਾਲ ਇਹ ਵਾਪਰਿਆ। ਮੇਰਾ ਗੋਲਡ ਮੈਡਲ ਬਣਨ ਤੋਂ ਰੋਕਣ ਲਈ ਇਨ੍ਹਾਂ ਪ੍ਰੈਕਟੀਕਲਾਂ 'ਚ ਮੈਨੂੰ ਪੂਰੇ ਪੰਦਰਾਂ ਨੰਬਰ ਦੀ ਮਾਰ ਮਾਰੀ ਐ।"

ਗੱਲ ਸੁਣਕੇ ਕੁਲਦੀਪ ਦਾ ਮੂੰਹ ਟੱਡਿਆ ਗਿਆ। ਉਸਨੂੰ ਸਭ ਕੁਝ ਗੜਕਦਾ ਜਾਪਿਆ। ਉਹ ਜਾਣਦਾ ਸੀ ਗੁਰਪ੍ਰੀਤ ਐਵੇਂ ਗੱਲਾਂ ਬਣਾਉਣ ਵਾਲਾ ਬੰਦਾ ਨਹੀਂ। ਦਸਵੀਂ ਵਿੱਚੋਂ ਉਸਦੀ ਪੰਜਾਬ ਵਿੱਚੋਂ ਆਈ ਪੰਜਵੇਂ ਸਥਾਨ ਵਾਲੀ ਫੋਟੋ ਉਸ ਨੇ



ਉਸਦੇ ਕਮਰੇ ਵਿੱਚ ਕੰਧ ਤੇ ਲਟਕਦੀ ਕਈ ਵਾਰ ਵੇਖੀ ਸੀ। ਮੁੱਖ ਮੰਤਰੀ ਤੋਂ ਇਨਾਮ ਲੈਂਦੇ ਦਾ ਮੁਸਕਰਾਉਂਦਾ ਚਿਹਰਾ ਉਸ ਦੇ ਅੰਦਰ ਅਟਕਿਆ ਪਿਆ ਸੀ। ਉਸ ਨੂੰ ਉਸ ਦੀ ਗੱਲ ਵਿੱਚ ਵਜਨ ਜਾਪਿਆ।

ਵੈਸੇ ਵੀ ਕਾਲਜ ਵਿੱਚ ਪਗੜੀਧਾਰੀ ਦੋ ਤਿੰਨ ਪ੍ਰੋਫੈਸਰ ਹੀ ਸਨ। ਕੀ ਪੱਗਾਂ ਵਾਲੇ ਹੀ ਲੱਗਣ ਦੇ ਯੋਗ ਨਹੀਂ ਸਨ ਜਾਂ ਇਨ੍ਹਾਂ ਹੀ ਨੇੜੇ ਢੁੱਕਣ ਨਹੀਂ ਦਿੱਤੇ ਸਨ। ਇਹੋ ਜਿਹਾ ਬਹੁਤ ਕੁਝ ਹੁਣ ਉਸ ਅੰਦਰ ਫਤੂਰ ਮਚਾਉਂਦਾ। ਉਹ ਕਾਲਜ ਨੂੰ ਘੋਖਣ ਲੱਗ ਪਿਆ। ਇਸ ਘੋਖ ਵਿਚੋਂ ਹੀ ਉਸ ਨੂੰ ਮਹਿਸੂਸ ਹੋਇਆ ਕਿ ਕਿਸੇ ਪ੍ਰੋਫੈਸਰ ਨੇ ਕਦੇ ਉਸ ਦੀ ਗੱਲ ਦਾ ਪਿਆਰ ਨਾਲ ਉੱਤਰ ਨਹੀਂ ਸੀ ਦਿੱਤਾ। ਇੱਕ ਦੋ ਪ੍ਰੋਫੈਸਰਾਂ ਦੇ ਨੇੜੇ ਹੋਣ ਦੀ ਕੋਸ਼ਿਸ਼ ਵੀ ਕੀਤੀ ਪਰ ਗੱਲ ਨਹੀਂ ਸੀ ਬਣੀ। ਪ੍ਰੋ. ਮਿੱਤਲ ਤਾਂ ਅਕਸਰ ਕਲਾਸ ਵਿੱਚ ਹੀ ਡਾਂਟ-ਡਪਟ ਕਰ ਦਿੰਦੇ। ਪਹਿਲਾਂ ਤਾਂ ਉਸ ਨੂੰ ਲੱਗਦਾ ਕਿ ਇਹ ਉਸਦੇ ਘੱਟ ਨੰਬਰ ਲੈਣ ਕਾਰਨ ਹੋਵੇਗਾ ਪਰ ਹੌਲੀ ਹੌਲੀ ਉਸ ਨੂੰ ਇਸ ਵਿੱਚ ਉਸਦੀ ਪੱਗ ਦਾ ਰੰਗ ਵੀ ਘੁਲਿਆ ਮਿਲਿਆ ਜਾਪਣ ਲੱਗ ਪਿਆ। ਉਸ ਨੇ ਦਾਹੜੀ ਕੱਟਣੀ ਬੰਦ ਕਰ ਦਿੱਤੀ। ਵਧੀ ਦਾਹੜੀ ਨਾਲ ਉਸ ਨੂੰ ਆਪਣਾ ਚਿਹਰਾ ਓਪਰਾ-ਓਪਰਾ ਲੱਗਦਾ ਪਰ ਉਸ ਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਕਾਲਜ ਵਿੱਚ ਇਸ ਵਧੀ ਦਾਹੜੀ ਨਾਲ ਉਸਦੀ ਇੱਜ਼ਤ ਵੀ ਵੱਧਣ ਲੱਗ ਪਈ।

ਪਰ ਇਹ ਸਭ ਉਸਦਾ ਭੁਲੇਖਾ ਹੀ ਨਿਕਲਿਆ। ਇਸ 'ਇੱਜ਼ਤ' ਨੂੰ ਮਿੱਟੀ ਵਿਚ ਰੁਲਦਿਆਂ ਪਲ ਵੀ ਨਹੀਂ ਸੀ ਲੱਗਾ। ਕਾਲਜ ਵਿਚ ਤਾਂ ਬੱਸ ਤੂਫ਼ਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਸੀ। ਆਖਿਰ ਜਦ ਇਹ ਭੁਚਾਲ ਆਇਆ ਤਾਂ ਸਾਰਾ ਜੋਰ ਲਗਾ ਲੈਣ ਦੇ ਬਾਵਜੂਦ ਵੀ ਥੰਮ੍ਹ ਸਕਿਆ। ਇਹ ਉਸ ਦਿਨ ਏਨਾ ਮੂੰਹ ਜੋਰ ਹੋ ਗਿਆ ਕਿ ਸਭ ਨੂੰ ਭਾਜੜਾਂ ਹੀ ਪੈ ਗਈਆਂ। ਬਾਹਰ ਗੇਟ ਤੇ ਤਾਇਨਾਤ ਸੀ.ਆਰ.ਪੀ.ਐਫ.ਦੇ ਜਵਾਨ ਦਗੜ-ਦਗੜ ਕਰਦੇ ਭੱਜੇ ਆਏ -

"ਰਾਜ ਕਰੇਗਾ!"

"ਖਾਲਸਾ!"

"ਖਾਲਿਸਤਾਨ!"

"ਜ਼ਿੰਦਾਬਾਦ!"

ਆਕਾਸ਼ ਗੁੰਜਾਊ ਨਾਹਰਿਆਂ ਨੇ ਚਾਰੋਂ ਤਰਫ ਹਫੜਾ-ਦਫੜੀ ਮਚਾ ਦਿੱਤੀ। ਵੈਸੇ ਤਾਂ ਕਾਲਜ ਪਿਛਲੇ ਸਮੇਂ ਤੋਂ ਇਸ ਸਭ ਦਾ ਆਦੀ ਹੋ ਚੁੱਕਾ ਸੀ ਪਰ ਇਹ ਸਭ ਲੰਮੀ ਖਾਮੋਸ਼ੀ ਬਾਅਦ ਵਾਪਰਿਆ ਸੀ। ਪਹਿਲਾਂ ਪੇਪਰ ਤੇ ਫਿਰ ਗਰਮੀਆਂ ਦੀਆਂ ਛੁੱਟੀਆਂ ਕਾਰਣ ਹਰ ਪਾਸੇ ਸੰਨਾਟਾ ਛਾਇਆ ਰਿਹਾ। ਨਵੇਂ ਸੈਸ਼ਨ ਦੇ ਦਾਖਲਿਆਂ ਦੇ ਪਹਿਲੇ ਦਿਨ ਹੀ ਹੰਗਾਮਾ ਹੋ ਗਿਆ। ਆਫਿਸ ਬਾਹਰ ਸੌ ਤੋਂ ਉਪਰ ਬਲੈਕ ਲਿਸਟਡ ਵਿਦਿਆਰਥੀਆਂ ਦੀ ਸੂਚੀ ਦਾ ਡੰਗ ਸਭ ਨੂੰ ਡੰਗ ਗਿਆ। ਜਿਹੜੇ ਵਿਦਿਆਰਥੀ ਨੇ ਗੁਰਪ੍ਰੀਤ ਹੋਰਾਂ ਨਾਲ ਭੁੱਲ-ਭੁਲੇਖੇ ਵੀ ਕਿਤੇ ਹੱਥ ਮਿਲਾਇਆ ਸੀ ਉਸ ਦਾ ਨਾਮ ਵੀ ਇਥੇ ਫੰਨ ਫੈਲਾਈ ਖੜ੍ਹਾ ਸੀ। ਗੁਰਪ੍ਰੀਤ ਸਭ ਤੋਂ ਮੋਹਰੇ ਹੋ ਕੇ ਕਸੂਰ ਪੁੱਛਣ ਲੱਗਾ। ਪਰ ਅੱਜ ਉਸਦੇ ਬੋਲਣ ਦਾ ਦਿਨ ਨਹੀਂ, ਪੰਜ ਛੇ ਪ੍ਰੋਫੈਸਰਾਂ ਵਿੱਚ ਘਿਰੇ ਪ੍ਰੋ. ਮਿੱਤਲ

ਦੇ ਬੋਲਣ ਦਾ ਦਿਨ ਸੀ- "ਕਸੂਰ ਪੁੱਛਦੇ ਹੋ? ਜਿਹੜੀ ਸੰਸਥਾਂ ਨੂੰ ਖੜ੍ਹੇ ਕਰਨ ਲਈ ਸਾਨੂੰ ਪੰਜਾਹ ਸਾਲ ਲੱਗੇ, ਤੁਸੀਂ ਮੁੰਡਿਆਂ ਪੰਜ ਮਹੀਨਿਆਂ 'ਚ ਮਿੱਟੀ 'ਚ ਰੋਲ ਕੇ ਰੱਖ ਦਿੱਤੀ।"

ਇਹ ਪਤਾ ਨਹੀਂ ਫਿਜ਼ਾ ਦਾ ਜ਼ੋਰ ਸੀ ਜਾਂ ਮਾਹੌਲ ਹੀ ਕੁਝ ਇਸ ਤਰ੍ਹਾਂ ਸੁਣਨ ਦਾ ਸੀ,ਸਭ ਨੂੰ ਮੁੰਡਿਆਂ ਦੀ ਬਜਾਇ 'ਗੁੰਡਿਆਂ' ਹੀ ਸੁਣਿਆ। ਅਗਲੇ ਹੀ ਪਲ, ਪ੍ਰੋਫੈਸਰਾਂ ਦੇ ਕਾਲਰ, ਟਾਈਆਂ ਗੁਰਲਾਭ, ਭਰਪੂਰ ਹੋਰਾਂ ਦੇ ਹੱਥ ਸਨ। ਗੁਰਪ੍ਰੀਤ ਦੀਆਂ 'ਰੁਕੋ, ਰੁਕੋ' ਦੀਆਂ ਆਵਾਜ਼ਾਂ ਕਿਤੇ ਵਿੱਚੇ ਹੀ ਦੱਬ ਕੇ ਰਹਿ ਗਈਆਂ। ਸਭ ਪਾਸੇ ਚੀਕ ਚਿਹਾੜਾ ਪੈ ਗਿਆ। ਸੀ.ਆਰ.ਪੀ. ਦੀ ਹੇੜ ਦੀ ਹੇੜ ਚੜ੍ਹ ਆਈ। ਉਨ੍ਹਾਂ ਦਾ ਕਮਾਂਡਰ ਅੱਖਾਂ 'ਚੋਂ ਅੱਗ ਦੇ ਗੋਲੇ ਛੱਡਣ ਲੱਗਾ- "ਮਾਰੋ ਸਾਲੋਂ ਕੋ!"

ਫਿਰ ਉਸਦਾ ਗੁੱਸਾ ਕਾਲਜ ਵੱਲ ਵਹਿ ਤੁਰਿਆ- "ਹਮ ਛੇ ਮਹੀਨੇ ਸੇ ਕਹਿਤੇ ਆਏ ਤੁਮਕੋ, ਯਹ ਐਸੇ ਮਾਨਨੇ ਵਾਲੇ ਨਹੀਂ, ਤੁਮੀਂ ਨੇ ਹਮਾਰੇ ਹਾਥ ਬਾਂਧ ਰਖੇ ਥੇ। ਦੇਖ ਲੀਆ ਇਨ ਕੋ ਸਿਰ ਪੇ ਬਿਠਾਨੇ ਕਾ ਫਲ?"

ਉਸਦੇ ਇੱਕ ਹੁਕਮ ਤੇ 'ਸਿਰ ਸਿੱਟ ਕੇ ਬੈਠਿਆਂ' ਨੂੰ ਡਾਂਗਾ ਅਤੇ ਧੌਲ-ਧੱਫੇ ਨਾਲ ਥੱਲੇ ਲੰਮੇ ਪਾ ਲਿਆ ਗਿਆ। ਐਸ.ਐਲ.ਆਰਾਂ. ਬੀੜੀ ਪੰਦਰਾਂ ਵੀਹ ਜਵਾਨਾਂ ਇਓ ਪੁਜੀਸ਼ਨਾਂ ਲੈ ਲਈਆਂ ਜਿਵੇਂ ਸਾਰੇ ਕਾਲਜ ਨੂੰ ਭੁੰਨ ਸੁੱਟਣਾ ਹੋਵੇ। ਗੁਰਪ੍ਰੀਤ ਦੀ ਕੇਸਰੀ ਪੱਗ ਲੱਥ ਕੇ ਪਰ੍ਹਾਂ ਜਾ ਡਿੱਗੀ। ਇਹੋ ਜਿਹੀਆਂ ਕਈ ਲੱਥੀਆਂ ਪੱਗਾਂ ਹੁਣ ਬੂਟਾਂ ਹੇਠ ਦਰੜੀਆਂ ਜਾ ਰਹੀਆਂ ਸਨ। ਗੁਰਪ੍ਰੀਤ ਦੇ ਸਿਰ ਦਾ ਘੱਗਰ ਖੁੱਲ੍ਹ ਗਿਆ। ਚਾਲੀ ਪੰਜਾਹ ਮੁੰਡਿਆਂ ਨੂੰ ਚੰਗਾ ਕੁਟਾਪਾ ਚੜ੍ਹਿਆ। ਕੁਲਦੀਪ ਦੇ ਸੱਜੇ ਗੁੱਟ ਤੇ ਅਜਿਹਾ ਬੈਂਤ ਪਿਆ ਕਿ ਇਹ ਬੇਜਾਨ ਜਿਹਾ ਹੋ ਗਿਆ। ਠੰਡ ਠਡੋਲਾ ਹੋਏ ਤੋਂ ਸਭ ਹੈਰਾਨ ਸਨ ਕਿ ਇਸ ਘਮਸਾਨ ਵਿੱਚ ਗੁਰਲਾਭ ਤੇ ਭਰਪੂਰ ਛਲੇਡਿਆਂ ਵਾਂਗੂ ਕਿੱਥੇ ਛੂਪਨ ਹੋ ਗਏ ਸਨ। ਦੂਜੇ ਦਿਨ ਕਾਲਜ ਪਹੁੰਚੇ ਸਭ ਦੇ ਮਾਪਿਆਂ ਨੇ ਖੈਰ ਮਨਾਈ ਕਿ ਕਾਲਜ ਨੇ ਕਿਸੇ ਵਿਦਿਆਰਥੀ ਤੇ ਕੇਸ ਦਰਜ ਨਹੀਂ ਕਰਾਇਆ। ਪ੍ਰਿੰਸੀਪਲ ਸਭ ਮਾਪਿਆਂ ਨੂੰ ਹੱਥ ਜੋੜਨ ਲੱਗਾ -

"ਇਨ੍ਹਾਂ ਨੂੰ ਇਥੋਂ ਲੈ ਜੋ!"

ਪੇਂਡੂ ਮਾਪੇ ਦੁਹਾਈਆਂ ਪਾਉਣ ਲੱਗੇ-

"ਤੁਸੀਂ ਜੀ ਸਾਨੂੰ ਪਹਿਲਾਂ ਦੱਸਣਾ ਸੀ। ਏਨਾ ਪਾਣੀ ਸਿਰ ਚੜ੍ਹ ਆਇਆ ਸੀ, ਪਹਿਲਾਂ ਹਾਕ ਮਾਰਦੇ।"

ਵਾਈਸ ਪ੍ਰਿੰਸੀਪਲ ਅਵਸਥੀ ਭਰਿਆ-ਪੀਤਾ ਸਫਾਈ ਦੇਣ ਲੱਗਾ-

"ਤੁਮ ਬਤਾਨੇ ਕਾ ਕਹਿਤੇ ਹੋ, ਕਿਸੇ ਬਤਾਤੇ? ਯਹਾਂ ਇਨਕੀ ਹੀ ਚਲਤੀ ਥੀ। ਹਮ ਨੇ ਕਾਟ ਲੀ ਜੈਸੇ ਤੈਸੇ। ਨਾਓ ਨੋ ਮੋਰ ਡਿਸਕਸ਼ਨ ਓਨ ਦਿਸ ਇਸ਼ੂ ਪਲੀਜ਼!"

ਇਸ ਤੋਂ ਪਹਿਲਾਂ ਕੋ ਕੋਈ ਹੋਰ ਗੱਲ ਕਰਦਾ ਪ੍ਰੋ. ਸੈਣੀ ਵੀ ਮਚ ਪਿਆ-

"ਤੁਸੀਂ ਸਾਰਾ ਸਾਲ ਕਦੇ ਆ ਕੇ ਪੁੱਛਿਆ ਤੁਹਾਡੇ ਬੱਚੇ ਕਰਦੇ ਕੀ ਨੇ? ਪੇਪਰਾਂ 'ਚ ਧੱਕੇ ਨਾਲ ਨਕਲ ਮਾਰ ਪਾਸ ਹੋਏ ਸਭ।"



ਗੁਰਪ੍ਰੀਤ ਦਾ ਬਾਪ ਪਹਿਲੀ ਵਾਰ ਕਾਲਜ ਆਇਆ ਸੀ। ਕੁੜਤੇ ਉੱਪਰ ਦੀ ਗਾਤਰਾ ਪਾਈ ਉਹ ਹੱਥ ਜੋੜੀ ਖੜ੍ਹਾ ਸੀ- "ਅਸੀਂ ਤਾਂ ਸਾਰੀ ਉਮਰ ਮਿੱਟੀ ਨਾ ਮਿੱਟੀ ਹੋਏ ਆ ਜੀ। ਸੋਚਿਆ ਸੀ ਇਹਦੀ ਜ਼ਿੰਦਗੀ ਬਣਜੇ।"

ਅੱਗਿਓਂ ਉਸ ਦੀ ਆਵਾਜ਼ ਭਰੜਾ ਗਈ। ਉਸ ਤੋਂ ਬੋਲ ਨਾ ਹੋਇਆ। ਉਸਦੇ ਹੱਥ ਹੋਰ ਵੀ ਕੱਸ ਕੇ ਜੁੜ ਗਏ। ਪਰ ਇਨ੍ਹਾਂ ਜੁੜੇ ਹੱਥਾਂ ਦਾ ਹੁਣ ਕੋਈ ਮੁੱਲ ਨਹੀਂ ਸੀ। ਪਿਛਲਾ ਪੂਰਾ ਸਾਲ ਕਾਲਜ ਵਾਲੇ ਵੀ ਤਾਂ ਇਓਂ ਹੀ ਹੱਥ ਜੋੜਦੇ ਰਹੇ ਸਨ। ਅੱਜ ਕੱਲ੍ਹ ਇਨ੍ਹਾਂ ਜੁੜੇ ਹੋਏ ਹੱਥਾਂ ਨੂੰ ਵੈਸੇ ਵੀ ਕੌਣ ਗੌਲਦਾ ਸੀ?

ਕੁਝ ਦਿਨਾਂ ਬਾਅਦ ਮਿਸਿਜ਼ ਮਿੱਤਲ ਵੀ ਤਾਂ ਏਵੇਂ ਹੱਥ ਜੋੜਦੀ ਰਹਿ ਗਈ ਸੀ। ਕਿੰਨੀ ਚੰਦਰੀ ਰਾਤ ਸੀ ਉਹ! ਬਲੈਕ ਲਿਸਟਡ ਟੋਲੇ ਦੇ ਖਾਲਸਾ ਕਾਲਜ ਵਿੱਚ ਦਾਖਲਾ ਲੈ ਲੈਣ ਨਾਲ ਹਰ ਕਿਸੇ ਨੂੰ ਇਹੀ ਸੀ ਕਿ ਚਲੋ ਬਲਾ ਟਲੀ। ਪਰ ਇਹ ਬਲਾ ਤਾਂ ਮਹੀਨੇ ਬਾਅਦ ਹੀ ਪ੍ਰੋ. ਮਿੱਤਲ ਦੀ ਮਾਡਲ ਟਾਊਨ ਵਾਲੀ ਕੋਠੀ ਚੜ੍ਹ ਆਈ ਸੀ। ਹਥਿਆਰਾਂ ਨਾਲ ਲੈੱਸ ਪੰਜ ਬੰਦੇ ਬੜੇ ਆਰਾਮ ਨਾਲ ਆਏ। ਬੈਲ ਦਿੱਤੀ। ਕੁੰਡਾ ਖੁੱਲ੍ਹਿਆ। ਅਗਲੇ ਹੀ ਪਲ ਪ੍ਰੋ. ਮਿੱਤਲ ਨੂੰ ਗਲੇ ਤੋਂ ਧਰੂਅ ਕੇ ਲੌਬੀ ਵਿੱਚ ਲੈ ਆਂਦਾ ਗਿਆ। ਮਿਸਿਜ਼ ਮਿੱਤਲ ਗਲ 'ਚ ਸਾੜ੍ਹੀ ਦਾ ਪੱਲੂ ਪਾਈ ਲੇਲੜੀਆਂ ਕੱਢਦੀ ਰਹੀ। ਠਾਹ ਦੀ ਆਵਾਜ਼ ਨਾਲ ਉਹ ਬੇਹੋਸ਼ ਹੋ ਕੇ ਡਿੱਗ ਪਈ। ਗਲ 'ਚ ਪਈ ਸਾੜ੍ਹੀ ਉਵੇਂ ਦੀ ਉਵੇਂ ਹੀ ਲਿਪਟੀ ਰਹਿ ਗਈ। ਉਸ ਦੀ ਹੋਸ਼ ਪਰਤੀ ਤਾਂ ਲੌਬੀ ਖੂਨ ਦਾ ਛੱਪੜ ਬਣੀ ਪਈ ਸੀ। ਆਸ-ਪਾਸ ਗਲੀ ਮੁਹੱਲੇ ਦਾ ਇਕੱਠ ਹੋਇਆ ਪਿਆ ਸੀ। ਛੋਟੀ ਬੇਟੀ ਹੁਬਕੀ-ਹੁਬਕੀ ਰੋ ਰਹੀ ਸੀ। ਉਸ ਦੇ ਰੋ-ਰੋ ਕੇ ਹੁਣ ਤੱਕ ਅਥਰੂ ਵੀ ਸੁੱਕ ਚੁੱਕੇ ਸਨ। ਦੰਦਲ ਪੈਣ ਤੋਂ ਪਹਿਲਾਂ ਪ੍ਰੋ. ਮਿੱਤਲ ਦੀ ਲਾਸ਼ ਨਾਲ ਲਿਪਟਦਿਆਂ ਮਿਸਿਜ਼ ਮਿੱਤਲ ਦੀ ਚੀਕ ਨਿੱਕਲੀ- "ਮੁਝੇ ਕਿਓ ਨਹੀਂ ਮਾਰ ਡਾਲਾ।"

ਗੁਰਪ੍ਰੀਤ ਏਨਾ ਅੱਗੇ ਚਲਿਆ ਗਿਆ।" ਕੁਲਦੀਪ ਹੈਰਾਨੀ ਨਾਲ ਸੋਚਦਾ। ਉਸ ਦੇ ਜ਼ਿਹਨ ਵਿਚ ਲਾਠੀਚਾਰਜ ਵਾਲੇ ਦਿਨ ਕਹੀ ਉਸਦੀ ਗੱਲ ਅਕਸਰ ਵਦਾਨ ਵਾਂਗ ਵੱਜਦੀ -

"ਏਨ੍ਹਾਂ ਸਾਡੀ ਪੱਗ ਰੋਲੀ ਏ, ਹੁਣ ਵੇਖਿਓ ਏਹ ਕਿਵੇਂ ਰੁਲਦੇ।"

ਇਹ ਗੱਲ ਵੈਸੇ ਪਹੇਲੀ ਹੀ ਬਣੀ ਰਹੀ ਸੀ ਕਿ ਪੁਲਿਸ ਨੇ ਉਸਦਾ ਖੁਰਾ-ਖੋਜ ਕੱਢ ਲਿਆ ਸੀ। ਇਹ ਤਾਂ ਉਸ ਦਿਨ ਹੀ ਪਤਾ ਲੱਗਾ ਜਦ ਉਸਦੇ ਪਿੰਡ ਛਾਪਾ ਵੱਜਾ। ਉਹ ਤਾਂ ਕਾਬੂ ਨਾ ਆਇਆ ਪਰ ਪੁਲਿਸ ਉਸਦੇ ਮਾਂ ਬਾਪ ਅਤੇ ਭੈਅ ਨੂੰ ਚੁੱਕ ਲਿਆਈ। ਭਰੀ ਪਰ੍ਹੇ ਵਿੱਚ ਉਸਦੇ ਬਾਪ ਦੀ ਦਾਹੜੀ ਪੁੱਟੀ ਗਈ। ਥਾਣੇਦਾਰ ਦੇ ਗੰਦੇ ਬੋਲਾਂ ਤੇ ਹੂਰਿਆਂ ਨੇ ਉਸਨੂੰ ਬੌਂਦਲਾ ਦਿੱਤਾ। ਗੁਰਪ੍ਰੀਤ ਨੇ ਨਾ ਪੇਸ਼ ਹੋਣਾ ਸੀ ਨਾ ਹੋਇਆ। ਉਹ ਹੁਣ ਗੁਰਪ੍ਰੀਤ ਸਿੰਘ 'ਖਾਲਸਾ' ਜੋ ਹੋ ਗਿਆ ਸੀ। ਘਰ ਮੁੜਿਆ ਉਸਦਾ ਬਾਪ ਹਵਾ'ਚ ਸਿਰ ਮਾਰਦਿਆਂ ਆਪਣੇ ਆਪ ਨਾਲ ਹੀ ਬੋਲੀ ਜਾ ਰਿਹਾ ਸੀ- "ਗੋਪੀ ਧੋਖਾ ਦੇ ਗਿਆ। ਸਾਨੂੰ ਕਿਸੇ ਬੰਨੇ ਜੋਗਾ ਨਹੀਂ ਛੱਡਿਆ। ਮਾਸਟਰ ਤਾਂ ਕਹਿੰਦੇ ਸੀ "ਲੈਕ ਪੁੱਤ ਜੰਮਿਆ। ਚੰਗੀ ਦਿਖਾਈ ਓ ਲੈਕੀ ਪੁੱਤਾ।"

ਗੁਰਪ੍ਰੀਤ ਦੀਆਂ ਹੁਣ ਖ਼ਬਰਾਂ ਹੀ ਛਪਦੀਆਂ। ਆਪ ਤਾਂ ਉਹ ਪਤਾ ਨਹੀਂ ਕਿੱਥੇ ਜਾ ਛੁਪਿਆ ਸੀ। ਪਰ ਲੱਗਭਗ ਤਿੰਨ ਸਾਲ ਬਾਅਦ ਇਕ ਦਿਨ ਅਚਾਨਕ ਆ ਪ੍ਰਗਟ ਹੋਇਆ। ਉਸਨੂੰ ਪਛਾਣਨਾ ਮੁਸ਼ਕਿਲ ਸੀ। ਜੀਨ ਦੀ ਪੈਂਟ ਸ਼ਰਟ ਤੇ ਰੇਬਿਨ ਦੀਆਂ ਐਨਕਾਂ ਵਿੱਚ ਉਹ ਪੂਰਾ ਮਾਡਰਨ ਸਿੱਖ ਨੌਜਵਾਨ ਲੱਗ ਰਿਹਾ ਸੀ। ਚਿਹਰੇ ਤੇ ਦਾਹੜੀ ਗਿੱਠ ਭਰ ਲੰਮੀ ਹੋ ਗਈ ਸੀ। ਉਹ ਪਤਾ ਨਹੀਂ ਕਿੱਥੋਂ ਕੁਲਦੀਪ ਦੇ ਕਮਰੇ ਦੀ ਸੂਹ ਕੱਢ ਆ ਗਿਆ ਸੀ। ਅਗਲੇ ਦਿਨ ਉਸਦਾ ਬਾਪ ਵੀ ਉੱਥੇ ਆਣ ਪਹੁੰਚਿਆ। ਉਹ ਉਸ ਨੂੰ ਪੇਸ਼ ਹੋ ਜਾਣ ਲਈ ਤਰਲੇ ਲੈਣ ਲੱਗਾ। ਜਦ ਉਸਦੀ ਕੋਈ ਦਲੀਲ ਨਾ ਪੁੱਗੀ ਤਾਂ ਉਠ ਕੇ ਉਸ ਨੂੰ ਜੱਫੀ'ਚ ਲੈਂਦਿਆਂ ਬੋਲਿਆ- "ਜੇ ਸੱਚੀ ਜੱਟ ਦਾ ਪੁੱਤ ਏ ਨਾ ਤਾਂ ਫਿਰ ਭਰਪੂਰੇ ਵਾਂਗ ਮੂੰਹ ਕਾਲਾ ਨਾ ਕਰਾਈ। ਨੇਕ ਕੰਮ ਕਰੀਂ। ਸ਼ੇਰ ਪੁੱਤ ਬਣੀ। ਸਾਡੀ ਪੱਤ ਨਾ ਰੋਲੀਂ।"

ਗੁਰਪ੍ਰੀਤ ਨੇ ਵੀ ਫਿਰ ਬਿਆਸਾ ਪੁਲ ਤੇ ਮੁਕਾਬਲਾ ਬਣਨ ਤੱਕ 'ਨੇਕ ਕੰਮ' ਹੀ ਕੀਤੇ ਸਨ। ਉਹ ਅੰਡਰ ਗਰਾਊਂਡ 'ਸਮਾਜ ਸੁਧਾਰ ਲਹਿਰ' ਦਾ ਲੀਡਰ ਬਣ ਗਿਆ। ਸਭ ਕਹਿੰਦੇ ਉਸ ਨੂੰ ਝੂਠੇ ਮੁਕਾਬਲੇ ਵਿੱਚ ਮਾਰਿਆ ਗਿਆ। ਇਹ ਮੁਕਾਬਲਾ ਤਾਂ ਐਵੇਂ ਇੱਕ ਦਿਖਾਵਾ ਸੀ। ਉਸ ਨੂੰ ਤਾਂ ਹਫਤਾਂ ਭਰ ਪਹਿਲਾਂ ਹੀ ਉਸ ਦੇ ਗੁਪਤ ਅੱਡੇ ਤੋਂ ਦੋ ਸਾਥੀਆਂ ਸਮੇਤ ਪਕੜ ਲਿਆ ਗਿਆ ਸੀ। ਉਸ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਉਹ ਸੱਚੀਂ ਸ਼ੇਰ ਪੁੱਤ ਨਿੱਕਲਿਆ। ਜੇ ਨਾਂ ਹੁੰਦਾ ਤਾਂ ਕੁਲਦੀਪ ਕਿਵੇਂ ਬਚ ਸਕਦਾ ਸੀ? ਉਹ ਪੂਰਾ ਹਫਤਾ ਭਰ ਤਾਂ ਉਸ ਕੋਲ ਰਿਹਾ ਸੀ। ਕਿਸੇ ਨੇ ਉਸ ਦੀ ਹਵਾ ਵੱਲ ਵੀ ਨਹੀਂ ਸੀ ਤੱਕਿਆ। ਉਹ ਸਗੋਂ ਖੁਦ ਅੰਦਰੋਂ ਹੀ ਅੰਦਰ ਕਿੰਨਾ ਡਰਿਆ ਰਿਹਾ ਸੀ। ਪੂਰਾ ਹਫਤਾ ਭਰ ਉਨ੍ਹਾਂ ਨੇ ਕਿੰਨੀਆਂ ਗੱਲਾਂ ਕੀਤੀਆਂ ਸਨ। ਜਦ ਬੀਤੇ ਦੀਆਂ ਗੱਲਾਂ ਚੱਲੀਆਂ ਤਾਂ ਕੁਲਦੀਪ ਨੇ ਬੀਤੇ ਦਾ ਬੋਝ ਹਲਕਾ ਕੀਤਾ-

"ਪ੍ਰੋ. ਮਿੱਤਲ ਨੂੰ ਮਾਰਨਾ ਕੀ ਐਡਾ ਹੀ ਜ਼ਰੂਰੀ ਸੀ? ਜਦ ਸਭ ਚੁੱਪ ਰਹਿੰਦੇ ਸਨ ਉਹੀ ਸੀ ਜੋ ਸੱਚੀ ਗੱਲ ਮੂੰਹ ਤੇ ਕਰਨ ਦੀ ਜੁਰੱਅਤ ਕਰਦਾ ਸੀ।"

"ਮੈਂ ਉਹਨੂੰ ਕਾਹਨੂੰ ਮਾਰਿਆ। ਮੈਂ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਦੇ ਪਹਿਲੇ ਦਿਨੋਂ ਹੀ ਬਰਖਿਲਾਫ਼ ਆਂ। ਗੁਰਲਾਭ ਤੇ ਭਰਪੂਰ ਹੀ ਨੀ ਟਲੇ।"

ਕੁਲਦੀਪ ਬੁੱਤ ਬਣ ਗਿਆ। ਉਸ ਦਾ ਮੂੰਹ ਹੈਰਾਨੀ ਨਾਲ ਟੱਡਿਆ ਗਿਆ। ਉਹ ਤਾਂ ਉਸ ਨੂੰ ਹੀ ਜ਼ਿੰਮੇਵਾਰ ਮੰਨਦਾ ਆਇਆ ਸੀ। ਅਖ਼ਬਾਰਾਂ ਵਿੱਚ ਵੀ ਉਸਦਾ ਨਾਮ ਹੀ ਉਭਰਿਆ ਸੀ।

"ਹਨ੍ਹੇਰੇ ਵਿੱਚ ਸਹੀ ਨਿਸ਼ਾਨੇ ਕਾਹਨੂੰ ਹੁੰਦੇ ਨੇ?" ਗੁਰਪ੍ਰੀਤ ਨੇ ਕੁਲਦੀਪ ਦੀ ਖਾਮੋਸ਼ੀ ਤੋੜੀ।

"ਗੁਰਲਾਭ ਕਿੱਥੇ ਆ?"

ਕੁਲਦੀਪ ਦੀਆਂ ਅੱਖਾਂ ਅਜੇ ਵੀ ਹੈਰਾਨੀ ਨਾਲ ਫੈਲੀਆਂ ਹੋਈਆਂ ਸਨ।

"ਕੈਨੇਡਾ ਬੈਠਾ।" ਗੁਰਪ੍ਰੀਤ ਧੀਮੀ ਆਵਾਜ਼ 'ਚ ਬੋਲਿਆ।

"ਤੇ ਤੂੰ ਕੀ ਸੋਚਿਆ?"



"ਖਾਲਸੇ ਦਾ ਕੰਮ ਨਹੀ ਮੈਦਾਨ ਛੱਡਣਾ। ਇਥੇ ਜੀਆਂਗੇ ਇਥੇ ਮਰਾਂਗੇ। ਜਿਹੜੀ ਧਰਤੀ ਲਈ ਲੜੇ ਜੇ ਉਹੀ ਛੱਡ ਦਿੱਤੀ ਤਾਂ ਲੜਾਈ ਕਾਹਦੀ ਹੋਈ?"

ਗੁਰਪ੍ਰੀਤ ਨੇ ਲੰਮਾ ਸਾਹ ਲਿਆ। ਉਸ ਦੀਆਂ ਅੱਖਾਂ ਕਮਰੇ ਵਿੱਚ ਟੰਗੀ ਦਸਮ ਪਾਤਸ਼ਾਹ ਦੀ ਫੋਟੋ ਤੇ ਗੱਡੀਆਂ ਗਈਆਂ।

"... ਭਰਪੂਰ?"

"ਉਹਦੇ ਪਿਓ ਨੇ ਪਹੁੰਚ ਨਾਲ ਕੇਸ 'ਚੋਂ ਕਢਾ ਲਿਆ। ਬਥੇਰੇ ਸਿੰਘ ਸ਼ਹੀਦ ਕਰਾਏ ਉਹਨੇ ਫਿਰ।"

ਗੱਲ ਮੁਕਾ ਗੁਰਪ੍ਰੀਤ ਗੰਭੀਰ ਹੋ ਗਿਆ। ਥੋੜ੍ਹੀ ਖਾਮੋਸ਼ੀ ਬਾਅਦ ਕੁਲਦੀਪ ਦੀਆਂ ਅੱਖਾਂ ਵਿੱਚ ਅੱਖਾਂ ਗੱਡਦਿਆਂ ਉਸ ਸੁਆਲ ਪਾਇਆ-

"ਸਭ ਮੋਹ ਤਿਆਗ ਕੇ ਤੇਰੇ ਵਰਗੇ ਸਿੰਘਾਂ ਨੂੰ ਵੀ ਰਣ-ਤੱਤੇ ਵਿੱਚ ਆ ਜੂਝਣਾ ਚਾਹੀਦਾ। ਦਸਮ ਪਿਤਾ ਸਭ ਨੂੰ ਲਲਕਾਰਦੇ ਪਏ ਨੇ।"

ਕੁਲਦੀਪ ਤੋਂ ਪਹਿਲੀ ਵਾਰ ਗੁਰਪ੍ਰੀਤ ਦੀਆਂ ਅੱਖਾਂ ਦੀ ਤਾਬ ਨਾ ਝੱਲੀ ਗਈ। ਉਸ ਦੀਆਂ ਨਜ਼ਰਾਂ ਫਰਸ਼ ਦੀਆਂ ਟਾਈਲਾਂ ਦੇ ਉਲਝਵੇਂ ਰੇਸ਼ਿਆਂ ਵਿੱਚ ਹੀ ਉਲਝ ਕੇ ਰਹਿ ਗਈਆਂ।

ਭਰਪੂਰ ਦੇ ਪਿਓ ਦੇ ਕਤਲ ਵਿੱਚ ਵੀ ਗੁਰਪ੍ਰੀਤ ਦਾ ਹੱਥ ਸੀ। ਇਹ ਗੱਲ ਕੁਲਦੀਪ ਨੂੰ ਗੁਰਪ੍ਰੀਤ ਦੇ ਮੁਕਾਬਲੇ ਤੋਂ ਬਾਅਦ ਪੁਲਿਸ ਵੱਲੋਂ ਪੇਸ਼ ਕੀਤੇ ਕੱਚੇ ਚਿੱਠੇ ਤੋਂ ਪਤਾ ਲੱਗੀ। ਪਰ ਇਸ ਚਿੱਠੇ ਵਿੱਚ ਤਾਂ ਪ੍ਰੋ. ਮਿੱਤਲ ਦਾ ਕਤਲ ਸਭ ਤੋਂ ਉੱਪਰ ਸੀ। ਗੁਰਪ੍ਰੀਤ ਦੀਆਂ ਅੱਖਾਂ ਹੁਣ ਅਕਸਰ ਕੁਲਦੀਪ ਨੂੰ ਘੂਰਦੀਆਂ ਜਾਪਦੀਆਂ। ਜਾਪਦਾ ਜਿਵੇਂ ਉਹ ਰਣ-ਤੱਤੇ ਵਿੱਚੋਂ ਸਾਰੀ ਕੌਮ ਨੂੰ ਬੇਦਾਵਾ ਦੇ ਕੇ ਭੱਜ ਆਇਆ ਹੋਵੇ। ਉਹ ਗੁਰੂ ਤੋਂ ਭਗੌੜਾ ਹੋ ਗਿਆ ਹੋਵੇ। ਉਹ ਸ਼ੇਰ ਪੁਤ ਨਹੀਂ ਸੀ ਬਣ ਸਕਿਆ। ਉਸ ਨੂੰ ਆਪਣਾ ਵਰਤਮਾਨ ਆਪਣੇ ਚਾਚੇ ਦੇ ਅਤੀਤ ਨਾਲ ਖਲਤ-ਮਲਤ ਹੁੰਦਾ ਜਾਪਦਾ। ਉਹ ਵੀ ਉਸ ਵਾਂਗ ਬੁਜ਼ਦਿਲ ਬੰਦਾ ਹੀ ਨਿੱਕਲਿਆ ਸੀ। ਚਾਚੇ ਬਾਰੇ ਸਾਰੇ ਇਓਂ ਹੀ ਤਾਂ ਕਹਿੰਦੇ ਸਨ। ਇੱਕੋ ਉਸਦਾ ਬਾਪ ਸੀ ਜਿਹੜਾ ਕਦੇ-ਕਦੇ ਗੱਲ ਛਿੜਣ ਤੇ ਭਰਾ ਦੀ ਬਾਂਹ ਫੜਦਿਆਂ ਸਿਰ ਮਾਰਦਾ -

"ਨਹੀ ਉਏ। ਉਹਦਾ ਦੁੱਖ ਡੂੰਘਾ ਸੀ।"

ਪਰ ਹੋਰ ਕਿਸੇ ਨੂੰ ਕਦੇ ਵੀ ਉਸਦਾ ਦੁੱਖ ਡੂੰਘਾ ਨਹੀਂ ਸੀ ਲੱਗਿਆ। ਸਾਰੇ ਹੀ ਤਾਂ ਕਹਿੰਦੇ ਸਨ ਕਿ ਉਸ ਨੇ ਕਦੇ ਕਿਸੇ ਨਾਲ ਸਿੱਧੇ ਮੂੰਹ ਗੱਲ ਹੀ ਨਹੀਂ ਸੀ ਕੀਤੀ। ਵੈਸੇ ਇਹ ਸਭ ਮੰਨਦੇ ਸਨ ਕਿ ਰੱਬ ਨੇ ਵੀ ਉਸ ਨਾਲ ਬਹੁਤ ਮਾੜੀ ਕੀਤੀ ਸੀ। ਪਹਿਲਾਂ ਕਈ ਸਾਲ ਔਲਾਦ ਲਈ ਤਰਸਦਾ ਰਿਹਾ। ਔਲਾਦ ਦਾ ਸਬੱਬ ਬਣਿਆਂ ਤਾਂ ਦਾਈ ਦੀ ਗਲਤੀ ਕਾਰਣ ਸਾਰਾ ਕੇਸ ਹੀ ਵਿਗੜ ਗਿਆ। ਸ਼ਹਿਰ ਹਸਪਤਾਲ ਲਿਜਾਣ ਤੋਂ ਪਹਿਲਾਂ-ਪਹਿਲਾਂ ਹੀ ਚਾਚੀ ਦਮ ਤੋੜ ਗਈ। ਦਾਦੀ ਹੋਰੀ ਦੋ ਲਾਸ਼ਾਂ ਲੈ ਕੇ ਪਿੰਡ ਮੁੜੇ। ਮੋਈ ਬੱਚੀ ਨੂੰ ਦੱਬ ਕੇ ਅਤੇ ਦਾ ਦਾਹ ਸੰਸਕਾਰ ਕਰਕੇ ਮੁੜੇ ਚਾਚੇ ਨੇ ਬੱਸ ਮੰਜਾ ਹੀ ਮੱਲ ਲਿਆ। ਉਹ ਕਈ ਦਿਨ ਗੁੰਮ-ਸੁੰਮ ਜਿਹਾ ਫਿਰਦਾ ਰਿਹਾ। ਫਿਰ ਇੱਕ ਦਿਨ ਉਹ ਜੰਗਲ ਪਾਣੀ ਗਿਆ ਪਤਾਂ ਨਹੀ ਕਿਹੜੇ ਜੰਗਲ-ਬੇਲੇ ਗੁਆਚ ਗਿਆ। ਆਪਣੇ

ਮਨ ਨੂੰ ਟਿਕਾਣੇ ਲਿਆਉਂਦਿਆਂ ਉਹ ਪਤਾ ਨਹੀ ਕਿਹੜੇ ਟਿਕਾਣੇ ਜਾ ਬੈਠਾ। ਜਦ ਪਰਤਿਆ ਤਾਂ ਪੁਲਾਂ ਹੇਠ ਬਹੁਤ ਪਾਣੀ ਲੰਘ ਚੁੱਕਾ ਸੀ। ਦਾਹੜੀ ਖਿੱਚੜ ਬਣ ਗਈ ਸੀ। ਸਿਰ ਦੇ ਪਰਨੇ ਦੀ ਥਾਂ ਭਗਵੀ ਪੱਗ ਤੇ ਚੋਲੇ ਨੇ ਲੈ ਲਈ। ਮਿਲਦਿਆਂ ਹੀ ਦਾਦੀ ਦਾ ਕਲ਼ੇਜਾ ਪਾਟ ਗਿਆ- "ਵੇ ਕਿਹੜੇ ਦੇਸ਼ੀ ਤੁਰ ਗਿਆਂ ਮੇਰੇ ਲਾਲ। ਰੰਡੀ ਮਾਂ ਦਾ ਖ਼ਿਆਲ ਵੀ ਨਾ ਆਇਆ ਮੇਰੇ ਪੁੱਤਾ!"

ਦਾਦੀ ਦੇ ਹੰਝੂ ਤ੍ਰਿਪ-ਤ੍ਰਿਪ ਵਹਿ ਤੁਰੇ। ਕੋਈ ਵੀ ਕੁਝ ਬੋਲ ਨਾ ਸਕਿਆ। ਚਾਚਾ ਤਾਂ ਜਿਵੇਂ ਸਿੱਲ੍ਹ ਪੱਥਰ ਹੀ ਬਣ ਗਿਆ ਹੋਵੇ। ਦਾਦੀ ਦਾ ਦੁੱਖ ਬੋਲ ਪਿਆ, "ਪੁੱਤ ਕਪੁੱਤ ਹੋ ਜਾਣ, ਮਾਪੇ ਕੁਮਾਪੇ ਨੀ ਹੁੰਦੇ। ਮਾਂ ਤੇਰੇ ਵਰਗੇ ਦਸ ਚੋਬਰਾਂ ਨੂੰ ਪਾਲ ਲਵੇ, ਪੁੱਤ ਨੀ ਇਕ ਮਾਂ ਨੂੰ ਪਾਲ ਸਕਦੇ।"

ਚਾਚਾ ਹਫਤਾ ਭਰ ਗੁੰਮ-ਸੁੰਮ ਅਵਾਜ਼ਾਰ ਜਿਹਾ ਹੋਇਆ ਕਮਰੇ 'ਚ ਲੰਮਾ ਪਿਆ ਰਿਹਾ। ਫਿਰ ਜਦ ਉਹ ਬੋਲਿਆ ਤਾਂ ਘਰ ਵਿੱਚ ਰੌਲਾ ਰੱਪਾ ਪੈ ਗਿਆ। ਦਾਦੀ ਉਸ ਨੂੰ ਟੁੱਟ ਕੇ ਪਈ- "ਤੂੰ ਕਿੱਧਰੋਂ ਜੰਮ ਪਿਆ ਵੱਡਾ ਵਾਰਸ। ਐਨੇ ਸਾਲ ਪਿੱਛਾ ਭੌਂਅ ਕੇ ਵੇਖਿਆ ਈ? ਕੌਣ ਮਰਿਆ ਕੌਣ ਜੀਆ? ਵਾਰਸ ਉਹ ਹੁੰਦਾ ਜਿਹੜਾ ਮਾਂ ਦੀ ਕੁੱਖ ਬੰਜਰ ਕਰ ਦੇਵੇ?" ਪ੍ਰਸ਼ਨ ਬਣਕੇ ਉਹ ਸਾਰੇ ਘਰ ਤੇ ਫੈਲ ਗਈ। ਕੁਝ ਚਿਰ ਰੁਕ ਰੁਕ ਕੇ ਫਿਰ ਵਹਿ ਤੁਰੀ –

"ਵਾਰਸ ਉਹ ਜਿਹੜਾ ਕੁੱਖ ਨੂੰ ਭਾਗ ਲਾਵੇ। ਨਦੀਨ ਪੁੱਟਦਾ ਜਿਹੜਾ ਖੇਤੀ ਪੁੱਟ ਘੱਤੇ ਉਹ ਕਿਧਰ ਦਾ ਸੁੱਘੜ ਹੋਇਆ ਭਲਾ?"

ਚਾਚਾ ਫਿਰ ਇਹ ਦੇਖਣ ਲਈ ਵੀ ਨਹੀਂ ਸੀ ਰੁਕਿਆ ਕਿ ਉਸ ਦੀਆਂ ਪੈਲੀਆਂ ਵਿੱਚ ਕਿੰਨਾ ਨਦੀਨ ਤੇ ਕਿੰਨੀ ਫਸਲ ਸੀ। ਆਪਣੇ ਮਨ ਵਿੱਚ ਉੱਗ ਆਏ ਨਦੀਨਾਂ ਦੇ ਉਹਲੇ-ਉਹਲੇ ਉਹ ਜਿਵੇਂ ਆਇਆ ਸੀ ਉਵੇਂ ਹੀ ਤੁਰ ਗਿਆ। ਦਾਦੀ ਤਾਂ ਫਿਰ ਮੇਰਾ ਕਰਮਾਂ, ਮੇਰਾ ਕਰਮਾਂ ਕਰਦੀ ਆਪਣੇ ਕਰਮਾਂ ਦੀ ਸਫ਼ ਲਪੇਟ ਦੋ ਮਹੀਨਿਆਂ ਵਿਚ ਤੁਰਦੀ ਬਣੀ। ਕਰਮੇ ਨੇ ਨਾਂ ਬਹੁੜਨਾ ਸੀ ਨਾ ਬਹੁੜਿਆ। ਉਹ ਇਸ ਵਾਰ ਪਿੱਛੋਂ ਤੁਰਿਆ ਹੀ ਡੱਕਾ ਤੋੜ ਕੇ ਸੀ।

"ਏਨਾ ਨਿਰਮੋਹਾ ਬੰਦਾ। ਜੰਮਣ ਭੋਇ ਈ ਭੁੱਲ ਗਿਆ!"

ਕੁਲਦੀਪ ਅੰਦਰੋ ਅਕਸਰ ਇਹ ਆਵਾਜ਼ ਉਠਦੀ। ਜ਼ਖ਼ਮੀ ਅਤੀਤ ਉਸਦੇ ਵਰਤਮਾਨ ਦੀ ਹਿੱਕ ਤੇ ਭਾਰੀ ਘਣ ਵਾਂਗ ਟਿਕ ਗਿਆ। ਇਸ ਬੋਝ ਤੋਂ ਸੁਰਖ਼ਰੂ ਹੋਣ ਲਈ ਉਸ ਨੇ ਕੀ ਕੁਝ ਨਹੀਂ ਸੀ ਕੀਤਾ? ਕਿਥੇ-ਕਿਥੇ ਔਕੀਂ-ਪਲਾਹੀਂ ਹੱਥ ਨਹੀਂ ਸਨ ਮਾਰੇ? ਇਓਂ ਕਰਦਿਆਂ ਹੀ ਤਾਂ ਉਸ ਦੇ ਪੈਰ ਮੱਲੋ ਮੱਲੀ ਸੰਤਾਂ ਵੱਲ ਉਠ ਗਏ ਸਨ। ਸੰਤ ਪ੍ਰੇਮ ਸਿੰਘ ਹੋਰਾਂ ਵੀ ਝੱਟ ਚਰਨੀ ਲਾ ਲਿਆ। ਉਨ੍ਹਾਂ ਦੇ ਚਰਨੀ ਲੱਗ ਕੇ ਧਰਤ ਮਾਤਾ ਦੇ ਦੁੱਖ ਕੱਟਣ ਦਾ ਬੀੜਾ ਚੁੱਕ ਲਿਆ। ਆਪਣੀ ਅਧਿਆਪਕੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ ਦਾ ਅੰਦਰੇ ਅੰਦਰ ਪ੍ਰਣ ਕਰ ਲਿਆ। ਵਿਦਿਆਰਥੀ ਰੂਹ ਤੇ ਜਾਨ ਬਣ ਗਏ। ਉਹਨਾਂ ਦੇ ਨੇਕ ਬਣਨ ਲਈ ਹਰ ਪਲ ਜੁਗਤਾਂ ਲੜਾਉਂਦਾ ਰਹਿੰਦਾ। ਸੰਤਾਂ ਦਾ ਸਕੂਲ ਆਉਣ ਦਾ ਸਬੱਬ ਉਸ ਦੇ ਇਨ੍ਹਾਂ ਜੁਗਤਾਂ ਲੜਾਉਂਦਿਆਂ ਹੀ ਤਾਂ ਬਣਿਆਂ ਸੀ। ਪ੍ਰਾਰਥਨਾ ਸਭਾ ਵਿੱਚ ਸੰਤ ਜੀ ਨੇਕੀ ਦਾ ਮੁਜੱਸਮਾ ਬਣ ਗਏ –



"ਸੰਗਤੇ! ਬੰਦੇ ਦਾ ਲਾਲਚ ਬਹੁਤ ਵੱਧ ਗਿਆ। ਏਨਾ ਲਾਲਚ ! ਉਫ ਮੇਰੀ ਤੋਬਾ ਬੰਦਾ ਮਾਂ ਦੀ ਕੁੱਖ ਈ ਬੰਜਰ ਕਰਨ ਵੱਲ ਤੁਰ ਪਿਆ ਏ। ਜ਼ਹਿਰਾਂ ਦੇ ਛਿੜਕਾਅ ਤੇ ਕਾਰਖਾਨਿਆਂ ਦੇ ਪਾਣੀ ਨੇ ਸਾਡੀ ਧਰਤ ਮਾਤਾ ਦੀ ਕੁੱਖ ਹੀ ਬਾਂਝ ਕਰ ਦਿੱਤੀ ਜੇ। ਅੰਮ੍ਰਿਤ ਵਰਗੇ ਪਾਣੀ 'ਚ ਵਿਸ ਘੁਲ ਗਈ ਜੇ। ਜਾਗੋ ਮੇਰੇ ਬੱਚਿਓ! ਮਾਂ ਦੇ ਸੱਚੇ ਵਾਰਸ ਬਣੋ। ਹੁਣ ਨਾ ਜਾਗੇ ਤਾਂ ਫਿਰ ਵਕਤ ਨਹੀ ਜੇ ਹੱਥ ਆਉਣਾ।"

ਸਭ ਸਟਾਫ ਨੂੰ ਪੌਦਿਆਂ ਦਾ ਪ੍ਰਸ਼ਾਦ ਵੰਡਦਿਆਂ ਉਹ ਬਾਬਾ ਬੋਹੜ ਬਣ ਗਏ- "ਸੰਗਤੇ! ਜੁਆਨੀ ਨੂੰ ਸਿੱਧੇ ਬੰਨੇ ਲਾਓ। ਇਹ ਨਿੱਕੇ ਬੂਟੇ ਵਾਂਗ ਹੁੰਦੀ ਜੇ। ਜਿੰਦਾਂ ਦੀ ਮਿੱਟੀ'ਚ ਲਾਓ,ਜਿਹੋ ਜਿਹਾ ਖਾਦ-ਪਾਣੀ ਪਾਓ, ਉਹੋ ਜਿਹਾ ਮੌਲਦੀ ਜੇ। ਓਦਾ ਦੇ ਫਲ ਪੈਂਦੇ ਨੇ।"

ਕਿੰਨੇ ਦਿਨ ਸੰਤਾਂ ਦੇ ਬਚਨਾਂ ਦੀ ਚਰਚਾ ਚੱਲਦੀ ਰਹੀ । ਕੁਲਦੀਪ ਦੀ ਵੀ ਚੰਗੀ ਸ਼ੋਭਾ ਬਣੀ। ਉਹ ਕਈ ਦਿਨ ਇਸੇ ਖੁਮਾਰ ਵਿੱਚ ਵਿਚਰਦਾ ਰਿਹਾ। ਉਸ ਨੇ ਇਹ ਨਿਸ਼ਚਾ ਹੀ ਕਰ ਲਿਆ ਕਿ ਉਹ ਹੁਣ ਇਹ ਖ਼ੁਮਾਰੀ ਲਥਣ ਨਹੀਂ ਦੇਵੇਗਾ। ਜੰਮਣ ਭੋਇੰ ਨਾਲ ਵਫ਼ਾ ਪਾਲਣ ਲਈ ਉਸ ਨੂੰ ਇਹੀ ਕਾਰਗਰ ਹਥਿਆਰ ਜਾਪਿਆ। ਇਹੋ ਜਿਹੇ ਹਥਿਆਰ ਚਲਾਉਂਦਾ ਉਹ ਸਭ ਹੋਏ ਬੀਤੇ ਨੂੰ ਭੁੱਲ ਗਿਆ। ਵੈਸੇ ਉਹ ਕਿਹੜਾ ਕੱਲਾ ਭੁੱਲਿਆ ਸੀ? ਸਾਰਾ ਪੰਜਾਬ ਹੀ ਤਾਂ ਭੁੱਲ ਗਿਆ। ਸਭ ਪਾਸੇ ਇਓਂ ਸ਼ਾਂਤੀ ਸੀ ਜਿਵੇਂ ਇਥੇ ਕਦੇ ਕੁਝ ਵਾਪਰਿਆ ਹੀ ਨਾਂ ਹੋਵੇ। ਪੁਲਿਸ ਮੁਖੀ ਤਾਂਹੀਓਂ ਤਾਂ ਜਿੱਥੇ ਜਾਂਦਾ ਉਥੇ ਹੀ ਛਾਤੀ ਫੁਲਾ ਕੇ ਕਹਿੰਦਾ- "ਐਸ ਵਕਤ ਇੰਡੀਆ 'ਚ ਸਭ ਤੋਂ ਸ਼ਾਂਤ ਥਾਂ ਪੰਜਾਬ ਏ।"

ਸਭ ਸਿਆਣਿਆਂ ਦੀ ਵੀ ਤਾਂ ਇਹੋ ਮੱਤ ਸੀ- "ਸਭ ਕੁਝ ਭੁੱਲ ਭੁਲਾ ਕੇ ਅੱਗੇ ਦਾ ਸੋਚਣਾ ਚਾਹੀਦਾ।"

ਸਭ ਅੱਗੇ ਦਾ ਹੀ ਤਾਂ ਸੋਚਣ ਲੱਗ ਪਏ ਸਨ। ਪਿੱਛਾ ਤਾਂ ਬਹੁਤ ਪਿੱਛੇ ਰਹਿ ਗਿਆ ਸੀ। ਕਿਤੇ ਵੀ ਤਾਂ ਕੁਝ ਵਾਪਰਦਾ ਨਹੀਂ ਸੀ। ਜੇ ਕਿਤੇ ਕੁਝ ਵਾਪਰਦਾ ਸੀ ਤਾਂ ਅੰਦਰੇ ਅੰਦਰ। ਦੂਜੇ ਨੂੰ ਇਸ ਦੀ ਭਿਣਕ ਤੱਕ ਵੀ ਨਾਂ ਲੱਗਣ ਦਿੱਤੀ ਜਾਂਦੀ। ਕਾਲੇ ਸਮਿਆਂ ਦੇ ਪ੍ਰਛਾਵੇ ਹੀ ਐਸੇ ਗੂਹੜੇ ਸਨ। ਹਰ ਕੋਈ ਦੂਜੇ ਤੋਂ ਤ੍ਰਹਿੰਦਾ। ਇੱਕ ਡੂੰਘੀ ਬੇਭਰੋਸਗੀ ਦਾ ਚਾਰੋਂ ਤਰਫ ਤਾਂਡਵ ਸੀ। ਕੋਈ ਇਹ ਨਹੀਂ ਸੀ ਚਾਹੁੰਦਾ ਕਿ ਕੋਈ ਦੂਜਾ ਉਸ ਦੀ ਬਿੜਕ ਵੀ ਸੁਣੇ। ਉਨ੍ਹਾਂ ਦੇ ਵਾਰਸ ਤਾਂ ਬਿਲਕੁਲ ਹੀ ਨਹੀਂ। ਕੁਲਦੀਪ ਵੀ ਤਾਂ ਐਸਾ ਹੀ ਸੀ। ਉਹ ਕਿਹੜਾ ਦੁਨੀਆਂ ਤੋਂ ਜੁਦਾ ਸੀ? ਉਸ ਨੇ ਆਪਣੀ ਅੰਦਰਲੀ ਆਵਾਜ਼ ਕਿਹੜਾ ਕਦੇ ਕਿਸੇ ਨੂੰ ਸੁਣਨ ਦਿੱਤੀ ਸੀ। ਪੱਚੀ ਸਾਲ ਤੋਂ ਇੱਕੋ ਥੌੜ ਤੇ ਸੌਂ ਕੇ ਸਤਵੰਤ ਕਿਹੜਾ ਉਸਦੀ ਆਵਾਜ਼ ਸੁਣ ਪਾਈ ਸੀ। ਕਈ ਵਾਰ ਉਸਨੂੰ ਜਾਪਦਾ ਐਡੇ ਹਰੇ-ਭਰੇ ਸੰਸਾਰ ਵਿੱਚ ਉਹ ਇਕੱਲਾ ਰਹਿ ਗਿਆ ਹੋਵੇ। ਅੰਦਰੋਂ ਕੁਝ ਚੰਗਾ-ਚੰਗਾ ਭੁਰ ਗਿਆ ਹੋਵੇ। ਮਾਤਾ ਉਸ ਨੂੰ ਕਈ ਵਾਰ ਨਿਰਾਸ਼ੇ ਜਿਹੇ ਬੈਠੇ ਤੱਕ ਕੇ ਮੱਤ ਦਿੰਦੀ-

"ਪੁੱਤ, ਰੱਬ ਨੇ ਐਨੇ ਭਾਗ ਲਾਏ ਨੇ! ਹੀਰਿਆਂ ਵਰਗੀ 'ਲਾਦ ਦਿੱਤੀ ਏ। ਹੋਰ ਬੰਦੇ ਨੂੰ ਕੀ ਚਾਹੀਦਾ ਹੁੰਦਾ! ਰੱਬ ਦਾ ਸ਼ੁਕਰ ਕਰਿਆ ਕਰ।"

ਪਰ ਚਾਹ ਕੇ ਵੀ ਉਸ ਤੋਂ ਰੱਬ ਦਾ ਸ਼ੁਕਰ ਨਾ ਮਨਾ ਹੁੰਦਾ। ਉਸ ਨੂੰ ਜਾਪਦਾ ਜਿਵੇਂ ਸਭ ਨੇ ਉਸ ਨਾਲ ਬੇਇਨਸਾਫੀ ਕੀਤੀ ਹੋਵੇ। ਜੇ ਇਹ ਬੇਇਨਸਾਫੀ ਨਾ ਹੋਈ ਹੁੰਦੀ ਤਾਂ ਉਹ ਸਕੂਲ ਅਧਿਆਪਕ ਲੱਗਣ ਦੀ ਥਾਂ ਕੋਈ ਉਚ ਅਧਿਕਾਰੀ ਹੁੰਦਾ। ਉਸ ਨੇ ਬੀ.ਐੱਸ.ਸੀ ਕਰਕੇ ਮੁਕਾਬਲੇ ਦੇ ਇਮਤਿਹਾਨ ਵਿੱਚ ਬੈਠਣ ਦਾ ਸੋਚਿਆ ਸੀ। ਉਹ ਸੁਪਨੇ ਵਿੱਚ ਆਪਣੇ ਆਪ ਨੂੰ ਕੋਈ ਅਫਸਰ ਬਣਿਆ ਤੱਕਦਾ। ਪਰ ਕੈਸਾ ਪੁੱਠਾ ਚੱਕਰ ਚੱਲਿਆ ਸੀ। ਜਿਹੜੇ ਬਾਪ ਦੇ ਸਿਰ ਉਸ ਛਾਲਾਂ ਮਾਰਨੀਆਂ ਸਨ ਉਸਦੀ ਲਾਸ਼ ਦੀ ਸ਼ਨਾਖਤ ਕਰਨ ਉਸ ਨੂੰ ਜਾਣਾ ਪਿਆ। ਉਸ ਦੀ ਲਾਸ਼ ਨੂੰ ਚੁੰਬੜ ਉਸ ਭੁੱਬਾਂ ਮਾਰੀਆਂ ਸਨ। ਇਨ੍ਹਾਂ ਭੁੱਬਾਂ ਵਿੱਚ ਧੁਆਂਖੇ ਦਰਬਾਰ ਸਾਹਿਬ ਅਤੇ ਢੱਠੇ ਅਕਾਲ ਤਖ਼ਤ ਦਾ ਦਰਦ ਵੀ ਕਿਤੇ ਅੰਦਰੋ ਅੰਦਰ ਵਹਿ ਤੁਰਿਆ। ਉਹ ਕੁਦਰਤ ਦੇ ਕੌਤਕਾਂ ਤੇ ਹੈਰਾਨ ਸੀ।

ਬਾਪੂ ਨੂੰ ਕਿਵੇਂ ਧੁਰੋਂ ਸੱਦਾ ਆਇਆ ਸੀ। ਉਹ ਤਾਂ ਬੇਬੇ ਤੋਂ ਬਿਨ੍ਹਾਂ ਕਦੇ ਕਿਤੇ ਗਿਆ ਹੀ ਨਹੀਂ ਸੀ। ਪੰਜਵੇਂ ਗੁਰੂ ਦੇ ਸ਼ਹੀਦੀ ਦਿਹਾੜੇ ਤੇ ਪਿੰਡੋਂ ਦਰਬਾਰ ਸਾਹਿਬ ਜਾਣ ਵਾਲੇ ਕਾਰ ਸੇਵਾ ਵਾਲੇ ਟਰੱਕ ਵਿੱਚ ਉਹ ਪਲਾਕੀ ਮਾਰ ਜਾ ਚੜ੍ਹਿਆ ਸੀ। ਬੇਬੇ ਨਾਲ ਉਸ ਕੋਈ ਬਹੁਤੀ ਗੱਲ ਹੀ ਨਹੀਂ ਸੀ ਕੀਤੀ। ਦਸਵੰਧ ਵਾਲੀ ਕਣਕ ਟਰੱਕ ਵਿੱਚ ਰੱਖਣ ਗਿਆ ਉਹ ਖੁਦ ਵੀ ਟਰੱਕ ਵਿੱਚ ਬੈਠ ਜਾਊ ਇਹ ਤਾਂ ਬੇਬੇ ਨੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ। ਫਿਰ ਜਦ ਲਾਸ਼ ਲੈ ਕੇ ਪਿੰਡ ਵਾਪਸ ਮੁੜੇ ਤਾਂ ਇਓਂ ਜਾਪਿਆ ਜਿਵੇਂ ਸਾਰੇ ਪੰਜਾਬ ਵਿੱਚ ਹੀ ਮਾਤਮ ਛਾਇਆ ਹੋਵੇ। ਸਾਰੇ ਰਸਤੇ ਕੋਈ ਕਿਸੇ ਨਾਲ ਗੱਲ ਨਾ ਕਰ ਸਕਿਆ। ਪਿੰਡ ਪਹੁੰਚਣ ਤੇ ਕਿਹੜੀ ਅੱਖ ਸੀ ਜਿਹੜੀ ਨਹੀਂ ਸੀ ਰੋਈ। ਸਭ ਨੇ ਹੌਂਸਲੇ ਬੰਨੇ ਸਨ। ਸੰਤ ਪ੍ਰੇਮ ਸਿੰਘ ਹੋਰੀਂ ਟੁੱਟੇ ਦਿਲਾਂ ਦਾ ਧਰਵਾਸਾ ਬਣੇ-

"ਧਰਮ ਸਿੰਘ ਤਾਂ ਆਪਣਾ ਧਰਮ ਨਿਭਾ ਗਿਆ ਏ। ਬੜੀ ਪਾਕ ਰੂਹ ਸੀ। ਗੁਰਾਂ ਦੇ ਚਰਨਾਂ 'ਚ ਉਂਜ ਕਿੱਥੇ ਢੋਈ ਮਿਲਦੀ ਹੈ। ਗੁਰਾਂ ਨੇ ਆਪਣੇ ਸਿੰਘ ਨੂੰ ਆਪ ਬੁਲਾਇਆ ਜੇ। ਧੀਰਜ ਧਰੋ। ਸੰਗਤੇ! ਇਹ ਘਰ ਗੁਰਾਂ ਵਾਲਾ ਹੋ ਗਿਆ ਜੇ।"

ਬੇਬੇ ਨੇ ਤਾਂ ਜਿਵੇਂ ਕਿਵੇਂ ਧੀਰਜ ਧਰ ਲਿਆ ਪਰ ਕੁਲਦੀਪ ਨੂੰ ਧੀਰਜ ਧਰਨਾ ਮੁਸ਼ਕਿਲ ਹੋ ਗਿਆ। ਸਾਰੀ ਜ਼ਿੰਮੇਵਾਰੀ ਉਸਦੇ ਮੋਢਿਆਂ ਤੇ ਆ ਟਿਕੀ। ਹੁਣ ਸਾਰੇ ਫੈਸਲੇ ਉਸ ਨੇ ਹੀ ਕਰਨੇ ਸਨ। ਇਨ੍ਹਾਂ ਫੈਸਲਿਆਂ ਵਿੱਚ ਹੀ ਉਸਦੀ ਗੱਡੀ ਅਫਸਰੀ ਵਾਲੀ ਵਿੰਗ-ਵਲੇਂਵੇ ਖਾਂਦੀ ਪੱਟੜੀ ਤੋਂ ਉੱਤਰ ਕੇ ਅਧਿਆਪਕੀ ਵਾਲੀ ਸਿੱਧੀ ਸਤੌਰ ਪੱਟੜੀ ਤੇ ਜਾ ਚੜ੍ਹੀ। ਪਰ ਇਹ ਨਵੀਂ ਪੱਟੜੀ ਤੇ ਚੜ੍ਹਦੇ ਹੋਏ ਪਿਛੇ ਖਿੱਲਰੇ ਸੁਪਨਿਆਂ ਦਾ ਡੂੰਘਾ ਗਰਦ-ਗੁਬਾਰ ਛੱਡ ਗਈ।

ਉਸ ਦਾ ਦਿਲ ਕਰਦਾ ਉਹ ਇਸ ਗਰਦ-ਗੁਬਾਰ ਨੂੰ ਪੂੰਝ ਕੇ ਕੋਹਾਂ ਦੂਰ ਸੁੱਟ ਛੱਡੇ। ਅੰਦਰ ਕੋਈ ਫੋੜਾ ਟਸ-ਟਸ ਕਰਦਾ ਜਾਪਦਾ। ਇਸ ਫੋੜੇ ਨੂੰ ਘਰ ਦੀਆਂ ਨੀਹਾਂ ਵਿੱਚ ਡੂੰਘਾ ਦਫਨਾਉਣ ਲਈ ਉਸ ਪੂਰਾ ਤ੍ਰਾਂਣ ਲਾ ਦਿੱਤਾ। ਪੁਰਾਣੇ ਘਰ ਨੂੰ ਢਾਹ ਕੇ ਨਵਾਂ ਬਣਾਇਆ। ਕਿਰਸਾਂ ਕਰ-ਕਰ ਪੈਲੀ ਨਾਲ ਪੰਜ ਕਿੱਲੇ ਹੋਰ ਜੋੜੇ। ਵੱਡੇ ਬਲਜੀਤ ਨੂੰ ਉਸਦੀ ਸੋਚ ਮੁਤਾਬਿਕ ਪਹਿਲਾਂ ਖਾਦ ਸਟੋਰ ਤੇ ਫਿਰ ਇੱਕ ਡ੍ਰਾਈਵਾਲ



ਨਾਲ ਆੜ੍ਹਤ ਦਾ ਕੰਮ ਸ਼ੁਰੂ ਕਰਕੇ ਦਿੱਤਾ। ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਂਦੀ ਸਤਵੰਤ ਨੇ ਵੀ ਹਰ ਪਲ ਮੋਢੇ ਨਾਲ ਮੋਢਾ ਤੇ ਬਟੂਏ ਨਾਲ ਪਰਸ ਜੋੜ ਕੇ ਸਾਥ ਦਿੱਤਾ। ਹੌਲੀ-ਹੌਲੀ ਕਮਾਈ ਨੂੰ ਬਰਕਤ ਪਈ। ਬਿਨਾਂ ਕਿਸੇ ਠੱਗੀ- ਠੋਰੀ ਉਸ ਨੇ ਆਪਣੇ ਜੋਗੀ ਸੁੰਦਰ ਫੁਲਵਾੜੀ ਸਜਾ ਲਈ। ਇਸ ਫੁਲਵਾੜੀ ਵੱਲ ਤੱਕਦਿਆਂ ਹੀ ਉਸ ਖਿਆਲਾਂ ਦੇ ਫੁੱਲ ਖਿੜਾਉਣੇ ਸ਼ੁਰੂ ਕੀਤੇ-

"ਪਿੰਡ 'ਚ ਬਰਾ-ਬਰੋਬਰ ਦੋ ਕੋਠੀਆਂ ਬਣਾਵਾਂਗੇ। ਇੱਕ ਬਲਜੀਤ ਤੇ ਦੂਜੀ ਰਣਜੋਧ ਲਈ। ਮਨਜੀਤ ਨੇ ਕਿਹੜਾ ਇਥੇ ਟਿਕੇ ਰਹਿਣਾ। ਹੱਥ ਪੀਲੇ ਕਰਕੇ ਅਗਲੇ ਘਰ ਤੁਰ ਜਾਣਾ। ਜਿਹੜਾ ਪੁੱਤ ਭੱਲੂ ਉਹਦੇ ਨਾਲ ਰਹਾਂਗੇ। ਆਪਣੀ ਨੀਂਦੇ ਸੋਵਾਂਗੇ ਤੇ ਆਪਣੀ ਉਠਾਂਗੇ।"

...ਪਰ ਉਸ ਦਿਨ ਉਸ ਨੂੰ ਇਓਂ ਜਾਪਿਆ ਜਿਵੇਂ ਬਲਜੀਤ ਨੇ ਉਸ ਨੂੰ ਧੌਲ ਮਾਰ ਕੇ ਡੂੰਘੀ ਨੀਂਦ 'ਚੋ ਜਗਾਇਆ ਹੋਵੇ -

"ਸਾਨੂੰ ਸ਼ਹਿਰ ਪਲਾਟ ਲੈ ਦਿਓ। ਏਥੇ ਪਿੰਡ 'ਚ ਕਾਹਦੀ ਜੂਨ ਆਂ ? ਨਾਂ ਚੱਜ ਦਾ ਸਕੂਲ ਨਾਂ ਪਹਿਨਣ ਪੱਚਰਣ ਦਾ ਸਵਾਦ।"

ਫਿਰ ਬਲਜੀਤ ਦੀ ਹੀ ਹਰ ਗੱਲ ਪੁੱਗੀ ਸੀ। ਨੂੰਹ ਤਾਂ ਸਾਲ ਭਰ ਵੀ ਪਿੰਡ ਨਹੀਂ ਸੀ ਰਹੀ। ਸ਼ਹਿਰ ਗਏ ਬਲਜੀਤ ਪਿੱਛੇ ਭੌਂਅ ਕੇ ਨਹੀਂ ਸੀ ਵੇਖਿਆ। ਪਿੰਡ ਉਸਨੂੰ ਖੂਹ ਤੇ ਸ਼ਹਿਰ ਸੁਪਨਿਆਂ ਦੀ ਸੈਰਗਾਹ ਜਾਪਿਆ। ਹਫਤੇ ਦਸੀਂ ਦਿਨੀ ਵੱਜਦਾ ਗੇੜਾ ਜਲਦੀ ਹੀ ਛੇ ਮਹੀਨੇ ਸਾਲ ਤੇ ਪੈ ਗਿਆ। ਆਪਣਾ ਹਿੱਸਾ ਵੇਚ ਵੱਟ ਉਸਨੇ ਪਲਾਟਾਂ ਵਿੱਚ ਪਾ ਲਿਆ। ਉਸ ਦੇ ਸਾਰੇ ਦੋਸਤ ਇਸੇ ਕੰਮ ਹੀ ਪਏ ਹੋਏ ਸਨ। ਛੋਟੀ-ਮੋਟੀ ਲੀਡਰੀ ਵਿੱਚ ਵੀ ਪੈਰ ਰੱਖਣ ਲੱਗ ਪਿਆ। ਇਲਾਕੇ ਦਾ ਮੰਤਰੀ ਉਸ ਦੀ ਕੋਠੀ ਦੀ ਚੱਠ ਤੇ ਉਚੇਚਾ ਆਇਆ। ਉਸ ਨੇ ਹੀ ਸਭ ਦੀ ਤਰਫੋਂ ਮਾਈਕ ਤੇ ਪਰਿਵਾਰ ਨੂੰ ਵਧਾਈ ਦਿੱਤੀ। ਉਸ ਦੇ ਗੋਡੇ ਛੂੰਹਦਿਆਂ ਬਲਜੀਤ ਬੋਲਿਆ- "ਬੱਸ ਜੀ ਤੁਹਾਡਾ ਹੀ ਆਸ਼ੀਰਵਾਦ ਚਾਹੀਦਾ।"

ਕੋਠੀ ਦੀ ਚੱਠ ਤੋਂ ਮੁੜਿਆ ਕੁਲਦੀਪ ਫਟਣ-ਫਟਣ ਕਰ ਰਿਹਾ ਸੀ-

"ਇਹ ਜਿਹਦੇ ਪੈਰਾਂ 'ਚ ਵਿਛੀ ਜਾਂਦਾ, ਪਰਲੇ ਦਰਜੇ ਦਾ ਕੁਰੱਪਟ ਬੰਦਾ ਏ। ਖਾੜਕੂ ਦੌਰ 'ਚ ਇਹ ਪਹਿਲਾਂ ਮੁੰਡਿਆਂ ਨਾਲ ਹੁੰਦਾ ਸੀ, ਫਿਰ ਪੁਲਿਸ ਦਾ ਮੁਖ਼ਬਰ ਬਣ ਗਿਆ। ਪਤਾ ਕਿੰਨੇ ਮੁੰਡੇ ਸ਼ਹੀਦ ਕਰਾਏ ਇਹਨੇ ? ਬੰਦੇ ਨੂੰ ਕੁਝ ਸ਼ਰਮ ਕਰਨੀ ਚਾਹੀਦੀ ਐ ?"

ਸਤਵੰਤ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ।

ਬੱਲੀ ਨੂੰ ਇਹੋ ਜਿਹੇ ਹੋਰ ਆਸ਼ੀਰਵਾਦ ਵੀ ਮਿਲਣ ਲੱਗ ਪਏ ਹੋਣਗੇ ਤਦ ਹੀ ਤਾਂ ਉਸ ਨੇ ਪਿੰਡ ਜਾਂ ਸਾਕ-ਸਕੀਰੀ 'ਚ ਕਦੇ ਗੇੜਾ ਨਹੀ ਸੀ ਮਾਰਿਆ। ਵੈਸੇ ਬਲਜੀਤ ਕਿਸਮਤ ਦਾ ਬਲੀ ਨਿਕਲਿਆ ਸੀ। ਸਤਵੰਤ ਤਾਂ ਉਸਦੇ ਹੀ ਗੁਣ ਗਾਉਂਦੀ-

"ਲਓ ਜੀ, ਜਿੰਨੀ ਤਰੱਕੀ ਤੁਸੀਂ ਤੀਹ ਸਾਲ 'ਚ ਕੀਤੀ ਮੇਰਾ ਬੱਲੀ ਤਿੰਨਾਂ ਸਾਲਾਂ'ਚ ਕਰ ਗਿਆ।"

ਉਸਦੀ ਕੀਤੀ ਹਰ ਗੱਲ ਉਸਨੂੰ ਠੀਕ ਜਾਪਦੀ। ਇਹ ਭਾਵੇਂ ਪੁਰਖਿਆਂ ਦੀ ਜ਼ਮੀਨ ਵੇਚਣ ਦੀ ਗੱਲ ਸੀ ਜਾਂ ਸਿਆਸਤ ਦਾ ਪੈਰ ਧਰਾਵਾ। ਉਸ ਦੀ ਵੋਟ ਉਸ ਨੂੰ ਹੀ ਪੈਂਦੀ। ਜਦੋਂ ਦੀ ਉਸਨੇ ਸਤਵੰਤ ਦੀ ਬਦਲੀ ਪਿੰਡ ਦੇ ਸਕੂਲ ਕਰਵਾ ਦਿੱਤੀ ਸੀ ਉਦੋਂ ਦੀ ਤਾਂ ਉਹ ਹਰ ਸਾਹ ਨਾਲ ਉਸਦਾ ਹੀ ਨਾਮ ਜਪਦੀ–

"ਵੀਹ ਸਾਲ ਮੈਂ ਸਾਈਕਲ ਤੇ ਪਾਸੇ ਤੜਾਉਂਦੀ ਰਹੀ। ਕਿਸੇ ਨੇ ਪੁੱਛਿਆ? ਹੋਇਆ ਤੁਹਾਥੋਂ ਕੁਛ? ਆਹ ਬੰਲੀ ਨੇ ਦੇਖ ਲੈ ਕਿਵੇਂ ਕਰਾਇਆ ਸਭ ਚੁਟਕੀ ਨਾਲ। ਤੁਹਾਨੂੰ ਨਾ ਜਮਾਨੇ ਦੀ ਸਮਝ ਆਈ।"

ਸਤਵੰਤ ਕੁਲਦੀਪ ਸਾਹਮਣੇ ਚੁਟਕੀ ਵਜਾਉਂਦਿਆਂ ਗੱਲ ਕਰਦੀ।

ਉਸ ਨੂੰ ਤਾਂ ਜ਼ਮਾਨੇ ਦੀ ਸਮਝ ਉਦੋਂ ਵੀ ਨਹੀਂ ਸੀ ਆਈ ਜਦ ਰਣਜੋਧ ਨੇ ਬਾਹਰ ਜਾਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਉਸਦੀ ਉਠਦੇ ਬਹਿੰਦੇ ਇਹੀ ਰਟ – ਬਾਹਰ, ਬਾਹਰ ਤੇ ਬਸ ਬਾਹਰ। ਇਸ ਗੱਲੋਂ ਘਰ ਵਿੱਚ ਚੰਗੀ ਬਹਿਸ ਵੀ ਛਿੜੀ–

"ਲੈਅ ਇਥੇ ਕੀ ਘਾਟਾ?"

ਕੁਲਦੀਪ ਦਾ ਵਾਕ ਅੱਧ ਵਿਚਾਲੇ ਕੱਟ ਰਣਜੋਧ ਭੜਕ ਪਿਆ, "ਇੱਕ ਟੁੱਟੀ ਜਿਹੀ ਕਾਰ ਤਾਂ ਹੁਣ ਤੱਕ ਲੈ ਨੀ ਹੋਈ। ਵਿਹੜੇ 'ਚ ਮੋਹਰਾਂ ਭੜਨ ਡਹੀਆਂ। ਭਰ ਲਓ ਬੋਰੀ।" ਉਸ ਹੱਥਾਂ ਨਾਲ ਬੋਰੀ ਭਰਨ ਦੀ ਅਦਾਕਾਰੀ ਕੀਤੀ।

ਸਤਵੰਤ ਦੀ ਵੋਟ ਇਸ ਵਾਰ ਵੀ ਰਣਜੋਧ ਦੇ ਹੱਕ ਵਿੱਚ ਭੁਗਤੀ – "ਸਭ ਦੇ ਜਾਂਦੇ ਆ, ਇਹ ਚਲੇ ਜਾਊ ਤਾਂ ਕੀ ਪਹਾੜ ਟੁੱਟ ਜਾਊ। ਆਪਾਂ ਮਨਜੀਤ ਦਾ ਵੀ ਕੁਝ ਸੋਚਣਾਂ ਏ ਕੇ ਨਹੀਂ?" ਸਤਵੰਤ ਪ੍ਰਸ਼ਨ ਬਣ ਕੇ ਫੈਲ ਗਈ।

ਕੁਲਦੀਪ ਹੈਰਾਨ ਹੁੰਦਾ। ਸਤਵੰਤ ਅਚਾਨਕ ਏਨੀ ਸੋਚਵਾਨ ਕਿਵੇਂ ਹੋ ਗਈ? ਜਿੱਥੋਂ ਤੱਕ ਉਹ ਪੂਰੇ ਜ਼ੋਰ ਨਾਲ ਛੜੱਪਾ ਮਾਰ ਪਾਉਂਦਾ ਉਸ ਦੀ ਸੋਚ ਉਸਤੋਂ ਪਹਿਲਾਂ ਹੀ ਮੀਲ ਅੱਗੇ ਲੰਘੀ ਹੁੰਦੀ। ਹੋਰ ਤਾਂ ਹੋਰ ਬੇਬੇ ਅਮਰ ਕੌਰ ਦੀ ਵੋਟ ਵੀ ਹੁਣ ਘੱਟ–ਵੱਧ ਹੀ ਓਸਦੇ ਹੱਕ 'ਚ ਭੁਗਤਦੀ– "ਆਹ ਪਿਛੇ ਘਰ ਬਾਰ ਸਾਂਭਣ ਲਈ ਹੀਰਾ ਤੇ ਲਛਮੀ ਹੈਗੇ ਈ ਆ। ਸਭ ਦੇ ਗਏ ਆ। ਏਨੂੰ ਨਾ ਰੋਕ ਮੇਰੇ ਪੁੱਤ?"

"ਪਰ ਮਾਂ... ਇਹ ਜ਼ਮੀਨ–ਜਾਇਦਾਦ ਕਿਸ ਸਾਂਭਣੀ?"

ਉਸਦੀ 'ਪਰ' ਦਾ ਕੋਈ ਜਵਾਬ ਨਾ ਦਿੰਦਾ। ਸਭ ਨੂੰ ਲੱਗਦਾ ਜੰਗਾਲੀ ਘੜੀ ਵਾਂਗ ਉਸਦੀ ਸੂਈ ਕਿਤੇ ਫਸੀ ਪਈ ਹੋਵੇ। ਪਰ ਉਸਨੂੰ ਖੁਦ ਅਜਿਹਾ ਕਦੇ ਨਹੀਂ ਸੀ ਲੱਗਾ। ਜੇ ਲੱਗਾ ਹੁੰਦਾ ਤਾਂ ਗੁਰਲਾਭ ਨੂੰ ਉਸਨੇ ਕਦੇ ਵੀ ਇੰਨੇ ਹੰਮੇ ਨਾਲ ਉਹ ਸਭ ਨਹੀਂ ਸੀ ਕਹਿ ਸਕਣਾ ਜੋ ਉਸਨੇ ਉਸਦੇ ਮੂੰਹ ਤੇ ਕਿਹਾ ਸੀ। ਅਜੇ ਦੋ ਸਾਲ ਪਹਿਲਾਂ ਦੀ ਤਾਂ ਗੱਲ ਹੈ। ਕਾਲੀ ਸੂਚੀ 'ਚੋਂ ਨਾਮ ਕੱਟੇ ਜਾਣ ਨਾਲ ਉਸਦਾ ਪੰਜਾਬ ਆਉਣ ਲਈ ਰਾਹ ਪੱਧਰਾ ਹੋ ਗਿਆ ਸੀ। ਹਾਲਾਤ ਬਦਲੇ ਤੋਂ ਸਭ ਪਾਸੇ ਡੂੰਘੀ ਖਾਮੋਸ਼ੀ ਸੀ। ਗੁਰਲਾਭ ਨੂੰ ਕੈਨੇਡਾ ਬੈਠੇ ਸ਼ਾਇਦ ਇਹ ਖਾਮੋਸ਼ੀ ਰੜਕੀ ਸੀ। ਪੈਂਦੀ ਸੱਟੇ ਪੰਜਾਬ ਦੀ ਫਲਾਈਟ ਚੜ੍ਹ ਆਇਆ। ਕੁਲਦੀਪ ਨੂੰ ਬੜੀ ਮੁਹੱਬਤ ਨਾਲ ਮਿਲਿਆ। ਪਰ ਜਲਦੀ ਹੀ ਉਸਦੀ ਮੁਹੱਬਤ ਦਾ ਰੰਗ ਉਘੜਨ ਲੱਗਾ–



"ਤੁਸੀਂ ਇਥੇ ਜਮਾਂ ਈ ਖੁੱਡਾਂ 'ਚ ਵੜਗੇ। ਕੋਈ ਠੂਹ–ਠਾਹ ਕਰੋ। ਦੁਨੀਆਂ ਨੂੰ ਵੀ ਪਤਾ ਲੱਗੇ ਬਈ ਖਾਲਸਾ ਕੌਮ ਵੀ ਕਿਤੇ ਵੱਸਦੀ ਜੇ।"

ਫਿਰ ਉਹ ਕਿੰਨੀ ਦੇਰ ਆਪੇ ਹੀ ਸ਼ੇਖੀਆਂ ਮਾਰਦਾ ਰਿਹਾ। ਅਖੇ 'ਸਰੀ 'ਚ ਉਨ੍ਹਾਂ ਦੀ ਪੂਰੀ ਚੜ੍ਹਾਈ ਹੈ। ਗੁਰਦਵਾਰਿਆਂ 'ਚ ਜਿੰਨਾ ਦਾ ਵੀਹ–ਵੀਹ ਸਾਲ ਤੋਂ ਕੰਟਰੋਲ ਸੀ ਉਨ੍ਹਾਂ ਸਭ ਦੀਆਂ ਉਨ੍ਹਾਂ ਦੇ ਧੜੇ ਨੇ ਪੂੰਛਾਂ ਚੁਕਾ ਦਿੱਤੀਆਂ ਸਨ। ਕਿਸੇ ਦੀ ਉਨ੍ਹਾਂ ਅੱਗੇ ਕੁਸਕਣ ਦੀ ਜੁਰਅਤ ਨਹੀਂ ਸੀ। ਉਸ ਨੇ ਆਪਣੀ 'ਖਾਲਸਾ ਸਮਾਚਾਰ' ਪੱਤ੍ਰਿਕਾ ਨੂੰ ਵੀ ਪੱਕੇ ਪੈਰੀਂ ਕਰ ਲਿਆ ਸੀ। ਲੋਕ ਮੁੱਲ ਲੈ ਕੇ ਪੜ੍ਹਦੇ ਸਨ। ਪੈਸੇ 'ਚ ਖੇਡਦਾ ਸੀ। ਵਗੈਰਾ ਵਗੈਰਾ। ਕੁਲਦੀਪ ਸੁਣਦਾ ਰਿਹਾ ਪਰ ਉਸਦੀ ਇਸ ਸਭ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਸ ਅੰਦਰਲਾ ਪੁਰਾਣਾ ਜ਼ਖ਼ਮ ਰਿਸ ਪਿਆ–

"ਪ੍ਰੋ. ਮਿੱਤਲ ਨੂੰ ਮਾਰ ਕੇ ਤੁਸਾਂ ਠੀਕ ਨੀ ਕੀਤਾ। ਕਦੇ ਸੋਚਿਆ ਉਹਦੇ ਬੀਵੀ ਬੱਚਿਆਂ ਦਾ ਕੀ ਬਣਿਆਂ ਹੋਊ?"

"ਐਵੇਂ ਗੱਡੇ ਮੁਰਦੇ ਪੁੱਟਣ ਦਾ ਹੁਣ ਕੀ ਫਾਇਦਾ?" ਗੁਰਲਾਭ ਨੇ ਗੱਲ ਟਾਲੀ।

"ਗੁਰਲਾਭ ਤੂੰ ਹਰ ਗੱਲ 'ਚ ਆਪਣਾ ਫਾਇਦਾ ਈ ਨਾ ਤੱਕਦਾ ਰਿਹਾ ਕਰ। ਜੇ ਸੱਚਾ ਸਿੱਖ ਐਂ ਤਾਂ ਮੇਰੇ ਨਾਲ ਚੱਲ। ਚੱਲ ਮਿਸਿਜ਼ ਮਿੱਤਲ ਕੋਂ ਮਾਫ਼ੀ ਮੰਗ ਕੇ ਆਈਏ।" ਕੁਲਦੀਪ ਨੇ ਭਾਵੁਕ ਹੋ ਕੇ ਗੁਰਲਾਭ ਨੂੰ ਬਾਂਹ ਤੋਂ ਫੜ੍ਹ ਲਿਆ।

"ਕਿਹਦੇ–ਕਿਹਦੇ ਤੋਂ ਮਾਫ਼ੀ ਮੰਗਾਂਗੇ। ਨਾਲੇ ਇਨ੍ਹਾਂ ਜਿਹੜੇ ਦਿੱਲੀ 'ਚ ਬੇਦੋਸ਼ੇ ਮਾਰੇ ਉਹਦੀ ਮੁਆਫ਼ੀ ਕਿਸੇ ਕੰਜਰ ਨੇ ਮੰਗੀ ਐ? ਤੁਸੀਂ ਤਾਂ ਸਭ ਨੇ ਇਥੇ ਮੂੰਹ 'ਚ ਘੁੰਗਣੀਆਂ ਪਾ ਰੱਖੀਆਂ।"

ਗੁਰਲਾਭ ਵੀ 'ਖਾਲਸਾਈ' ਰੰਗ ਵਿੱਚ ਆ ਗਿਆ। ਅਚਾਨਕ ਇਸ ਤਰ੍ਹਾਂ ਦੀ ਖਾਮੋਸ਼ੀ ਫੈਲੀ ਕਿ ਜ਼ੁਬਾਨਾਂ ਨੂੰ ਤਾਲੇ ਲੱਗ ਗਏ। ਕੋਈ ਵੀ ਕਿੰਨਾ ਚਿਰ ਕੁਝ ਵੀ ਬੋਲ ਨਾ ਸਕਿਆ। ਫਿਰ ਗੁਰਲਾਭ ਨੇ ਹੀ ਡੂੰਘਾ ਸਾਹ ਲੈਂਦਿਆਂ ਗੱਲ ਪਲਟੀ–

"ਨਵੀਂ ਪੀੜ੍ਹੀ ਤਾਂ ਸੰਤਾਂ ਨੂੰ ਸੀਨੇ ਲਾਈ ਫਿਰਦੀ ਐ। ਆਹ ਸਾਡੇ ਆਲੀ ਈ ਮੱਠ ਮਾਰਗੀ!"

"ਸਭ ਦੂਰ ਬੈਠਿਆਂ ਦੇ ਭੁਲੇਖੇ ਨੇ। ਕਾਰਾਂ ਤੇ ਟੀ ਸ਼ਰਟਾਂ ਉਤੇ ਸੰਤਾਂ ਦੀ ਫੋਟੋ ਵੇਖ ਕੇ ਨਾ ਰਾਏ ਬਣਾਈ ਜਾਓ। ਉਹ ਨਵਿਆਂ ਦਾ ਰੋਲ ਮਾਡਲ ਨਹੀਂ ਫੈਸ਼ਨ ਮਾਡਲ ਐ।" ਕੁਲਦੀਪ ਤਿੱਖੀ ਸੁਰ ਵਿੱਚ ਬੋਲਿਆ। ਉਸ ਦਾ ਬੋਲ ਅਚਾਨਕ ਉੱਚਾ ਹੋ ਗਿਆ। ਗੁਰਲਾਭ ਨੂੰ ਹੁਣ ਬੈਠਣਾ ਮੁਸ਼ਕਲ ਲੱਗਣ ਲੱਗਾ। ਉਠਦਿਆਂ ਉਸ ਤਾਹਨਾ ਮਾਰਿਆ–

"ਸੋਚਿਆ ਸੀ ਕਿਤੇ ਤਾਂ ਪੁਰਾਣੀ ਅੱਗ ਹੋਊ। ਇਥੇ ਤਾਂ ਭੂੱਬਲ ਹੀ ਭੂੱਬਲ ਚੜ੍ਹੀ ਪਈ ਐ। ਖਾਓ ਫਿਰ ਦੁੱਤੀਆਂ। ਸਾਨੂੰ ਕੀ?"

"ਤੁਹਾਨੂੰ ਕੁਝ ਨਹੀਂ ਤਾਂ ਬਾਰੂ ਖੜ੍ਹ ਕੇ ਸਾਨੂੰ ਐਵੇਂ ਮੱਤਾਂ ਵੀ ਨਾ ਦਿਓ। ਸੱਚੇ ਸਿੱਖ ਓ ਤਾਂ ਇਥੇ ਆ ਕੇ ਮੈਦਾਨ 'ਚ ਨਿੱਤਰੋ।"

ਗੁਰਲਾਭ ਦੀਆਂ ਅੱਖਾਂ ਵਿੱਚ ਅੱਖਾਂ ਗੱਡਦਿਆਂ ਕੁਲਦੀਪ ਨੇ ਗਿੱਟਿਆਂ ਵਿੱਚ ਮਾਰੀ। ਉਹ ਧਰਤੀ ਵੱਲੀ ਝਾਕਣ ਲੱਗਾ। ਕੁਲਦੀਪ ਨੂੰ ਪਹਿਲੀ ਵਾਰ ਜਾਪਿਆ

ਜਿਵੇਂ ਉਸ ਨੇ ਆਪਣੀ ਹਿੱਕ ਉਤਲਾ ਭਾਰੀ ਘਣ ਗੁਰਲਾਭ ਵੱਲ ਉਲੱਦ ਦਿੱਤਾ ਹੋਵੇ।

ਲੌਬੀ ਵਿਚਲੇ ਵਾਲ ਕਲਾਕ ਤੇ ਖੜਕੀਆਂ ਪੰਜ ਘੰਟੀਆਂ ਨੇ ਕੁਲਦੀਪ ਨੂੰ ਬੀਤੇ ਵਿਚੋਂ ਖਿੱਚ ਕੇ ਵਾਪਸ ਲੈ ਆਂਦਾ। ਕੁਰਸੀ ਤੋਂ ਉੱਠ ਕੇ ਉਹ ਪਸ਼ੂਆਂ ਦੇ ਵਾੜੇ ਵਾਲੀ ਕੰਧ ਕੋਲ ਆ ਗਿਆ। ਵਾੜੇ ਵਿਚਲੇ ਵਰਾਂਡੇ ਵਿੱਚ ਪੂਰੀ ਸੁੰਨ-ਮਸਾਨ ਸੀ। ਪਸ਼ੂਆਂ ਦੇ ਪਿੰਡਿਆਂ ਦੀ ਹਮਕ ਜ਼ਰੂਰ ਹਵਾ ਵਿੱਚ ਘੁਲੀ ਮਿਲੀ ਹੋਈ ਸੀ। ਉਸ ਨੇ ਹਵਾ ਨੂੰ ਫੇਫੜਿਆਂ ਵਿੱਚ ਭਰਕੇ ਨਾਸਾਂ ਸੁਕੇੜੀਆਂ। ਉਸ ਨੂੰ ਧੁੜਧੁੜੀ ਜਿਹੀ ਛਿੜੀ। ਅੱਖਾਂ ਹਨ੍ਹੇਰੇ ਨੂੰ ਚੀਰਦੀਆਂ ਘਰ ਵੱਲ ਮੂੰਹ ਕਰਕੇ ਪਰਲੀ ਕੰਧ ਨਾਲ ਬਣੇ ਦੋ ਛੋਟੇ-ਛੋਟੇ ਕਮਰਿਆਂ ਵੱਲ ਉਠ ਗਈਆਂ। ਗੁਰਦੁਆਰੇ ਦੇ ਮਰਕਰੀ ਬਲਬ ਦੀ ਰੋਸ਼ਨੀ ਵਿੱਚ ਕਮਰਿਆਂ ਦੀਆਂ ਲਾਲ ਇਟਾਂ ਚਮਕ ਰਹੀਆਂ ਸਨ। ਕਮਰਿਆਂ ਵਿੱਚ ਪੂਰਾ ਸੰਨਾਟਾ ਸੀ। ਪੰਜੇ ਜਾਣੇ 'ਆਪਣੇ ਘਰ' ਵਿੱਚ ਡੂੰਘੀ ਨੀਂਦ ਸੁੱਤੇ ਪਏ ਸਨ। ਦੋਨੋ ਕਮਰੇ ਸਮੇਂ ਨਾਲ ਕੱਚੇ ਤੋਂ ਪੱਕੇ ਹੋ ਗਏ ਸਨ। ਪਿਛਲੇ ਪੰਦਰਾਂ ਸਾਲਾਂ ਤੋਂ ਹੀਰੇ ਤੇ ਲੱਛਮੀ ਨੇ ਹੀ ਇਨ੍ਹਾਂ ਨੂੰ ਭਾਗ ਲਾਏ ਸਨ। ਇਨ੍ਹਾਂ ਨੂੰ ਭਾਗ ਲਾਉਂਦਿਆਂ ਉਨ੍ਹਾਂ ਨੂੰ ਖੁਦ ਭਾਗ ਲੱਗ ਗਏ ਸਨ। ਉੱਤੋਂ ਥੱਲੀ ਸੱਤਿਆ,ਰਾਹੁਲ ਤੇ ਕੇਸ਼ਵ ਦੀਆਂ ਕਿਲਕਾਰੀਆਂ ਗੂੰਜੀਆਂ ਸਨ। ਇਨ੍ਹਾਂ ਕਿਲਕਾਰੀਆਂ ਦੀ ਗੂੰਜ ਵਿੱਚ ਹੀ ਇੱਕ ਦਿਨ ਅਮਰ ਕੌਰ ਬੜੇ ਫ਼ਖਰ ਨਾਲ ਬੋਲੀ-

"ਬੜੀ ਭਾਗਾਂ ਵਾਲੀ ਥਾਂ ਏ। ਦੂਣ ਸਵਾਇਆ ਕਰਕੇ ਮੋੜਦੀ ਏ। ਕੁੜੇ ਪਾਣੀ ਛਿੜਕ ਕੇ ਰੱਖਿਆ ਕਰ।"

ਲੱਛਮੀ ਨੇ ਬਿਟਰ-ਬਿਟਰ ਤੱਕਿਆ। ਉਸ ਨੂੰ ਕੁਝ ਸਮਝ ਨਾ ਪਿਆ। ਭੌਂਚਲੀ ਹੋਈ ਪਾਣੀ ਦਾ ਗਿਲਾਸ ਭਰ ਕੇ ਲੈ ਆਈ। ਅਮਰ ਕੌਰ ਦੇ ਮੂਹਰੇ ਕੀਤਾ। ਉਹ ਹੱਸੀ-

"ਜਿਊਂਦੀ ਵੱਸਦੀ ਰਹਿ! ਮਰ ਜਾਣੀਏ, ਆਹ ਤੂੰ ਆਪਣੇ ਜੁਆਕਾਂ ਦੇ ਸਿਰ'ਚ ਡੋਲ।"

ਕਮਰਿਆਂ ਵੱਲ ਤੱਕਦਿਆਂ ਕੁਲਦੀਪ ਦੇ ਬੁੱਲਾਂ ਤੇ ਹਲਕੀ ਜਿਹੀ ਮੁਸਕਾਨ ਫੈਲ ਗਈ। ਉਹ ਆਪਣੇ ਕਮਰੇ ਵੱਲ ਤੁਰ ਪਿਆ। ਸਤਵੰਤ ਡੂੰਘੀ ਨੀਂਦ ਵਿੱਚ ਅਜੇ ਵੀ ਬੇਸੁਰਤ ਬਣੀ ਪਈ ਸੀ। ਉਸਦੇ ਘੁਰਾੜੇ ਹਨੇਰੇ ਨੂੰ ਲਗਾਤਾਰ ਵਿੰਨ੍ਹ ਰਹੇ ਸਨ। ਕੁਲਦੀਪ ਨੇ ਬੱਤੀ ਜਗਾਉਣੀ ਠੀਕ ਨਾਂ ਸਮਝੀ। ਹਨੇਰੇ ਵਿੱਚ ਉਸਦਾ ਪੈਰ ਪਹਿਲਾਂ ਬੂਹੇ ਵਿੱਚ ਅੜਿਆ। ਉਹ ਡਿੱਗਦਾ-ਡਿੱਗਦਾ ਬਚਿਆ। ਫਿਰ ਉਹ ਕਮਰੇ ਵਿੱਚ ਪਏ ਵੱਡੇ-ਵੱਡੇ ਬੈਗਾਂ ਉਤੇ ਉਲਰ ਗਿਆ। ਉਸ ਨੂੰ ਉਨ੍ਹਾਂ ਦੇ ਉਥੇ ਪਏ ਹੋਣ ਦਾ ਚੇਤਾ ਹੀ ਭੁੱਲ ਗਿਆ ਸੀ। ਸਤਵੰਤ ਅੱਬੜਵਾਹੇ ਉਠੀ। ਅੱਖਾਂ ਮਲਦਿਆਂ ਬੋਲੀ- "ਟਿਕੋ ਨੀ ਅਜੇ ਤੱਕ 'ਨ੍ਹੇਰੇ'ਚ ਕੀ ਲੱਭੀ ਜਾਂਦੇ ਓ?"

ਕੁਲਦੀਪ ਨੂੰ ਖੁਦ ਵੀ ਪਤਾ ਨਾਂ ਲੱਗਾ ਕਿ ਹਨੇਰੇ ਵਿੱਚ ਕੀ ਲੱਭੀ ਜਾਂਦਾ ਸੀ। ਚੁੱਪ ਰਿਹਾ। ਚੁੱਪ-ਚਪੀਤਾ ਹੀ ਬੈੱਡ ਤੇ ਗੁਛੀ-ਮੁਛੀ ਹੋ ਕੇ ਪੈ ਗਿਆ। ਘੰਟੇ ਬਾਅਦ ਹੀ ਸਤਵੰਤ ਚਾਹ ਦਾ ਕੱਪ ਫੜ੍ਹੀ ਖੜ੍ਹੀ ਸੀ-



"ਉਠੋ ਹੁਣ। ਬੜੀਆਂ ਲੰਮੀਆਂ ਤਾਣ ਕੇ ਸੁੱਤੇ ਓ। ਦਰਬਾਰ ਸਾਹਿਬ ਮੱਥਾ ਟੇਕਣ ਵੀ ਜਾਣਾ। ਬਾਰਾਂ ਵਜੇ ਦਿੱਲੀ ਲਈ ਚੱਲਣਾਂ। ਰਣਜੋਧ ਦੇ ਕਨੇਡਿਓਂ ਸਵੇਰ ਦੇ ਦੋ ਫੂਨ ਆ ਲੇ।"

"ਡੈਡੀ, ਮੈਨੂੰ ਤਾਂ ਕੈਨੇਡਾ ਦੀ ਅਕਸਾਈਟਮੈਂਟ 'ਚ ਰਾਤੀ ਨੀਂਦ ਈ ਨਹੀਂ ਪਈ।" ਮੋਬਾਇਲ ਤੇ ਉਂਗਲਾਂ ਟਪਕਾਉਂਦਿਆਂ ਮਨਜੀਤ ਨੇ ਅੱਖਾਂ ਮਲਦੇ ਬਾਪ ਵੱਲ ਗੱਲ ਟਪਕਾਈ।

ਅਧੇ ਘੰਟੇ ਬਾਅਦ ਹੀ ਟਵੇਰਾ ਦਾ ਹਾਰਨ ਬੂਹੇ ਤੇ ਆ ਵੱਜਿਆ।

ਦਰਬਾਰ ਸਾਹਿਬ ਤੋਂ ਮੁੜਦਿਆਂ ਸਤਵੰਤ ਨੇ ਸੁੱਖਣਾ ਵਾਲੀ ਦੇਗ ਦੇ ਪ੍ਰਸ਼ਾਦ ਦੀ ਲੱਪ ਨੂੰ ਕੁਲਦੀਪ ਦੇ ਬੁੱਕ ਵਿਚਕਾਰ ਧਰਦਿਆਂ ਗੱਲ ਤੋਰੀ- "ਬੜੀ ਕਰਨੀ ਵਾਲੀ ਥਾਂ ਏ ਜੀ। ਸਰਬੱਤ ਦਾ ਭਲਾ ਕਰਦੀ ਏ। ਮੈਂ ਤਾਂ ਜੀ 'ਲਾਦ ਦਾ ਸੁਖ ਮੰਗ ਲਿਆ। ਹਾਂ ਸੱਚ, ਤੁਸਾਂ ਕੀ ਕਿਹਾ ਬਾਬਾ ਜੀ ਨੂੰ?"

"ਪਿੱਛੇ ਦਾ ਖ਼ਿਆਲ ਰੱਖੀਂ।" ਕੁਲਦੀਪ ਮੂੰਹ ਵਿੱਚ ਬੁੜਬੁੜਾਇਆ। ਗੱਡੀ ਦੇ ਡੈੱਕ ਤੇ ਚਲ ਰਹੇ ਸ਼ਬਦ 'ਤੂੰ ਮੇਰਾ ਰਾਖਾ ਸਭਨੀ ਥਾਂਈਂ' ਦੇ ਮਿੱਠੇ ਵਜਦ ਵਿੱਚ ਘਿਰੀ ਸਤਵੰਤ ਨੇ ਅੱਖਾਂ ਮੁੰਦ ਲਈਆਂ।

ਦਿੱਲੀ ਲਈ ਤੁਰਨ ਵੇਲੇ ਕੁਲਦੀਪ ਦੇ ਦਿਲ ਨੂੰ ਹੌਲ ਜਿਹਾ ਪਿਆ। ਘਰ ਤੇ ਡੂੰਘੀ ਨਿਗਾਹ ਸੁੱਟੀ। ਅੱਖਾਂ 'ਚੋਂ ਛਮ-ਛਮ ਕਿਰਦੇ ਅਥਰੂਆਂ ਦੀ ਧਾਰ ਵਹਿ ਤੁਰੀ। ਉਸ ਵੱਲ ਵੇਖਦਿਆਂ ਸਤਵੰਤ ਦੀਆਂ ਅੱਖਾਂ ਵੀ ਛਲਕ ਪਈਆਂ। ਅਮਰ ਕੌਰ ਨੇ ਦੋਨਾਂ ਨੂੰ ਗੱਲਵੱਕੜੀ 'ਚ ਲੈਂਦਿਆਂ ਦਿਲਾਸਾ ਦਿੱਤਾ- "ਹੌਅ! ਕਮਲ ਕੁੱਟਣ ਡਿਹਾ ਸਾਰਾ ਟੱਬਰ। ਵੇ ਕੁਲਦੀਪ ਸਿੰਹਾਂ! ਤੂੰ ਤੇ ਸਭ ਨੂੰ ਮੱਤਾਂ ਦੇਣੀਆਂ। ਚਲ ਤਕੜਾ ਹੋ ਮੇਰਾ ਪੁੱਤ।"

"ਸਰਦਾਰ ਜੀ ਪੀਛੇ ਕਾ ਫਿਕਰ ਨਾ ਕੀਜੇ। ਹਮ ਹੈਂ ਨਾ।" ਪਿੱਛੇ ਹੱਥ ਜੋੜੀ ਖੜ੍ਹੇ ਹੀਰਾ ਲਾਲ ਦੇ ਧੀਮੇ ਬੋਲ ਕੁਲਦੀਪ ਦੇ ਕੰਨੀ ਪਏ। ਕੋਈ ਵੀ ਕੁਝ ਬੋਲ ਨਾ ਸਕਿਆ। ਕੁਲਦੀਪ ਨੇ ਚੁੱਪ ਚਾਪ ਚਾਬੀਆਂ ਦਾ ਗੁੱਛਾ ਹੀਰਾ ਲਾਲ ਨੂੰ ਫੜਾ ਦਿੱਤਾ। ਉਹ ਸੀਟ ਵੱਲ ਅਹੁਲਿਆ। ਫਿਰ ਕੁਝ ਯਾਦ ਆ ਜਾਣ ਵਾਂਗ ਇੱਕਦਮ ਰੁਕਿਆ। ਆਪਣੀ ਪੈਂਟ ਦੀ ਸੱਜੀ ਜੇਬ ਨੂੰ ਟਟੋਲਿਆ। ਦਰਬਾਰ ਸਾਹਿਬ ਤੋਂ ਮਿਲੇ ਪ੍ਰਸ਼ਾਦ ਵਾਲੇ ਪਤਾਸੇ ਨੂੰ ਰੁਮਾਲ ਵਿੱਚੋਂ ਬਾਹਰ ਕਢਿਆ। ਹੀਰੇ ਦੇ ਜੁੜੇ ਹੱਥਾਂ ਨੂੰ ਪੋਲੇ ਜਿਹੇ ਖੋਲ੍ਹ ਕੇ ਪਤਾਸਾ ਦੋਨਾਂ ਹੱਥਾਂ ਵਿਚਕਾਰ ਟਿਕਾ ਦਿੱਤਾ। ਅਗਲੇ ਪਲ ਇੰਜਣ ਦੀ ਤੇਜ਼ ਆਵਾਜ਼ ਨੇ ਖਾਮੋਸ਼ ਫ਼ਿਜ਼ਾ ਨੂੰ ਚੀਰ ਸੁਟਿਆ। ਪਿੰਡ ਵੱਲ ਧੂੰਆਂ ਅਤੇ ਧੂੜ ਉਡਾਉਂਦੀ ਗੱਡੀ ਸ਼ਹਿਰ ਵੱਲ ਫਰਾਟੇ ਛੱਡਦੀ ਉਡੀ ਜਾ ਰਹੀ ਸੀ। ਪਲੋ ਪਲੀ ਘਰ ਅੱਖਾਂ ਤੋਂ ਓਝਲ ਹੁੰਦਾ ਜਾ ਰਿਹਾ ਸੀ।

## ਡਾਕਖ਼ਾਨਾ ਖ਼ਾਸ

ਬਲਜਿੰਦਰ ਨਸਰਾਲੀ

"ਮੈਂ ਤਾਂ ਪਾਲੇ ਹੋਰਾਂ ਨਾਲ ਰਲ ਜਾਣੈ.....।" ਜੱਸੀ ਕਹਿੰਦਾ ਹੁੰਦਾ ਸੀ। ਅਜਿਹੇ ਬੋਲ ਉਹ ਉਦੋਂ ਕੱਢਦਾ, ਜਦੋਂ ਘਰ ਦੇ ਕਲੇਸ਼ ਦੀਆਂ ਮਘਦੀਆਂ ਸਥਿਤੀਆਂ ਵਿੱਚੋਂ ਨਿੱਕਲਕੇ, ਆ ਕੇ, ਉਹ ਹਰਿੰਦਰ ਕੋਲ ਬੈਠਦਾ। ਪਾਲਾ ਉਨ੍ਹਾਂ ਦੇ ਇਲਾਕੇ ਦਾ ਇਨਾਮੀ ਖਾੜਕੂ ਸੀ।

ਚੁਬਾਰੇ ਵਿੱਚ ਪੜ੍ਹਦਾ ਹਰਿੰਦਰ ਗੁਆਂਢ ਵਿੱਚ ਮਲਕੀਤ ਚਾਚੇ ਦੇ ਘਰੇ ਪੈਂਦੇ ਕਲੇਸ਼ ਨੂੰ ਸੁਣਦਾ-ਸੁਣਦਾ ਫ਼ੇਰ ਪੜ੍ਹਨ ਲੱਗ ਜਾਂਦਾ। ਫ਼ੇਰ ਕੁਝ ਚਿਰ ਬਾਅਦ ਪੌੜੀਆਂ 'ਤੇ ਪੈੜਚਾਲ ਸੁਣਦੀ। ਜੱਸੀ ਅੰਦਰ ਆਉਂਦਾ। ਆ ਕੇ ਉਹ ਕੁਰਸੀ 'ਤੇ ਬਹਿ ਜਾਂਦਾ। ਹਰਿੰਦਰ ਉਸ ਵੱਲ ਸਿਰ ਉਠਾਕੇ ਦੇਖਦਾ ਤੇ ਉਸ ਦੇ ਮਨ ਦੀ ਹਾਲਤ ਨੂੰ ਸਮਝਦਾ। ਕੁਝ ਅਟਕ ਕੇ ਪੁੱਛਦਾ, "ਕੀ ਗੱਲ ਹੋਗੀ?"

ਜੱਸੀ ਰੋਣਹਾਰ ਹੋਇਆ ਚੁੱਪ ਰਹਿੰਦਾ। ਦੋਵੇਂ ਹੱਥਾਂ ਨਾਲ ਸਿਰ ਫੜ ਕੇ ਬੈਠਾ ਰਹਿੰਦਾ ਤੇ ਫਿਰ ਆਖਦਾ, "ਮੈਂ ਤਾਂ ਪਾਲੇ ਹੋਰਾਂ ਨਾਲ ਰਲ ਜਾਣੈ....।"

ਹਰਿੰਦਰ ਉਸ ਦੀ ਗੱਲ 'ਤੇ ਪੋਲਾ ਜਿਹਾ ਹੱਸ ਕੇ ਕਹਿੰਦਾ, "ਉਨ੍ਹਾਂ ਨਾਲ ਰਲ ਕੇ ਕੀ ਕਰੇਂਗਾ....ਮਾਰਿਆ ਜਾਵੇਂਗਾ ਛੇਤੀ ਹੀ.....।"

"ਜਦੋਂ ਮਰਨੈ ਉਦੋਂ ਤਾਂ ਮਰ ਹੀ ਜਾਣੈ.....ਇਕ ਵਾਰ ਤਾਂ ਤਾਰੇ ਵਾਂਗ ਚਮਕਾਂਗੇ।" ਜੱਸੀ ਆਖਦਾ।

ਹਰਿੰਦਰ ਸੋਚਦਾ ਕਿ ਤਾਰੇ ਵਾਂਗ ਚਮਕਣ ਦੀ ਖਾਹਿਸ਼ ਸਾਡੇ ਪੰਜਾਬੀਆਂ ਦੇ ਖ਼ੂਨ ਵਿੱਚ ਵਸੀ ਹੋਈ ਹੈ। ਅਜੀਬ ਜਿਹੀ ਉਤਸੁਕਤਾ ਨਾਲ ਜੱਸੀ ਹਥਿਆਰਾਂ ਦੀਆਂ ਗੱਲਾਂ ਕਰਦਾ। ਹਰਿੰਦਰ ਉਸ ਦੀ ਇਸ ਭਾਵਨਾ ਨੂੰ ਦੇਖ ਕੇ ਪੰਜਾਬ ਮਸਲੇ ਦੀ ਇੱਕ ਤੰਦ ਨੂੰ ਫੜਨ ਦੀ ਕੋਸ਼ਿਸ਼ ਕਰਦਾ ਤੇ ਉਸ ਸਭ ਕਾਸੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਜਿਹੜਾ ਸਾਡੇ ਵਿੱਚ ਪੀੜ੍ਹੀ ਦਰ ਪੀੜ੍ਹੀ ਚੱਲਿਆ ਆ ਰਿਹਾ ਸੀ।

ਕੋਠੇ ਤੇ ਖੜ੍ਹੇ ਹਰਿੰਦਰ ਨੂੰ ਜੱਸੀ ਨਾਲ ਸੰਬੰਧਤ ਬਹੁਤ ਸਾਰੀਆਂ ਗੱਲਾਂ ਯਾਦ ਆ ਰਹੀਆਂ ਸਨ। ਉਹ ਜੰਗਲੇ ਨਾਲ ਲੱਗਿਆ ਖੜ੍ਹਾ ਸੀ। ਮਕਾਨ ਦੇ ਪਿਛਾਂਹ ਦੂਰ ਤੱਕ ਚੌਲਾਂ ਦੇ ਖੇਤ ਸਨ। ਹਰੇ ਭਰੇ ਖੇਤਾਂ ਉੱਤੇ ਪੁਰੇ ਦੀ ਹਵਾ ਚੁੱਪ-ਚਾਪ ਲੰਘ ਰਹੀ ਸੀ। ਦੂਰ ਬਹੁਤ ਦੂਰ ਦੁਮੇਲ ਉੱਤੇ ਤਿੱਤਰ ਖੰਭੇ ਬੱਦਲ ਪਹਾੜਾਂ ਵਾਂਗ ਉਸਰੇ ਖੜ੍ਹੇ ਸਨ, ਜਿਨ੍ਹਾਂ ਦੇ ਪਿੱਛੇ ਸੂਰਜ ਅਸਤ ਹੋ ਗਿਆ ਸੀ। ਉਸ ਦੀਆਂ ਲਾਲ ਗੂੜ੍ਹੀਆਂ ਕਿਰਨਾਂ ਬੱਦਲਾਂ ਦੇ ਪਿੱਛਿਓਂ ਉੱਠਕੇ ਅਜੇ ਵੀ ਅਸਮਾਨ ਨੂੰ ਰੁਸ਼ਨਾ ਰਹੀਆਂ ਸਨ।

"ਤੈਂ ਚੰਗੀ ਤਰ੍ਹਾਂ ਦੇਖਿਐ ਜੱਸੀ ਨੂੰ....?" ਹਰਿੰਦਰ ਨੇ ਪਿੱਛੇ ਮੁੜਕੇ ਦੇਖਿਆ



ਮਲਕੀਤ ਸਿਹੁ ਆਪਣੇ ਸਾਲੇ ਬੇਲੂ ਨੂੰ ਪੁੱਛ ਰਿਹਾ ਸੀ।

"ਤੈਨੂੰ ਦੱਸੀ ਤਾਂ ਜਾਨਾਂ...ਮੈਂ ਕਿਤੇ ਆਪਣੇ ਜੱਸੀ ਨੂੰ ਪਛਾਣਦਾ ਨੀ!" ਬੇਲੂ ਨੇ ਮੰਜੇ 'ਤੇ ਬੈਠਿਆਂ ਆਖਿਆ।

ਹੁਣ ਜਦੋਂ ਜੱਸੀ ਦੇ ਵਿਛੋੜੇ ਦਾ ਦੁੱਖ ਘਟ ਰਿਹਾ ਸੀ, ਉਹ ਗਮ ਤੋਂ ਪਾਰ ਨਿਕਲ ਰਹੇ ਸਨ ਤਾਂ ਬੇਲੂ ਨੇ ਅੱਜ ਹੋਰ ਹੀ ਗੱਲ ਆ ਸੁਣਾਈ ਸੀ। ਉਹ ਕਹਿੰਦਾ ਸੀ ਕਿ ਉਸ ਨੇ ਜੱਸੀ ਨੂੰ ਉਨ੍ਹਾਂ ਦੇ ਸ਼ਹਿਰ ਦੇ ਥਾਣੇ ਵਿੱਚ ਜਿਉਂਦਾ ਦੇਖਿਆ ਸੀ। ਪੁਲਿਸ ਨੇ ਕੁੱਟ-ਕੁੱਟ ਕੇ ਉਸ ਨੂੰ ਬੇਪਛਾਣ ਕੀਤਾ ਪਿਆ ਸੀ। ਬੇਲੂ ਤਾਂ ਸ਼ਾਇਦ ਉਸ ਨੂੰ ਪਛਾਣਦਾ ਵੀ ਨਾ। ਪਰ ਜੱਸੀ ਨੇ ਆਪਣੇ ਨਾਨਕਿਆਂ ਦੀ ਪੰਚਾਇਤ ਵਿਚਲੇ ਬੰਦਿਆਂ ਵਿੱਚ ਖੜ੍ਹੇ ਮਾਮੇ ਨੂੰ ਪਛਾਣ ਲਿਆ ਸੀ। ਬੇਲੂ ਦੇ ਤਾਂ ਉਸ ਵੇਲੇ ਜੱਸੀ ਯਾਦ ਚੇਤੇ ਵੀ ਨਹੀਂ ਸੀ। ਪਰ ਹਵਾਲਾਤ ਵਿਚੋਂ ਇਕ ਟੱਕ ਉਸ ਵੱਲ ਝਾਕਦੇ ਮੁੰਡੇ ਨੂੰ ਜਦੋਂ ਉਸ ਨੇ ਗਹੁ ਨਾਲ ਦੇਖਿਆ ਤਾਂ ਉਹ ਜੱਸੀ ਨਿਕਲਿਆ। ਜੱਸੀ ਨੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਸੀ। ਬੇਲੂ ਕਿਸੇ ਝਗੜੇ ਦੇ ਸੰਬੰਧ ਵਿੱਚ ਥਾਣੇ ਗਿਆ ਸੀ। ਥਾਣੇ ਤੋਂ ਬਾਹਰ ਆ ਕੇ ਉਸ ਦੇ ਨਾਲ ਦੇ ਬੰਦੇ ਤਾਂ ਪਿੰਡ ਨੂੰ ਚਲੇ ਗਏ ਸਨ, ਪਰ ਬੇਲੂ ਮੁੱਲਾਂਪੁਰ ਨੂੰ ਬੱਸ ਚੜ੍ਹ ਆਇਆ ਸੀ। ਇਹ ਗੱਲ ਜਦੋਂ ਉਸ ਨੇ ਮਲਕੀਤ ਸਿੰਘ ਨੂੰ ਦੱਸੀ ਤਾਂ ਮਲਕੀਤ ਸਿੰਘ ਦੇ ਚਿਹਰੇ ਤੇ ਹੈਰਾਨੀ ਅਤੇ ਖ਼ੁਸ਼ੀ ਦੇ ਭਾਵ ਆ ਗਏ। ਪਰ ਛੇਤੀ ਹੀ ਇਹ ਪਰਛਾਵੇਂ ਵਾਂਗ ਲੰਘ ਗਏ। ਫੇਰ ਉਸ ਤੋਂ ਵੀ ਗੂੜ੍ਹੀ ਉਦਾਸੀ ਛਾ ਗਈ। ਉਸ ਨੂੰ ਪਤਾ ਸੀ ਕਿ ਪੁਲਿਸ ਜੱਸੀ ਨੂੰ ਜਿਉਂਦਾ ਨਹੀਂ ਛੱਡੇਗੀ। ਜੱਸੀ ਬਾਰੇ ਉਸ ਨੇ ਹੋਰ ਕਿਸੇ ਕੋਲ ਗੱਲ ਨਹੀਂ ਸੀ ਕੀਤੀ, ਸਿਰਫ਼ ਆਪਣੇ ਭਤੀਜੇ ਹਰਿੰਦਰ ਨੂੰ ਦੱਸਿਆ ਸੀ।

ਉਹਨਾਂ ਨਾਲ ਰਲ ਜਾਣ ਦਾ ਡਰਾਵਾ ਜੱਸੀ ਕਈ ਵਾਰ ਘਰੇ ਵੀ ਦਿੰਦਾ ਸੀ। ਪਰ ਘਰਦਿਆਂ ਸਾਹਮਣੇ ਉਸ ਦਾ ਇਹ ਡਰਾਵਾ ਉਸ ਤਰ੍ਹਾਂ ਪੁੱਗਦਾ ਨਹੀਂ ਸੀ। ਦਿਆਲ ਕੁਰ ਸੁਣ ਕੇ ਕਹਿ ਦਿੰਦੀ, "ਤੇਰੇ ਵਰਗੇ ਨੂੰ ਨਾਲ ਰਲਾ ਕੇ ਉਨ੍ਹਾਂ ਮਰਨਾ... ਨਾਲੇ ਆਪ ਮਰੇਂਗਾ...ਨਾਲੇ ਉਨ੍ਹਾਂ ਨੂੰ ਮਰਾਵੇਂਗਾ.....ਆਉਂਦਾ ਇੱਲ ਤੇ ਕੁੱਕੜ ਨੀਂ।"

ਪਰ ਜੱਸੀ ਨੂੰ ਬੀਬੀ ਦਾ ਇਸ ਤਰ੍ਹਾਂ ਆਖਣਾ ਬੜਾ ਉਜੱਡ ਜਿਹਾ ਲੱਗਦਾ। ਉਨ੍ਹਾਂ ਵਿੱਚ ਰਲਣ ਲਈ ਵੀ ਕਿਸੇ ਪੜ੍ਹਾਈ ਦੀ ਜ਼ਰੂਰਤ ਸੀ? ਬਸ ਬੰਦੇ ਵਿੱਚ ਦਮ ਹੋਵੇ ਤੇ ਘੋੜਾ ਨੱਪਣ ਦੀ ਜੁਅੱਰਤ।

ਮਲਕੀਤ ਸਿੰਘ ਦੀ ਬੜੀ ਇੱਛਾ ਸੀ ਕਿ ਜੱਸੀ ਪੜ੍ਹਾਈ ਕਰੇ। ਉਹ ਉਸ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੁੰਦਾ ਸੀ। ਪਰ ਜੱਸੀ ਤਾਂ ਅੱਠਵੀਂ ਨੌਵੀਂ ਵਿਚੋਂ ਹੀ ਲੀਹੋਂ ਲੱਥ ਗਿਆ ਸੀ। ਕਬੱਡੀ ਖੇਡਣ ਗਿਆ ਹੀ ਉਹ ਚਾਰ-ਚਾਰ ਦਿਨ ਘਰੇ ਨਾ ਮੁੜਦਾ। ਜਦੋਂ ਮੁੜਦਾ ਤਾਂ ਨਾਲ ਇਨਾਮ ਵਿੱਚ ਮਿਲੀਆਂ ਸ਼ੀਲਡਾਂ ਤੇ ਬਰਤਨ ਹੁੰਦੇ। ਮਲਕੀਤ ਸਿੰਘ ਨੂੰ ਗੁੱਸਾ ਆਉਂਦਾ-ਆਉਂਦਾ ਹੀ ਮੁੜ ਜਾਂਦਾ। ਕਬੱਡੀ ਉਹ ਵਧੀਆ ਖੇਡਦਾ ਸੀ। ਮਲਕੀਤ ਸਿੰਘ ਉਸ ਨੂੰ ਖੇਡਦਾ ਦੇਖ ਕੇ ਖੁਸ਼ ਵੀ ਹੁੰਦਾ ਸੀ। ਪਰ ਉਸ ਦੀ ਪੜ੍ਹਾਈ ਦੀ ਚਿੰਤਾ ਉਸ ਨੂੰ ਬਰਾਬਰ ਖਾਈ ਜਾਂਦੀ। ਦੱਸਵੀਂ ਵਿੱਚ ਉਹ ਸਕੂਲ ਦੀਆਂ

ਖੇਡਾਂ ਤੋਂ ਵਿਹਲਾ ਹੁੰਦੇ ਹੀ ਪਿੰਡਾਂ ਦੇ ਟੂਰਨਾਮੈਂਟਾਂ ਵਿੱਚ ਜਾਣ ਲੱਗ ਪਿਆ ਸੀ। ਮਲਕੀਤ ਸਿਘ ਉਸ ਨੂੰ ਟੋਕਦਾ, "ਉਏ ਜੱਸੀ, ਤੇਰੇ ਬੋਰਡ ਦੇ ਪੇਪਰ ਨੇ....ਕਦੇ ਪੜ੍ਹ ਵੀ ਲਿਆ ਕਰ।"

"ਪੜ੍ਹਦਾ ਤਾਂ ਹੂੰਨਾਂ....ਹੋਰ ਕਿਵੇਂ ਪੜ੍ਹੀਦਾ....।" ਉਹ ਅੱਗੋਂ ਪੈਰਾਂ ਤੇ ਪਾਣੀ ਨਾ ਪੈਣ ਦਿੰਦਾ। ਬਾਪੂ ਕੋਲ ਤਾਂ ਉਹ ਇਹ ਆਖ ਦਿੰਦਾ, ਪਰ ਘਰਦੇ ਹੋਰਨਾਂ ਜੀਆਂ ਕੋਲ ਕਹਿੰਦਾ, "ਆਪੇ ਮਾਸਟਰ ਪਾਸ ਕਰਾਉਣਗੇ...।"

ਮਾਸਟਰਾਂ ਨੇ ਵਾਹ ਵੀ ਪੂਰੀ ਲਾਈ ਸੀ। ਪਾਕਿਟ ਬੁੱਕਾਂ ਤੇ ਪਰਚੀਆਂ ਧੜਾਧੜ ਅੰਦਰ ਜਾਂਦੀਆਂ ਸਨ। ਪਾਣੀ ਪਿਲਾਉਣ ਜਾਂਦੇ ਚਪੜਾਸੀ ਪਾਣੀ ਘੱਟ ਪਰਚੀਆਂ ਜ਼ਿਆਦਾ ਵਰਤਾਉਂਦੇ। ਹਿਸਾਬ ਦੇ ਪੇਪਰ ਵਾਲੇ ਦਿਨ ਤਾਂ ਸੁਪਰਡੈਂਟ ਨੇ ਬੋਰਡ ਤੇ ਸਵਾਲ ਹੱਲ ਕਰਨ ਤੱਕ ਦੀ ਆਗਿਆ ਦੇ ਦਿੱਤੀ ਸੀ। ਇੱਕ ਚੌਕੀਦਾਰ ਦੀ ਡਿਊਟੀ ਤਾਂ ਫਲਾਇੰਗ ਸੁਕੇਡ ਤੇ ਨਜ਼ਰ ਰੱਖਣ ਦੀ ਪੱਕੀ ਹੁੰਦੀ ਸੀ। ਉਹ ਟਾਹਲੀ ਥੱਲੇ ਕੁਰਸੀ ਡਾਹੀ ਬੈਠਾ ਰਹਿੰਦਾ। ਜਿਉਂ ਹੀ ਫਲਾਇੰਗ ਸੁਕੇਡ ਦੀ ਜੀਪ ਇੱਧਰ ਮੁੜਦੀ ਉਹ ਭੱਜਕੇ ਜਾ ਕੇ ਸਾਰਿਆਂ ਨੂੰ ਖ਼ਬਰਦਾਰ ਕਰ ਦਿੰਦਾ। ਪਰਚੀਆਂ ਵਿਦਿਆਰਥੀਆਂ ਕੋਲੋਂ ਮਾਸਟਰ ਦੀਆ ਜੇਬਾਂ ਵਿੱਚ ਆ ਜਾਂਦੀਆਂ। ਇਹ ਸਭ ਕਾਸੇ ਦੇ ਬਾਵਜੂਦ ਜੱਸੀ ਨੂੰ ਆਪਣੇ ਪਾਸ ਹੋਣ ਬਾਰੇ ਸ਼ੱਕ ਹੀ ਸੀ। ਉਹ ਹਰ ਹਾਲਤ ਵਿੱਚ ਪਾਸ ਹੋਣਾ ਚਾਹੁੰਦਾ ਸੀ। ਉਸ ਨੂੰ ਗੁਆਂਢੀ ਪਿੰਡ ਦੇ ਇਕ ਬੰਦੇ ਬਾਰੇ ਪਤਾ ਸੀ ਜਿਹੜਾ ਮੋਹਾਲੀ ਬੋਰਡ ਵਿੱਚ ਕਲਰਕ ਸੀ। ਉਸ ਨੇ ਉਸ ਕਲਰਕ ਨੂੰ ਆਪਣਾ ਰੋਲ ਨੰਬਰ ਦੇ ਦਿੱਤਾ। ਅਗਲੇ ਹਫ਼ਤੇ ਜਦੋਂ ਬੂਟਾ ਸਿਘ ਨਾਂ ਦਾ ਉਹ ਕਲਰਕ ਜਦੋਂ ਛੁੱਟੀ ਆਇਆ ਤਾਂ ਉਸ ਨੇ ਜੱਸੀ ਨੂੰ ਦੱਸਿਆ ਕਿ ਉਹ ਹਿਸਾਬ ਅਤੇ ਅੰਗਰੇਜ਼ੀ ਵਿੱਚੋਂ ਫ਼ੇਲ੍ਹ ਸੀ।

ਜੱਸੀ ਨੂੰ ਅੰਗਰੇਜ਼ੀ ਬਾਰੇ ਤਾਂ ਸ਼ੱਕ ਸੀ ਪਰ ਹਿਸਾਬ ਵਿੱਚੋਂ ਉਸ ਨੂੰ ਪੱਕਾ ਯਕੀਨ ਸੀ ਕਿ ਉਹ ਪਾਸ ਹੋਣਾ ਚਾਹੀਦਾ ਹੈ, ਕਿਉਂਕਿ ਸਾਰੇ ਸਵਾਲ ਤਾਂ ਮਧਰੂ ਮਾਸਟਰ ਨੇ ਬੋਰਡ ਤੇ ਹੱਲ ਕਰ ਦਿੱਤੇ ਸਨ। ਉਸ ਕਲਰਕ ਨੇ ਪਾਸ ਕਰਾਉਣ ਦਾ ਹਜ਼ਾਰ ਰੁਪਈਆ ਮੰਗਿਆ ਸੀ। ਜੱਸੀ ਕਈ ਦਿਨ ਉਲਝਣ ਵਿੱਚ ਫਸਿਆ ਰਿਹਾ; ਪੈਸੇ ਦੇਵੇ ਜਾਂ ਨਾ। ਉਸਦੇ ਦਿਮਾਗ ਵਿੱਚ ਇਹ ਗੱਲ ਆਉਣ ਲੱਗ ਪਈ ਸੀ ਕਿ ਹੋ ਸਕਦੈ ਮਧਰੂ ਮਾਸਟਰ ਨੇ ਸਵਾਲ ਗਲਤ ਹੀ ਕੱਢ ਦਿੱਤੇ ਹੋਣ। ਕਲਾਸ ਵਿੱਚ ਵੀ ਉਹ ਗਲਤੀ ਕਰ ਹੀ ਜਾਂਦਾ ਹੁੰਦਾ ਸੀ। ਜਦੋਂ ਕਲਾਸ ਵਿੱਚ ਬਲੈਕ ਬੋਰਡ ਤੇ ਸਵਾਲ ਕੱਢਦਿਆਂ, ਉੱਤਰ ਕਿਤਾਬ ਵਿੱਚ ਪਿੱਛੇ ਦਿੱਤੇ ਉੱਤਰ ਨਾਲ ਨਾ ਮਿਲਦਾ ਤਾਂ ਉਹ ਆਖ ਦਿੰਦਾ, "ਕਿਤਾਬ ਵਿਚਲਾ ਉੱਤਰ ਹੀ ਗ਼ਲਤ ਐ।" ਕਈ ਪੜ੍ਹਾਕੂ ਮੁੰਡੇ ਘੁੱਟਵੀਂ ਜਿਹੀ ਹਾਸੀ ਹੱਸ ਪੈਂਦੇ, ਕਦੇ ਕਦੇ ਤਾਂ ਉਹ ਦੱਸ ਵੀ ਦਿੰਦੇ ਕਿ ਗਲਤੀ ਕਿੱਥੇ ਹੈ।

ਜੱਸੀ ਹਰ ਹਾਲਤ ਵਿੱਚ ਪਾਸ ਹੋਣਾ ਚਾਹੁੰਦਾ ਸੀ। ਉਸ ਨੇ ਬਾਪੂ ਨੂੰ ਸਾਰੀ ਗੱਲ ਦੱਸ ਦਿੱਤੀ ਤੇ ਨਾਲ ਹੀ ਪੈਸਿਆਂ ਦੀ ਮੰਗ ਵੀ ਰੱਖ ਦਿੱਤੀ।

"ਪੈਸੇ ਕਾਹਦੇ ਉਏ....ਤੂੰ ਤਾਂ ਕਹਿੰਦਾ ਸੀ ਕਿ ਮਾਸਟਰ ਆਪੇ ਪਾਸ ਕਰਾਉਣਗੇ...? ਬਾਪੂ ਨੇ ਪੁੱਛਿਆ।



"ਮਾਸਟਰਾਂ ਨੇ ਤਾਂ ਬਾਪੂ ਪੂਰਾ ਜ਼ੋਰ ਲਾਇਆ, ਪਤਾ ਨੀ ਕਿਵੇਂ ਦੇ ਪੇਪਰ ਰਹਿਗੇ, ਗਾਹਾਂ ਦੇਖਣ ਵਾਲੇ ਕਿਹੜਾ ਬਹੁਤਾ ਧਿਆਨ ਦੇ ਨਾਲ ਦੇਖਦੇ....ਫ਼ਾਹਾ ਵੱਢ ਉਹ ਕਰਦੇ ਨੇ....।" ਜੱਸੀ ਨੇ ਕਿਹਾ।

ਪਰ ਮਲਕੀਤ ਸਿਘ ਨੇ ਉਸ ਦੇ ਪੈਸੇ ਮੰਗਣ ਨੂੰ ਗੰਭੀਰਤਾ ਨਾਲ ਨਾ ਲਿਆ। ਉਹ ਚੁੱਪ ਕਰਕੇ ਮੱਝਾਂ ਟੋਭੇ ਲਿਜਾਣ ਲਈ ਖੋਲ੍ਹਣ ਲੱਗ ਪਿਆ ਸੀ। ਜੱਸੀ ਦਾ ਵੀ ਦੁਬਾਰਾ ਮੰਗਣ ਦਾ ਹੌਸਲਾ ਨਾ ਪਿਆ। ਅਗਲੇ ਦਿਨ ਉਸ ਪੈਸੇ ਮੰਗੇ ਤੇ ਅਗਲੇ ਦਿਨ ਫ਼ੇਰ। ਪਰ ਮਲਕੀਤ ਸਿਘ ਤਾਂ ਪੈਸੇ ਦੇਣ ਵਿੱਚ ਹੀ ਨਹੀਂ ਸੀ ਆਉਂਦਾ।

"ਜੇ ਤੁਸੀਂ ਨਹੀਂ ਦੇਣੇ ਤਾਂ ਮੈਂ ਕਿਸੇ ਤੋਂ ਉਧਾਰੇ ਫੜਲੂੰਗਾ....ਸਾਲ ਨੀਂ ਮੈਂ ਖਰਾਬ ਕਰਨਾ....।" ਜੱਸੀ ਨੇ ਅੱਕ ਕੇ ਕਿਹਾ।

"ਹੁਣ ਤੈਨੂੰ ਸਾਲ ਖਰਾਬ ਹੁੰਦਾ ਦੀਂਹਦਾ....ਉਦੋਂ ਪੜ੍ਹ ਲਿਆ ਕਰਦਾ....।"

ਬਾਪੂ ਉਸ ਨੂੰ ਭੱਜਕੇ ਪਿਆ। ਜੱਸੀ ਨੇ ਕੋਈ ਮੋੜ ਨਾ ਕੀਤਾ। ਟੇਢੀ ਅੱਖ ਨਾਲ ਉਹ ਬਾਪੂ ਦੇ ਜੇਬ ਵੱਲ ਉੱਠਦੇ ਹੱਥ ਵੱਲ ਦੇਖ ਰਿਹਾ ਸੀ।

"ਲੈ ਫੜ ਮੇਰੇ ਕੋ ਤਾਂ ਆਹੀ ਨੇ....।" ਆਖਦਿਆਂ ਮਲਕੀਤ ਸਿਘ ਉਸ ਵੱਲ ਸੌ-ਸੌ ਦੇ ਸੱਤ ਨੋਟ ਵਧਾ ਦਿੱਤੇ। ਘੱਟ ਦੇਖਕੇ ਜੱਸੀ ਨੇ ਪੈਸੇ ਬੇਚਿੱਤੀ ਨਾਲ ਫੜੇ।

"ਪੈਸੇ ਸਾਲੇ ਭਾੜਾਂ ਨੂੰ ਲੱਗਦੇ ਨੇ ਗਾਹਾਂ....ਆਹ ਵੀ ਡਾਕਟਰ ਦੇ ਦੇਣ ਨੂੰ ਲਿਆਂਦੇ ਸੀ ਆੜ੍ਹਤੀਆ ਦਿਉਂ...ਅਜੇ ਮੋਟਰ ਦਾ ਬਿਲ ਭਰਨੈ....।" ਖਾਸਾ ਚਿਰ ਪਰਿਵਾਰ ਦੇ ਵਧੇ ਖ਼ਰਚੇ ਬਾਰੇ ਬੁੜ-ਬੁੜ ਕਰਦਾ ਰਿਹਾ। ਜੱਸੀ ਦਾ ਸਾਲ ਖਰਾਬ ਹੋ ਰਿਹਾ ਸੀ। ਉਸਨੇ ਕਾਹਲੀ ਨਾਲ ਕੱਪੜੇ ਪਾਏ। ਸਕੂਟਰ ਵਿੱਚ ਪੈਟਰੋਲ ਮੁੱਕਿਆ ਪਿਆ ਸੀ। ਸਾਈਕਲ ਚੁੱਕ ਕੇ ਉਹ ਘਰੋਂ ਬਾਹਰ ਆ ਗਿਆ। ਮਾਜਰੀ ਵੱਲ ਨੂੰ ਸਾਈਕਲ ਤੇ ਜਾਂਦਾ ਉਹ ਸੋਚ ਰਿਹਾ ਸੀ ਕਿ ਜੇਕਰ ਬੂਟਾ ਸਿਘ ਸੱਤ ਸੌ ਨੂੰ ਮੰਨ ਜਾਵੇ ਤਾਂ ਚੰਗੈ। ਜਦੋਂ ਜੱਸੀ ਨੇ ਪੈਸੇ ਕੱਢਕੇ ਉਸਨੂੰ ਫੜਾਉਂਦਿਆਂ ਕਿਹਾ, "ਯਾਰ ਬਾਈ ਸ੍ਰਿਆਂ ਮੈਨੂੰ ਤਾਂ ਘਰਦਿਆਂ ਨੇ ਆਹੀ ਪੈਸੇ ਦਿੱਤੇ ਨੇ.....ਪੈਸੇ ਹੈਗੇ ਹੀ ਨਹੀਂ ਸਨ ਘਰੇ....।' ਤਾਂ ਉਸ ਨੇ ਪੈਸੇ ਫੜ ਲਏ। ਜੱਸੀ ਨੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਉਸ ਨੂੰ ਉਹ ਬੰਦਾ ਮਸੀਹਾ ਜਾਪ ਰਿਹਾ ਸੀ।

"ਹੁਣ ਤਾਂ ਮੈਂ ਪਾਸ ਹੋ ਜੂੰਗਾ?" ਤੁਰਨ ਲੱਗਿਆਂ ਜੱਸੀ ਨੇ ਪੁੱਛਿਆ: "ਹਾਂ, ਹਾਂ, ਪੱਕਾ....।" ਕਲਰਕ ਨੇ ਕਿਹਾ।

ਰੀਜ਼ਲਟ ਦੇ ਆਉਣ ਤੱਕ ਜੱਸੀ ਘਰੇ ਕੰਮ ਕਰਾਉਂਦਾ ਰਿਹਾ। ਉਸ ਨੇ ਕਣਕ ਕਢਾਈ ਤੇ ਸਾਰੀ ਤੂੜੀ ਅੰਦਰ ਸੁਟਵਾ ਦਿੱਤੀ ਸੀ। ਹਾੜੀ ਦੇ ਕੰਮ ਤੋਂ ਵੇਹਲਾ ਹੁੰਦੇ ਸਾਰ ਹੀ ਉਸ ਦਾ ਨਤੀਜਾ ਆ ਗਿਆ। ਉਹ ਚੰਗੇ ਨੰਬਰਾਂ ਵਿੱਚ ਪਾਸ ਸੀ। ਹੋਰ ਤਾਂ ਹੋਰ ਉਸ ਦੇ ਪਿਛਲੇ ਰੋਲ ਨੰਬਰ ਵਾਲਾ ਨਾਈਆਂ ਦਾ ਭੀਰਾ ਵੀ ਪਾਸ ਸੀ। ਭੀਰੇ ਨੂੰ ਤਾਂ ਕੁਝ ਵੀ ਨਹੀਂ ਸੀ ਆਉਂਦਾ। ਉਸ ਨੇ ਸਾਰੇ ਪੇਪਰ ਜੱਸੀ ਤੋਂ ਨਕਲ ਮਾਰ ਕੇ ਹੱਲ ਕਰੇ ਸਨ। ਜੇਕਰ ਜੱਸੀ ਹਿਸਾਬ ਤੇ ਅੰਗਰੇਜ਼ੀ ਵਿੱਚੋਂ ਫੇਲ੍ਹ ਸੀ ਤਾਂ ਭੀਰਾ ਕਿਵੇਂ ਪਾਸ ਹੋ

ਗਿਆ। ਇਸ ਗੱਲ ਨੇ ਜੱਸੀ ਨੂੰ ਸ਼ੱਕ ਵਿੱਚ ਪਾ ਦਿੱਤਾ। ਇਸ ਦਾ ਮਤਲਬ ਇਹ ਬਣਦਾ ਸੀ ਕਿ ਜੱਸੀ ਅਸਲ ਵਿੱਚ ਪਹਿਲਾਂ ਹੀ ਪਾਸ ਸੀ। ਉਹ ਕਿਸੇ ਪੇਪਰ ਵਿੱਚੋਂ ਫੇਲ੍ਹ ਨਹੀਂ ਸੀ। ਬੂਟਾ ਸਿੰਘ ਨੇ ਝੂਠ ਬੋਲ ਕੇ ਪੈਸੇ ਲਏ ਸਨ।

"ਬਾਪੂ ਮੈਂ ਤਾਂ ਆਪਣੇ ਆਪ ਹੀ ਪਾਸ ਸੀ...ਮਾਜਰੀ ਵਾਲੇ ਕਲਰਕ ਨੇ ਝੂਠ ਬੋਲ ਕੇ ਪੈਸੇ ਲਏ ਨੇ....।" ਉਸ ਨੇ ਬਾਪੂ ਨੂੰ ਕਿਹਾ।

"ਚੰਗਾ ਹੋਇਆ ਤੇਰੇ ਵਰਗੇ ਏਕਣੇ ਰਗੜੇ ਜਾਂਦੇ ਨੇ....।" ਬਾਪੂ ਦੇ ਇਸ ਰੁੱਖੇ ਜਿਹੇ ਜਵਾਬ ਨਾਲ ਜੱਸੀ ਨੂੰ ਹੋਰ ਗੁੱਸਾ ਚੜ੍ਹ ਗਿਆ। ਉਸ ਨੇ ਬੂਟਾ ਸਿੰਘ ਨੂੰ ਫੜਨ ਦੀ ਸਲਾਹ ਬਣਾ ਲਈ।

ਸ਼ਨਿਚਰਵਾਰ ਨੂੰ ਉਹ ਦੋ ਹੋਰ ਮੁੰਡਿਆਂ ਨੂੰ ਨਾਲ ਲੈ ਕੇ ਅੱਡੇ ਵਿੱਚ ਖੜ੍ਹ ਗਿਆ ਸੀ। ਮੂੰਹ ਹਨੇਰੇ ਵਿਚ ਜਦੋਂ ਆਖਰੀ ਬੱਸ ਆਈ ਤਾਂ ਬੂਟਾ ਸਿੰਘ ਉਸ ਬੱਸ ਵਿੱਚੋਂ ਉੱਤਰ ਕੇ ਮਾਜਰੀ ਵਾਲੀ ਸੜਕ 'ਤੇ ਪੈ ਗਿਆ। ਦਾਰੂ ਪੀਤੀ ਹੋਈ ਹੋਣ ਕਰਕੇ ਉਸ ਦਾ ਲੰਮਾ ਸਰੀਰ ਨਸ਼ੇ ਸਦਕਾ ਝੂਲ ਰਿਹਾ ਸੀ। ਫਿਰ ਉਸ ਵੀ ਉਹ ਮੋਢੇ 'ਤੇ ਥੈਲਾ ਲਟਕਾਈ ਤੁਰਿਆ ਜਾ ਰਿਹਾ ਸੀ। ਜੱਸੀ ਹੋਰੀਂ ਉਸ ਦੇ ਕੋਲ ਦੀ ਅੱਗੇ ਲੰਘ ਗਏ। ਝਿੜੀ ਵਾਲੇ ਮੋੜ 'ਤੇ ਉਨ੍ਹਾਂ ਨੇ ਆਪਣੇ ਸਾਈਕਲ ਰੋਕੇ ਤੇ ਬੂਟਾ ਸਿੰਘ ਦੀ ਉਡੀਕ ਕਰਨ ਲੱਗੇ। ਕਣਕ ਦੇ ਖਾਲੀ ਹੋਏ ਖੇਤਾਂ ਵਿੱਚ ਸੁੰਨ ਸਰਾਂ ਸੀ। ਝਿੜੀ ਦੇ ਦਰੱਖਤਾਂ ਵਿੱਚ ਹਨੇਰਾ ਸਿਘਣਾ ਸੀ ਅਤੇ ਬੀਂਡੇ ਇਕ ਸੁਰ ਹੋ ਕੇ ਬੋਲ ਰਹੇ ਸਨ।

ਜਦੋਂ ਉਹ ਮੋੜ ਤੇ ਪਹੁੰਚਿਆ ਤਾਂ ਜੱਸੀ ਉਸ ਦੇ ਮੂਹਰੇ ਜਾ ਖੜ੍ਹਿਆ।

"ਕੱਢ ਓਏ ਮੇਰੇ ਪੈਸੇ, ਐਵੇਂ ਝੂਠ ਬੋਲ ਕੇ ਠੱਗ ਲਿਆ ਮੈਨੂੰ....ਸਾਲਾ ਹੋਇਆ ਪਾਸ ਕਰਾਉਣ ਦਾ....।" ਜੱਸੀ ਗੜ੍ਹਕਵੀਂ ਆਵਾਜ਼ ਵਿੱਚ ਬੋਲਿਆ।

ਬੂਟਾ ਸਿੰਘ ਉਨ੍ਹਾਂ ਨੂੰ ਇਸ ਫੈਸਲਾਕੁੰਨ ਅੰਦਾਜ਼ ਵਿੱਚ ਖੜ੍ਹਿਆ ਵੇਖ ਕੇ ਭਮੱਤਰ ਗਿਆ। ਉਸ ਨੇ ਜੱਸੀ ਨੂੰ ਪਛਾਣਦਿਆਂ ਕਿਹਾ, "ਕਿਹੜੇ ਪੈਸੇ....ਤੈਨੂੰ ਪਾਸ ਕਰਾਤਾ....ਹੁਣ ਕਾਹਦੇ ਪੈਸੇ...?"

"ਸਾਲਿਆ ਪਾਸ ਤਾਂ ਮੈਂ ਆਪੇ ਹੋ ਗਿਆ ਸੀ...।" ਜੱਸੀ ਢਾਕਾਂ ਤੇ ਹੱਥ ਰੱਖੀ ਉਸ ਦੇ ਸਾਹਮਣੇ ਖੜ੍ਹਾ ਸੀ। ਮੱਧਮ ਹਨੇਰੇ ਵਿੱਚ ਵੀ ਉਸ ਦੀਆਂ ਅੱਖਾਂ ਗੁੱਸੇ ਵਿੱਚ ਦਗਦੀਆਂ ਦਿਸਦੀਆਂ ਸਨ। ਉਸ ਦੀ ਪੀਤੀ ਸਾਰੀ ਲਹਿ ਗਈ ਸੀ।

"ਮੇਰੇ ਕੋਲ ਨੀ ਹੈਗੇ ਪੈਸੇ ਪੁਸੇ....।" ਬੂਟਾ ਸਿੰਘ ਨੇ ਕਿਹਾ ਤੇ ਤੁਰਨ ਲੱਗਾ।

ਜੱਸੀ ਨੇ ਉਸ ਦੀ ਬਾਂਹ ਫੜ ਕੇ ਮਰੋੜ ਲਈ ਤੇ ਗੋਡਾ ਮਾਰ ਕੇ ਹੇਠਾਂ ਸੁੱਟ ਲਿਆ। ਫੇਰ ਉਹਨਾਂ ਤਿੰਨਾਂ ਜਾਣਿਆਂ ਨੇ ਉਸ ਨੂੰ ਮੁੱਕਿਆਂ ਤੇ ਲੱਤਾਂ ਨਾਲ ਕੁੱਟਿਆ। ਉਸ ਨੂੰ ਉੱਥੇ ਹੀ ਛੱਡ ਕੇ ਉਹ ਹਨੇਰੇ ਵਿੱਚ ਅਲੋਪ ਹੋ ਗਏ। ਇਸ ਘਟਨਾ ਬਾਰੇ ਜੱਸੀ ਨੇ ਘਰੇ ਨਹੀਂ ਦੱਸਿਆ। ਉਸ ਨੂੰ ਜਾਪ ਰਿਹਾ ਸੀ ਕਿ ਬੂਟਾ ਸਿੰਘ ਨੂੰ ਕੁੱਟ ਕੇ ਪੈਸਿਆਂ ਦਾ ਦੁੱਖ ਮਨੋਂ ਲੱਥ ਗਿਆ ਸੀ। ਬੜੀ ਤਸੱਲੀ ਨਾਲ ਉਸ ਨੇ ਰੋਟੀ ਖਾਧੀ ਤੇ ਸੌਂ ਗਿਆ।

ਅਗਲੀ ਸਵੇਰ ਉਹ ਹਰਿੰਦਰ ਕੋਲ ਚੁਬਾਰੇ ਵਿੱਚ ਬੈਠਾ ਗਿਆਰ੍ਹਵੀਂ ਵਿੱਚ ਦਾਖਲਾ ਲੈਣ ਬਾਰੇ ਸਲਾਹ ਲੈ ਰਿਹਾ ਸੀ। ਨੌਂ ਵਾਲੀ ਬੱਸ ਅਜੇ ਲੰਘੀ ਹੀ ਸੀ ਕਿ ਪੁਲਸ



ਦੀ ਜੀਪ ਦੀਆਂ ਬਰੇਕਾਂ ਨੇ ਉਨ੍ਹਾਂ ਦੇ ਦਰਾਂ ਮੂਹਰੇ ਚੀਕਾਂ ਮਾਰੀਆਂ। ਛੇ-ਸੱਤ ਪੁਲੀਏ ਦਗੜ-ਦਗੜ ਕਰਦੇ ਅੰਦਰ ਆ ਗਏ।

"ਜੱਸੀ ਕਿੱਥੇ ਐ ਭਾਈ ਥੋਡਾ...?" ਉਸ ਨਾਲ ਆਏ ਇੰਦਰ ਚੌਕੀਦਾਰ ਨੇ ਪੁੱਛਿਆ। ਰੋਟੀ ਪਕਾਉਂਦੀ ਦਿਆਲ ਕੁਰ ਦੇ ਹੱਥ ਉੱਥੇ ਹੀ ਰੁਕ ਗਏ। ਪੇੜਾ ਉਸ ਦੇ ਹੱਥੋਂ ਛੁੱਟ ਗਿਆ। ਉਹ ਉੱਠ ਕੇ ਬਾਹਰ ਆ ਗਈ।

"ਕੀ ਗੱਲ ਹੋਗੀ ਭਾਈ?" ਉਸ ਨੇ ਪੁੱਛਿਆ। ਹੈਰਾਨੀ ਤੇ ਘਬਰਾਹਟ ਨਾਲ ਉਸ ਦੇ ਹੋਸ਼ ਹੀ ਉੱਡ ਗਏ ਸਨ।

"ਗੱਲ ਦਾ ਵੀ ਲੱਗਜੂ ਪਤਾ...ਮੁੰਡਾ ਦੱਸ ਤੇਰਾ ਕਿੱਥੇ ਐ?" ਥਾਣੇਦਾਰ ਨੇ ਕਾਂ ਵਾਂਗ ਇੱਧਰ-ਉੱਧਰ ਝਾਕਦਿਆਂ ਕਿਹਾ। ਸਿਪਾਹੀ ਰਫ਼ਲਾਂ ਸੰਭਾਲੀ ਇੰਜ ਤਿਆਰ-ਬਰ-ਤਿਆਰ ਖੜ੍ਹੇ ਸਨ ਜਿਵੇਂ ਉਹ ਕਿਸੇ ਇਨਾਮੀ ਖਾੜਕੂ ਦੇ ਵਿਹੜੇ ਵਿੱਚ ਖੜ੍ਹੇ ਹੋਣ।

"ਉਹ ਤਾਂ ਜੀ ਘਰੇ ਨਹੀਂ....ਫੇਰ ਵੀ ਕਸੂਰ ਤਾਂ ਦੱਸੋ ਕੀ ਹੋ ਗਿਆ?" ਜੱਸੀ ਦੀ ਬੀਬੀ ਨੇ ਹੌਂਸਲਾ ਕਰਕੇ ਪੁੱਛਿਆ। ਉਸ ਦਾ ਦਿਲ ਤੇਜ਼ੀ ਨਾਲ ਧੜਕ ਰਿਹਾ ਸੀ।

"ਕਸੂਰ ਵੀ ਦੱਸਾਂਗੇ....ਵੱਡਾ ਅੱਤਵਾਦੀ ਬਣਿਐ....।" ਆਖਦਿਆਂ ਥਾਣੇਦਾਰ ਚੌਂਕੇ ਕੋਲ ਖੜ੍ਹੇ ਜੱਸੀ ਤੋਂ ਛੋਟੇ ਗੋਲਡੀ ਵੱਲ ਵਧਿਆ, "ਤੇਰਾ ਨਾਂ ਕੀ ਐ ਉਹੇ?"

"ਇਹ ਤਾਂ ਜੀ ਉਹਦਾ ਛੋਟਾ ਭਰਾ ਐ।" ਚੌਕੀਦਾਰ ਨੇ ਕਿਹਾ।

"ਚਲੋ ਬਿਠਾਓ ਇਹਨੂੰ ਜੀਪ ਵਿੱਚ....ਤੇਰਾ ਮੁੰਡਾ ਕੱਲ੍ਹ ਮਾਜਰੀ ਦੇ ਇੱਕ ਬੰਦੇ ਨੂੰ ਕੁੱਟਕੇ ਆਇਐ....ਉਹਨੂੰ ਪੇਸ਼ ਕਰ ਦਿਓ....ਅਸੀਂ ਦੱਸਾਂਗੇ ਉਹਨੂੰ ਬਈ ਕਿੱਦਾਂ ਕਰੀਦੀ ਏ ਬਦਮਾਸ਼ੀ....।" ਥਾਣੇਦਾਰ ਦੇ ਕਹਿਣ ਤੇ ਦੋ ਸਿਪਾਹੀ ਗੋਲਡੀ ਵੱਲ ਨੂੰ ਵਧੇ।

ਹਰਿੰਦਰ ਕੇ ਚੁਬਾਰੇ ਦੀ ਤਾਕੀ ਵਿਚੀਂ ਜੱਸੀ ਇਹ ਸਾਰਾ ਦ੍ਰਿਸ਼ ਦੇਖ ਰਿਹਾ ਸੀ। ਉਸ ਨੇ ਨਲਕੇ ਤੇ ਡਰੀ ਖੜ੍ਹੀ ਰਾਣੀ ਵੱਲ ਦੇਖਿਆ, ਜਿਹੜੀ ਪਾਣੀ ਗੇੜਦੀ-ਗੇੜਦੀ ਪੁਲਸ ਨੂੰ ਦੇਖ ਕੇ ਉੱਥੇ ਹੀ ਠਿਠਕ ਗਈ ਸੀ। ਫੇਰ ਉਸ ਦੀ ਨਜ਼ਰ ਦੋ ਸਿਪਾਹੀਆਂ ਵੱਲ ਗਈ ਜਿਹੜੇ ਹੋਰੇ ਤਰ੍ਹਾਂ ਦੀਆਂ ਨਜ਼ਰਾਂ ਨਾਲ ਰਾਣੀ ਵੱਲ ਦੇਖ ਰਹੇ ਸਨ। ਜਿਉਂ ਹੀ ਸਿਪਾਹੀਆਂ ਨੇ ਗੋਲਡੀ ਨੂੰ ਬਾਹੋਂ ਫੜਿਆ ਉਸ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, "ਹਾਏ ਨੀ ਬੀਬੀਏ, ਮੈਨੂੰ ਬਚਾ ਲੈ....।"

ਥਾਣੇਦਾਰ ਆਪਣੇ ਵੱਡੇ ਢਿੱਡ ਉੱਤੇ ਪੈਂਟ ਖਿੱਚਦਾ ਹੋਇਆ ਰਾਣੀ ਵੱਲ ਵਧਿਆ "ਤੂੰ ਦੱਸ ਕੁੜੀਏ ਕਿੱਥੇ ਐ ਤੇਰੇ ਭਰਾ?"

ਰਾਣੀ ਦਾ ਰੋਣਾ ਨਿਕਲ ਗਿਆ। ਜੱਸੀ ਤੋਂ ਇਹ ਸਭ ਜਰ ਨਾ ਹੋਇਆ। ਹਰਿੰਦਰ ਦੇ ਰੋਕਦਿਆਂ-ਰੋਕਦਿਆਂ ਵੀ ਉਹ ਬਾਹਰ ਨਿਕਲ ਆਇਆ।

"ਬਾਂਹ ਛੱਡਦੇ ਉਏ ਮੇਰੀ ਭੈਣ ਦੀ....।" ਜੱਸੀ ਨੇ ਉੱਚੀ ਆਵਾਜ਼ ਵਿੱਚ ਕਿਹਾ। ਉਸ ਦੀ ਆਵਾਜ਼ ਵਿੱਚ ਗੁੱਸਾ, ਨਫ਼ਰਤ, ਡਰ ਤੇ ਹੋਰ ਪਤਾ ਨਹੀਂ ਕਿਹੜੇ-

ਕਿਹੜੇ ਭਾਵ ਰਲੇ ਹੋਏ ਸਨ। ਥਾਣੇਦਾਰ ਰਾਣੀ ਕੋਲੋਂ ਪਰੇ ਹਟ ਗਿਆ। ਸਿਪਾਹੀ ਵੀ ਗੋਲਡੀ ਨੂੰ ਛੱਡ ਕੇ ਉਸ ਵੱਲ ਰਫਲਾਂ ਸੇਧ ਕੇ ਖੜ੍ਹ ਗਏ। ਜੱਸੀ ਹੌਲੀ-ਹੌਲੀ ਉੱਤਰਿਆ। ਥਾਣੇਦਾਰ ਨੂੰ ਉਸ ਦੀ ਪਛਾਣ ਕਰਨ ਦੀ ਲੋੜ ਨਹੀਂ ਪਈ। ਜਿਉਂ ਹੀ ਉਹ ਥੱਲੇ ਉੱਤਰਿਆ, ਸਿਪਾਹੀਆਂ ਨੇ ਉਸ ਦੀ ਤਲਾਸ਼ੀ ਲਈ ਤੇ ਫਿਰ ਉਸ ਦੇ ਸਿਰੋਂ ਪਰਨਾ ਲਾਹ ਕੇ ਉਸ ਦੀਆਂ ਬਾਹਾਂ ਬੰਨ੍ਹ ਦਿੱਤੀਆਂ। ਖਿੱਚਦੇ ਹੋਏ ਜੀਪ ਵਿੱਚ ਲੈ ਗਏ। ਜੀਪ ਹਵਾ ਦੇ ਬੁੱਲ੍ਹੇ ਵਾਂਗ ਪਿੰਡੋਂ ਬਾਹਰ ਨਿਕਲ ਗਈ। ਲੋਕ ਘਰਾਂ ਤੋਂ ਬਾਹਰ ਨਿਕਲ ਕੇ ਦੇਖ ਰਹੇ ਸਨ।

ਪੁਲਸ ਦੇ ਜਾਂਦੇ ਸਾਰ ਹੀ ਲੋਕ ਉਨ੍ਹਾਂ ਦੇ ਘਰੇ ਇਕੱਠੇ ਹੋਣੇ ਸ਼ੁਰੂ ਹੋ ਗਏ। ਮਲਕੀਤ ਸਿੰਘ ਨੂੰ ਖੇਤਾਂ 'ਚੋਂ ਸੱਦ ਕੇ ਲਿਆਂਦਾ ਗਿਆ। ਗੱਲ ਤਾਂ ਉਸ ਨੂੰ ਵੀ ਨਹੀਂ ਸੀ ਪਤਾ।

"ਪੁਲਸ ਕਿਹੜੀ ਸੀ?" ਸਰਪੰਚ ਨੇ ਪੁੱਛਿਆ।

"ਸੱਜੂਪੁਰ ਵਾਲੀ ਹੀ ਸੀ...ਉਹੀ ਢਿੱਡਲ ਜਿਆ ਥਾਣੇਦਾਰ ਸੀ। ਬੜੀ ਅੱਤ ਚੱਕੀ ਐ ਇਹਨੇ...।" ਨੇਕ ਅਮਲੀ ਨੇ ਦੱਸਿਆ।

ਮਲਕੀਤ ਸਿੰਘ ਨੇ ਦਸ ਬਾਰਾਂ ਬੰਦੇ ਤਿਆਰ ਕੀਤੇ। ਟਰਾਲੀ ਲੈ ਕੇ ਉਹ ਸੱਜੂਪੁਰ ਦੀ ਪੁਲਿਸ ਚੌਕੀ ਪਹੁੰਚ ਗਏ। ਇਹ ਚੌਕੀ ਮੰਡੀ ਦੇ ਸਦਰ ਥਾਣੇ ਦੇ ਅੰਦਰ ਆਉਂਦੀ ਸੀ। ਪੰਜਾਬ ਦੀਆਂ ਹਾਲਤਾਂ ਖਰਾਬ ਹੋਣ ਕਰਕੇ, ਸੰਘਣੇ ਪੁਲਸ ਜਾਲ ਦੀ ਸਕੀਮ ਤਹਿਤ ਸੱਜੂਪੁਰ ਦੀ ਧਰਮਸ਼ਾਲਾ ਵਿੱਚ ਸਥਾਪਿਤ ਕੀਤੀ ਗਈ ਸੀ। ਬੂਹੇ 'ਤੇ ਖੜ੍ਹੇ ਸੰਤਰੀ ਨੇ ਖਾਸਾ ਚਿਰ ਉਹਨਾਂ ਨੂੰ ਅੰਦਰ ਨਹੀਂ ਜਾਣ ਦਿੱਤਾ। ਫੇਰ ਥਾਣੇਦਾਰ ਅੰਦਰੋਂ ਨਿੱਕਲ ਕੇ ਵਿਹੜੇ ਵਿੱਚ ਆ ਗਿਆ।

"ਆ ਬਈ ਸਰਪੰਚਾ....ਕਿਵੇਂ ਆਉਣੇ ਹੋਏ...?" ਆਏ ਦਿਨ ਦੇ ਵਾਹ ਸਦਕਾ ਉਸ ਨੇ ਸਰਪੰਚ ਨੂੰ ਪਛਾਣਦਿਆਂ ਕਿਹਾ।

"ਅਸੀਂ ਤਾਂ ਮੁੰਡੇ ਬਾਰੇ ਆਏ ਆਂ ਜਿਹੜਾ ਤੁਸੀਂ ਫੜ ਕੇ ਲਿਆਂਦਾ....।" ਸਰਪੰਚ ਅੱਗੇ ਹੋ ਕੇ ਖੜ੍ਹਾ ਹੋ ਗਿਆ।

"ਆਜੋ ਲੰਘ ਆਉ ਅੰਦਰ....ਐਥੇ ਬੈਠ ਜਾਉ ਛਾਵੇਂ ਜਾ ਕੇ....।" ਕਹਿ ਕੇ ਥਾਣੇਦਾਰ ਫੇਰ ਅੰਦਰ ਚਲਿਆ ਗਿਆ। ਉਹ ਘਾਹ 'ਤੇ ਬੈਠ ਗਏ। ਅੰਦਰੋਂ ਵਾਇਰਲੈਸ ਸੈੱਟ ਦੀ ਆਵਾਜ਼ ਆ ਰਹੀ ਸੀ। ਕੁਝ ਦੇਰ ਬਾਅਦ ਥਾਣੇਦਾਰ ਮੁੜਿਆ ਤਾਂ ਉਸ ਦੇ ਨਾਲ ਇਕ ਹੋਮਗਾਰਡੀਆ ਕੁਰਸੀ ਚੱਕੀ ਆ ਰਿਹਾ ਸੀ।

ਥਾਣੇਦਾਰ ਨੇ ਉਹਨਾਂ ਨੂੰ ਜੱਸੀ ਦੇ ਕਾਰਨਾਮੇ ਬਾਰੇ ਦੱਸਿਆ। ਫੇਰ ਅੱਡੇ ਤੇ ਬੈਠੇ ਬੂਟਾ ਸਿੰਘ ਨੂੰ ਇਕ ਹੋਮਗਾਰਡੀਆ ਭੇਜ ਕੇ ਸੱਦ ਲਿਆ। ਜੱਸੀ ਨੂੰ ਜਦੋਂ ਲਿਆਂਦਾ ਗਿਆ ਤਾਂ ਲੋਕਾਂ ਦੇਖਿਆ ਕਿ ਕੁੱਟ-ਕੁੱਟ ਕੇ ਉਸ ਦਾ ਨਾਸ ਮਾਰਿਆ ਪਿਆ ਸੀ।

"ਕਿਉਂ ਉਏ ਤੋਂ ਇਹਨੂੰ ਕੁੱਟਿਐ ਸੀ....?" ਸਰਪੰਚ ਨੇ ਬੂਟਾ ਸਿੰਘ ਵੱਲ ਇਸ਼ਾਰਾ ਕਰਕੇ ਪੁੱਛਿਆ।



"ਹਾਂ।" ਜੱਸੀ ਨੇ ਸਿਰ ਹਿਲਾ ਦਿੱਤਾ।

"ਤਿੰਨ ਜਣਿਆ ਨੇ ਰਲ ਕੇ ਕੁੱਟਿਐ....ਪਰ ਮੁੰਡਾ ਥੋੜਾ ਮੰਨਿਆ ਨਹੀਂ ਬਈ ਇਹਦੇ ਨਾਲ ਕੌਣ-ਕੌਣ ਸੀ ਤੇ ਨਾ ਹੀ ਇਹਨੂੰ ਬੋਲਣ ਦੀ ਤਮੀਜ ਐ....।" ਥਾਣੇਦਾਰ ਅਜੇ ਵੀ ਰੋਹਬ ਝਾੜ ਰਿਹਾ ਸੀ।

"ਕਿਉਂ ਤੁਸੀਂ ਕਾਹਤੋਂ ਕੁੱਟਿਐ ਇਹਨੂੰ?" ਸਰਪੰਚ ਨੇ ਪੁੱਛਿਆ।

"ਕੁੱਟੀਏ ਨਾ....ਹੋਰ ਇਹਨੂੰ ਹਾਰ ਪਾਈਏ....ਸਾਲਾ ਸਾਤੋਂ ਪੈਸੇ ਲੈ ਕੇ ਖਾ ਗਿਆ ਨਜੈਜ਼।" ਜੱਸੀ ਵਿਸ ਘੋਲ ਰਿਹਾ ਸੀ।

"ਦੇਖ, ਦੇਖ ਬੋਲਦਾ ਕਿਮੇਂ ਐ....ਗਾਲ੍ਹ ਤੋਂ ਬਿਨਾ ਤਾਂ ਇਹ ਸਾਲਾ ਗੱਲ ਨੀ ਕਰਦਾ....ਪਹਿਲਾਂ ਸਾਡੇ ਸਿਪਾਹੀ ਨੂੰ ਗਾਲ੍ਹ ਕੱਢ ਕੇ ਹਟਿਐ...।" ਥਾਣੇਦਾਰ ਨੇ ਕਿਹਾ, ਪਰ ਜੱਸੀ ਨੂੰ ਉਸ ਵਿਚ ਕਲਰਕ ਦੇ ਦਿੱਤੇ ਪੈਸੇ ਬੋਲਦੇ ਸੁਣਦੇ ਸਨ।

"ਕਿਉਂ ਕੱਢਾਂ ਨਾ....ਫੇਰ ਉਹ ਮੈਨੂੰ ਕੁੱਟਦਾ ਕਾਹਤੋਂ ਸੀ, ਨਾਲੇ ਕਸੂਤੇ ਥਾਉਂ ਤੇ ਕਾਹਤੋਂ ਮਾਰਦਾ ਸੀ।" ਜੱਸੀ ਨੇ ਲੋਕਾਂ ਦੀ ਸ਼ਹਿ ਤੇ ਆਖ ਦਿੱਤਾ।

"ਤੁਸੀਂ ਜਾਉ ਬਈ ਲੋਕੋ, ਸਰਪੰਚਾ ਲੈ ਜਾ ਆਪਣੇ ਬੰਦਿਆਂ ਨੂੰ....ਇਹਨੂੰ ਮੈਂ ਸਿੱਧਾ ਕਰਕੇ ਹੀ ਛੱਡੂੰ ਹੁਣ।" ਥਾਣੇਦਾਰ ਫੇਰ ਵਿਗੜ ਗਿਆ।

ਸਰਪੰਚ ਨੇ ਮਿੰਨਤਾਂ ਕੀਤੀਆਂ। ਮਲਕੀਤ ਸਿੰਘ ਨੇ ਹੱਥ ਬੰਨ੍ਹੇ। ਜੱਸੀ ਨੂੰ ਗਾਲ੍ਹਾਂ ਕੱਢੀਆਂ। ਸਰਪੰਚ ਨੇ ਥਾਣੇਦਾਰ ਨੂੰ ਪਰੇ ਲਿਜਾ ਕੇ ਦੇਣ-ਲੈਣ ਵੀ ਕੀਤਾ ਤਾਂ ਕਿਤੇ ਜਾ ਕੇ ਥਾਣੇਦਾਰ ਕਿਰਨਪਾਲ ਸਿੰਘ ਢਿੱਲਾ ਪਿਆ।

"ਜੇ ਫੇਰ ਕੋਈ ਸ਼ਿਕਾਇਤ ਆਗੀ ਤਾਂ ਕੁੱਟ-ਕੁੱਟ ਕੇ ਮੋਛੇ ਪਾਦੂੰ....।" ਥਾਣੇਦਾਰ ਨੇ ਜਦੋਂ ਇਹ ਸ਼ਬਦ ਕਹੇ ਤਾਂ ਜੱਸੀ ਦਾ ਗੁੱਸਾ ਉੱਬਲ ਰਹੇ ਦੁੱਧ ਵਾਂਗ ਉੱਤੇ ਨੂੰ ਉਠਿਆ। ਉਹ ਨੀਵੀਂ ਪਾ ਕੇ ਖੜ੍ਹਾ ਰਿਹਾ। ਜਦੋਂ ਲੋਕ ਉਸ ਨੂੰ ਟਰਾਲੀ ਵਿੱਚ ਵਾਪਸ ਲੈ ਕੇ ਜਾ ਰਹੇ ਸਨ ਤਾਂ ਜਣਾ-ਖਣਾ ਉਸ ਨੂੰ ਸਮਝਾ ਰਿਹਾ ਸੀ ਕਿ ਪੁਲਸ ਦੇ ਸਾਹਮਣੇ ਇਸ ਤਰ੍ਹਾਂ ਨਹੀਂ ਬੋਲੀਦਾ।

ਆਥਣੇ ਜੱਸੀ ਦੀ ਪਿੱਠ ਲੋਗੜ ਗਰਮ ਕਰਕੇ ਸੇਕ ਦਿੰਦਾ ਹਰਿੰਦਰ ਕਹਿ ਰਿਹਾ ਸੀ, "ਇਹ ਪੁਲਸੀਏ ਤਾਂ ਚਾਚਾ ਸਰਕਾਰੀ ਗੁੰਡੇ ਹੁੰਦੇ ਨੇ....ਕਿਰਾਏ ਦੇ ਗੁੰਡੇ....ਪੈਸੇ ਦੇ ਕੇ ਇਹਨਾਂ ਤੋਂ ਜੋ ਕੁਝ ਮਰਜ਼ੀ ਕਰਵਾ ਲਵੋ.....ਹਜ਼ਾਰ ਆਪ ਤੋਂ ਲੈ ਲਿਆ, ਹਜ਼ਾਰ ਉਸ ਤੋਂ ਲਿਆ ਹੋਊ.....ਤਾਂ ਹੀ ਤਾਂ ਮੁੰਡੇ ਘਰੋਂ ਭੱਜਦੇ ਨੇ।"

"ਇਹਨਾਂ ਦਾ ਰਾਜ ਐ ਪੁੱਤ....ਬਚ ਕੇ ਰਹੋ ਬਚ ਕੇ।" ਪਰੇ ਮੰਜੇ 'ਤੇ ਬੈਠੀਆਂ ਖ਼ਬਰ ਲੈਣ ਆਈਆਂ ਤੀਵੀਆਂ 'ਚੋਂ ਇਕ ਨੇ ਕਿਹਾ। ਪਰ ਜੱਸੀ ਚੁੱਪ ਸੀ।

ਪੁਲਸੀਆਂ ਨੂੰ ਦਿੱਤਾ ਹਜ਼ਾਰ ਰੁਪਈਆ ਤੇ ਉਹਨਾਂ ਦੀ ਕੁੱਟ ਜੱਸੀ ਨੂੰ ਕਈ ਦਿਨ ਚੁੱਭਦੀ ਰਹੀ। ਉਹ ਮੰਡੀ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਦਾਖਲ ਹੋ ਗਿਆ ਸੀ। ਮਹੀਨਾ ਭਰ ਉਹ ਭੈਣਾਂ ਘਰਤਾਂ ਵਿੱਚ ਪਿਆ ਰਿਹਾ। ਉਸ ਦਾ ਜੀਅ ਕਰਦਾ ਸੀ ਕਿ ਉਸ ਦੇ ਹੱਥ ਵਿੱਚ ਸਟੇਨਗੰਨ ਹੋਵੇ ਤੇ ਉਹ ਚੌਕੀ ਵਿੱਚ ਜਾ ਕੇ ਗੋਲੀਆਂ ਦਾ ਮੀਂਹ ਵਰਸਾ ਦੇਵੇ। ਪਰ ਉਸ ਦਾ ਹੱਥ ਕਿਤੇ ਵੀ ਨਾ ਪਿਆ।

ਉਹ ਹਰ ਰੋਜ਼ ਸਕੂਲ ਜਾਂਦਾ ਸੀ। ਪਰ ਪੜ੍ਹਾਈ ਵਿੱਚ ਜੱਸੀ ਦਾ ਮਨ ਨਹੀਂ ਸੀ ਲੱਗਦਾ। ਪੋਲੀਟੀਕਲ ਤੇ ਇਕਨਾਮਿਕਸ ਦਾ ਤਾਂ ਉਸ ਦੇ ਕੱਖ ਵੀ ਪੱਲੇ ਨਹੀਂ ਸੀ ਪੈਂਦਾ ਤੇ ਇੰਗਲਿਸ਼ ਵਾਲੇ ਟੀਚਰ ਦੀ ਸਮਝ ਹੀ ਨਹੀਂ ਸੀ ਆਉਂਦੀ ਕਿ ਕਹਿੰਦਾ ਕੀ ਹੈ? ਇਕ ਪੰਜਾਬੀ ਸੀ ਜਿਸ ਨੂੰ ਉਹ ਸਮਝ ਲੈਂਦਾ ਸੀ। ਉਸ ਟੀਚਰ ਦਾ ਤਾਂ ਪੀਰਡ ਛੱਡਣ ਨੂੰ ਵੀ ਮਨ ਨਹੀਂ ਸੀ ਕਰਦਾ। ਪੰਜਾਬੀ ਦਾ ਪੀਰਡ ਲਾ ਕੇ ਉਹ ਕਾਪੀ ਮਰੋੜਕੇ ਪੈਂਟ ਦੀ ਜੇਬ ਵਿੱਚ ਪਾ ਲੈਂਦਾ। ਹੋਰਨਾਂ ਪਿੰਡਾਂ ਦੇ ਮੁੰਡੇ ਉਸ ਦਾ ਜੁੱਟ ਬਣ ਗਏ ਸਨ। ਸਕੂਲ ਤੋਂ ਬਾਹਰ ਆ ਕੇ ਉਹ ਨਾਈ ਦੀ ਦੁਕਾਨ ਵਿੱਚ ਜਾ ਵੜਦੇ। ਉੱਥੇ ਖੜ੍ਹ ਕੇ ਪੱਗਾਂ ਠੀਕ ਕਰਦੇ ਤੇ ਫਿਰ ਬਾਜ਼ਾਰ ਵੱਲ ਨੂੰ ਹੋ ਤੁਰਦੇ। ਸ਼ਹਿਰ ਵਿੱਚ ਤਿੰਨ ਸਿਨੇਮੇ ਸਨ। ਜਿਹੜੇ ਵਿੱਚ ਪਿਕਚਰ ਬਦਲਕੇ ਆਉਂਦੀ ਉਹ ਦੇਖ ਆਉਂਦੇ। ਨਹੀਂ ਤਾਂ ਫੇਰ ਕਾਪੀਆਂ ਪੈਂਟ ਦੀ ਜੇਬ ਵਿੱਚ ਪਾ ਕੇ ਬਾਜ਼ਾਰਾਂ ਵਿੱਚ ਗੇੜੇ ਕੱਢੀ ਜਾਂਦੇ। ਸਿਨੇਮੇ ਨਾਲੋਂ ਵੀ ਵੱਧ ਜੀਅ ਤਾਂ ਬਾਜ਼ਾਰ ਵਿਚ ਲੱਗਦਾ ਸੀ। ਕੁੜੀਆਂ ਦੇ ਸਕੂਲ ਵਿੱਚ ਉਹਨਾਂ ਵਰਗੀਆਂ ਹੀ ਕਈ ਕੁੜੀਆਂ ਸਨ ਜਿਹੜੀਆਂ ਕੁਝ ਨਾ ਕੁਝ ਲੈਣ ਦੇ ਬਹਾਨੇ ਬਾਜ਼ਾਰ ਵੱਲ ਤੁਰੀਆਂ ਰਹਿੰਦੀਆਂ।

ਇਕ ਦਿਨ ਡੀ. ਪੀ. ਨੇ ਉਸ ਨੂੰ ਸੱਦ ਕੇ ਕਿਹਾ, "ਕੀ ਗੱਲ ਤੂੰ ਰਹਿਨਾਂ ਕਿੱਥੇ ਐਂ, ਕਲਾਸ ਵਿੱਚ ਰਹਿ ਕੇ ਪੜ੍ਹਾਈ ਕਰਿਆ ਕਰ....ਕੰਮ ਸੇ ਕੰਮ ਪਾਸ ਹੋਣ ਜੋਗਾ ਤਾਂ ਪੜ੍ਹ–ਤੇਰਾ ਤਾਂ ਉਹਨਾਂ ਨੇ ਨਾਉਂ ਕੱਟ ਦੇਣਾ ਸੀ, ਮੈਂ ਰੋਕਿਆ।"

ਪੇਪਰ ਬੜੇ ਢਿੱਲੇ ਜਿਹੇ ਹੋਏ ਸਨ। ਜੱਸੀ ਪਾਸ ਨਾਂ ਹੋ ਸਕਿਆ। ਘਰੇ ਜਦੋਂ ਬਾਪੂ ਨੇ ਨਤੀਜੇ ਬਾਰੇ ਪੁੱਛਿਆ ਤਾਂ ਜੱਸੀ ਦਾ ਜੁਆਬ ਸੀ, "ਬਾਪੂ, ਮੇਤੋਂ ਨਹੀਂ ਪੜ੍ਹ ਹੁੰਦਾ, ਮੈਂ ਖੇਤੀ ਕਰਾਊਂਗਾ।"

"ਖੇਤੀ ਨੂੰ ਇਥੇ ਮੁਰੱਬੇ ਧਰੇ ਪਏ ਨੇ।" ਮਲਕੀਤ ਸਿੰਘ ਖੁੱਜ ਕੇ ਦੁੱਖੀ ਹੋ ਗਿਆ ਸੀ। ਉਸ ਦੀ ਆਪਣੇ ਵੱਡੇ ਭਰਾ ਖੇਤੇ ਨਾਲ ਖੇਤੀ ਸਾਂਝੀ ਸੀ। ਰੋਟੀ ਕਈ ਸਾਲਾਂ ਤੋਂ ਅਲੱਗ-ਅਲੱਗ ਪੱਕਦੀ ਸੀ। ਜੇਕਰ ਉਹ ਖੇਤੀ ਵੀ ਅੱਡ ਕਰ ਲੈਂਦੇ ਤਾਂ ਦੋਵਾਂ ਭਰਾਵਾਂ ਨੇ ਛੇ-ਛੇ ਕੀਲਿਆਂ ਤੇ ਟਰੈਕਟਰ ਨਹੀਂ ਸੀ ਰੱਖ ਸਕਣਾ। ਮਲਕੀਤ ਸਿੰਘ ਚਾਹੁੰਦਾ ਸੀ ਕਿ ਸਾਂਝੀ ਖੇਤੀ ਦੇ ਦੌਰਾਨ ਹੀ ਉਸ ਦੀ ਕਬੀਲਦਾਰੀ ਨਜਿੱਠੀ ਜਾਵੇ। ਰਾਣੀ ਦਾ ਵਿਆਹ ਹੋ ਜਾਵੇ ਤੇ ਜੱਸੀ ਕਿਸੇ ਠੀਹੇ ਲੱਗ ਜਾਏ। ਪਰ ਜੱਸੀ ਤਾਂ ਚੋਰੀ ਚਾਅ ਬੈਠਾ ਸੀ।

ਉਨ੍ਹਾਂ ਦਿਨਾਂ ਵਿੱਚ ਜੱਸੀ ਘਰੇ ਹੀ ਕੰਮ ਕਰਾਉਣ ਲੱਗਾ। ਮਲਕੀਤ ਸਿੰਘ ਨੇ ਥੋਹੜਾ ਚਿਰ ਵਿਚ ਹੀ ਜਾਂਚ ਲਿਆ ਸੀ ਕਿ ਜੱਸੀ ਤੋਂ ਖੇਤੀ ਕਰ ਨਹੀਂ ਹੋਣੀ। ਹਰ ਕੰਮ ਵਿੱਚ ਉਹ ਆਪਣੀ ਮਰਜ਼ੀ ਕਰਦਾ। ਟਰੈਕਟਰ ਤੇ ਸਕੂਟਰ ਬਹੁਤ ਤੇਜ਼ ਚਲਾਉਂਦਾ ਸੀ। ਕਈ ਵਾਰ ਮੋਟਰ ਤੇ ਰੋਟੀ ਫੜਾ ਕੇ ਆਉਣ ਨੂੰ ਵੀ ਸਕੂਟਰ ਭਾਲਦਾ। ਪਿੰਡ ਦੇ ਦੂਜੇ ਪਾਸੇ ਦੇ ਘਰਾਂ ਦੀਆਂ ਤੀਵੀਆਂ ਵੀ ਕਹਿੰਦੀਆਂ, "ਖੈਂਡਾ ਮੁੰਡਾ ਤਾਂ ਭਾਈ ਟਰੈਕਟਰ ਬਹੁਤ ਭਜਾਉਂਦਾ।" ਇਹ ਸੰਦ ਸਾਂਝੇ ਹੋਣ ਕਰਕੇ ਬੰਤਾ ਸਿੰਘ ਵੀ ਕਿੜ-ਕਿੜ ਕਰਦਾ। ਮਲਕੀਤ ਸਿੰਘ ਜੱਸੀ ਨੂੰ ਸਮਝਾਉਂਦਾ, "ਇਹ ਜੋ ਕੁਝ ਅਸੀਂ



ਬਣਾਇਆ....ਇਹ ਸਾਡੀ ਸਾਰੀ ਉਮਰ ਦੀ ਲਹੂਰਾਂ ਦੀ ਕਮਾਈ ਐ....ਟਰੈਕਟਰ ਸੰਭਾਲ ਕੇ ਚਲਾਇਆ ਕਰ....।" ਪਰ ਜੱਸੀ ਘਰ ਦੀ ਮਸ਼ੀਨਰੀ ਵਿੱਚ 'ਫਿੱਟ ਪੁਰਜ਼ਾ' ਬਣਦਾ ਨਹੀਂ ਸੀ ਦਿੱਸਦਾ।

ਮਲਕੀਤ ਸਿੰਘ ਨੇ ਜਦੋਂ ਅਖ਼ਬਾਰ ਵਿਚ ਪੁਲਸ ਦੀ ਭਰਤੀ ਬਾਰੇ ਪੜ੍ਹਿਆ ਤਾਂ ਉਸ ਨੇ ਜੱਸੀ ਨੂੰ ਫ਼ਾਰਮ ਭਰ ਆਉਣ ਬਾਰੇ ਕਿਹਾ। ਪਰ ਜੱਸੀ ਨੇ ਅੱਗੋਂ ਨੱਕ ਚੜ੍ਹਾ ਕੇ ਕਿਹਾ, "ਇਹ ਵੀ ਕੋਈ ਨੌਕਰੀ ਹੈ ਭਲਾ ਬਾਪੂ...ਮੈਂ ਨਹੀਂ ਪੁਲਸ ਵਿੱਚ ਭਰਤੀ ਹੋਣਾ....।"

"ਹੋਰ ਤੈਨੂੰ ਦਸ ਪੜ੍ਹੇ ਨੂੰ ਡੀ. ਡੀ. ਪੀ. ਓ. ਕਿਹੜਾ ਰੱਖ ਲਊਗਾ, ਜਦੋਂ ਮੈਂ ਕਹਿੰਦਾ ਸੀ ਪੜ੍ਹਲੈ ਪੁੱਤ, ਪੜ੍ਹਲੈ, ਉਦੋਂ ਤਾਂ ਬਾਪੂ ਤੈਨੂੰ ਪਾਗਲ ਹੀ ਲੱਗਦਾ ਸੀ, ਬਈ ਮਾਰੀ ਜਾਣ ਦੇ ਮਗਜ਼....।" ਮਲਕੀਤ ਸਿੰਘ ਨੇ ਕਿਹਾ। ਉਸ ਨੂੰ ਇਹ ਮੁੰਡਾ ਵਿਹੁ ਵਰਗਾ ਲੱਗਦਾ ਸੀ ਜਿਹੜਾ ਕਿਸੇ ਵੀ ਖੁੱਡੇ ਨਹੀਂ ਸੀ ਵੜਦਾ।

"ਹਰਿੰਦਰ ਨੇ ਤਾਂ ਐਮ. ਏ. ਕੀਤੀ ਹੋਈ ਐ....ਉਹ ਕਿਤੇ ਡੀ. ਡੀ. ਪੀ. ਓ. ਲੱਗ ਗਿਆ?" ਜੱਸੀ ਅੱਗੋਂ ਢੁੱਚ ਡਾਹ ਦਿੰਦਾ।

"ਫੇਰ ਹੋਰ ਦੱਸ ਤੂੰ ਕੀ ਕਰੇਂਗਾ?" ਮਲਕੀਤ ਸਿੱਧਾ ਹੀ ਹੋ ਲੈਂਦਾ।

ਅਜਿਹੇ ਵੇਲੇ ਘਰ ਦਾ ਮਾਹੌਲ ਅਸਹਿ ਹੋ ਜਾਂਦਾ। ਉਹ ਦੋਵੇਂ ਪਿਓ ਪੁੱਤ ਝਗੜਦੇ। ਲੋਕ ਦੇਖ-ਦੇਖ ਲੰਘਦੇ ਤੇ ਦਿਆਲ ਕੁਰ ਦੀ ਸੁਣਦਾ ਕੋਈ ਨਾ। ਜੱਸੀ ਉਨ੍ਹਾਂ ਵਿੱਚ ਰਲ ਜਾਣ ਦਾ ਡਰਾਵਾ ਮਾਰਦਾ।

"ਜਾਹ, ਜਾਹ ਰਲਜਾ...ਪਰਸੋਂ ਨੂੰ ਮਰਦਾ ਕੱਲ੍ਹ ਮਰੇਂਗਾ....।"

ਇਹ ਗੱਲ ਮਲਕੀਤ ਸਿੰਘ ਆਖ ਤਾਂ ਜਾਂਦਾ। ਪਰ ਧੁਰ ਅੰਦਰੋਂ ਉਹ ਕੰਬ ਜਾਂਦਾ ਸੀ। ਉਸ ਦੇ ਸਾਹਮਣੇ ਸਾਰੀ ਤਸਵੀਰ ਉੱਘੜ ਆਉਂਦੀ। ਮੁੱਲਾਂਪੁਰ ਕਦੇ ਨਕਸਲਵਾੜੀ ਕਮਿਊਨਿਸਟਾਂ ਦਾ ਗੜ੍ਹ ਰਿਹਾ ਸੀ। ਜਿਹੜੇ ਮੁੰਡੇ ਉਸ ਹਥਿਆਰਬੰਦ ਲਹਿਰ ਵਿੱਚ ਲੜੇ ਸਨ, ਉਹਨਾਂ ਦੇ ਘਰਾਂ ਦੀ ਬਰਬਾਦੀ ਉਸ ਨੇ ਅੱਖੀਂ ਤੱਕੀ ਸੀ। ਹੁਣ ਤੱਕ ਤਾਬ ਨਹੀਂ ਸਨ ਆਏ। ਕਲਪਨਾ ਵਿੱਚ ਆਪਣੇ ਘਰ ਦੀ ਬਰਬਾਦੀ ਦੇਖ ਕੇ ਮਲਕੀਤ ਸਿੰਘ ਕੰਬ ਜਾਂਦਾ। ਅਜਿਹੀਆਂ ਸੋਚਾਂ ਸੋਚਦਾ ਉਹ ਨਿਸ਼ਚਾ ਕਰਦਾ ਕਿ ਹੁਣ ਤੋਂ ਜੱਸੀ ਨੂੰ ਨਹੀਂ ਝਿੜਕੇਗਾ। ਅਜਿਹੀ ਬਰਬਾਦੀ ਨਾਲੋਂ ਤਾਂ ਰੁੱਖੀ-ਮਿੱਸੀ ਜਿਹੋ ਜਿਹੀ ਖਾਂਦੇ ਹਾਂ ਖਾਈ ਜਾਈਏ। ਉਹ ਆਪਣੇ ਆਪ ਤੇ ਕਾਬੂ ਰੱਖਣ ਲੱਗਾ।

ਪਰ ਇਹ ਕਾਬੂ ਹਫਤਾ ਦਸ ਦਿਨ ਮਸਾਂ ਰਹਿੰਦਾ, ਕਿਉਂਕਿ ਕਈ ਵਾਰ ਜੱਸੀ ਰਾਤ ਨੂੰ ਮੋਟਰ ਚਲਾਉਣੀ ਭੁੱਲ ਜਾਂਦਾ। ਭੁੱਲ ਬਿਜਲੀ ਰਾਤ ਨੂੰ ਗਿਆਰਾਂ ਵਜੇ ਆਉਂਦੀ ਸੀ ਤੇ ਉਸ ਸਮੇਂ ਜੱਸੀ ਨੂੰ ਕਦੇ ਕਦੇ ਨੀਂਦ ਆ ਜਾਂਦੀ ਸੀ। ਮੋਟਰ ਸਾਰੀ ਰਾਤ ਖੜ੍ਹੀ ਰਹਿੰਦੀ। ਜਦੋਂ ਕਿ ਜੇਠ-ਹਾੜ੍ਹ ਦੇ ਉਨ੍ਹਾਂ ਮਹੀਨਿਆਂ ਵਿੱਚ ਪਾਣੀ ਦੇ ਇੱਕ-ਇੱਕ ਤੁਪਕੇ ਦੀ ਵੀ ਕਦਰ ਹੁੰਦੀ ਸੀ। ਅਗਲੇ ਦਿਨ ਜਦੋਂ ਮਕਲੀਤ ਸਿੰਘ ਪਿੰਡ ਵਾਲੀ ਮੋਟਰ ਤੋਂ ਉਠ ਕੇ ਉਸ ਦੀ ਚਾਹ ਲੈ ਕੇ ਜਾਂਦਾ ਤਾਂ ਮੋਟਰ ਤਾਂ ਚਲਦੀ ਹੁੰਦੀ, ਪਰ ਬਹੁਤੇ ਖੇਤ ਖਾਲੀ ਪਏ ਦਿਸਦੇ।

"ਰਾਤ ਪਾਣੀ ਕਿਥੇ ਪੈਂਦਾ ਰਿਹਾ ?" ਉਹ ਪੁੱਛਦਾ।

"ਰਾਤ ਤਾਂ ਬਾਪੂ ਮੇਰੀ ਅੱਖ ਲੱਗ ਗਈ ਸੀ....ਸਵੇਰੇ ਚਲਾਈ ਆ ਮੋਟਰ...।" ਜੱਸੀ ਸਹਿਮ ਕੇ ਆਖਦਾ।

"ਹੋਰ ਤੈਂ ਕੀ ਰੰਗ ਲਾਉਣਾ ਸੀ....ਆਟੋਮੈਟਿਕ ਲਿਆ ਕੇ ਦਿੱਤਾ ਉਹ ਖਰਾਬ ਕਰ ਲਿਆ....ਇਕ ਸਾਲੇ ਉਹਨਾਂ ਗਿੱਟਲਾਂ ਨੇ ਵੀ ਜੱਟਾਂ ਨਾਲ ਇਹੋ ਜਿਹੀ ਜਿੰਦ ਬੰਨ੍ਹੀ ਐ ਬਈ ਅੱਧੀ ਰਾਤ ਨੂੰ ਛੱਡਣਗੇ ਬਿਜਲੀ....ਬਈ ਸਾਲਿਓ ਰਤਾ ਸਾਝਰੇ ਛੱਡਦੋ, ਅਗਲਾ ਮੋਟਰ ਚਲਾਕੇ ਸੌਂ ਜਾਵੇ।"

ਇਂਜ ਮਲਕੀਤ ਸਿੰਘ ਦਾ ਗੁੱਸਾ ਜੱਸੀ ਤੋਂ ਬਿਜਲੀ ਵਾਲਿਆਂ ਵੱਲ ਨੂੰ ਮੋੜ ਕੱਟ ਜਾਂਦਾ। ਨਵੀਂ ਪੀੜ੍ਹੀ ਵਿੱਚ ਅਸਲੋਂ ਹੀ ਮੁੱਕ ਗਈ ਸਹਿਣਸ਼ੀਲਤਾ ਬਾਰੇ ਸੋਚਦਾ ਜੱਸੀ ਨੂੰ ਕੁਝ ਕਹਿਣ ਤੋਂ ਉਹ ਆਪਣੇ ਆਪ ਰੋਕ ਲੈਂਦਾ। ਉਹ ਉਸ ਦੇ ਘਰੋਂ ਭੱਜਣ ਦੇ ਨਾਂ ਤੋਂ ਡਰਦਾ ਸੀ।

ਲੋਕਾਂ ਨੂੰ ਧੜਾ-ਧੜ ਬਾਹਰ ਨੂੰ ਜਾਂਦਿਆਂ ਦੇਖ ਕੇ ਮਲਕੀਤ ਸਿੰਘ ਨੇ ਉਸ ਨੂੰ ਵੀ ਪਾਸਪੋਰਟ ਬਣਵਾਉਣ ਲਈ ਕਿਹਾ। ਯੂਨੀਵਰਸਿਟੀ ਜਾਂਦਿਆਂ ਹਰਿੰਦਰ ਉਸ ਲਈ ਫਾਰਮ ਲੈ ਆਇਆ। ਏਜੰਟ ਤੋਂ ਬਿਨਾਂ ਹੀ ਉਸ ਨੇ ਪਾਸਪੋਰਟ ਬਣਾਉਣਾ ਦੇ ਦਿੱਤਾ ਸੀ। ਵੈਰੀਫਿਕੇਸ਼ਨ ਵੇਲੇ ਜੱਸੀ ਨੇ ਪੰਗਾ ਹੀ ਖੜ੍ਹਾ ਕਰ ਲਿਆ ਸੀ। ਪੰਜਾਬ ਦੀਆਂ ਵਿਗੜੀਆਂ ਹਾਲਤਾਂ ਕਰ ਕੇ ਚੌਕੀ ਵਿਚੋਂ ਕੱਲਾ-ਦੁਕੱਲਾ ਸਿਪਾਹੀ ਹੁਣ ਚਾਲ ਚਲਣ ਦੀ ਰਿਪੋਰਟ ਲੈਣ ਲਈ ਪਿੰਡ ਵੱਲ ਨੂੰ ਨਹੀਂ ਸੀ ਤੁਰਦਾ। ਇਸ ਦੀ ਥਾਂ ਉਹ ਉਸ ਪਿੰਡ ਦੇ ਕਿਸੇ ਬੰਦੇ ਕੋਲ ਸੁਨੇਹਾ ਭੇਜ ਕੇ ਸੰਬੰਧਿਤ ਵਿਅਕਤੀ ਨੂੰ ਹੀ ਉੱਥੇ ਸੱਦ ਲੈਂਦੇ। ਅਗਲਾ ਸਰਪੰਚ ਜਾਂ ਲੰਬੜਦਾਰ ਨੂੰ ਲਿਜਾਕੇ ਗਵਾਹੀ ਪੁਵਾ ਦਿੰਦਾ। ਜੱਸੀ ਨੂੰ ਜਦੋਂ ਸੁਨੇਹਾ ਮਿਲਿਆ ਤਾਂ ਉਹ ਪਾਖਰ ਲੰਬੜਦਾਰ ਨੂੰ ਸਕੂਟਰ ਤੇ ਬਿਠਾਕੇ ਚੌਕੀ ਪਹੁੰਚ ਗਿਆ। ਮੁਨਸ਼ੀ ਨੇ ਰਿਪੋਟ ਲਿਖੀ ਤੇ ਲੰਬੜਦਾਰ ਨੇ ਮੁੰਡੇ ਦੇ ਠੀਕ ਚਾਲ-ਚਲਣ ਦੀ ਗਵਾਹੀ ਪਾ ਦਿੱਤੀ। ਜਦੋਂ ਜੱਸੀ ਉੱਠਣ ਲੱਗਾ ਤਾਂ ਮੁਨਸ਼ੀ ਨੇ ਕਿਹਾ, "ਦੋ ਸੌ ਰੁਪੈ ਦੇਦੇ...।"

"ਕਾਹਦੇ...?" ਜੱਸੀ ਨੇ ਹੈਰਾਨੀ ਜ਼ਾਹਿਰ ਕਰਦਿਆਂ ਪੁੱਛਿਆ।

"ਇਹ ਸਾਡੇ ਹੁੰਦੇ ਨੇ।" ਮੁਨਸ਼ੀ ਨੇ ਸਿਰ ਤੋਂ ਪੱਗ ਬੰਨ੍ਹੀ ਬਣਾਈ ਲਾਹਕੇ ਮੇਜ਼ 'ਤੇ ਰੱਖ ਦਿੱਤੀ ਤੇ ਵਾਲਾਂ ਵਿਚ ਹੱਥ ਫੇਰਨ ਲੱਗ ਪਿਆ।

"ਪੈਸੇ ਤਾਂ ਮੈਂ ਲੈ ਕੇ ਨੀ ਆਇਆ...ਨਾਲੇ ਬਾਈ ਸਿਆਂ ਮੈਂ ਕੋਈ ਨਜਾਇਜ਼ ਕੰਮ ਤਾਂ ਕਰਵਾਇਆ ਨੀਂ....ਫੇਰ ਪੈਸੇ ਕਾਹਦੇ ?" ਜੱਸੀ ਨੇ ਕਿਹਾ।

"ਜੇ ਨਹੀਂ ਦੇਣੇ ਤਾਂ ਬਹੁਤੇ ਸੁਆਲ ਜਵਾਬ ਨਾ ਕਰ ਜਾਹ ਤੁਰਦਾ ਹੋ।" ਮੁਨਸ਼ੀ ਨੇ ਬੁਰਾ ਮਨਾਉਂਦਿਆਂ ਕਿਹਾ।

"ਚੱਲ ਦੇਦੇ ਮੌਲਾ ਇਹ ਤਾਂ ਹੁਣ ਸਾਰਿਆਂ ਤੋਂ ਹੀ ਲੈਂਦੇ ਨੇ....।" ਪਾਖਰ ਨੇ ਜੱਸੀ ਨੂੰ ਕਿਹਾ।

"ਤੂੰ ਉਠ ਤਾਇਆ ਆ ਚੱਲੀਏ....।" ਜੱਸੀ ਨੇ ਕਿਹਾ। ਮੁਨਸ਼ੀ ਉਠ ਕੇ



ਵਾਇਰਲੈਸ ਰੂਮ ਵੱਲ ਨੂੰ ਚਲਿਆ ਗਿਆ। ਉਸ ਤੋਂ ਪਰਲੇ ਕਮਰੇ ਵੱਲ ਕਿਸੇ ਨੂੰ ਕੁੱਟ ਪੈ ਰਹੀ ਸੀ ਤੇ ਗਾਲ੍ਹਾਂ ਦੇ ਗਰਮ ਗਰਮ ਸ਼ਲੋਕ ਉਚਾਰੇ ਜਾ ਰਹੇ ਸਨ। ਪਰ ਜੱਸੀ ਦੀ ਉਧਰ ਝਾਕਣ ਦੀ ਵੱਢੀ ਰੂਹ ਨਹੀਂ ਸੀ ਕਰਦੀ, ਜਿੱਥੇ ਉਸ ਨੂੰ ਕੁੱਟ ਪਈ ਸੀ। ਪਾਖਰ ਨੂੰ ਨਾ ਉੱਠਦਾ ਦੇਖ ਕੇ ਉਹ ਬਾਹਰ ਆ ਗਿਆ। ਉਸ ਨੂੰ ਸਕੂਟਰ ਨੂੰ ਕਿੱਕਾਂ ਮਾਰਦਾ ਦੇਖ ਕੇ ਪਾਖਰ ਵੀ ਉੱਠ ਆਇਆ।

"ਓਏ ਮੁੰਡਿਆਂ ਮਖਾਂ ਕਿਤੇ ਮੇਰੇ 'ਤੇ ਤਾਂ ਨੀ ਕੋਈ ਗੱਲ ਆਜੂ...?" ਉਸ ਨੇ ਪੁੱਛਿਆ।

"ਕਿਉਂ ਤੈਂ ਕੋਈ ਖੂਨ ਕਰਤਾ....ਤੂੰ ਬੈਠ ਮਗਰ ਚੱਲੀਏ ਦਿਨੇ ਆਂ ਇਹਨੂੰ ਦੋ ਸੌ ਲੈ, ਸਾਲਿਆਂ ਦਾ ਲੈ ਮੂੰਹ ਪਿਆ।" ਜੱਸੀ ਨੇ ਕਿਹਾ ਤੇ ਲੰਬੜਦਾਰ ਦੇ ਬੈਠਦਿਆਂ ਹੀ ਉਸ ਨੇ ਸਕੂਟਰ ਤੋਰ ਲਿਆ।

ਲੰਬੜਦਾਰ ਦੀ ਸਲਾਹ ਸੀ ਕਿ ਚੱਲ ਮੁੰਡੇ ਤੋਂ ਇਥੋਂ ਹੀ ਅਧੀਆ ਮੰਗਵਾ ਕੇ ਲਾ ਚੱਲਾਂਗੇ। ਪਰ ਮਲਕੀਤ ਸਿੰਘ ਦੇ ਇਸ ਵੱਡੇ ਮੁੰਡੇ ਦੇ ਗਰਮ ਸੁਭਾਅ ਨੂੰ ਦੇਖ ਕੇ ਉਸ ਨੇ ਆਪਣਾ ਇਰਾਦਾ ਬਦਲ ਲਿਆ। ਜੀਹਨੇ ਪੁਲਸ ਵਾਲੇ ਨੂੰ ਨਹੀਂ ਦਿੱਤੇ ਉਹ ਉਸ ਨੂੰ ਕਿਵੇਂ ਦੇ ਸਕਦਾ ਸੀ। ਉਹ ਚੁੱਪ ਹੀ ਰਿਹਾ। ਪਰ ਆਥਣੇ ਜੱਸੀ ਉਸ ਨੂੰ ਘਰ ਦੀ ਕੱਢੀ ਦਾਰੂ ਦਾ ਅਧੀਆ ਦੇ ਗਿਆ। ਲੰਬੜਦਾਰ ਅਸ਼-ਅਸ਼ ਕਰ ਉਠਿਆ।

ਦੁਸਿਹਰਾ ਬੜੀ ਤੇਜ਼ੀ ਨਾਲ ਲੰਘ ਗਿਆ। ਉਸ ਤੋਂ ਬਾਅਦ ਦੀਵਾਲੀ ਆ ਗਈ। ਸਿਆਲ ਆ ਗਿਆ ਸੀ। ਪਰ ਜੱਸੀ ਦਾ ਪਾਸਪੋਰਟ ਬਣ ਕੇ ਨਾ ਆਇਆ। ਜੱਸੀ ਭਾਵੇਂ ਪੜ੍ਹਨੋਂ ਹੁਣ ਹੱਟ ਗਿਆ ਸੀ ਪਰ ਅਜੇ ਵੀ ਕਦੇ-ਕਦੇ ਉਹ ਬੈਗੀ ਪੈਂਟ ਪਾ ਕੇ ਤੇ ਪੇਚਦਾਰ ਪੱਗ ਬੰਨ੍ਹ ਕੇ ਮੰਡੀ ਘੁੰਮਣ ਚਲੇ ਜਾਂਦਾ। ਮਲਕੀਤ ਸਿੰਘ ਭਾਵੇਂ ਆਪਣੇ ਪੁੱਤਰ ਦੀ ਟੌਅਰ ਦੇਖ ਕੇ ਖੁਸ਼ ਹੁੰਦਾ ਤੇ ਉਸ ਦੇ ਇਂਜ ਜਾਣ ਨੂੰ ਜਵਾਨੀ ਦੇ ਦਿਨ ਸਮਝ ਕੇ ਮਾਫ਼ ਕਰ ਦਿੰਦਾ। ਪਰ ਹੁਣ ਉਹ ਦਿਨ ਨਹੀਂ ਸਨ ਰਹੇ ਜਦੋਂ ਮੁੰਡੇ ਤੁਰਦੇ ਫਿਰਦੇ ਹੀ ਪਲ ਜਾਂਦੇ ਸਨ। ਹੁਣ ਤਾਂ ਮਾਂ ਪਿਓ ਨੂੰ ਮੁੰਡਿਆਂ ਦਾ ਕੁੜੀਆਂ ਨਾਲੋਂ ਵੀ ਜ਼ਿਆਦਾ ਖ਼ਿਆਲ ਰੱਖਣਾ ਪੈਂਦਾ ਸੀ। ਜੱਸੀ ਵਰਗੇ ਦਾਹੜੀ ਰੱਖੀ ਵਾਲੇ ਮੁੰਡੇ ਨੂੰ ਤਾਂ ਪੁਲਸ ਦਿਨ ਦੇ ਦੁਪੈਹਰੇ ਚੁੱਕ ਕੇ ਲੈ ਜਾਂਦੀ ਸੀ ਤੇ ਕੋਈ ਦਾਦ ਫਰਿਆਦ ਸੁਣਨ ਵਾਲਾ ਨਹੀਂ ਸੀ। ਮਲਕੀਤ ਸਿੰਘ ਉਸ ਨੂੰ ਆਏ ਦਿਨ ਪਾਸਪੋਰਟ ਬਾਰੇ ਪੁੱਛਦਾ ਰਹਿੰਦਾ। ਉਸ ਦਾ ਖ਼ਿਆਲ ਸੀ ਕਿ ਜੇ ਕਿਸੇ ਤੁੱਕੇ ਨਾਲ ਮੁੰਡਾ ਬਾਹਰ ਚਲੇ ਜਾਵੇ ਤਾਂ ਘਰ ਦੀਆਂ ਪੌਂ-ਬਾਰਾਂ ਹੋ ਸਕਦੀਆਂ ਸਨ। ਜੱਸੀ ਪਾਸਪੋਰਟ ਬਾਰੇ ਪਤਾ ਕਰਨ ਲਈ ਚੰਡੀਗੜ੍ਹ ਚਲਿਆ ਗਿਆ। ਉੱਥੋਂ ਇਨਕੁਆਰੀ ਕਰਨ ਤੇ ਪਤਾ ਚਲਿਆ ਕਿ ਅਜੇ ਤਾਂ ਪੁਲਸ ਰਿਪੋਰਟ ਨਹੀਂ ਸੀ ਪਹੁੰਚੀ। ਭਰਿਆ ਪੀਤਾ ਜੱਸੀ ਵਾਪਸ ਆ ਗਿਆ। ਅਗਲੇ ਦਿਨ ਉਸ ਨੇ ਥੋੜੇ ਤਾੜੇ ਦੇ ਘਰੋਂ ਸਕੂਟਰ ਕੱਢਿਆ। ਪਹਿਲਾਂ ਉਹ ਮਾਜਰੀ ਗਿਆ। ਉੱਥੋਂ ਉਸ ਨੇ ਜੈਲੀ ਨੂੰ ਨਾਲ ਲਿਆ ਤੇ ਪਾਇਲ ਮੁਨਸ਼ੀ ਦੇ ਘਰੇ ਚਲੇ ਗਏ। ਮੁਨਸ਼ੀ ਪਰਮਵੀਰ ਸਿੰਘ ਦਾ ਬਾਪੂ ਟਰੈਕਟਰ ਵਿਚ ਤੇਲ ਪਾਉਂਦਾ-ਪਾਉਂਦਾ ਕੇਨ ਉੱਥੇ ਹੀ ਰੱਖ ਕੇ ਬਾਹਰ ਆ ਗਿਆ। ਲੋਈਆਂ ਦੀ ਬੁੱਕਲ ਮਾਰੀ ਖੜ੍ਹੇ ਮੁੰਡਿਆਂ ਨੂੰ ਦੇਖ ਉਹ ਡਰ ਗਿਆ ਸੀ।

"ਮੁਨਸ਼ੀ ਕਿਥੇ ਐ ਜੀ...?" ਜੱਸੀ ਨੇ ਪੁੱਛਿਆ।

"ਉਹ ਤਾਂ ਕਾਕਾ ਛੁੱਟੀ ਲੈ ਕੇ ਯੂਪੀ ਵਿਚ ਆਪਣੇ ਸੌਹਰੇ ਗਿਆ ਹੋਇਆ ਕੀ ਕੰਮ ਸੀ ਥੋਨੂੰ....?" ਬਜ਼ੁਰਗ ਨੇ ਪੁੱਛਿਆ।

"ਤਿੰਨ ਮਹੀਨੇ ਪਹਿਲਾਂ ਮੇਰੀ ਪਾਸਪੋਰਟ ਦੀ ਪੁਲਸ ਰਿਪੋਰਟ ਆਈ ਸੀ ਪਰ ਥੋਡੇ ਮੁੰਡੇ ਨੇ ਅਜੇ ਤੱਕ ਭੇਜੀ ਨਹੀਂ, ਉਹਨੂੰ ਕਹਿ ਦਿਓ ਜਲਦੀ ਤੋਂ ਜਲਦੀ ਭੇਜ ਦੇਵੇ ਨਹੀਂ ਤਾਂ ਫੇਰ ਸਜ਼ਾ ਭੁਗਤਣ ਲਈ ਤਿਆਰ ਰਹੇ...।" ਕਹਿ ਕੇ ਜੱਸੀ ਨੇ ਸਕੂਟਰ ਸਟੈਂਡ ਤੋਂ ਲਾਹ ਲਿਆ।

"ਆਹ ਦੇਖ ਲੈ ਤੇਰੀ ਗੰਦੀ 'ਲਾਦ ਦੀ ਕਰਤੂਤ....।" ਬੁੱਢੇ ਨੇ ਆਪਣੇ ਪਿੱਛੇ ਆ ਖੜ੍ਹੀ ਘਰ ਵਾਲੀ ਨੂੰ ਕਿਹਾ, "ਵੀਹ ਵਾਰੀ ਕਿਹਾ ਬਈ ਇਹਨੂੰ ਸਾਲੇ ਨੂੰ ਅੱਡ ਕਰੋ ਪਰ੍ਹੇ ਪਰ ਕਾਹਨੂੰ ਮੰਨਦੀ ਐ, ਇਹਨੇ ਸਾਲੇ ਨੇ ਸਾਨੂੰ ਵੀ ਮਰਵਾਉਣੈ।"

"ਵੇ ਪੁੱਤ ਅਸੀਂ ਤਾਂ ਨੌਕਰੀ ਹੀ ਛੁਡਾ ਦੇਣੀ ਐ...ਕੀ ਰੱਡਾ ਖੜ੍ਹਾ ਇਹੋ ਜਿਹੀ ਨੌਕਰੀ ਕੇਨੀਓ, ਸਾਡੀ ਵੀ ਜਾਨ ਸੂਲੀ ਤੇ ਟੰਗੀ ਪਈ ਐ।" ਮੁਨਸ਼ੀ ਦੀ ਮਾਂ ਨੇ ਅੱਗੇ ਆ ਕੇ ਕਿਹਾ। ਮੁਨਸ਼ੀ ਦਾ ਭਰਾ ਅਤੇ ਭਰਾ ਦੇ ਬੱਚੇ ਵੀ ਦਰਵਾਜ਼ੇ ਵਿੱਚ ਆ ਖੜ੍ਹੇ ਸਨ।

"ਸਾਨੂੰ ਨੌਕਰੀ ਤੱਕ ਕੋਈ ਮਤਲਬ ਨਹੀਂ, ਛੱਡੇ ਚਾਹੇ ਨਾ, ਸਾਡੀ ਰਿਪੋਰਟ ਛੇਤੀ ਤੋਂ ਛੇਤੀ ਪਹੁੰਚਣੀ ਚਾਹੀਦੀ ਹੈ।" ਇਸ ਵਾਰ ਜੌਲੀ ਨੇ ਕਿਹਾ। ਜੱਸੀ ਨੇ ਲੋਈ ਦੀ ਬੁੱਕਲ ਸੂਤ ਕੀਤੀ ਤੇ ਸਕੂਟਰ ਸਟਾਰਟ ਕਰ ਲਿਆ। ਜੌਲੀ ਪਿੱਛੇ ਬੈਠ ਗਿਆ ਤੇ ਸਕੂਟਰ ਪੈਰ ਤੋਂ ਹੀ ਸਪੀਡ ਫੜ ਗਿਆ। ਇਨ੍ਹਾਂ ਦਿਨਾਂ ਵਿੱਚ ਲੋਈਆਂ ਵਾਲੇ ਮੁੰਡਿਆਂ ਤੋਂ ਹਰ ਕੋਈ ਡਰਦਾ ਸੀ।

ਯੂ. ਪੀ. ਤੋਂ ਵਾਪਸ ਆਉਂਦਿਆਂ ਹੀ ਮੁਨਸ਼ੀ ਨੇ ਰਿਪੋਰਟ ਭੇਜ ਦਿੱਤੀ। ਕੁਝ ਦਿਨਾਂ ਬਾਅਦ ਉਸ ਦਾ ਪਿਓ ਜੱਸੀ ਦੇ ਘਰੇ ਆ ਗਿਆ। ਜੱਸੀ ਘਰ ਨਹੀਂ ਸੀ। ਮਲਕੀਤ ਸਿੰਘ ਨੇ ਬਥੇਰਾ ਕਿਹਾ ਕਿ ਸਾਡੇ ਮੁੰਡੇ ਦਾ ਖਾੜਕੂਆਂ ਨਾਲ ਕੋਈ ਤਅੱਲਕ ਨਹੀਂ ਹੈ। ਪਰ ਉਹ ਵਾਰ ਵਾਰ ਹੱਥ ਬੰਨ੍ਹੀ ਤੇ ਆਖੀ ਜਾਵੇ ਕਿ ਤੁਸੀਂ ਆਪਣੇ ਮੁੰਡੇ ਨੂੰ ਸਮਝਾ ਦਿਓ। ਸਾਡੇ ਮੁੰਡੇ ਨੇ ਰਿਪੋਰਟ ਭੇਜ ਦਿੱਤੀ ਹੈ। ਹੁਣ ਉਹ ਕੋਈ ਉਤਾ ਨਾ ਚੁੱਕੇ।

ਉਹ ਤਾਂ ਚਲਿਆ ਗਿਆ ਪਰ ਮਲਕੀਤ ਸਿੰਘ ਧੁਰ ਅੰਦਰੋਂ ਕੰਬ ਗਿਆ। ਉਸ ਨੂੰ ਲੱਗਿਆ ਕਿ ਮੁੰਡਾ ਹੁਣ ਉਸ ਦੇ ਹੱਥੋਂ ਨਿਕਲ ਗਿਆ ਹੈ।...ਪਰ ਜੱਸੀ ਅਜੇ ਉਸ ਦੇ ਹੱਥੋਂ ਨਿਕਲਿਆ ਨਹੀਂ ਸੀ, ਕਿਉਂਕਿ ਜਦੋਂ ਉਸ ਨੂੰ ਨੌਕਰੀ ਖ਼ਾਤਰ ਮੱਖਣ ਜੁਲਾਹੇ ਨਾਲ ਜਾਣ ਲਈ ਕਿਹਾ ਤਾਂ ਉਹ ਝੱਟ ਤੁਰ ਪਿਆ। ਮੱਖਣ ਜੁਲਾਹਾ ਮਲਕੀਤ ਸਿੰਘ ਨਾਲ ਨੌਂਵੀਂ ਤੱਕ ਪੜ੍ਹਿਆ ਸੀ। ਉਹ ਪੜ੍ਹਦਾ ਰਿਹਾ ਪਰ ਮਲਕੀਤ ਸਿੰਘ ਨੂੰ ਘਰ ਦਿਆਂ ਨੇ ਖੇਤੀ ਵਿਚ ਲਾ ਲਿਆ ਸੀ। ਉਦੋਂ ਪੰਜਾਬ ਵਿਚ ਹਰੀ ਕ੍ਰਾਂਤੀ ਆ ਰਹੀ ਸੀ। ਨਵੇਂ ਨਵੇਂ ਬੀਜ ਤੇ ਖਾਦਾਂ ਮਿਲ ਰਹੀਆਂ ਸਨ। ਮਲਕੀਤ ਸਿੰਘ ਬੜੇ ਉਤਸ਼ਾਹ ਨਾਲ ਖੇਤੀ ਵਿੱਚ ਜੁੱਟ ਗਿਆ ਸੀ। ਉਧਰ ਮੱਖਣ ਪੜ੍ਹ ਕੇ ਰੇਲਵੇ ਵਿੱਚ ਨੌਕਰ ਹੋ ਗਿਆ



ਸੀ। ਉਸ ਨੇ ਆਪਣੇ ਬੱਚੇ ਪੜ੍ਹਾਏ ਸਨ। ਉਸ ਦੀ ਵੱਡੀ ਕੁੜੀ ਬੀ. ਏ. ਕਰ ਗਈ ਸੀ ਤੇ ਇਕ ਪੀ. ਸੀ. ਐੱਸ. ਅਫ਼ਸਰ ਨੂੰ ਵਿਆਹੀ ਗਈ ਸੀ। ਉਹ ਅਫ਼ਸਰ ਹੁਣ ਐੱਸ. ਡੀ. ਐੱਮ. ਤੋਂ ਤਰੱਕੀ ਕਰ ਕੇ ਪੰਜਾਬ ਮੰਡੀ ਬੋਰਡ ਵਿੱਚ ਉੱਚੇ ਅਹੁਦੇ 'ਤੇ ਸੀ। ਮੱਖਣ ਸਿੰਘ ਇਕ ਦਿਨ ਤੂੜੀ ਲੈਣ ਲਈ ਆਇਆ ਸੀ। ਮਲਕੀਤ ਸਿੰਘ ਨੇ ਆਪਣੇ ਨੌਕਰ ਨੂੰ ਨਾਲ ਲਵਾ ਤੇ ਤੂੜੀ ਉਸ ਦੇ ਘਰ ਸੁਟਵਾਈ ਸੀ ਤੇ ਪੈਸਾ ਵੀ ਕੋਈ ਨਹੀਂ ਸੀ ਲਿਆ। ਪਰ ਉਸ ਨੇ ਮੱਖਣ ਸਿੰਘ ਨੂੰ ਪ੍ਰਾਹੁਣੇ ਨੂੰ ਕਹਿ ਕੇ ਜੱਸੀ ਨੂੰ ਕਿਸੇ ਨੌਕਰੀ 'ਤੇ ਲਗਾਉਣ ਲਈ ਆਖ ਦਿੱਤਾ ਸੀ। ਮੱਖਣ ਨੇ ਹਾਮੀ ਭਰ ਦਿੱਤੀ ਸੀ।

ਜੱਸੀ ਅਤੇ ਬੁੱਢਾ ਮੱਖਣ ਸਿੰਘ ਮੂੰਹ ਹਨੇਰੇ ਹੀ ਚੰਡੀਗੜ੍ਹ ਵਾਲੀ ਬੱਸ ਬੈਠ ਗਏ ਸਨ। ਉਹ ਦਲਵੀਰ ਸਿੰਘ ਨੂੰ ਡਿਊਟੀ ਜਾਣ ਤੋਂ ਪਹਿਲਾਂ-ਪਹਿਲਾਂ ਘਰੇ ਹੀ ਮਿਲ ਲੈਣਾ ਚਾਹੁੰਦੇ ਸਨ। ਸੂਰਜ ਅਜੇ ਸ਼ਿਵਾਲਕ ਦੀਆਂ ਪਹਾੜੀਆਂ ਉੱਤੇ ਧੁੰਦ ਵਿੱਚ ਲਿਪਟਿਆ ਖੜ੍ਹਾ ਸੀ, ਜਦੋਂ ਉਹ ਚੰਡੀਗੜ੍ਹ ਪਹੁੰਚ ਗਏ। ਉੱਥੋਂ ਉਨ੍ਹਾਂ ਨੇ ਲੋਕਲ ਬੱਸ ਫੜੀ ਤੇ ਕੁਝ ਹੀ ਸਮੇਂ ਬਾਅਦ ਉਹ ਉਸ ਕੋਠੀ ਮੂਹਰੇ ਪਹੁੰਚ ਗਏ ਜਿਸ ਦੇ ਦਰਾਂ ਮੂਹਰੇ ਲੱਗੀ ਨੇਮ ਪਲੇਟ 'ਤੇ ਲਿਖਿਆ ਹੋਇਆ ਸੀ: ਦਲਵੀਰ ਸਿੰਘ ਪੀ. ਸੀ. ਐੱਸ.।

ਉਨ੍ਹਾਂ ਨੂੰ ਕੁਝ ਸਮਾਂ ਲਾਅਨ ਵਿੱਚ ਬੈਠਣਾ ਪਿਆ, ਜਿੱਥੇ ਸੂਰਜ ਦੀਆਂ ਮੱਧਮ ਕਿਰਨਾ ਪੈ ਰਹੀਆਂ ਸਨ। ਮੱਖਣ ਦੀ ਲੜਕੀ ਕੁਰਸੀ ਡਾਅ ਕੇ ਬਰਾਬਰ ਆ ਬੈਠੀ ਸੀ। ਦਲਵੀਰ ਸਿੰਘ ਸਾਹਮਣੀ ਬੈਠਕ ਵਿੱਚ ਅਰਦਾਸ ਕਰ ਰਿਹਾ ਸੀ। ਉਹ ਇਕ ਲੱਤ ਦੇ ਭਾਰ ਦੋਵੇਂ ਹੱਥ ਬੰਨ੍ਹੀਂ ਖੜ੍ਹਾ ਸੀ। ਜੱਸੀ ਦੀਆਂ ਨਜ਼ਰਾਂ ਵਾਰ-ਵਾਰ ਮੱਖਣ ਸਿੰਘ ਦੀ ਲੜਕੀ ਦੇ ਚਿਹਰੇ 'ਤੇ ਜਾ ਟਿਕਦੀਆਂ। ਮੱਖਣ ਸਿੰਘ ਵਾਂਗ ਰੰਗ ਉਸ ਦਾ ਵੀ ਪੱਕਾ ਸੀ ਪਰ ਉਸ ਦੇ ਨਕਸ਼ਾਂ ਵਿੱਚ ਕਮਾਲ ਦੀ ਕਸ਼ਿਸ਼ ਸੀ। ਜੱਸੀ ਨੇ ਉਸ ਨੂੰ ਬਚਪਨ ਵਿੱਚ ਵੇਖਿਆ ਸੀ, ਜਦੋਂ ਹੱਥ ਵਿੱਚ ਕਿਤਾਬਾਂ ਫੜੀ ਕਾਲਜ ਨੂੰ ਜਾਣ ਲਈ ਅੱਡੇ ਨੂੰ ਜਾਂਦੀ ਹੁੰਦੀ ਸੀ। ਵਿਆਹ ਤੋਂ ਬਾਅਦ ਉਹ ਹੋਰ ਨਿਖਰ ਆਈ ਸੀ। ਉਹ ਕਹਿ ਰਹੀ ਸੀ, "ਇਹ ਤਾਂ ਹਰ ਰੋਜ਼ ਅੱਧਾ ਘੰਟਾ ਪਾਠ ਕਰਦੇ ਨੇ। ਪਹਿਲਾਂ ਤੋਂ ਹੀ....।"

"ਤਾਂ ਹੀ ਤਾਂ ਭਾਈ ਏਡੇ ਬੜੇ ਅਹੁਦੇ 'ਤੇ ਪਹੁੰਚ ਗਿਆ।" ਮੱਖਣ ਸਿੰਘ ਨੇ ਜੱਸੀ ਵੱਲ ਮੂੰਹ ਕਰਕੇ ਕਿਹਾ।

"ਪਾਠ ਖ਼ਤਮ ਕਰਕੇ ਦਲਬੀਰ ਸਿੰਘ ਉਨ੍ਹਾਂ ਕੋਲ ਆ ਬੈਠਿਆ। ਹੋਰਨਾਂ ਗੱਲਾਂ ਬਾਤਾਂ ਤੋਂ ਬਾਅਦ ਬੁੱਢੇ ਨੇ ਜੱਸੀ ਬਾਰੇ ਉਸ ਨੂੰ ਕਿਹਾ।

"ਕੋਈ ਨੀ ਦੇਖਾਂਗੇ।" ਕਹਿ ਕੇ ਦਲਵੀਰ ਸਿੰਘ ਨੇ ਫੇਰ ਹੋਰ ਗੱਲ ਤੋਰ ਲਈ। ਚਾਹ ਪੀਣ ਤੋਂ ਬਾਅਦ ਬੁੱਢੇ ਨੇ ਜੱਸੀ ਨੂੰ ਪਿੰਡ ਵੱਲ ਨੂੰ ਤੋਰ ਦਿੱਤਾ। ਆਪ ਉਹ ਉੱਥੇ ਹੀ ਰਹਿ ਪਿਆ। ਇਸ ਤੋਂ ਬਾਅਦ ਜੱਸੀ ਉਨ੍ਹਾਂ ਦੀ ਕੋਠੀ ਇਕੱਲਾ ਹੀ ਕਈ ਵਾਰ ਗਿਆ। ਬਹੁਤੀ ਵਾਰ ਤਾਂ ਅਫ਼ਸਰ ਉਸ ਨੂੰ ਮਿਲਦਾ ਹੀ ਨਾ। ਪਰ ਜੱਸੀ ਨੂੰ ਉਸ ਦੀ ਪਤਨੀ ਕੋਲ ਬੈਠਣਾ ਚੰਗਾ ਲੱਗਦਾ ਸੀ। ਉਹ ਉਸ ਨੂੰ ਪਿੰਡ ਦੀਆਂ ਗੱਲਾਂ ਪੁੱਛਦੀ ਰਹਿੰਦੀ। ਇਕ ਦਿਨ ਉਸਨੇ ਜੱਸੀ ਨੂੰ ਕਿਹਾ ਉਨ੍ਹਾਂ ਨੂੰ ਪਟਿਆਲੇ ਨੇੜੇ ਵਾਲੇ ਫਾਰਮ ਲਈ ਇਕ ਨੌਕਰ ਦੀ ਜ਼ਰੂਰਤ ਹੈ, ਜਿਸ ਨੂੰ ਖੇਤੀ ਦਾ ਸਾਰਾ ਕੰਮ ਆਉਂਦਾ ਹੋਵੇ। ਪਿੰਡ

ਆ ਕੇ ਜੱਸੀ ਨੇ ਮਜ਼ਬੀਆਂ ਦੇ ਸ਼ਿਦੀ ਨੂੰ ਇਸ ਕੰਮ ਲਈ ਮਨਾਇਆ। ਫੇਰ ਉਹ ਸ਼ਿਦੀ ਨੂੰ ਲੈ ਕੇ ਚੰਡੀਗੜ੍ਹ ਚਲਿਆ ਗਿਆ। ਉਨ੍ਹਾਂ ਨੇ ਉਸ ਨੂੰ ਸਾਲ ਵਾਸਤੇ ਰੱਖ ਲਿਆ ਸੀ। ਜੱਸੀ ਪਿੰਡ ਨੂੰ ਮੁੜ ਆਇਆ ਸੀ। ਦਲਵੀਰ ਸਿੰਘ ਸ਼ਿਦੀ ਨੂੰ ਕਾਰ ਵਿੱਚ ਬਿਠਾ ਕੇ ਫਾਰਮ 'ਤੇ ਛੱਡ ਆਇਆ ਸੀ।

ਇਕ ਵਾਰ ਜਦੋਂ ਜੱਸੀ ਸ਼ਿਦੀ ਕੋਲ ਗਿਆ ਤਾਂ ਸ਼ਿਦੀ ਨੇ ਕਿਹਾ, "ਮੈਂ ਸਰਦਾਰ ਨਾਲ ਗੱਲ ਕੀਤੀ ਸੀ, ਉਹ ਕਹਿੰਦਾ ਜਦੋਂ ਪੋਸਟਾਂ ਨਿਕਲਣਗੀਆਂ ਤੈਨੂੰ ਕੰਮ 'ਤੇ ਜ਼ਰੂਰ ਲਵਾਵਾਂਗੇ....ਸਰਦਾਰ ਤਾਂ ਆਪਣੀ ਪੂਰੀ ਮੰਨਦੈਂ। ਨਾਲੇ ਤੈਨੂੰ ਇਕ ਹੋਰ ਗੱਲ ਦੱਸਾਂ। ਸਰਦਾਰ ਹਰ ਹਫਤੇ ਇਥੇ ਆਉਂਦਾ ਹੁੰਦਾ ਕਾਰ ਵਿੱਚ। ਉਹਦੇ ਨਾਲ ਇਕ ਤੀਵੀਂ ਹੁੰਦੀ ਐ....। ਇਥੇ ਪਟਿਆਲੇ ਦੀ ਹੀ ਐ...ਤੀਵੀਂ ਕਾਹਦੀ ਆ, ਨਿਰੀ ਅੱਗ ਐ। ਇਥੇ ਰਾਤ ਰਹਿੰਦੇ ਹੁੰਦੇ ਨੇ। ਮੈਂ ਰੋਟੀ ਪਕਾ ਕੇ ਦਿਨਾਂ ਹੁੰਨਾਂ। ਆਪਣੀ ਤਾਂ ਹੁਣ ਸਰਦਾਰ ਨਾਲ ਪੂਰੀ ਗੱਲ ਐ।"

ਉਹ ਜੱਸੀ ਦੇ ਆਉਣ 'ਤੇ ਪੂਰਾ ਖੁਸ਼ ਸੀ। ਦੋ ਮਹੀਨਿਆਂ ਵਿੱਚ ਹੀ ਸ਼ਿਦੀ ਦੇ ਚਿਹਰੇ 'ਤੇ ਰੌਣਕ ਆ ਗਈ ਸੀ। ਸਰਦਾਰ ਹਰ ਹਫਤੇ ਆ ਕੇ ਦੋ ਤਿੰਨ ਮੁਰਗੇ ਵਢਾਉਂਦਾ ਸੀ। ਸ਼ਿਦੀ ਨੇ ਉਸ ਨੂੰ ਦੱਸਿਆ ਕਿ ਜਦੋਂ ਸਰਦਾਰ ਪਰੇ ਚਲੇ ਜਾਂਦਾ ਤਾਂ ਉਹ ਉਸ ਔਰਤ ਨਾਲ ਗੱਲਾਂ ਮਾਰ ਕੇ ਸੌ ਦੋ ਸੌ ਰੁਪੈ ਮਾਂਜ ਹੀ ਲੈਂਦਾ ਸੀ। ਉਹ ਔਰਤ ਵੀ ਕਿਸੇ ਮਹਿਕਮੇ ਵਿੱਚ ਅਫਸਰ ਸੀ, ਪਰ ਉਸ ਦੀ ਆਪਣੇ ਆਦਮੀ ਨਾਲ ਵਿਗੜੀ ਹੋਈ ਸੀ। ਜੱਸੀ ਉਸ ਦੀਆਂ ਗੱਲਾਂ ਸੁਣ ਸੁਣ ਕੇ ਹੈਰਾਨ ਹੋਈ ਜਾਂਦਾ ਸੀ। ਉਸ ਨੂੰ ਹੈਰਾਨੀ ਇਸ ਗੱਲ ਦੀ ਵੀ ਸੀ ਕਿ ਦਲਵੀਰ ਵਰਗਾ ਪਾਠ ਪੂਜਾ ਕਰਨ ਵਾਲਾ ਬੰਦਾ ਕੀ ਤੀਵੀਆਂ ਵਾਲੇ ਕੰਮ ਕਰਦਾ ਸੀ। ਦੂਜੀ ਹੈਰਾਨੀ ਵਾਲੀ ਗੱਲ ਜੁਲਾਹੇ ਕੋਲ ਏਡਾ ਵੱਡਾ ਫ਼ਾਰਮ ਹੋਣ ਦੀ ਸੀ।

"ਕਿਉਂ ਬਈ ਸ਼ਿਦੀ, ਇਹ ਜ਼ਮੀਨ ਇਨ੍ਹਾਂ ਕੋਲ ਜੱਦੀ ਐ...?"

"ਲੈ ਜੱਦੀ ਕਾਹਨੂੰ ਐ....ਜਦੋਂ ਸਰਦਾਰ ਸਰਹੱਦੀ ਏਰੀਏ ਵਿਚ ਐੱਸ. ਡੀ. ਐਮ. ਲੱਗਿਆ ਹੋਇਆ ਸੀ, ਉਦੋਂ ਇਹਨੇ ਬਥੇਰਾ ਪੈਸਾ ਵੱਢਿਆ। ਇਹ ਫ਼ਾਰਮ ਤਾਂ ਇਨ੍ਹਾਂ ਨੇ ਤਿੰਨ ਚਾਰ ਸਾਲ ਪਹਿਲਾਂ ਹੀ ਖਰੀਦਿਐ....।" ਸ਼ਿਦੀ ਨੇ ਬਣ ਰਹੇ ਆਂਡਿਆਂ ਵਿਚ ਕੜਛੀ ਫੇਰਦਿਆਂ ਕਿਹਾ।

ਦਲਵੀਰ ਸਿੰਘ ਉਸ ਨੂੰ ਲਾਰੇ ਹੀ ਲਾਉਂਦਾ ਰਿਹਾ। ਜੱਸੀ ਨੇ ਵੀ ਨੌਕਰੀ ਦੀ ਆਸ ਛੱਡ ਹੀ ਦਿੱਤੀ ਸੀ। ਮਲਕੀਤ ਸਿੰਘ ਕਦੇ-ਕਦੇ ਮੱਖਣ ਸਿੰਘ ਨੂੰ ਕਰਾਰੀਆਂ-ਕਰਾਰੀਆਂ ਗਾਲ੍ਹਾਂ ਕੱਢ ਲੈਂਦਾ। ਉਹ ਕਹਿੰਦਾ, "ਸਾਲੇ ਜੁਲਾਹੇ ਨੂੰ ਦੋ ਹਜ਼ਾਰ ਦੀ ਤੂੜੀ ਵੀ ਦਿੱਤੀ, ਮੁੰਡੇ ਨੂੰ ਫੇਰ ਵੀ ਕੰਮ 'ਤੇ ਨੀ ਲਵਾਇਆ....ਇਹ ਕਦੋਂ ਚਾਹੁੰਦੇ ਨੇ ਬਈ ਜੱਟਾਂ ਦੇ ਮੁੰਡੇ ਕੰਮ 'ਤੇ ਲੱਗ ਜਾਣ....।" ਪਰ ਮੱਖਣ ਸਿਹੁੰ ਬਹੁਤਾ ਹੁਣ ਚੰਡੀਗੜ੍ਹ ਹੀ ਰਹਿੰਦਾ ਸੀ।

ਜੱਸੀ ਹੁਣ ਵੀ ਕਦੇ-ਕਦੇ ਸ਼ਿਦੀ ਕੋਲ ਫਾਰਮ ਹਾਊਸ 'ਤੇ ਚਲਾ ਜਾਂਦਾ। ਪਰ ਉਹ ਘਰ ਦੀ ਉਕਤਾਹਟ ਤੋਂ ਮੁਕਤ ਹੋਣ ਲਈ ਜਾਂਦਾ ਸੀ। ਸ਼ਿਦੀ ਉਸ ਨੂੰ ਆਂਡੇ



ਖਵਾਉਂਦਾ ਤੇ ਘਰ ਦੀ ਕੱਢੀ ਦਾਰੂ ਪਿਆਉਂਦਾ।

ਇਕ ਵਾਰ ਦੋ ਤਿੰਨ ਮਹੀਨਿਆਂ ਬਾਅਦ ਜੱਸੀ ਸ਼ਿਦੀ ਕੋਲ ਫਾਰਮ ਹਾਊਸ 'ਤੇ ਪਹੁੰਚਿਆ ਤੇ ਉਸ ਨੇ ਦੇਖਿਆ ਸ਼ਿਦੀ ਤਾਂ ਜਮ੍ਹਾਂ ਬੇਪਛਾਣ ਹੋਇਆ ਪਿਆ ਸੀ। ਉਸ ਨੇ ਦਾਹੜੀ ਰੱਖੀ ਹੋਈ ਸੀ ਤੇ ਸਿਰ ਦੇ ਵਾਲ ਛੋਟੀ ਜਿਹੀ ਜੂੜੀ ਬਣਾ ਕੇ ਬੰਨ੍ਹੇ ਹੋਏ ਸਨ। ਸੱਜੇ ਪਾਸੇ ਛੋਟੀ ਕਿਰਪਾਨ ਲਟਕ ਰਹੀ ਸੀ। ਹੋਰਨਾਂ ਗੱਲਾਂ ਤੋਂ ਬਾਅਦ ਸ਼ਿਦੀ ਨੇ ਕਿਹਾ, "ਬਾਈ ਮਿੱਤਰਾ, ਐਤਕੀਂ ਤੇਰੀ ਮੈਂ ਆਂਡੇ ਤੇ ਦਾਰੂ ਨਾਲ ਸੇਵਾ ਨਹੀਂ ਕਰ ਸਕਣੀ....ਆਥਣੇ ਮੈਂ ਤੈਨੂੰ ਆਪਣੇ ਖਾਸ ਬੰਦਿਆਂ ਨਾਲ ਮਿਲਾਊਂਗਾ।"

ਤੇ ਉੱਥੇ ਹੀ ਜੱਸੀ ਦਾ ਉਨ੍ਹਾਂ ਨਾਲ ਮੇਲ ਹੋ ਗਿਆ ਸੀ। ਫੇਰ ਉਹ ਮੁੱਲਾਂਪੁਰ ਵੀ ਆਉਣ ਲੱਗ ਪਏ ਸਨ। ਇਕ ਦਿਨ ਆਥਣ ਦੀ ਰੋਟੀ ਵੇਲੇ ਜੱਸੀ ਖੇਤੋਂ ਆਇਆ। ਉਸ ਨੇ ਆਪਣੀ ਰੋਟੀ ਖਾਧੀ ਤੇ ਫੇਰ ਖ਼ਬਰਾਂ ਸੁਣੀਆਂ। ਉਸ ਤੋਂ ਬਾਅਦ ਉਸ ਨੇ ਦੋ ਬੰਦਿਆਂ ਦੀ ਰੋਟੀ ਬੰਨ੍ਹੀ ਤੇ ਝੋਲੇ ਵਿੱਚ ਪਾ ਕੇ ਬਾਹਰ ਨਿਕਲ ਗਿਆ। ਬੀਬੀ ਨੇ ਉਸ ਨੂੰ ਨਹੀਂ ਸੀ ਦੇਖਿਆ। ਕਿਉਂਕਿ ਉਹ ਉਸ ਵੇਲੇ ਨਲਕੇ ਕੋਲ ਭਾਂਡੇ ਧੋ ਰਹੀ ਸੀ। ਰਾਣੀ ਨੇ ਉਸ ਨੂੰ ਰੋਟੀ ਲਈ ਜਾਂਦੇ ਨੂੰ ਚੁੱਪ-ਚਾਪ ਦੇਖਿਆ ਤੇ ਫੇਰ ਅੰਦਰ ਟੀ. ਵੀ. ਦੇਖ ਰਹੇ ਬਾਪੂ ਨੂੰ ਦੱਸ ਦਿੱਤਾ। ਮਲਕੀਤ ਸਿੰਘ ਨੇ ਬਾਹਰ ਆ ਕੇ ਫਿਰਨੀ ਫਿਰਨੀ ਜਾ ਰਹੇ ਜੱਸੀ ਨੂੰ ਹਾਕ ਮਾਰੀ।

"ਹਾਅ, ਰੋਟੀ ਕੀਹਦੀ ਲਈ ਜਾਨਾਂ?" ਉਸ ਨੇ ਕੋਲ ਆਏ ਜੱਸੀ ਨੂੰ ਪੁੱਛਿਆ।

"ਹੈਗੀ ਕਿਸੇ ਦੀ, ਤੂੰ ਅੰਦਰ ਜਾ ਬਾਪੂ।" ਜੱਸੀ ਨੇ ਕੁਝ ਇਸ ਅੰਦਾਜ਼ ਵਿੱਚ ਕਿਹਾ ਕਿ ਮਲਕੀਤ ਸਿੰਘ ਕੁਝ ਨਾ ਕਹਿ ਸਕਿਆ। ਉਂਝ ਵੀ ਪਿਛਲੇ ਕੁਝ ਅਰਸੇ ਤੋਂ ਜੱਸੀ ਦੇ ਚਿਹਰੇ 'ਤੇ ਭਰਵੀਂ ਦਾਹੜੀ ਨੂੰ ਦੇਖ ਕੇ ਉਹ ਆਪਦੇ ਆਪ ਤੇ ਜ਼ਾਬਤਾ ਲਾਗੂ ਕਰ ਦਿੰਦਾ ਸੀ। ਉਹ ਪਲੋ-ਪਲ ਹਨ੍ਹੇਰ ਵਿੱਚ ਅਲੋਪ ਹੁੰਦੇ ਜਾਂਦੇ ਜੱਸੀ ਨੂੰ ਦੇਖਦਾ ਰਿਹਾ। ਫੇਰ ਪਤਾ ਨਹੀਂ ਉਸ ਦੇ ਦਿਲ ਵਿੱਚ ਕੀ ਆਈ ਕਿ ਉਹ ਜੱਸੀ ਦੇ ਪਿੱਛੇ ਲੱਗ ਤੁਰਿਆ। ਜੱਸੀ ਤੋਂ ਉਸ ਨੇ ਸੌ ਕੁ ਮੀਟਰ ਦਾ ਫ਼ਾਸਲਾ ਰੱਖ ਲਿਆ। ਅੱਗੇ ਅੱਗੇ ਜਾਂਦਾ ਉਹ ਸੰਘਣੇ ਹਨੇਰੇ ਕਾਰਨ ਉਸ ਨੂੰ ਕਾਲੇ ਅਕਾਰ ਜਿਹਾ ਹੀ ਦਿਸਦਾ ਸੀ। ਉਹ ਉਸ ਦੇ ਪਿੱਛੇ ਪਿੱਛੇ ਤੁਰਦਾ ਗਿਆ। ਪਰ ਮਲਕੀਤ ਸਿੰਘ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਜਾ ਕਿਧਰ ਨੂੰ ਰਿਹਾ ਹੈ। ਆਪਣੀ ਮੋਟਰ ਵੱਲ ਨੂੰ ਤਾਂ ਉਹ ਜਾ ਨਹੀਂ ਸੀ ਰਿਹਾ। ਪਹਿਲਾਂ ਉਹ ਡੇਰੇ ਵੱਲ ਨੂੰ ਗਿਆ, ਉੱਥੋਂ ਕੱਚੇ ਰਾਹ ਮੁੜ ਕੇ ਸਕੂਲ ਵਲ ਤੁਰ ਪਿਆ। ਸਕੂਲ ਕੋਲੋਂ ਫੇਰ ਖੇਤਾਂ ਵਿਚਲੀ ਡੰਡੀ-ਡੰਡੀ ਡੇਰੇ ਵੱਲ ਮੁੜ ਪਿਆ। ਡੇਰੇ ਨੇੜੇ ਅਰਹਰ ਦੇ ਖੇਤ ਦੇ ਬਰਾਬਰ ਜਾਂਦਿਆਂ ਜੱਸੀ ਉਸ ਨੂੰ ਦਿਸਣੋਂ ਹੀ ਹਟ ਗਿਆ। ਪਰ ਮਲਕੀਤ ਸਿੰਘ ਹਨੇਰੇ ਵਿੱਚ ਅੱਗੇ ਵਧੀ ਗਿਆ। ਉਸ ਦੇ ਪੈਰਾਂ ਥੱਲੇ ਘੋੜਾ ਘਾਹ ਸੀ। ਅਰਹਰ ਦੇ ਖੇਤ ਵਿੱਚੋਂ ਬੀਂਡਿਆਂ ਦੀ ਬੇ ਰੋਕ ਟੀ ਟੀ ਜਾਰੀ ਸੀ। ਬਾਰੀਆਂ ਦੇ ਤੌੜ ਵਿਚ ਸਫੇਦੇ ਦੇ ਦਰਖ਼ਤ ਖੜ੍ਹੇ ਸੌਂ ਰਹੇ ਸਨ।

"ਕੌਣ ਐ?" ਅਚਾਨਕ ਅਰਹਰ 'ਚੋਂ ਜੱਸੀ ਦੀ ਆਵਾਜ਼ ਸੁਣਾਈ ਦਿੱਤੀ। ਮਲਕੀਤ ਸਿੰਘ ਠਠੰਬਰ ਕੇ ਖੜੋ ਗਿਆ।

"ਮੁਰਜਾ ਬਾਪੂ ਪਿੱਛੇ, ਮੈਂਖਿਆ ਪਤਾ ਨੀ ਕੌਣ ਮੇਰੇ ਪਿੱਛੇ ਆਉਂਦਾ, ਜੇ ਕੋਈ ਹੋਰ ਹੁੰਦਾ ਮੈਂ ਗੋਲੀ ਮਾਰ ਦੇਣੀ ਸੀ....।" ਜੱਸੀ ਨੇ ਕਿਹਾ ਅਤੇ ਫੇਰ ਉਹ ਅੱਗੇ ਤੁਰ ਪਿਆ।

"ਉਏ ਗੱਲ ਤਾਂ ਸੁਣ....।" ਮਲਕੀਤ ਸਿੰਘ ਤੋਂ ਏਨਾ ਹੀ ਕਹਿ ਹੋਇਆ। ਅੜ ਰਹੇ ਟਰੈਕਟਰ ਵਾਂਗ ਉਸ ਦੀ ਆਵਾਜ਼ ਉੱਥੇ ਹੀ ਦੱਬ ਗਈ। ਉਹ ਤਾਂ ਇਕ ਦਮ ਭਮੱਤਰ ਗਿਆ ਸੀ। "ਇਹ ਜਾਊ ਕਿਥੇ?" ਇਹ ਸੋਚਦਾ ਉਹ ਘਰ ਨੂੰ ਪਰਤ ਪਿਆ।

ਅਗਲੇ ਦਿਨ ਉਸ ਨੇ ਜੱਸੀ ਨੂੰ ਪਿਆਰ ਨਾਲ ਸਮਝਾਇਆ। ਫੇਰ ਉਸ ਨੇ ਹਰਿੰਦਰ ਨੂੰ ਕਿਹਾ ਕਿ ਜੱਸੀ ਕੁਝ ਸਮਝਾਵੇ।

"ਮੈਂ ਤੈਨੂੰ ਇਹ ਨਹੀਂ ਕਹਿੰਦਾ ਕਿ ਲੋਕਾਂ ਖ਼ਾਤਰ ਲੜ ਰਹੀ ਕਿਸੇ ਲਹਿਰ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ", ਹਰਿੰਦਰ ਨੇ ਉਸ ਨੂੰ ਕਿਹਾ, "ਪਰ ਇਹ ਕਿਹੋ ਜਿਹੀ ਮੂਵਮੈਂਟ ਹੈ ਕਿ ਬੇਕਸੂਰੇ ਲੋਕਾਂ ਨੂੰ ਬੱਸਾਂ ਵਿੱਚੋਂ ਲਾਹ ਲਾਹ ਕੇ ਮਾਰੀ ਜਾਣਾ, ਅੰਨ੍ਹੇਵਾਹ ਫਾਇਰਿੰਗ ਕਰ ਕੇ ਲੋਕਾਂ ਨੂੰ ਭੁੰਨ ਜਾਣਾ....ਸਿਰਫ ਇਸ ਕਰਕੇ ਕਿਉਂਕਿ ਉਹ ਮੋਨੇ ਹੁੰਦੇ ਨੇ....ਅਜਿਹੀਆਂ ਇਨਕਲਾਬੀ ਲਹਿਰਾਂ ਨੂੰ ਚਲਾਉਣ ਲਈ ਦੁਨੀਆਂ ਭਰ ਦੀਆਂ ਕ੍ਰਾਂਤੀਆਂ ਦਾ ਅਧਿਐਨ ਕਰਨਾ ਪੈਂਦਾ ਹੈ, ਸਿਰਫ ਜਾਨ ਤਲੀ ਤੇ ਧਰਨੀ ਹੀ ਕਾਫ਼ੀ ਨਹੀਂ ਹੁੰਦੀ...ਫੇਰ ਇਨ੍ਹਾਂ ਦੇ ਆਪਸ ਵਿੱਚ ਵੀਹ ਗਰੁੱਪ ਬਣੇ ਪਏ ਨੇ....।"

ਆਪਣੀਆਂ ਗੱਲਾਂ ਦਾ ਅਸਰ ਵੇਖਣ ਲਈ ਹਰਿੰਦਰ ਉਹਦੇ ਮੂੰਹ ਵੱਲ ਵੇਖਣ ਲੱਗ ਪਿਆ। ਮੇਜ਼ ਤੇ ਪਈ ਪੈਨ ਦੀ ਟੋਪ ਨੂੰ ਘੁੰਮਾਉਂਦਿਆਂ ਜੱਸੀ ਬੋਲਿਆ,

"ਬੱਸਾਂ ਵਿੱਚੋਂ ਤਾਂ ਪੁਲਸ ਵਾਲੇ ਵੀ ਲਾਹ ਕੇ ਮਾਰਦੇ ਨੇ....?"

"ਠੀਕ ਐ ਘੱਟ ਪੁਲਸ ਵਾਲੇ ਵੀ ਨਹੀਂ....ਜੇਕਰ ਪੁਲਸ ਮਾਰਦੀ ਹੁੰਦੀ ਐ ਤਾਂ ਖਾੜਕੂਆਂ ਨੂੰ ਨਿਖੇਧੀ ਤਾਂ ਕਰਨੀ ਚਾਹੀਦੀ ਐ—ਪਰ ਉਹ ਤਾਂ ਚੁੱਪ ਹੀ ਧਾਰ ਲੈਂਦੇ ਨੇ....ਇਸ ਚੁੱਪ ਤੋਂ ਪਤਾ ਲੱਗ ਜਾਂਦੈ ਬਈ ਇਹ ਕਾਰਾ ਉਨ੍ਹਾਂ ਨੇ ਹੀ ਕੀਤੈ, ਤੇ ਬਹੁਤੀ ਵਾਰ ਤਾਂ ਉਹ ਬਾਕਾਇਦਾ ਜ਼ਿੰਮੇਵਾਰੀ ਵੀ ਲੈਂਦੇ ਨੇ, ਕੰਮ ਸੇ ਕੰਮ ਸਿੱਖੀ ਅਸੂਲਾਂ ਮੁਤਾਬਕ ਤਾਂ ਉਨ੍ਹਾਂ ਨੂੰ ਚੱਲਣਾ ਚਾਹੀਦੈ।" ਹਰਿੰਦਰ ਨੇ ਕਿਹਾ।

"ਤੁਸੀਂ ਕਾਮਰੇਡ ਤਾਂ ਐਵੇਂ ਉਹਨਾਂ ਦੇ ਵਿਰੁੱਧ ਬੋਲੀ ਜਾਂਦੇ ਹੁੰਨੇ ਓ.....।" ਜੱਸੀ ਨੇ ਕਿਹਾ।

"ਐਵੇਂ ਨਹੀ ਬੋਲਦੇ....ਨਾਲੇ ਮੈਂ ਕੋਈ ਕਾਮਰੇਡ ਕੁਮਰੇਡ ਨਹੀਂ ਹੈਗਾ....ਮੇਰੀਆਂ ਗੱਲਾਂ ਸਮਝਣ ਦੀ ਕੋਸ਼ਿਸ਼ ਕਰ।" ਹਰਿੰਦਰ ਹੁਣ ਕਾਮਰੇਡ ਅਖਵਾਉਣ ਤੋਂ ਚੱਲਦਾ ਸੀ। ਆਏ ਦਿਨ ਸਿੱਖ ਖਾੜਕੂਆਂ ਵੱਲੋਂ ਕਾਮਰੇਡਾਂ ਦੇ ਕਤਲ ਹੋ ਰਹੇ ਸਨ।

ਨਿੱਕੀਆਂ ਮੋਟੀਆਂ ਤਲਖੀਆਂ ਨਾਲ ਭਰੀ ਜ਼ਿੰਦਗੀ ਚੱਲਦੀ ਰਹੀ। ਕਦੇ ਕਦੇ ਜੱਸੀ, ਜਦੋਂ ਘੁੱਟ ਪੀਤੀ ਹੁੰਦੀ ਰਾਣੀ ਨੂੰ ਆਖਦਾ, "ਭੈਣੇ ਮੈਂ ਤੇਰੇ ਕਰਕੇ ਹੀ ਘਰੋਂ ਨਹੀਂ ਭੱਜਿਆ, ਮੈਂ ਕਿਹਾ ਪੁਲਸ ਥੋਨੂੰ ਤੰਗ ਕਰੂ....ਮੇਰੀ ਭੈਣ ਲੋਕਾਂ ਦੇ ਘਰੇ ਰੁਲਦੀ ਫਿਰੂਗੀ....।"

ਤੇ ਫੇਰ ਉਹ ਬਾਪੂ ਨੂੰ ਕਹਿੰਦਾ, "ਬਾਪੂ ਆਪਾਂ ਹੁਣ ਰਾਣੀ ਦਾ ਵਿਆਹ



ਕਰਦੀਏ।" ਮਲਕੀਤ ਸਿੰਘ ਕੁਝ ਸੋਚਾਂ ਵਿਚ ਪੈ ਜਾਂਦਾ ਤੇ ਫਿਰ ਆਖਦਾ, "ਜਦੋਂ ਚਾਰ ਪੈਸੇ ਕੋਲ ਹੋਣਗੇ ਕਰ ਦਿਆਂਗਾ....ਅਜੇ ਤਾਂ ਹੱਥ ਤੰਗ ਐ....।"

"ਫੇਰ ਆਪਾਂ ਮੰਗਣਾ ਕਰ ਦਿੰਨੇ ਆਂ....।" ਜੱਸੀ ਕਹਿੰਦਾ।

"ਜੇ ਮੰਗਣਾ ਕਰਤਾ ਫੇਰ ਅਗਲਾ ਵਿਆਹ ਮੰਗੂ....ਐਂਜ ਕੱਲ੍ਹ ਮੰਗਣਾ ਕਰ ਕੇ ਸਾਲ ਅੰਦਰ-ਅੰਦਰ ਵਿਆਹ ਕਰ ਦੇਣਾ ਚਾਹੀਦੈ, ਕੋਈ ਨੀ ਤੂੰ ਚਿੰਤਾ ਨਾ ਕਰ, ਕੁੜੀ ਆਪਣੀ ਨਿਆਣੀ ਹੀ ਐ ਅਜੇ।" ਮਲਕੀਤ ਸਿੰਘ ਜੱਸੀ ਦੀਆਂ ਅਜਿਹੀਆਂ ਗੱਲਾਂ ਤੇ ਖੁਸ਼ ਹੋ ਕੇ ਆਖਦਾ। ਉਹ ਉਸ ਨੂੰ ਘਰ ਦਾ ਫਿਕਰ ਕਰਦਾ ਤੇ ਕਬੀਲਦਾਰੀ ਦੀਆਂ ਗੱਲਾਂ ਕਰਦਾ ਦੇਖ ਕੇ ਚਿੱਤੋਂ ਖੁਸ਼ ਹੁੰਦਾ ਸੀ।

ਪਰ ਜਦੋਂ ਕਦੇ ਜੱਸੀ ਕੰਮ ਵਲੋਂ ਘੇਸਲ ਮਾਰ ਜਾਂਦਾ ਤਾਂ ਮਲਕੀਤ ਸਿੰਘ ਦਾ ਗੁੱਸਾ ਬੇਕਾਬੂ ਹੋ ਜਾਂਦਾ। ਉਸ ਦੀ ਅਣਗਹਿਲੀ ਕਾਰਨ ਇਕ ਦਿਨ ਟੂ ਫੇਸ ਤੇ ਚੱਲਦੀ ਮੋਟਰ ਫੜੀ ਗਈ।

ਰਾਤ ਨੂੰ ਫੁੱਲ ਬਿਜਲੀ ਦੀ ਵਾਰੀ ਸੀ। ਪਰ ਉਹਨਾਂ ਨੇ ਕੰਡੈਂਸਰ ਲਾ ਕੇ ਦਿਨੇ ਹੀ ਮੋਟਰ ਟੂ ਫੇਸ ਤੇ ਚਲਾਈ ਹੋਈ ਸੀ। ਮਲਕੀਤ ਸਿੰਘ ਟਰੈਕਟਰ ਚਲਾਉਂਦਾ ਕੱਦੂ ਕਰ ਰਿਹਾ ਸੀ। ਬਿੰਦਰ ਸਕੂਲ ਨੇੜੇ ਵਾਲੇ ਕੀਲੇ ਦਾ ਨੱਕਾ ਮੋੜਨ ਗਿਆ ਹੋਇਆ ਸੀ। ਜੱਸੀ ਵੱਟ ਤੇ ਮਿੱਟੀ ਲਾਉਣੀ ਛੱਡ ਕੇ ਪਾਣੀ ਪੀਣ ਲਈ ਔਲੂ ਤੇ ਆ ਗਿਆ ਸੀ। ਪਾਣੀ ਪੀ ਕੇ ਉਹ ਤੂਤ ਥੱਲੇ ਪਈ ਮੰਜੇ ਤੇ ਪੈ ਗਿਆ। ਬਿੰਦੇ ਝੱਟੇ ਉਹ ਪਿੰਡ ਵੱਲ ਬੈਠੇ ਤਾਏ ਨੂੰ ਦੇਖ ਲੈਂਦਾ ਜਿਹੜਾ ਰੋਟੀ ਲੈਣ ਗਿਆ ਹੋਇਆ ਸੀ। ਉਸੇ ਵੇਲੇ ਬਾਪੂ ਨੇ ਹਾਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਹਾਕਾਂ ਮਾਰਦਾ-ਮਾਰਦਾ ਨਾਲ ਦੀ ਨਾਲ ਹਾਰਨ ਵੀ ਮਾਰੀ ਜਾਂਦਾ ਸੀ।

"ਸਾਲੇ ਬਿੰਦ ਢੂਹੀ ਵੀ ਨੀ ਸਿੱਧੀ ਕਰਨ ਦਿੰਦੇ। "ਜੱਸੀ ਨੇ ਖਿਝਕੇ ਕਿਹਾ। ਉਹ ਢੀਠ ਬਣਿਆ ਪਿਆ ਰਿਹਾ। ਫੇਰ ਟਰੈਕਟਰ ਰੁੱਕ ਗਿਆ। ਜੱਸੀ ਨੇ ਸਿਰ ਉਠਾ ਕੇ ਦੇਖਿਆ। ਬਾਪੂ ਗਾਹਣ ਦੇ ਵਿਚੀ ਹੀ ਭੱਜਿਆ ਆ ਰਿਹਾ ਸੀ। ਉਹ ਉਠ ਕੇ ਬੈਠ ਗਿਆ। ਉਸੇ ਵਖਤ ਉਸ ਦੀ ਨਜ਼ਰ ਟੁੱਟੀ ਸੜਕ 'ਤੇ ਹੌਲੀ-ਹੌਲੀ ਆ ਰਹੀ ਬਿਜਲੀ ਵਾਲਿਆਂ ਦੀ ਗੱਡੀ 'ਤੇ ਪਈ। ਉਹ ਉਠ ਕੇ ਮੋਟਰ ਵਾਲੇ ਕਮਰੇ ਵੱਲ ਨੂੰ ਭੱਜਿਆ। ਮੋਟਰ ਬੰਦ ਕਰਕੇ ਉਸ ਨੇ ਕੰਡੈਂਸਰ ਲਾਹ ਲਿਆ ਤੇ ਉਸ ਦੀਆਂ ਤਾਰਾਂ ਦੇ ਭੜਾਕੇ ਪਵਾ ਕੇ, ਬਿਜਲੀ ਖਾਰਜ ਕਰਕੇ, ਪਨੀਰੀ ਵਾਲੇ ਕਿਆਰੇ ਵਿਚ ਵਗਾਹ ਮਾਰਿਆ। ਬਿਜਲੀ ਵਾਲਿਆਂ ਦਾ ਫੋਰ ਵੀਲ੍ਹਰ ਆ ਰੁਕਿਆ। ਉਨ੍ਹਾਂ ਨੇ ਔਲੂ ਵਿਚੋਂ ਡਿੱਗਦਾ ਪਾਣੀ ਵੇਖ ਲਿਆ ਸੀ।

"ਵਾਹ ਬਈ ਵਾਹ, ਆਹ ਤਾਂ ਦਿਨ ਦੇ ਦੁਪਹਿਰੇ ਹੀ ਕੁੰਡੀ ਲਾਈ ਜਾਨੇ ਓ।" ਐੱਸ. ਡੀ. ਓ. ਨੇ ਉਤਰ ਕੇ ਆਉਂਦਿਆਂ ਕਿਹਾ।

ਮਲਕੀਤ ਸਿੰਘ ਵੀ ਤੇਜ਼ ਵਿੱਚ ਪਹੁੰਚ ਗਿਆ ਸੀ। ਪਾਣੀ ਡਿੱਗਦਾ ਦੇਖਕੇ ਉਸ ਨੇ ਮੁਕਰਨ ਦੀ ਕੋਸ਼ਿਸ਼ ਨਹੀਂ ਕੀਤੀ।

"ਗਲਤੀ ਹੋਗੀ ਐੱਸ. ਡੀ. ਓ. ਸਾਹਿਬ, ਜੀਰੀ ਵਿਚ ਤੇੜਾਂ ਪਾਟਦੀਆਂ ਸੀ

ਤਾਂ ਕਰ ਕੇ ਚਲਾ ਲਈ...।" ਉਸ ਨੇ ਹੱਥ ਬੰਨ੍ਹਦਿਆਂ ਕਿਹਾ।

ਪਰ ਅਫ਼ਸਰ ਨੇ ਉਸ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਉਸ ਨੇ ਆਪਣੇ ਕਰਮਚਾਰੀਆਂ ਨੂੰ ਕੁਨੈਕਸ਼ਨ ਕੱਟਣ ਲਈ ਕਿਹਾ।

"ਅੱਜ ਮਾਫ਼ ਕਰਦੋ ਜੀ....ਥੋਨੂੰ ਪਤੈ ਉੱਤੋਂ ਰੱਬ ਨੇ ਮੀਂਹ ਨਹੀਂ ਪਾਇਆ...ਉਧਰ ਜੀਰੀ ਗਰਲ ਗਰਲ ਪਾਣੀ ਪੀਈ ਜਾਂਦੀ ਐ...ਥੋਡੇ ਸਾਹਮਣੇ ਦੋ ਇੰਜਣ ਚਲਦੇ ਨੇ ਫੇਰ ਵੀ ਪਾਣੀ ਪੂਰਾ ਨੀ ਹੁੰਦਾ।" ਮਲਕੀਤ ਸਿਘ ਮਿਨਤਾਂ ਕਰ ਰਿਹਾ ਸੀ।

"ਮੈਂ ਠੇਕਾ ਲਿਆ ਹੋਇਆ ਪਾਣੀ ਦਾ...ਮੈਂ ਤਾਂ ਬਿਜਲੀ ਦੀ ਚੋਰੀ ਰੋਕਣੀ ਐ...।" ਅਫ਼ਸਰ ਨੇ ਉਸ ਦੀ ਗੱਲ ਕੱਟਦਿਆਂ ਕਿਹਾ।

"ਤਾਂ ਫੇਰ ਤੁਸੀਂ ਬਿਜਲੀ ਪੂਰੀ ਦਿਆ ਕਰੋ...ਆਹੀ ਦੋ ਮਹੀਨੇ ਤਾਂ ਸਾਨੂੰ ਜ਼ਰੂਰਤ ਹੁੰਦੀ ਐ, ਉਧਰ ਤੁਸੀਂ ਸਪਲਾਈ ਘਟਾ ਦਿੰਨੇ ਓਂ...ਅਸੀਂ ਚੋਰੀ ਨਾ ਕਰੀਏ ਤਾਂ ਹੋਰ ਕੀ ਕਰੀਏ, ਮੰਡੀ ਦੇ ਕਾਰਖਾਨੇਦਾਰਾਂ ਨੂੰ ਰੋਕਿਆ ਕਰੋ, ਜਿਹੜਾ ਲੱਖਾਂ ਰੁਪਈਆਂ ਦੀ ਬਿਜਲੀ ਚੋਰੀ ਕਰਦੇ ਨੇ....।" ਜੱਸੀ ਨੇ ਅਚਾਨਕ ਗੁੱਸੇ ਵਿੱਚ ਆ ਕੇ ਕਿਹਾ। ਉਸ ਦਾ ਬਦਾਮੀ ਰੰਗ ਗੁੱਸੇ ਵਿਚ ਲਾਲ ਹੋ ਗਿਆ ਸੀ।

ਫੇਰ ਉਹ ਕੁਨੈਕਸ਼ਨ ਕੱਟਣ ਲੱਗੇ ਕਰਮਚਾਰੀ ਵੱਲ ਵਧਿਆ, "ਹਟਜਾ ਉਏ ਐਵੇਂ ਨਾ ਕੱਟੀਂ।"

"ਜੇ ਨਹੀਂ ਕਟੱਣ ਦੇਵੇਂਗਾ ਤਾਂ ਕੁਨੈਕਸ਼ਨ ਤਾਂ ਕਾਕਾ ਮੈਂ ਪੁਲਿਸ ਲਿਆ ਕੇ ਕਟਾ ਲੂੰ।" ਐੱਸ. ਡੀ. ਓ. ਨੇ ਉਸ ਦਾ ਇਰਾਦਾ ਦੇਖ ਕੇ ਕਿਹਾ।

"ਤੂੰ ਚੁੱਪ ਕਰ ਉਏ....ਗੰਦੀਏ, ਲਾਦੇ ਇਹ ਤਾਂ ਜੀ ਮੂਰਖ ਐ, ਮੈਂ ਹੱਥ ਬੰਨ੍ਹਦਾ ਜੀ ਥੋਡੇ ਮੋਹਰੇ, ਅੱਜ ਮਾਫ਼ ਕਰਦੋ, ਫੇਰ ਕਦੇ ਭੁੱਲ ਕੇ ਵੀ ਨੀ ਚਲਾਉਂਦੇ, ਅਸੀਂ ਤਾਂ ਅੱਗੇ ਹੀ ਰੱਬ ਦੇ ਮਾਰੇ ਪਏ ਆਂ, ਥੋਡਾ ਜੁਰਮਾਨਾ ਕਿਥੋਂ ਭਰਾਂਗੇ....।" ਮਲਕੀਤ ਸਿਘ ਨੇ ਫੇਰ ਹੱਥ ਬੰਨ੍ਹ ਦਿੱਤੇ।

ਪਤਾ ਨਹੀਂ ਅਫ਼ਸਰ ਦੇ ਦਿਲ ਵਿੱਚ ਕੀ ਆਈ ਕਿ ਉਸ ਨੇ ਆਪਣਾ ਇਰਾਦਾ ਬਦਲ ਲਿਆ। ਉਹ ਤਰਸ ਕਰ ਗਿਆ ਸੀ ਜਾਂ ਕੋਈ ਹੋਰ ਗੱਲ ਸੀ।

"ਚੰਗਾ ਫੇਰ ਅੱਜ ਛੱਡ ਦਿੰਨਾਂ, ਜੇ ਫੇਰ ਕਦੇ ਫੜੀ ਗਈ ਤਾਂ ਦਸ ਦੀ ਥਾਂ ਪੰਦਰਾਂ ਹਜ਼ਾਰ ਜੁਰਮਾਨਾ ਕਰੂੰ....ਲਿਆ ਕੰਡੈਂਸਰ ਦੇਹ ਕਿਥੇ ਨੇ...।" ਉਸ ਨੇ ਕਿਹਾ।

"ਕਿਥੇ ਨੇ ਕੰਡੈਂਸਰ ?" ਮਲਕੀਤ ਸਿਘ ਨੇ ਜੱਸੀ ਨੂੰ ਪੁੱਛਿਆ।

"ਮੈਨੂੰ ਨੀਂ ਪਤਾ ?" ਜੱਸੀ ਬਿੱਟਰ ਗਿਆ।

"ਉਏ ਤੇਰੀਆ ਮੈਂ ਲੱਤਾਂ ਤੋੜ ਦੂੰ....ਦੱਸਦਾ ਕਿ ਨਹੀਂ ?" ਉਸ ਨੇ ਹੱਥ ਉੱਗਰ ਲਿਆ। ਉਸ ਨੂੰ ਡਰ ਸੀ ਕਿ ਜੱਸੀ ਦਾ ਜੁਆਬ ਸੁਣ ਕੇ ਕਿਤੇ ਅਫ਼ਸਰ ਫੇਰ ਨਾ ਤੀਘੜ ਜਾਵੇ। ਜੱਸੀ ਨੇ ਪਨੀਰੀ ਵੱਲ ਇਸ਼ਾਰਾ ਕਰ ਦਿੱਤਾ। ਮਲਕੀਤ ਸਿਘ ਆਪ ਜਾ ਕੇ ਕੰਡੈਂਸਰ ਲੱਭ ਲਿਆਇਆ। ਇਕ ਕਰਮਚਾਰੀ ਨੇ ਕੰਡੈਂਸਰ ਫੜਕੇ ਗੱਡੀ ਵਿੱਚ ਰੱਖ ਲਏ।

"ਹੁਣ ਅੱਗੇ ਵਾਸਤੇ ਨਾ ਇਹ ਕੰਮ ਕਰੀਂ।" ਕਹਿ ਕੇ ਅਫ਼ਸਰ ਗੱਡੀ ਵਿੱਚ



ਜਾ ਬੈਠਿਆ।

ਗੱਡੀ ਦੇ ਜਾਂਦੀ ਸਾਰ ਹੀ ਮਲਕੀਤ ਸਿਘ ਜੱਸੀ ਦੇ ਗਲ ਪੈ ਗਿਆ, "ਤੈਨੂੰ ਸਾਲਿਆ ਵੀਹ ਹਾਕਾਂ ਮਾਰੀਆਂ ਮੈਂ....ਬਈ ਬਿਜਲੀ ਵਾਲੇ ਆਉਂਦੇ ਨੇ ਕੰਡੈਂਸਰ ਲਾਹਦੇ, ਪਰ ਕਾਹਨੂੰ ਸੁਣਦੈ, ਪਾਤਾ ਸੀ ਦਸ ਹਜ਼ਾਰ ਨੂੰ ਪੱਥਾ, ਪੰਜ ਸੌ ਵਿੱਚ ਤਾਂ ਫੇਰ ਵੀ ਰਗੜੇ ਹੀ ਗਏ।" ਕੰਡੈਂਸਰ ਪੰਜ ਸੌ ਦੇ ਸਨ।

"ਮੈਨੂੰ ਨੀ ਸੁਣੀ ਤੇਰੀ ਹਾਕ।" ਜੱਸੀ ਪਰੇ ਨੂੰ ਤੁਰ ਪਿਆ।

"ਨਾ ! ਤੇਰੇ ਕੰਨ ਮੁੰਦੇ ਹੋਏ ਸੀ ? ਸੁਣੀ ਨੀਂ ਇਹਨੂੰ ਹਾਕ, ਫੇਰ ਸਾਲੇ ਨੂੰ ਬੋਲਣ ਦਾ ਨੀਂ ਪਤਾ, ਬਈ ਅਫ਼ਸਰ ਮੂਹਰੇ ਕਿਵੇਂ ਬੋਲੀਦੈ...ਕਿਵੇਂ ਆਕੜਦਾ ਸੀ ਉਹਦੇ ਮੂਹਰੇ।" ਮਲਕੀਤ ਸਿਘ ਨੇ ਕਿਹਾ।

"ਕੀ ਹੋ ਗਿਆ ?....ਕਿੰਨਾ ਜੁਰਮਾਨਾ ਕਰਗੇ....?" ਬਿੰਦਰ ਨੇ ਆ ਕੇ ਕਹੀ ਰੱਖਦਿਆਂ ਪੁੱਛਿਆ।

"ਬਚਾਅ ਹੋ ਗਿਆ....ਕੰਡੈਂਸਰ ਲੈਗੇ", ਫੇਰ ਉਹ ਜੱਸੀ ਵੱਲ ਮੁੜਦਿਆਂ ਬੋਲਿਆ, "ਸਾਲੇ ਨੇ ਕੁਢ ਵੱਟ ਤੇ ਮਿੱਟੀ ਨੀਂ ਲਾਈ, ਆ ਕੇ ਲੰਮੀਆਂ ਤਾਣ ਕੇ ਪੈ ਗਿਆ, ਨਾ ਪੜ੍ਹਨ 'ਚ ਨਾ ਕੰਮ 'ਚ, ਉੱਤੋਂ ਆਹ ਪੰਜ ਸੌ ਨੂੰ ਫੂਕ ਲਵਾਤੀ।"

"ਬਾਪੂ ਮੈਂ ਲਵਾਈ ਐ ਫੂਕ ?" ਜੱਸੀ ਖੜ੍ਹ ਗਿਆ।

"ਹੋਰ ਤੇਰੀ ਮਾਂ ਨੇ ਲਵਾਈ ਐ, ਔਹ ਗੁੰਨੂੰ ਬਾਗੀਏ ਦਾ ਮੁੰਡਾ ਵੀ ਤੇਰੇ ਹਾਣਦਾ ਈ ਐ, ਸਾਰੀ ਖੇਤੀ ਕੱਲਾ ਹੀ ਰੋਹੜੀ ਫਿਰਦਾ।" ਮਲਕੀਤ ਸਿਘ ਨੇ ਬਾਗੀਏ ਦੀ ਮੋਟਰ ਵੱਲ ਹੱਥ ਕਰਕੇ ਕਿਹਾ।

"ਗੁੰਨੂੰ ਕੋਲ ਤੇਰੇ ਨਾਲੋਂ ਦੁੱਗਣੀ ਜ਼ਮੀਨ ਐ...ਉਹਨਾਂ ਦਾ ਕੰਮ ਤਾਂ ਰੁੜ੍ਹਨਾ ਹੀ ਐ ? ਫੇਰ ਉਹ ਆਪਣੇ ਮੁੰਡੇ ਦੇ ਕੰਮ 'ਚ ਤੇਰੇ ਵਾਂਗ ਲੱਤ ਵੀ ਨੀਂ ਫਸਾਉਂਦਾ...ਉਹਦਾ ਮੁੰਡਾ ਚਾਹੇ ਤਿੰਨ ਕਰੇ ਚਾਹੇ ਤੇਰਾਂ ਕਰੇ, ਤੂੰ ਤਾਂ ਅਗਲੇ ਦੇ ਟਰੈਕਟਰ ਚਲਾਉਣ ਵਿੱਚ ਵੀ ਨੁਕਸ ਕੱਢੀ ਜਾਨਾਂ ਹੁੰਨਾਂ...।" ਉਹ ਪਿਛਲੀਆਂ ਫੋਲਣ ਲੱਗ ਪਿਆ ਸੀ।

"ਗੁੰਨੂੰ ਨੇ ਤਾਂ ਸਾਰੀ ਉਮਰ ਡੱਕਾ ਨੀ ਦੂਹਰਾ ਕੀਤਾ, ਉਹਨੂੰ ਕੀ ਲੋੜ ਐ ਮੁੰਡੇ ਦੇ ਕੰਮ ਵਿੱਚ ਦਖ਼ਲ ਦੇਣ ਦੀ...ਮੈਂ ਸਾਰੀ ਉਮਰ ਮੜ੍ਹ ਕੁਟਾਉਂਦਾ ਰਿਹਾਂ....। ਨਾਲੇ ਤੂੰ ਕੱਲ੍ਹਾ ਕਰਲੇਂਗਾ ਖੇਤੀ–ਮੋਟਰ ਚਲਾ ਨੀਂ ਹੁੰਦੀ, ਕਿੱਥੇ ਤੂੰ ਕਬੀਆ ਧਰਿਆ ਪਿਆ ਤੀ ਮੇਰੇ ਕਰਮਾਂ 'ਚ।" ਮਲਕੀਤ ਸਿਘ ਦਾ ਗੁੱਸਾ ਬੇਕਾਬੂ ਹੋ ਗਿਆ ਸੀ। ਕੰਡੈਂਸਰਾਂ ਦੇ ਖ਼ਿਆਲ ਨਾਲ ਉਸ ਨੂੰ ਹੋਰ ਗੁੱਸਾ ਚੜ੍ਹ ਗਿਆ ਸੀ।

"ਗਾਲ੍ਹਾਂ ਜੀਆਂ ਨਾ ਕੱਢੀ ਜਾਹ....ਜਾਹ ਮੈਤੋਂ ਨੀਂ ਕਰ ਹੁੰਦਾ ਕੰਮ....।" ਆਖਦਿਆਂ ਜੱਸੀ ਨੇ ਕਹੀ ਵਗਾਹ ਕੇ ਮਾਰੀ।

"ਨਹੀਂ ਕਰ ਹੁੰਦਾ ਨਾ ਕਰ।" ਮਲਕੀਤ ਸਿਘ ਖੇਤ ਵਿੱਚ ਸਟਾਰਟ ਖੜ੍ਹੇ ਟਰੈਕਟਰ ਵੱਲ ਤੁਰ ਪਿਆ। ਬਿੰਦਰ ਨੇ ਜੱਸੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਉਹ ਨਹੀਂ ਰੁਕਿਆ। ਪਜਾਮਾ ਪਾ ਕੇ ਉਹ ਸੜਕੋ-ਸੜਕ ਘਰ ਵੱਲ ਨੂੰ ਤੁਰ ਪਿਆ। ਰਸਤੇ ਵਿੱਚ ਉਸ ਨੂੰ ਬੰਤਾ ਤਾਇਆ ਰੋਟੀ ਲਈ ਆਉਂਦਾ ਮਿਲਿਆ। ਉਸ ਨੇ ਜੱਸੀ ਦਾ

ਸੁੱਜਿਆ ਮੂੰਹ ਦੇਖ ਕੇ ਸਾਈਕਲ ਰੋਕ ਕੇ ਪੁੱਛਿਆ। ਪਰ ਜੱਸੀ 'ਕੁਝ ਨੀਂ ਤਾਇਆ' ਕਹਿ ਕੇ ਪਿੰਡ ਵੱਲ ਤੁਰ ਗਿਆ। ਘਰੇ ਜਾ ਕੇ ਤਿਆਰ ਹੋ ਕੇ ਉਹ ਪਤਾ ਨਹੀਂ ਕਿੱਥੇ ਨੂੰ ਤੁਰ ਪਿਆ।

ਦੋ-ਤਿੰਨ ਦਿਨ ਜਦੋਂ ਉਹ ਨਾ ਮੁੜਿਆ ਤਾਂ ਮਲਕੀਤ ਸਿੰਘ ਨੂੰ ਵੀ ਚਿੰਤਾ ਹੋਈ। ਉਸ ਨੇ ਰਿਸ਼ਤੇਦਾਰੀਆਂ ਵਿੱਚ ਜਾ ਕੇ ਉਸ ਬਾਰੇ ਪਤਾ ਕਰਨ ਦੀ ਸਲਾਹ ਬਣਾਈ। ਪਰ ਤੀਜੇ ਦਿਨ ਆਥਣੇ ਉਹ ਮੁੜ ਆਇਆ।

ਉਹ ਚੁੱਪ-ਚੁੱਪ ਰਹਿਣ ਲੱਗਾ ਸੀ। ਹਰੇਕ ਨਾਲ ਮਤਲਬ ਦੀ ਹੀ ਗੱਲ ਕਰਦਾ। ਘਰਦਿਆਂ ਨਾਲੋਂ ਆਪਣੇ ਆਪ ਨੂੰ ਉਸ ਨੇ ਇਕ ਤਰ੍ਹਾਂ ਤੋੜ ਹੀ ਲਿਆ ਸੀ। ਜੀਰੀ ਦੀ ਲਗਾਈ ਦਾ ਕੰਮ ਮੁੱਕ ਗਿਆ ਸੀ। ਜੱਸੀ ਰਾਤ ਨੂੰ ਮੋਟਰ ਤੇ ਹੀ ਪੈਂਦਾ।

ਇੱਕ ਰਾਤ ਕੋਠੇ ਤੇ ਪਏ ਜੱਸੀ ਨੂੰ ਗੋਲੀਆਂ ਦੀ ਤਿੱਖੀ ਆਵਾਜ਼ ਨੇ ਜਗਾ ਦਿੱਤਾ। ਰੁਲਦੂ, ਉਨ੍ਹਾਂ ਦਾ ਨੌਕਰ ਵੀ ਉੱਠ ਕੇ ਬੈਠ ਗਿਆ। ਗੋਲੀਆਂ ਸਕੂਲ ਕੋਲ ਅੱਡੇ ਤੇ ਚੱਲ ਰਹੀਆਂ ਸਨ। ਚਾਨਣੀ ਰਾਤ ਸੀ ਪਰ ਸਫੈਦਿਆਂ ਦੇ ਉਹਲੇ ਕੁਝ ਨਹੀਂ ਸੀ ਦਿਸਦਾ। ਕਦੇ-ਕਦੇ ਬਰੱਸਟ ਮਾਰਦੀਆਂ ਰਾਈਫਲਾਂ 'ਚੋਂ ਅੱਗ ਨਿਕਲਦੀ ਦਿਸਦੀ। ਫੇਰ ਚੁੱਪ ਪਸਰ ਜਾਂਦੀ। ਰਾਤ ਦੀ ਸ਼ਾਂਤੀ ਵਿੱਚ ਇਝ ਜਾਪਦਾ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਫੇਰ ਹਲਕੀ ਮਸ਼ੀਨਗੰਨ ਦੀ ਨਾਲੀ ਅੱਗ ਉਗਲਣ ਲੱਗਦੀ। ਉਹ ਦੋਵੇਂ ਚੁੱਪ ਚਾਪ ਮੰਜਿਆਂ ਤੇ ਲੰਮੇ ਪਏ ਰਹੇ ਕੁਝ ਸਮੇਂ ਬਾਅਦ ਸੜਕ ਤੇ ਕੁਝ ਬੰਦਿਆਂ ਦੀ ਆਵਾਜ਼ ਸੁਣਾਈ ਦਿੱਤੀ। ਉਹ ਕਮਰੇ ਵੱਲ ਨੂੰ ਤੁਰੇ ਆ ਰਹੇ ਸਨ। ਕਮਰੇ ਕੋਲ ਆ ਕੇ ਉਨ੍ਹਾਂ ਨੇ ਆਵਾਜ਼ਾਂ ਮਾਰੀਆਂ। ਪਰ ਜੱਸੀ ਹੋਰੀਂ ਚੁੱਪ-ਚਾਪ ਪਏ ਰਹੇ। ਥੱਲਿਓਂ ਇਕ ਬੰਦਾ ਕੋਠੇ ਤੇ ਚੜ੍ਹ ਆਇਆ। ਜੱਸੀ ਉੱਠ ਕੇ ਬੈਠ ਗਿਆ। ਉਸ ਦੇ ਸਾਹਮਣੇ ਸਿਪਾਹੀ ਖੜ੍ਹਾ ਸੀ।

"ਕੀ ਐ ਬਾਈ?" ਜੱਸ ਨੇ ਪੁੱਛਿਆ।

"ਉੱਠ ਤਾਂ ਸਈ, ਸਾਨੂੰ ਘੰਟਾ ਹੋ ਗਿਆ ਹਾਕਾਂ ਮਾਰਦਿਆਂ ਨੂੰ, ਸਾਡੀ ਗੱਡੀ ਫਸਗੀ ਸਫੈਦਿਆਂ ਕੋਲ, ਤੁਹਾਡੇ ਕੋਲ ਟੋਚਨ ਜਾਂ ਲੱਜ ਹੈ?" ਸਿਪਾਹੀ ਨੇ ਪੁੱਛਿਆ।

"ਨਹੀਂ ਯਾਰ ਇਹ ਕੁਛ ਤਾਂ ਹੈ ਨੀਂ ਸਾਡੇ ਕੋਲ...?" ਜੱਸੀ ਨੇ ਕਿਹਾ। ਰੁਲਦੂ ਵੀ ਉੱਠ ਕੇ ਬੈਠ ਗਿਆ ਸੀ।

"ਫੇਰ ਕਹੀ ਤਾਂ ਹੋਊ...ਚਲੋ ਸਾਡੇ ਨਾਲ ਗੱਡੀ ਕੱਢ ਕੇ ਆਓ।" ਸਿਪਾਹੀ ਨੇ ਕਿਹਾ

"ਇਨ੍ਹਾਂ ਨੂੰ ਥੱਲੇ 'ਤਾਰ ਲਿਆ।" ਥੱਲਿਓਂ ਇਕ ਆਵਾਜ਼ ਆਈ।

ਜੱਸੀ ਤੇ ਰੁਲਦੂ ਥੱਲੇ ਉੱਤਰ ਆਏ। ਕਮਰੇ ਦਾ ਦਰ ਖੋਹਲਕੇ ਕਹੀ ਚੁੱਕੀ ਤੇ ਉਨ੍ਹਾਂ ਨਾਲ ਤੁਰ ਪਏ। ਉਹ ਤਿੰਨ ਚਾਰ ਪੁਲਸੀਏ ਰਫ਼ਲਾਂ ਸੰਭਾਲੀ ਉਖੜਦੇ ਕਦਮਾਂ ਨਾਲ ਉਨ੍ਹਾਂ ਦੇ ਨਾਲ ਜਾ ਰਹੇ ਸਨ। ਸ਼ਰਾਬ ਦੀ ਤਿੱਖੀ ਬੋ ਰਸਤੇ ਵਿੱਚ ਖੜ੍ਹੀ ਹਵਾ ਵਿੱਚ ਫੈਲ ਰਹੀ ਸੀ। ਜਦੋਂ ਉਹ ਅੱਡੇ ਵਿੱਚ ਪਹੁੰਚੇ ਤਾਂ ਮਲੇਰਕੋਟਲੇ ਵਾਲੇ ਪਾਸੇ ਨੂੰ ਜਾਂਦੀ ਸੜਕ 'ਤੇ ਸਫ਼ੈਦਿਆਂ ਥੱਲੇ, ਜੱਸੀ ਨੇ ਦੇਖਿਆ, ਉਨ੍ਹਾਂ ਦੀ ਸਵਰਾਜ ਮਾਜਦਾ



ਫਸੀ ਖੜ੍ਹੀ ਸੀ। ਉਸ ਦਾ ਪਿਛਲਾ ਟਾਇਰ ਲੰਬੜਦਾਰਾਂ ਦੀ ਜੀਰੀ ਵਿੱਚ ਧੁਸਿਆ ਪਿਆ ਸੀ। ਪਿੱਛੇ ਖੜ੍ਹੀ ਐਲਵਿਨ ਨਿਸ਼ਾਨ ਦੀਆਂ ਲਾਈਟਾਂ ਫਸੀ ਖੜ੍ਹੀ ਗੱਡੀ 'ਤੇ ਪੈ ਰਹੀਆਂ ਸਨ। ਉਰਲੇ-ਪਾਸੇ ਇਕ ਜਿਪਸੀ ਖੜ੍ਹੀ ਸੀ ਜਿਸ ਦੇ ਬੋਰਨਟ ਤੇ ਬੋਤਲ ਰੱਖੀ ਤਿੰਨ ਪੁਲਸ ਅਫਸਰ ਪੀ ਰਹੇ ਸਨ। ਉਹਨਾਂ ਨੇ ਇਕ ਵਾਰੀ ਜੱਸੀ ਹੋਰਾਂ ਵੱਲ ਦੇਖਿਆ ਤੇ ਫੇਰ ਆਪਣੀਆਂ ਗੱਲਾਂ ਵਿੱਚ ਰੁੱਝ ਗਏ। ਫਸੀ ਖੜ੍ਹੀ ਗੱਡੀ ਕੋਲ ਕੁਝ ਸਿਪਾਹੀ ਤੇ ਇਕ ਛੋਟਾ ਥਾਣੇਦਾਰ ਖੜ੍ਹਾ ਸੀ। ਜੱਸੀ ਨੇ ਚਾਨਣ ਵਿਚ ਦੇਖਿਆ ਕਿ ਇਹ ਟੋਲਾ ਛੱਜੂਪੁਰ ਚੌਂਕੀ ਵਾਲਾ ਹੀ ਸੀ। ਕੁਝ ਸਿਪਾਹੀ ਉਹ ਵੀ ਸਨ ਜਿਹਨਾਂ ਨੇ ਜੱਸੀ ਨੂੰ ਕੁੱਟਿਆ ਸੀ। ਰੁਲਦੂ ਨੂੰ ਉਨ੍ਹਾਂ ਨੇ ਟਾਇਰ ਦੇ ਮੂਹਰਿਉਂ ਮਿੱਟੀ ਕੱਢਣ ਲਾ ਦਿੱਤਾ। ਜੱਸੀ ਖੜ੍ਹਾ ਰਿਹਾ। ਪੁਲਸੀਏ ਆਪਸ ਵਿਚ ਹੌਲੀ-ਹੌਲੀ ਗੱਲਾਂ ਕਰ ਰਹੇ ਸਨ।

ਜੱਸੀ ਉਨ੍ਹਾਂ ਤੋਂ ਗੋਲੀ ਚੱਲਣ ਦੇ ਕਾਰਨ ਪੁੱਛਣਾ ਚਾਹੁੰਦਾ ਸੀ ਪਰ ਉਹ ਚੁੱਪ ਹੀ ਰਿਹਾ। ਰੁਲਦੂ ਜਦੋਂ ਹੰਫ ਗਿਆ ਤਾਂ ਉਹ ਦਮ ਮਾਰਨ ਲਈ ਖੜ੍ਹਾ ਹੋ ਗਿਆ। ਕੁਝ ਘਾਹ ਕਰਕੇ ਤੇ ਕੁੱਝ ਸੜਕ ਦਾ ਕੰਢਾ ਹੋਣ ਕਰਕੇ ਮਿੱਟੀ ਜੰਮੀ ਪਈ ਸੀ, ਉਸ ਦਾ ਜ਼ੋਰ ਲੱਗ ਗਿਆ ਸੀ।

"ਚੱਲ ਬਈ ਤੂੰ ਲਾ ਝੱਟ ਹੁਣ।" ਰੁਲਦੂ ਨੂੰ ਖੜ੍ਹਾ ਦੇਖ ਕੇ ਇਕ ਸਿਪਾਹੀ ਨੇ ਕਿਹਾ।

"ਮੈਂ ਤਾਂ ਬਈ ਥੱਕਿਆ ਪਿਆਂ, ਆਪਣੇ ਬੰਦਿਆਂ 'ਚੋਂ ਹੀ ਲਾਦੇ ਕਿਸੇ ਨੂੰ।" ਜੱਸੀ ਨੇ ਕਿਹਾ।

"ਬੁਲਾਵਾਂ, ਸਾਲਾ ਮੜਕਾਂ ਦਾ ! ਲੱਗਦਾ ਕਿ ਨਹੀਂ...?" ਸਿਪਾਹੀ ਭੂਸਰ ਗਿਆ, ਉਹ ਜੱਸੀ ਉੱਤੇ ਚੜ੍ਹ ਕੇ ਆਇਆ। ਉਸ ਦੇ ਮੂੰਹੋਂ ਨਿਕਲਦੀ ਸ਼ਰਾਬ ਦੀ ਹਵਾੜ ਜੱਸੀ ਦੇ ਆਲੇ-ਦੁਆਲੇ ਫੈਲ ਗਈ।

"ਕੀ ਕਹਿੰਦਾ ਇਹੇ?" ਜਿਪਸੀ ਵੱਲ ਨੂੰ ਜਾ ਰਹੇ ਛੋਟੇ ਥਾਣੇਦਾਰ ਨੇ ਮੁੜਕੇ ਪੁੱਛਿਆ, "ਕਹੀ ਨੀ ਚਲਾਉਂਦਾ, ਮੂਹਰਿਉਂ ਮੜਕਾਂ ਕਰਦੈ।" ਸਿਪਾਹੀ ਨੇ ਚੁੱਪ ਗੜੁੱਪ ਖੜ੍ਹੇ ਜੱਸੀ ਉੱਤੇ ਦੰਦ ਪੀਹੇ। ਰੁਲਦੂ ਫੇਰ ਕਹੀ ਚਲਾਉਣ ਲੱਗ ਪਿਆ ਸੀ। ਪਰ ਸਿਪਾਹੀ ਨੇ ਉਸ ਤੋਂ ਕਹੀ ਫੜ ਕੇ ਜੱਸੀ ਨੂੰ ਫੜਾ ਦਿੱਤੀ। ਜਿਵੇਂ ਉਹ ਆਪਣੀ ਹਿੰਡ ਹੀ ਪੁਗਾਉਣੀ ਚਾਹੁੰਦਾ ਹੋਵੇ। ਜੱਸੀ ਦੰਦਾਂ ਵਿੱਚ ਜੀਭ ਦੇ ਕੇ ਮਿੱਟੀ ਪੁੱਟਣ ਲੱਗ ਪਿਆ। ਮਿੱਟੀ ਪੁੱਟਦਿਆਂ ਉਸ ਨੇ ਸਵਰਾਜ ਮਾਜਦਾ ਦੇ ਟਰਾਲੇ ਵਿਚ ਨਜ਼ਰ ਮਾਰੀ। ਉਸ ਵਿਚ ਦੋ ਲਾਸ਼ਾਂ ਪਈਆਂ ਸਨ। ਜੱਸੀ ਨੂੰ ਠੰਡੀ ਤ੍ਰੇਲੀ ਆ ਗਈ।

ਮਿੱਟੀ ਕੱਢਣ ਤੋਂ ਬਾਅਦ ਸਾਰਿਆਂ ਨੇ ਗੱਡੀ ਨੂੰ ਧੱਕਾ ਲਾਇਆ ਤਾਂ ਗੱਡੀ ਨਿਕਲਕੇ ਪਰ੍ਹਾਂ ਜਾ ਖੜ੍ਹੀ।

"ਜਾਉ ਭਾਜੋ ਜੋ ਹੁਣ।" ਛੋਟੇ ਥਾਣੇਦਾਰ ਨੇ ਕਿਹਾ।

ਉਹ ਦੋਵੇਂ ਕਹੀ ਚੁੱਕ ਕੇ ਮੋਟਰ ਵੱਲ ਨੂੰ ਤੁਰ ਪਏ। ਸਾਰੇ ਰਾਹ ਉਹ ਗਾਲ੍ਹਾਂ ਕੱਢਦੇ ਆਏ। ਅਗਲੇ ਦਿਨ ਲੋਕਾਂ ਦੇਖਿਆ ਕਿ ਅੱਡੇ ਕੋਲ ਸਫੈਦਿਆਂ ਥੱਲੇ ਖੂਨ ਡੁਲ੍ਹਿਆ ਪਿਆ ਸੀ। ਗੋਲੀਆਂ ਨੇ ਸਫੈਦਿਆਂ ਦੇ ਤਣਿਆਂ ਦੀਆਂ ਉਰਲੀਆਂ ਪਰਤਾਂ

ਫਿੱਲੀਆਂ ਪਈਆਂ ਸਨ। ਖ਼ੂਨ ਨਾਲ ਲੱਥਪੱਥ ਇਕ ਪਰਨਾ ਪਰੇ ਝਾੜੀਆਂ ਕੋਲ ਡਿੱਗਿਆ ਪਿਆ ਸੀ ਤੇ ਉਸ ਤੋਂ ਅਗਲੇ ਦਿਨ ਅਖ਼ਬਾਰ ਦੀ ਖ਼ਬਰ ਸੀ ਕਿ ਮੁੱਲਾਂਪੁਰ ਦੇ ਪਿਛੋਂ ਬਾਹਰਲੇ ਅੱਡੇ 'ਤੇ ਦੋ ਖਾੜਕੂ ਮਾਰੇ ਗਏ ਸਨ।

ਮਲਕੀਤ ਸਿੰਘ ਨੂੰ ਜਦੋਂ ਰਾਤ ਵਾਲੀ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਜੱਸੀ ਨੂੰ ਕਿਹਾ, "ਕਿਉਂ ਆ ਗਿਆ ਸਵਾਦ ਮੋਟਰ ਤੇ ਪੈਣ ਦਾ....ਤੈਨੂੰ ਵੀਹ ਵਾਰੀ ਕਿਹਾ ਬਈ ਘਰੇ ਪੈ ਜਿਆ ਕਰ ਹਾਲਾਤ ਖ਼ਰਾਬ ਨੇ।"

"ਕੋਈ ਨੀ ਬਾਪੂ ਮੈਂ ਵੀ ਦੇਖੂਦਾਣਾ ਦੇਊਂਗਾ ਉਹਨਾਂ ਨੂੰ....।" ਜੱਸੀ ਨੇ ਦੰਦ ਕਰੀਚਦਿਆਂ ਜੁਆਬ ਦਿੱਤਾ।

ਕੁਝ ਹੀ ਦਿਨਾਂ ਬਾਅਦ ਸੰਧੂਪੁਰ ਦੀ ਚੌਕੀ ਤੇ ਖਾੜਕੂਆਂ ਨੇ ਹਮਲਾ ਕਰ ਦਿੱਤਾ। ਗਰਨੇਡਾਂ ਤੇ ਗੋਲੀਆਂ ਦੀ ਅੰਨ੍ਹੇਵਾਹ ਫਾਇਰਿੰਗ ਨੇ ਧਰਮਸ਼ਾਲਾ ਦੀ ਪੁਰਾਣੀ ਇਮਾਰਤ ਦੇ ਪਰਖੱਚੇ ਉਡਾ ਦਿੱਤੇ। ਉੱਥੇ ਤਾਇਨਾਤ ਸਾਰੇ ਸੱਤ ਅੱਠ ਪੁਲਸੀਏ ਮਾਰੇ ਗਏ ਸਨ।

ਤੇ ਜੱਸੀ ਉਸ ਰਾਤ ਮੋਟਰ ਤੇ ਨਹੀਂ ਸੀ। ਗਰਨੇਡਾਂ ਦੇ ਧਮਾਕਿਆਂ ਨੇ ਰੁਲਦੂ ਦੀ ਅੱਖ ਖੋਲ੍ਹ ਦਿੱਤੀ ਸੀ। ਉਸ ਨੇ ਦੇਖਿਆ ਜੱਸੀ ਦਾ ਮੰਜਾ ਖਾਲੀ ਪਿਆ ਸੀ। ਜੱਸੀ ਪਾਠੀ ਬੋਲਦੇ ਨਾਲ ਆ ਕੇ ਪਿਆ ਸੀ।

ਫੇਰ ਬਹੁਤੀ ਵਾਰ ਜੱਸੀ ਰਾਤਾਂ ਨੂੰ ਗਾਇਬ ਰਹਿਣ ਲੱਗਾ ਸੀ। ਕੁਝ ਗੱਲਾਂ ਉਹ ਰੁਲਦੂ ਕੋਲ ਕਰ ਲੈਂਦਾ ਸੀ। ਇਕ ਦਿਨ ਰੁਲਦੂ ਨੇ ਉਸ ਨੂੰ ਕਿਹਾ, "ਜੱਸੀ ਬਾਈ ਸਿਆਂ, ਔਹ ਸਕੂਲ ਦਾ ਵੀ ਕੋਈ ਇਲਾਜ ਕਰ। ਸਕੂਲ ਤਾਂ ਇਹ ਲੱਗਦਾ ਹੀ ਨੀ...ਭੇਡਾਂ ਦਾ ਵਾੜਾ ਲੱਗਦਾ। ਜੁਆਕ ਖੜਦੂੰਬ ਮਚਾਉਂਦੇ ਫਿਰੀ ਜਾਂਦੇ ਨੇ ਸਾਲੇ...ਅੱਠਵੀਂ ਨੌਵੀਂ ਵਾਲੀਆਂ ਨਿੱਕੀਆਂ-ਨਿੱਕੀਆਂ ਕੁੜੀਆਂ ਵੀ ਮੁੰਡਿਆਂ ਨਾਲ ਆਪ ਛੇੜਖਾਨੀ ਕਰਦੀਆਂ ਨੇ, ਮੈਂ ਇੱਥੋਂ ਲੰਘਦਿਆਂ ਆਪ ਦੇਖੀਆਂ ਨੇ। ਇਕ-ਦੋ ਮਾਸਟਰਾਂ ਨੂੰ ਛੱਡ ਕੇ ਸਾਰੇ ਵਿਹਲੇ ਬੈਠੇ ਰਹਿੰਦੇ ਨੇ...ਕਰ ਕੋਈ 'ਲਾਜ ਇਨ੍ਹਾਂ ਦਾ।"

ਕੁਝ ਹੀ ਦਿਨਾਂ ਬਾਅਦ ਅੱਡੇ ਵੱਲ ਨੂੰ ਲੰਘਦੇ ਲੋਕਾਂ ਨੇ ਦੇਖਿਆ; ਸਕੂਲ ਦੀ ਤਾਂ ਕਾਇਆ ਹੀ ਪਲਟੀ ਪਈ ਸੀ। ਸਾਰੀਆਂ ਕਲਾਸਾਂ ਲੱਗੀਆਂ ਹੋਈਆਂ ਸਨ। ਬਾਅਦ ਵਿੱਚ ਲੋਕਾਂ ਨੂੰ ਸਕੂਲ ਵਿੱਚ ਲੱਗੀ ਧਮਕੀ ਪੱਤਰ ਬਾਰੇ ਪਤਾ ਲੱਗਾ।

ਪਰ ਜੱਸੀ ਦਾ ਕੰਮ ਬਹੁਤਾ ਚਿਰ ਇੰਝ ਨਾ ਚੱਲ ਸਕਿਆ। ਛੇ ਸੱਤ ਮਹੀਨਿਆਂ ਬਾਅਦ ਹੀ ਉਸ ਨੂੰ ਘਰੋਂ ਭੱਜਣਾ ਪੈ ਗਿਆ।

ਉਨ੍ਹਾਂ ਦੀ ਜਥੇਬੰਦੀ ਦਾ ਇਕ ਮੁੰਡਾ ਸਕੂਟਰ ਤੇ ਮਾਜਰੀ ਵਾਲੀ ਸੜਕ 'ਤੇ ਜਾ ਰਿਹਾ ਸੀ। ਉਸ ਕੋਲ ਕੁਝ ਹਥਿਆਰ ਤੇ ਗੋਲੀ ਸਿੱਕਾ ਸੀ। ਬੰਬ ਦੇ ਆਪਣੇ-ਆਪ ਚੱਲ ਜਾਣ ਕਾਰਨ ਉਹ ਉੱਭੜ ਕੇ ਡਿੱਗ ਪਿਆ ਸੀ। ਉਸ ਦਾ ਸਕੂਟਰ ਉਸ ਦੇ ਹੇਠੋਂ ਨਿਕਲ ਕੇ ਟਾਹਲੀ ਨਾਲ ਜਾ ਟਕਰਾਇਆ ਸੀ ਤੇ ਉਹ ਆਪ ਜ਼ਖ਼ਮੀ ਹੋ ਕੇ ਖਤਾਨਾਂ ਵਿੱਚ ਜਾ ਪਿਆ ਸੀ। ਆਲੇ ਦੁਆਲੇ ਖੇਤਾਂ ਵਿੱਚ ਕੰਮ ਕਰਦੇ ਲੋਕ ਉਸ ਦੇ ਦੁਆਲੇ ਇਕੱਠੇ ਹੋ ਗਏ ਸਨ। ਉਨ੍ਹਾਂ ਨੇ ਉਸ ਨੂੰ ਪਾਣੀ ਪਿਲਾਇਆ। ਉਸ ਨੇ ਦਮ ਤੋੜਦਿਆਂ-



ਤੋੜਦਿਆਂ ਕਿਹਾ ਸੀ, "ਬਾਈ ਜੀ, ਮੁੱਲਾਂਪੁਰ ਵਾਲੇ ਜੱਸੀ ਨੂੰ ਸੁਨੇਹਾ ਦੇ ਦਿਉ। ਉਸ ਨੂੰ ਕਿਹੋ ਔਹ ਥੈਲੀ ਚੁੱਕ ਕੇ ਲੈ ਜਾਵੇ, ਉਸ ਵਿੱਚ ਹਥਿਆਰ ਨੇ...ਜਾਉ ਛੇਤੀ ਉਸ ਨੂੰ ਬੁਲਾਉ ਪੁਲਸ ਦੇ ਆਉਣ ਤੋਂ ਪਹਿਲਾਂ....।" ਉਸ ਦੇ ਬੋਲ ਅੱਧ ਵਿਚਕਾਰ ਹੀ ਰਹਿ ਗਏ। ਉਸਦਾ ਸਿਰ ਇਕ ਪਾਸੇ ਨੂੰ ਲੁੱਟਕ ਗਿਆ।

ਸੁਨੇਹਾ ਮਿਲਦੇ ਸਾਰ ਹੀ ਜੱਸੀ ਬੜੀ ਤੇਜ਼ੀ ਨਾਲ ਸਕੂਟਰ ਤੇ ਆਇਆ। ਉਹ ਪੁਲਸ ਦੇ ਆਉਣ ਤੋਂ ਪਹਿਲਾਂ-ਪਹਿਲਾਂ ਆਪਣੇ ਕੰਮ ਨਿਪਟਾ ਲੈਣਾ ਚਾਹੁੰਦਾ ਸੀ। ਜਦੋਂ ਉਹ ਉੱਥੇ ਪਹੁੰਚਿਆ, ਲਾਸ਼ ਦੁਆਲੇ ਦਸ ਬਾਰਾਂ ਜਣੇ ਖੜ੍ਹੇ ਸਨ। ਸਾਰਿਆਂ ਨੇ ਹੈਰਾਨੀ ਨਾਲ ਜੱਸੀ ਨੂੰ ਦੇਖਿਆ। ਜੱਸੀ ਨੇ ਮਰੇ ਪਏ ਆਪਣੇ ਸਾਥੀ ਨੂੰ ਪਛਾਣਿਆ, ਫੇਰ ਉਸ ਨੇ ਥੈਲੇ ਨੂੰ ਚੁੱਕ ਕੇ ਆਪਣੇ ਸਕੂਟਰ ਦੇ ਅੱਗੇ ਰੱਖ ਲਿਆ। ਉਸ ਨੇ ਖੜ੍ਹੇ ਲੋਕਾਂ ਨੂੰ ਕਿਹਾ ਕਿ ਪੁਲਸ ਨੂੰ ਮੇਰੇ ਬਾਰੇ ਨਾ ਦੱਸਿਉ। ਸਕੂਟਰ ਉਸ ਨੇ ਪਿੰਡ ਵੱਲ ਨੂੰ ਤੋਰ ਲਿਆ। ਉਸ ਨੂੰ ਪਤਾ ਸੀ ਕਿ ਉਹ ਆਪਣੇ ਘਰ ਆਖ਼ਰੀ ਵਾਰੀ ਜਾ ਰਿਹਾ ਸੀ। ਸਕੂਟਰ ਦਰਾਂ ਮੂਹਰੇ ਖੜ੍ਹਾ ਕੇ ਉਹ ਵਿਹੜੇ ਅੰਦਰ ਗਿਆ, ਕਿਹਾ, "ਬੀਬੀ ਮੇਰੀਆਂ ਸਾਰੀਆਂ ਫੋਟੋਆਂ ਪਾੜ ਦੇਵੀਂ...ਹੁਣੇ ਹੀ।"

ਦਿਆਲ ਕੁਰ ਨੂੰ ਕੁਝ ਵੀ ਸਮਝ ਨਾ ਆਇਆ। ਪਰ ਜੱਸੀ ਨੇ ਉਸ ਦੀਆਂ ਆਵਾਜ਼ਾਂ ਨਾ ਸੁਣੀਆਂ। ਉਸ ਨੇ ਸਕੂਟਰ ਤੋਰਿਆ ਤੇ ਪਿੰਡ ਵਿੱਚੋਂ ਹਵਾ ਹੋ ਗਿਆ।

ਮਲਕੀਤ ਸਿੰਘ ਘਰ ਦੀ ਜਿਸ ਬਰਬਾਦੀ ਤੋਂ ਡਰਦਾ ਸੀ ਉਹ ਹੋ ਕੇ ਰਹੀ। ਪੁਲਸ ਏਨਾ ਤੰਗ ਕਰਦੀ ਸੀ ਕਿ ਮਲਕੀਤ ਸਿੰਘ ਜ਼ਮੀਨ ਠੇਕੇ ਤੇ ਦੇ ਕੇ ਯੂ. ਪੀ. ਆਪਣੇ ਸਾਢੂ ਕੋਲ ਚਲਿਆ ਗਿਆ। ਜਾਣ ਤੋਂ ਪਹਿਲਾਂ ਉਸ ਨੇ ਰਾਣੀ ਦਾ ਵਿਆਹ ਕਰ ਦਿੱਤਾ। ਵਿਆਹ ਬੜਾ ਸਾਦਾ ਤੇ ਜਲਦੀ ਵਿਚ ਹੋਇਆ ਸੀ। ਜੀ. ਟੀ. ਰੋਡ ਤੇ ਪੈਂਦੇ ਮੰਜੀ ਸਾਹਿਬ ਗੁਰਦੁਆਰੇ ਵਿਚ ਮੁੰਡੇ ਵਾਲੇ ਕੁੱਲ ਚਾਰ ਪੰਜ ਬੰਦੇ ਪਹੁੰਚ ਗਏ ਸਨ। ਜੱਸੀ ਭੇਸ ਬਦਲ ਕੇ ਆਇਆ, ਰਾਣੀ ਨਾਲ ਦੋ ਗੱਲਾਂ ਕਰ ਕੇ ਤੇ ਪੈਸੇ ਫੜਾ ਕੇ ਉਹਨੀਂ ਪੈਰੀਂ ਮੁੜ ਗਿਆ ਸੀ। ਮਲਕੀਤ ਸਿੰਘ ਉਸ ਸਮੇਂ ਬਾਹਰ ਚਾਹ-ਪਾਣੀ ਦਾ ਪ੍ਰਬੰਧ ਕਰ ਰਿਹਾ ਸੀ। ਉਸ ਨੂੰ ਤਾਂ ਜੱਸੀ ਦੇ ਆਉਣ ਦਾ ਉਦੋਂ ਹੀ ਪਤਾ ਲੱਗਾ ਜਦੋਂ ਉਸ ਨੇ ਰਾਣੀ ਨੂੰ ਵਿਦਾ ਕਰਦਿਆਂ ਅੱਥਰੂ ਵਹਾਉਂਦਿਆਂ ਕਿਹਾ ਸੀ, "ਧੀਏ। ਅੱਜ ਜੱਸੀ ਇੱਥੇ ਹੁੰਦਾ ਤਾਂ ਤੈਨੂੰ ਆਪਣੇ ਹੱਥੀਂ ਵਿਦਾ ਕਰਦਾ।"

ਰਾਣੀ ਡੁੱਬੀ ਰੋ ਪਈ ਸੀ। ਪਰ ਉਸ ਨੇ ਆਪਣਾ ਰੋਣਾ ਡੱਕਦਿਆਂ ਬਾਪੂ ਨੂੰ ਜੱਸੀ ਦੇ ਆਉਣ ਬਾਰੇ ਦੱਸਿਆ ਸੀ।

ਥਾਣੇਦਾਰ ਨੂੰ ਮਲਕੀਤ ਸਿੰਘ ਨੇ ਵਾਰ-ਵਾਰ ਆਖਿਆ ਸੀ ਕਿ ਜਿੱਥੇ ਵੀ ਕਿਤੇ ਤੁਹਾਨੂੰ ਜੱਸੀ ਦਿਸੇ, ਗੋਲੀ ਮਾਰ ਦਿਉ। ਪਰ ਸਾਨੂੰ ਤੰਗ ਨਾ ਕਰੋ। ਥਾਣੇਦਾਰ ਗਰੇਵਾਲ ਜਿਸ ਨੂੰ ਲੋਕ ਗੱਬਰ ਆਖਦੇ ਸਨ, ਹਰ ਵਾਰ ਇਕੋ ਗੱਲ ਦੁਹਰਾ ਦਿੰਦਾ। ਹੱਥ ਵਧਾ ਕੇ ਉਹ ਉਸ ਦੀ ਦਾਹੜੀ ਫੜ ਲੈਂਦਾ ਤੇ ਫਿਰ ਆਖਦਾ, "ਓਏ ...ਚੋਰਿਆ....ਮੁੰਡੇ ਨੂੰ ਫੜਾਦੇ ਨਹੀਂ ਤਾਂ ਮੈਂ ਤੇਰਾ ਟੱਬਰ ਉਜਾੜਦੂੰ।"

ਅਜਿਹੇ ਵੇਲੇ ਮਲਕੀਤ ਸਿੰਘ ਦੀ ਹਾਲਤ ਅਜੀਬ ਹੁੰਦੀ। ਕਦੇ ਉਹ ਮਨ

ਵਿੱਚ ਜੱਸੀ ਨੂੰ ਗਾਲ੍ਹਾਂ ਕੱਢਦਾ ਜਿਸ ਨੇ ਉਸ ਨੂੰ ਇਹ ਦਿਨ ਦਿਖਾਏ ਸਨ। ਤੇ ਕਦੇ ਉਹ ਪਿਛਾਂਹ ਪਰਤਦਾ, ਸਿੱਖ ਇਤਿਹਾਸ ਵੱਲ। ਉਸ ਨੂੰ ਯਾਦ ਆਉਂਦਾ ਕਿ ਇਸ ਸਰਹੱਦੀ ਸੂਬੇ ਦੇ ਲੋਕਾਂ ਨੂੰ ਆਪਣੀ ਅਣਖ, ਸਵੈਮਾਨ ਤੇ ਹੋਂਦ ਲਈ ਸਮੇਂ ਦੇ ਹਾਕਮਾਂ ਨਾਲ ਹਮੇਸ਼ਾ ਲੜਨਾ ਪੈਂਦਾ ਰਿਹਾ ਸੀ। ਅਜਿਹਾ ਕੁਝ ਸੋਚਦਿਆਂ ਉਸ ਵਿਚ ਲੋਹੜੇ ਦਾ ਜੋਸ਼ ਆ ਜਾਂਦਾ ਤੇ ਉਹ ਉੱਚਾ-ਲੰਮਾ ਖੁਰਦਰੀ ਦਾਹੜੀ ਵਾਲਾ ਥਾਣੇਦਾਰ ਉਸ ਨੂੰ ਤੁੱਛ ਜਾਪਣ ਲੱਗ ਪੈਂਦਾ। ਤੇ ਉਹ ਉਸ ਦਾ ਹਰ ਸਿਤਮ ਸਹਿਣ ਲਈ ਤਿਆਰ ਹੋ ਜਾਂਦਾ।

ਟੱਬਰ ਇਕ ਦਿਨ ਤਾਂ ਉੱਜੜ ਹੀ ਗਿਆ ਸੀ। ਹਰ ਤੀਏ ਦਿਨ ਆਉਂਦੀਆਂ ਪੁਲਸ ਧਾੜਾਂ ਨੇ, ਉਨ੍ਹਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਤੰਗ ਪੈ ਕੇ ਉਹ ਰਾਤੋ-ਰਾਤ ਟਰੱਕ ਵਿੱਚ ਜ਼ਰੂਰੀ ਜ਼ਰੂਰੀ ਸਾਮਾਨ ਲੱਦ ਕੇ ਯੂ. ਪੀ. ਨੂੰ ਚਲੇ ਗਏ ਸਨ। ਦਿਨ ਚੜ੍ਹੇ ਲੋਕਾਂ ਨੇ ਉਨ੍ਹਾਂ ਦੇ ਮਕਾਨ ਅੱਗੇ ਜਿੰਦਾ ਲਟਕਦਾ ਵੇਖਿਆ ਸੀ। ਧੁੱਪਾਂ-ਮੀਂਹਾਂ ਦਾ ਝੰਬਿਆ ਮਕਾਨ ਇਕੱਲਾ, ਉਦਾਸ ਤੇ ਚੁੱਪ ਖੜ੍ਹਾ ਸੀ। ਹਵਾ ਮਕਾਨ ਦੇ ਵਿਹੜੇ ਵਿੱਚ ਵੜਦੀ ਤੇ ਰੋੜਾ ਜਿਹਾ ਕੱਢ ਕੇ ਉੱਤੇ ਨੂੰ ਚੜ੍ਹ ਜਾਂਦੀ।

ਦਸ ਬਾਰਾਂ ਦਿਨਾਂ ਬਾਅਦ ਪੁਲਸ ਦੀਆਂ ਦੋ ਜਿਪਸੀਆਂ ਇਸ ਮਕਾਨ ਅੱਗੇ ਆ ਕੇ ਰੁਕੀਆਂ। ਉਹ ਜਿੰਦਾ ਭੰਨ ਕੇ ਅੰਦਰ ਲੰਘ ਗਏ। ਪੂਰਾ ਘੰਟਾ ਉਨ੍ਹਾਂ ਨੇ ਮਕਾਨ ਅੰਦਰ ਭੂਸਰੇ ਢੱਟੇ ਵਾਂਗ ਖੇਹ ਪਾਇਆ। ਤਖ਼ਤੇ ਭੰਨ ਸੁੱਟੇ, ਪੇਟੀਆਂ ਵਿਚੋਂ ਕੱਪੜੇ ਤੇ ਹੋਰ ਨਿਕਸੁੱਕ ਕੱਢ ਕੇ ਬਾਹਰ ਖਿਲੇਰ ਦਿੱਤਾ। ਲੋਕ ਆਪਣੇ ਘਰਾਂ ਵਿੱਚ ਦੁਬਕੇ ਬੈਠੇ ਰਹੇ। ਸਾਰੇ ਰਸਤੇ ਤੇ ਸੁੰਨ ਵਰਤੀ ਪਈ ਸੀ। ਜਿਵੇਂ ਉੱਥੋਂ ਕੋਈ ਦਿਓ ਲੰਘ ਰਿਹਾ ਹੋਵੇ। ਫੇਰ ਅਚਾਨਕ ਫਿਰਨੀ ਦੀ ਉਸ ਸੁੰਨ ਨੂੰ ਤੋੜਦਿਆਂ ਹੋਇਆਂ ਨੇਕ ਅਮਲੀ ਉਧਰ ਆ ਨਿਕਲਿਆ। ਪੀਨਕ ਜਿਹੀ ਵਿੱਚ ਉਹ ਅਡੋਲ ਹੀ ਸਾਈਕਲ ਤੇ ਚੜ੍ਹਿਆ ਆ ਰਿਹਾ ਸੀ। ਉਸ ਭਲੇਮਾਣਸ ਨੂੰ ਰਸਤੇ ਵਿੱਚ ਕਿਸੇ ਵਰਜਿਆ ਵੀ ਨਹੀਂ ਸੀ। ਪਰ ਜਦੋਂ ਉਸ ਨੇ ਮਲਕੀਤ ਦੇ ਦਰਾਂ ਮੂਹਰੇ ਦੋ ਜੀਪਾਂ ਤੇ ਕੁਝ ਪੁਲਸੀਏ ਖੜ੍ਹੇ ਵੇਖੇ ਤਾਂ ਉਹ ਦਹਿਲ ਗਿਆ। ਉਸੇ ਵੇਲੇ ਇਕ ਸਿਪਾਹੀ ਨੇ ਉੱਚੀ ਦੇਣੇ ਕਿਹਾ, "ਉਏ ਕਿਧਰ ਨੂੰ ਬੂਥਾ ਚੁੱਕਿਐ, ਇਧਰ ਆ.....।"

ਨੇਕ ਘਬਰਾ ਕੇ ਸਾਈਕਲ ਤੋਂ ਉਤਰ ਗਿਆ। ਉਸ ਨੇ ਸਾਈਕਲ ਕੰਧ ਨਾਲ ਖੜ੍ਹਾ ਕਰ ਦਿੱਤਾ। ਪਰ ਸਾਈਕਲ ਖਿਸਰਦਾ-ਖਿਸਰਦਾ ਥੱਲੇ ਡਿੱਗ ਪਿਆ। ਨੇਕ ਨੇ ਸਾਈਕਲ ਦੇ ਡਿੱਗਣ ਦੀ ਆਵਾਜ਼ ਸੁਣੀ, ਪਰ ਉਸ ਨੇ ਪਿੱਛੇ ਮੁੜਕੇ ਨਹੀਂ ਦੇਖਿਆ। ਉਹ ਸਿਪਾਹੀ ਮੂਹਰੇ ਜਾ ਖੜ੍ਹਿਆ। ਸਿਪਾਹੀ ਨੇ ਪੁੱਛਿਆ, "ਕਿਹੜਾ ਪਿੰਡ ਐ ਉਏ ਤੇਰਾ?"

"ਆਹੀ ਐ ਜੀ।" ਨੇਕ ਦਾ ਪਿਸ਼ਾਬ ਨਿਕਲਣ ਵਾਲਾ ਹੋਇਆ ਪਿਆ ਸੀ।

ਡਰ ਅਸਲ ਵਿੱਚ ਉਸ ਨੂੰ ਖੀਸੇ ਵਿੱਚ ਪਾਏ ਹੋਏ ਮਾਲ ਦਾ ਸੀ, ਜਿਹੜਾ ਉਹ ਸੇਤੂ ਡਰਾਈਵਰ ਤੋਂ ਲੈ ਕੇ ਆ ਰਿਹਾ ਸੀ।

"ਇਹਨਾਂ ਦੀਆਂ ਮੱਝਾਂ ਨੂੰ ਪੱਠੇ ਕੌਣ ਪਾਉਂਦਾ ਹੁੰਦੈ?"



"ਆਪਾਂ ਨੂੰ ਤਾਂ ਪਤਾ ਨੀਂ ਮਾਰ੍ਹਾਜ..ਮੈਂ ਤਾਂ ਮੋਟਰ ਤੇ ਈ ਰਹਿਨਾ ਬਹੁਤਾ।"

"ਸੱਚ ਸੱਚ ਦੱਸ...ਟਾਲੇ ਨਾ ਲਾ।" ਸਿਪਾਹੀ ਨੇ ਉਸ ਦੇ ਗਿੱਟੇ ਤੇ ਬੂਟ ਦੀ ਠੁੱਡ ਮਾਰੀ।

"ਮੈਨੂੰ ਪਤਾ ਨੀ ਜੀ.....।" ਨੇਕ ਨੇ ਮਿਨਤ ਨਾਲ ਹੱਥ ਜੋੜ ਦਿੱਤੇ। ਸਿਪਾਹੀ ਨੇ ਉਸ ਨੂੰ ਕੰਧ ਕੋਲ ਜਾ ਕੇ ਬੈਠ ਜਾਣ ਲਈ ਕਿਹਾ। ਨੇਕ ਕੰਧ ਨਾਲ ਪਿੱਠ ਲਾ ਕੇ ਬੈਠ ਗਿਆ। ਉਹ ਖਾਸਾ ਚਿਰ ਬੈਠਾ ਰਿਹਾ। ਬੈਠਾ ਬੈਠਾ ਉਹ ਫਸੀ ਗੁਟਾਰ ਵਾਂਗ ਝਾਕ ਰਿਹਾ ਸੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨੂੰ ਕਿਉਂ ਬਿਠਾ ਰੱਖਿਆ ਹੈ। ਅੰਦਰ ਪੁਲਸ ਵਾਲੇ ਪਤਾ ਨਹੀਂ ਕੀ ਕਰੀ ਜਾ ਰਹੇ ਸਨ। ਨੇਕ ਨੇ ਜੀਪ ਕੋਲ ਖੜ੍ਹੇ ਸਿਪਾਹੀਆਂ ਤੋਂ ਅੱਖ ਬਚਾ ਕੇ, ਆਪਣੇ ਖੀਸੇ ਵਿਚੋਂ ਅਫ਼ੀਮ ਵਾਲਾ ਮੋਮੀ ਕਾਗਜ਼ ਕੱਢਿਆ ਤੇ ਆਪਣੇ ਥੱਲੇ ਵਾਲੀ ਕਰੀਹ ਹੋਈ ਮਿੱਟੀ ਵਿੱਚ ਦੱਬ ਦਿੱਤਾ। ਹੁਣ ਉਸ ਦੀ ਚਿੰਤਾ ਕੁਝ ਘੱਟ ਗਈ ਸੀ। ਕੁੱਝ ਦੇਰ ਬਾਅਦ ਵੱਡਾ ਥਾਣੇਦਾਰ ਬਾਹਰ ਨਿਕਲਿਆ। ਸਾਰੇ ਸਿਪਾਹੀ ਵੀ ਉਸ ਦੇ ਮਗਰ ਹੀ ਬਾਹਰ ਆ ਗਏ। ਉਸੇ ਸਿਪਾਹੀ ਨੇ ਉਸ ਨੂੰ ਨੇਕ ਬਾਰੇ ਕੁੱਝ ਕਿਹਾ। ਫੇਰ ਉਹ ਨੇਕ ਵੱਲ ਵਧਿਆ। ਨੇਕ ਦਾ ਦਿਲ ਧੜਕ ਰਿਹਾ ਸੀ। ਸਿਪਾਹੀ ਨੇ ਕਿਹਾ, "ਉਠ ਉਏ ਮੱਝਾਂ ਖੋਲ੍ਹ, ਸੰਗਲ ਨਾਲ ਹੀ ਰਹਿਣ ਦੇਵੀਂ, ਇਨ੍ਹਾਂ ਨੂੰ ਹੱਕ ਕੇ ਸੱਜੂਪੁਰ ਨੂੰ ਲੈ ਆ।"

"ਪਰ ਜੀ ਮੇਰੀ ਤਾਂ ਮੋਟਰ ਚੱਲਦੀ ਐ..ਮੇਰਾ ਪਾਣੀ ਕੌਣ ਸਾਂਭੂ।" ਨੇਕ ਨੇ ਕਿਹਾ।

"ਤੁਰਦੈਂ ਕਿ ਨਹੀਂ....ਮੱਝਾਂ ਛੱਡ ਕੇ ਮੁੜ ਆਵੀਂ।" ਥਾਣੇਦਾਰ ਨੇ ਫੁੰਕਾਰਾ ਜਿਹਾ ਮਾਰ ਕੇ ਕਿਹਾ। ਜੀਪਾਂ ਨੇਕ ਨੂੰ ਤੋਰ ਕੇ ਤੁਰੀਆਂ। ਮੱਝਾਂ ਪਿੱਛੇ ਤੁਰੇ ਜਾਂਦੇ ਨੇਕ ਨੂੰ ਆਪਣੇ ਦੋ ਤੋਲੇ ਮਾਲ ਦੀ ਚਿੰਤਾ ਖਾਈ ਜਾ ਰਹੀ ਸੀ। ਮਿੱਟੀ ਥੋੜ੍ਹੀ ਹੋਣ ਕਰਕੇ ਉਹ ਚੰਗੀ ਤਰ੍ਹਾਂ ਨਹੀਂ ਸੀ ਲੁਕਿਆ। ਉਸ ਨੂੰ ਡਰ ਸੀ ਕਿ ਕਿਤੇ ਉਹ ਕਿਸੇ ਦੇ ਹੱਥ ਨਾ ਲੱਗ ਜਾਵੇ।

ਜੱਸੀ ਇਕ ਦਿਨ ਹਰਿੰਦਰ ਨੂੰ ਮਿਲਣ ਘਰੇ ਆਇਆ। ਬਾਹਰ ਕਾਰ ਰੋਕਦਿਆਂ ਉਸ ਨੇ ਹਰਿੰਦਰ ਨੂੰ ਕੋਠੇ 'ਤੇ ਖੜ੍ਹਾ ਦੇਖਿਆ। ਹਰਿੰਦਰ ਦੇ ਵਿਹੜੇ ਵਿੱਚ ਆ ਕੇ ਉਸ ਨੇ ਤਾਈ ਅਤੇ ਬਿੰਦਰ ਦੀ ਘਰ ਵਾਲੀ ਨੂੰ ਮੱਥਾ ਟੇਕਿਆ। ਪੌੜੀਆਂ ਚੜ੍ਹਦਿਆਂ ਉਸ ਨੇ ਬਰਾਬਰ ਆਪਣੇ ਵਿਹੜੇ ਵੱਲ ਨਜ਼ਰ ਮਾਰੀ। ਪਲ ਭਰ ਲਈ ਉਹ ਰੁਕ ਗਿਆ। ਉਸ ਨੇ ਟੁੱਟੇ ਪਏ ਤਖ਼ਤਿਆਂ ਤੇ ਸੁੰਨੀ ਪਈ ਖੁਰਲੀ ਵੱਲ ਦੇਖਕੇ ਘੂਰੀ ਵੱਟੀ। ਚੌਤਰੇ ਵਿੱਚ ਗਿੱਠ ਗਿੱਠ ਘਾਹ ਉੱਗਿਆ ਪਿਆ ਸੀ। ਇੱਥੋਂ ਤੱਕ ਕਿ ਚੁੱਲ੍ਹੇ ਵਿੱਚ ਵੀ ਹਰਿਆਲੀ ਉਸ ਵੱਲ ਝਾਕ ਰਹੀ ਸੀ। ਵਿਹੜੇ ਵਿਚਲਾ ਉਜਾੜ ਉਸ ਨੂੰ ਆਪਣੇ ਅੰਦਰ ਪਸਰਦਾ ਮਹਿਸੂਸ ਹੋਇਆ। ਉਸ ਦੀਆਂ ਅੱਖਾਂ ਅੰਗ ਵਾਂਗ ਦਗਣ ਲੱਗ ਪਈਆਂ। ਕੁਝ ਬੁੜਬੁੜਾ ਕੇ ਉਸ ਨੇ ਸਿਰ ਹਿਲਾਇਆ ਤੇ ਫੇਰ ਪੌੜੀਆਂ ਚੜ੍ਹਨ ਲੱਗਾ। ਹਰਿੰਦਰ ਸਾਹਮਣੇ ਖੜ੍ਹਾ ਸੀ ਪਰ ਜੱਸੀ ਚੁੱਪ ਚਾਪ ਅੰਦਰ ਲੰਘ ਗਿਆ। ਉਸ ਦੇ ਪਿੱਛੇ ਜਾਂਦਿਆਂ ਹਰਿੰਦਰ ਨੇ ਉਸ ਨੂੰ ਅੱਖਾਂ ਪੁੱਝਦੇ ਤੱਕਿਆ। ਇਕ ਦੋ ਸਰਸਰੀ ਗੱਲਾਂ ਤੋਂ ਬਾਅਦ ਉਸ ਨੇ ਕਿਹਾ,

"ਯੂਨੀਵਰਸਿਟੀ ਵਿਚ ਤੂੰ ਸਾਡੇ ਖਿਲਾਫ਼ ਨਾ ਬੋਲਿਆ ਕਰ, ਮੈਨੂੰ ਸਾਡੇ ਮੁਖੀ ਨੇ ਤੈਨੂੰ ਸਮਝਾਉਣ ਵਾਸਤੇ ਕਿਹਾ ਹੈ। ਅਸੀਂ ਸਿਰ ਧੜ ਦੀ ਬਾਜ਼ੀ ਲਾ ਕੇ ਲੜ ਰਹੇ ਹਾਂ ਤੇ ਤੂੰ ਸਾਡੇ ਵਿਰੁੱਧ ਬੋਲੀ ਜਾਨਾਂ, ਅੱਗੇ ਤੋਂ ਬੜਾ ਭਾਈ ਬਣ ਕੇ ਖ਼ਿਆਲ ਰੱਖੀਂ...ਮੈਂ ਤੈਨੂੰ ਹੋਰ ਕੀ ਕਹਿ ਸਕਦਾਂ ਤੂੰ ਮੇਰੇ ਤੋਂ ਵੱਡਾ ਏਂ ?" ਹਰਿੰਦਰ ਨੇ ਗੰਭੀਰਤਾ ਨਾਲ ਉਸ ਵੱਲ ਦੇਖਿਆ ਤੇ ਫਿਰ ਕੁੱਝ ਸੋਚਦਿਆਂ ਕਿਹਾ, "ਜੇਕਰ ਕੋਈ ਥੋਡੀਆਂ ਖ਼ਾਮੀਆਂ ਦੀ ਆਲੋਚਨਾ ਕਰੇ ਤਾਂ ਇਹ ਕੋਈ ਮਾੜੀ ਤਾਂ ਨਹੀਂ ?"

"ਮੈਂ ਬਹੁਤ ਕਾਹਲੀ ਵਿਚ ਹਾਂ, ਮੇਰੇ ਕੋਲ ਬਹਿਸ ਕਰਨ ਦਾ ਵਕਤ ਨਹੀਂ, ਪਰ ਤੂੰ ਮੇਰਾ ਵੀਰ ਸਾਡੇ ਖਿਲਾਫ ਨਾ ਬੋਲੀਂ।" ਉਸ ਨੇ ਕਿਹਾ ਤੇ ਜਾਣ ਲਈ ਉੱਠ ਖੜ੍ਹਿਆ। ਹਰਿੰਦਰ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ ਸੀ। ਉਸ ਨੇ ਅੱਗੇ ਕੁੱਝ ਨਹੀਂ ਕਿਹਾ। ਤੇ ਜੱਸੀ ਚਲਿਆ ਗਿਆ।

ਕੁਝ ਮਹੀਨੇ ਸ਼ਾਂਤੀ ਨਾਲ ਲੰਘੇ ਸਨ। ਫੇਰ ਜੱਸੀ ਤੇ ਉਸ ਦੇ ਸਾਥੀਆਂ ਨੇ ਇਕ ਸਰਕਾਰੀ ਯੂਨਿਟ ਵਿਚ ਕੰਮ ਕਰਦੇ ਕੁਝ ਇੰਜੀਨੀਅਰ ਮਾਰ ਦਿੱਤੇ ਸਨ। ਉਨ੍ਹਾਂ ਦਾ ਦੋਸ਼ ਇਹ ਸੀ ਉਹ ਪੰਜਾਬ ਵਿੱਚ ਕੰਮ ਕਰਨ ਆਏ ਸਨ। ਲੋਕਾਂ ਨੇ ਜੱਸੀ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਸੀ। ਪਰ ਤੋੜਾ ਵੀ ਲੋਕਾਂ ਤੇ ਹੀ ਝੜਿਆ ਸੀ। ਅਗਲੇ ਦਿਨ ਪੁਲਸ ਦੀਆਂ ਜੀਪਾਂ ਫੇਰ ਪਿੰਡ ਵਿਚ ਆ ਵੜੀਆਂ ਸਨ। ਇਸ ਵਾਰ ਉਨ੍ਹਾਂ ਨੇ ਹਰਿੰਦਰ ਸਮੇਤ ਚਾਰ ਜਣਿਆ ਨੂੰ ਚੁੱਕ ਲਿਆ ਸੀ। ਦੂਸਰੇ ਦੋਨੋ ਮੁੰਡੇ ਜੱਸੀ ਦੇ ਜਮਾਤੀ ਰਹੇ ਸਨ ਤੇ ਹੁਣ ਮੰਡੀ ਪੜ੍ਹਦੇ ਸਨ। ਸਾਰੇ ਪਿੰਡ ਵਿਚ ਭਗਦੜ ਮਚ ਗਈ ਸੀ। ਜਦੋਂ ਦਾ ਗੱਬਰ ਥਾਣੇਦਾਰ ਮੰਡੀ ਆਇਆ ਸੀ, ਥਾਣੇ ਮੂਹਰੇ ਪੰਚਾਇਤਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਪਿੰਡਾਂ ਵਿੱਚ ਖਾੜਕੂਆਂ ਦੀਆਂ ਠਾਹਰਾਂ ਖ਼ਤਮ ਕਰਨ ਲਈ ਉਸ ਨੇ ਆਪਣਾ ਇਕ ਢੰਗ ਚਲਾਇਆ ਹੋਇਆ ਸੀ। ਰਾਤ ਨੂੰ ਉਹ ਸਿਵਲ ਕੱਪੜੇ ਪਾ ਕੇ ਸਿਰ 'ਤੇ ਪੀਲਾ ਪਟਕਾ ਬੰਨ੍ਹ ਕੇ ਲੋਕਾਂ ਦੇ ਘਰੇ ਜਾ ਵੜਦਾ। ਉਨ੍ਹਾਂ ਕੋਲ ਅਸਾਲਟਾਂ ਵੇਖ ਕੇ ਲੋਕ ਉਸ ਨੂੰ ਖਾੜਕੂ ਸਮਝ ਲੈਂਦੇ ਸਨ। ਰੋਟੀ ਖਾ ਕੇ ਉਹ ਘਰ ਦੇ ਜੀਆਂ ਨਾਲ ਗੱਲੀਂ ਪੈ ਜਾਂਦਾ। ਲੋਕ ਤਾਂ ਇੰਨੇ ਤੇਜ਼ ਹੋ ਗਏ ਸਨ ਕਿ ਪੁਲਸੀਆਂ ਸਾਹਮਣੇ ਮੁੰਡਿਆਂ ਨੂੰ ਮਾੜਾ ਚੰਗਾ ਕਹਿ ਲੈਂਦੇ ਸਨ ਤੇ ਮੁੰਡਿਆਂ ਸਾਹਮਣੇ ਪੁਲਸ ਨੂੰ ਗਾਲ੍ਹਾਂ ਕੱਢਣੀਆਂ ਹੀ ਸਨ। ਪਰ ਗੱਬਰ ਮੂਹਰੇ ਉਨ੍ਹਾਂ ਦੀ ਇਹ ਚਲਾਕੀ ਨਾ ਚੱਲਦੀ, ਉਹ ਖਿਲਟਿਆਂ ਹੋਇਆ ਤੇ ਆਪਣੇ ਆਪ ਨੂੰ ਘੋਟ ਕਹਾਉਂਦਾ ਥਾਣੇਦਾਰ ਸੀ। ਲੋਕ ਉਸ ਨੂੰ ਖਾੜਕੂ ਸਮਝ ਕੇ ਪੁਲਸ ਵਾਲਿਆਂ ਨੂੰ ਗਾਲ੍ਹਾਂ ਕੱਢ ਬਹਿੰਦੇ। ਪਰ ਉਨ੍ਹਾਂ ਦੀ ਇਹ ਭੜਾਸ ਗੱਬਰ ਨੂੰ ਗੁੱਸਾ ਚਾੜ੍ਹ ਦਿੰਦੀ। ਅਗਲੇ ਹੀ ਦਿਨ ਉਹ ਵਰਦੀ ਵਿਚ ਆਉਂਦਾ ਤੇ ਅਗਲੇ ਨੂੰ ਚੁੱਕ ਕੇ ਲੈ ਜਾਂਦਾ। ਲੋਕ ਭੰਬਲ ਭੂਸੇ ਵਿੱਚ ਪਏ ਹੋਏ ਸਨ।

ਥਾਣੇ ਮੂਹਰੇ ਇਕੱਠੇ ਹੋਏ ਲੋਕਾਂ ਨੂੰ ਆਥਣ ਹੋ ਗਈ। ਮੂੰਹ ਹਨੇਰੇ ਉਸ ਨੇ ਤਿੰਨ ਮੁੰਡੇ ਮੋੜ ਦਿੱਤੇ। ਮੁੰਡੇ ਇਸ ਤਰ੍ਹਾਂ ਡਰੇ ਪਏ ਸਨ ਜਿਵੇਂ ਉਹ ਜਮਦੂਤ-ਖਾਨੇ ਵਿੱਚ ਰਹਿ ਆਏ ਹੋਣ। ਹਰਿੰਦਰ ਅਜੇ ਉਸ ਨੇ ਨਹੀਂ ਮੋੜਿਆ ਸੀ। ਅਗਲੇ ਦਿਨ ਫੇਰ ਚਾਰ ਟਰਾਲੀਆਂ ਗਈਆਂ। ਬੰਤਾ ਸਿੰਘ ਨੇ ਥਾਣੇਦਾਰ ਦਾ ਜਾਣੂ ਬੰਦਾ ਵਿੱਚ ਪਾਇਆ।



ਉਸ ਬੰਦੇ ਨੇ ਦਸ ਹਜ਼ਾਰ ਰੁਪਈਆ ਲਿਆ ਤੇ ਚੁਟਕੀ ਮਾਰਨ ਵਾਂਗ ਹਰਿੰਦਰ ਨੂੰ ਬਾਹਰ ਲੈ ਆਇਆ। ਕੁੱਟ ਦਾ ਭੰਨਿਆ ਹਰਿੰਦਰ ਦੋ ਦਿਨ ਵਿਚ ਹੀ ਬੇਪਛਾਣ ਹੋ ਗਿਆ ਸੀ। ਉਸ ਦੀ ਦਾਹੜੀ ਦੇ ਬਹੁਤ ਸਾਰੇ ਵਾਲ ਪੁੱਟੇ ਹੋਏ ਸਨ ਤੇ ਉਸ ਦੇ ਸਰੀਰ ਤੇ ਥਾਂ-ਥਾਂ ਕੁੱਟ ਦੇ ਨਿਸ਼ਾਨ ਸਨ।

ਕੁਝ ਹੀ ਦਿਨਾਂ ਬਾਅਦ ਜੱਸੀ ਇਸ ਘਟਨਾ ਬਾਰੇ ਸੱਥ ਵਿੱਚ ਬੈਠੇ ਲੋਕਾਂ ਤੋਂ ਪੁੱਛ ਰਿਹਾ ਸੀ। ਲੋਕ ਉਸ ਨੂੰ ਦੇਖ ਕੇ ਇਕੱਠੇ ਹੋਣ ਲੱਗੇ ਸਨ। ਉਸ ਨਾਲ ਆਏ ਚਾਰ ਮੁੰਡੇ ਆਲੇ-ਦੁਆਲੇ ਦੀ ਥਿੜਕ ਰੱਖ ਰਹੇ ਸਨ। ਜੱਸੀ ਬਾਰੇ ਪਤਾ ਲੱਗਣ 'ਤੇ ਬੰਤਾ ਸਿੰਘ ਵੀ ਘਰੋਂ ਬਾਹਰ ਆ ਗਿਆ। ਉਸ ਨੇ ਜੱਸੀ ਨੂੰ ਕਿਹਾ, "ਤੂੰ ਤਾਂ ਭਾਈ ਘਰ ਬਾਰ ਛੱਡੀਂ ਫਿਰਦਾਂ, ਕੁਝ ਸਾਡੇ ਬਾਰੇ ਵੀ ਸੋਚ ਲਿਆ ਕਰ...ਪੁਲਸ ਨੇ ਕੁੱਟ-ਕੁੱਟ ਕੇ ਮੁੰਡਿਆਂ ਦਾ ਨਾਸ ਮਾਰਿਆ ਪਿਆ, ਸਾਰੀ ਉਮਰ ਦੇ ਰੋਗੀ ਕਰਕੇ ਰੱਖਤੇ....।"

"ਫੇਰ ਤਾਇਆ ਮੈਂ ਦੱਸ ਕੀ ਕਰਾਂ...ਅਸੀਂ ਵੀ ਥੋਡੇ ਖ਼ਾਤਰ ਹੀ ਘਰ ਘਾਟ ਛੱਡੀ ਫਿਰਦੇ ਆਂ।" ਜੱਸੀ ਨੇ ਕਿਹਾ ਤੇ ਉਸ ਨੇ ਸਾਰਿਆਂ ਵੱਲ ਇਕ ਨਜ਼ਰ ਮਾਰੀ।

"ਸਾਡਾ ਕਸੂਰ ਤਾਂ ਇਹੀ ਐ ਬਈ ਤੂੰ ਸਾਡਾ ਕੁਝ ਲੱਗਦਾਂ।" ਕੁਝ ਚਿਰ ਦੀ ਚੁੱਪ ਬਾਅਦ ਬੰਤਾ ਸਿੰਘ ਨੇ ਕਿਹਾ।

"ਕੀ ਕਹਿੰਦਾ ਸੀ ਥਾਣੇਦਾਰ ?" ਜੱਸੀ ਨੇ ਗਰਜਵੀਂ ਆਵਾਜ਼ ਵਿੱਚ ਪੁੱਛਿਆ। ਉਹ ਪੂਰੇ ਦਾ ਪੂਰਾ ਬਦਲਿਆ ਪਿਆ ਸੀ। ਇਹ ਉਹ ਜੱਸੀ ਤਾਂ ਲੱਗਦਾ ਹੀ ਨਹੀਂ ਸੀ ਜਿਹੜਾ ਵਿਹਲੇ ਵੇਲੇ ਬੁੜ੍ਹਿਆਂ ਨਾਲ ਤਾਸ਼ ਖੇਡਣ ਆ ਲੱਗਦਾ ਹੁੰਦਾ ਸੀ। ਉੱਚੀ-ਉੱਚੀ ਰੌਲਾ ਪਾਉਂਦਾ ਸੀ ਤੇ ਝੂਠੀ-ਮਿੱਚੀ ਦਾ ਬਜ਼ੁਰਗਾਂ ਨਾਲ ਝਗੜ ਪੈਂਦਾ ਸੀ। ਉਹ ਬੁੱਢੇ ਹੁਣ ਤਾਸ਼ ਬੰਦ ਕਰੀ ਬੈਠੇ ਉਸ ਵੱਲ ਸਿੱਧਾ ਸਿੱਧਾ ਝਾਕੀ ਜਾਂਦੇ ਸਨ।

"ਕਹਿੰਦਾ ਜੱਸੀ ਨੂੰ ਫੜਾਉ...ਉਹ ਥੋਡੇ ਕੋਲ ਆਉਂਦੈ...।" ਸਰਪੰਚ ਨੇ ਕਿਹਾ।

"ਪੁਲਸ ਵਿਚ ਸਾਰੇ ਚਮਾਰ-ਚੂਹੜੇ ਭਰਤੀ ਕਰੇ ਪਏ ਨੇ....ਤਾਂ ਹੀ ਤਾਂ ਜੱਟਾਂ ਦੇ ਮੁੰਡਿਆਂ ਨੂੰ ਤੰਗ ਕਰਦੇ ਨੇ....।" ਸਪੀਕਰ ਵਾਲੇ ਰਾਮੇ ਨੇ ਜਦੋਂ ਇਹ ਗੱਲ ਕਹੀ ਤਾਂ ਜੱਸੀ ਨੇ ਇਕਦਮ ਸਿਰ ਘੁਮਾਕੇ ਉਸ ਵੱਲ ਦੇਖਦਿਆਂ ਕਿਹਾ, "ਤੈਨੂੰ ਕੀਹਨੇ ਕਿਹੈ ਬਈ ਪੁਲਸ ਵਿੱਚ ਚਮਾਰ-ਚੂਹੜੇ ਵੱਧ ਹੁੰਦੇ ਨੇ...ਓਧ ਤੋਂ ਵੱਧ ਥੋਡੀ ਜੱਟ ਵੇਰ੍ਹ ਭਰਤੀ ਹੋਈ ਪਈ ਐ....ਜਿਹੜੀ ਚੰਗੀ ਕਰਾਂ ਮੈਂ ਕਰਾਂ, ਜਿਹੜੀ ਮਾੜੀ ਕਰੇ ਦਰਾਣੀ, ਜੱਟਾਂ ਦੇ ਮੁੰਡੇ ਈ ਨੇ ਜਿਹੜੇ ਮੱਸੇ ਰੰਘੜ ਵਾਲਾ ਵਰਤਾ ਕਰਦੇ ਨੇ...।"

ਕੁਝ ਚਿਰ ਲਈ ਚੁੱਪ ਪਸਰ ਗਈ। ਉਪਰ ਬਰੋਟੇ ਤੇ ਚਿੜੀਆਂ ਗੱਲੀਂ ਰੁਝੀਆਂ ਹੋਈਆਂ ਸਨ। ਫੇਰ ਜੱਸੀ ਨੇ ਆਪਣੀ ਅਸਾਲਟ ਦੂਜੇ ਮੋਢੇ ਵਿਚ ਟੰਗਦਿਆਂ ਕਿਹਾ, "ਜਾਉ ਥਾਣੇ ਹੁਣੇ ਥਾਣੇਦਾਰ ਨੂੰ ਕਿਹੋ ਬਈ ਜੱਸੀ ਪਿੰਡ ਆਇਆ ਹੋਇਐ...ਫੜ ਲਵੇ ਆ ਕੇ।" ਆਖਦਿਆਂ ਜੱਸੀ ਦਾ ਚਿਹਰਾ ਲਾਲ ਹੋ ਗਿਆ। ਉਸ ਦੀਆਂ ਅੱਖਾਂ ਦੀ ਤਾਬ ਝੱਲੀ ਨਹੀਂ ਸੀ ਜਾਂਦੀ। "ਉਸ ਨੂੰ ਕਿਹੋ ਬਈ ਜੱਸੀ ਹੋਰੀਂ ਤੈਨੂੰ ਮੁੱਲਾਂਪੁਰ ਦੇ ਗੁਰਦੁਆਰੇ ਸਾਹਿਬ ਵਿੱਚ ਉਡੀਕਦੇ ਨੇ, ਹੁਣ ਜਾਉ ਇਕੱਠੇ ਹੋ ਕੇ।"

ਇਸ ਤਰ੍ਹਾਂ ਕਹਿ ਕੇ ਉਹ ਗੁਰਦੁਆਰੇ ਵੱਲ ਨੂੰ ਤੁਰ ਪਿਆ। ਉਸਦੇ ਸਾਥੀ ਉਸਦੇ ਨਾਲ ਹੋ ਤੁਰੇ। ਲੋਕ ਅਜੇ ਵੀ ਅਚੰਭੇ ਵਾਂਗ ਉਨ੍ਹਾਂ ਵੱਲ ਦੇਖ ਰਹੇ ਸਨ। ਦੇਖਦਿਆਂ-ਦੇਖਦਿਆਂ ਉਹ ਪੰਜੇ ਜਾਣੇ ਮੱਥਾ ਟੇਕ ਕੇ ਗੁਰਦੁਆਰੇ ਦੀ ਵੱਡੀ ਇਮਾਰਤ ਵਿਚ ਵੜ ਗਏ।

ਲੋਕ ਕੁਝ ਚਿਰ ਇਸ ਬਾਰੇ ਸਲਾਹ ਕਰਦੇ ਰਹੇ। ਫੇਰ ਉਨ੍ਹਾਂ ਨੇ ਜਾਣ ਦੀ ਸਲਾਹ ਬਣਾ ਲਈ। ਥੋਤਾ ਸਿੰਘ ਟਰਾਲੀ ਲੈ ਆਇਆ। ਕਾਫੀ ਸਾਰੇ ਬੰਦੇ ਟਰਾਲੀ ਵਿਚ ਬੈਠ ਗਏ। ਕੁਝ ਲੋਕਾਂ ਦੇ ਭਾਅ ਦਾ ਇਹ 'ਦਮੰਦ' ਹੀ ਸੀ। ਪਰ ਮੋਹਤਬਰ ਬੰਦੇ ਇਸਨੂੰ ਗੰਭੀਰਤਾ ਨਾਲ ਲੈ ਰਹੇ ਸਨ। ਟਰਾਲੀ ਸੰਜੂਪੁਰ ਦੀ ਪੁਲਸ ਚੌਕੀ ਪਹੁੰਚ ਗਈ। ਛੋਟੇ ਥਾਣੇਦਾਰ ਨੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ। ਸੁਣੀ ਤੇ ਫਿਰ ਖੰਗੂਰਾ ਮਾਰ ਕੇ ਇਕ ਹੋਰ ਤਰ੍ਹਾਂ ਦੇ ਰੋਹਬ ਨਾਲ ਬੋਲਿਆ, "ਉੱਠ ਕੇ ਆਗੇ ਲੰਗਾੜ ਬੰਨ੍ਹਕੇ, ਜੱਸੀ ਕੋਈ ਕਬੂਤਰ ਦਾ ਬੱਚਾ, ਬਈ ਜਾ ਕੇ ਫੜਲੀਏ, ਚਲੋ ਨਿਕਲੋ ਬਾਹਰ, ਉਹਨੂੰ ਕਿਹੋ, ਕੋਈ ਨੀ ਮੌਕਾ ਆਏ ਤੋਂ ਜ਼ਰੂਰ ਮਿਲਾਂਗੇ....ਚਲੋ ਭੱਜੋ, ਲੈ ਸਾਲੇ ਚੋਰੇ ਕੱਠੇ ਹੋ ਕੇ ਆਏ ਨੇ, ਜਿਵੇਂ ਕੋਈ ਤਮਾਸ਼ਾ ਹੁੰਦਾ...।"

"ਸਾਨੂੰ ਤੰਗ ਨਾ ਕਰਿਆ ਕਰੋ ਜੀ ਫੇਰ, ਅਸੀਂ ਤਾਂ ਇਸੇ ਕਰਕੇ ਆਏ ਸੀ।" ਸਰਪੰਚ ਨੇ ਹੌਸਲਾ ਕਰਕੇ ਕਿਹਾ।

"ਜਾਹ-ਜਾਹ ਬਹੁਤੀ ਮਗਜੌਲੀ ਨਾ ਮਾਰ।"

ਲੋਕ ਮੂੰਹ ਲਟਕਾਕੇ ਬਾਹਰ ਨਿਕਲ ਆਏ। ਵਿਚੋਂ ਕਈ ਮੁਸਕੜੀਏ ਹੱਸ ਰਹੇ ਸਨ। ਸਾਰੇ ਰਾਹ ਉਹ ਉੱਚੀ-ਉੱਚੀ ਗਾਲ੍ਹਾਂ ਕੱਢਦੇ ਪਿੰਡ ਮੁੜੇ। "ਹੁਣ ਡਰ ਲੱਗਦਾ ਪਿਉ ਤੋਂ, ਮਿਲੋ ਹੁਣ।" ਨੇਕ ਅਮਲੀ ਨੇ ਕਿਹਾ। ਉਹ ਟਰੈਕਟਰ ਦੇ ਮਡਗਾਰਡ ਤੇ ਫਸਿਆ ਬੈਠਾ ਸੀ।

ਪਰ ਇਹ ਜੱਸੀ ਹੁਰਾਂ ਦੇ ਚੜ੍ਹਾਈ ਦੇ ਦਿਨਾਂ ਦੀ ਗੱਲ ਸੀ। ਉਸ ਤੋਂ ਬਾਅਦ ਪੁਲਸ ਨਾਲ ਉਨ੍ਹਾਂ ਦੀ ਲੱਤ ਉੱਤੇ ਥੱਲੇ ਹੁੰਦੀ ਰਹੀ ਸੀ। ਮਲਕੀਤ ਸਿੰਘ ਨੇ ਯੂ. ਪੀ. ਵਿੱਚ ਅਜੀਬ ਜਿਹੀ ਬੇਚੈਨੀ ਵਿਚ ਦਿਨ ਗੁਜ਼ਾਰੇ ਸਨ। ਬਿਲਸੰਡੇ ਸ਼ਹਿਰ ਦਾ ਦਾਰੋਗਾ ਉਨ੍ਹਾਂ 'ਤੇ ਸ਼ੱਕ ਕਰਨ ਲੱਗਾ ਸੀ। ਅਖ਼ਬਾਰ ਰਾਹੀਂ ਜੱਸੀ ਦੇ ਮਰਨ ਦੀ ਖ਼ਬਰ ਉਨ੍ਹਾਂ ਕੋਲ ਪੁੱਜੀ ਸੀ। ਜਿਸ ਦਿਨ ਉਹ ਪਿੰਡ ਵਾਪਸ ਆਏ ਸਨ, ਉਸ ਦਿਨ ਪਿੰਡ ਦੇ ਬਹੁਤ ਸਾਰੇ ਲੋਕ ਜੱਸੀ ਦੇ ਫੁੱਲ ਪਾਉਣ ਗਏ ਹੋਏ ਸਨ। ਉਸ ਤੋਂ ਬਾਅਦ ਭੋਗ ਪੈ ਗਿਆ ਸੀ ਤੇ ਜ਼ਿੰਦਗੀ ਸਹਿਜਤਾ ਧਾਰਨ ਕਰਦੀ ਜਾ ਰਹੀ ਸੀ।

ਮਲਕੀਤ ਸਿੰਘ ਨੇ ਘਰ ਦੀ ਹਾਲਤ ਸੁਧਾਰੀ ਸੀ। ਵਿਹੜੇ ਵਿੱਚ ਖੜ੍ਹਾ ਗੋਡੇ-ਗੋਡੇ ਘਾਹ ਖੁਰਚਿਆ ਸੀ। ਸਰਪੰਚ ਨੇ ਉਸਦੇ ਘਰ ਸੱਜਰ ਸੂਈ ਮੱਝ ਲਿਆ ਬੰਨ੍ਹੀ ਸੀ। ਫੇਰ ਜਿਵੇਂ ਕਿਸੇ ਨੇ ਤਲਾਅ ਦੇ ਸ਼ਾਂਤ ਪਾਣੀ ਵਿੱਚ ਇੱਟ-ਰੋੜਾ ਸੁੱਟ ਦਿੱਤੀ ਸੀ। ਲਹਿਰਾਂ ਦਾ ਤੂਫ਼ਾਨ ਆ ਗਿਆ ਸੀ। ਮਲਕੀਤ ਸਿੰਘ ਦੇ ਅੰਦਰ ਅਜਿਹਾ ਹੀ ਤੂਫ਼ਾਨ ਝੁੱਲ ਰਿਹਾ ਸੀ। ਅੱਜ ਭੋਗ ਤੋਂ ਦੱਸ ਦਿਨ ਬਾਅਦ ਥੇਲੂ ਨੇ ਜੱਸੀ ਨੂੰ ਜਿਉਂਦਾ ਦੇਖਿਆ ਸੀ। ਭਾਵੇਂ ਮਲਕੀਤ ਸਿੰਘ ਨੇ ਹੋਰ ਕਿਸੇ ਜੀਅ ਨੂੰ ਦੱਸਣ ਤੋਂ ਥੇਲੂ ਨੂੰ ਮਨ੍ਹਾ ਕਰ ਦਿੱਤਾ ਸੀ, ਪਰ



ਆਪਣਾ ਮਨ ਉਸਦਾ ਡੋਲਦਾ ਜਾ ਰਿਹਾ ਸੀ। ਹਰਿੰਦਰ ਚੁਬਾਰੇ ਵਿੱਚ ਚਲਿਆ ਗਿਆ ਸੀ। ਥੇਲੂ ਪਾਸਾ ਵੱਟੀ ਪਿਆ ਸੀ। ਮਲਕੀਤ ਸਿੰਘ ਥੱਲੇ ਉਤਰਿਆ ਤੇ ਜੱਸੀ ਬਾਰੇ ਦਿਆਲ ਕੁਰ ਨੂੰ ਦੱਸ ਦਿੱਤਾ।

ਸੁਣਕੇ ਪਹਿਲਾਂ ਤਾਂ ਦਿਆਲ ਕੁਰ ਹੈਰਾਨੀ ਨਾਲ ਉਸ ਵੱਲ ਝਾਕੀ। ਫੇਰ ਖੁਸ਼ੀ ਦਾ ਇਕ ਰੰਗ ਉਸਦੇ ਚਿਹਰੇ ਤੇ ਫਿਰ ਗਿਆ। ਅੱਖਾਂ ਚਮਕ ਉੱਠੀਆਂ। ਫੇਰ ਉਹ ਰੋ ਪਈ। ਮਲਕੀਤ ਸਿੰਘ ਉਸਦੇ ਚਿਹਰੇ ਦੇ ਬਦਲਦੇ ਰੰਗ ਦੇਖ ਰਿਹਾ ਸੀ। ਫੇਰ ਉਹ ਅਚਾਨਕ ਕੁਰਲਾ ਉੱਠੀ, "ਮੇਰੇ ਜੱਸੀ ਨੂੰ ਬਚਾਲੈ ਤੂੰ....ਮੇਰੇ ਜੱਸੀ ਨੂੰ....।"

ਉਸਦੀ ਇਹ ਕੁਰਲਾਹਟ ਬੱਦਲਾਂ ਭਰੀ ਸ਼ਾਮ ਵਿੱਚ ਦੂਰ ਤੱਕ ਚਲੀ ਗਈ। ਮਲਕੀਤ ਨੇ ਮਹਿਸੂਸ ਕੀਤਾ ਕਿ ਉਸ ਨੂੰ ਦੱਸਕੇ ਉਸ ਨੇ ਚੰਗਾ ਨਹੀਂ ਕੀਤਾ। ਜੱਸੀ ਨੂੰ ਬਚਾਉਣਾ ਉਸ ਦੇ ਹੱਥ ਵਸ ਕਿੱਥੇ ਸੀ। ਜੱਸੀ ਤਾਂ ਕਦੋਂ ਦਾ ਉਸ ਦੇ ਹੱਥੋਂ ਨਿਕਲ ਚੁੱਕਾ ਸੀ। ਨਾਲੇ ਫਿਰ ਘਰੋਂ ਉੱਜੜਨਾ ਤੇ ਰਿਸ਼ਤੇਦਾਰੀਆਂ ਵਿਚ ਰਹਿਣਾ ਸੌਖਾ ਤਾਂ ਨਹੀਂ ਸੀ। ਫਿਰ ਉਸਦਾ ਮਨ ਉਹ ਗੱਲ ਸੋਚ ਗਿਆ ਜਿਹੜੀ ਸੰਸਾਰ ਦਾ ਕੋਈ ਬਾਪ ਨਹੀਂ ਸੋਚਦਾ ਸੀ, 'ਹੁਣ ਜੱਸੀ ਨੂੰ ਉਹ ਛੇਤੀ ਮਾਰ ਹੀ ਦੇਣ।'

ਅਗਲੇ ਹੀ ਪਲ ਉਸਦੀ ਸੋਚ ਨੇ ਬੇਬਸੀ ਵਿਚ ਪਲਟਾ ਮਾਰਨਾ ਚਾਹਿਆ, "ਓ! ਰੱਬਾ ਮੈਂ ਕੀ ਕਰਾਂ!"

# ਰਿਵਰ ਆਫ ਲਾਈਫ

ਨਵਚੇਤਨ

ਮੇਰਾ ਆਫਿਸ 'ਚ ਉਹ ਪਹਿਲਾ ਦਿਨ ਸੀ। ਮੇਰੀ ਗੋਰੀ ਬਾਸ ਨੇ ਮੈਨੂੰ ਕਾਇਦੇ ਮੁਤਾਬਿਕ ਆਪਣੀ ਟੀਮ ਨਾਲ ਮਿਲਾਇਆ... ਮੀਟ ਸੁਖ ਧਾਲੀਵਾਲ...ਸ਼ੀ ਲੁਕਸ ਆਫਟਰ ਆਵਰ ਬੱਜਟ ਐਂਡ ਰਿਪੋਰਟਿੰਗ...ਉਹ ਹੱਥ ਮਿਲਾ ਕੇ ਹਕਲਾ ਜਿਹਾ ਮੁਸਕਰਾਈ, "ਵੈਲਕਮ ਆਨ ਬੋਰਡ"...ਨੌਕਰੀ ਤਾਂ ਆਪਣੇ ਆਵ 'ਚ ਹੀ ਨਹੀਂ ਮਾਣ ਹੁੰਦੀ...ਇਹ ਤਾਂ ਫੇਰ ਬੇਗਾਨੇ ਮੁਲਕ 'ਚ ਮੇਰੀ ਪਹਿਲੀ ਨੌਕਰੀ ਸੀ... ਤੇ ਮੈਂ ਉਸ ਆਲੇ ਦੁਆਲੇ 'ਚ ਭੰਬਤਰਿਆ ਜਿਹਾ ਆਪਣੀ ਕੁਰਸੀ 'ਚ ਸਿਮਟਿਆ ਬੈਠਾ ਸਾਂ...ਅਚਾਨਕ ਮੇਰੇ ਲੈਪਟਾਪ 'ਤੇ ਮੈਸਿੰਜਰ ਦਾ ਜੁਗਨੂੰ ਜਗਿਆ..ਚਿੱਲ ਮੈਨ....ਯੂ ਵਿਲ ਗੈੱਟ ਯੂਜ਼ਡ ਟੂ ਇਟ "ਲੈੱਟ ਮੀ ਨੋ ਵੈੱਨ ਯੂ ਨੀਡ ਆ ਕੱਪ ਆਫ ਟੀ"...ਉਹਦੇ ਬੋਲਚਾਲ ਤੋਂ ਮੈਨੂੰ ਭੋਰਾ ਵੀ ਨਹੀਂ ਲੱਗਿਆ ਕਿ ਉਹਦਾ ਪੰਜਾਬ ਨਾਲ ਕੋਈ ਵਾਹ ਵਾਸਤਾ ਹੈ..ਮੈਨੂੰ ਲੱਗਿਆ ਕਿ ਉਹ ਇਥੇ ਜੰਮੀ ਪਲੀ ਹੈ ਤੇ ਉਹ ਨਸਲ ਨਾਲ ਸਬੰਧ ਰੱਖਦੀ ਹੈ ਜਿਨਾ ਨੂੰ ਅਸੀਂ ਨਵੇਂ ਨਵੇਂ ਇੰਡੀਆ ਤੋਂ ਆਏ 'ਬੇਈ' ਕਹਿੰਦੇ ਹਾਂ ਤੇ ਉਹ ਸਾਨੂੰ 'ਫਰੈਸ਼ੀ'...ਅਗਲੇ ਦਿਨ ਸਵੇਰੇ ਆਫਿਸ ਦੀ ਕਿਚਨ 'ਚ ਚਾਹ ਬਣਾਉਂਦਿਆਂ ਉਸ ਮੇਰੇ ਤੋਂ ਪੁੱਛਿਆ, "ਸੋ ਇੰਡੀਆ ਤੋਂ ਕਿਥੋਂ?"... "ਮੈਂ ਅੰਬਰਸਰੋਂ" ਤੇਤੁਸੀਂ? ਮੇਰਾ ਮੋੜਵਾਂ ਸਵਾਲ ਸੀ, "ਮੈਂ ਲੰਡਨੋਂ" ਉਸ ਦਾ ਜਵਾਬ ਉਹ ਨਹੀਂ ਸੀ ਜੋ ਮੈਂ ਸੋਚਿਆ। ਮੈਂ ਸੋਚਿਆ ਸੀ ਉਹ ਪੰਜਾਬ ਦੇ ਕਿਸੇ ਜ਼ਿਲ੍ਹੇ ਦਾ ਨਾਂ ਲਵੇਗੀ।

ਉਹ ਫੇਰ ਹੱਸਦੀ ਹੋਈ ਬੋਲੀ, "ਮੈਂ ਜੰਮੀ ਪਲੀ ਤਾਂ ਪੰਜਾਬ 'ਚ ਸੀ, ਪਰ ਵਿਆਹ ਕਰਵਾ ਕੇ ਲੰਡਨ ਆ ਗਈ। ਪੰਜਾਬ ਆਉਂਦੀ ਜਾਂਦੀ ਰਹਿੰਦੀ ਹਾਂ, ਪਰ ਆਈ ਐਮ ਆ ਫਾਰਵਰਡ ਲੁਕਿੰਗ ਪਰਸਨ, ਮੈਨੂੰ ਮੁੜ ਮੁੜ ਕਿ ਪਿਛੇ ਵੇਖਣਾ ਚੰਗਾ ਨਹੀਂ ਲਗਦਾ, ਸੋ ਮੈਂ ਹੁਣ ਲੰਡਨ ਵਾਸੀ ਹੀ ਹਾਂ, ਤੇ ਇੰਗਲੈਂਡ ਹੀ ਮੇਰਾ ਮੁਲਕ ਹੈ" ਪਰਦੇਸ 'ਚ ਜਦੋਂ ਨਵੇਂ ਨਵੇਂ ਆਏ ਹੋਵੋ ਤਾਂ ਕਿਸੇ ਨਾਲ ਐਹੋ ਜਿਹੀ ਗੁਫਤਗੂ ਬੜੀ ਨੁੰਮਣਾ ਦੇਣ ਵਾਲੀ ਹੁੰਦੀ ਹੈ...

ਸਾਰੇ ਦਫਤਰ 'ਚ ਉਹੀ ਸੀ ਜਿਸ ਨਾਲ ਮੈਂ ਪੰਜਾਬੀ 'ਚ ਗੱਲ ਕਰਦਾ ਸੀ... ਉਹ ਸਵੇਰੇ ਕੰਮ ਛੇਤੀ ਸ਼ੁਰੂ ਕਰਦੀ ਸੀ ਤੇ ਦੁਪਹਿਰੇ ਕੰਮ ਛੇਤੀ ਖਤਮ ਕਰਦੀ ਸੀ ਕਿਉਂਕਿ ਉਹਨੇ ਆਪਣੇ ਬੱਚੇ ਨੂੰ ਸਕੂਲ ਤੋਂ ਲੈਣਾ ਹੁੰਦਾ ਸੀ....ਉਹ ਕਦੇ ਕਦਾਈਂ ਮੈਨੂੰ ਤੰਗ ਕਰਨ ਦੇ ਮੂਡ 'ਚ ਕਹਿੰਦੀ, "ਸੋ ਮਿਸਟਰ ਫਰੈਸ਼ੀ, ਹਊ ਆਰ ਯੂ ਫਾਇੰਡਿੰਗ



ਮਾਈ ਕੰਟਰੀ"..ਮੈਂ ਉਹਦੇ ਅੰਦਾਜ਼ 'ਚ ਹੀ ਉਹਨੂੰ ਭਾਜੀ ਮੁੜਦਾ...."ਇੰਡੀਆ ਤੋਂ ਕੁਝ ਜ਼ਿਆਦਾ ਸਾਫ ਤੇ ਇੰਡੀਆ ਤੋਂ ਕੁਝ ਘੱਟ ਹੈਪਨਿੰਗ" "ਚਲੋ ਬੰਦਾ ਉਸ ਨਾਲ ਵੀ ਗੁਜ਼ਾਰਾ ਕਰ ਲੈਂਦਾ ਪਰ ਇਥੋਂ ਦੀਆਂ ਬੇਈਆਂ ਮੈਨੂੰ ਭੋਰਾ ਚੰਗੀਆਂ ਨਹੀਂ ਲੱਗਦੀਆਂ।"

"...ਕੋਈ ਨਾ ਹੌਲੀ ਹੌਲੀ ਤੂੰ ਵਾ ਪਾਲ ਤੋਂ 'ਪੌਲ' ਬਣ ਜਾਣਾ ਤੇ ਫਿਰ ਤੈਨੂੰ 'ਬੇਈਆਂ' ਵੀ ਚੰਗੀਆਂ ਲੱਗਣੀਆਂ ਸ਼ੁਰੂ ਹੋ ਜਾਣਗੀਆਂ।" ਉਹ ਜਵਾਬ ਦੇਂਦੀ। ਉਹ ਸੁਭਾ ਵੱਲੋਂ ਬੜੀ ਖੁੱਲੀ ਡੁੱਲੀ ਤੇ ਸ਼ਰਾਰਤੀ ਸੀ.... ਅਕਸਰ ਆਪਣੇ ਦਸ ਸਾਲ ਦੇ ਮੁੰਡੇ ਤੇ ਆਪਣੇ ਘਰ ਵਾਲੇ ਦੀਆਂ ਗੱਲਾਂ ਦੱਸਦੀ ਖਿੜਖਿੜਾ ਕਿ ਹੱਸਦੀ... "ਯੂ ਨੋ ਪਾਲ, ਦੋ ਨਿਆਣਿਆਂ ਨਾਲ ਨਜਿੱਠਣਾ ਕੋਈ ਸੌਖਾ ਤੇ ਨਹੀਂ, ਦੇ ਆਰ ਸੋ ਮੈਸੀ, ਏਨਾ ਖਿਲਾਰਾ ਪਾਉਂਦੇ ਨੇ"

"ਦੋ ਨਿਆਣੇ? ਪਰ ਤੇਰਾ ਤਾਂ ਸਿਰਫ ਇੱਕੋ ਬੇਟਾ", ਮੈਂ ਪੁੱਛਦਾ?

"ਦੂਜਾ ਮੇਰਾ ਘਰਵਾਲਾ ਜੁ ਹੈਗਾ, ਕਈ ਵਾਰ ਤਾਂ ਉਹਨੂੰ ਨਜਿੱਠਣਾ ਮੇਰੇ ਮੁੰਡੇ ਤੋਂ ਵੀ ਔਖਾ", ਉਹ ਹੱਸਦੀ ਹੋਈ ਆਖਦੀ ਹੈ। ਮੈਂ ਆਪਣੇ ਦਫਤਰ ਦੀ ਕ੍ਰਿਸਮਿਸ ਪਾਰਟੀ 'ਚ ਉਹਦੇ ਘਰਵਾਲੇ ਨੂੰ ਮਿਲਿਆ ਸਾਂ, ਬੜਾ ਹੀ ਸਾਊ ਜਿਹਾ ਬੰਦਾ, ਇਥੋਂ ਦਾ ਜੰਮ ਪਲ ਤੇ ਜਿੰਦਾਂ ਇਥੋਂ ਦੇ ਜੰਮਿਆਂ ਨੂੰ ਬਹੁਤੇ ਵਲ ਵਲੇਵੇਂ ਨਹੀਂ ਆਉਂਦੇ ਓਦਾਂ ਦਾ ਹੀ ਉਹ ਹੈ....ਉਹ ਕ੍ਰਿਸਮਸ ਪਾਰਟੀ 'ਚ ਟੱਲੀ ਹੋਇਆ ਮੈਨੂੰ ਆਪਣੇ ਘਰ ਆਉਣ ਦਾ ਨਿਉਤਾ ਵੀ ਦੇ ਗਿਆ... ਮੈਂ ਅਗਲੇ ਦਿਨ ਸੁਖ ਨੂੰ ਕਿਹਾ, ਯੂ ਨੋ ਕੱਲ ਮੈਨੂੰ ਸਨੀ ਘਰੇ ਆਉਣ ਲਈ ਇਨਵਾਈਟ ਕਰ ਕੇ ਗਿਆ, ਉਹ ਅੱਗੋਂ ਹੱਸ ਕਿ ਬੋਲੀ, "ਅੱਛਾ, ਮੈਥੋਂ ਪੁਛੇ ਬਿਨਾ ਹੀ, ਉਹਨੂੰ ਵੈਸੇ ਹੀ ਪੀਤੀ 'ਚ ਨਹੀਂ ਲੱਗਦਾ ਕਿ ਉਹ ਕੀ ਕਰ ਰਿਹਾ, ਚਲੋ ਆ ਜਾਵੀਂ ਪਰ ਫਿਰ ਮੇਰੇ ਘਰ 'ਚ ਸਿਰਫ ਤੈਨੂੰ ਲਿਕਵਿਡ ਡਾਈਟ ਹੀ ਮਿਲੂਗੀ, ਰੋਟੀ ਨਹੀਂ" ਉਹ ਹੱਸੀ ਤੇ ਹੱਸ ਕੇ ਸਾਰੀ ਗੱਲ ਹਵਾ 'ਚ ਉਡਾ ਦਿੱਤੀ। ਸੱਚ ਪੁੱਛੋ ਤਾਂ ਮੈਂ ਉਹਦੀ ਗੱਲ ਸੁਣ ਕੇ ਨਿਰਾਸ਼ ਹੋਇਆ, ਮੈਂ ਸੋਚਦਾ ਸਾਂ ਕਿ ਉਹਦੇ ਘਰ ਵਾਲੇ ਨੇ ਮੈਨੂੰ ਸੁਲਾਹ ਮਾਰੀ ਸੀ ਤੇ ਸੁਖ ਮੈਨੂੰ ਆਉਣ ਦਾ ਦਿਨ ਤੇ ਸਮਾਂ ਦੱਸੇਗੀ, ਤੇ ਮੇਰੀ ਇਕੱਲੇ ਪਰਦੇਸੀ ਦੀ ਜ਼ਿੰਦਗੀ ਨੂੰ ਇਸ ਅਜਨਬੀ ਸ਼ਹਿਰ 'ਚ ਇਕ ਹੋਰ ਥਾਂ ਮਿਲ ਜਾਵੇਗੀ ਆਉਣ ਜਾਣ ਲਈ, ਪਰ ਇੰਜ ਦਾ ਕੁਝ ਵੀ ਨਹੀਂ ਸੀ ਹੋਇਆ – ਮੈਂ ਉਸ ਮੁਲਕ ਚ ਹਾਲੇ ਨਵਾਂ ਸਾਂ ਸੋ ਸੋਚਿਆ ਸ਼ਾਇਦ ਇਸ ਮੁਲਕ ਦਾ ਇਹੀ ਵਿਧਾਨ ਹੁੰਦਾ ਹੋਵੇਗਾ।

ਪਰ ਸੁਖ ਜਦੋਂ ਵੀ ਹੱਸਦੀ ਖੁੱਲ ਕੇ ਹੱਸਦੀ, ਜਦੋਂ ਦਿਲ ਫੋਲਦੀ ਆਪਣਾ ਸਾਰਾ ਕੁਝ ਬੇਲਿਹਾਜ਼ ਹੋ ਕਿ ਨਸ਼ਰ ਕਰ ਦੇਂਦੀ ਪਰ ਜਦੋਂ ਗੱਲ ਇੰਡੀਆ 'ਚ ਉਹਦੇ ਪਰਿਵਾਰ ਦੀ ਆਉਂਦੀ ਤਾਂ ਉਹ ਚੁੱਪ ਕਰ ਜਾਂਦੀ...ਇਸ ਸਭ ਕਾਸੇ ਤੋਂ ਮੈਂ ਇਹੀ ਨਤੀਜਾ ਕੱਢਿਆ ਕਿ ਉਹ ਆਪਣੀ ਕੰਮ ਦੀ ਅਤੇ ਨਿੱਜੀ ਜ਼ਿੰਦਗੀ ਨੂੰ ਮਿਕਸ ਨਹੀਂ ਕਰਨਾ ਚਾਹੁੰਦੀ, ਉਹ ਅਕਸਰ ਮੇਰੇ ਪਰਿਵਾਰ ਬਾਰੇ ਪੁੱਛਦੀ, ਸੁਖ ਸਾਂਦ ਬਾਰੇ, ਪਰ ਜੇ ਮੈਂ ਉਹਦੇ ਬਚਪਨ ਜਾਂ ਮਾਂ ਪਿਓ ਬਾਰੇ ਕੋਈ ਗੱਲ ਕਰਦਾ ਤਾਂ ਉਹ ਗੱਲ ਗੋਲ ਮੋਲ ਕਰ ਜਾਂਦੀ... ਉਹਨੂੰ ਸ਼ਾਇਦ ਮੇਰਾ ਉਹਦੇ ਪਰਿਵਾਰ ਬਾਰੇ ਕੁਰੇਦਣਾ ਬਹੁਤ ਚੰਗਾ ਨਹੀਂ ਸੀ

ਲੱਗਦਾ....ਹਾਂ ਆਪਣੀ ਸੱਸ ਬਾਰੇ ਉਹ ਚੌਵੀ ਘੰਟੇ ਗੱਲਾਂ ਕਰ ਸਕਦੀ ਸੀ।

"ਯੂ ਨੋ ਪਾਲ, ਸੱਪ 'ਚ ਇੱਕ ਸੱਸਾ ਲੱਗਦਾ ਪਰ ਸੱਸ 'ਚ ਦੋ ਸੱਸੇ ਹੁੰਦੇ ਨੇ, ਮੇਰੀ ਸੱਸ ਏਨੀ ਜਹਿਰੀਲੀ...ਕਿਸੇ ਦੀ ਭੋਰਾ ਤਰੀਫ਼ ਨਹੀਂ ਕਰਨੀ ਤੇ ਆਪਣੇ ਮੂੰਹੋਂ ਆਪਣੇ ਕਸੀਦੇ ਭਾਵੇਂ ਚੌਵੀ ਘੰਟੇ ਪੜਦੀ ਰਹਵੇ, ਇੱਕ ਦਿਨ ਕਹਿੰਦੀ ਮਿਸਿਜ ਸੇਖੋਂ ਦੇ ਬੇਟੇ ਦੇ ਵਿਆਹ 'ਚ ਮੇਰਾ ਡਾਂਸ ਲੋਕਾਂ ਨੇ ਏਨਾ ਪਸੰਦ ਕੀਤਾ ਕਿ ਮਿਸਿਜ ਧਨੋਆ ਤਾਂ ਮੈਨੂੰ ਆਪਣੇ ਮੁੰਡੇ ਦੇ ਵਿਆਹ ਦਾ ਸੱਦਾ ਦੇ ਵੀ ਗਈ...ਇਟ ਵਾਜ ਜਸਟ ਟੂ ਮੱਚ ਫਨ" ਸੁੱਖ ਹੱਸਦੀ ਹੋਈ ਕਹਿੰਦੀ, "ਮੇਰਾ ਜੀ ਕੀਤਾ ਕਿ ਕਹਾਂ ਆਹੋ, ਅਗਲੀਆਂ ਨੂੰ ਰਸਗੁੱਲਿਆਂ ਸਮੋਸਿਆਂ ਦੇ ਭਾਅ ਨਾਗਿਨ ਡਾਂਸ ਵੇਖਣ ਨੂੰ ਮਿਲ ਜਾਂਦ ਹੋਰ ਕੀ ਚਾਹੀਦਾ। ਪਰ ਮੈਂ ਚੁੱਪ ਰਹੀ।" ਇੱਕ ਦਿਨ ਆਈ ਤਾਂ ਥੋੜੀ ਨਾਰਾਜ਼ ਸੀ ਕਹਿੰਦੀ, "ਇੱਕ ਗੱਲ ਦੱਸ ਪਾਲ, ਤੁਸੀਂ ਮਰਦ ਲੋਕ ਏਨੇ ਮੈਸੀ ਕਿਓਂ ਹੁੰਦੇ ਨੇ, ਏਨਾ ਖਿਲਾਰਾ ਪਾਉਂਦੇ ਓ... ਮੈਂ ਸਮਝ ਗਿਆ ਕਿ ਉਹ ਆਪਣੇ ਘਰਵਾਲੇ ਬਾਰੇ ਕੁਝ ਦੱਸੇਗੀ....ਮੈਂ ਹਵਾ 'ਚ ਬਾਂਹ ਖੜੀ ਕਰਦਿਆਂ ਕਿਹਾ, "ਕਿਉਂਕਿ ਸਾਡਾ ਜ਼ਿੰਦਗੀ ਦਾ ਨਾਹਰਾ ਹੈ; 'ਗੰਦ ਚ ਹੀ ਅਨੰਦ ਹੈ' " ਉਹ ਆਪਣੀ ਲੜੀ ਤੋਰਦੀ ਹੋਈ ਕਹਿੰਦੀ;....ਮੇਰਾ ਹਸਬੈਂਡ ਤੇ ਮੇਰਾ ਮੁੰਡਾ ਏਨਾ ਖਿਲਾਰਾ ਪਾਉਂਦੇ ਨੇ, ਜੁਰਾਬਾਂ ਕਿਤੇ, ਬੂਟ ਕਿਤੇ, ਟੀ ਸ਼ਰਟ ਕਿਤੇ, ਤੇ ਮੈਂ ਸਾਰਾ ਦਿਨ ਪਿਛੇ ਪਿਛੇ ਸਾਂਭਣ ਲਈ ਮੁਫ਼ਤ ਦੀ ਨੌਕਰਾਣੀ.... ਕੱਲ ਤਾਂ ਜਨਾਬ ਦਾ ਅੰਡਰਵੀਅਰ ਫਰਸ਼ ਤੇ ਇਸ ਮੁਦਰਾ 'ਚ ਪਿਆ ਸੀ ਕਿ ਮੈਂ ਪੁੱਛਣੋਂ ਨਾ ਰਹਿ ਸਕਿ ਕਿ ਇਹ ਲਾਹਿਆ ਹੈ ਕਿ ਖਲੋਤਿਆਂ ਦਾ ਲੱਥ ਕਿ ਡਿਗ ਪਿਆ ?"

ਮੈਂ ਸਮਝ ਸਕਦਾ ਹਾਂ ਕਿਓਂ ਕਿ ਸੁਖ ਹਰ ਕੰਮ 'ਚ ਬੜੀ ਆਰਗੇਨਾਈਜ਼ਡ ਹੈ, ਦਫ਼ਤਰ 'ਚ ਸਾਰੇ ਉਸ ਦੀ ਇਸ ਗੱਲੋਂ ਬੜੀ ਕਦਰ ਕਰਦੇ ਹਨ, ਉਸ ਨੂੰ ਉਹਦੇ ਕੰਮ ਨਾਲ ਜੁੜਿਆ ਕੋਈ ਵੀ ਸਵਾਲ ਕੋਈ ਵੀ ਕਿਤੇ ਵੀ ਖੜ੍ਹਾ ਕਰ ਕੇ ਪੁੱਛ ਸਕਦਾ ਹੈ - ਮੈਂ ਕਈ ਵਾਰ ਆਪਣੀ ਬਾਸ ਜੋਨ ਨੂੰ ਹੱਸ ਕਿ ਦੱਸਦਾ ਹਾਂ ਕਿ ਸੁਖ ਦਾ ਮਤਲਬ ਅੰਗਰੇਜ਼ੀ 'ਚ ਕਮਫ਼ਰਟ ਦੇ ਨੇੜੇ ਤੇੜੇ ਹੈ ਤਾਂ ਜੋਨ ਉਹਦੇ ਮੋਢੇ 'ਤੇ ਹੱਥ ਰੱਖ ਕਿ ਕਹਿੰਦੀ ਹੈ, "ਯੈੱਸ, ਸ਼ੀ ਇਜ਼ ਮਾਈ ਕਮਫ਼ਰਟ ਜ਼ੋਨ", ਪਰ ਇਹ ਕਮਫ਼ਰਟ ਜੋਨ ਵਾਲੀ ਸੁਖ ਕਈ ਵਾਰ ਆਪਣੇ ਕਮਫ਼ਰਟ ਜੋਨ ਤੋਂ ਬਾਹਰ ਵੀ ਆ ਜਾਂਦੀ ਹੈ....ਉਹ ਅਕਸਰ ਮੈਨੂੰ ਮੇਰੇ ਪਰਿਵਾਰ ਬਾਰੇ ਸਵਾਲ ਪੁੱਛਦੀ ਰਹਿੰਦੀ.... ਤੇਰੀ ਆਪਣੀ ਭੈਣ ਨਾਲ ਕਿੰਨੀ ਕੁ ਬਣਦੀ ਆ ? ਮੈਂ ਕਿਹਾ, "ਬਹੁਤ, ਏਨੀ ਕਿ ਬੇਸ਼ੱਕ ਮੇਰੀ ਭੈਣ ਵਿਆਹੀ ਵਰੀ ਤੇ ਦੋ ਬੱਚਿਆਂ ਦੀ ਮਾਂ ਹੈ ਪਰ ਅਜੇ ਵੀ ਹਫ਼ਤੇ 'ਚ ਇੱਕ ਅੱਧੀ ਵਾਰ ਫੋਨ ਤੇ ਲੜ ਨਾ ਲਈਏ ਤਾਂ ਸਾਡਾ ਵੀਕ ਕੰਪਲੀਟ ਨਹੀਂ ਹੁੰਦਾ", .....ਉਹ ਇਹੋ ਜਿਹੀਆਂ ਗੱਲਾਂ ਤੇ ਹੱਸਦੀ ਪਰ ਫੇਰ ਉਦਾਸ ਹੋ ਕਿ ਕਹਿੰਦੀ "...ਭੈਣਾਂ ਭਰਾਵਾਂ ਦੇ ਰਿਸ਼ਤੇ ਵੀ ਕੀ ਹੁੰਦੇ ਹਨ..." ਪਰ ਜੇ ਮੈਂ ਇਹੋ ਸਵਾਲ ਪੁੱਛਦਾ ਤਾਂ ਉਹ ਆਨੀਂ ਬਹਾਨੀਂ ਟਾਲ ਦੇਂਦੀ.... ਮੈਂ ਇੱਕ ਵਾਰ ਪੁੱਛਿਆ ਸੀ "ਤੁਸੀਂ ਕਿੰਨੇ ਭੈਣ ਭਰਾ ਹੋ.." ਉਸ ਨੇ ਰੁੱਖਾ ਜਿਹਾ ਜਵਾਬ ਦਿੱਤਾ "...ਤਿੰਨ....ਪਰ ਅਸੀਂ ਇਕ ਦੂਜੇ ਦੇ ਬਹੁਤ ਨੇੜੇ ਨਹੀਂ ਹਾਂ..." ਉਸ ਦੇ ਜਵਾਬ ਦੇਣ ਦੇ ਤਰੀਕੇ ਤੋਂ ਮੈਨੂੰ ਲੱਗਾ ਕਿ ਉਹ ਇਸ ਮੁੱਦੇ 'ਤੇ ਬਹੁਤੀ ਗੱਲ ਨਹੀਂ ਕਰਨੀ ਚਾਹੁੰਦੀ...



ਪਰ ਉਹਦੀ ਇਹ ਉਦਾਸੀ ਵੀ ਬਹੁਤੀ ਦੇਰ ਨਾ ਰਹਿੰਦੀ... ਮੈਂ ਫੇਰ ਗੱਲੀਂ ਬਾਤੀਂ ਉਹਨੂੰ ਕੋਈ ਹੁੱਝ ਜਿਹੀ ਮਾਰਦਾ... "ਫੇਰ ਤੇਰੀ ਦੋ ਸੱਸਿਆਂ ਵਾਲੀ ਸੱਸ ਦਾ ਕੀ ਹਾਲ ਚਾਲ ਹੈ ਅੱਜ ਕੱਲ੍ਹ ?"... ਉਹਦੀ ਬੁਝੀਆਂ ਅੱਖਾਂ ਜਗ ਉਠਦੀਆਂ... "ਉਹ ਵੀ ਠੀਕ ਹੈ ਆਪਣੇ ਮੇਕਅੱਪ ਤੇ ਸੋਸ਼ਲ ਸਰਕਲ 'ਚ.... ਮੇਰਾ ਜੀ ਕਰੂ ਮੈਂ ਆਪਣੀ ਸੱਸ ਨੂੰ ਕਹਾਂ ਕਿ ਜਿੰਨਾ ਚਿਰ ਤੂੰ ਰੋਜ਼ ਆਪਣੇ ਮੇਕਅੱਪ ਤੇ ਲਾਉਂਦੀ ਹੈ ਜੇ ਕਿਤੇ ਆਪਣੇ ਨਿਆਣਿਆਂ ਨੂੰ ਏਨਾ ਟਾਈਮ ਦਿੱਤਾ ਹੁੰਦਾ ਤਾਂ ਉਹ ਏਨੇ ਰੁੱਖੇ ਨਾ ਹੁੰਦੇ...ਯੂ ਨੋ ਪਾਲ...", ਉਸਨੇ ਉਸੇ ਵੇਗ 'ਚ ਗੱਲ ਜਾਰੀ ਰੱਖਦਿਆਂ ਕਿਹਾ, "ਮੇਰੀਆਂ ਨਣਾਨਾਂ ਮੇਰੇ ਹਸਬੈਂਡ, ਮਤਲਬ ਆਪਣੇ ਭਰਾ ਦੀ ਤਰੱਕੀ ਤੋਂ ਹੀ ਸੜੀ ਜਾਣਗੀਆਂ, ਮੈਨੂੰ ਤਾਂ ਇਹੋ ਸਮਝ ਨਹੀਂ ਆਉਂਦੀ ਕਿ ਭੈਣਾਂ ਭਰਾਵਾਂ ਨਾਲ ਤੁਸੀਂ ਲੜ ਸਕਦੇ ਹੋ, ਨਾਰਾਜ਼ ਹੋ ਸਕਦੇ ਹੋ ਪਰ ਸਾੜਾ ਕਾਹਦਾ, ਉਹ ਤਾਂ ਤੁਹਾਡਾ ਹਿਸਾ ਹੁੰਦੇ ਹਨ ਤੇ ਆਪਣੇ ਆਪ ਨਾਲ ਤੁਸੀਂ ਜੈਲਸੀ ਕਿੱਦਾਂ ਕਰ ਸਕਦੇ ਹੋ ?" ਮੈਂ ਉਹਦੇ ਵੱਲ ਨੀਝ ਨਾਲ ਵੇਖਿਆ..ਉਹਨੇ ਨੋਟਿਸ ਕੀਤਾ ਤਾਂ ਚੁੱਪ ਕਰ ਗਈ....ਮੈਨੂੰ ਲੱਗਾ ਇਹ ਉਹੀ ਸੁਖ ਤਾਂ ਨਹੀਂ ਜਿਹੜੀ ਕਹਿੰਦੀ ਸੀ ਕੇ ਮੈਂ ਆਪਣੇ ਭੈਣਾਂ ਭਰਾਵਾਂ ਦੇ ਨੇੜੇ ਨਹੀਂ ਹਾਂ....ਸ਼ਾਇਦ ਉਹਨੂੰ ਵੀ ਅਹਿਸਾਸ ਹੋ ਗਿਆ ਸੀ... ਉਹਨੇ ਗੱਲਾਂ ਦੀ ਲੜੀ ਤੋੜ ਕੇ ਇਜ ਦਿਖਾਵਾ ਕੀਤਾ ਕਿ ਉਹ ਆਪਣੇ ਕੰਮ 'ਚ ਬਹੁਤ ਰੁਝੀ ਹੋਈ ਸੀ ਪਰ ਤੇ ਫਿਰ ਆਪਣਾ ਕੱਪ ਚੁੱਕ ਕਿਚਨ ਵੱਲ ਚਾਹ ਲੈਣ ਤੁਰ ਗਈ....ਤੇ ਇਜ ਕਰਦਿਆਂ ਮੈਨੂੰ ਚਾਹ ਦੀ ਸੁਲਾ ਵੀ ਨਾ ਮਾਰੀ ਕਿਉਂਕਿ ਆਮ ਤੌਰ 'ਤੇ ਤਾਂ ਚਾਹ ਲੈਣ ਅਸੀਂ ਇਕੱਠੇ ਜਾਂਦੇ ਸਾਂ...ਇਹ ਗੱਲ ਕਿੰਨਾ ਚਿਰ ਮੇਰੇ ਅੰਦਰ ਚਾਹ ਵਾਂਗ ਹੀ ਰਿਝਦੀ ਰਹੀ ਪਰ ਇਸ ਤੇਜ਼ ਰਫ਼ਤਾਰ ਜ਼ਿੰਦਗੀ 'ਚ ਤੁਸੀਂ ਐਹੋ ਜਿਹੀਆਂ ਗੱਲਾਂ ਬਾਰੇ ਕਿੰਨਾ ਕੁ ਚਿਰ ਸੋਚ ਸਕਦੇ ਹੋ.... ਅਗਲੇ ਦਿਨ ਉਹ ਕੰਮ 'ਤੇ ਆਈ ਤਾਂ ਪਹਿਲਾਂ ਵਾਂਗ ਹੀ ਨਾਰਮਲ ਸੀ, ਹੱਸਦੀ, ਚੋਭਾਂ ਮਾਰਦੀ, ਆਪਣਾ ਕੰਮ ਕਰਦੀ...ਮੇਰੇ ਕੰਮ ਤੇ ਸਾਰੀ ਟੀਮ ਸ਼ੁਕਰਵਾਰ ਨੂੰ ਲੰਚ ਇਕੱਠਿਆਂ ਕਰਦੀ ਸੀ, ਐਹੋ ਜਿਹੇ ਹੀ ਇੱਕ ਸ਼ੁਕਰਵਾਰ ਲੰਚ ਤੇ ਜਿਥੇ ਗੱਲ ਬਚਪਨ ਦੀਆਂ ਖੇਡਾਂ ਦੀ ਹੋ ਰਹੀ ਸੀ। ਸਾਡੀ ਟੀਮ 'ਚ ਕੰਮ ਕਰਦਾ ਇੱਕ ਹੋਰ ਕੁਲੀਗ ਸੁਖ ਨੂੰ ਕਹਿੰਦਾ, "ਸੁਖ, ਸਾਨੂੰ ਉਸ ਫਨੀ ਜਿਹੀ ਖੇਡ ਬਾਰੇ ਦੱਸ ਜਿਹੜਾ ਜਿਕਰ ਤੂੰ ਉਸ ਦਿਨ ਕਰੀ ਰਹੀ ਸੈਂ"... ਸੁਖ ਨੇ ਦਿਮਾਗ਼ ਤੇ ਜ਼ੋਰ ਦੇਂਦਿਆਂ ਕਿਹਾ, ਓਹ ਯੈੱਸ...ਤੇ ਫੇਰ ਉਹ ਟੀਮ ਦੇ ਬਾਕੀ ਗੋਰਿਆਂ ਨੂੰ ਬਾਂਦਰ ਕਿੱਲੇ ਬਾਰੇ ਦੱਸਣ ਲੱਗ ਪਈ....ਲੰਚ ਤੋਂ ਵਾਪਿਸ ਮੁੜਦਿਆਂ ਮੈਂ ਉਹਨੂੰ ਪੁੱਛਿਆ, "ਅੱਛਾ, ਤੇ ਜਨਾਬ ਨੇ ਬਾਂਦਰ ਕਿੱਲਾ ਵੀ ਖੇਡਿਆ ਹੋਇਆ ?" "ਹੋਰ ਕੀ, ਇਹ ਖੇਡ ਕਿੰਨੀ ਪੰਜਾਬੀ ਹੈ ਨਾ ਸੁਭਾ ਵੱਲੋਂ, ਖੇਡ ਖੇਡ 'ਚ ਛਿੱਤਰੋ-ਛਿੱਤਰੀ, ਸਾਡੇ ਤਿੰਨਾਂ ਭੈਣ ਭਰਾਵਾਂ ਦੀ ਇਹ ਫੇਵਰਿਟ ਗੇਮ ਸੀ... ਤੇ ਮੈਂ ਹਮੇਸ਼ਾਂ ਜਿੱਤਦੀ ਹੁੰਦੀ ਸੀ ਤੇ ਜਦੋਂ ਮੈਂ ਨਹੀਂ ਸਾਂ ਜਿੱਤਦੀ ਮੈਂ ਧੱਕੇ ਨਾਲ ਉਹਨਾਂ ਤੋਂ ਮੰਨਵਾ ਲੈਂਦੀ ਸੀ ਕਿ ਮੈਂ ਹੀ ਜਿੱਤੀ ਆਂ" ਉਸ ਜਗਦੀਆਂ ਅੱਖਾਂ ਨਾਲ ਕਿਹਾ ਤੇ ਫਿਰ ਥੋੜ੍ਹਾ ਉਦਾਸ ਹੋ ਗਈ... ਮੈਂ ਮਜ਼ਾਕ 'ਚ ਕਿਹਾ, "ਹੁਣ ਵੀ ਕਦੇ ਜੀ ਕਰਦਾ ਬਾਂਦਰ ਕਿੱਲਾ ਖੇਡਣ ਲਈ ?... ਉਹ ਜ਼ੋਰ ਦੀ ਹੱਸੀ ਤੇ ਬੋਲੀ ਹੁਣ ਤਾਂ ਸਿਰਫ਼ ਮੇਰਾ ਆਪਣੀ ਸੱਸ ਨਾਲ ਜੀ ਕਰਦਾ ਬਾਂਦਰ ਕਿੱਲਾ ਖੇਡਣ ਲਈ, ਜੀ ਕਰਦਾ ਮਾਰ ਮਾਰ ਉਹਦਾ

ਸਾਰਾ ਮੇਕਅੱਪ ਉਤਾਰ ਦੇਵਾਂ।"

ਇੱਕ ਦਿਨ ਸਾਡੀ ਬਾਸ ਨੇ ਸਾਰੀ ਟੀਮ ਨੂੰ ਮੀਟਿੰਗ 'ਚ ਕਿਹਾ, "ਆਪਾਂ ਇਕੱਠੇ ਕੰਮ ਕਰਦੇ ਹਾਂ ਤੇ ਸ਼ਾਇਦ ਕਈ ਸਾਲਾਂ ਤੱਕ ਕਰਾਂਗੇ, ਪਰ ਅਸੀਂ ਇਕ ਦੂਜੇ ਦੀ ਕੰਮ ਤੋਂ ਬਾਹਰ ਵਾਲੀ ਜ਼ਿੰਦਗੀ ਬਾਰੇ ਬਹੁਤ ਘੱਟ ਜਾਣਦੇ ਹਾਂ, ਇਕ ਨਵਾਂ ਕੰਸੈਪਟ ਹੈ ਮਾਰਕੀਟ 'ਚ ਤੇ ਬਹੁਤ ਕੰਪਨੀਆਂ ਇਹ ਵਰਤ ਰਹੀਆਂ ਹਨ, ਇਸ ਦਾ ਨਾਂ ਹੈ 'ਰਿਵਰ ਆਫ਼ ਲਾਈਫ' ਤੁਸੀਂ ਆਪਣੀ ਜ਼ਿੰਦਗੀ ਦੇ ਦਰਿਆ ਨੂੰ ਇਕ ਕਹਾਣੀ ਦੇ ਤੌਰ ਤੇ ਦੱਸਣਾ ਹੈ..ਇਸ 'ਚ ਕੀ ਉਤਰਾ ਚੜ੍ਹਾਅ ਆਏ....ਕਿਹੜੇ ਅਹਿਮ ਪੜਾਅ ਸਨ ਵਗੈਰਾ ਵਗੈਰਾ... ਇਹ ਸਾਰੀ ਟੀਮ ਲਈ ਲਾਜ਼ਮੀ ਹੋਵੇਗਾ ਤੇ ਹਰ ਹਫ਼ਤੇ ਕੋਈ ਇਕ ਜਣਾ ਆਪਣਾ ਰਿਵਰ ਆਫ਼ ਲਾਈਫ ਪ੍ਰੈਜ਼ੇਂਟ ਕਰੇਗਾ, ਤੁਸੀਂ ਕੀ ਤੇ ਕਿਵੇਂ ਦੱਸਣਾ ਹੈ ਇਹ ਫੈਸਲਾ ਮੈਂ ਤੁਹਾਡੇ 'ਤੇ ਛੱਡਦੀ ਹਾਂ, ਮਕਸਦ ਇਹ ਹੈ ਕਿ ਸਾਡੇ ਕੁਲੀਗ ਸਾਨੂੰ ਸਮਝ ਸਕਣ। ਇਸ ਤਰ੍ਹਾਂ ਸਾਡੀ ਇਕ ਟੀਮ ਦੇ ਤੌਰ 'ਤੇ ਬਿਹਤਰ ਤਰੀਕੇ ਨਾਲ ਕੰਮ ਕਰਨ ਦੀ ਸਮਰੱਥਾ ਵਧੇਗੀ ਤੇ ਕੰਪਨੀ ਚੰਗੇ ਨਤੀਜੇ ਦੇਵੇਗੀ।"

ਆਪਣੀ ਬਾਸ ਦੀ ਗੱਲ ਸੁਣ ਮੈਂ ਸੋਚਣ ਲੱਗ ਪਿਆ ਕਿ ਮੰਡੀ ਵੀ ਕਿੰਨੀ ਅਜੀਬ ਸ਼ੈਅ ਹੈ, ਹਰ ਚੀਜ਼ ਨੂੰ ਵਪਾਰ ਨਾਲ ਜੋੜ ਦਿੱਤਾ ਹੈ, ਆਪਾਂ ਨਿੱਜ ਲੋਕਾਂ ਸਾਹਮਣੇ ਖੋਲ੍ਹੋ, ਮਿੱਠਾ ਮਿੱਠਾ ਕਰ ਕੇ ਦੱਸੋ ਤਾਂ ਜੋ ਸਿਖਰ ਤੇ ਬੈਠੇ ਲੋਕ ਨੋਟਾਂ ਦੇ ਭਰੇ ਬੈਗ ਨਾਲ ਘਰ ਜਾ ਸਕਣ। ਕਿਉਂਕਿ ਇਹ ਬਾਸ ਦਾ ਹੁਕਮ ਸੀ ਤੇ ਕਾਰਪੋਰੇਟ ਜਗਤ 'ਚ ਬਾਸ ਰੱਬ ਤੋਂ ਅਗਲੀ ਸ਼ੈਅ ਹੁੰਦਾ ਹੈ ਸੋ ਇਸ ਤੋਂ ਕੋਈ ਆਨਾਕਾਨੀ ਨਹੀਂ ਕੀਤੀ ਜਾ ਸਕਦੀ ਸੀ.... ਫੇਰ ਮੇਰੇ ਜ਼ਿਹਨ 'ਚ ਆਇਆ ਕਿ ਸੁਖ ਵੀ ਤਾਂ ਆਪਣਾ ਰਿਵਰ ਆਫ਼ ਲਾਈਫ ਦੱਸੇਗੀ....ਸੋ ਕਈ ਸਵਾਲ ਜਿਹੜੇ ਉਹਦੀਆਂ ਗੱਲਾਂ 'ਚੋਂ ਮੇਰੇ ਦਿਮਾਗ 'ਚ ਉਪਜਦੇ ਰਹਿੰਦੇ ਹਨ ਉਹਨਾਂ ਦੇ ਜਵਾਬ ਮਿਲਣਗੇ....ਕਿਉਂ ਉਹ ਆਪਣੇ ਪਰਿਵਾਰ ਬਾਰੇ ਗੱਲ ਕਰਨ ਤੋਂ ਝਿਜਕਦੀ ਸੀ ਤੇ ਬਚਪਨ ਦੀਆਂ ਗੱਲਾਂ ਕਰਦਿਆਂ ਚੁੱਪ ਹੋ ਜਾਂਦੀ ਸੀ?... ਤੇ ਮੈਂ ਸੁਖ ਦੇ ਰਿਵਰ ਆਫ਼ ਲਾਈਫ ਦੀ ਉਡੀਕ ਕਰਨ ਲੱਗ ਪਿਆ.... ਪਰ ਮੇਰੀਆਂ ਆਸਾਂ ਨੂੰ ਬੂਰ ਨਾ ਪਿਆ, ਸੁਖ ਨੇ ਆਪਣਾ ਰਿਵਰ ਆਫ਼ ਲਾਈਫ਼ ਸ਼ੁਰੂ ਹੀ ਆਪਣੇ ਵਿਆਹ ਤੋਂ ਕੀਤਾ, ਮੈਂ ਪੰਜਾਬ 'ਚ ਜੰਮੀ ਸਾਂ, ਪੰਜਾਬ ਜਿਸ ਦਾ ਮਤਲਬ ਪੰਜ ਨਦੀਆਂ ਦੀ ਧਰਤੀ ਹੈ....ਮੈਂ ਇਸ ਮੁਲਕ 'ਚ ਵਿਆਹ ਕਰਵਾ ਕਿ ਆਈ ਸਾਂ.... ਤੇ ਉਸ ਤੋਂ ਬਾਅਦ ਉਹੀ ਰਸਮੀ ਜਿਹੀਆਂ ਗੱਲਾਂ, ਕਿੱਥੋਂ ਪੜ੍ਹੀ, ਕਦੋਂ ਮੈਂ ਮਾਂ ਬਣੀ, ਪਹਿਲੀ ਜਾਬ ਕੀ ਸੀ, ਕੀ ਪੜ੍ਹਿਆ ਵਗੈਰਾ ਵਗੈਰਾ.... ਉਹ ਦੱਸਦੀ ਗਈ, "ਜ਼ਾਤੀ ਤੌਰ 'ਤੇ ਮੈਨੂੰ ਚੈਲੇਂਜ ਬੜੇ ਪਸੰਦ ਨੇ, ਮੈਂ ਆਪਣੀ ਮਾਸਟਰਜ਼ 'ਚ ਵੀ ਆਪਸ਼ਨ ਉਹ ਲਈ ਸੀ ਜੋ ਮੇਰੀ ਸਭ ਤੋਂ ਕਮਜ਼ੋਰ ਕੜੀ ਸੀ, ਕਿਉਂਕਿ ਮੈਨੂੰ ਲਗਦਾ ਸੀ ਕਿ ਜ਼ਿੰਦਗੀ ਦਾ ਕੋਈ ਵੀ ਚੈਲੇਂਜ ਜ਼ਿੰਦਗੀ ਤੋਂ ਵੱਡਾ ਨਹੀਂ ਹੋ ਸਕਦਾ ਐਂਡ ਆਈ ਗਾਟ ਡਿਸਟਿੰਕਸ਼ਨ ਇਨ ਦੈਟ ਸਬਜੈਕਟ...." ਸਾਰੀ ਟੀਮ ਉਸ ਦੀ ਇਸ ਖ਼ਾਸੀਅਤ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ, ਉਹ ਬਹੁਤ ਸਾਰੇ ਐਸੇ ਪ੍ਰਾਜੈਕਟ, ਜਿਨ੍ਹਾਂ ਤੋਂ ਕਈ ਟੀਮ ਮੈਂਬਰ ਇਸ ਕਰਕੇ ਹੀ ਟਾਲਾ ਵੱਟ ਲੈਂਦੇ ਸਨ ਕਿ ਕਿਸੇ ਨਵੇਂ ਵਿਸ਼ੇ 'ਤੇ ਮਿਹਨਤ ਕਰਨੀ ਪਵੇਗੀ, ਸੁਖ ਆਪਣੇ ਆਪ ਨੂੰ ਉਨ੍ਹਾਂ ਪ੍ਰਾਜੈਕਟਾਂ 'ਤੇ ਵਲੰਟੀਅਰ ਕਰ ਦੇਂਦੀ ਸੀ... ਤੇ ਫੇਰ ਉਹ



ਦੱਸਦੀ, "ਤੈਨੂੰ ਪਤਾ ਪਾਲ ਇਸ ਮੁਲਕ 'ਚ ਤੇਰੇ ਮੇਰੇ ਵਰਗਿਆਂ ਦੀ ਵੁੱਕਤ ਕਿਉਂ ਹੈ, ਕਿਉਂਕਿ ਗੋਰੇ ਨਵਾਂ ਕੁਝ ਸਿੱਖ ਕੇ ਰਾਜ਼ੀ ਨਹੀਂ, ਸਾਰਾ ਸੋਮਵਾਰ ਬੀਤੇ ਵੀਕਐਂਡ ਦੀ ਮੁਹਾਰਨੀ ਪੜ੍ਹਦਿਆਂ ਕੱਢ ਦੇਂਦੇ ਨੇ ਤੇ ਸ਼ੁੱਕਰਵਾਰ ਆਉਣ ਵਾਲੇ ਵੀਕਐਂਡ ਨੂੰ ਪਲੈਨ ਕਰਦਿਆਂ..ਕੰਮ ਲਈ ਸਿਰਫ਼ ਤਿੰਨ ਦਿਨ ਬਚਦੇ ਨੇ ਤੇ ਉਦੋਂ ਵੀ ਕਹਿਣਗੇ ਜਾਹ ਰੱਬ ਕੰਮ ਕਿਤੇ ਭੁਲ ਹੋ ਜੇ...." ਮੈਨੂੰ, ਉਹਨੇ ਆਪਣੇ ਰਿਵਰ ਆਫ਼ ਲਾਈਫ਼ ਪ੍ਰੈਜ਼ੇਂਟੇਸ਼ਨ 'ਚ ਜੋ ਕੁਝ ਦੱਸਿਆ ਉਹਦੀ ਜ਼ਿੰਦਗੀ ਦੇ ਇਸ ਪੱਖ 'ਚ ਕੋਈ ਦਿਲਚਸਪੀ ਨਹੀਂ ਸੀ, ਮੈਂ ਤਾਂ ਬਸ ਇਹੋ ਜਾਣਨਾ ਚਾਹੁੰਦਾ ਸਾਂ ਕਿ ਉਹ ਆਪਣੇ ਪਰਿਵਾਰ ਬਾਰੇ ਗੱਲਾਂ ਕਰਦੀ ਕਰਦੀ ਚੁੱਪ ਕਿਉਂ ਕਰ ਜਾਂਦੀ ਸੀ ਤੇ ਕਈ ਵਾਰ ਉਹ ਇਹੋ ਜਿਹਾ ਕਈ ਕੁਝ ਕਹਿ ਜਾਂਦੀ ਸੀ ਜਿਸ ਦੀਆਂ ਕੜੀਆਂ ਆਪਸ 'ਚ ਨਹੀਂ ਜੁੜਦੀਆਂ ਸਨ, ਉਹਨਾਂ ਗੱਲਾਂ ਦਾ ਇਸ 'ਚ ਕੋਈ ਜਵਾਬ ਨਹੀਂ ਸੀ।

ਮੈਂ ਮੀਟਿੰਗ ਤੋਂ ਬਾਅਦ ਉਸ ਨੂੰ ਮਜ਼ਾਕ 'ਚ ਕਿਹਾ, "ਤੂੰ ਆਪਣਾ ਰਿਵਰ ਆਫ਼ ਲਾਈਫ ਸਾਰਾ ਇੰਪੋਰਟਿਡ ਹੀ ਕਰ ਦਿੱਤਾ, ਇੰਜ ਲਗਦਾ ਸੀ ਜਿਵੇਂ ਤੇਰੀ ਜ਼ਿੰਦਗੀ ਸ਼ੁਰੂ ਹੀ ਇੰਗਲੈਂਡ ਆ ਕੇ ਹੋਈ ਹੋਵੇ, ਪੰਜਾਬ ਦੀ ਜੰਮਪਲ ਕੁੜੀ ਦੀ ਜ਼ਿੰਦਗੀ ਦੇ ਦਰਿਆ 'ਚ ਪੰਜਾਬ ਦਾ ਜ਼ਿਕਰ ਹੀ ਨਾ ਹੋਵੇ। ਮੈਨੂੰ ਲਗਦਾ ਉਸ ਤੋਂ ਬਿਨਾਂ ਤੇਰਾ ਰਿਵਰ ਆਫ਼ ਲਾਈਫ਼ ਅਧੂਰਾ ਸੀ....ਤੇ ਤੈਨੂੰ ਪਤਾ ਮੈਨੂੰ ਅਧੂਰੇ ਜਿਹੇ ਦਰਿਆ ਚੰਗੇ ਨਹੀਂ ਲਗਦੇ।"

"ਅੱਛਾ ਜੀ ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਸਾਡਾ ਮਿਸਟਰ ਫਰੇਜ਼ੀ, ਮਿਸਟਰ ਫਿਲਾਸਫਰ ਵੀ ਹੈ..." ਉਹਨੇ ਗੱਲ ਟਾਲਣ ਦੇ ਅੰਦਾਜ਼ 'ਚ ਕਿਹਾ। ਮੈਂ ਉਸ ਨੂੰ ਹੋਰ ਸਵਾਲ ਕੀਤਾ, "ਤੂੰ ਕਦੇ ਹਰੀਕੇ ਵਾਲਾ ਪੁਲ ਵੇਖਿਆ ਹੈ?"

"ਮੈਂ ਫਿਰੋਜ਼ਪੁਰ ਦੀ ਜੰਮਪਲ ਹਾਂ ਸੋ ਕਈ ਵਾਰ? ਕਿਉਂ?"

ਮੈਂ ਜਦੋਂ ਵੀ ਉਹ ਪੁਲ ਪਾਰ ਕਰਦਾ ਹਾਂ, ਦਰਿਆ ਤੇ ਇੱਕ ਬੰਨੇ ਬੇਥਾਹ ਪਾਣੀ ਤੇ ਦੂਜੇ ਬੰਨੇ ਪਾਣੀ ਨੂੰ ਤਰਸਦੇ ਕਿਨਾਰੇ ਵੇਖ ਕੇ ਮੈਨੂੰ ਬੜਾ ਗੈਰ ਕੁਦਰਤੀ ਜਿਹਾ ਲਗਦਾ, ਮੈਨੂੰ ਕਈ ਵਾਰ ਲੱਗੇਗਾ ਸਿਆਸਤ ਨੇ ਕੁਦਰਤ ਨਾਲ ਕਿੰਨਾ ਧੋਕਾ ਕੀਤਾ ਹੈ, ਉਹਨਾਂ ਸੱਖਣੇ ਕਿਨਾਰਿਆਂ ਨੇ ਵੀ ਕਦੀ ਸੋਚਿਆ ਹੋਵੇਗਾ ਕਿ ਬੰਦੇ ਦੀਆਂ ਬਣੀਆਂ ਸਰਹੱਦਾਂ ਕਦੀ ਸਾਡੇ ਤੋਂ ਵਗਦੇ ਪਾਣੀ ਖੋਹ ਲੈਣਗੀਆਂ।"

"ਉਹ ਤਾਂ ਠੀਕ ਹੈ ਪਾਲ ਪਰ ਦੂਸਰਾ ਪਾਸਾ ਦੇਖ ਕਿ ਓਥੋਂ ਹੀ ਦੋ ਨਹਿਰਾਂ ਨਿਕਲਦੀਆਂ ਨੇ ਰੇਗਿਸਤਾਨ ਨੂੰ, ਜਿੱਥੋਂ ਦੀ ਰੇਤਾ ਨੇ ਵੀ ਕਦੀ ਨਹੀਂ ਸੋਚਿਆ ਹੋਣਾ ਕਦੀ ਪਾਣੀ ਓਥੋਂ ਤੱਕ ਅੱਪੜੇਗਾ।"

ਮੈਂ ਉਹਦੀ ਗੱਲ ਸੁਣ ਖੁਸ਼ੀ ਜਿਹੀ ਹੈਰਾਨੀ ਹੋਈ, ਮੈਂ ਸੋਚਣ ਲੱਗ ਪਿਆ ਕਿ ਸੁਖ ਠੀਕ ਹੀ ਤਾਂ ਕਹਿ ਰਹੀ ਸੀ.....ਪਾਣੀ ਕਿਥੇ ਰੁਕਦੇ ਨੇ, ਉਹਨਾਂ ਨੂੰ ਦੇਰ ਤੱਕ ਬੰਨ੍ਹ ਨਹੀਂ ਸਕਦੇ, ਦੇਰ ਤੱਕ ਬੰਨ੍ਹੋਗੇ ਤਾਂ ਜਾਂ ਤਾਂ ਝੀਲ ਨੱਕੋ ਨੱਕ ਭਰ ਹੜ ਜਾਵੇਗੀ ਜਾਂ ਬੋ ਮਾਰ ਜਾਵੇਗੀ, ਪਾਣੀ ਦਾ ਧਰਮ ਤਾਂ ਵਗਣਾ ਹੈ, ਪਾਣੀਆਂ ਨੂੰ ਤਾਂ ਜਿਧਰ ਨੂੰ ਰਾਹ ਮਿਲਿਆ ਤੁਰਦੇ ਬਣਨਗੇ!.... ਸਮਾਂ ਆਪਣੀ ਤੋਰੇ ਤੁਰ ਰਿਹਾ ਸੀ ਤੇ ਮੈਂ ਉਸ ਮੁਲਕ ਦੀ ਜ਼ਿੰਦਗੀ 'ਚ ਰਵਾਂ ਹੋ ਰਿਹਾ ਸਾਂ...ਇੱਕ ਹਫ਼ਤਾ ਸੁਖ ਦਫ਼ਤਰ ਨਾ ਆਈ ਪਤਾ

ਲੱਗਾ ਉਹ ਠੀਕ ਨਹੀਂ ਸੀ...ਮੈਂ ਉਸਨੂੰ ਮੁਬਾਇਲ ਤੇ "ਗੇੱਟ ਵੈੱਲ ਸੂਨ" ਦਾ ਮੈਸਿਜ ਵੀ ਭੇਜਿਆ ਸੀ...ਉਹਦਾ ਕੋਈ ਜਵਾਬ ਨਹੀਂ ਸੀ ਆਇਆ.... ਤੇ ਫੇਰ ਹਫਤੇ ਲੰਬੇ ਹੁੰਦੇ ਗਏ....ਤਿੰਨ ਚਾਰ ਹਫਤਿਆਂ ਬਾਅਦ ਮੈਂ ਆਪਣੀ ਮੈਨੇਜਰ ਨੂੰ ਪੁੱਛਿਆ, "ਉਮੀਦ ਹੈ ਕਿ ਸੁਖ ਨਾਲ ਸਭ ਠੀਕ ਠਾਕ ਹੈ"... ਮੇਰੀ ਮੈਨੇਜਰ ਕਹਿੰਦੀ, "ਮੈਂ ਆਫੀਸ਼ੀਅਲੀ ਤਾਂ ਕੁਝ ਨਹੀਂ ਦੱਸ ਸਕਦੀ ਪਰ ਗੱਲ ਆਪਣੇ 'ਚ ਹੀ ਰਹਵੇ, ਅਸਲ 'ਚ ਸੁਖ ਡਿਪਰੈਸ਼ਨ 'ਚ ਹੈ ਤੇ ਡਾਕਟਰ ਨੇ ਉਹਨੂੰ ਤਿੰਨ ਮਹੀਨਿਆਂ ਲਈ ਕੰਮ ਤੋਂ ਸਾਈਨ ਆਫ ਕੀਤਾ ਹੈ".....ਮੇਰੀ ਮੈਨੇਜਰ ਦੀ ਗੱਲ ਸੁਣ ਮੇਰੀ ਪ੍ਰੇਸ਼ਾਨੀ ਹੈਰਾਨੀ 'ਚ ਬਦਲ ਗਈ....ਡਿਪਰੈਸ਼ਨ ਤੇ ਸੁਖ ?.....ਮੇਰਾ ਮਨ ਯਕੀਨ ਕਰਨ ਤੋਂ ਇਨਕਾਰੀ ਸੀ....ਉਹਦਾ ਚੰਗਾ ਘਰ ਬਾਰ ਹੈ....ਕੇਅਰਿੰਗ ਹਸਬੈਂਡ ਹੈ, ਸੋਹਣੀਆਂ ਨੌਕਰੀਆਂ ਹਨ...ਫੇਰ ਡਿਪਰੈਸ਼ਨ ਕਾਹਦਾ....ਡਿਪਰੈਸ਼ਨ ਤਾਂ ਐਹੋ ਜਿਹੇ ਬੰਦੇ ਦੇ ਲਾਗੇ ਦੀ ਵੀ ਨਹੀਂ ਲੰਘਣਾ ਚਾਹੀਦਾ.....ਉਹ ਦਫਤਰ 'ਚ ਸਿਰਫ ਮੇਰੀ ਕੁਲੀਗ ਹੀ ਨਹੀਂ ਸੀ ਇਕ ਦੋਸਤ ਵੀ ਸੀ, ਬੇਸ਼ੱਕ ਉਹ ਆਪਣਾ ਨਿੱਜ ਦਾ ਇੱਕ ਹਿਸਾ ਮੇਰੇ ਨਾਲ ਸਾਂਝਾ ਕਰਨ ਤੋਂ ਝਿਜਕਦੀ ਸੀ ਪਰ ਦੋਸਤੀਆਂ ਦੀਆਂ ਵੀ ਤਾਂ ਆਪਣੀਆਂ ਸਰਹੱਦਾਂ ਹੁੰਦੀਆਂ ਹਨ...ਉਹ ਇੱਕੋ ਇੱਕ ਸੀ ਜਿਸ ਨਾਲ ਮੈਂ ਆਪਣੇ ਪਰਿਵਾਰ ਬਾਰੇ ਗੱਲਾਂ ਕਰ ਸਕਦਾ ਸਾਂ....ਉਹਦਾ ਕੁਝ ਗੱਲਾਂ 'ਤੇ ਚੁੱਪ ਹੋ ਜਾਣਾ ਮੈਨੂੰ ਰੜਕਦਾ ਸੀ ਪਰ ਉਂਜ ਉਹ ਤਾਂ ਹਮੇਸ਼ਾਂ ਹੱਸਦੀ ਰਹਿੰਦੀ ਸੀ...ਮੈਂ ਆਪਣੇ ਕਈ ਨਜ਼ਦੀਕੀਆਂ ਨੂੰ ਡਿਪਰੈਸ਼ਨ ਨਾਲ ਘੁਲਦਿਆਂ ਤੱਕਿਆ ਸੀ, ਉਹਨਾਂ ਨਾਲ ਗੱਲ ਕਰਦਿਆਂ ਹੀ ਤੁਸੀਂ ਖੁਦ ਵੀ ਡਿਪ੍ਰੈਸ ਮਹਿਸੂਸ ਕਰਨਾ ਸ਼ੁਰੂ ਕਰ ਦੇਂਦੇ ਹੋ....ਪਰ ਸੁਖ ਨਾਲ ਤਾਂ ਐਸਾ ਕੁਝ ਵੀ ਨਹੀਂ ਸੀ, ਜਿਸ ਦਿਨ ਆਖਰੀ ਵਾਰ ਉਹਨੂੰ ਆਫਿਸ 'ਚ ਮਿਲਿਆ ਸਾਂ ਤਾਂ ਉਹ ਉਂਜ ਹੀ ਹੱਸਦੀ ਹੋਈ ਚੁਲਬੁਲੀ ਜਿਹੀ ....ਉਹਨੇ ਮੈਨੂੰ 'ਹੈਵ ਏ ਨਾਇਸ ਵੀਕਐਂਡ' ਕਿਹਾ ਸੀ ਤਾਂ ਮੈਂ ਮੋੜਵਾਂ ਸਵਾਲ ਪੁੱਛਿਆ ਸੀ, "ਐਨੀ ਨਾਈਸ ਪਲੈਨਜ਼ ਫਾਰਦੀ ਵੀਕਐਂਡ ?" ਤਾਂ ਉਹਨੇ ਕਈ ਚੀਜ਼ਾਂ ਗਿਣਾਈਆਂ ਸਨ, "ਕੱਲ ਅਜੇ ਦੀ ਟਿਊਸ਼ਨ ਹੈ ਫੇਰ ਸ਼ਾਮ ਨੂੰ ਮੈਂ ਥਿਏਟਰ ਦੇਖਣ ਜਾ ਰਹੀ ਹਾਂ, ਪਰਸੋਂ ਆਪਣੇ ਮਨਪਸੰਦ ਰੈਸਟੋਰੈਂਟ 'ਚ ਪਰਿਵਾਰ ਨਾਲ ਡਿਨਰ ਤੇ ਸੋਮਵਾਰ ਨੂੰ ਛੁੱਟੀ ਲਈ ਹੈ, ਘਰ ਦੇ ਕਈ ਕੰਮ ਕਰਨੇ ਨੇਂ, ਸੋ ਕੁੱਲ ਮਿਲਾ ਕੇ ਲੁਕਿੰਗ ਫਾਰਵਰਡ ਟੂ ਆ ਸਮੈਜ਼ਿੰਗ ਲਾਂਗ ਵੀਕਐਂਡ"... ਤੇ ਉਸ ਤੋਂ ਬਾਅਦ ਸੁਖ ਦਫਤਰ ਮੁੜ ਕੇ ਨਹੀਂ ਆਈ ਸੀ....ਮੈਂ ਦੋ ਕੁ ਦਿਨ ਸੁਖ ਬਾਰੇ ਸੋਚਦਾ ਰਿਹਾ....ਕਦੇ ਮੇਰਾ ਜੀ ਕਰਦਾ ਸੀ ਕਿ ਉਸ ਨੂੰ ਫੋਨ ਕਰਾਂ....ਪਰ ਉਹਨੇ ਤਾਂ ਮੇਰੇ ਟੈਕਸਟ ਮੈਸਜ ਦਾ ਵੀ ਜਵਾਬ ਨਹੀਂ ਸੀ ਦਿੱਤਾ...ਹਾਰ ਕੇ ਦੋ ਕੁ ਦਿਨਾਂ ਦੀ ਦੋਚਿੱਤੀ ਤੋਂ ਬਾਅਦ ਮੈਂ ਮੁੜ ਉਸਨੂੰ ਟੈਕਸਟ ਕੀਤਾ, "ਹੋਪ ਐਵਰੀਥਿੰਗ ਇਜ਼ ਆਲਰਾਈਟ ਐਂਡ ਯੂ ਆਰ ਫੀਲਿੰਗ ਬੈਟਰ ਨਾਓ"...ਇਸ ਵਾਰ ਉਹਦਾ ਵਾਪਸੀ ਜਵਾਬ ਆਇਆ...."ਥੈਂਕਸ...ਫੀਲਿੰਗ ਮੱਚ ਬੈਟਰ ਬਟ ਸਟਿਲ ਨਾਟ ਦੇਇਰ ਯੈੱਟ, ਵਿਲ ਕਾਲ ਯੂ ਸਮ ਟਾਈਮ..."

ਹੁਣ ਤੱਕ ਕੰਮ 'ਤੇ ਬਹੁਤਿਆਂ ਨੂੰ ਪਤਾ ਲੱਗ ਗਿਆ ਸੀ ਕਿ ਸੁਖ ਬਿਮਾਰ ਹੈ, ਕੰਮ ਦੇ ਕਈ ਕੁਲੀਗ ਮੈਨੂੰ ਸੁਖ ਬਾਰੇ ਪੁੱਛਦੇ ਕਿ ਸੁਖ ਵੱਲੋਂ ਕੋਈ ਖ਼ਬਰ ਸਾਰ ? ਉਹਨਾਂ ਨੂੰ ਲਗਦਾ ਸੀ ਕਿ ਮੈਂ ਸੁਖ ਦਾ ਦੋਸਤ ਸਾਂ ਜਰੂਰ ਹੀ ਉਹਦੇ ਰਾਬਤੇ 'ਚ ਹੋਵਾਂਗਾ, ਮੈਂ



ਆਪਣੇ ਵੱਲੋਂ ਹੀ ਕਹਿ ਦੇਂਦਾ ਕਿ ਉਹ ਠੀਕ ਹੋ ਰਹੀ ਹੈ...ਪਰ ਸੁਖ ਵੱਲੋਂ ਉਸ ਤੋਂ ਬਾਅਦ ਕੋਈ ਸੁਨੇਹਾ ਨਹੀਂ ਸੀ ਆਇਆ...ਇੱਕ ਦਿਨ ਮੈਂ ਆਪਣੇ ਦਫਤਰ ਤੋਂ ਘਰ ਆ ਕੇ ਰੋਟੀ ਖਾ ਕੇ ਹਟਿਆ ਹੀ ਸਾਂ ਕਿ ਮੇਰੇ ਫੋਨ ਦੀ ਘੰਟੀ ਵੱਜੀ...ਅੱਗਿਓਂ ਸੁਖ ਦੀ ਟਟਕਦੀ ਹੋਈ ਆਵਾਜ਼ ਬੋਲ ਰਹੀ ਸੀ...."ਪਾਲ ਕੀ ਹਾਲ ਨੇ ?"

"ਮੈਂ ਤਾਂ ਬਿਲਕੁਲ ਠੀਕ ਹਾਂ, ਤੂੰ ਕਿਵੇਂ ਹੈਂ ? ਤੇਰੀ ਆਵਾਜ਼ ਦੱਸ ਰਹੀ ਹੈ ਕਿ ਤੂੰ ਠੀਕ ਹੈਂ।"

"ਹਾਂ, ਹਾਂ, ਮੇਰੀ ਆਵਾਜ਼ ਹੀ ਮੇਰੀ ਪਹਿਚਾਣ ਹੈ, ਮੈਂ ਠੀਕ ਹਾਂ ਵੀ ਤੇ ਨਹੀਂ ਵੀ ਪਰ ਮੈਂ ਇਸ ਬਿਮਾਰੀ ਤੋਂ ਅੱਕ ਗਈ ਹਾਂ ਹੁਣ ਠੀਕ ਹੋਣ ਨੂੰ ਜੀ ਕਰਦਾ ਹੈ।"

"ਜਦੋਂ ਬੰਦਾ ਕੁਝ ਕਰਨ ਦੀ ਸੋਚ ਲਵੇ ਤਾਂ ਉਹ ਕਰ ਹੀ ਲੈਂਦਾ ਹੈ।"

"ਉਹ ਤਾਂ ਤੇਰੀ ਗੱਲ ਠੀਕ ਹੈ ਪਾਲ ਪਰ ਕੁਝ ਚੀਜ਼ਾਂ ਨਾਲ ਅਜੇ ਵੀ ਘੁਲ ਰਹੀ ਹਾਂ, ਕੁਝ ਦਿਨ ਚੰਗੇ ਹੁੰਦੇ ਨੇ ਤੇ ਕੁਝ ਬੇਹੱਦ ਮਾੜੇ। ਗੱਲ ਸੁਣ, ਤੂੰ ਮੈਨੂੰ ਮਿਲਣ ਆ ਸਕਦਾ ਏਂ ?" ਉਹਨੇ ਪੁੱਛਿਆ ਹੀ ਇਂਜ ਸੀ ਕਿ ਨਾਂਹ ਦਾ ਸਵਾਲ ਹੀ ਨਹੀਂ ਸੀ ਮੈਂ ਜਵਾਬ ਦਿੱਤਾ "ਹਾਂ ਕਿਓਂ ਨਹੀਂ ਸੁਖ।"

"ਇਂਜ ਕਰ ਤੂੰ ਆਉਂਦੇ ਸ਼ਨੀਵਾਰ ਮੇਰੇ ਘਰੇ ਹੀ ਕਿਓਂ ਨਹੀਂ ਆ ਜਾਂਦਾ, ਚਾਰ ਕੁ ਵਜੇ ਆ ਜਾਵੀਂ, ਸਨੀ ਵੀ ਘਰੇ ਹੋਵੇਗਾ, ਪੰਜ ਕੁ ਵਜੇ ਉਹਨੇ ਆਪਣੇ ਦੋਸਤਾਂ ਨਾਲ ਪੂਲ ਖੇਡਣ ਜਾਣਾ ਹੈ, ਫਿਰ ਆਪਾਂ ਬੈਠ ਕੇ ਗੱਲਾਂ ਮਾਰਾਂਗੇ।" ਮੈਨੂੰ ਸੁਖ ਦਾ ਫੋਨ ਸੁਣ ਕੇ ਤਸੱਲੀ ਜਿਹੀ ਹੋਈ, ਇੱਕ ਤਾਂ ਮੈਨੂੰ ਲੱਗਾ ਕਿ ਇਸ ਮੁਲਕ 'ਚ ਕੋਈ ਹੈ ਜੋ ਮੈਨੂੰ ਆਪਣਾ ਨਜ਼ਦੀਕੀ ਮੰਨਦਾ ਹੈ ਤੇ ਦੂਸਰਾ ਕਿ ਸੁਖ ਠੀਕ ਹੋ ਰਹੀ ਹੈ....ਉਹਦੇ ਪਰਿਵਾਰ ਬਾਰੇ ਹੋਰ ਜਾਣਨ ਦੀ ਮੇਰੀ ਜਿਗਿਆਸਾ ਤਾਂ ਕਦੋਂ ਦੀ ਮਰ ਮੁੱਕ ਗਈ ਸੀ, ਮੇਰੀ ਦਿਲਚਸਪੀ ਸਿਰਫ ਇਹ ਸੀ ਕਿ ਸੁਖ ਛੇਤੀ ਛੇਤੀ ਠੀਕ ਹੋ ਕੇ ਆਪਣੀ ਜ਼ਿੰਦਗੀ ਨਾਲ ਰਵਾਂ ਹੋ ਜਾਵੇ, ਕਿਸੇ ਵੀ ਜ਼ਿੰਦਾਦਿਲ ਇਨਸਾਨ ਨੂੰ ਉਦਾਸ ਵੇਖਣਾ ਮੈਨੂੰ ਹਮੇਸ਼ਾ ਹੀ ਦੁਖੀ ਕਰਦਾ ਹੈ...ਮੈਂ ਮਿੱਥੇ ਸਮੇਂ ਤੇ ਉਹਦੇ ਘਰ ਪਹੁੰਚ ਗਿਆ, ਡੋਰ ਬੈੱਲ ਕੀਤੀ ਤਾਂ ਦਰਵਾਜ਼ਾ ਉਹਦੇ ਘਰ ਵਾਲੇ ਨੇ ਖੋਲ੍ਹਿਆ, ਬੜੇ ਤਪਾਕ ਨਾਲ ਮਿਲਿਆ, "ਗੁਡ ਟੂ ਸੀ ਯੂ ਆਫਟਰ ਆ ਲੌਂਗ ਟਾਈਮ।"....ਉਹਨੂੰ ਸਾਡੀ ਕ੍ਰਿਸਮਸ ਵਾਲੀ ਮਿਲਣੀ ਹਾਲੇ ਯਾਦ ਸੀ। ਬੜਾ ਹੀ ਸਲੀਕੇ ਨਾਲ ਸਜਿਆ ਹੋਇਆ ਘਰ ਸੀ, ਹਰ ਚੀਜ਼ ਥਾਂ ਸਿਰ, ਨਾ ਕੋਈ ਵੱਧ ਤੇ ਨਾ ਘੱਟ, ਸਾਰੇ ਘਰ 'ਚੋਂ ਸੁਖ ਦਾ ਹੀ ਝਲਕਾਰਾ ਪੈਂਦਾ ਸੀ....ਉਹਦੇ ਘਰਵਾਲੇ ਨੇ ਸੋਫੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਤੁਸੀਂ ਬੈਠੋ, ਮੈਂ ਸੁਖ ਨੂੰ ਬੁਲਾਉਂਦਾ ਹਾਂ।" ਸੁਖ ਸਿਟਿੰਗ 'ਚ ਆਈ ਤਾਂ ਪਹਿਲੀ ਨਜ਼ਰੇ ਤਾਂ ਲੱਗਾ ਜਿਵੇਂ ਮੈਂ ਕਿਸੇ ਹੋਰ ਸ਼ਖ਼ਸ ਨੂੰ ਮਿਲ ਰਿਹਾ ਹਾਂ, ਉਹ ਸੁਖ ਜਿਸ ਦੇ ਚਿਹਰੇ ਤੇ ਹਮੇਸ਼ਾ ਇੱਕ ਨੂਰ ਝਲਕਦਾ ਹੁੰਦਾ ਸੀ ਉਹ ਬੇਪਛਾਣ ਹੋਈ ਪਈ ਸੀ, ਅੱਖਾਂ ਥੱਲੇ ਕਾਲੇ ਘੇਰੇ ਸਨ....ਉਹਨੇ ਮੁਸਕਰਾਉਣ ਦੀ ਕੋਸ਼ਿਸ਼ ਕਰਦਿਆਂ ਹੌਲੇ ਕਿਹਾ...."ਕਿਵੇਂ ਏਂ ਤੂੰ ਸੁਖ ?" ...ਮੈਥੋਂ ਬਸ ਏਨਾ ਹੀ ਕਹਿ ਹੋਇਆ "ਮੈਂ ਠੀਕ ਹਾਂ"....ਉਹਨੇ ਕਹਿ ਤਾਂ ਦਿੱਤਾ...ਪਰ ਉਹਦੇ ਬੋਲ ਤੋਂ ਲਗਦਾ ਨਹੀਂ ਸੀ ਕਿ ਉਹ ਠੀਕ ਸੀ....ਸੁਖ ਦੇ ਘਰਵਾਲੇ ਨੇ ਚਾਹ ਬਣਾਈ, ਅਸੀਂ ਚਾਹ ਪੀਂਦਿਆਂ ਰਸਮੀ ਜਿਹੀਆਂ ਗੱਲਾਂ ਕਰਦੇ ਰਹੇ। ਮੈਂ ਸੁਖ ਤੋਂ ਉਹਦੇ ਬੇਟੇ ਦੀ

ਪੜ੍ਹਾਈ ਬਾਰੇ ਪੁੱਛਿਆ....ਫਿਰ ਸੁਖ ਦਫ਼ਤਰ ਬਾਰੇ ਪੁੱਛਦੀ ਰਹੀ....ਪੌਣੇ ਕੁ ਘੰਟੇ ਦੀ ਗੱਲਬਾਤ 'ਚ ਮੈਂ ਨੋਟਿਸ ਕੀਤਾ ਕਿ ਸੁਖ ਕਈ ਵਾਰ ਤਾਂ ਬੜੀ ਸਹਿਜ ਲੱਗਦੀ ਪਰ ਕਈ ਵਾਰ ਗੱਲ ਕਰਦੀ ਕਰਦੀ ਚੁੱਪ ਕਰ ਜਾਂਦੀ ਤੇ ਉਹਦੀ ਬਿਰਤੀ ਕਿਤੇ ਹੋਰ ਜਾ ਲੱਗਦੀ ਜਿਵੇਂ ਕੋਈ ਗੱਲ ਉਹਨੂੰ ਪ੍ਰੇਸ਼ਾਨ ਕਰ ਰਹੀ ਹੋਵੇ...!! ਪੰਜ ਵੱਜਣ 'ਚ ਪੰਦਰਾਂ ਕੁ ਮਿੰਟ ਪਏ ਸਨ....ਸੁਖ ਦਾ ਘਰਵਾਲਾ ਕਹਿੰਦਾ, "ਪਾਲ ਮੇਰਾ ਅੱਜ ਆਪਣੇ ਦੋਸਤਾਂ ਨਾਲ ਪੂਲ ਖੇਡਣ ਦਾ ਪ੍ਰੋਗਰਾਮ ਏ, ਤੂੰ ਵੀ ਕਿਓਂ ਨਹੀਂ ਮੇਰੇ ਨਾਲ ਚੱਲਦਾ?" ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਸੁਖ ਬੋਲ ਪਈ, "ਸਨੀ, ਪਾਲ ਏਨੇ ਚਿਰ ਬਾਅਦ ਮਿਲਣ ਆਇਆ ਏ, ਅਜੇ ਤਾਂ ਮੈਂ ਇਹਦੇ ਨਾਲ ਸਾਰੀ ਆਫ਼ਿਸ ਗਾਸਿਪ ਕਰਨੀ ਏ"...ਮੈਨੂੰ ਲੱਗਾ ਸ਼ਾਇਦ ਕੋਈ ਐਹੋ ਜਿਹੀ ਗੱਲ ਸੀ ਜਿਹੜੀ ਸੁਖ ਆਪਣੇ ਘਰ ਵਾਲੇ ਦੇ ਸਾਹਮਣੇ ਨਹੀਂ ਕਰਨਾ ਚਾਹੁੰਦੀ ਸੀ।...ਸਨੀ ਨੇ ਸੁਖ ਦੀ ਗੱਲ ਦਾ ਮਤਲਬ ਇਹੀ ਕੱਢਿਆ ਸੀ ਕਿ ਸੁਖ ਮੇਰੇ ਨਾਲ ਇਕੱਲਿਆਂ ਕੋਈ ਗੱਲ ਕਰਨਾ ਚਾਹੁੰਦੀ ਸੀ, ਉਹਨੇ ਹੱਥ ਮਿਲਾਉਂਦਿਆਂ ਮੇਰੇ ਕੋਲੋਂ ਵਿਦਾ ਲਈ, ਸਾਰੀ ਟੂ ਲੀਵ ਲਾਈਕ ਦਿਸ, ਬਟ ਨੈਕਸਟ ਟਾਈਮ ਆਪਾਂ ਡਿਨਰ ਇਕੱਠੇ ਕਰਦੇ ਹਾਂ"....ਹੁਣ ਉਸ ਕਮਰੇ 'ਚ ਸਿਰਫ਼ ਮੈਂ ਤੇ ਉਹ ਰਹਿ ਏ ਸਾਂ।

"ਪਾਲ ਮੈਂ ਤੇਰੇ ਲਈ ਦੇਸੀ ਚਾਹ ਬਣਾਵਾਂ, ਆਫ਼ਿਸ 'ਚ ਤਾਂ ਪੀਣੀ ਪੈਂਦੀ ਏ ਪਰ ਆਹ ਕੇਤਲੀ ਵਾਲੀ ਚਾਹ ਨਾਲ ਮੇਰੀ ਤਸੱਲੀ ਨਹੀਂ ਹੁੰਦੀ।"

ਉਹ ਚਾਹ ਬਣਾ ਕੇ ਲਿਆਈ ਤੇ ਸ਼ਹਿ ਕੇ ਮੇਰੇ ਸਾਹਮਣੇ ਵਾਲੇ ਸੋਫ਼ੇ ਤੇ ਬੈਠ ਗਈ। ਮੈਂ ਗੱਲਾਂ ਦੀ ਲੜੀ ਤੋਰਨ ਦੇ ਇਰਾਦੇ ਨਾਲ ਪੁੱਛਿਆ, "ਸੁਖ ਇਹ ਸਾਰਾ ਕੁਝ ਕਿਵੇਂ ਹੋਇਆ? ਮੈਨੂੰ ਯਾਦ ਹੈ ਜਿਸ ਦਿਨ ਤੂੰ ਆਖਰੀ ਵਾਰ ਸ਼ੁਕਰਵਾਰ ਆਫ਼ਿਸ ਛੱਡਦੀ ਸੀ ਤਾਂ ਸਭ ਠੀਕ ਠਾਕ ਸੀ?"

"ਹਾਂ ਪਾਲ, ਸਾਰਾ ਕੁਝ ਠੀਕ ਠਾਕ ਹੀ ਸੀ, ਸ਼ਨੀਵਾਰ ਅਜੇ ਦੀ ਟਿਊਸ਼ਨ ਹੁੰਦੀ ਏ, ਬੜੀ ਸੋਹਣੀ ਧੁੱਪ ਲੱਗੀ ਹੋਈ ਸੀ। ਮੈਂ ਇਹਨੂੰ ਟਿਊਸ਼ਨ ਛੱਡ ਕੇ ਹਾਈ ਸਟ੍ਰੀਟ ਦੇ ਕੈਫ਼ੇ 'ਤੇ ਕਾਫ਼ੀ ਲੈ ਬਾਹਰ ਧੁੱਪ 'ਚ ਬੈਠੀ ਕੋਈ ਮੈਗਜ਼ੀਨ ਪੜ੍ਹ ਰਹੀ ਸਾਂ ਤਾਂ ਮੇਰੇ ਕੋਲ ਇਕ ਬੰਦਾ ਆਇਆ, ਉਹਦੇ ਕੱਪੜੇ ਦੱਸਦੇ ਸਨ ਸ਼ਾਇਦ ਕੰਸਟ੍ਰਕਸ਼ਨ ਵਰਕਰ ਸੀ ਤੇ ਲਾਗੇ ਕਿਸੇ ਬਿਲਡਿੰਗ 'ਚ ਕੰਮ ਕਰਦਾ ਸੀ।"

"ਇਕ ਵਾਰ ਉਹ ਮੇਰੇ ਲਾਗੋਂ ਦੀ ਹੋ ਕੇ ਗੁਜ਼ਰ ਗਿਆ, ਫੇਰ ਮੁੜ ਕੇ ਆਇਆ ਤੇ ਮੇਰੇ ਕੋਲ ਆ ਕੇ ਕਹਿੰਦਾ, ਭੈਣ ਜੀ ਤੁਸੀਂ ਫ਼ਿਰੋਜ਼ਪੁਰ ਤੋਂ ਹੋ ਨਾ?"

"ਮੈਨੂੰ ਕੁਝ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ, ਤੁਸੀਂ ਮੈਨੂੰ ਕਿਵੇਂ ਜਾਣਦੇ ਹੋ?"

"ਮੈਂ ਤਾਂ ਤੁਹਾਡੇ ਸਾਰੇ ਪਰਿਵਾਰ ਨੂੰ ਵੀ ਜਾਣਦਾ ਹਾਂ, ਤੁਸੀਂ ਡਾਕਟਰ ਸਾਹਿਬ ਦੀ ਛੋਟੀ ਬੇਟੀ ਹੋ ਨਾ?"

ਸੁਖ ਗੱਲਾਂ ਦੀ ਲੜੀ ਤੋੜਦੀ ਹੋਈ ਕਹਿੰਦੀ, ਪਾਲ ਅਸਲ 'ਚ ਮੇਰੇ ਡੈਡ ਡਾਕਟਰ ਸਨ ਤੇ ਫ਼ਿਰੋਜ਼ਪੁਰ ਦੇ ਲਾਗੇ ਬੰਨੇ ਉਹਨਾਂ ਦੀ ਚੰਗੀ ਸਿੱਖੀ ਸੇਵਕੀ ਸੀ....ਉਹ ਫੇਰ ਦੱਸਣ ਲੱਗ ਪਈ।

"ਮੈਂ ਨੋਟਿਸ ਕੀਤਾ ਕਿ ਉਸ ਬੰਦੇ ਕੋਲ ਵੀ ਚਾਹ ਦਾ ਕੱਪ ਸੀ, ਮੈਂ ਉਹਨੂੰ



ਬੈਠਣ ਲਈ ਕਿਹਾ। ਉਹ ਕਹਿੰਦਾ, ਨਹੀਂ ਮੇਰਾ ਲੰਚ ਟਾਈਮ ਖ਼ਤਮ ਹੋਣ ਵਾਲਾ ਹੈ। ਮੈਂ ਫੇਰ ਪੁੱਛਿਆ, ਤੁਸੀਂ ਮੇਰੇ ਡੈਡ ਨੂੰ ਕਿਵੇਂ ਜਾਣਦੇ ਹੋ, ਤੁਸੀਂ ਜ਼ਰੂਰ ਉਹਨਾਂ ਦੇ ਮਰੀਜ਼ ਰਹੇ ਹੋਵੋਗੇ?"

"ਹਾਂ ਇੰਜ ਹੀ ਸਮਝ ਲਵੋ, ਮੈਂ ਉਹਨਾਂ ਨੂੰ ਉਹਨਾਂ ਦੀ ਵੱਡੀ ਬੇਟੀ ਕਰਕੇ ਜਾਣਦਾ ਸਾਂ, ਅਸਲ 'ਚ ਉਹਨੇ ਹੀ ਮੇਰੀ ਬਿਮਾਰ ਮਾਂ ਲਈ ਆਪਣੇ ਡੈਡੀ ਦੀ ਦੱਸ ਪਾਈ ਸੀ, ਉਹ ਜਿਹੜੇ ਕਾਲਜ ਪੜ੍ਹਦੀ ਸੀ ਮੈਂ ਉਸ ਕਾਲਜ ਦੀ ਲੈਬ 'ਚ ਨੌਕਰੀ ਕਰਦਾ ਸੀ", ਆਪਣੀ ਵੱਡੀ ਭੈਣ ਦਾ ਜ਼ਿਕਰ ਸੁਣ ਜਿਵੇਂ ਸਕਤੇ 'ਚ ਆ ਗਈ ਸਾਂ, ਪਰ ਉਹ ਅਜੇ ਵੀ ਬੋਲੀ ਜਾ ਰਿਹਾ ਸੀ, "ਬੜੀ ਚੰਗੀ ਕੁੜੀ ਸੀ ਉਹ, ਐਵੇਂ ਭੰਗ ਦੇ ਭਾੜੇ ਤੁਰ ਗਈ....ਰੱਬ ਇਹੋ ਜਿਹੀ ਮੌਤ ਕਿਸੇ ਦੁਸ਼ਮਣ ਨੂੰ ਵੀ ਨਾ ਦਵੇ....ਮੈਨੂੰ ਪਤਾ ਲੱਗਾ ਕਿ ਡਾਕਟਰ ਸਾਹਿਬ ਵੀ ਤੁਰ ਗਏ ਨੇ....." "....ਯੂ ਨੋ ਪਾਲ, ਜਦੋਂ ਉਹ ਬੰਦਾ ਆਹ ਗੱਲਾਂ ਕਰ ਰਿਹਾ ਸੀ ਤਾਂ ਮੈਨੂੰ ਉਹਦੀ ਆਵਾਜ਼ ਕਿਸੇ ਖੂਹ 'ਚੋਂ ਆਉਂਦੀ ਮਹਿਸੂਸ ਹੋ ਰਹੀ ਸੀ....ਮੇਰਾ ਦਿਮਾਗ ਸੁੰਨ ਹੋ ਰਿਹਾ ਸੀ....ਉਹਦੀਆਂ ਗੱਲਾਂ 'ਚੋਂ ਇੱਕੋ ਗੱਲ ਮੇਰੇ ਦਿਮਾਗ 'ਚ ਬਾਰ ਬਾਰ ਵੱਜ ਰਹੀ ਸੀ..."ਰੱਬ ਐਹੋ ਜਿਹੀ ਮੌਤ ਕਿਸੇ ਦੁਸ਼ਮਣ ਨੂੰ ਵੀ ਨਾ ਦਵੇ"....ਇਸ ਤੋਂ ਪਹਿਲਾਂ ਮੈਂ ਪੁੱਛਦੀ ਉਹ ਕਹਿੰਦਾ ਚੰਗਾ ਭੈਣ ਜੀ, ਕੁਝ ਚੀਜ਼ਾਂ ਬਾਰੇ ਸਬਰ ਕਰ ਲੈਣਾ ਹੀ ਚੰਗਾ ਹੁੰਦਾ....ਮੈਂ ਚੱਲਦਾਂ ਮੇਰਾ ਲੰਚ ਟਾਈਮ ਖ਼ਤਮ ਹੋ ਗਿਆ।" "ਉਹ ਤੁਰ ਪਿਆ ਤਾਂ ਮੈਨੂੰ ਜਿਵੇਂ ਕੁਝ ਯਾਦ ਆਇਆ...ਮੈਂ ਕਿਹਾ ਭਾਜੀ ਆਪਣਾ ਫੋਨ ਨੰਬਰ ਤਾਂ ਦੇਂਦੇ ਜਾਓ ਮੈਂ ਕਾਲ ਕਰਾਂਗੀ ਤੁਹਾਨੂੰ...." ਸੁਖ ਅਜੇ ਵੀ ਲਗਾਤਾਰ ਬੋਲੀ ਜਾ ਰਹੀ ਸੀ, ਮੈਨੂੰ ਲੱਗਾ ਮੇਰਾ ਓਥੇ ਹੋਣ ਜਾਂ ਨਾ ਹੋਣਾ ਬਹੁਤੇ ਮਾਇਨੇ ਨਹੀਂ ਸੀ ਰੱਖਦਾ, ਉਹ ਸਿਰਫ਼ ਆਪਣੀ ਗੱਲ ਦੱਸਣਾ ਚਾਹੁੰਦੀ ਸੀ..."ਪਾਲ ਮੈਂ ਘੜੀ ਵੱਲ ਨਿਗਾਹ ਮਾਰੀ ਅਜੇ ਦੀ ਟਿਊਸ਼ਨ ਖ਼ਤਮ ਹੋਣ ਦਾ ਵੇਲਾ ਹੋ ਗਿਆ ਸੀ, ਪਰ ਮੇਰੇ ਦਿਮਾਗ 'ਚ ਉਸ ਬੰਦੇ ਦੀ ਕਹੀ ਗੱਲ ਬਾਰ ਬਾਰ ਵੱਜ ਰਹੀ ਸੀ...."ਰੱਬ ਐਹੋ ਜਿਹੀ ਮੌਤ ਕਿਸੇ ਦੁਸ਼ਮਣ ਨੂੰ ਵੀ ਨਾ ਦਵੇ"!!!....ਘਰ ਆ ਕੇ ਵੀ ਮੈਨੂੰ ਚੈਨ ਨਾ ਆਇਆ...ਉਹ ਅਜਨਬੀ ਬੰਦਾ ਜਿਹੜਾ ਖ਼ੁਦ ਨੂੰ ਮੇਰੀ ਭੈਣ ਦਾ ਜਾਣੂੰ ਦੱਸਦਾ ਸੀ, ਮੇਰੀ ਭੈਣ ਦੀ ਮੌਤ ਬਾਰੇ ਕਿਵੇਂ ਜਾਣਦਾ ਸੀ?...ਇਹਨਾਂ ਗੱਲਾਂ ਦਾ ਤਾਂ ਸਾਨੂੰ ਪਰਿਵਾਰ ਦੇ ਮੈਂਬਰ ਨੂੰ ਵੀ ਨਹੀਂ ਪਤਾ..." ਮੇਰੇ ਲਈ ਸੁਖ ਦੀਆਂ ਗੱਲਾਂ ਅਚੰਭੇ ਵਾਲੀਆਂ ਸਨ....ਕਿਤੇ ਵੀ ਕੋਈ ਲੜੀ ਨਹੀਂ ਜੁੜ ਰਹੀ ਸੀ...ਮੈਂ ਸੁਖ ਨੂੰ ਪੁੱਛਦਾ ਹਾਂ "ਸੁਖ ਮੈਂ ਕੁਝ ਸਮਝਿਆ ਨਹੀਂ"...ਮੈਂ ਸ਼ਾਇਦ ਵਾਕਿਆ ਹੀ ਨਹੀਂ ਸਾਂ ਸਮਝਿਆ ਜਾਂ ਸ਼ਾਇਦ ਸੁਖ ਦੇ ਮੂੰਹੋਂ ਸਮਝਣਾ ਚਾਹੁੰਦਾ ਸਾਂ....ਪਾਲ ਅਸਲ 'ਚ ਅਸੀਂ ਤਿੰਨ ਭੈਣ ਭਰਾ ਸਾਂ, ਮੇਰੇ ਡੈਡ ਡਾਕਟਰ ਸਨ ਤੇ ਮੰਮੀ ਟੀਚਰ...ਡੈਡ ਦਾ ਫ਼ਿਰੋਜ਼ਪੁਰ ਸ਼ਹਿਰ ਦੇ ਬਾਹਰ ਆਪਣਾ ਕਲੀਨਿਕ ਸੀ....ਸਾਰਾ ਕੁਝ ਬੜਾ ਹੀ ਵਧੀਆ ਚੱਲ ਰਿਹਾ ਸੀ...ਮੇਰੇ ਡੈਡ ਬੜੇ ਨੇਕਦਿਲ ਸਨ...ਗਰੀਬੀ ਦੇਖੀ ਸੀ ਸ਼ਾਇਦ ਇਸੇ ਲਈ ਜਦੋਂ ਹੱਥ ਸੌਖਾ ਵੀ ਹੋਇਆ ਤਾਂ ਅਮੀਰੀ ਕਦੇ ਸਿਰ ਨੂੰ ਨਹੀਂ ਚੜ੍ਹੀ...ਬੜੇ ਅਗਾਂਹਵਧੂ, ਧੀਆਂ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਨ ਵਾਲੇ...ਮੇਰਾ ਭਰਾ ਸਭ ਤੋਂ ਛੋਟਾ ਸੀ ਪਰ ਡੈਡ ਮੈਨੂੰ ਤੇ ਮੇਰੀ ਵੱਡੀ ਭੈਣ ਨੂੰ ਆਪਣੇ ਵੱਡੇ ਪੁੱਤਰ ਹੀ ਕਿਹਾ ਕਰਦੇ ਸਨ....ਗੱਲਾਂ ਕਰਦੀ ਸੁਖ ਜਿਵੇਂ

ਆਪਣੇ ਬੀਤੇ 'ਚ ਗਵਾਚ ਗਈ....ਜਿਵੇਂ ਆਪਣਾ ਬਚਪਨ ਟਟੋਲ ਰਹੀ ਹੋਵੇ....ਉਹਨੇ ਆਪਣੀਆਂ ਸਿੱਲ੍ਹੀਆਂ ਅੱਖਾਂ ਪੂੰਝੀਆਂ ਤੇ ਫੇਰ ਦੱਸਣ ਲੱਗ ਪਈ...."ਤੇ ਫੇਰ ਜਿਵੇਂ ਇੱਕ ਦਿਨ ਸਭ ਠੀਕ ਠਾਕ ਚਲਦੀ ਜ਼ਿੰਦਗੀ 'ਚ ਭੂਚਾਲ ਆ ਗਿਆ....ਪੰਜਾਬ ਦੇ ਹਲਾਤ ਅੱਤ ਮਾੜੇ ਸਨ...ਮੇਰੀ ਵੱਡੀ ਭੈਣ ਸ਼ਹਿਰ ਪੜ੍ਹਦੀ ਸੀ....ਘਰੋਂ ਪੜ੍ਹਨ ਗਈ ਉਹ ਵਾਪਿਸ ਹੀ ਨਹੀਂ ਮੁੜੀ....ਇਸ ਦੀ ਗੱਲ ਤਾਂ ਅਸੀਂ ਕਦੀ ਸੋਚੀ ਵੀ ਨਹੀਂ ਸੀ...ਮੇਰੇ ਬਾਪ ਨੇ ਬਥੇਰੀ ਭੱਜ ਨੱਸ ਕੀਤੀ....ਜਵਾਨ ਕੁੜੀ ਦਾ ਮਾਮਲਾ ਸੀ....ਡੈਡੀ ਕੇਸ ਦਰਜ ਕਰਵਾਉਣੋਂ ਝਿਜਕਦੇ ਸਨ.....ਕੋਈ ਸੁਰ ਪਤਾ ਹੱਥ ਨਾ ਲੱਗੇ...ਆਲੇ ਦੁਆਲੇ ਕਈ ਕਿਸਮ ਦੀਆਂ ਅਵਾਈਆਂ ਸਨ...ਕੋਈ ਕਹੇ ਉਸ ਦੀ ਕਿਸੇ ਮੁੰਡੇ ਨਾਲ ਗੱਲਬਾਤ ਸੀ ਉਹਦੇ ਨਾਲ ਨਿਕਲ ਗਈ...ਕੋਈ ਕਹੇ ਉਹਨੂੰ ਅੱਤਵਾਦੀਆਂ ਨੇ ਅਗਵਾ ਕਰ ਲਿਆ, ਡਾਕਟਰ ਕੋਲੋਂ ਫਿਰੌਤੀ ਮੰਗੀ ਸੀ...ਕੋਈ ਕਹਿੰਦਾ ਸੀ ਕਿ ਜਿਸ ਮੁੰਡੇ ਨਾਲ ਉਹ ਗਈ ਸੀ ਉਹ ਅੱਤਵਾਦੀਆਂ 'ਚ ਸੀ ਤੇ ਉਹ ਵੀ ਉਹਨਾਂ ਨਾਲ ਰਲ ਗਈ ਸੀ ਤੇ ਆਪਣਾ ਨਾਂ ਬਦਲ ਲਿਆ ਸੀ....ਜਿੰਨੇ ਮੂੰਹ ਓਨੀਆਂ ਗੱਲਾਂ ਸਨ....ਮੈਂ ਘਰੋਂ ਬਾਹਰ ਨਿਕਲਦੀ ਤਾਂ ਲੋਕੀਂ ਮੇਰੇ ਵੱਲ ਅਜੀਬ ਜਿਹਾ ਤੱਕਦੇ...ਮੇਰੇ ਬਾਪ ਨੇ ਸਾਨੂੰ ਇਸ ਸਭ ਤੋਂ ਬਚਾਉਣ ਲਈ ਸਾਨੂੰ ਭੈਣ ਭਰਾਵਾਂ ਨੂੰ ਮੇਰੇ ਨਾਨਕੇ ਅੰਬਾਲੇ ਭੇਜ ਦਿੱਤਾ...ਅਸੀਂ ਦੋਵਾਂ ਭੈਣ ਭਰਾਵਾਂ ਨੇ ਆਪਣੀ ਪੜ੍ਹਾਈ ਅੰਬਾਲੇ ਸਕੂਲ 'ਚ ਸ਼ੁਰੂ ਕਰ ਦਿੱਤੀ...ਅਸੀਂ ਦੋਵਾਂ ਭੈਣ ਭਰਾਵਾਂ ਨੇ ਚਾਰ ਮਹੀਨੇ ਮਾਂ ਬਾਪ ਦੀ ਸ਼ਕਲ ਤੱਕ ਨਾ ਵੇਖੀ...ਚਾਰ ਮਹੀਨੇ ਬਾਅਦ ਮੰਮੀ ਡੈਡੀ ਸਾਨੂੰ ਅੰਬਾਲੇ ਮਿਲਣ ਆਏ ਤਾਂ ਜਿਵੇਂ ਉਹ ਹੋਣੀ ਨਾਲ ਸਮਝੌਤਾ ਕਰ ਚੁੱਕੇ ਸਨ...ਮੇਰੀ ਮਾਂ ਸਾਰੀ ਰਾਤ ਮੈਨੂੰ ਗਲ ਨਾਲ ਲਗਾ ਕੇ ਰੋਂਦੀ ਰਹੀ...ਡੈਡੀ ਤਾਂ ਜਿਵੇਂ ਉਸ ਤੋਂ ਬਾਅਦ ਚੁੱਪ ਹੀ ਕਰ ਗਏ ਸਨ....ਏਨਾ ਮਿਲਣਸਾਰ ਮੇਰਾ ਪਿਓ ਹੁਣ ਹਰ ਦੋਸਤ ਰਿਸ਼ਤੇਦਾਰ ਤੋਂ ਪਾਸਾ ਵੱਟ ਕੇ ਲੰਘਦਾ....ਲੋਕਾਂ ਦੀਆਂ ਖੁਸ਼ੀਆਂ ਗ਼ਮੀਆਂ 'ਤੇ ਵੀ ਜਾਣੋਂ ਹਟ ਗਏ...ਧੂ ਨੇ ਪਾਲ ਇੱਕ ਤਾਂ ਘਰ 'ਚੋਂ ਜੀਅ ਚਲਾ ਗਿਆ ਤੇ ਉੱਪਰੋਂ ਨਮੋਸ਼ੀ...ਡੈਡੀ ਲਈ ਸ਼ਾਇਦ ਇਸ ਸਭ ਦਾ ਭਾਰ ਚੁੱਕ ਸਕਣਾ ਸੰਭਵ ਨਹੀਂ ਸੀ....ਕਿਸੇ ਖਿਝ ਜਿਹੀ ਉਹਨਾਂ ਆਪਣਾ ਫਿਰੋਜ਼ਪੁਰ ਵਾਲਾ ਘਰ ਵੇਚ ਦਿੱਤਾ ਤੇ ਜਲੰਧਰ ਆ ਗਏ...ਨਵੇਂ ਸਿਰਿਓਂ ਕਲੀਨਿਕ ਸ਼ੁਰੂ ਕਰ ਦਿੱਤੀ...ਅਸੀਂ ਵੀ ਅੰਬਾਲਿਓਂ ਵਾਪਿਸ ਆ ਗਏ...."

"ਸਾਰੇ ਆਪੋ ਆਪਣੇ ਰੁਝੇਵਿਆਂ 'ਚ ਰੁਝ ਗਏ ਪਰ ਕੋਈ ਮੇਰੀ ਵੱਡੀ ਭੈਣ ਬਾਰੇ ਗੱਲ ਨਹੀਂ ਸੀ ਕਰਦਾ, ਮੈਂ ਇੱਕ ਦੋ ਵਾਰ ਮਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ...ਮਾਂ ਨੇ ਬਸ ਏਨਾ ਹੀ ਕਿਹਾ ਸੀ.... 'ਜੋ ਉਸ ਤੱਤੜੀ ਦੀ ਕਿਸਮਤ'....ਆਪਣੇ ਨਾਲ ਉਹਦੀ ਸ਼ਾਇਦ ਏਨੀ ਹੀ ਸਾਂਝ ਸੀ...ਮੇਰੇ ਡੈਡੀ ਬਹੁਤੇ ਧਾਰਮਿਕ ਨਹੀਂ ਸਨ ਪਰ ਹੁਣ ਨਿੱਤ-ਨੇਮ ਨਾਲ ਗੁਰਦਵਾਰੇ ਜਾਂਦੇ...ਮੇਰੇ ਬਾਰੇ ਉਹ ਲੋੜੋਂ ਵੱਧ ਪ੍ਰੋਟੇਕਟਿਵ ਹੋ ਗਏ ਸਨ...ਪਹਿਲਾਂ ਕਹਿੰਦੇ ਹੁੰਦੇ ਸੀ ਮੈਂ ਆਪਣੇ ਛੋਟੇ ਪੁੱਤ ਨੂੰ ਡਾਕਟਰ ਬਣਾਵਾਂਗਾ....ਪਰ ਹੁਣ ਉਹਨਾਂ ਦਾ ਅਸਲ ਧਿਆਨ ਮੇਰੀ ਪੜ੍ਹਾਈ ਤੋਂ ਪਰੇ ਮੇਰੇ ਵਿਆਹ ਵੱਲ ਲੱਗਾ ਰਹਿੰਦਾ ਕਿ ਕਿਤੇ ਕੋਈ ਚੰਗਾ ਮੁੰਡਾ ਮਿਲੇ ਤਾਂ ਮੈਂ ਸੁਰਖ਼ਰੂ ਹੋਵਾਂ...ਮੈਨੂੰ ਕਈ ਵਾਰ ਮਾਂ ਬਾਪ 'ਤੇ ਖਿਝ ਆਉਂਦੀ...ਮੇਰੀ ਵੱਡੀ ਭੈਣ....ਬਾਰੇ



ਉਹਨਾਂ ਕਿਵੇਂ ਮਿਥ ਲਿਆ ਸੀ ਕਿ ਉਹਨੇ ਕਦੀ ਨਹੀਂ ਪਰਤਣਾ...ਮੈਂ ਮਾਂ ਕੋਲੋਂ ਕੁਝ ਪੁੱਛਦੀ ਤਾਂ ਉਹ ਸਿਰਫ਼ ਏਨਾ ਹੀ ਕਹਿੰਦੀ... 'ਜੋ ਉਸ ਤੱਤੜੀ ਦੀ ਕਿਸਮਤ'...ਪਰ ਮੇਰਾ ਮਨ ਨਹੀਂ ਮੰਨਦਾ ਸੀ ਕਿ ਉਹ ਮਰ ਗਈ ਸੀ। ਮੈਨੂੰ ਲੱਗਦਾ ਕਿ ਉਹ ਜ਼ਰੂਰ ਹੀ ਇੱਕ ਦਿਨ ਵਾਪਿਸ ਆ ਜਾਵੇਗੀ....ਨਾਲੇ ਮੈਂ ਕਿਵੇਂ ਮੰਨ ਲਵਾਂ ਕੋਈ ਗਲਮ ਹੱਥੀਂ ਕੀਤੀ ਵੇਖੀ ਹੋਵੇ ਤਾਂ ਮੰਨਾਂ ਕਿ ਉਹ ਹੁਣ ਇਸ ਦੁਨੀਆ 'ਚ ਨਹੀਂ ਹੈ...." ਆਪਣੇ ਬਚਪਨ ਦੀਆਂ ਯਾਦਾਂ 'ਚ ਗੋਤੇ ਖਾਂਦੀ ਸੁਖ ਲਗਾਤਾਰ ਬੋਲੀ ਜਾ ਰਹੀ ਸੀ....

"ਸੁਖ ਮੈਨੂੰ ਪਾਣੀ ਦਾ ਗਿਲਾਸ ਮਿਲੇਗਾ?" ਮੈਂ ਕਮਰੇ 'ਚ ਪੱਸਰੀ ਬੋਝਲਤਾ ਨੂੰ ਘੱਟ ਕਰਨ ਲਈ ਕਿਹਾ। ਓਦਾਂ ਸ਼ਾਇਦ ਮੇਰੀ ਤੇਹ ਤਾਂ ਸੁਖ ਦੀ ਆਪ ਬੀਤੀ ਸੁਣ ਹੀ ਮਰ ਮੁੱਕ ਗਈ ਸੀ...ਸੁਖ ਪਾਣੀ ਲੈਣ ਉੱਠੀ ਤਾਂ ਮੈਂ ਸੋਚ ਰਿਹਾ ਸਾਂ, ਤੁਹਾਡਾ ਬੀਤਿਆ ਤੁਹਾਡੀ ਜ਼ਿੰਦਗੀ ਨੂੰ ਕਿਵੇਂ ਤਰਾਸ਼ਦਾ ਹੈ। ਜਦੋਂ ਸੁਖ ਬਾਰ ਬਾਰ ਕਹਿੰਦੀ ਹੈ ਕਿ ਉਹ ਇੱਕ ਫਾਰਵਰਡ ਲੁਕਿੰਗ ਹੋਣ ਤੋਂ ਬਿਨਾ ਚਾਰਾ ਵੀ ਕੀ ਰਹਿ ਜਾਂਦਾ ਹੈ? ਸੁਖ ਪਾਣੀ ਦਾ ਗਿਲਾਸ ਲੈ ਕੇ ਆਉਂਦੀ ਹੈ। ਮੈਂ ਫੇਰ ਪੁੱਛਦਾ ਹਾਂ, "ਸੁਖ ਤੂੰ ਫਿਰ ਉਸ ਬੰਦੇ ਨੂੰ ਫੋਨ ਕੀਤਾ ਜਿਹੜਾ ਤੈਨੂੰ ਕਾਫੀ ਪੀਂਦਿਆਂ ਮਿਲਿਆ ਸੀ?" ਉਹ ਫੇਰ ਦੱਸਣ ਲੱਗ ਪਈ, "ਘਰ ਆ ਕੇ ਮੈਨੂੰ ਇੱਕ ਅੱਚਵੀ ਜਿਹੀ ਲੱਗੀ ਹੋਈ ਸੀ, ਇਕ ਦਿਲ ਕਰਦਾ ਸੀ ਕਿ ਉਸ ਬੰਦੇ ਨੂੰ ਫੋਨ ਕਰਾਂ ਪਰ ਇੱਕ ਡਰ ਵੀ ਸੀ ਅਣਕਹੇ ਦਾ ਕਿ ਕਿਤੇ ਉਹਦਾ ਕੁਝ ਕਿਹਾ ਮੇਰਾ ਕੋਈ ਭਰਮ ਨਾ ਤੋੜ ਦੇਵੇ....ਦੋ ਤਿੰਨ ਦਿਨ ਇਸੇ ਦੋਚਿੱਤੀ 'ਚ ਲੰਘੇ...ਨਾ ਕੁਝ ਖਾਣ ਨੂੰ ਜੀ ਕਰੇ ਨਾ ਪੀਣ ਨੂੰ ਫਿਰ ਮੈਂ ਉਹਨੂੰ ਫੋਨ ਕੀਤਾ। ਉਹਨੇ ਚੁੱਕਿਆ ਨਾ....ਅਗਲੀ ਵਾਰ ਕੀਤਾ ਤਾਂ ਰਸਮੀਂ ਜਿਹੀ ਸੁਖ ਸਾਂਦ ਤੋਂ ਬਾਅਦ ਮੈਂ ਪੁੱਛਿਆ ਕਿ ਉਸ ਦਿਨ ਲੰਬੀ ਗੱਲ ਨਹੀਂ ਹੋ ਸਕੀ। ਤੁਸੀਂ ਮੇਰੀ ਭੈਣ ਬਾਰੇ ਕੀ ਜਾਣਦੇ ਹੋ?...ਖਾਸ ਕਰ ਜਦੋਂ ਤੁਸੀਂ ਕਹਿੰਦੇ ਹੋ ਕਿ ਇਹੋ ਜਿਹੀ ਮੌਤ ਰੱਬ ਕਿਸੇ ਨੂੰ ਨਾ ਦੇਵੇ...." ਕਹਿੰਦਾ "ਉਸਦਾ ਕਾਲਜ ਤੋਂ ਬਾਹਰ ਦੇ ਇੱਕ ਮੁੰਡੇ ਨਾਲ ਉੱਠਣ ਬਹਿਣ ਸੀ....ਪਿੱਠ ਪਿੱਛੇ ਕਈ ਜਣੇ ਉਹਨਾਂ ਬਾਰੇ ਗੱਲਾਂ ਵੀ ਕਰਦੇ ਸਨ ਪਰ ਮੈਨੂੰ ਨਹੀਂ ਲਗਦਾ ਕਿ ਉਹਨਾਂ ਵਿਚਕਾਰ ਦੋਸਤੀ ਤੋਂ ਵੱਧ ਕੁਝ ਸੀ...ਵੱਧ ਤੋਂ ਵੱਧ ਇਹੀ ਹੋ ਸਕਦਾ ਕਿ ਦੋਵੇਂ ਇੱਕ ਦੂਜੇ ਨੂੰ ਪਸੰਦ ਵੀ ਕਰਦੇ ਹੋਣ। ਮੈਨੂੰ ਏਨਾ ਪਤਾ ਹੈ ਕਿ ਉਸ ਮੁੰਡੇ ਦੇ ਅਗਾਹ ਭਾਊਆਂ ਨਾਲ ਸਬੰਧ ਸਨ...ਮੈਂ ਪੁੱਛਿਆ ਕਿ ਕੀ ਇਹ ਸੱਚ ਸੀ ਕਿ ਉਹ ਆਪਣੀ ਮਰਜ਼ੀ ਨਾਲ ਉਹਨਾਂ ਨਾਲ ਗਈ ਸੀ। ਉਹਦਾ ਜਵਾਬ ਸੀ, "ਮੈਨੂੰ ਇਸ ਬਾਰੇ ਨਹੀਂ ਪਤਾ, ਪਰ ਜੋ ਸੁਣਨ 'ਚ ਆਉਂਦਾ ਸੀ ਕਿ ਇਹ ਅਗਵਾ ਦਾ ਕੇਸ ਸੀ, ਉਹ ਉਹਨੂੰ ਪਹਿਲਾਂ ਲੁਧਿਆਣੇ ਲੈ ਕੇ ਗਏ ਤੇ ਫੇਰ ਯੂ.ਪੀ. 'ਚ ਤਰਾਈ...." ਸੁਖ ਕਹਿੰਦੀ, "ਉਸ ਬੰਦੇ ਦੀ ਗੱਲ ਕੱਟ ਕੇ ਮੈਂ ਮੋੜਵਾਂ ਸਵਾਲ ਪਾਉਂਦਿਆਂ ਕਿਹਾ, "ਪਰ ਮੈਨੂੰ ਜੋ ਯਾਦ ਹੈ ਸਾਨੂੰ ਤੇ ਨਾ ਕੋਈ ਫਿਰੌਤੀ ਲਈ ਸੁਨੇਹਾ ਆਇਆ ਨਾ ਕਿਸੇ ਹੋਰ ਚੀਜ਼ ਲਈ, ਜੇ ਇਹ ਅਗਵਾ ਦਾ ਕੇਸ ਹੁੰਦਾ ਤਾਂ ਸਾਡੇ ਤੱਕ ਅਪੜਨ ਦਾ ਕੋਈ ਹੀਲਾ ਵਸੀਲਾ ਤਾਂ ਕਰਦੇ ਉਹ?" ਅੱਗੋਂ ਉਹ ਕਹਿੰਦਾ, "ਭੈਣ ਜੀ, ਉਹ ਵੇਲੇ ਹੀ ਐਸੇ ਸਨ, ਉਹਨਾਂ ਸ਼ਾਇਦ ਕੁੜੀ ਨੂੰ ਅਗਵਾ ਪੈਸੇ ਲਈ ਕੀਤਾ ਹੀ ਨਹੀਂ ਸੀ, ਹੱਥਾਂ 'ਚ ਆਏ ਹਥਿਆਰ ਬੰਦੇ ਦੇ ਮਨ ਦੀਆਂ ਕਈ ਖੋਟਾਂ ਨੂੰ ਖੰਭ ਲਾ ਦੇਂਦੇ ਹਨ। ਉਹ ਉਹਨੂੰ

ਆਪਣੇ ਨਾਲ ਪੰਜਾਬੋਂ ਬਾਹਰ ਲਈ ਫਿਰਦੇ ਰਹੇ, ਮੈਂ ਸੁਣਿਐਂ ਕਿ ਉਹਦੇ 'ਤੇ ਵਾਰ ਵਾਰ ਜ਼ੋਰ ਪਾਉਂਦੇ ਸਨ ਕਿ ਆਪਣੇ ਘਰਦਿਆਂ ਨੂੰ ਚਿਠੀ ਲਿਖੇ ਕਿ ਉਹ ਆਪਣੀ ਮਰਜ਼ੀ ਨਾਲ ਆਈ ਹੈ ਪਰ ਉਹ ਕਹਿੰਦੀ ਸੀ ਮੈਨੂੰ ਤਾਂ ਜੀਣ ਜੋਗੀ ਤੁਸੀਂ ਛੱਡਿਆ ਨਹੀਂ, ਮੇਰਾ ਬਾਪ ਨਮੋਸ਼ੀ ਨਾਲ ਜੀਂਦੇ ਹੀ ਮਰ ਜਾਵੇਗਾ.....ਉਹਨੂੰ ਚਾਰ ਪੰਜ ਮਹੀਨੇ ਰੱਖਿਆ ਤੇ ਜਦੋਂ ਉਸ ਤੋਂ ਅੱਕ ਗਏ ਤਾਂ ਇੱਕ ਦਿਨ ਉਹਦੇ ਹੱਥ ਉਹਦੀ ਚੁੰਨੀ ਨਾਲ ਬੰਨ ਕਿ ਉਹਨੂੰ ਜਿਉਂਦੀ ਨੂੰ ਸਰਹਿੰਦ ਨਹਿਰ 'ਚ ਧੱਕਾ ਦੇ ਦਿੱਤਾ। ਮੈਂ ਉਸ ਬੰਦੇ ਤੋਂ ਪੁੱਛਿਆ ਕਿ ਤੁਹਾਨੂੰ ਇਹ ਗੱਲਾਂ ਕਿਵੇਂ ਪਤਾ ਲੱਗਾ ਤਾਂ ਉਹਦਾ ਜਵਾਬ ਸੀ ਕਿ ਮਾਰਨ ਵਾਲਿਆਂ 'ਚੋਂ ਇੱਕ ਮੁੰਡੇ ਦਾ ਭਰਾ ਮੇਰਾ ਜਾਣੂੰ ਪਛਾਣੂੰ ਸੀ, ਉਹਨੂੰ ਇਹ ਗੱਲ ਉਹਦੇ ਭਰਾ ਨੇ ਦੱਸੀ ਸੀ....ਉਂਜ ਮੈਨੂੰ ਬੜਾ ਬਾਅਦ 'ਚ ਪਤਾ ਲੱਗਾ ਕਿ ਉਸ ਮਾਰਨ ਵਾਲੇ ਮੁੰਡੇ ਨੂੰ ਵੀ ਪੁਲਿਸ ਨੇ ਝੂਠੇ ਮੁਕਾਬਲੇ 'ਚ ਮਾਰ ਕੇ ਉਸੇ ਹੀ ਨਹਿਰ 'ਚ ਖੁਰਦ ਬੁਰਦ ਕਰ ਦਿੱਤਾ ਸੀ।" ਆਪਣੇ ਬੀਤੇ ਦੀ ਕਥਾ ਸੁਣਾਉਂਦੀ ਹੋਈ ਸੁਖ ਮੈਨੂੰ ਮੁਖ਼ਾਤਿਬ ਹੋ ਕਹਿੰਦੀ, "ਪਾਲ ਮੈਂ ਉਹਦੀਆਂ ਗੱਲਾਂ ਸੁਣ ਕੇ ਸੁੰਨ ਜਿਹੀ ਹੋ ਗਈ ਸਾਂ...ਭੁੱਖ ਤਾਂ ਮੈਨੂੰ ਪਹਿਲਾਂ ਹੀ ਲੱਗਣੋਂ ਹਟ ਗਈ ਸੀ, ਜਦੋਂ ਪਾਣੀ ਦਾ ਗਿਲਾਸ ਵੀ ਮੂੰਹ ਨੂੰ ਲਾਉਂਦੀ ਸਾਂ ਤਾਂ ਮੈਨੂੰ ਪਾਣੀ 'ਚ ਤੜਫਦੀ ਆਪਣੀ ਭੈਣ ਚੇਤੇ ਆ ਜਾਂਦੀ ਸੀ, ਹੱਥ ਚੁੰਨੀ ਨਾਲ ਪਿਛੇ ਬੰਥੇ ਹੋਏ, ਛਟਪਟਾਉਂਦੀ, ਪਾਣੀ 'ਚੋਂ ਬਾਹਰ ਆਉਣ ਲਈ ਆਪਣੀਆਂ ਲੱਤਾਂ ਬਾਹਾਂ ਮਾਰਦੀ...ਉਹਦੇ ਮੂੰਹ 'ਚੋਂ ਨਿਕਲਦੇ ਬੁਲਬੁਲੇ....ਜੇ ਰਾਤ ਨੂੰ ਕਿਤੇ ਮੇਰੀ ਮਾੜੀ ਮੋਟੀ ਅੱਖ ਵੀ ਲਗਦੀ ਤਾਂ ਫੇਰ ਇਹੋ ਸੀਨ ਮੇਰੀਆਂ ਅੱਖਾਂ ਸਾਹਵੇਂ ਉੱਭਰ ਆਉਂਦਾ।"

"ਤੇ ਤੂੰ ਆਪਣੇ ਹਸਬੈਂਡ ਨਾਲ ਕੀਤੀ ਇਹ ਗੱਲ?"...ਮੈਨੂੰ ਲੱਗਿਆ ਕਿ ਸੁਖ ਸ਼ਾਇਦ ਦੁੱਖ ਨਾਲ ਨੱਕੋ ਨੱਕ ਭਰੀ ਹੋਈ ਸੀ ਤੇ ਉਹਨੂੰ ਆਪਣਾ ਦਿਲ ਫਰੋਲਣ ਲਈ ਕਿਸੇ ਦੀ ਲੋੜ ਸੀ...

"ਹਾਂ ਸਨੀ ਨੂੰ ਪਤਾ ਹੈ ਸਾਰੀ ਗੱਲ ਦਾ, ਵੈਸੇ ਵੀ ਮੇਰੇ ਡੈਡ ਨੇ ਮੇਰਾ ਰਿਸ਼ਤਾ ਕਰਨ ਵੇਲੇ ਦੱਸਿਆ ਸੀ ਇਹਦੇ ਮਾਂ ਬਾਪ ਨੂੰ ਕਿ ਸਾਡੀ ਇੱਕ ਵੱਡੀ ਕੁੜੀ ਵੀ ਸੀ ਜਿਹੜੀ ਡੈਥ ਹੋ ਗਈ ਸੀ....ਪਰ ਸਨੀ ਦਾ ਰਿਸਪਾਂਸ ਬੜਾ ਨਾਰਮਲ ਸੀ ਕਿ ਤੂੰ ਆਪਣੀ ਭੈਣ ਨੂੰ ਵੀਹ ਬਾਈ ਸਾਲ ਪਹਿਲਾਂ ਗਵਾ ਲਿਆ, ਉਹਨੂੰ ਹੁਣ ਦੁਬਾਰਾ ਤੋਂ ਰੋਣ ਦਾ ਕੀ ਫਾਇਦਾ?"...ਸੁਖ ਨੇ ਹੌਕਾ ਜਿਹਾ ਲਿਆ ਤੇ ਬੋਲੀ, "ਮੈਂ ਸਨੀ ਨੂੰ ਵੀ ਦੋਸ਼ ਨਹੀਂ ਦੇਂਦੀ ਪਾਲ, ਮੇਰੀਆਂ ਆਂਦਰਾਂ ਦਾ ਦੁੱਖ ਕੋਈ ਉਹੀ ਸਮਝ ਸਕਦੈ ਜਿਹੜਾ ਆਪਣੇ ਭੈਣਾਂ ਭਰਾਵਾਂ ਦੇ ਨੇੜੇ ਹੋਵੇ, ਮੈਂ ਇਸੇ ਲਈ ਤੇਰੇ ਨਾਲ ਗੱਲ ਕਰਨਾ ਚਾਹੁੰਦੀ ਸਾਂ।"

"ਤੇ ਤੂੰ ਉਸ ਬੰਦੇ ਨਾਲ ਦੁਬਾਰਾ ਗੱਲ ਕਰਨ ਦੀ ਕੋਸ਼ਿਸ਼ ਕੀਤੀ?"

"ਨਹੀਂ ਮੇਰਾ ਜੀ ਨਹੀਂ ਕਰਦਾ - ਇਸ ਤੋਂ ਵੱਧ ਉਹ ਕੀ ਦੱਸ ਸਕਦਾ ਸੀ, ਬੌਸ ਮੈਨੂੰ ਕਹਿੰਦਾ ਤੁਹਾਡੇ ਡੈਡੀ ਨੂੰ ਸ਼ਾਇਦ ਇਸ ਗੱਲ ਦਾ ਪਤਾ ਸੀ।"

"ਯੂ ਨੋ ਪਾਲ...ਮੈਨੂੰ ਹੁਣ ਸਮਝ ਆਉਂਦਾ ਕਿ ਮੇਰਾ ਬਾਪ ਚੁੱਪ ਕਿਉਂ ਹੋ ਗਿਆ ਸੀ, ਉਹਨਾਂ ਦੀ ਚੁੱਪ ਦਾ ਕਾਰਨ ਸ਼ਾਇਦ ਉਹਨਾਂ ਦੀ ਬੇਵਸੀ ਸੀ, ਤੇ ਮੇਰੀ ਮਾਂ



ਬਾਰ ਬਾਰ ਇਹ ਕਿਓਂ ਆਖਦੀ ਸੀ ਕਿ 'ਜੋ ਉਸ ਤੱਤੜੀ ਦੀ ਕਿਸਮਤ'...ਮੈਨੂੰ ਇਸ ਗੱਲ ਦਾ ਹਮੇਸ਼ਾਂ ਦੁੱਖ ਰਹੂਗਾ ਕਿ ਮੇਰੇ ਮਾਂ ਪਿਓ ਏਨਾ ਕੁਝ ਆਪਣੇ ਨਾਲ ਹੀ ਲੈ ਕੇ ਤੁਰ ਗਏ, ਸਿਰਫ ਇਸ ਲਈ ਕਿ ਉਹਨਾਂ ਦੇ ਧੀਆਂ ਪੁੱਤਾਂ ਤੱਕ ਇਹਦਾ ਸੇਕ ਨਾ ਪਹੁੰਚੇ।" ਸੁਖ ਦੀਆਂ ਗੱਲਾਂ ਵੀ ਉਹਦੇ ਦੁੱਖ ਵਾਂਗੂੰ ਲੰਬੀਆਂ ਸਨ, ਮੁੱਕਣ ਦਾ ਨਾਂ ਹੀ ਨਹੀਂ ਸਨ ਲੈ ਰਹੀਆਂ, ਆਪਣੀਆਂ ਅੱਖਾਂ ਪੂੰਝਦੀ ਹੋਈ ਕਹਿੰਦੀ, "ਪਾਲ, ਕਿਸੇ ਬਾਹਰਲੇ ਬੰਦੇ ਨੂੰ ਲੱਗੇਗਾ ਕਿ ਇਹ ਸਿਰਫ਼ ਇੱਕ ਮੌਤ ਸੀ ਪਰ ਉਸ ਇੱਕ ਮੌਤ ਨੇ ਮੇਰਾ ਤਾਂ ਸਾਰਾ ਘਰ ਹੀ ਤਹਿਸ ਨਹਿਸ ਕਰ ਦਿੱਤਾ, ਮੇਰਾ ਭਰਾ ਉਦੋਂ ਹਾਲੇ ਛੋਟਾ ਸੀ। ਉਹਦੇ ਤੇ ਪਤਾ ਨਹੀਂ ਇਸ ਗੱਲ ਦਾ ਕੀ ਅਸਰ ਹੋਇਆ ਕਿ ਉਹ ਮੇਰੇ ਨਾਲ ਭੈਣ ਵਾਲੇ ਰਿਸ਼ਤਿਓਂ ਬਹੁਤਾ ਜੁੜ ਹੀ ਨਹੀਂ ਸਕਿਆ, ਉਹਨੂੰ ਹਮੇਸ਼ਾਂ ਹੀ ਲੱਗਦਾ ਕਿ ਜਿਵੇਂ ਮੈਂ ਉਹਦੀ ਸਾਥਾਂ ਨਾਲੋਂ ਜ਼ਿੰਮੇਵਾਰੀ ਵੱਧ ਹੋਵਾਂ।"

ਮੈਂ ਲਾਗੇ ਪਏ ਟੇਬਲ ਤੋਂ ਟਿਸ਼ੂ ਚੁੱਕ ਕੇ ਸੁਖ ਵੱਲ ਕਰਦਿਆਂ ਕਿਹਾ, "ਤਗੜੀ ਹੋ ਸੁਖ, ਤੂੰ ਤਾਂ ਏਨਾ ਕੁਝ ਸਮਝਾਉਂਦੀ ਹੁੰਦੀ ਏਂ ਜ਼ਿੰਦਗੀ ਅਗਾਂਹ ਵੇਖਣ ਦਾ ਨਾਂ ਏ, ਤੁਰ ਗਿਆਂ ਨੂੰ ਕੋਈ ਕਿੰਨਾ ਕੁ ਚਿਰ ਰੋ ਸਕਦਾ ਏ।"

"ਤੂੰ ਠੀਕ ਕਹਿ ਰਿਹਾਂ ਏਂ, ਪਾਲ ਬੜਾ ਸਮਝਾਉਂਦੀ ਹਾਂ ਆਪਣੇ ਆਪ ਨੂੰ...ਕਦੀ ਕਦਾਈਂ ਆਪਣੀ ਬੇਵਸੀ 'ਤੇ ਬੜਾ ਰੋਣਾ ਆਉਂਦਾ ਏ....ਮੇਰੀ ਉਹ ਭੈਣ ਮੇਰੇ ਦੁਖਾਂ ਸੁਖਾਂ ਹਾਸਿਆਂ ਦੀ ਸਾਥੀ, ਮੇਰੇ ਗੀਟਿਆਂ ਪੀਟਿਆਂ ਦੀ ਸਹੇਲੀ, ਜਿਹਨੂੰ ਮੈਂ ਤੇਈ ਸਾਲ ਆਪਣੀਆਂ ਯਾਦਾਂ 'ਚ ਸਮੋ ਆਪਣੇ ਨਾਲ ਚੁੱਕੀ ਫਿਰਦੀ ਰਹੀ, ਮੈਨੂੰ ਲੱਗਦਾ ਸੀ ਜਿਵੇਂ ਮੇਰੇ 'ਚ ਮੈਂ ਹੀ ਨਹੀਂ, ਉਹ ਵੀ ਜੀਂਦੀ ਸੀ - ਹੁਣ ਇੰਜ ਲੱਗਦਾ ਹੈ ਜਿਵੇਂ ਕਿਸੇ ਨੇ ਉਹਦੇ ਹੱਥ ਪਿਛੇ ਬੰਨ੍ਹ ਕੇ ਉਹਨੂੰ ਹੀ ਨਹੀਂ ਮੈਨੂੰ ਵੀ ਪਾਣੀ 'ਚ ਧੱਕਾ ਦੇ ਦਿੱਤਾ ਹੋਵੇ ਤੇ ਉਹਦੇ ਨਾਲ ਮੈਂ ਵੀ ਮਰ ਗਈ ਹੋਵਾਂ"....ਏਨਾ ਕਹਿੰਦਿਆਂ ਸੁਖ ਨੂੰ ਪਤਾ ਨਹੀਂ ਕੀ ਹੋਇਆ ਉਹ, ਉੱਚੀ ਉੱਚੀ ਬੱਚਿਆਂ ਵਾਂਗ ਰੋਣ ਲੱਗ ਪਈ....ਤੇ ਉਹਦਾ ਰੋਣਾ ਵੇਖ ਮੈਂ ਬੌਂਦਲ ਕੇ ਖੜ੍ਹਾ ਹੋ ਗਿਆ....ਉਹਦੇ ਬਰਾਬਰ ਬੈਠਦਿਆਂ ਮੈਂ ਉਹਦਾ ਸਿਰ ਆਪਣੇ ਮੋਢੇ ਨਾਲ ਲਾਉਂਦਿਆਂ ਕਿਹਾ, "ਨਾ ਮੇਰੀ ਬੀਬੀ ਭੈਣ ਤਗੜੀ ਹੋ, ਇਹੋ ਜਿਹੇ ਦੁੱਖ ਤਗੜੇ ਹੋਇਆਂ ਹੀ ਜਰੇ ਜਾਂਦੇ ਨੇ...ਤੇ ਉਹ ਕਿੰਨਾ ਚਿਰ ਮੇਰੇ ਮੋਢੇ ਨਾਲ ਲੱਗ, ਜਾਰ ਜਾਰ ਰੋਂਦੀ ਰਹੀ.....ਜਦੋਂ ਉਹਦੇ ਅੰਦਰ ਦਾ ਗੁਬਾਰ ਕੁਝ ਮੱਠਾ ਪਿਆ ਤਾਂ ਉਹ ਉੱਠੀ ਤੇ ਕਿਚਨ ਵੱਲ ਨੂੰ ਤੁਰ ਪਈ। ਵਾਪਿਸ ਆਈ ਤਾਂ ਉਹਦੇ ਹੱਥ 'ਚ ਪਾਣੀ ਦੇ ਦੋ ਗਿਲਾਸ ਸਨ। ਉਹਨੇ ਪਾਣੀ ਦਾ ਇੱਕ ਗਲਾਸ ਮੇਰੇ ਵੱਲ ਸਰਕਾ ਦਿੱਤਾ ਤੇ ਦੂਜੇ ਗਿਲਾਸ 'ਚੋਂ ਪਾਣੀ ਦੇ ਕੁਝ ਘੁੱਟ ਭਰ ਕੇ ਗਿੱਲੀਆਂ ਅੱਖਾਂ ਨਾਲ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਉਹਦੀ ਮੁਸਕਰਾਹਟ ਇੰਜ ਲੱਗ ਰਹੀ ਸੀ ਜਿਵੇਂ ਸੌਣ ਦੇ ਮੀਂਹ ਤੋਂ ਬਾਅਦ ਲੱਗੀ ਧੁੱਪ ਦੀ ਹੁੰਦੀ ਹੈ। ਹੁਣ ਉਹ ਪਹਿਲਾਂ ਨਾਲੋਂ ਬੇਹੱਦ ਸਾਵੀਂ ਨਜ਼ਰ ਆ ਰਹੀ ਸੀ....ਉਹ ਚੁੱਪ ਦਾ ਤਲਿਸਮ ਤੋੜਦਿਆਂ ਬੋਲੀ, "ਮੈਂ ਖਾਣਾ ਬਣਾਉਂਦੀ ਹਾਂ, ਖਾ ਕੇ ਜਾਈਂ ਨਾਲੇ ਸਨੀ ਵੀ ਆ ਜਾਵੇਗਾ ਉਦੋਂ ਤੱਕ....।"

"ਨਹੀਂ ਮੈਂ ਚੱਲਦਾ ਹਾਂ ਕਿਸੇ ਦੋਸਤ ਨੇ ਆਉਣਾ ਹੈ ਘਰੇ ਮੈਂ ਕਦੀ ਫੇਰ ਗੇੜਾ ਮਾਰਾਂਗਾ।"

ਸੁਖ ਦੀ ਕਹਾਣੀ ਸੁਣਨ ਤੋਂ ਬਾਅਦ ਤਾਂ ਮੈਂ ਪਾਣੀ ਦੇ ਚਾਰ ਘੁੱਟ ਪਤਾ ਨਹੀਂ ਕਿਵੇਂ ਭਰੇ ਸਨ, ਰੋਟੀ ਦੀ ਭੁੱਖ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਭ ਕਿਹਾ, "ਸੁਖ ਵੇਖ ਇਹੋ ਜਿਹੇ ਦੁੱਖ ਵੰਡਿਆਂ ਹੀ ਘਟਦੇ ਨੇ, ਕਦੀ ਵੀ ਆਪਣਾ ਮਨ ਹੌਲਾ ਕਰਨਾ ਹੋਇਆ ਤਾਂ ਮੈਨੂੰ ਫੋਨ ਕਰ ਲਵੀਂ, ਮੈਂ ਕਦੀ ਫੇਰ ਚੱਕਰ ਮਾਰਾਂਗਾ ਤੇ ਵਾਅਦਾ ਰਿਹਾ ਰੋਟੀ ਖਾਧੇ ਬਿਨਾਂ ਨਹੀਂ ਜਾਵਾਂਗਾ" ਮੈਂ ਸਿਆਣੇ ਜਿਹੇ ਬਣਦਿਆਂ ਸੁਖ ਨੂੰ ਤਾਕੀਦ ਕੀਤੀ ਤੇ ਉਸ ਤੋਂ ਵਿਦਾ ਲਈ ...ਉਹਦੇ ਘਰੋਂ ਤੁਰਿਆ ਤਾਂ ਆਪਣੀ ਕਾਰ ਸਟਾਰਟ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਮੇਰੀ ਕਮੀਜ਼ ਮੇਰੇ ਮੋਢੇ ਤੋਂ ਸੁਖ ਦੇ ਅੱਥਰੂਆਂ ਨਾਲ ਗੁੜੱਚ ਹੋਈ ਪਈ ਸੀ...ਮੈਨੂੰ ਇਸ ਗਿੱਲੇ ਕੱਪੜੇ 'ਚੋਂ ਉਹੋ ਜਿਹੀ ਸਿੱਲ੍ਹੀ ਜਿਹੀ ਮਹਿਕ ਆਈ ਜਿਹੋ ਜਿਹੀ ਹਰੀਕੇ ਦਾ ਪੁਲ ਪਾਰ ਕਰਦਿਆਂ ਝੀਲ 'ਚੋਂ ਆਉਂਦੀ ਸੀ ..ਇਹ ਮਹਿਕ ਸ਼ਾਇਦ ਉਹਨਾਂ ਪਾਣੀਆਂ ਦੀ ਸੀ ਜਿਹੜੇ ਖੌਰੇ ਕਦੋਂ ਦੇ ਝੀਲ ਬਣ ਖੜ੍ਹੇ ਸਨ ਤੇ ਅੱਜ ਦਰਿਆ ਬਣ ਸੁਖ ਦੀਆਂ ਅੱਖਾਂ ਚੋਂ ਵਗ ਤੁਰੇ ਸਨ ...ਮੈਨੂੰ ਅਹਿਸਾਸ ਹੋਇਆ ਕਿ ਸੁਖ ਨੇ ਜਿਹੜਾ "ਰਿਵਰ ਆਫ਼ ਲਾਈਫ" ਟੀਮ ਮੀਟਿੰਗ 'ਚ ਦੱਸਿਆ ਸੀ ਉਹ ਤਾਂ ਸਿਰਫ਼ ਇੱਕ ਰਸਮੀ ਜਿਹੀ ਕਵਾਇਦ ਸੀ, ਉਹਦਾ ਅਸਲ 'ਰਿਵਰ ਆਫ਼ ਲਾਈਫ' ਤਾਂ ਇਹ ਸੀ ਜਿਹੜਾ ਉਹਨੇ ਮੇਰੇ ਮੋਢੇ 'ਤੇ ਸਿਰ ਰੱਖ ਵਹਾ ਦਿੱਤਾ ਸੀ...



## ਕਹਾਣੀਕਾਰਾਂ ਬਾਰੇ ਜਾਣਕਾਰੀ

**ਪ੍ਰੇਮ ਪ੍ਰਕਾਸ਼** (7.4.1932) ਦਾ ਜਨਮ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਰਾਮ ਪ੍ਰਸਾਦ ਦੇ ਘਰ ਹੋਇਆ। ਉਸ ਨੇ ਆਪਣੀ ਵਿੱਦਿਆ ਪ੍ਰਾਪਤੀ ਉਪਰੰਤ ਵਧੇਰੇ ਸਮਾਂ ਉਰਦੂ ਦੇ ਅਖ਼ਬਾਰ ਹਿੰਦ ਸਮਾਚਾਰ ਵਿਚ ਉਪ-ਸੰਪਾਦਕ ਦੇ ਤੌਰ ਤੇ ਕੰਮ ਕੀਤਾ। ਪ੍ਰੇਮ ਪ੍ਰਕਾਸ਼ ਨੇ ਭਾਵੇਂ ਨਾਵਲ ਅਤੇ ਵਾਰਤਕ ਦੇ ਖੇਤਰ ਵਿਚ ਵੀ ਯੋਗਦਾਨ ਦਿੱਤਾ ਪਰ ਵਿਸ਼ੇਸ਼ ਮਾਣਤਾ ਕਹਾਣੀਕਾਰ ਵਜੋਂ ਹੀ ਪ੍ਰਾਪਤ ਹੋਈ। ਉਸ ਦੇ ਕਹਾਣੀ-ਸੰਗ੍ਰਹਿ ਕੁਝ ਅਣਕਿਹਾ ਵੀ ਨੂੰ 1992 ਲਈ ਸਾਹਿਤ ਅਕਾਦਮੀ, ਦਿੱਲੀ ਦਾ ਪੁਰਸਕਾਰ ਵੀ ਦਿੱਤਾ ਗਿਆ। ਉਸ ਦੇ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ : ਕੱਚਕੜੇ-1966, ਨਮਾਜ਼ੀ-1971, ਮੁਕਤੀ-1980, ਸ਼ਵੇਤਾਂਬਰ ਨੇ ਕਿਹਾ ਸੀ-1983, ਪ੍ਰੇਮ ਕਹਾਣੀਆਂ-1986 (ਚੋਣਵੀਆਂ), ਕੁਝ ਅਣਕਿਹਾ ਵੀ-1990, ਰੰਗਮੰਚ ਤੇ ਭਿਖਸ਼ੂ-1995, ਕਥਾ-ਆਨੰਤ-1995 (ਸਮੁੱਚੀਆਂ ਕਹਾਣੀਆਂ), ਮੁਹੱਬਤਾਂ-2002 (ਸੰਪਾ.), ਸੁਣਦੈਂ ਖਲੀਫ਼ਾ-2002, ਗੰਢਾਂ-2003 (ਸੰਪਾ.)। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਵਿਸ਼ੇਸ਼ ਤੌਰ ਤੇ ਮੱਧਵਰਗੀ ਔਰਤ-ਮਰਦ ਦੇ ਰਿਸ਼ਤਿਆਂ ਨਾਲ ਸਬੰਧਤ ਹੁੰਦਾ ਹੈ। ਭਾਵੇਂ ਆਰੰਭਕ ਦੌਰ ਵਿਚ ਉਸ ਨੇ ਕੁਝ ਕਹਾਣੀਆਂ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਆਰਥਕ-ਸਮਾਜਕ ਸਮੱਸਿਆਵਾਂ ਸਬੰਧੀ ਵੀ ਲਿਖੀਆਂ ਪਰ ਪਾਠਕਾਂ ਤੇ ਆਲੋਚਕਾਂ ਦਾ ਵਧੇਰੇ ਧਿਆਨ ਮੱਧਵਰਗ ਦੇ ਪੇਸ਼ਕਾਰ ਵਜੋਂ ਹੀ ਖਿੱਚਿਆ। ਪ੍ਰੇਮ ਪ੍ਰਕਾਸ਼ ਦਾ ਕੇਂਦਰੀ ਪਾਤਰ ਉਹ ਮੱਧਵਰਗੀ ਵਿਅਕਤੀ ਬਣਦਾ ਹੈ ਜਿਹੜਾ ਆਪਣੀਆਂ ਵਿਅਕਤੀਵਾਦੀ ਮਾਣਤਾਵਾਂ ਕਾਰਨ ਪਰੰਪਰਕ ਜੀਵਨ-ਜਾਚ ਤੋਂ ਪੂਰਨ ਭਾਂਤ ਉਕਤਾ ਚੁੱਕਾ ਹੁੰਦਾ ਹੈ। ਜਟਿਲ ਕਥਾਨਕ, ਮਨੋਵਿਗਿਆਨਕ ਛੋਹਾਂ ਵਾਲੀ ਪਾਤਰ-ਉਸਾਰੀ, ਪੌਰਾਣਕ ਮੋਟਿਫ਼ਾਂ ਦਾ ਆਧੁਨਿਕ ਰੂਪਾਂਤਰਨ ਅਤੇ ਉੱਤਮ-ਪੁਰਖੀ ਬਿਰਤਾਂਤਕਾਰ ਰਾਹੀਂ ਬਿਰਤਾਂਤ ਸਿਰਜਣਾ ਉਸਦੀ ਕਹਾਣੀ-ਕਲਾ ਦੇ ਉੱਭਰਵੇਂ ਲੱਛਣ ਹਨ।

ਸੰਪਰਕ : 593, ਮੋਤਾ ਸਿੰਘ ਨਗਰ, ਜਲੰਧਰ-144001

**ਰਾਮ ਸਰੂਪ ਅਣਖੀ** (28.8.1932-14.2.2010) ਦਾ ਜਨਮ ਇੰਦਰ ਸਿੰਘ ਸੈਨ ਦੇ ਘਰ ਪਿੰਡ ਧੌਲਾ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਸ ਨੇ ਪੰਜਾਬੀ ਵਿਸ਼ੇ ਵਿਚ ਐਮ.ਏ. ਅਤੇ ਬੀ.ਟੀ.ਕਰਕੇ ਸਕੂਲ ਵਿਚ ਅਧਿਆਪਕ ਦਾ ਕਿੱਤਾ ਚੁਣਿਆ। ਨੌਕਰੀ ਤੋਂ ਸੇਵਾ-ਮੁਕਤੀ ਉਪਰੰਤ ਕਹਾਣੀ-ਪੰਜਾਬ ਨਾਂ ਦੇ ਰਸਾਲੇ ਦਾ ਸੰਪਾਦਨ ਉਸਦੀ ਵਿਸ਼ੇਸ਼ ਦੇਣ ਹੈ। ਰਾਮ ਸਰੂਪ ਅਣਖੀ ਦਾ ਸੰਪਾਦਨ, ਅਨੁਵਾਦ, ਕਵਿਤਾ ਅਤੇ ਵਾਰਤਕ ਵਿਚ ਵੀ ਨਾਂ ਹੈ ਪਰ ਉਸਦੀ ਅਸਲੀ ਪਛਾਣ ਗਲਪਕਾਰ ਦੇ ਤੌਰ ਤੇ ਬਣੀ ਹੈ। ਨਾਵਲ ਦੇ ਖੇਤਰ ਵਿਚ ਉਸ ਨੇ ਨਾਵਲ ਕੋਠੇ ਖੜਕ ਸਿੰਘ ਰਾਹੀਂ ਸਾਹਿਤ

ਅਕਾਦਮੀ, ਦਿੱਲੀ ਦਾ ਪੁਰਸਕਾਰ 1987 ਵਿਚ ਪ੍ਰਾਪਤ ਕੀਤਾ। ਉਸ ਦੀਆਂ ਕਹਾਣੀਆਂ ਵੱਡੀ ਗਿਣਤੀ ਵਿਚ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਹਨ। ਕਹਾਣੀ-ਰਚਨਾ ਵਿਚ ਉਸਦਾ ਅਹਿਮ ਯੋਗਦਾਨ ਇਸ ਪ੍ਰਕਾਰ ਹੈ : ਸੁੱਤਾ ਨਾਗ-1966, ਕੱਚਾ ਧਾਗਾ-1967, ਮਨੁੱਖ ਦੀ ਮੌਤ-1968, ਟੀਸੀ ਦਾ ਬੇਰ-1970, ਕੰਧ ਵਿਚ ਉਗਿਆ ਦਰੱਖਤ-1971, ਖਾਰਾ ਦੁੱਧ-1973, ਅੰਧਾ ਆਦਮੀ-1977, ਸਵਾਲ ਦਰ ਸਵਾਲ-1980, ਆਪਣੇ ਘੜੇ ਦਾ ਪਾਣੀ-1980, ਛਪੜੀ ਵਿਹੜਾ-1982, ਕਦੋਂ ਫਿਰਨਗੇ ਦਿਨ-1985, ਰੱਤ ਦਾ ਕੰਗੂ-1987 (ਸੰਪਾ.), ਜਵ੍ਹਾਰ ਭਾਟਾ-1989, ਹੱਡੀਆਂ-1989, ਮਿੱਟੀ ਦੀ ਜਾਤ-1989, ਅਣਖੀ ਦੀਆਂ ਕਹਾਣੀਆਂ (ਚਾਰ ਭਾਗ-1989-99), ਮੇਰੀਆਂ ਚੋਣਵੀਆਂ ਕਹਾਣੀਆਂ-1990, ਮੁਹੱਬਤ ਦੀ ਮਿੱਟੀ-1991, ਇਕਵੰਜਾ ਕਹਾਣੀਆਂ-1992 (ਚੋਣਵੀਆਂ), ਕਿੱਧਰ ਜਾਵਾਂ-1992, ਲੋਹੇ ਦਾ ਗੇਟ-1992, ਛੱਡ ਕੇ ਨਾ ਜਾਹ-1994, ਚਿੱਟੀ ਕਬੂਤਰੀ-2000 (ਇਕਵੰਜਾ ਚੋਣਵੀਆਂ ਕਹਾਣੀਆਂ), ਨਵੀਂ ਫਸਲ-2002 (ਸੰਪਾ.), ਤੂੰ ਵੀ ਮੁੜ ਆ ਸਦੀਕ-2005 (ਚੋਣਵੀਆਂ), ਸੁਗੰਧਾਂ ਜਿਹੇ ਲੋਕ-2005 (ਚੋਣਵੀਆਂ), ਕਿੱਲੇ ਨਾਲ ਬੰਨ੍ਹਿਆ ਆਦਮੀ-2006. ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਮਾਲਵਾ ਆਂਚਲ ਦੇ ਜਨ-ਜੀਵਨ ਦੇ ਵਿਭਿੰਨ ਪੱਖਾਂ ਨੂੰ ਰਚਨਾ-ਵਸਤੂ ਬਣਾਉਂਦੀਆਂ ਹਨ। ਕਿਸਾਨ, ਖੇਤ ਮਜ਼ਦੂਰ ਅਤੇ ਅਧਿਆਪਕ ਵਰਗ ਵਿਸ਼ੇਸ਼ ਤੌਰ ਤੇ ਉਸਦੀ ਪਾਤਰ ਚੋਣ ਦੇ ਘੇਰੇ ਵਿਚ ਆਉਂਦੇ ਹਨ। ਪਿੰਡਾਂ ਦੇ ਅਸਾਧਾਰਨ ਜੀਵਨ ਸ਼ੈਲੀ ਵਾਲੇ ਲੋਕ – ਵੈਲੀ, ਸਾਧ, ਕਾਤਲ ਅਤੇ ਆਸ਼ਕ ਆਦਿ-ਵਿਸ਼ੇਸ਼ ਤੌਰ ਤੇ ਉਸ ਨੂੰ ਪ੍ਰਭਾਵਤ ਕਰਦੇ ਹਨ। ਉਸਦੀ ਕਥਾ-ਸ਼ੈਲੀ ਦੇ ਉਭਰਵੇਂ ਲੱਛਣ ਪੇਂਡੂ ਯਥਾਰਥ ਦੇ ਸਜੀਵ ਚਿੱਤਰ, ਘਟਨਾਵੀ ਕਥਾ-ਰਸ ਅਤੇ ਠੇਠ ਮਲਵਈ ਮੁਹਾਵਰੇ ਦੀ ਵਰਤੋਂ ਆਦਿ ਹਨ। ਰਾਮ ਸਰੂਪ ਅਣਖੀ ਨੇ 1987 ਤੋਂ 2005 ਤੱਕ ਵਰ੍ਹੇ ਵਾਰ ਪੰਜਾਬੀ ਕਹਾਣੀ ਦੇ ਮਹੱਤਵਪੂਰਨ ਸੰਗ੍ਰਹਿ ਸੰਪਾਦਤ ਕਰਕੇ ਪ੍ਰਕਾਸ਼ਤ ਕੀਤੇ ਹਨ।

**ਰਘੁਬੀਰ ਢੰਡ** (1.11.1934-17.12.1990) ਦਾ ਜਨਮ ਪਿੰਡ ਜੰਡਾਲੀ, ਜ਼ਿਲ੍ਹਾ ਸੰਗਰੂਰ ਵਿਖੇ ਗੰਗਾ ਰਾਮ ਦੇ ਘਰ ਹੋਇਆ। ਉਸ ਨੇ ਇਤਿਹਾਸ ਦੇ ਵਿਸ਼ੇ ਵਿਚ ਐਮ.ਏ. ਤੱਕ ਦੀ ਵਿੱਦਿਆ ਹਾਸਲ ਕਰਨ ਉਪਰੰਤ ਅਧਿਆਪਨ ਦਾ ਕਿੱਤਾ ਅਪਣਾ ਲਿਆ। 1965 ਵਿਚ ਇੰਗਲੈਂਡ ਦਾ ਪਰਵਾਸ ਧਾਰਨ ਕਰਨ ਪਿੱਛੋਂ 'ਗਰੈਜੂਏਟ ਇਨ ਟੀਚਿੰਗ' ਦਾ ਕੋਰਸ ਕਰਕੇ ਅਧਿਆਪਨ ਲਈ ਰਾਹ ਪੱਧਰਾ ਕਰ ਲਿਆ। ਕਿਮ ਇਲ ਯੂਨੀ. ਪਿਓਂਗਯਾਂਗ, ਉੱਤਰੀ ਕੋਰੀਆ ਤੋਂ ਪੀ-ਐੱਚ.ਡੀ. ਦੀ ਡਿਗਰੀ ਹਾਸਲ ਕੀਤੀ। ਰਘੁਬੀਰ ਢੰਡ ਨੇ ਭਾਵੇਂ ਆਲੋਚਨਾ, ਵਾਰਤਕ ਅਤੇ ਨਾਵਲ ਦੇ ਖੇਤਰ ਵਿਚ ਵੀ ਮਹੱਤਵਪੂਰਨ ਕਾਰਜ ਕੀਤਾ ਪਰ ਵਧੇਰੇ ਮਾਣਤਾ ਕਹਾਣੀ-ਰਚਨਾ ਕਰਕੇ ਹੀ ਮਿਲਦੀ ਹੈ। ਕਹਾਣੀ-ਸੰਗ੍ਰਹਿ ਉਸ ਪਾਰ ਨੂੰ ਭਾਸ਼ਾ ਵਿਭਾਗ ਪੰਜਾਬ ਨੇ 1975 ਵਿਚ ਪੁਰਸਕਾਰ ਪ੍ਰਦਾਨ ਕੀਤਾ। ਉਸ ਦੇ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ : ਬੋਲੀ ਧਰਤੀ-1972, ਉਸ ਪਾਰ-1975, ਕਾਇਆ ਕਲਪ-1980, ਕੁਰਸੀ-1988, ਸ਼ਾਨੇ ਪੰਜਾਬ-1989, ਕਾਲੀ ਨਦੀ ਦਾ ਸੇਕ-1991. ਰਘੁਬੀਰ ਢੰਡ ਪੂਰੀ ਤਰ੍ਹਾਂ ਮਾਰਕਸਵਾਦੀ ਵਿਚਾਰਧਾਰਾ



ਨਾਲ ਪ੍ਰਨਾਇਆ ਹੋਇਆ ਕਹਾਣੀਕਾਰ ਸੀ। ਇਸ ਲਈ ਉਸ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਸ਼੍ਰੇਣੀ-ਸਮਾਜ ਵਿਚ ਸਥਾਪਤ ਵਰਗ ਵੱਲੋਂ ਸ਼ੋਸ਼ਣ ਲਈ ਫੈਲਾਇਆ ਜਾਂਦਾ ਭ੍ਰਾਂਤੀਆਂ ਦਾ ਜਾਲ ਅਤੇ ਸ਼ੋਸ਼ਿਤ ਵਰਗਾਂ ਦੀ ਤ੍ਰਾਸਦੀ ਨਾਲ ਸਬੰਧਤ ਹੁੰਦਾ ਹੈ। ਉਸ ਦੀਆਂ ਕਹਾਣੀਆਂ ਪੂਰਬੀ ਪੰਜਾਬ ਵਿਚਲੇ ਨਿਮਨ ਵਰਗਾਂ ਦੀ ਸਥਿਤੀ, ਯੂਰਪ ਵਿਚ ਪਰਵਾਸੀ ਪੰਜਾਬੀਆਂ ਨਾਲ ਹੁੰਦੇ ਨਸਲੀ ਵਿਤਕਰੇ ਅਤੇ ਹੋਰ ਸਭ ਤਰ੍ਹਾਂ ਦੇ ਭੇਦ-ਭਾਵ ਨੂੰ ਚਿਤਰਦੀਆਂ ਹਨ। ਰਘੁਬੀਰ ਢੰਡ ਨੇ ਆਪਣੀ ਵਸਤੂਮੁਖੀ ਰਚਨਾ-ਦ੍ਰਿਸ਼ਟੀ ਕਾਰਨ ਪਰਵਾਸੀ ਪੰਜਾਬੀਆਂ ਦੇ ਪ੍ਰਸਪਰ ਤਨਾਵਾਂ ਅਤੇ ਪੱਛਮੀ ਸੰਸਕ੍ਰਿਤੀ ਨਾਲ ਦਵੰਦਾਤਮਕ ਸਬੰਧਾਂ ਨੂੰ ਵਿਸ਼ਵ ਮਾਨਵਵਾਦ ਦੇ ਪਰਿਪੇਖ ਵਿਚ ਵੇਖਣ ਦਾ ਯਤਨ ਕੀਤਾ ਹੈ। ਉਸਦੀ ਕਹਾਣੀ-ਕਲਾ ਦੇ ਉਭਰਵੇਂ ਲੱਛਣ ਹਨ, ਵਸਤੂ-ਸਥਿਤੀਆਂ ਨੂੰ ਅੰਤਰ-ਸਬੰਧਤ ਰੂਪ 'ਚ ਨਾਟਕੀ ਢੰਗ ਨਾਲ ਜੋੜਨਾ-ਬੀੜਨਾ, ਬੌਧਿਕ ਵਿਅੰਗ, ਮਨੋਵਿਗਿਆਨਕ ਛੋਹਾਂ ਵਾਲੀ ਪਾਤਰ ਉਸਾਰੀ ਅਤੇ ਨੁੱਕਦਾਰ ਮਲਵਈ ਉਪ-ਭਾਸ਼ਾ ਦੀ ਵਰਤੋਂ ਆਦਿ। ਕੀੜਾ, ਕੁਰਸੀ, ਸ਼ਾਨੇ ਪੰਜਾਬ, ਮੂੰਹ ਅੱਗੇ ਹੱਥ, ਨਲਕਾ ਗਿੜਦਾ ਹੈ ਆਦਿ ਉਸ ਦੀਆਂ ਪ੍ਰਸਿੱਧ ਕਹਾਣੀਆਂ ਹਨ।

**ਅਜੀਤ ਕੌਰ** (16.11.1934) ਦਾ ਜਨਮ ਮੱਖਣ ਸਿੰਘ ਦੇ ਘਰ ਪਾਕਿਸਤਾਨ ਵਿਖੇ ਹੋਇਆ। ਉਸ ਨੇ ਅਰਥ-ਸ਼ਾਸਤਰ ਵਿਸ਼ੇ ਵਿਚ ਐਮ.ਏ. ਤੱਕ ਦੀ ਉਚੇਰੀ ਸਿੱਖਿਆ ਹਾਸਲ ਕੀਤੀ। ਕੁਝ ਸਮਾਂ ਸਕੂਲ ਵਿਚ ਅਧਿਆਪਨ ਦਾ ਕਿੱਤਾ ਅਪਣਾਈ ਰੱਖਿਆ ਅਤੇ ਫੇਰ ਇਕ ਵਾਪਰਕ ਮੈਗਜ਼ੀਨ ਰਾਹੀਂ ਆਪਣਾ ਕਾਰੋਬਾਰ ਸਫਲਤਾ ਨਾਲ ਸ਼ੁਰੂ ਕੀਤਾ। ਉਸਦੀ ਸਾਹਿਤਕ ਘਾਲਣਾ ਨੂੰ ਮੁੱਖ ਰੱਖਦਿਆਂ ਉਸ ਨੂੰ ਸਾਹਿਤ ਅਕਾਦਮੀ, ਦਿੱਲੀ ਦਾ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ ਜੋ ਉਸਦੀ ਸਵੈ-ਜੀਵਨੀ ਖਾਨਾ-ਬਦੋਸ਼ ਲਈ ਦਿੱਤਾ ਗਿਆ। ਅਜੀਤ ਕੌਰ ਵਾਰਤਕ ਤੇ ਨਾਵਲ ਦੇ ਖੇਤਰਾਂ ਵਿਚ ਵੀ ਆਪਣਾ ਨਾਂ ਸਥਾਪਤ ਕਰ ਚੁੱਕੀ ਹੈ ਅਤੇ ਕਹਾਣੀ-ਰਚਨਾ ਵਿਚ ਵੀ ਉਸਦਾ ਅਹਿਮ ਸਥਾਨ ਹੈ। ਉਸਦੀ ਕਹਾਣੀ-ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : ਗੁਲਬਾਨੋ-1963, ਮਹਿਕ ਦੀ ਮੌਤ-1966, ਬੁੱਤ ਸ਼ਿਕਨ-1966, ਫਾਲਤੂ ਔਰਤ-1974, ਸਾਵੀਆਂ ਚਿੜੀਆਂ-1981 (ਚੋਣਵੀਆਂ), ਮੌਤ ਅਲੀ ਬਾਬੇ ਦੀ-1985, ਨਾ ਮਾਰੋ-1990, ਆਪਣੇ ਆਪਣੇ ਜੰਗਲ-1995, ਨਵੰਬਰ ਚੌਰਾਸੀ-1996, ਕਸਾਈਵਾੜਾ ਤੇ ਤਿੰਨ ਕਹਾਣੀਆਂ-2012. ਅਜੀਤ ਕੌਰ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਪ੍ਰਮੁੱਖ ਤੌਰ ਤੇ ਸ਼ਹਿਰੀ ਮੱਧਵਰਗੀ ਔਰਤ-ਮਰਦ ਦੇ ਰਿਸ਼ਤਿਆਂ ਦੀ ਕਸ਼ਮਕਸ਼ ਨਾਲ ਸਬੰਧਤ ਹੁੰਦਾ ਹੈ। ਉਸ ਨੇ ਰਾਜਸੀ ਤੇ ਦਫ਼ਤਰੀ ਭ੍ਰਿਸ਼ਟਾਚਾਰ ਅਤੇ ਪੰਜਾਬ ਸੰਕਟ ਸਬੰਧੀ ਵੀ ਬਹੁਤ ਮਾਅਨੇਖੇਜ਼ ਰਚਨਾਵਾਂ ਸਿਰਜੀਆਂ ਹਨ। ਉਸਦੀ ਰਚਨਾ-ਦ੍ਰਿਸ਼ਟੀ ਆਧੁਨਿਕ ਨਾਰੀ-ਚੇਤਨਾ ਤੋਂ ਪ੍ਰੇਰਿਤ ਹੈ। ਉਹ ਔਰਤ-ਮਰਦ ਦੇ ਰਿਸ਼ਤਿਆਂ ਦੇ ਨੰਗੇ ਸੱਚ ਦੀ ਬੇਬਾਕ ਬਿਆਨਕਾਰ ਹੈ। ਕਾਵਿਕ ਬਿਆਨੀ, ਤਿੱਖਾ ਵਿਅੰਗ ਅਤੇ ਮੜ੍ਹਕਵੀ ਗਲਪ-ਭਾਸ਼ਾ ਦੀ ਵਰਤੋਂ ਉਸ ਦੀਆਂ ਵਿਸ਼ੇਸ਼ ਕਥਾ-ਜੁਗਤਾਂ ਹਨ। ਫਾਲਤੂ ਔਰਤ ਦਾ ਚਿਹਨ ਉਸ ਦੀਆਂ ਕਹਾਣੀਆਂ ਵਿਚ ਕੇਂਦਰੀ ਸਥਾਨ ਗ੍ਰਹਿਣ ਕਰ ਚੁੱਕਿਆ ਹੈ।

ਸੰਪਰਕ : ਅਕੈਡਮੀ ਆਫ਼ ਫਾਈਨ ਆਰਟਸ ਐਂਡ ਲਿਟਰੇਚਰ, 4-6 ਸਿਰੀ ਫੋਰਟ

ਇਨਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110049

**ਸੁਖਵੰਤ ਕੌਰ ਮਾਨ** (19.1.1937-3.6.2016) ਦਾ ਜਨਮ ਕਿਸ਼ਨ ਸਿੰਘ ਮਾਨ ਦੇ ਘਰ ਮਾਨਾ ਵਾਲਾ ਬਾਰ, ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ ਵਿਖੇ ਹੋਇਆ। ਉਸ ਨੇ ਪੰਜਾਬੀ ਵਿਸ਼ੇ ਵਿਚ ਐਮ.ਏ. ਪੱਧਰ ਦੀ ਉਚੇਰੀ ਸਿੱਖਿਆ ਹਾਸਲ ਕੀਤੀ ਪਰ ਨੌਕਰੀ ਦੀ ਥਾਂ ਘਰੇਲੂ ਕੰਮ-ਕਾਜ ਅਤੇ ਸੁਤੰਤਰ ਲੇਖਣ ਨੂੰ ਹੀ ਕਿੱਤੇ ਵਜੋਂ ਅਪਣਾਇਆ। ਸੁਖਵੰਤ ਕੌਰ ਮਾਨ ਦਾ ਕਾਵਿ, ਨਾਵਲ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਮਹੱਤਵਪੂਰਨ ਸਥਾਨ ਹੈ ਪਰ ਕਹਾਣੀ-ਰਚਨਾ ਰਾਹੀਂ ਉਸ ਨੂੰ ਵਿਸ਼ੇਸ਼ ਮਾਣਤਾ ਹਾਸਲ ਹੋਈ। ਉਸ ਦੇ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ : ਝੱਖੜੇ ਦੇ ਫੁੱਲ-1981, ਤ੍ਰੇੜ-1984, ਇਸ ਦੇ ਬਾਵਜੂਦ-1985, ਮਿੱਟੀ ਦਾ ਮੋਹ-1999, ਚਾਦਰ ਹੇਠਲਾ ਬੰਦਾ-2001, ਮਨਮਤੀਆਂ-2002 (ਸਮੁੱਚੀਆਂ ਕਹਾਣੀਆਂ), ਮੱਕੜੀਆਂ-2006, ਮਹਿਰੂਮੀਆਂ-2007, ਰੁੱਤ-ਰਾਗ-2013. ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਮੁੱਖ ਤੌਰ 'ਤੇ ਮਾਝੇ ਦੀ ਕਿਸਾਨੀ-ਸੰਸਕ੍ਰਿਤੀ ਅਤੇ ਪੇਂਡੂ ਔਰਤ ਦੀ ਸਥਿਤੀ ਨਾਲ ਸਬੰਧਤ ਹੁੰਦਾ ਹੈ। ਪਰ ਉਸ ਨੇ ਪੰਜਾਬ ਸੰਕਟ ਅਤੇ ਸ਼ਹਿਰੀ ਮੱਧਵਰਗ ਬਾਰੇ ਵੀ ਮਾਅਨੇਖੇਜ਼ ਕਹਾਣੀਆਂ ਲਿਖੀਆਂ ਹਨ। ਉਹ ਤਰਕਮਈ ਮਾਨਵਵਾਦੀ ਦ੍ਰਿਸ਼ਟੀਕੋਣ ਵਾਲੀ ਲੇਖਿਕਾ ਹੋਣ ਕਰਕੇ ਵਸਤੂ-ਯਥਾਰਥ, ਵਿਸ਼ੇਸ਼ ਕਰਕੇ ਔਰਤ ਦੀ ਤ੍ਰਾਸਦੀ ਨੂੰ ਨਿਰਪੱਖ ਢੰਗ ਨਾਲ ਵਾਚਦੀ ਹੈ। ਇਸੇ ਕਰਕੇ ਉਸ ਦੀਆਂ ਔਰਤ-ਪਾਤਰ ਸਵੈ-ਤਰਸ ਅਤੇ ਸਵੈ-ਪ੍ਰਸੰਸਾ ਦੀਆਂ ਸ਼ਿਕਾਰ ਨਹੀਂ ਸਗੋਂ ਬਰਾਬਰ ਦੇ ਮਨੁੱਖੀ ਗੌਰਵ ਦੀਆਂ ਇੱਛਾਵਾਨ ਹਨ। ਯਥਾਰਥਕ ਦ੍ਰਿਸ਼ ਚਿਤਰਨ, ਵਿਅੰਗ ਸਿਰਜਣਾ, ਮਾਝੀ ਉਪਭਾਸ਼ਾ ਰੰਗਣ ਵਾਲੀ ਠੁਕਦਾਰ ਬੋਲੀ ਅਤੇ ਨਾਟਕੀਅਤਾ ਉਸਦੀ ਕਥਾ-ਸ਼ੈਲੀ ਦੇ ਨਿਖਰਵੇਂ ਲੱਛਣ ਹਨ।

ਸੰਪਰਕ : 2398, ਫੇਜ਼-10, ਸੈਕਟਰ-64, ਮੁਹਾਲੀ-160062

**ਮੋਹਨ ਭੰਡਾਰੀ** (14.2.1937) ਦਾ ਜਨਮ ਪਿੰਡ ਬਨਭੌਰਾ, ਜ਼ਿਲ੍ਹਾ ਸੰਗਰੂਰ ਵਿਖੇ ਨੱਥੂ ਰਾਮ ਦੇ ਘਰ ਹੋਇਆ। ਉਸ ਨੇ ਪੰਜਾਬੀ ਵਿਸ਼ੇ ਵਿਚ ਐਮ.ਏ. ਅਤੇ ਫੇਰ ਐਲ.ਐਲ.ਬੀ. ਤੱਕ ਦੀ ਉਚੇਰੀ ਵਿੱਦਿਆ ਹਾਸਲ ਕੀਤੀ। ਲੰਮਾ ਸਮਾਂ ਸਿੱਖਿਆ ਵਿਭਾਗ, ਪੰਜਾਬ ਵਿਚ ਉਚ-ਅਧਿਕਾਰੀ ਦੇ ਤੌਰ ਤੇ ਨੌਕਰੀ ਕੀਤੀ। ਮੋਹਨ ਭੰਡਾਰੀ ਨੇ ਭਾਵੇਂ ਵਾਰਤਕ ਦੀ ਰਚਨਾ ਵੀ ਕੀਤੀ ਹੈ ਅਤੇ ਸੰਪਾਦਨ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ ਹੈ ਪਰ ਉਸਦੀ ਨਿਵੇਕਲੀ ਪਛਾਣ ਕਹਾਣੀਕਾਰ ਦੇ ਤੌਰ ਤੇ ਨਿਸਚਤ ਹੋਈ ਹੈ। ਕਹਾਣੀ ਦੇ ਖੇਤਰ ਵਿਚ ਉਸ ਨੂੰ ਮੂਨ ਦੀ ਅੱਖ ਸੰਗ੍ਰਹਿ ਲਈ ਸਾਹਿਤ ਅਕਾਦਮੀ, ਦਿੱਲੀ ਦਾ ਪੁਰਸਕਾਰ ਸਾਲ 1998 ਲਈ ਦਿੱਤਾ ਗਿਆ। ਉਸਦੀ ਕਹਾਣੀ-ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ : ਤਿਲਚੌਲੀ-1965, ਮਨੁੱਖ ਦੀ ਪੈੜ-1967, ਕਾਠ ਦੀ ਲੱਤ-1975, ਪਛਾਣ-1987, ਬਰਫ ਲਤਾੜੇ ਰੁੱਖ (ਚੋਣਵੀਆਂ)-1994, ਮੂਨ ਦੀ ਅੱਖ-1995, ਤਣ-ਪੱਤਣ-1998 (ਚੋਣਵੀਆਂ), ਕਥਾ-ਵਾਰਤਾ-2000 (ਸਮੁੱਚੀਆਂ ਕਹਾਣੀਆਂ), ਗੋਰਾ ਬਾਸ਼ਾ-2004. ਮੋਹਨ ਭੰਡਾਰੀ ਦੀਆਂ ਮੁੱਢਲੀਆਂ ਕਹਾਣੀਆਂ ਦਾ ਅਨੁਭਵ-ਖੇਤਰ ਉਹ ਪੇਂਡੂ ਯਥਾਰਥ ਹੈ ਜੋ ਪੂੰਜੀਵਾਦ ਦੇ



ਦਖ਼ਲ ਨਾਲ ਤੇਜੀ ਨਾਲ ਪਰਿਵਰਤਤ ਹੋ ਰਿਹਾ ਸੀ। ਬਾਅਦ ਵਿਚ ਸ਼ਹਿਰੀ ਮੱਧਵਰਗ ਅਤੇ ਦਫ਼ਤਰੀ ਅਮਲੇ ਬਾਰੇ ਵੀ ਵਧੀਆ ਕਹਾਣੀਆਂ ਲਿਖੀਆਂ। ਪੰਜਾਬ ਸੰਕਟ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ ਪਾੜ, ਸਾਂਝ ਅਤੇ ਮੂਨ ਦੀ ਅੱਖ ਵਿਸ਼ੇਸ਼ ਤੌਰ ਤੇ ਚਰਚਿਤ ਰਹੀਆਂ। ਪ੍ਰਗੀਤਕ ਯਥਾਰਥਵਾਦ ਦੇ ਧਾਰਨੀ ਮੋਹਨ ਭੰਡਾਰੀ ਦੀ ਕਥਾ-ਸ਼ੈਲੀ ਦੀ ਵਿਲੱਖਣ ਪਛਾਣ ਠੇਠ ਮਲਵਈ ਮੁਹਾਵਰੇ, ਪ੍ਰਗੀਤਕ ਲੈਅ, ਰਹੱਸਪੂਰਨ ਛਿਕਰਿਆਂ ਅਤੇ ਰੌਚਿਕ ਬਿਰਤਾਂਤਕ ਸੰਗਠਨ ਆਦਿਕ ਕਥਾ-ਜੁਗਤਾਂ ਕਰਕੇ ਹੈ।

**ਬਲਦੇਵ ਸਿੰਘ** (8.7.1943) ਦਾ ਜਨਮ ਹਰਦਿਆਲ ਸਿੰਘ ਦੇ ਘਰ ਅੱਚਾਰਿਕੀ, ਜ਼ਿਲ੍ਹਾ ਬੀਕਾਨੇਰ, ਰਾਜਸਥਾਨ ਵਿਖੇ ਹੋਇਆ। ਉਸ ਨੇ ਐਮ.ਏ. (ਪੰਜਾਬੀ) ਅਤੇ ਬੀ.ਐੱਡ. ਤੱਕ ਦੀ ਵਿੱਦਿਆ ਹਾਸਲ ਕੀਤੀ ਪਰ ਥੋੜ੍ਹੇ ਸਮੇਂ ਦੇ ਅਧਿਆਪਨ ਤੋਂ ਬਾਅਦ ਅਧਿਆਪਨ ਦੀ ਥਾਂ ਟਰਾਂਸਪੋਰਟ ਦਾ ਕਾਰੋਬਾਰ ਚੁਣਿਆ। ਆਪਣੇ ਕਾਰੋਬਾਰ ਲਈ ਕਲਕੱਤੇ ਰਹਿਣ ਕਰਕੇ ਹੀ ਉਸ ਨੂੰ ਬਲਦੇਵ ਸਿੰਘ ਕਲਕੱਤਾ ਕਿਹਾ ਜਾਣ ਲੱਗ ਪਿਆ ਅਤੇ ਟਰੱਕ ਡਰਾਈਵਰਾਂ ਦੇ ਹਾਲ-ਹਵਾਲ ਸਬੰਧੀ 'ਨਾਗਮਣੀ' 'ਚ ਛਪਦਾ ਰਿਹਾ ਕਾਲਮ 'ਸੜਕਨਾਮਾ' ਪ੍ਰਸਿੱਧ ਹੋਣ ਕਾਰਨ ਇਹ ਵਿਸ਼ੇਸ਼ਣ ਉਸ ਦੇ ਨਾਂ ਨਾਲ ਜੁੜ ਗਿਆ। ਬਲਦੇਵ ਸਿੰਘ (ਸੜਕਨਾਮਾ) ਨੇ ਭਾਵੇਂ ਵਾਰਤਕ, ਨਾਟਕ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਬਹੁਤ ਸਫਲਤਾ ਨਾਲ ਰਚਨਾ ਕੀਤੀ ਹੈ ਪਰ ਵਿਸ਼ੇਸ਼ ਪਛਾਣ ਕਹਾਣੀਕਾਰ ਦੇ ਤੌਰ ਤੇ ਬਣੀ ਹੈ। ਉਸ ਦੀਆਂ ਕਥਾ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ : ਗਿੱਲੀਆਂ ਛਿਟੀਆਂ ਦੀ ਅੱਗ-1977, ਚਿੜੀਆ ਖਾਨਾ-1979, ਹਵੇਲੀ ਦੀ ਛਾਵੇਂ ਖੜ੍ਹਾ ਰੱਥ-1982, ਸਵੇਰੇ ਦੀ ਲੋਅ-1989, ਝੱਖੜ ਤੇ ਪਰਿੰਦੇ-1994, ਬਲਦੇਵ ਸਿੰਘ ਦੀਆਂ ਸ੍ਰੇਸ਼ਟ ਕਹਾਣੀਆਂ-1995 (ਸੰਪਾ. ਟੀ.ਆਰ. ਵਿਨੋਦ), ਮਿੱਟੀ ਰੁਦਨ ਕਰੇ-1996, ਪਲੇਟ ਫਾਰਮ ਨੰ.11-1996 (ਹਿੰਦੀ ਅਨੁ.), ਨਾਗਵਲ-1998, ਹਨੇਰੇ ਸਵੇਰੇ-2001, ਮੇਰੀਆਂ ਚੋਣਵੀਆਂ ਕਹਾਣੀਆਂ-2003, ਪੰਜਵਾਂ ਚਿਰਾਗ-2005, ਦਿਸਹੱਦਿਆਂ ਤੋਂ ਪਾਰ-2005, ਜ਼ਿੰਦਗੀ ਦੇ ਰੰਗ-2006, ਕਾਲੇ ਤਿੱਤਰ-2013. ਬਲਦੇਵ ਸਿੰਘ ਦੀਆਂ ਕਹਾਣੀਆਂ ਦਾ ਰਚਨਾ-ਅਨੁਭਵ ਬਹੁਤ ਵਿਸ਼ਾਲ ਕੈਨਵਸ ਉਤੇ ਫੈਲਿਆ ਹੋਇਆ ਹੈ। ਨਿਮਨ ਤੇ ਮੱਧਵਰਗੀ ਕਿਸਾਨੀ, ਖੇਤ-ਮਜ਼ਦੂਰ, ਮਹਾਂਨਗਰੀ ਜੀਵਨ, ਡਰਾਈਵਰੀ ਦਾ ਧੰਦਾ, ਵੇਸਵਾ-ਜੀਵਨ, ਪਰਵਾਸੀ ਮਜ਼ਦੂਰ, ਪੰਜਾਬ ਸੰਕਟ ਆਦਿ ਸਭ ਵਿਸ਼ੇ ਉਸਦੀ ਕਹਾਣੀ ਦੇ ਕਲੇਵਰ ਵਿਚ ਆ ਗਏ ਹਨ। ਉਹ ਪ੍ਰਗਤੀਵਾਦੀ ਮਾਨਵਵਾਦ ਦਾ ਧਾਰਨੀ ਲੇਖਕ ਹੈ। ਰੌਚਿਕਤਾ, ਮਲਵਈ ਉਪ-ਬੋਲੀ ਰਾਹੀਂ ਮੜਕਵਾਂ ਵਾਰਤਾਲਾਪ ਸਿਰਜਣਾ ਅਤੇ ਤਿੱਖੇ ਵਿਅੰਗ ਦੀ ਨਸ਼ਤਰ ਲਾਉਣਾ ਉਸਦੀ ਕਥਾ-ਸ਼ੈਲੀ ਦੇ ਉਭਰਵੇਂ ਲੱਛਣ ਹਨ। ਬੰਦਾ ਭੁਲਦਾ ਰਿਹਾ, ਪਲੇਟ ਫਾਰਮ ਨੰ.11, ਸਿਉਂਕ, ਸਾਵਧਾਨ ਅੱਗੇ ਖਤਰਾ ਹੈ ਅਤੇ ਨਾਗਵਲ ਉਸ ਦੀਆਂ ਪ੍ਰਸਿੱਧ ਕਹਾਣੀਆਂ ਹਨ।

ਸੰਪਰਕ : 1419/20, ਕ੍ਰਿਸ਼ਨਾ ਨਗਰ, ਮੋਗਾ। ਮੋ. 98147 83069

**ਨ੍ਰਿਪਇੰਦਰ ਰਤਨ** (28.9.1943) ਦਾ ਜਨਮ ਮਹਿੰਦਰ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਉਸ ਨੇ ਆਪਣੀ ਉੱਚ ਵਿੱਦਿਆ ਤੋਂ ਬਾਅਦ ਮੁਕਾਬਲੇ ਦੇ ਇਮਤਿਹਾਨ

ਵਿਚ ਸਫ਼ਲਤਾ ਪ੍ਰਾਪਤ ਕੀਤੀ ਅਤੇ ਵਿਭਿੰਨ ਸਰਕਾਰੀ ਵਿਭਾਗਾਂ ਵਿਚ ਉੱਚ-ਅਧਿਕਾਰੀ ਦੇ ਰੂਪ ਵਿਚ ਸੇਵਾ ਨਿਭਾਈ ਹੈ। ਨ੍ਰਿਪਇੰਦਰ ਰਤਨ ਨੇ ਭਾਵੇਂ ਕਾਵਿ-ਰਚਨਾ ਅਤੇ ਵਾਰਤਕ ਰਚਨਾ ਵੀ ਸਫ਼ਲਤਾ ਪੂਰਬਕ ਕੀਤੀ ਹੈ ਪਰ ਉਸ ਨੂੰ ਵਧੇਰੇ ਨਾਮਣਾ ਕਹਾਣੀ ਰਚਨਾ ਦੇ ਖੇਤਰ ਵਿਚ ਹੀ ਮਿਲਿਆ ਹੈ। ਉਸ ਦੇ ਪ੍ਰਕਾਸ਼ਤ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ : ਆਰਜ਼ੀ ਫਾਈਲ-1985, ਇਕ ਅਫ਼ਸਰ ਦਾ ਜਨਮ-1995, ਸ਼ੇਰਾਂ ਦਾ ਵਾਨਪ੍ਰਸਤ-2006. ਭਾਰਤੀ ਅਫ਼ਸਰਸ਼ਾਹੀ ਦਾ ਅੰਗ ਹੋਣ ਕਰਕੇ ਨ੍ਰਿਪਇੰਦਰ ਰਤਨ ਨੂੰ ਇਸ ਵਰਗ-ਵਿਸ਼ੇਸ਼ ਦੀ ਜੀਵਨ-ਜਾਚ ਦਾ ਨਿੱਜੀ ਅਨੁਭਵ ਪ੍ਰਾਪਤ ਹੈ। ਇਸ ਲਈ ਉਸ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਉੱਚ-ਮੱਧਵਰਗ ਦੀਆਂ ਅਸੀਮ ਅਕਾਂਖਿਆਵਾਂ, ਚਿੰਤਾਵਾਂ, ਮੌਕਾਪ੍ਰਸਤੀਆਂ ਅਤੇ ਸੁਪਨਿਆਂ ਨਾਲ ਸਬੰਧਤ ਹੁੰਦਾ ਹੈ। ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਪ੍ਰਗੀਤਕ ਬਿਆਨ, ਵਿਅੰਗ-ਸਿਰਜਣਾ ਅਤੇ ਯਥਾਰਥਕ ਦ੍ਰਿਸ਼ ਚਿਤਰਨ ਆਦਿ ਹਨ। ਉਹ ਆਪਣੀ ਮਾਨਵਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਆਧੁਨਿਕ ਮਨੁੱਖ ਦੇ ਮਕਾਨਕੀ ਹੁੰਦੇ ਜਾਣ ਦੀ ਤ੍ਰਾਸਦੀ ਨੂੰ ਸ਼ਿੱਦਤ ਨਾਲ ਪੇਸ਼ ਕਰਕੇ ਉਸ ਦੀਆਂ ਮਾਨਵੀ ਸੰਵੇਦਨਾਵਾਂ ਨੂੰ ਜਗਾਉਣਾ ਲੋਚਦਾ ਹੈ। ਇਕ ਅਫ਼ਸਰ ਦਾ ਜਨਮ ਅਤੇ ਗੰਡੇਏ ਉਸ ਦੀਆਂ ਬਹੁਤ ਪ੍ਰਸਿੱਧ ਕਹਾਣੀਆਂ ਹਨ।

ਸੰਪਰਕ: 168, ਸੈਕਟਰ 33-ਏ, ਚੰਡੀਗੜ੍ਹ-110020, ਫੋਨ 2660582.

**ਦਲਬੀਰ ਚੇਤਨ** (5.4.1944-30.12.2004) ਦਾ ਜਨਮ ਪਿੰਡ ਤਾਰਾਗੜ੍ਹ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗਿਆਨ ਸਿੰਘ ਦੇ ਘਰ ਹੋਇਆ। ਪੰਜਾਬੀ ਵਿਸ਼ੇ ਵਿੱਚ ਐਮ.ਏ. ਤੱਕ ਦੀ ਵਿੱਦਿਆ ਹਾਸਲ ਕੀਤੀ। ਭਾਰਤੀ ਫੌਜ ਦੇ ਏਅਰ ਫੋਰਸ ਵਿੰਗ ਵਿੱਚ ਲੱਗਭੱਗ ਪੰਦਰਾਂ ਸਾਲ ਨੌਕਰੀ ਕਰਨ ਉਪਰੰਤ ਸਿਵਲ ਵਿਚ ਐਕਸਾਈਜ਼ ਇੰਸਪੈਕਟਰ ਦੀ ਨੌਕਰੀ ਕਰ ਲਈ। ਦਲਬੀਰ ਚੇਤਨ ਦੇ ਕਹਾਣੀ-ਸੰਗਰਿਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਰਿਸ਼ਤਿਆਂ ਦੇ ਆਰ-ਪਾਰ-1981, ਰਾਤ-ਬਰਾਤੇ-1993, ਮਹਿੰਦੀ ਬਾਜ਼ਾਰ-1998, ਖਾਰਾ ਬੱਦਲ-2003. ਦਲਬੀਰ ਚੇਤਨ ਦੀਆਂ ਕਹਾਣੀਆਂ ਪਿੰਡ ਦੇ ਨਿਮਨ ਮੱਧਵਰਗ, ਪੰਜਾਬ ਸੰਕਟ ਅਤੇ ਸੈਨਿਕ ਅਨੁਭਵ ਨੂੰ ਆਪਣਾ ਰਚਨਾ-ਵਸਤੂ ਬਣਾਉਂਦੀਆਂ ਹਨ। ਆਪਣੀ ਮਾਨਵਵਾਦੀ ਯਥਾਰਥਵਾਦ ਦੀ ਧਾਰਨੀ ਰਚਨਾ-ਦ੍ਰਿਸ਼ਟੀ ਰਾਹੀਂ ਉਸ ਨੇ ਸਧਾਰਣ ਮਨੁੱਖ ਦੇ ਸੰਤਾਪ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਪ੍ਰਗੀਤਕ ਬਿਰਤਾਂਤ, ਮਨੋਵਿਗਿਆਨਕ ਛੋਹਾਂ ਅਤੇ ਪ੍ਰਤੀਕਾਤਮਕਤਾ ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ। ਦਲਬੀਰ ਚੇਤਨ ਦੀਆਂ ਬਹੁਤ ਚਰਚਿਤ ਕਹਾਣੀਆਂ ਕਾਲੇ ਪਰਛਾਵੇਂ, ਵਗਦੇ ਪਾਣੀ ਅਤੇ ਮਹਿੰਦੀ ਬਾਜ਼ਾਰ ਹਨ।

ਸੰਪਰਕ: 11, ਪ੍ਰਤਾਪ ਨਗਰ, ਅੰਮ੍ਰਿਤਸਰ-143004.

**ਵਰਿਆਮ ਸਿੰਘ ਸੰਧੂ** (10.9.1945) ਦਾ ਜਨਮ ਚਵਿੰਡੇ ਕਲਾਂ (ਨਾਨਕੇ), ਜ਼ਿਲ੍ਹਾ ਅੰਮ੍ਰਿਤਸਰ ਵਿਖੇ ਦੀਦਾਰ ਸਿੰਘ ਦੇ ਘਰ ਹੋਇਆ। ਉਸ ਦੇ ਪਿਤਾ ਦਾ ਜੱਦੀ ਪਿੰਡ ਪਢਾਣਾ, ਜ਼ਿਲ੍ਹਾ ਲਾਹੌਰ ਸੀ ਪਰ ਵੰਡ ਪਿੱਛੋਂ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਵਸੇਬਾ ਕੀਤਾ। ਸੇਵਾ-ਮੁਕਤੀ ਤੋਂ ਬਾਅਦ ਕਨੇਡਾ ਦਾ ਪਰਵਾਸ ਧਾਰਨਾ ਕਰ ਲਿਆ। ਉਸ ਨੇ ਬੀ.ਏ., ਬੀ-ਐੱਡ. ਅਤੇ ਪੰਜਾਬੀ ਵਿਸ਼ੇ ਵਿਚ ਐਮ.ਏ., ਐਮ.ਫ਼ਿਲ., ਪੀ-



ਐੱਚ.ਡੀ. ਤੱਕ ਦੀ ਵਿਦਿਆ ਹਾਸਲ ਕੀਤੀ। ਪਹਿਲਾਂ ਸਕੂਲ ਅਤੇ ਫੇਰ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਅਧਿਆਪਨ ਦੇ ਕਿੱਤੇ ਨੂੰ ਚੁਣਿਆ। ਜਵਾਨੀ ਸਮੇਂ ਨਕਸਲਬਾੜੀ ਲਹਿਰ ਨੇ ਸੰਧੂ ਨੂੰ ਕਾਫ਼ੀ ਪ੍ਰਭਾਵਤ ਕੀਤਾ। ਵਰਿਆਮ ਸਿੰਘ ਸੰਧੂ ਨੇ ਮੁੱਢ 'ਚ ਕੁਝ ਕੁ ਕਾਵਿ-ਰਚਨਾ ਕੀਤੀ ਅਤੇ ਫਿਰ ਵਾਰਤਕ ਅਤੇ ਸਮੀਖਿਆ ਦੇ ਖੇਤਰ ਵਿਚ ਵੀ ਸਫ਼ਲਤਾ ਹਾਸਲ ਕੀਤੀ ਪਰ ਵਿਸ਼ੇਸ਼ ਨਾਮਣਾ ਕਹਾਣੀ-ਰਚਨਾ ਰਾਹੀਂ ਖੱਟਿਆ। ਉਸ ਦੇ ਕਹਾਣੀ-ਸੰਗ੍ਰਹਿ ਚੌਥੀ ਕੂਟ ਲਈ ਸਾਹਿਤ ਅਕਾਦਮੀ, ਦਿੱਲੀ ਦਾ ਪੁਰਸਕਾਰ ਸਾਲ 2000 ਲਈ ਮਿਲ ਚੁੱਕਾ ਹੈ। ਉਸਦੀ ਕਹਾਣੀ-ਰਚਨਾ ਇਸ ਪ੍ਰਕਾਰ ਹੈ : ਲੋਹੇ ਦੇ ਹੱਥ-1971, ਕਰਵਟ-1973 (ਸੰਪਾ.), ਅੰਗ-ਸੰਗ-1981, ਭੱਜੀਆਂ ਬਾਹੀਂ-1987, ਕਥਾ-ਧਾਰਾ-1993 (ਸੰਪਾ.), ਚੌਥੀ ਕੂਟ-1999, ਤਿਲ-ਫੁੱਲ-2000 (ਸਮੁੱਚੀਆਂ ਕਹਾਣੀਆਂ), ਜੱਟ ਦੀ ਜੂਨ-2000 (ਚੋਣਵੀਆਂ ਕਹਾਣੀਆਂ) ਵਰਿਆਮ ਸਿੰਘ ਸੰਧੂ ਨੇ ਵਿਸ਼ੇਸ਼ ਤੌਰ ਤੇ ਕਿਸਾਨੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਆਪਣਾ ਰਚਨਾ-ਵਸਤੂ ਬਣਾਇਆ। ਨਕਸਲਬਾੜੀ ਲਹਿਰ, ਦਲਿਤ ਚੇਤਨਾ ਅਤੇ ਪੰਜਾਬ-ਸੰਕਟ ਬਾਰੇ ਕੁਝ ਅਤੀ ਚਰਚਿਤ ਕਹਾਣੀਆਂ ਲਿਖੀਆਂ। ਉਸਦੀ ਰਚਨਾ-ਦ੍ਰਿਸ਼ਟੀ ਨਵ-ਪ੍ਰਗਤੀਵਾਦ ਦੀ ਧਾਰਨੀ ਹੈ। ਜਟਿਲ, ਵਿਸਥਾਰਮਈ ਅਤੇ ਕਲਾਤਮਕ ਬਿਰਤਾਂਤ ਦੀ ਸਿਰਜਣਾ ਵਿਚ ਵਿਸ਼ੇਸ਼ ਮੁਹਾਰਤ ਹੋਣ ਕਰਕੇ ਜਟਿਲ ਲੰਮੀ ਕਹਾਣੀ ਦਾ ਰੂਪਾਕਾਰ ਉਸ ਦੇ ਨਾਂ ਨਾਲ ਹੀ ਜੁੜ ਗਿਆ ਹੈ।

ਸੰਪਰਕ : 153, ਗੋਲਡਨ ਐਵੀਨਿਊ-1, ਗੜ੍ਹਾ ਰੋਡ, ਜਲੰਧਰ-144022

**ਗੁਰਪਾਲ ਸਿੰਘ ਲਿੱਟ** (15.4.1947 -19-1-2018) ਦਾ ਜਨਮ ਬੁੱਧ ਸਿੰਘ ਦੇ ਘਰ ਬਿਜਲੀਪੁਰ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਸ ਨੇ ਬੀ.ਏ. ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਰੁਜ਼ਗਾਰ ਖ਼ਾਤਰ ਪਹਿਲਾਂ ਕਲਕੱਤੇ ਵਿਚ ਟ੍ਰਾਂਸਪੋਰਟ ਦਾ ਕਾਰੋਬਾਰ ਕੀਤਾ ਅਤੇ ਫੇਰ ਖੰਨੇ ਵਿਖੇ ਸੁਰਖ਼ਾਬ ਪਬਲਿਕ ਸਕੂਲ ਦੀ ਸਥਾਪਨਾ ਕੀਤੀ। ਗੁਰਪਾਲ ਸਿੰਘ ਲਿੱਟ ਨੇ ਭਾਵੇਂ ਨਾਵਲ ਅਤੇ ਨਾਟਕ ਰਚਨਾ ਲਈ ਵੀ ਹੱਥ-ਅਜ਼ਮਾਈ ਕੀਤੀ ਪਰ ਵਿਸ਼ੇਸ਼ ਨਾਮਣਾ ਕਹਾਣੀ ਦੇ ਖੇਤਰ ਵਿਚ ਹੀ ਖੱਟਿਆ। ਉਸ ਦੇ ਕਹਾਣੀ-ਸੰਗਰਿਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਮੁੱਠੀ 'ਚੋਂ ਕਿਰਦਾ ਮਾਰੂਥਲ-1979, ਜਦ ਵੀ ਚਾਹੇਂ ਮਾਂ-1981, ਅਲਫ਼ ਨੰਗੀ ਜ਼ਿੰਦਗੀ-1984, ਇਕ ਹਾਦਸੇ ਦੇ ਆਰ-ਪਾਰ-1996, ਕੁਝ ਸਲੀਬਾਂ ਦੇ ਸੰਗ-1996, ਇਹ ਅੰਤ ਨਹੀਂ (ਚੋਣਵੀਆਂ ਕਹਾਣੀਆਂ)-1998, ਦੁਰਗ ਟੁਟਦੇ ਨੇ-2012, ਇਕਬਾਲਨਾਮਾ-2012 (ਸਮੁੱਚੀਆਂ ਕਹਾਣੀਆਂ)। ਲਿੱਟ ਦੀਆਂ ਕਹਾਣੀਆਂ ਵਿਚ ਨੌਕਰੀ-ਪੇਸ਼ਾ ਸ਼ਹਿਰੀ ਮੱਧਵਰਗ ਅਤੇ ਪੰਜਾਬ ਦੇ ਕਿਸਾਨੀ ਪਰਿਵਾਰਾਂ ਦੀ ਟੁੱਟ-ਭੱਜ ਨੂੰ ਵਿਸ਼ੇਸ਼ ਤੌਰ ਤੇ ਰਚਨਾ-ਵਸਤੂ ਬਣਾਇਆ ਗਿਆ ਮਿਲਦਾ ਹੈ। ਔਰਤ-ਮਨ ਦੀ ਪੇਸ਼ਕਾਰੀ ਵੀ ਉਸਦਾ ਮਨਭਾਉਂਦਾ ਵਿਸ਼ਾ ਹੈ। ਮਨੋਵਿਗਿਆਨਕ ਛੋਹਾਂ ਵਾਲੀ ਪਾਤਰ-ਉਸਾਰੀ, ਨਾਟਕੀਅਤਾ, ਸਰੋਦੀਪੁਣਾ ਅਤੇ ਬਹੁਪਰਤੀ ਬਿਰਤਾਂਤ ਸਿਰਜਣਾ ਆਦਿ ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ। ਇਕ ਮਾਂ ਦਾ ਹਨੀਮੂਨ, ਜੜ੍ਹਾਂ ਵਾਲੇ, ਗਿਰਝਾਂ, ਜੁਥਾੜ੍ਹੇ, ਇਕ ਹਾਦਸੇ ਦੇ ਆਰ-ਪਾਰ ਆਦਿ ਕਹਾਣੀਆਂ ਵਿਸ਼ੇਸ਼ ਤੌਰ ਤੇ ਚਰਚਿਤ ਹੋਈਆਂ ਹਨ।

**ਪ੍ਰੇਮ ਗੋਰਖੀ** (15.6.1947) ਦਾ ਜਨਮ ਅਰਜਨ ਦੇਵ ਦੇ ਘਰ ਪਿੰਡ ਬੁਹਾਨੀ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਪਿੱਛੋਂ ਗਿਆਨੀ ਕੀਤੀ ਅਤੇ ਪੱਤਰਕਾਰੀ ਦਾ ਕਿੱਤਾ ਅਪਣਾਇਆ। ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਦੌਰਾਨ ਚੰਡੀਗੜ੍ਹ ਦੇ ਨਿਵਾਸ ਨੇ ਉਸਦੀ ਜੀਵਨ-ਦ੍ਰਿਸ਼ਟੀ ਵਿਚ ਨਵੇਂ ਪਾਸਾਰ ਉਜਾਗਰ ਕੀਤੇ। ਪ੍ਰੇਮ ਗੋਰਖੀ ਨੇ ਥੋੜ੍ਹੀ ਜਿਹੀ ਵਾਰਤਕ ਦੀ ਰਚਨਾ ਵੀ ਕੀਤੀ ਪਰ ਉਸਦੀ ਵਿਸ਼ੇਸ਼ ਮਾਣਤਾ ਨਾਵਲੈੱਟ ਅਤੇ ਕਹਾਣੀ-ਲੇਖਣ ਕਰਕੇ ਹੈ। ਕਹਾਣੀ-ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ: ਮਿੱਟੀ ਰੰਗੇ ਲੋਕ-1974, ਜੀਣ-ਮਰਨ-1981, ਅਰਜਨ ਸਫੈਦੀ ਵਾਲਾ-1994, ਧਰਤੀ ਪੁੱਤਰ-2002. ਪ੍ਰੇਮ ਗੋਰਖੀ ਦੀਆਂ ਕਹਾਣੀਆਂ ਦਾ ਵਸਤੂ-ਖੇਤਰ ਦਲਿਤ ਵਰਗਾਂ ਦੇ ਜੀਵਨ ਨਾਲ ਸਬੰਧਤ ਹੈ। ਯਥਾਰਥਕ ਦ੍ਰਿਸ਼ ਚਿਤਰਨ, ਵਿਅੰਗ ਸਿਰਜਣਾ, ਸ਼੍ਰੇਣੀ ਸਮਾਜ ਦੇ ਵਿਰੋਧਾਭਾਸੀ ਸਰੂਪ ਵਾਲੇ ਚਿਤਰ ਅਤੇ ਬੇਬਾਕ ਬਿਆਨੀ ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ। ਪੰਜਾਬ ਸੰਕਟ ਦੌਰਾਨ ਉਸ ਨੇ ਨਿਰਪੱਖ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਕੁੱਢਾ ਵਰਗੀਆਂ ਚਰਚਿਤ ਕਹਾਣੀਆਂ ਦੀ ਰਚਨਾ ਕੀਤੀ। ਸੰਪਰਕ : ਮੋਬਾ: 98555 91762

**ਬਲਦੇਵ ਸਿੰਘ ਢੀਂਡਸਾ** (5.5.1951) ਦਾ ਜਨਮ ਸੀਤਲ ਸਿੰਘ ਦੇ ਘਰ ਪਿੰਡ ਰਹਿਪਾ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਹੋਇਆ। ਉਸ ਨੇ ਸਕੂਲ ਵਿਚ ਅਧਿਆਪਨ ਦਾ ਕਿੱਤਾ ਅਪਣਾਇਆ। ਉਸ ਦੇ ਪ੍ਰਕਾਸ਼ਤ ਕਹਾਣੀ ਸੰਗ੍ਰਹਿ ਹਨ : ਕਸ਼ਮਕਸ਼-2001, ਚੱਕਰਵਿਊ- 2010, ਸੰਸਕ੍ਰਿਤੀ-2017. ਉਸ ਨੂੰ ਭਾਸ਼ਾ ਵਿਭਾਗ ਪੰਜਾਬ ਦਾ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ। ਢੀਂਡਸਾ ਦੁਆਬੇ ਦੇ ਜਨ-ਜੀਵਨ ਵਿਚ ਤੇਜ਼ੀ ਨਾਲ ਹੋ ਰਹੇ ਪਰਿਵਰਤਨਾਂ ਨੂੰ ਬਹੁਤ ਡੂੰਘਾਈ ਵਿਚ ਜਾ ਕੇ ਫੜਨ ਵਾਲਾ ਅਤੇ ਗੁੰਦਵੇਂ ਬਿਰਤਾਂਤ ਰਾਹੀਂ ਪੇਸ਼ ਕਰਨ ਵਾਲਾ ਕਹਾਣੀਕਾਰ ਹੈ। ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਢੀਂਡਸਾ ਦੀਆਂ ਕਹਾਣੀਆਂ ਨੇ ਨਵੀਂ ਸਿਖਰ ਦਿੱਤੀ ਹੈ। ਬੋਨਸ, ਚੱਕਰਵਿਊ, ਸ਼ਹੀਦ ਆਦਿ ਉਸ ਦੀਆਂ ਅਤੀ ਚਰਚਿਤ ਕਹਾਣੀਆਂ ਹਨ।
ਸੰਪਰਕ : ਪਿੰਡ ਤੇ ਡਾਕ. ਰਹਿਪਾ, ਜ਼ਿਲ੍ਹਾ ਨਵਾਂ ਸ਼ਹਿਰ। ਮੋਬਾ: 9815157815

**ਬਲਦੇਵ ਸਿੰਘ ਧਾਲੀਵਾਲ** (20.11.1959) ਦਾ ਜਨਮ ਜੋਗਿੰਦਰ ਸਿੰਘ ਦੇ ਘਰ ਪਿੰਡ ਕੁਰਾਈ ਵਾਲਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਇਆ। ਉਸ ਨੇ ਪੰਜਾਬੀ ਵਿਸ਼ੇ ਵਿਚ ਬੀ.ਏ. (ਆਨਰਜ਼), ਐਮ.ਏ., ਐਮ.ਫ਼ਿਲ. ਅਤੇ ਪੀ-ਐੱਚ.ਡੀ. ਤੱਕ ਦੀ ਉਚੇਰੀ ਵਿੱਦਿਆ ਹਾਸਲ ਕੀਤੀ। ਕੁਝ ਸਮਾਂ ਪੱਤਰਕਾਰੀ ਦਾ ਕਿੱਤਾ ਅਪਨਾਉਣ ਤੋਂ ਪਿੱਛੋਂ ਕਾਲਜ ਵਿਚ ਅਤੇ ਫੇਰ ਪੰਜਾਬੀ ਯੂਨੀ., ਪਟਿਆਲਾ ਵਿਚ ਅਧਿਆਪਨ ਦਾ ਕਾਰਜ ਕਰਦਿਆਂ ਪ੍ਰੋਫੈਸਰ ਅਤੇ ਡੀਨ ਦੇ ਉੱਚੇ ਅਹੁਦੇ ਤੱਕ ਪਹੁੰਚਿਆ। ਧਾਲੀਵਾਲ ਨੇ ਕਵਿਤਾ, ਆਲੋਚਨਾ, ਵਾਰਤਕ, ਪੱਤਰਕਾਰੀ ਅਤੇ ਕਹਾਣੀ ਦੇ ਖੇਤਰ ਵਿਚ ਰਚਨਾ ਕੀਤੀ ਹੈ। ਕਹਾਣੀ-ਸੰਗ੍ਰਹਿ ਓਪਰੀ ਹਵਾ-1996 ਅਤੇ ਆਪਣੇ ਆਪਣੇ ਕਾਰਗਿਲ-2009 ਹਨ। ਓਪਰੀ ਹਵਾ ਨੂੰ ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ ਵਲੋਂ ਭਾਈ ਵੀਰ ਸਿੰਘ ਗਲਪ ਪੁਰਸਕਾਰ ਦਿੱਤਾ ਗਿਆ। ਉਸ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਕਿਸਾਨੀ-ਜੀਵਨ ਅਤੇ ਇਸ ਵਰਗ ਦੀ ਨੌਕਰੀ-ਪੇਸ਼ਾ ਨੌਜਵਾਨ



ਪੀੜ੍ਹੀ ਦੇ ਸ਼ਹਿਰੀ ਮੱਧਵਰਗ ਵਿਚ ਰੂਪਾਂਤਰਨ ਦੀ ਪ੍ਰਕਿਰਿਆ ਨਾਲ ਸਬੰਧਤ ਹੁੰਦਾ ਹੈ। ਯਥਾਰਥਕ ਦ੍ਰਿਸ਼ ਚਿਤਰਨ, ਸੰਵਾਦੀ ਬਿਰਤਾਂਤ, ਮਲਵਈ ਉਪ-ਭਾਸ਼ਾ ਦੀ ਨੁੱਕਦਾਰ ਵਰਤੋਂ ਉਸ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ।
ਸੰਪਰਕ : 34, ਅਰਬਨ ਅਸਟੇਟ, ਫੇਜ਼-3, ਪਟਿਆਲਾ। ਮੋਬਾ: 98728-35835

**ਮਨਿੰਦਰ ਸਿੰਘ ਕਾਂਗ** (18.5.1963-4.2.2013) ਦਾ ਜਨਮ ਕੁਲਬੀਰ ਸਿੰਘ ਕਾਂਗ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਉਸ ਨੇ ਕੁਝ ਸਮਾਂ ਦਫ਼ਤਰੀ ਅਮਲੇ ਵਿਚ ਨੌਕਰੀ ਕਰਨ ਉਪਰੰਤ ਪੰਜਾਬੀ ਵਿਸ਼ੇ ਵਿਚ ਐਮ.ਏ., ਪੀ-ਐੱਚ.ਡੀ. ਤੱਕ ਦੀ ਉਚੇਰੀ ਸਿੱਖਿਆ ਹਾਸਲ ਕੀਤੀ ਅਤੇ ਕਾਲਜ ਵਿਚ ਅਧਿਆਪਨ ਦਾ ਕਿੱਤਾ ਅਪਣਾ ਲਿਆ। ਮਨਿੰਦਰ ਸਿੰਘ ਕਾਂਗ ਦਾ ਸਮੀਖਿਆ ਦੇ ਖੇਤਰ ਅਤੇ ਕਹਾਣੀ ਰਚਨਾ ਵਿਚ ਵੀ ਅਹਿਮ ਸਥਾਨ ਹੈ। ਉਸ ਦੇ ਕਹਾਣੀ-ਸੰਗ੍ਰਹਿ ਇਸ ਪ੍ਰਕਾਰ ਹਨ : ਉਦਾਸੀਆਂ-1981, ਵਿਰਲਾਪ-1986, ਜੂਨ-1998, ਕਾਲਾ ਕਬੂਤਰ-2003, ਭੇਤ ਵਾਲੀ ਗੱਲ-2010. ਮਨਿੰਦਰ ਸਿੰਘ ਕਾਂਗ ਦੀਆਂ ਮੁਢਲੀਆਂ ਕਹਾਣੀਆਂ ਪ੍ਰਮੁੱਖ ਤੌਰ ਤੇ ਸ਼ਹਿਰੀ ਮੱਧਵਰਗ ਦੀ ਦੋਹਰੇ ਮਿਆਰਾਂ ਵਾਲੀ ਜ਼ਿੰਦਗੀ ਅਤੇ ਔਰਤ-ਮਰਦ ਦੇ ਰਿਸ਼ਤਿਆਂ ਨੂੰ ਆਪਣਾ ਰਚਨਾ-ਵਸਤੂ ਬਣਾਉਂਦੀਆਂ ਹਨ। ਬਾਅਦ ਵਿਚ ਉਸ ਨੇ ਪੰਜਾਬ ਸੰਕਟ ਅਤੇ ਦਲਿਤ ਜੀਵਨ ਬਾਰੇ ਭਾਰ ਅਤੇ ਕੁੱਤੀ ਵਿਹੜਾ ਵਰਗੀਆਂ ਯਾਦਗਾਰੀ ਕਹਾਣੀਆਂ ਦੀ ਰਚਨਾ ਕੀਤੀ। ਉਹ ਆਲੋਚਨਾਤਮਕ ਯਥਾਰਥਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਜੀਵਨ ਦੀਆਂ ਵਿਸੰਗਤੀਆਂ ਨੂੰ ਪਕੜਨ ਵਾਲਾ ਕਹਾਣੀਕਾਰ ਹੈ। ਤਿੱਖਾ ਵਿਅੰਗ, ਯਥਾਰਥਕ ਦ੍ਰਿਸ਼-ਚਿਤਰਨ ਅਤੇ ਕਾਵਿਕ-ਬਿਆਨੀ ਉਸਦੀ ਕਥਾ-ਸ਼ੈਲੀ ਦੇ ਉਭਰਵੇਂ ਲੱਛਣ ਹਨ।
ਸੰਪਰਕ : ਰਾਹੀਂ ਨਰਿੰਦਰ ਕਾਂਗ (ਸੁਪਤਨੀ), ਮੋਬਾ: 8288854536

**ਸਰਬਮੀਤ** (15.11.1967-13.5.2006) ਦਾ ਜਨਮ ਮਹਿੰਦਰ ਸਿੰਘ ਦੇ ਘਰ ਪਿੰਡ ਗਦਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਸ ਨੇ ਦਸਵੀਂ ਤੋਂ ਪਿੱਛੋਂ ਇਲੈਕਟਰੀਕਲ ਇੰਜਨੀਅਰਿੰਗ ਦਾ ਡਿਪਲੋਮਾ ਪ੍ਰਾਪਤ ਕੀਤਾ ਪਰ ਕਿੱਤੇ ਦੇ ਤੌਰ ਤੇ ਪੱਤਰਕਾਰੀ ਨੂੰ ਚੁਣਿਆ। ਉਸ ਦੇ ਕਹਾਣੀ ਸੰਗ੍ਰਹਿ ਤਰਲੋਮੱਛੀ ਕਾਇਨਾਤ-1992, ਇਹ ਕਹਾਣੀਆਂ-1996 (ਸੰਪਾ.) ਪ੍ਰਕਾਸ਼ਤ ਹਨ। ਪੇਂਡੂ ਦਲਿਤ ਵਰਗਾਂ ਦੇ ਜਨ-ਜੀਵਨ ਦਾ ਨੇੜਲਾ ਅਨੁਭਵ ਹੋਣ ਕਰਕੇ ਉਸ ਨੇ ਇਸ ਨੂੰ ਬਹੁਤ ਸ਼ਿੱਦਤ ਨਾਲ ਗ੍ਰਹਿਣ ਕੀਤਾ ਅਤੇ ਆਪਣੀਆਂ ਕਹਾਣੀਆਂ ਦਾ ਰਚਨਾ-ਵਸਤੂ ਬਣਾਇਆ ਹੈ। ਮਾਝੇ ਦੇ ਇਲਾਕੇ ਵਿਚ ਰਹਿਣ ਕਰਕੇ ਉਸ ਨੇ ਪੰਜਾਬ ਸੰਕਟ ਦੀ ਵਾਸਤਵਿਕਤਾ ਨੂੰ ਵੀ ਬਹੁਤ ਨੇੜਿਉਂ ਤੱਕਿਆ। ਯਥਾਰਥਕ ਦ੍ਰਿਸ਼-ਚਿਤਰਨ, ਸਥਿਤੀਆਂ ਦੀ ਨਾਟਕੀ ਜੜਤ, ਤਿੱਖਾ ਵਿਅੰਗ ਅਤੇ ਮਾਝੀ ਉਪ-ਭਾਸ਼ਾ ਦੀ ਵਰਤੋਂ ਉਸਦੀ ਕਹਾਣੀ-ਸ਼ੈਲੀ ਦੀਆਂ ਪ੍ਰਮੁੱਖ ਜੁਗਤਾਂ ਹਨ। ਓਪਰੀ ਸ਼ੈਅ ਅਤੇ ਕਲਾਣ ਉਸ ਦੀਆਂ ਬਹੁਤ ਪ੍ਰਸਿੱਧ ਕਹਾਣੀਆਂ ਹਨ। ਸੰਪਰਕ : ਰਾਹੀਂ ਦਵਿੰਦਰ ਦਵੀ (ਸੁਪਤਨੀ), ਮੋਬਾ: 9876082982

**ਜਸਵੀਰ ਰਾਣਾ** (18.9.1968) ਦਾ ਜਨਮ ਦਰਸ਼ਨ ਸਿੰਘ ਦੇ ਘਰ ਅਮਰਗੜ੍ਹ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਸ ਨੇ ਪੰਜਾਬੀ ਵਿਸ਼ੇ ਵਿਚ ਐਮ.ਏ. ਅਤੇ ਫਿਰ

ਬੀ.ਐੱਡ. ਦਾ ਕੋਰਸ ਕੀਤਾ। ਉਹ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਅਧਿਆਪਨ ਦਾ ਕਾਰਜ ਕਰਦਾ ਹੈ। ਉਸ ਦੇ ਕਹਾਣੀ-ਸੰਗ੍ਰਹਿ ਸਿਖਰ-ਦੁਪਹਿਰਾ-2003, ਖਿੱਤੀਆਂ ਘੁੰਮ ਰਹੀਆਂ ਨੇ-2008, ਕਿੰਨਰਾਂ ਦਾ ਵੀ ਦਿਲ ਹੁੰਦਾ ਹੈ-2015 (ਸੰਪਾ.), ਬਿੱਲੀਆਂ ਅੱਖਾਂ ਦਾ ਜਾਦੂ-2015 ਪ੍ਰਕਾਸ਼ਤ ਹਨ। ਉਸ ਨੇ ਆਪਣੀਆਂ ਕਹਾਣੀਆਂ ਰਾਹੀਂ ਅਜੋਕੇ ਨਵ-ਪੂੰਜੀਵਾਦੀ ਦੌਰ ਦੇ ਮਨੁੱਖ ਦੇ ਖੰਡਿਤ ਬਿੰਬ ਨੂੰ ਰਚਨਾ-ਵਸਤੂ ਬਣਾਇਆ ਹੈ। ਉਸ ਦੀ ਕਹਾਣੀ ਵਿਚ ਤਣਾਅ, ਦਵੰਦ, ਕਮੀਨਗੀ, ਬੇਬਸੀ ਆਦਿ ਦੇ ਮਿਸ਼ਰਤ ਭਾਵ-ਬੋਧ ਵਾਲਾ ਅਜਿਹਾ ਜਟਿਲ ਮਨੁੱਖ ਅਜੋਕੀ ਰਾਜਨੀਤਕ ਵਿਵਸਥਾ ਸਾਹਮਣੇ ਪ੍ਰਸ਼ਨ ਚਿੰਨ੍ਹ ਬਣ ਕੇ ਖੜ੍ਹਦਾ ਹੈ। ਰਾਣਾ ਨੂੰ ਦਲਿਤ-ਵਰਗਾਂ ਦਾ ਵੀ ਨੇੜਲਾ ਅਨੁਭਵ ਪ੍ਰਾਪਤ ਹੈ। ਉਸ ਨੇ ਉਤਮ-ਪੁਰਖੀ ਵਾਚ ਅਤੇ ਜਟਿਲ ਬਿਰਤਾਂਤਕ ਤਾਣੇ-ਬਾਣੇ ਵਾਲੀਆਂ ਪ੍ਰਭਾਵਸ਼ਾਲੀ ਕਹਾਣੀਆਂ ਦੀ ਰਚਨਾ ਕਰਕੇ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਸੰਪਰਕ : ਪਿੰਡ ਤੇ ਡਾਕ. ਅਮਰਗੜ੍ਹ, ਜ਼ਿਲ੍ਹਾ ਸੰਗਰੂਰ।

**ਸੁਖਪਾਲ ਸਿੰਘ ਥਿੰਦ** (20.4.1967) ਦਾ ਜਨਮ ਕਰਤਾਰ ਸਿੰਘ ਥਿੰਦ ਦੇ ਘਰ ਪਿੰਡ ਬੂਲਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਸਨੇ ਪੰਜਾਬੀ ਵਿਸ਼ੇ ਵਿਚ ਐਮ.ਏ, ਪੀ-ਐੱਚ.ਡੀ ਦੀ ਉਚੇਰੀ ਸਿੱਖਿਆ ਹਾਸਲ ਕਰਨ ਉਪਰੰਤ ਸਰਕਾਰੀ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਹਾਸਿਲ ਕੀਤੀ ਅਤੇ ਤਰੱਕੀ ਕਰਕੇ ਪ੍ਰੋਫ਼ੈਸਰ ਦੀ ਪਦਵੀ ਤੱਕ ਪਹੁੰਚਿਆ। ਆਲੋਚਨਾ ਅਤੇ ਵਾਰਤਕ ਰਚਨਾ ਦੇ ਖੇਤਰ ਵਿਚ ਵੀ ਉਸਦਾ ਵਿਸ਼ੇਸ਼ ਯੋਗਦਾਨ ਹੈ ਅਤੇ ਉਸ ਦੀਆਂ ਕੁਝ 'ਫੁੱਲਾਂ ਦੀ ਫਸਲ' ਵਰਗੀਆਂ ਕਹਾਣੀਆਂ ਪੰਜਾਬੀ ਦੇ ਮਿਆਰੀ ਪਰਚਿਆਂ ਵਿਚ ਪ੍ਰਕਾਸ਼ਿਤ ਹੋਣ ਸਦਕਾ ਉਚੇਚਾ ਧਿਆਨ ਖਿੱਚਣ ਵਿਚ ਸਫਲ ਰਹੀਆਂ ਹਨ। ਉਸ ਨੇ ਅਜੋਕੇ ਪੰਜਾਬ ਦੇ ਚਰਚਿਤ ਮੁੱਦਿਆਂ, ਜਿਵੇਂ ਦਲਿਤ ਜੀਵਣ, ਪਰਵਾਸ, ਮੌਜੂਦਾ ਸਿਆਸੀ ਦ੍ਰਿਸ਼ ਆਦਿ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਬਣਾਇਆ ਹੈ। ਉਸ ਦੀ ਕਥਾ-ਸ਼ੈਲੀ ਉਸ ਦੇ ਸੰਭਾਵਨਾ ਭਰਪੂਰ ਕਹਾਣੀਕਾਰ ਬਣ ਸਕਣ ਦੀ ਗਵਾਹੀ ਦੇਣ ਵਾਲੀ ਹੈ।

ਸੰਪਰਕ: 90-ਮਹਾਰਾਜਾ, ਲੈਦਰ ਕੰਪਲੈਸ ਰੋਡ, ਬਸਤੀ ਪੀਰ ਦਾਦ, ਜਲੰਧਰ,
ਮੋ: 98885-21960

**ਬਲਜਿੰਦਰ ਨਸਰਾਲੀ** (13.1.1969) ਦਾ ਜਨਮ ਗੁਰਮੇਲ ਸਿੰਘ ਦੇ ਘਰ ਪਿੰਡ ਨਸਰਾਲੀ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਸ ਨੇ ਬੀ.ਏ., ਬੀ-ਐੱਡ ਅਤੇ ਐਮ.ਏ., ਐਮ.ਫ਼ਿਲ., ਪੀ-ਐੱਚ.ਡੀ. (ਪੰਜਾਬੀ) ਦੀ ਉਚ-ਸਿੱਖਿਆ ਹਾਸਲ ਕੀਤੀ ਅਤੇ ਕਾਲਜ ਲੈਕਚਰਾਰ ਦਾ ਕਿੱਤਾ ਅਪਣਾ ਲਿਆ। ਫੇਰ ਉਸ ਨੇ ਜੰਮੂ ਯੂਨੀ., ਜੰਮੂ ਵਿਚ ਵੀ ਅਧਿਆਪਨ ਕਾਰਜ ਕੀਤਾ। ਅੱਜ ਕੱਲ੍ਹ ਦਿੱਲੀ ਯੂਨੀ., ਦਿੱਲੀ ਵਿਚ ਐਸੋਸੀਏਟ ਪ੍ਰੋਫ਼ੈਸਰ ਦੇ ਅਹੁਦੇ ਤੇ ਸੇਵਾ ਨਿਭਾਅ ਰਿਹਾ ਹੈ। ਉਸਦਾ ਆਲੋਚਨਾ ਅਤੇ ਨਾਵਲ ਦੇ ਖੇਤਰ ਵਿਚ ਵੀ ਚੰਗਾ ਸਥਾਨ ਹੈ, ਬਰਾਬਰ ਦੀ ਪਛਾਣ ਕਹਾਣੀਕਾਰ ਵਜੋਂ ਵੀ ਬਣੀ ਹੈ, ਉਸ ਦੇ ਕਹਾਣੀ-ਸੰਗ੍ਰਹਿ ਡਾਕਖਾਨਾ ਖਾਸ-1995, ਔਰਤ ਦੀ ਸ਼ਰਨ



ਵਿਚ-2015 ਪ੍ਰਕਾਸ਼ਤ ਹਨ। ਬਲਜਿੰਦਰ ਨਸਰਾਲੀ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਨਿਮਨ ਕਿਸਾਨੀ, ਖੇਤ ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨ ਵਰਗ ਦੇ ਜੀਵਨ-ਯਥਾਰਥ ਨਾਲ ਸਬੰਧਤ ਹੁੰਦਾ ਹੈ। ਪੰਜਾਬ ਸੰਕਟ ਬਾਰੇ ਵੀ ਉਸ ਨੇ ਬਹੁਤ ਸਫ਼ਲ ਕਹਾਣੀਆਂ ਲਿਖੀਆਂ ਹਨ। ਯਥਾਰਥਕ ਚਿਤਰਨ, ਵਿਸਥਾਰਮਈ ਜਟਿਲ ਬਿਰਤਾਂਤ ਅਤੇ ਵਿਅੰਗ ਸਿਰਜਣਾ ਉਸਦੀ ਕਥਾ-ਸ਼ੈਲੀ ਦੇ ਉਭਰਵੇਂ ਲੱਛਣ ਹਨ।

ਸੰਪਰਕ : ਪੰਜਾਬੀ ਵਿਭਾਗ, ਦਿੱਲੀ ਯੂਨੀ., ਦਿੱਲੀ। ਮੋਬਾ. 9592415177

**ਨਵਚੇਤਨ** (9.2.1978) ਦਾ ਜਨਮ ਪਿੰਡ ਤਾਰਾਗੜ੍ਹ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪ੍ਰਸਿੱਧ ਕਹਾਣੀਕਾਰ ਦਲਬੀਰ ਚੇਤਨ ਦੇ ਘਰ ਹੋਇਆ। ਉਸਨੇ ਅਰਥ-ਸ਼ਾਸਤਰ ਦੇ ਵਿਸ਼ੇ ਵਿਚ ਐੱਮ.ਐੱਸ.ਸੀ. ਤੱਕ ਦੀ ਉਚੇਰੀ ਸਿੱਖਿਆ ਹਾਸਲ ਕੀਤੀ। ਚੰਗੇ ਰੁਜ਼ਗਾਰ ਲਈ ਉਸ ਨੇ ਇੰਗਲੈਂਡ ਦਾ ਪਰਵਾਸ ਧਾਰਨ ਕਰ ਲਿਆ ਅਤੇ ਹੁਣ ਚਾਰਟਡ ਅਕਾਊਂਟੈਂਟ ਵਜੋਂ ਕੰਮ ਕਰ ਰਿਹਾ ਹੈ। ਉਸ ਨੇ ਭਾਵੇਂ ਅਜੇ ਦੋ-ਚਾਰ ਕਹਾਣੀਆਂ ਹੀ ਲਿਖੀਆਂ ਹਨ ਪਰ ਉਸ ਦੀ ਪ੍ਰੌਢ ਕਥਾ-ਸ਼ੈਲੀ ਭਵਿੱਖ ਵਿਚ ਉਸ ਦੇ ਚੰਗੇ ਕਹਾਣੀਕਾਰ ਬਣ ਜਾਣ ਦੀਆਂ ਸੰਭਾਵਨਾਵਾਂ ਵਾਲੀ ਹੈ।

ਸੰਪਰਕ : 32, Hampden Road, Slough, SL38SE, UK. Mob: 07803859945